# ਮੰਜ਼ਿਲ ਹੋਰ ਪਰ੍ਹੇ

ਮਹਿੰਦਰਪਾਲ ਸਿੰਘ ਧਾਲੀਵਾਲ



www.PunjabiLibrary.com

# ਮੰਜ਼ਿਲ ਹੋਰ ਪਰ੍ਹੇ

ਮਹਿੰਦਰਪਾਲ ਸਿੰਘ ਧਾਲੀਵਾਲ

Flash Technologies

All rights reserved. No part of this eBook may be reproduced, stored in a retrieval system, or transmitted in any form or by any means, electronic, mechanical, photocopying recording or otherwise with prior written permission from both Author and Publisher.

ਦੂਜਾ ਐਡੀਸ਼ਨ, 2017

# ਤਤਕਰਾ


1.ਪਹਿਲਾ

2.ਦੂਸਰਾ

3.ਤੀਸਰਾ

4.ਚੌਥਾ

5.ਪੰਜਵਾਂ

6.ਛੇਵਾਂ

7.ਸੱਤਵਾਂ

8.ਅੱਠਵਾਂ

9.ਨੌਵਾਂ

10.ਦਸਵਾਂ

11.ਗਿਆਰਵਾਂ

12.ਬਾਰ੍ਹਵਾਂ

13.ਤੇਰਵਾਂ

14.ਚੌਧਵਾਂ

15.ਪੰਦਰਵਾਂ

16.ਸੋਲਵਾਂ

17.ਸਤਾਰਵਾਂ

18.ਅਠਾਰਵਾਂ

19.ਉੱਨੀਵਾਂ

20.ਵੀਹਵਾਂ

21. ਇੱਕੀਵਾਂ

22. ਬਾਈਵਾਂ

23. ਤੇਈਵਾਂ

24. ਚੌਵੀਵਾਂ

25.ਪੱਚੀਵਾਂ

26. ਛੱਬੀਵਾਂ

27. ਸਤਾਈਵਾਂ

28. ਅਠਾਈਵਾਂ

29. ਉਣੱਤੀਵਾਂ

30. ਤੀਹਵਾਂ

31. ਇਕੱਤੀਵਾਂ

32. ਬੱਤੀਵਾਂ

33. ਤੇਤੀਵਾਂ

34. ਚੌਤੀਵਾਂ

35.ਪੈਤੀਵਾਂ

36.ਛੱਤੀਵਾਂ

37.ਸੈਂਤੀਵਾਂ

38.ਅਠੱਤੀਵਾਂ

39.ਉਣਤਾਲੀਵਾਂ

40.ਚਾਲੀਵਾਂ

41.ਇਕਿਆਲੀਵਾਂ

42.ਬਿਆਲੀਵਾਂ

43.ਤਰਤਾਲੀਵਾਂ

44.ਚੁਤਾਲੀਵਾਂ

45.ਅੰਤਿਕਾ

# ਆਰੰਭ

ਰੂਥ ਹੱਥ ਵਿਚ ਮੋਬਾਇਲ ਫੋਨ ਫੜੀ ਘਬਰਾਈ ਹੋਈ ਪ੍ਰੀਤ ਦੇ ਕੰਨ ਵਿਚ ਕੁਝ ਕਹਿਣ ਲੱਗੀ। ਸੁਣ ਕੇ ਪ੍ਰੀਤ ਦਾ ਰੰਗ ਚਿੱਟਾ ਹੋ ਗਿਆ। ਸਾਰੀ ਸੰਧੂਰੀ ਖੁਸ਼ੀ ਕਫੂਰ ਬਣ ਕੇ ਉੱਡ ਗਈ। ਕਿਸੇ ਨੂੰ ਕੁਝ ਵੀ ਕਹੇ ਸੁਣੇ ਬਿਨਾਂ ਉਹ ਭੀੜ ਵਿਚੋਂ ਬਾਹਰ ਆ ਕੇ ਟੈਲੀਫੋਨ ਸੁਣਨ ਲੱਗੀ। "ਹੈਲੋ-----।" ਪ੍ਰੀਤ ਦੀ ਘਬਰਾਈ ਅਵਾਜ਼ ਕੋਲ ਖੜ੍ਹੀ ਰੂਥ ਦੇ ਕੰਨਾਂ ਵਿਚ ਪਈ। ਅਜੇ ਵੀ ਹੋਟਲ ਦੇ ਬਾਹਰ ਵੱਡੀਆਂ ਵੱਡੀਆਂ ਕਾਰਾਂ ਆ ਕੇ ਖੜ੍ਹੀਆਂ ਹੋ ਰਹੀਆਂ ਸਨ ਅਤੇ ਹਰ ਕੋਈ ਲੰਘਦਾ ਕਰਦਾ ਕਾਰਾਂ ਵੱਲ ਅਤੇ ਹੋਟਲ ਵਿਚ ਹੋਣ ਵਾਲੇ ਫੰਕਸ਼ਨ ਬਾਰੇ ਜ਼ਰੂਰ ਸੋਚਦਾ। ਹੋਟਲ ਦੇ ਅੰਦਰ ਵੱਡੇ ਹਾਲ ਵਿਚ ਗੋਲ ਟੇਬਲ ਲਗਾ ਕੇ ਤਕਰੀਬਨ ਚਾਰ ਕੁ ਸੌ ਬੰਦੇ ਦੇ ਬੈਠਣ ਦਾ ਪ੍ਰਬੰਧ ਕੀਤਾ ਹੋਇਆ ਸੀ। ਗੁਰਪ੍ਰੀਤ ਆਪਣੀ ਕਾਰ ਵਿਚ ਆਪਣੀ ਸੈਕਟਰੀ ਰੂਥ ਕੈਲੀ ਨਾਲ ਪਹਿਲਾਂ ਹੀ ਪਹੁੰਚ ਚੁੱਕੀ ਸੀ। ਉਸ ਨੂੰ ਕੁਝ ਅਖਬਾਰਾਂ ਅਤੇ ਟੀ ਵੀ ਵਾਲਿਆਂ ਨੂੰ ਇੰਟਰਵਿਊ ਦੇਣ ਅਤੇ ਮਿਥੇ ਸਮੇਂ ਅਨੁਸਾਰ ਪਾਰਟੀ ਵਿਚ ਵੀ ਹਾਜ਼ਰ ਹੋਣ ਕਾਰਨ ਪਹਿਲਾਂ ਆਉਣਾ ਹੀ ਪਿਆ। ਪਾਰਟੀ ਅਸਲ ਵਿਚ ਉਸ ਦੇ ਮਾਣ ਵਿਚ ਦਿੱਤੀ ਜਾ ਰਹੀ ਸੀ। ਆਖ਼ਰ ਉਸ ਨੂੰ 'ਬਿਜਨਸ ਵੋਮਨ ਆਫ ਦਾ ਯੀਅਰ' ਅਵਾਰਡ ਮਿਲਣਾ ਸੀ। ਅੱਜ ਦਾ ਦਿਨ ਉਸ ਲਈ ਬੇਹੱਦ ਖੁਸ਼ੀ ਭਰਿਆ ਦਿਨ ਸੀ।

ਇਕ ਵੱਖਰੇ ਕਮਰੇ ਵਿਚ ਇੰਟਰਵਿਊ ਦੇਣ ਬਾਅਦ ਉਹ ਤਿਆਰ ਹੋਣ ਲਈ ਆਪਣੇ ਬੁੱਕ ਕੀਤੇ ਕਮਰੇ ਵਿਚ ਚਲੀ ਗਈ। ਪਾਰਟੀ ਦੇਰ ਤੱਕ ਚੱਲਣ ਕਰਕੇ ਉਸ ਨੇ ਰਾਤ ਹੋਟਲ ਵਿਚ ਰਹਿਣ ਦਾ ਮਨ ਬਣਾ ਲਿਆ। ਵੈਸੇ ਵੀ ਹੁਣ ਤਾਂ ਅੱਧਾ ਸਮਾਂ ਉਸ ਨੂੰ ਹੋਟਲਾਂ ਵਿਚ ਹੀ ਗੁਜ਼ਾਰਣਾ ਪੈਂਦਾ ਸੀ। ਸਵੇਰੇ ਲੰਡਨ ਵਿਚ ਹੀ ਉਸ ਦੀ ਬਹੁਤ ਜ਼ਰੂਰੀ ਮੀਟਿੰਗ ਸੀ। ਇਥੋਂ ਹੀ ਤਿਆਰ ਹੋ ਕੇ ਉਸ ਨੇ ਮੀਟਿੰਗ ਵਿਚ ਚਲੇ ਜਾਣਾ ਸੀ। ਰੂਥ ਨੂੰ ਉਸ ਨੇ ਵੱਖਰਾ ਕਮਰਾ ਕਿਰਾਏ 'ਤੇ ਲੈ ਦਿੱਤਾ। ਰੂਥ ਉਸ ਦੀ ਸੈਕਟਰੀ ਦੇ ਨਾਲ ਨਾਲ ਸਹੇਲੀ ਵੀ ਸੀ।

ਕਮਰੇ ਵਿਚੋਂ ਤਿਆਰ ਹੋ ਕੇ ਜਦ ਪ੍ਰੀਤ ਹਾਲ ਵਿਚ ਆਈ ਤਾਂ ਕੁਝ ਮਹਿਮਾਨ ਆ ਚੁੱਕੇ ਸਨ ਅਤੇ ਕੁਝ ਆ ਰਹੇ ਸਨ। ਟਰੇਡ ਅਤੇ ਇੰਡੱਸਟਰੀ ਸੈਕਟਰੀ ਹਾਲ ਵਿਚ ਦਾਖਲ ਹੋ ਰਿਹਾ ਸੀ। ਪ੍ਰੀਤ ਉਸ ਨੂੰ ਪਹਿਲਾਂ ਵੀ ਮਿਲ ਚੁੱਕੀ ਸੀ। ਉਸ ਨੂੰ ਦੇਖ ਕੇ ਉਹ ਉਸ ਵੱਲ ਵਧੀ ਅਤੇ ਹੱਥ ਮਿਲਾਉਣ ਲਈ ਅੱਗੇ ਕੀਤਾ। ਨੋਰਮਨ ਬੈਨ ਨੇ ਹੱਥ ਮਿਲਾ ਕੇ ਪ੍ਰੀਤ ਦੀ ਗੱਲ੍ਹ 'ਤੇ ਚੁੰਮਣ ਦਿੱਤਾ ਅਤੇ ਹੱਥ ਮਿਲਾਉਂਦਿਆਂ ਉਸ ਨੂੰ ਮਿਲਣ ਵਾਲੇ ਅਵਾਰਡ ਦੀ ਵਧਾਈ ਦਿੱਤੀ। ਇਹ ਅਵਾਰਡ ਮਨਿਸਟਰ ਹੋਣ ਦੇ ਨਾਤੇ ਨੋਰਮਨ ਨੇ ਹੀ ਉਸ ਨੂੰ ਦੇਣਾ ਸੀ। ਕੁਝ ਗੱਲਾਂ ਬਾਤਾਂ ਕਰਕੇ ਉਸ ਨੇ ਮਨਿਸਟਰ ਨੂੰ ਬੈਠਣ ਦੀ ਬੇਨਤੀ ਕੀਤੀ। ਦੂਸਰੇ ਸਾਰੇ ਮਹਿਮਾਨਾ ਵਾਂਗ ਮਨਿਸਟਰ ਵੀ ਆਪਣੇ ਨਾਂ ਵਾਲੀ ਸੀਟ 'ਤੇ ਜਾ ਬੈਠਾ ਅਤੇ ਪ੍ਰੀਤ ਹੋਰ ਲੋਕਾਂ ਨੂੰ ਮਿਲਣ ਵਿਚ ਬਿਜ਼ੀ ਹੋ ਗਈ।

ਹਲਕਾ ਜਿਹਾ ਸੰਗੀਤ ਚੱਲ ਰਿਹਾ ਸੀ। ਬਹਿਰੇ ਵਾਈਨ ਵਿਸਕੀ ਬੀਅਰ ਆਦਿ ਵਰਤਾ ਰਹੇ ਸਨ। ਹਰ ਕੋਈ ਲੋੜ ਅਨੁਸਾਰ ਖਾਣ ਪੀਣ ਲਈ ਲੈਂਦਾ ਅਤੇ ਪ੍ਰੀਤ ਬਾਰੇ ਕੋਈ ਨਾ ਕੋਈ ਗੱਲ ਸੁਭਾਵਕ ਹੀ ਛੇੜ ਬਹਿੰਦਾ। ਹਾਲ ਦੇ ਬਾਹਰ ਵਰਾਂਡੇ ਵਿਚ ਵੀ ਕੁਝ ਲੋਕ ਖੜ੍ਹੇ ਗੱਲਾਂ ਕਰ ਰਹੇ ਸਨ। ਕੁਝ ਕੁ ਲੋਕ ਅਜਿਹੇ ਵੀ ਸਨ ਜਿਹਨਾਂ ਨਾਲ ਪ੍ਰੀਤ ਦੀ ਕੋਈ ਜਾਣ ਪਛਾਣ ਨਹੀਂ ਸੀ। ਕੁਝ ਲੋਕ ਉਚੇਚੇ ਉਸ ਨੂੰ ਮਿਲਣ ਲਈ ਆਉਂਦੇ ਅਤੇ ਉਸ ਨੂੰ ਵਧਾਈ ਦਿੰਦੇ। ਉਸ ਦੀ ਸਫ਼ਲਤਾ 'ਤੇ ਹੈਰਾਨ ਹੁੰਦੇ ਆਪਣੀ ਹੈਰਾਨੀ ਲੁਕਾਣ ਦਾ ਯਤਨ ਕਰਦੇ ਅਤੇ ਕਈ ਸ਼ਾਇਦ ਅੰਦਰੇ ਅੰਦਰ ਥੋੜੀ ਈਰਖਾ ਵੀ ਕਰਦੇ।

ਸੰਗੀਤ ਬੰਦ ਹੋ ਗਿਆ ਅਤੇ ਚੈਂਬਰ ਆਫ ਕਮਰਸ ਦੇ ਸੈਕਟਰੀ ਦੀ ਅਵਾਜ਼ ਸੁਣਾਈ ਦਿੱਤੀ। ਉਸ ਦੇ ਪਿੱਛੇ ਕੰਧ 'ਤੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਸੀ----ਬਿਜਨਸ ਵੋਮਨ ਆਫ ਦਾ ਯੀਅਰ ਅਵਾਰਡ।

ਉਸ ਨੇ ਸਾਰਿਆਂ ਦੇ ਆਉਣ ਦਾ ਧੰਨਵਾਦ ਕੀਤਾ ਅਤੇ ਅੱਜ ਦੇ ਇਸ ਫੰਕਸ਼ਨ ਦੀ ਨਾਇਕਾ ਗੁਰਪ੍ਰੀਤ ਬਾਰੇ ਸੰਖੇਪ ਜਿਹੀ ਜਾਣਕਾਰੀ ਦਿੱਤੀ। ਸਮਾਗਮ ਦੇ ਮੁੱਖ ਮਹਿਮਾਨ ਨੋਰਮਨ ਬੈਨ ਨੂੰ ਜੀ ਆਇਆਂ ਕਿਹਾ ਅਤੇ ਬਾਕੀ ਦੇ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਦੱਸੀ। ਉਸ ਉਪਰੰਤ ਉਸ ਨੇ ਮੁੱਖ ਬੁਲਾਰਿਆਂ ਨੂੰ ਸਟੇਜ ‘ਤੇ ਸੱਦਣਾ ਸ਼ੁਰੂ ਕੀਤਾ।

ਸਾਰਿਆਂ ਨੇ ਹੀ ਗੁਰਪ੍ਰੀਤ ਦੀ ਸਫ਼ਲਤਾ 'ਤੇ ਅਚੰਭਾ ਪ੍ਰਗਟ ਕੀਤਾ ਅਤੇ ਏਨੇ ਥੋੜੇ ਸਮੇਂ ਵਿਚ ਵੱਡੀਆਂ ਪੁਲਾਂਘਾਂ ਪੁੱਟਣ ਦੀ ਤਰੀਫ਼ ਕੀਤੀ। ਕੁਝ ਕੁ ਨੇ ਏਸ਼ੀਅਨ ਅਤੇ ਇੰਗਲਿਸ਼ ਭਾਈਚਾਰੇ ਦੀ ਜਵਾਨ ਪੀੜ੍ਹੀ ਨੂੰ ਪ੍ਰੀਤ ਤੋਂ ਸਿੱਖਣ ਅਤੇ ਉਸ ਤੋਂ ਪ੍ਰੇਰਨਾ ਲੈਣ ਦੀ ਗੱਲ ਕੀਤੀ। ਅਖ਼ੀਰ ਵਿਚ ਮਨਿਸਟਰ ਨੇ ਯੂ ਕੇ ਵਿਚ ਏਸ਼ੀਅਨ ਲੋਕਾਂ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਉਹਨਾਂ ਲੋਕਾਂ ਦੀ ਹਿੰਮਤ ਅਤੇ ਮਿਹਨਤ ਕਾਰਨ ਤਰੱਕੀ ਕਰ ਸਕਣ ਦੀ ਤਰੀਫ਼ ਕੀਤੀ। ਹਾਲ ਵਿਚ ਤਾੜੀਆਂ ਦੀ ਗੂੰਜ ਨਾਲ ਪ੍ਰੀਤ ਨੂੰ ਸਨਮਾਨਤ ਕੀਤਾ ਗਿਆ ਅਤੇ ਉਸ ਨੂੰ ਕੁਝ ਬੋਲਣ ਲਈ ਕਿਹਾ ਗਿਆ। ਪ੍ਰੀਤ ਜਾਣਦੀ ਸੀ ਕਿ ਉਸ ਨੂੰ ਕੁਝ ਨਾ ਕੁਝ ਤਾਂ ਬੋਲਣਾ ਹੀ ਪੈਣਾ ਸੀ। ਉਸ ਦਾ ਖੁਸ਼ੀ ਨਾਲ ਗਲਾ ਭਰ ਆਇਆ। ਮੱਲੋਮੱਲੀ ਉਸ ਦੀਆਂ ਗੱਲ੍ਹਾਂ ਹੰਝੂਆਂ ਨਾਲ ਗਿੱਲੀਆਂ ਹੋ ਗਈਆਂ।

ਪ੍ਰੀਤ ਨੇ ਆਪਣੀ ਸਪੀਚ ਪਹਿਲਾਂ ਹੀ ਤਿਆਰ ਕੀਤੀ ਹੋਈ ਸੀ। ਆਪਣੇ ਆਪ ਨੂੰ ਲੱਖ ਕੰਟਰੋਲ ਕਰਨ ਦੇ ਬਾਵਜੂਦ ਉਹ ਭਾਵੁਕ ਹੋ ਗਈ। ਤਿਆਰ ਕੀਤੀ ਸਪੀਚ ਉਸ ਨੂੰ ਭੁੱਲ ਗਈ। ਸ਼ਬਦਾਂ ਦੀ ਥਾਂ ਉਸ ਦੇ ਹੰਝੂ ਬੋਲ ਰਹੇ ਸਨ ਅਤੇ ਬਹੁਤ ਕੁਝ ਕਹਿ ਰਹੇ ਸਨ । ਕੁਝ ਜਨਾਨੀਆਂ ਉਸ ਦੇ ਨਾਲ ਹੀ ਰੋਣ ਲੱਗੀਆਂ ਜਿਵੇਂ ਇਕੱਲੀ ਪ੍ਰੀਤ ਦਾ ਰੋਣਾ ਉਹਨਾਂ ਨੂੰ ਚੰਗਾ ਨਾ ਲੱਗਾ ਹੋਵੇ ਅਤੇ ਉਹ ਉਸ ਦੀ ਹਰ ਭਾਵਨਾ ਦਾ ਤਰਜ਼ਮਾ ਕਰ ਕੇ ਆਪਣੀ ਸਹਿਮਤੀ ਦੀ ਮੋਹਰ ਲਾਹੁਣ ਲਈ ਰੋ ਰਹੀਆਂ ਹੋਣ। ਕੁਝ ਪਲ ਇਹੋ ਹੀ ਮਹੌਲ ਬਣਿਆ ਰਿਹਾ। ਪ੍ਰੀਤ ਨੇ ਆਪਣੇ ਆਪ ‘ਤੇ ਕਾਬੂ ਪਾਇਆ ਅਤੇ ਹਲਕਾ ਜਿਹਾ ਖੰਗੂਰਾ ਮਾਰ ਕੇ ਬੋਲਣ ਲੱਗੀ--“ਲੇਡੀਜ਼ ਐਂਡ ਜੈਂਟਲਮੈਨ---ਮੈ ਤੁਹਾਡੀ ਸਾਰਿਆਂ ਦੀ ਬਹੁਤ ਅਹਿਸਾਨਮੰਦ ਹਾਂ ਜਿਹਨਾ ਨੇ ਮੇਰੀ ਖੁਸ਼ੀ ਵਿਚ ਸ਼ਾਮਲ ਹੋ ਕੇ ਮੈਨੂੰ ਧੰਨਵਾਦੀ ਬਣਾਇਆ। ਮੇਰੀ ਸਫ਼ਲਤਾ ਅਸਲ ਵਿਚ ਮੇਰੀ ਨਹੀ ਸਗੋਂ ਇਸ ਦੇ ਪਿੱਛੇ ਹੋਰ ਲੋਕਾਂ ਦਾ ਅਤੇ ਖਾਸ ਕਰਕੇ ਮੇਰੇ ਮਾਪਿਆਂ ਦਾ ਬਹੁਤ ਵੱਡਾ ਹੱਥ ਹੈ। ਮੈਂ ਪੰਜਾਬ ਦੇ ਇਕ ਪਿੰਡ-----------------।”

ਪ੍ਰੀਤ ਨੇ ਉਹ ਸਾਰਾ ਕੁਝ ਕਿਹਾ ਜੋ ਉਹ ਕਹਿਣਾ ਚਾਹੁੰਦੀ ਸੀ। ਹੁਣ ਜਨਾਨੀਆਂ ਦੇ ਨਾਲ ਨਾਲ ਆਦਮੀ ਵੀ ਗੰਭੀਰ ਮੁਦਰਾ ਵਿਚ ਬੈਠੇ ਸਨ। ਉਸ ਨੇ ਸਪੀਚ ਖਤਮ ਕੀਤੀ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਪ੍ਰੀਤ ਦਾ ਮਨ ਹਲਕਾ ਹੋ ਗਿਆ ਸੀ ਅਤੇ ਉਹ ਖੁਸ਼ ਮਜਾਜ ਸਟੇਜ ਤੋਂ ਹੇਠਾਂ ਉੱਤਰ ਆਈ।

ਸਪੀਚਾਂ ਦਾ ਕੰਮ ਖਤਮ ਹੋਇਆ ਤਾਂ ਖਾਣ ਪੀਣ ਦੇ ਪ੍ਰੋਗਰਾਮ ਦੇ ਨਾਲ ਨਾਲ ਗੱਲਾਂ ਬਾਤਾਂ ਦਾ ਸਿਲਸਲਾ ਚਲਦਾ ਰਿਹਾ। ਸਾਰੇ ਹੀ ਇਕ ਦੂਜੇ ਨਾਲ ਜਾਣ ਪਛਾਣ ਕਰ ਰਹੇ ਸਨ ਜਾਂ ਫਿਰ ਵਪਾਰ ਸਬੰਧੀ ਗੱਲਾਂ ਕਰ ਰਹੇ ਸਨ। ਪ੍ਰੀਤ ਦੀ ਸਫ਼ਲਤਾ ਦੇ ਨਾਲ ਹੀ ਅੱਜ ਦੇ ਪ੍ਰੋਗਰਾਮ ਦੀ ਸਫ਼ਲਤਾ ਦੀ ਵਧਾਈ ਦੇਣ ਲਈ ਹਰ ਕੋਈ ਉਸ ਕੋਲ ਆਉਂਦਾ ਅਤੇ ਉਹ ਸਭ ਦਾ ਨਰਮ ਜਿਹੀ ਮੁਸਕਰਾਹਟ ਨਾਲ ਧੰਨਵਾਦ ਕਰ ਰਹੀ ਸੀ।

ਇਸ ਤਰ੍ਹਾਂ ਅਚਾਨਕ ਫੋਨ ਆਉਣ ਦਾ ਉਸ ਨੂੰ ਚਿੱਤ ਚੇਤਾ ਵੀ ਨਹੀਂ ਸੀ। ਰੂਥ ਨੂੰ ਫੋਨ ਫੜਾ ਕੇ ਉਸ ਨੇ ਡਰਾਈਵਰ ਨੂੰ ਫੋਨ ਕਰਕੇ ਕਾਰ ਹੋਟਲ ਦੀ ਪਾਰਕ ਵਿਚੋਂ ਗੇਟ ਅੱਗੇ ਲਿਆਉਣ ਦਾ ਅਦੇਸ਼ ਦਿੱਤਾ। ਆਪ ਉਹ ਕਾਹਲੀ ਨਾਲ ਆਪਣੇ ਕਮਰੇ ਵਿਚ ਸਮਾਨ ਲੈਣ ਚਲੀ ਗਈ। ਰੂਥ ਉਸ ਦੇ ਨਾਲ ਚੱਲ ਰਹੀ ਸੀ।

“ਰੂਥ ਤੂੰ ਐਥੇ ਰਹਿ ਕੇ ਸਾਰੀ ਸਮੱਸਿਆ ਪ੍ਰਬੰਧਕਾਂ ਨੂੰ ਦੱਸ ਦੇਈਂ ਅਤੇ ਮੇਰੇ ਵੱਲੋਂ ਪਾਰਟੀ ਛੱਡ ਕੇ ਜਾਣ ਦੀ ਮਜ਼ਬੂਰੀ ਕਾਰਨ

ਮੁਆਫੀ ਮੰਗ ਲਈ। ਸਵੇਰ ਦੀਆਂ ਸਾਰੀਆ ਮੀਟਿਗਾਂ ਕੈਂਸਲ ਕਰ ਦੇਹ ਤੇ ਅਗਲੀ ਕੋਈ ਮੀਟਿੰਗ ਅਜੇ ਮੈਂ ਨਹੀਂ ਕਰ ਸਕਾਂਗੀ। ਬਾਕੀ ਮੀਟਿੰਗਾਂ ਕਿਸੇ ਨਾ ਕਿਸੇ ਮੈਨੇਜਰ ਨੂੰ ਕਹਿ ਦੇਈਂ ਉਹ ਅਟੈਂਡ ਕਰ ਲੈਣਗੇ। ਕੋਈ ਖਾਸ ਫ਼ੈਸਲਾ ਕਰਨਾ ਹੋਇਆ ਤਾਂ ਮੇਰੇ ਨਾਲ ਗੱਲ ਕਰ ਲੈਣ। ਜੇ ਕੋਈ---------।" ਕਾਰ 'ਚ ਬੈਠਣ ਤੱਕ ਉਹ ਰੂਥ ਨੂੰ ਹਦਾਇਤਾਂ ਦਿੰਦੀ ਰਹੀ। ਕਾਰ ਵਿਚ ਬੈਠਣ ਸਾਰ ਡਰਾਇਵਰ ਨੇ ਕਾਰ ਤੋਰ ਲਈ ਅਤੇ ਪ੍ਰੀਤ ਆਪਣੇ ਜੀਵਨ ਬਾਰੇ ਸੋਚਣ ਲੱਗੀ।

## ਪਹਿਲਾ

ਜਗਦੇਵ ਕਿਸੇ ਸੱਜੇ ਖੱਬੇ ਢੰਗ ਨਾਲ ਇੰਗਲੈਂਡ ਪਹੁੰਚਿਆ ਤਾਂ ਉਸ ਨੂੰ ਬਹੁਤ ਸਾਰੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਉਸ ਦੇ ਨਾਨਕਿਆਂ ਨੇ ਉਸ ਦਾ ਨਾਂ ਜਨਮ ਵੇਲੇ ਅਮਰੀਕ ਰੱਖਿਆ। ਉਹ ਨਾਨਕੀ ਜੰਮਿਆ ਅਤੇ ਉਥੇ ਹੀ ਕੁਝ ਮਹੀਨੇ ਮਾਂ ਨਾਲ ਰਿਹਾ। ਸੂਸ਼ਕ ਦੀ ਤਿਆਰੀ ਨਾ ਹੋ ਸਕਣ ਕਰਕੇ ਉਸ ਦੇ ਨਾਨਕੇ ਉਸ ਦੀ ਮਾਂ ਨੂੰ ਪਹਿਲੇ ਬੱਚੇ ਦੇ ਜਨਮ ਬਾਅਦ ਸਾਲ ਭਰ ਸਹੁਰੇ ਭੇਜਣ ਤੋਂ ਅਸਮਰੱਥ ਰਹੇ ਸਨ। ਏਨੇ ਸਮੇਂ ਵਿਚ ਉਸ ਦਾ ਨਾਂ ਅਮਰੀਕ ਤੋਂ ਸੁੰਗੜਕੇ ਮੀਕਾ ਪੱਕ ਚੁੱਕਿਆ ਸੀ।

ਜਦੋਂ ਤੱਕ ਹਾੜੀ ਦੀ ਫ਼ਸਲ ਤੋਂ ਬਾਅਦ ਨਾਨਕੇ ਮਾਂ ਲਈ ਸੂਸ਼ਕ ਤਿਆਰ ਕਰਨ ਦੇ ਯੋਗ ਹੋਏ ਉਦੋਂ ਤੱਕ ਮੀਕਾ ਮਾੜਾ ਮੋਟਾ ਤੁਰਨ ਲੱਗ ਪਿਆ। ਪਿੰਡ ਆਏ ਤੋਂ ਦਾਦੀ ਨੇ ਉਸ ਦਾ ਨਾਂ ਜਗਦੇਵ ਰੱਖ ਦਿੱਤਾ ਜਿਸ ਨੂੰ ਪ੍ਰੀਵਾਰ ਵਿੱਚ ਕੋਈ ਚੈਲਿੰਜ ਨਹੀਂ ਕਰ ਸਕਦਾ ਸੀ। ਉਸ ਦੀ ਮਾਂ ਤਾਂ ਬਿਲਕੁਲ ਹੀ ਨਹੀਂ। ਪਰ ਸਾਰੇ ਉਸ ਨੂੰ ਮੀਕਾ ਹੀ ਕਹਿੰਦੇ। ਜਦੋਂ ਉਹ ਲੰਡਨ ਆਇਆ ਤਾਂ ਉਸ ਨੇ ਆਪਣਾ ਸਹੀ ਨਾਂ ਜਗਦੇਵ ਹੀ ਪ੍ਰਚੱਲਤ ਕੀਤਾ।

ਲੰਡਨ ਉਸਦਾ ਇਕ ਨਿੱਘਾ ਦੋਸਤ ਬਣਿਆ---ਬਿੱਲੂ। ਬਿੱਲੂ ਇਸ ਦੇਸ਼ ਵਿਚ ਪੱਕਾ ਸੀ ਅਤੇ ਮੀਕਾ ਕੱਚਾ। ਬਿੱਲੂ ਨੇ ਪੰਜਾਬ ਪ੍ਰੀਵਾਰ ਨੂੰ ਮਿਲਣ ਜਾਣਾ ਸੀ ਤਾਂ ਮੀਕੇ ਨੇ ਉਸ ਨੂੰ ਆਪਣੇ ਪਿੰਡ ਜਾਣ ਦਾ ਵਾਸਤਾ ਪਾਇਆ। ਮਾਂ ਪਿਉ ਦੇ ਨਾਲ ਨਾਲ ਉਸ ਨੂੰ ਆਪਣੀ ਨਵੀਂ ਨਵੇਲੀ ਵਿਆਹੀ ਵਹੁਟੀ ਸੀਤੋ ਦੀ ਵੀ ਯਾਦ ਆਉਂਦੀ। ਉਸ ਤੋਂ ਵੀ ਵੱਧ ਉਸ ਨੂੰ ਨਵ ਜਨਮੀ ਬੱਚੀ ਜਿਸ ਨੂੰ ਮੀਕੇ ਨੇ ਅਜੇ ਤੱਕ ਵੇਖਿਆ ਵੀ ਨਹੀਂ ਸੀ, ਉਸ ਬਾਰੇ ਜ਼ਿਆਦਾ ਉਤਸੁਕਤਾ ਹੁੰਦੀ। ਬਿੱਲੂ ਨੂੰ ਉਸ ਨੇ ਆਪਣੇ ਘਰ ਦਾ ਪਤਾ ਦੱਸਿਆ ਤਾਂ ਨਾਲ ਹੀ ਆਪਣੇ ਪ੍ਰਚੱਲਤ ਨਾਂ ਬਾਰੇ ਵੀ ਦੱਸਿਆ।

"ਮਿੱਤਰਾ ਜਗਦੇਵ ਕਿਹਾ ਤਾਂ ਪਿੰਡ ਵਿਚ ਤੈਨੂੰ ਮੇਰਾ ਘਰ ਨੀ ਲੱਭਣਾ-----ਤੇ ਜੇ ਮੀਕਾ ਕਿਹਾ ਤਾਂ ਜਿਹਤੋਂ ਮਰਜ਼ੀ ਪੁੱਛ ਲੀਂ।" ਬਿੱਲੂ ਨੇ ਮੀਕੇ ਦੀ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ।

ਬਿਲੂ ਪਿੰਡ ਗਿਆ ਤਾਂ ਉਸ ਨੇ ਅੱਡੇ 'ਚ ਕਿਸੇ ਨੂੰ ਪੁੱਛਿਆ—

"ਬਾਈ ਜੀ ਮੈਂ ਜਗਦੇਵ ਦੇ ਘਰ ਜਾਣਾ ਇੰਗਲੈਂਡ ਵਾਲੇ ਦੇ----।" ਸੁਣਨ ਵਾਲੇ ਨੇ ਪੁੜਪੜੀ ਖੁਰਕਣੀ ਸ਼ੁਰੂ ਕਰ ਦਿੱਤੀ। ਕੁਝ ਦੇਰ ਸੋਚਣ ਬਾਅਦ ਬੋਲਿਆ--।

"ਸਾਡੇ ਪਿੰਡੋਂ ਤਾਂ ਐਸ ਨਾਂ ਦਾ ਬੰਦਾ ਈ ਨੀ ਕੋਈ ਅੰਗਲੈਂਡ। ਤੂੰ ਬਾਈ ਕਿਤੇ ਗਲਤ ਪਿੰਡ ਆ ਗਿਆ ਲਗਦਾ ਐਂ---।" ਹੋਰ ਬਿਨਾਂ ਕੁਝ ਕਹੇ ਉਹ ਸਾਇਕਲ 'ਤੇ ਲੱਤ ਦੇ ਕੇ ਚਲਦਾ ਬਣਿਆ। ਬਿਲੂ ਪਿੰਡ ਵਿਚ ਨੂੰ ਤੁਰ ਪਿਆ। ਅੱਗੇ ਸੱਥ ਵਿਚ ਕੁਝ ਬੰਦੇ ਬੈਠੇ ਸਨ।

"ਮੈਂ ਜੀ ਜਗਦੇਵ ਦੇ ਘਰ ਜਾਣਾ ਇੰਗਲੈਂਡ ਵਾਲੇ ਦੇ---।" ਬਿੱਲੂ ਨੇ ਫਤਹਿ ਬੁਲਾ ਕੇ ਸਵਾਲ ਪਾਇਆ। ਸਾਰੇ ਆਪਣੀ ਦਿਮਾਗੀ ਐਡਰੈਸ ਬੁੱਕ ਫਰੋਲਣ ਲੱਗੇ ਅਤੇ ਨਾਲ ਹੀ ਆਪਸ ਵਿਚ ਵਿਚਾਰ ਵਟਾਂਦਰ ਕਰਨ ਲੱਗੇ--।

"ਉਹ ਕਮਲਿਆਂ ਦਾ ਮੀਣਾ ਵੀ ਸੁਣਿਆ ਬਾਹਰ ਗਿਆ ਵਾ---।

"ਉਹ ਨਈਂ --ਮੀਣੇ ਦਾ ਨਾਂ ਤਾਂ ਭੋਲਾ ਐ--। ਉਹਦੀ ਮਾਂ ਤਾਂ ਉਹਨੂੰ ਭੋਲਾ ਕਹਿ ਕੇ ਈ ਹਾਕ ਮਾਰਦੀ ਸੀ---।

"ਤਾਏ ਸਰਮਖ ਕਾ ਬੂਟਾ ਵੀ ਬਾਹਰ ਗਿਆ ਵਾ---।" ਦੂਜੇ ਨੇ ਦਿਮਾਗੀ ਐਡਰੈਸ ਬੁੱਕ ਦਾ ਪੱਤਰਾ ਬਦਲਿਆ।

"ਉਹ ਜਾਰ ਕੀ ਉੱਘ ਦੀਆਂ ਪਤਾਲ ਮਾਰੀ ਜਾਨੇ ਐਂ---- ਉਹ ਤਾਂ ਦਬੱਈ ਗਿਆ ਵਾ ----।" ਅੱਧਖੜ੍ਹ ਬੰਦੇ ਨ ਆਪਣੇ ਲੰਬੀ ਦਾਹੜੀ 'ਤੇ ਹੱਥ ਫੇਰਿਦਆਂ ਦੂਜੇ ਹੱਥ ਦੇ ਇਸ਼ਾਰੇ ਨਾਲ ਬੋਲਣ ਵਾਲੇ ਨੂੰ ਚੁੱਪ ਕਰਾ ਦਿੱਤਾ। ਪੰਜਾਬ ਅਸੈਂਬਲੀ 'ਚ ਵਿਰੋਧੀ ਪਾਰਟੀਆਂ ਨਾਲ ਹੁੰਦੀ ਤੂੰ ਤੂੰ --ਮੈਂ ਮੈਂ ਵਾਂਗ ਉਹ ਇਕ ਦੂਜੇ ਨਾਲ ਬਹਿਸ ਕਰਦੇ ਰਹੇ। ਅਚਾਨਕ ਬਿੱਲੂ ਨੂੰ ਜਗਦੇਵ ਦੀ ਨਸੀਹਤ ਯਾਦ ਆਈ 'ਤੇ ਉਸ ਨੂੰ ਮੀਕਾ ਯਾਦ ਆ ਗਿਆ।

"ਬਾਈ ਜੀ ਉਹਨੂੰ ਮੀਕਾ ਵੀ ਕਹਿੰਦੇ ਆ-------।

"ਓਹ ਲੈਅਅਅ--। ਤੂੰ ਜੀ ਪਹਿਲਾਂ ਨਾ ਦੱਸਿਆ----। ਅਸੀਂ ਤਾਂ ਸੁਣਿਆ ਬਈ ਉਹ ਬਲੈਤ 'ਚ ਆ--। ਬੀਹੀਂ ਦਾ ਮੋੜ ਮੁੜ ਕੇ ਪਹਿਲਾ ਈ ਘਰ ਆ ਖੱਟੀ ਬੈਠਕ ਆਲਾ----।" ਬਿੱਲੂ ਸੁਣ ਕੇ ਤੁਰਨ ਲੱਗਿਆ ਤਾਂ ਪਿਛੋਂ ਅਵਾਜ਼ ਆਈ—

"ਓਹ ਬਾਈ ਸਿਆਂ ਉਹਦੇ ਘਰ ਜਾ ਕੇ ਵੀ ਮੀਕਾ ਈ ਕਹੀਂ ਨਈ ਤਾਂ ਤੈਨੂੰ ਕਿਸੇ ਨੇ ਘਰ ਨੀ ਵੜਨ ਦੇਣਾ ਬਈ ਪਤਾ ਨੀ ਕਿਹਦੀ ਗੱਲ ਕਰੀ ਜਾਨਾ----।" ਸੱਥ ਵਿਚ ਸਾਰੇ ਬੈਠੇ ਉੱਚੀ ਹੱਸੇ। ਬਿੱਲੂ ਵੀ ਢਿੱਡੋਂ ਹੱਸਦਾ ਮੀਕੇ ਦੇ ਘਰ ਵੱਲ ਤੁਰ ਪਿਆ।

ਗਲੀ ਦਾ ਮੋੜ ਮੁੜਿਆ ਤਾਂ ਇਕ ਬਜ਼ੁਰਗ ਗਲੀ ਵਿਚ ਮੰਜੇ 'ਤੇ ਬੈਠਾ ਧੁੱਪ ਸੇਕ ਰਿਹਾ ਸੀ। ਉਸ ਨੇ ਬਜ਼ੁਰਗ ਨੂੰ ਫਤਿਹ ਬੁਲਾਈ ਅਤੇ ਮੀਕੇ ਕੋਲੋਂ ਆਉਣ ਬਾਰੇ ਦੱਸਿਆ ਤਾਂ ਬਜ਼ੁਰਗ ਦੀਆਂ ਅੱਖਾਂ ਵਿਚ ਨਿਰਾਲੀ ਜਿਹੀ ਚਮਕ ਬਿੱਲੂ ਨੂੰ ਦਿਸੀ। ਉਹ ਬਜ਼ੁਰਗ ਕੋਲ ਮੰਜੇ 'ਤੇ ਬੈਠ ਗਿਆ।

"ਨਾ ਨਾ ---- ਆ ਅੰਦਰ ਬੈਠਦੇ ਆਂ--ਬੈਠਕ 'ਚ--।" ਬਜ਼ੁਰਗ ਮੰਜੀ ਤੋਂ ਉੱਠਣ ਦਾ ਬੁਢਾਪੇ ਮਾਰਿਆ ਯਤਨ ਕਰਨ ਲੱਗਾ। ਉਹ ਅੰਦਰ ਵਿਹੜੇ ਵਿਚ ਆ ਗਏ। ਬਜ਼ੁਰਗ ਅੰਦਰ ਬੈਠਕ ਵਿਚ ਬੈਠਣਾ ਚਾਹੁੰਦਾ ਸੀ ਪਰ ਬਿੱਲੂ ਨੇ ਧੁੱਪੇ ਵਿਹੜੇ ਵਿਚ ਬੈਠਣ ਲਈ ਮੰਜਾ ਖਿੱਚ ਲਿਆ—

"ਅੰਕਲ ਜੀ ਬੈਠਕਾਂ 'ਚ ਈ ਸਾਰਾ ਦਿਨ ਬੈਠੀ ਦਾ। ਮਸਾਂ ਤਾਂ ਧੁੱਪ ਮਿਲਦੀ ਐ---।" ਬਜ਼ੁਰਗ ਵੀ ਮੰਜੇ ਦੀ ਬਾਹੀ 'ਤੇ ਬੈਠ ਗਿਆ।

"ਭਾਈ ਸੀਤੋ ਚਾਹ ਤਾਂ ਬਣਾਉ। ਆਹ ਮੁੰਡਾ ਮੀਕੇ ਕੋਲੋਂ ਆਇਆ ਐ---।" ਬੈਠਦਿਆਂ ਬਜ਼ੁਰਗ ਨੇ ਮੀਕੇ ਦੇ ਘਰ ਵਾਲੀ ਨੂੰ ਹਾਕ ਮਾਰੀ। ਉਹ ਕੁੜੀ ਨੂੰ ਨਹਾ ਕੇ ਉਸਦੇ ਕੱਪੜੇ ਪਾ ਰਹੀ ਸੀ। ਉਸ ਨੇ ਗਹੁ ਨਾਲ ਬਿੱਲੂ ਵੱਲ ਵੇਖਿਆ ਅਤੇ ਪਲ ਕੁ ਲਈ ਉਹ ਕੁੜੀ ਦੇ ਕੱਪੜੇ ਪਾਉਣੇ ਭੁੱਲ ਗਈ ਜਿਵੇਂ ਬਿੱਲੂ ਨਹੀਂ ਮੀਕਾ ਆਪ ਆ ਗਿਆ ਹੋਵੇ। ਕੁੜੀ ਦੇ ਕੱਪੜੇ ਪਾ ਕੇ ਉਹ ਕੁੜੀ ਨੂੰ ਲੈ ਕੇ ਉਹਨਾਂ ਕੋਲ ਆ

ਗਈ। ਕੁੜੀ ਨੂੰ ਬਜੁਰਗ ਦੀਆਂ ਬਾਂਹਾਂ ਵਿਚ ਦਿੰਦਿਆਂ ਉਸ ਨੇ ਬਿੱਲੂ ਵੱਲ ਭਰਵੀਂ ਨਜ਼ਰ ਨਾਲ ਵੇਖਿਆ ਅਤੇ ਮੀਕੇ ਬਾਰੇ ਸੋਚਦਿਆਂ ਉਸ ਨੇ ਬਿੱਲੂ ਨੂੰ ਸਤਿ ਸ੍ਰੀ 'ਕਾਲ ਕਹੀ। ਉਸ ਦਾ ਦਿਲ ਕੀਤਾ ਕਿ ਉਹ ਮੀਕੇ ਬਾਰੇ ਕੁਝ ਗੱਲ ਕਰੇ ਪਰ ਉਸ ਨੂੰ ਕੁਝ ਪੁੱਛਣ ਦਾ ਪਤਾ ਹੀ ਨਾ ਲੱਗਾ। ਵੈਸੇ ਵੀ ਸ਼ਰਮ ਨਾਲ ਉਹ ਜੱਕ ਗਈ ਸੀ। ਐਵੇਂ ਕੁੜੀ ਦੇ ਬਹਾਨੇ ਪਲ ਕੁ ਉਸ ਨੇ ਪੈਰ ਮਲਿਆ, ਸ਼ਾਇਦ ਸੋਚਦੀ ਹੋਵੇ ਕਿ ਬਿੱਲੂ ਹੀ ਕੋਈ ਗੱਲ ਮੀਕੇ ਬਾਰੇ ਸ਼ੁਰੂ ਕਰੇਗਾ। ਪਰ ਬਿੱਲੂ ਨੇ ਕੁੜੀ ਵੱਲ ਵੇਖਿਆ ਅਤੇ ਉਸ ਨੂੰ ਚੁੱਕਦਿਆਂ ਲਾਡ ਨਾਲ ਕਿਹਾ-

"ਚੱਲ ਫਿਰ ਤੈਨੂੰ ਤੇਰੇ ਪਾਪੇ ਕੋਲ ਲੈ ਚੱਲੀਏ-----।" ਕੁੜੀ ਰੋਣ ਲੱਗੀ ਅਤੇ ਦਾਦੇ ਵੱਲ ਬਾਹਾਂ ਪਸਾਰਨ ਲੱਗੀ। ਸੀਤੋ ਨੂੰ ਲੱਗਿਆ ਜਿਵੇਂ ਬਿੱਲੂ ਨੇ ਉਸ ਨੂੰ ਮੀਕੇ ਕੋਲ ਲਿਜਾਣ ਦਾ ਗੁੱਝਾ ਸੁਨੇਹਾ ਦਿੱਤਾ ਹੋਵੇ। ਕੁੜੀ ਨੂੰ ਵਾਪਿਸ ਸੀਤੋ ਨੇ ਚੁੱਕ ਲਿਆ ਅਤੇ ਵਾਪਿਸ ਦਾਦੇ ਦੀਆਂ ਬਾਹਾਂ ਵਿਚ ਦੇ ਦਿੱਤਾ। ਆਪ ਉਹ ਸੁਸਤ ਚਾਲ ਨਾਲ ਰਸੋਈ ਵੱਲ ਚਲੀ ਗਈ। ਐਨੇ ਚਿਰ ਨੂੰ ਮੀਕੇ ਦੀ ਮਾਂ ਵੀ ਕਿਧਰੋਂ ਆ ਗਈ ਅਤੇ ਬਿੱਲੂ ਦੇ ਹੇਅਰ ਸਪਰੇਅ ਨਾਲ ਆਕੜੇ ਵਾਲਾਂ ਵਿਚ ਮੋਹ ਨਾਲ ਹੱਥਾਂ ਦੀਆਂ ਉਂਗਲਾਂ ਫੇਰਨ ਲੱਗੀ। ਉਸ ਦੇ ਦਿਲ ਨੂੰ ਕਿਧਰੋਂ ਖਬਰ ਮਿਲ ਗਈ ਸੀ ਕਿ ਇਹ ਮੁੰਡਾ ਜ਼ਰੂਰ ਮੀਕੇ ਕੋਲੋਂ ਆਇਆ ਸੀ। ਉਸ ਦੀਆਂ ਉਂਗਲਾਂ ਦੀ ਪੋਲੀ ਪੋਲੀ ਮਾਲਿਸ਼ ਨਾਲ ਬਿੱਲੂ ਨੂੰ ਅਰਾਮ ਮਿਲਣ ਲੱਗਾ। ਵੈਸੇ ਉਸ ਨੂੰ ਅਰਾਮ ਤੋਂ ਵੀ ਵੱਧ ਆਪਣੇ ਵਾਲਾਂ ਦਾ ਨਕਸ਼ਾ(ਹੇਅਰ ਸਟਾਈਲ) ਖ਼ਰਾਬ ਹੋਣ ਦੀ ਚਿੰਤਾ ਵੱਧ ਸੀ। ਮਾਂ ਦੇ ਹੱਥਾਂ ਵਿਚ ਕੋਈ ਤਾਕਤ ਜ਼ਰੂਰ ਸੀ ਜਿਸ ਨੂੰ ਬਿੱਲੂ ਚਾਹੁੰਦਿਆਂ ਵੀ ਰੋਕ ਨਾ ਸਕਿਆ।

ਮਾਤਾ ਨੇ ਗੱਲਾਂ ਕਰਦਿਆਂ ਅਤੇ ਸੁੱਖ ਸਾਂਦ ਪੁੱਛਦਿਆਂ ਸਾਰੀਆਂ ਹੀ ਦੁਆਵਾਂ ਬਿੱਲੂ ਦੀ ਝੋਲੀ ਪਾ ਦਿੱਤੀਆਂ। ਫਿਰ ਉਹ ਮੀਕੇ ਬਾਰੇ ਪੁੱਛਦਿਆਂ ਅੱਖਾਂ ਵਿਚੋਂ ਨਿਕਲਦੇ ਅੱਥਰੂਆਂ ਨੂੰ ਚੁੰਨੀ ਦੇ ਲੜ ਨਾਲ ਪੂੰਝਣ ਲੱਗੀ। ਬਿੱਲੂ ਦੇ ਦਿਲ ਵਿਚ ਤਰਸ ਅਤੇ ਪਿਆਰ ਉਮਡੇ ਅਤੇ ਉਸ ਦਾ ਦਿਲ ਕੀਤਾ ਮਾਂ ਨੂੰ ਘੁੱਟ ਕੇ ਜੱਫੀ ਪਾ ਲਵੇ। ਪਰ ਹਿਚਕਚਾਹਟ ਨੇ ਉਸ ਨੂੰ ਰੋਕੀ ਰੱਖਿਆ। ਉਹ ਕੋਈ ਗੱਲ ਕਰਕੇ ਮਹੌਲ ਨੂੰ ਸੁਖਾਂਵਾਂ ਬਨਾਉਣਾ ਚਾਹੁੰਦਾ ਸੀ।

"ਬੇਬੀ ਤਾਂ ਮੀਕੇ ਵਰਗੀ ਈ ਲਗਦੀ ਐ-----।"

"ਭਾਈ ਇਹਦੀਆਂ ਤਾਂ ਆਦਤਾਂ ਵੀ ਓਸ ਅਰਗੀਆਂ। ਮੀਕਾ ਵੀ ਅਹੋ ਜਾ ਈ ਸੀ ਗੋਲ ਮਟੋਲ। ਇਹਦੇ ਵਰਗਾ ਈ ਖਾਣਾ ਪੀਣਾ ਸੌਣਾ---। ਭਾਈ ਕਈ ਆਰੀ ਤਾਂ ਮੈਨੂੰ ਨਿੱਕਾ ਹੁੰਦਾ ਮੀਕਾ ਜਾਦ ਆ ਜਾਂਦਾ ----।" ਮਾਈ ਪੋਤੀ ਦੀਆਂ ਗੱਲਾਂ ਕਰਦਿਆਂ ਖੁਸ਼ ਹੋ ਰਹੀ ਸੀ ਅਤੇ ਜਿਵੇਂ ਮੀਕੇ ਬਾਰੇ ਸਭ ਕੁਝ ਭੁੱਲ ਗਈ ਹੋਵੇ। ਸੀਤੋ ਚਾਹ ਦਾ ਪਤੀਲਾ ਚੁਲ੍ਹੇ 'ਤੇ ਰੱਖ ਕੇ ਪਿਆਲੀਆਂ ਧੋਣ ਲੱਗੀ।

"ਮੀਕਾ ਫੇਰ ਪੱਕਾ ਹੋ ਜੂ--!" ਬਜ਼ੁਰਗ ਦੀ ਫ਼ਿਕਰ ਭਰੀ ਅਵਾਜ਼ ਸੁਣਦਿਆਂ ਬਿੱਲੂ ਨੇ ਉਸ ਵੱਲ ਵੇਖਿਆ। ਉਸ ਨੂੰ ਲਿੰਡਾ ਯਾਦ ਆਈ। ਲਿੰਡਾ ਬਾਰੇ ਗੱਲ ਕਰਨ ਦਾ ਤਾਂ ਸਵਾਲ ਈ ਪੈਦਾ ਨਹੀਂ ਹੁੰਦਾ ਸੀ। ਲਿੰਡਾ ਕਰਾਫੋਰਡ-----!

"ਬੱਸ ਹੁਣ ਤਾਂ ਮੈਦ ਐ ਬਈ ਛੇਤੀ ਪੱਕਾ ਹੋ ਜੂ-- ਕਾਗਜ਼ ਪੱਤਰ ਤਿਆਰ ਕਰਨ ਨੂੰ ਟੈਮ ਤਾਂ ਲੱਗ ਈ ਜਾਂਦਾ ਐ।" ਬਿੱਲੂ ਇਸ ਸਬੰਧੀ ਜ਼ਿਆਦਾ ਗੱਲ ਕਰਨ ਤੋਂ ਕਤਰਾਉਂਦਾ ਸੀ।

"ਭਾਈ ਸਾਨੂੰ ਤਾਂ ਬੱਸ ਉਹਦੇ ਟੱਬਰ ਦਾ ਝੋਰਾ ਵੱਢ ਵੱਢ ਖਾਈ ਜਾਂਦਾ ਆ। ਜੇ ਉਹਦਾ ਕੁਸ ਬਣਦਾ ਨੀ ਦੀਹਦਾ ਤਾਂ ਘਰ ਮੁੜ ਆਵੇ। ਐਥੇ ਕਿਹੜਾ ਲੋਕਾਂ ਨੂੰ ਰੋਟੀ ਨੀ ਮਿਲਦੀ---।" ਬਜ਼ੁਰਗ ਨੇ ਅੱਖਾਂ ਸੰਗੋੜਦਿਆਂ ਮਾਈ ਵੱਲ ਦੇਖਿਆ ਜਿਹੜੀ ਕੁੜੀ ਨਾਲ ਖੇਡ ਰਹੀ ਸੀ। ਮਾਈ ਨੇ ਸਾਹਮਣੇ ਘਰ ਵੱਲ ਵੇਖਿਆ। ਨਫ਼ਰਤ ਨਾਲ ਉਸ ਨੇ ਘਰ ਦੀਆਂ ਕੰਧਾਂ ਵੱਲ ਵੇਖ ਉਹ ਫੇਰ ਕੁੜੀ ਨਾਲ ਪਰਚ ਗਈ। ਬਿੱਲੂ ਮੂਹਰੇ ਘੱਟੇ ਵਾਲੇ ਟੇਬਲ ਨੂੰ ਥੋੜਾ ਝਾੜ ਕੇ ਉਸ 'ਤੇ ਚਾਹ ਦੇ ਤਿੰਨ ਕੱਪ, ਪਲੇਟ ਵਿਚ ਬਿਸਕੁਟ ਤੇ ਕਿਸੇ ਵਿਆਹ ਵਾਲੇ

ਘਰੋਂ ਆਈ ਮਿਠਿਆਈ ਰੱਖ ਕੇ ਸੀਤੋ ਚੁੱਪ ਜਿਹੀ ਥੋੜੀ ਦੂਰ ਪੀੜ੍ਹੀ 'ਤੇ ਜਾ ਬੈਠੀ।

"ਭਰਜਾਈ ਤੁਸੀਂ ਵੀ ਮੀਕੇ ਨੂੰ ਕੋਈ ਸੁਖ ਸੁਨੇਹਾ ਦੇ ਦਿਉ---।" ਬਿਲੂ ਨੇ ਮਹਿਸੂਸ ਕੀਤਾ ਉਸ ਨੂੰ ਸੀਤੋ ਨਾਲ ਜ਼ਰੂਰ ਕੋਈ ਗੱਲ ਕਰਨੀ ਚਾਹੀਦੀ ਹੈ।

"ਬੱਸ ਵੀਰ ਜੀ--- ਚਿੱਠੀ ਪਾ ਦਿਆ ਕਰਨ। ਹੁਣ ਤਾਂ ਬੇਬੀ ਵੀ ਵਾਹਵਾ ਸਮਝਣ ਲੱਗ ਪਈ ਆ। ਇਹ ਵੀ ਪਾਪੇ ਨੂੰ ਜਾਦ ਕਰਦੀ ਰਹਿੰਦੀ ਆਂ---।" ਉਹਦੇ ਬੋਲ ਮਾੜੇ ਜਿਹੇ ਲਰਜ਼ ਗਏ। ਬਿਲੂ ਸਮਝਦਾ ਸੀ ਅਸਲ ਵਿਚ ਕੁੜੀ ਦੇ ਬਹਾਨੇ ਉਹ ਆਪਣੇ ਦਿਲ ਦਾ ਹਾਲ ਦੱਸ ਰਹੀ ਸੀ ।

"ਭਰਜਾਈ ਤੁਸੀਂ ਆਪ ਈ ਚਿੱਠੀ ਪਾ ਕੇ ਉਸ ਨੂੰ ਸਾਰਾ ਹਾਲ-ਇ-ਦਿਲ ਲਿਖ ਦਿਆ ਕਰੋ ਨਾ।" ਬਿੱਲੂ ਮੁਸਕਰਾਇਆ। ਸੀਤੋ ਦੇ ਚਿਹਰੇ 'ਤੇ ਉਦਾਸ ਯਾਦਾਂ ਦੀ ਭਾਹ ਵੇਖ ਕੇ ਉਸ ਨੇ ਮੁਸਕਰਾਹਟ ਨੂੰ ਬੁੱਲ੍ਹਾਂ ਵਿਚ ਹੀ ਦਬਾ ਲਿਆ। ਚਾਹ ਪੀਤੀ ਗਈ। ਮਾਈ ਨੇ ਸੀਤੋ ਨੂੰ ਭਾਂਡੇ ਚੁੱਕਣ ਦਾ ਇਸ਼ਾਰਾ ਕੀਤਾ। ਸੀਤੋ ਭਾਂਡੇ ਸਮੇਟ ਕੇ ਚੱਲੀ ਤਾਂ ਸਾਹਮਣੇ ਘਰ ਵਾਲਿਆਂ ਦਾ ਮੁੰਡਾ ਟੋਂਹਦੀਆਂ ਅੱਖਾਂ ਨਾਲ ਉਹਨਾਂ ਦੇ ਵਿਹੜੇ ਵਿਚ ਵੇਖਣ ਲੱਗਾ । ਮਾਈ ਨੇ ਕੌੜੀਆਂ ਨਜ਼ਰਾਂ ਨਾਲ ਮੁੰਡੇ ਵੱਲ ਵੇਖਿਆ ਅਤੇ ਉਸ ਦਾ ਦਰਵਾਜ਼ਾ ਬੰਦ ਕਰਨ ਨੂੰ ਦਿਲ ਕੀਤਾ। ਬਜ਼ੁਰਗ ਅਤੇ ਬਿੱਲੂ ਦੀ ਉਧਰ ਪਿੱਠ ਹੋਣ ਕਰਕੇ ਉਹਨਾਂ ਨੂੰ ਕੁਝ ਪਤਾ ਨਾ ਲੱਗਿਆ। ਮਾਈ ਨੇ ਸੀਤੋ ਵੱਲ ਵੇਖਿਆ ਜਿਹੜੀ ਰਸੋਈ ਵਿਚ ਆਪਣੇ ਧਿਆਨ ਕੰਮ ਕਰ ਰਹੀ ਸੀ।

"ਮੀਕੇ ਨੂੰ ਕਹੀਂ ਪੁੱਤ ਬਈ ਜੇ ਗੱਲ ਨੀ ਨਹੀਂ ਬਣਦੀ ਤਾਂ ਘਰ ਮੁੜ ਆਵੇ। ਆਪਦੇ ਟੱਬਰ 'ਚ ਬੰਦਾ ਹੋਵੇ ਤਾਂ ਚੰਗਾ ਹੁੰਦਾ। ਸਮੋਂ ਬਹੁਤ ਮਾੜੀ ਆ ਅੱਜ ਕੱਲ੍ਹ। ਜਾਂ ਛੇਤੀ ਆਵਦੇ ਟੱਬਰ ਨੂੰ ਮੰਗਾ ਲੇ। ਸਾਡੀ ਤਾਂ ਬਹੁਤੀ ਲੰਘ ਗੀ ਥੋੜੀ ਰਹਿ ਗੀ--।" ਮਾਤਾ ਆਪਣੇ ਹੀ ਵਹਿਣਾ ਵਿਚ ਬੈਠ ਗਈ। ਅਸਲ 'ਚ ਪਿਛਲੇ ਕੁਝ ਸਮੇਂ ਤੋਂ ਉਸ ਨੇ ਗੁਆਂਢੀਆਂ ਦੇ ਮੁੰਡੇ ਦਾ ਸੀਤੋ ਵੱਲ ਰੁਝਾਨ ਨੋਟ ਕਰ ਲਿਆ ਸੀ। ਉਸ ਨੇ ਬਜ਼ੁਰਗ ਨਾਲ ਵੀ ਗੱਲ ਕੀਤੀ। ਉਹ ਸੀਤੋ ਨੂੰ ਕੁਝ ਕਹਿਣਾ ਵੀ ਨਹੀਂ ਚਾਹੁੰਦੇ ਸਨ। ਅਜੇ ਤੱਕ ਕੋਈ ਗੱਲ ਹੋਈ ਵੀ ਨਹੀਂ ਸੀ ਲਗਦੀ। ਉਹਨਾਂ ਨੂੰ ਡਰ ਜ਼ਰੂਰ ਸੀ। ਵਾਹ ਲਗਦੀ ਦੋਵਾਂ 'ਚੋਂ ਇਕ ਜਣਾ ਜ਼ਰੂਰ ਘਰੇ ਹੁੰਦਾ। ਭਾਂਵੇਂ ਉਹ ਸਮਝਦੇ ਸਨ ਕਿਸੇ ਦੀ ਰਾਖੀ ਕਰਨੀ ਸੰਭਵ ਨਹੀਂ ਹੁੰਦੀ। ਹੁਣ ਉਹ ਮੀਕੇ ਨੂੰ ਵਾਪਿਸ ਵੇਖਣਾ ਚਾਹੁੰਦੇ ਸਨ ਜਾਂ ਫਿਰ ਸੀਤੋ ਮੀਕੇ ਕੋਲ ਕਿਵੇਂ ਨਾ ਕਿਵੇਂ ਜਲਦੀ ਚਲੀ ਜਾਵੇ। ਦੋਹਾਂ ਵਿਚੋਂ ਕੋਈ ਵੀ ਗੱਲ ਉਹਨਾਂ ਦੇ ਵੱਸ ਨਹੀਂ ਸੀ।

ਬਿੱਲੂ ਚਲਾ ਗਿਆ ਅਤੇ ਸੀਤੋ ਦੇ ਦਿਲ ਵਿਚ ਜਲਣ ਜਿਹੀ ਹੋਣ ਲੱਗੀ। ਉਹ ਮੀਕੇ ਨੂੰ ਯਾਦ ਕਰਦੀ ਰਹੀ ਅਤੇ ਉਸ ਨਾਲ ਬਿਤਾਏ ਕੁਝ ਮਹੀਨੇ ਉਸ ਨੂੰ ਵਾਰ ਵਾਰ ਯਾਦ ਆਉਂਦੇ ਰਹੇ। ਸਰਦੀ ਦੀ ਰਾਤ ਵਿਚ ਵੀ ਉਸ ਨੂੰ ਪਿਆਸ ਲੱਗੀ। ਉਸ ਦਾ ਸਰੀਰ ਪਸੀਨ ਨਾਲੇ ਤਰ ਹੋ ਗਿਆ ਸੀ। ਸ਼ਾਇਦ ਉਸ ਨੂੰ ਬੁਖਾਰ ਹੋਵੇ! ਅਸਲ ਵਿਚ ਉਹ ਬਿਮਾਰੀ ਦੇ ਕਾਰਨ ਨੂੰ ਸਮਝਦੀ ਸੀ ਪਰ ਉਸ ਕੋਲ ਬਿਮਾਰੀ ਦਾ ਕੋਈ ਇਲਾਜ ਨਹੀਂ ਸੀ। ਸਾਰੀ ਰਾਤ ਹੀ ਉਹ ਉੱਸਲ ਵੱਟੇ ਲੈਂਦੀ ਮੀਕੇ ਦੀ ਦੂਰੀ ਨੂੰ ਕੋਸਦੀ ਰਹੀ ਅਤੇ ਮਨ ਹੀ ਮਨ ਉਸ ਨਾਲ ਦੀਦਾਰ ਦੀ ਘੜੀ ਨੂੰ ਸੋਚਦੀ ਰਹੀ ਜਿਸ ਦਾ ਅਜੇ ਪਤਾ ਨਹੀਂ ਕਦੋਂ ਆਉਣੀ ਸੀ।

## ਦੂਸਰਾ

ਮੀਕੇ ਨੇ ਧੱਕੇ ਖਾ ਕੇ ਕੰਮ ਲੱਭ ਲਿਆ। ਕੰਮ ਦੇ ਸਿਲਸਲੇ ਵਿਚ ਹੀ ਉਸ ਦੀ ਬਿੱਲੂ ਨਾਲ ਜਾਣ ਪਛਾਣ ਹੋਈ ਸੀ। ਇਹ ਜਾਣ ਪਛਾਣ ਹੀ ਉਨਾਂ ਦੀ ਦੋਸਤੀ ਵਿਚ ਬਦਲ ਗਈ। ਮੀਕੇ ਨੇ ਪਿੰਡ ਵਿਚ ਰਹਿੰਦਿਆਂ ਕੰਮ ਕਰਕੇ ਰੋਟੀ ਕਮਾਉਣ ਦਾ ਨਿਗੂਣਾ ਯਤਨ

ਕੀਤਾ ਸੀ। ਦਿਨੋ ਦਿਨ ਵਧਦੀਆਂ ਤੰਗੀਆਂ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ। ਵਿਆਹ ਤੋਂ ਜਲਦੀ ਬਾਅਦ ਹੀ ਸਬੱਬੀਂ ਕਿਸੇ ਏਜੰਟ ਰਾਹੀ ਲੰਡਨ ਪਹੁੰਚਣ ਦਾ ਮੌਕਾ ਬਣ ਗਿਆ। ਲੰਡਨ ਵਿਚ ਚੋਰੀ ਕੰਮ ਕਰਨਾ ਸ਼ੁਰੂ ਕੀਤਾ ਅਤੇ ਕਈ ਕੰਮ ਬਦਲੇ। ਅਖ਼ੀਰ ਉਹ ਮੇਡਨਹੈਡ ਸ਼ਹਿਰ ਵਿਚ ਰਹਿਣ ਲੱਗਾ ਅਤੇ ਉਥੇ ਹੀ ਕੰਮ ਮਿਲ ਗਿਆ।

ਵਕਤ ਨਾਲ ਮੀਕੇ ਨੂੰ ਨਵੇਂ ਵਾਤਾਵਰਣ ਵਿਚ ਢਲਣ ਦਾ ਮੌਕਾ ਮਿਲਿਆ ਅਤੇ ਉਸ ਨੇ ਇਸ ਮੌਕੇ ਦਾ ਪੂਰਾ ਲਾਹਾ ਲਿਆ। ਮੇਡਨਹੈਡ ਉਸ ਦੀ ਕੋਈ ਜਾਣ ਪਛਾਣ ਵਾਲੇ ਨਹੀ ਸਨ। ਇੰਡੀਆ ਤੋਂ ਆ ਕੇ ਇਥੋਂ ਦੇ ਖੁੱਲ੍ਹੇ ਮਹੌਲ ਦਾ ਉਸ ਨੇ ਅਨੰਦ ਮਾਨਣਾ ਸ਼ੁਰੂ ਕੀਤਾ। ਬੀਅਰ ਵਿਸਕੀ ਅਤੇ ਗੋਰੀਆਂ ਨਾਲ ਦੋਸਤੀਆਂ ਜਿਹੜੀਆਂ ਅਕਸਰ ਵਕਤੀ ਹੁੰਦੀਆਂ। ਅਖ਼ੀਰ ਉਸ ਦੀ ਦੋਸਤੀ ਲਿੰਡਾ ਕਰਾਫਰਡ ਨਾਲ ਪੱਕੀ ਹੋ ਗਈ।

ਲਿੰਡਾ ਦਾ ਆਪਣੇ ਘਰ ਵਾਲੇ ਨਾਲ ਛੇ ਕੁ ਮਹੀਨੇ ਪਹਿਲਾਂ ਡਾਈਵੋਰਸ ਹੋਇਆ ਸੀ। ਉਹ ਉਦਾਸ ਜਿਹੀ ਬੈਠੀ ਰਹਿੰਦੀ। ਸੁਭਾਵਕ ਵੀ ਉਹ ਘੱਟ ਬੋਲਣ ਵਾਲੀ ਸੀ। ਲਿੰਡਾ ਬਹੁਤੀ ਸੁਹਣੀ ਨਾ ਹੁੰਦਿਆਂ ਵੀ ਉਸ ਦੀਆ ਨੀਲੀਆਂ ਡੂੰਘੀਆਂ ਅੱਖਾਂ ਵਿਚ ਅਜੀਬ ਖਿੱਚ ਸੀ। ਲੋੜ ਪੈਣ ਕਰਕੇ ਮੀਕਾ ਹੁਣ ਗੁਜ਼ਾਰੇ ਜੋਗੀ ਅੰਗਰੇਜ਼ੀ ਬੋਲ ਸੁਣ ਲੈਂਦਾ ਸੀ। ਉਹ ਕੁਝ ਦਿਨ ਲਿੰਡਾ ਨੂੰ ਘੱਟ ਅਤੇ ਉਸ ਦੀਆ ਅੱਖਾਂ ਨੂੰ ਵੱਧ ਵੇਖਦਾ ਰਿਹਾ। ਇਕ ਦਿਨ ਉਸ ਨੇ ਲਿੰਡਾ ਨੂੰ ਡਰਿੰਕ ਲਈ ਬਾਹਰ ਜਾਣ ਦਾ ਪ੍ਰਸਤਾਵ ਰੱਖਿਆ।

"ਅੱਜ ਮੇਰਾ ਜਨਮ ਦਿਨ ਐ। ਮੈਂ ਤੇਰਾ ਬਹੁਤ ਸ਼ੁਕਰਗੁਜ਼ਾਰ ਹੋਊਂਗਾ ਜੇ ਤੂੰ ਮੇਰੇ ਨਾਲ ਡਰਿੰਕ ਸਾਂਝੀ ਕਰ ਸਕੇਂ----!" ਮੀਕੇ ਦੀ ਨਰਮੀ ਅਤੇ ਆਜ਼ਜੀ ਨਾਲ ਕੀਤੀ ਬੇਨਤੀ ਲਿੰਡਾ ਨੇ ਬਹੁਤਾ ਕੁਝ ਸੋਚਣ ਸਮਝਣ ਤੋਂ ਬਿਨਾਂ ਮੰਨ ਲਈ। ਵੈਸੇ ਵੀ ਉਹ ਆਪਣੇ ਆਪ ਨੂੰ ਗੁਆਚੀ ਜਿਹੀ ਮਹਿਸੂਸ ਕਰਦੀ ਸੀ। ਸ਼ਾਮ ਨੂੰ ਮੀਕੇ ਨੇ ਉਸ ਨੂੰ ਉਸ ਦੇ ਕਿਰਾਏ ਦੇ ਫਲੈਟ ਵਿਚੋਂ ਨਾਲ ਲਿਆ ਅਤੇ ਪ੍ਰਿੰਸ ਆਫ ਵੇਲਜ਼ ਪੱਬ ਵਿਚ ਆ ਬੈਠੇ। ਇਕ ਨਵੇਕਲੀ ਜਿਹੀ ਟੇਬਲ 'ਤੇ ਮੀਕੇ ਨੇ ਲਿੰਡਾ ਨੂੰ ਬਠਾਇਆ ਅਤੇ ਡਰਿੰਕ, ਡਰਿੰਕ ਤੋਂ ਬਾਅਦ ਖਾਣਾ, ਖਾਣੇ ਤੋਂ ਬਾਅਦ ਉਸ ਨੂੰ ਘਰ ਛੱਡਣ ਚਲਾ ਗਿਆ। ਇਹ ਸਿਲਸਲਾ ਕੁਝ ਦਿਨਾਂ ਵਿਚ ਹੀ ਦੋਸਤੀ ਅਤੇ ਫਿਰ ਉਸ ਤੋਂ ਅੱਗੇ ਰਾਤ ਦਾ ਸਾਥ ਕੱਟਣ ਤੱਕ ਚਲਾ ਗਿਆ।

ਲਿੰਡਾ ਨੂੰ ਮੀਕੇ ਵਿਚ ਇਕ ਸਾਥ ਮਿਲ ਗਿਆ ਜਿਸ ਦੇ ਅੱਗੇ ਪਿੱਛੇ ਕੋਈ ਨਹੀਂ ਸੀ। ਮੀਕੇ ਨੇ ਉਸ ਨੂੰ ਇਹੋ ਹੀ ਦੱਸਿਆ ਸੀ। ਆਪਣੇ ਵਿਆਹ ਅਤੇ ਬੇਬੀ ਵਾਲੀ ਗੱਲ ਉਸ ਨੇ ਲੁਕਾ ਲਈ। ਦੋਵੇਂ ਇਕੱਠੇ ਕੰਮ ਕਰਦੇ ਸਨ। ਮੀਕੇ ਨੇ ਆਪਣਾ ਕਮਰਾ ਕਿਰਾਏ 'ਤੇ ਲਿਆ ਹੋਇਆ ਸੀ। ਬਹੁਤੀਆਂ ਰਾਤਾਂ ਹੁਣ ਉਹ ਲਿੰਡਾ ਦੇ ਫਲੈਟ ਵਿਚ ਇਕੱਠੇ ਗੁਜ਼ਾਰਦੇ। "ਲਿੰਡਾ ਆਪਾਂ ਰਹਿੰਦੇ ਤਾਂ ਬਹੁਤਾ ਸਮਾਂ 'ਕੱਠੇ ਈ ਆਂ। ਫੇਰ ਆਪਾਂ ਫਲੈਟ ਸਾਂਝਾ ਈ ਰੱਖ ਲੀਏ। ਆਪਾਂ ਨੂੰ ਕਿਰਾਇਆ ਅੱਧਾ ਅੱਧਾ ਦੇਣਾ ਪਊ। ਬਾਕੀ ਦਾ ਖਰਚਾ ਵੀ ਅੱਧਾ ਅੱਧਾ।" ਗੱਲ ਲਿੰਡਾ ਨੂੰ ਜੱਚ ਗਈ ਅਤੇ ਮੀਕਾ ਲਿੰਡਾ ਨਾਲ ਰਹਿਣ ਲੱਗ ਪਿਆ।

ਮੀਕੇ ਅਤੇ ਲਿੰਡਾ ਵਿਚ ਰਿਸ਼ਤਾ ਹੋਰ ਗੂੜਾ ਹੁੰਦਾ ਗਿਆ। ਲਿੰਡਾ ਦਿਲੋਂ ਮੀਕੇ ਨੂੰ ਚਾਹੁਣ ਲੱਗੀ। ਮੀਕਾ ਆਪਣੇ ਦਿਮਾਗ ਵਿਚ ਨੰਬਰਾਂ ਦੀ ਖੇਡ ਖੇਡਦਾ ਸੀ। ਉਸ ਖੇਡ ਦਾ ਉਸ ਨੇ ਭੋਰਾ ਵੀ ਪਤਾ ਲਿੰਡਾ ਨੂੰ ਨਾ ਲੱਗਣ ਦਿੱਤਾ। ਕੁਝ ਮਹੀਨੇ ਇੰਝ ਹੀ ਲੰਘ ਗਏ। ਇਕ ਦਿਨ ਮੀਕੇ ਨੇ ਆਪਣੇ ਕੇਸ ਬਾਰੇ ਵਕੀਲ ਨੂੰ ਫੋਨ ਕੀਤਾ। ਵਕੀਲ ਦੀ ਗੱਲ ਸੁਣ ਕੇ ਮੀਕੇ ਤੋਂ ਆਪਣਾ ਚਾਅ ਸਾਂਭਿਆ ਨਾ ਗਿਆ। ਉਸ ਨੂੰ ਵਕੀਲ ਨੇ ਦੱਸਿਆ ਉਸ ਦੀ ਪੱਕੇ ਹੋਣ ਦੀ ਅਰਜ਼ੀ ਮਨਜ਼ੂਰ ਹੋ ਗਈ ਸੀ। ਮੀਕਾ ਇਸ ਖਬਰ ਨੂੰ ਸਭ ਨਾਲ ਸਾਂਝੀ ਕਰਨਾ ਚਾਹੁੰਦਾ ਸੀ। ਫਿਰ ਕੁਝ ਸੋਚ ਕੇ ਉਸ ਨੇ ਸਿਰਫ਼ ਬਿੱਲੂ ਨੂੰ ਹੀ ਸਾਰੀ ਗੱਲ ਦੱਸੀ। ਲਿੰਡਾ ਤੋਂ ਤਾਂ ਹਰ ਹਾਲਤ ਵਿਚ ਉਹ ਗੱਲ ਨੂੰ ਲਕਾਉਣਾ ਚਾਹੁੰਦਾ ਸੀ। ਹੁਣ ਉਹ ਲਿੰਡਾ ਨੂੰ ਛੱਡ ਕੇ ਸੀਤੋ ਨੂੰ ਬਲਾਉਣ ਬਾਰੇ ਸੋਚਣ ਲੱਗਾ। ਜੇ ਉਹਦੀ ਅਰਜ਼ੀ ਨਾ-ਮੰਨਜ਼ੂਰ ਹੋ

ਜਾਂਦੀ ਤਾਂ ਉਸ ਨੇ ਲਿੰਡਾ ਨੂੰ ਵਿਆਹ ਦਾ ਪ੍ਰਸਤਾਵ ਰੱਖਕੇ ਪੱਕਾ ਹੋਣ ਲਈ ਲਿੰਡਾ ਨੂੰ ਵਰਤਣਾ ਸੀ। ਮੀਕੇ ਨੂੰ ਚੰਗੀ ਤਰ੍ਹਾਂ ਪਤਾ ਸੀ ਪੱਕਾ ਹੋ ਕੇ ਵੀ ਉਸ ਨੇ ਲਿੰਡਾ ਨੂੰ ਛੱਡ ਦੇਣਾ ਸੀ।

ਬਿੱਲੂ ਨੇ ਉਸ ਲਈ ਹੋਰ ਕੰਮ ਲੱਭ ਲਿਆ ਸੀ। ਉਹ ਮੇਡਨਹੈਡ ਛੱਡ ਕੇ ਹੰਸਲੋ ਆ ਗਿਆ। ਹੰਸਲੋ ਆ ਕੇ ਉਸ ਨੇ ਵਾਪਿਸ ਮੇਡਨਹੈਡ ਵੱਲ ਮੂੰਹ ਨਾ ਕੀਤਾ। ਲਿੰਡਾ ਨੂੰ ਕੁਝ ਵੀ ਦੱਸੇ ਬਿਨਾਂ ਉਹ ਹੰਸਲੋ ਕਮਰਾ ਲੱਭ ਕੇ ਰਹਿਣ ਲੱਗਾ। ਲਿੰਡਾ ਕੁਝ ਦਿਨ ਉਸ ਬਾਰੇ ਫ਼ਿਕਰ ਕਰਦੀ ਰਹੀ। ਫਿਰ ਇਕ ਦਿਨ ਪਤਾ ਨਹੀਂ ਮੀਕੇ ਦੇ ਦਿਲ ਵਿਚ ਕੀ ਆਈ ਉਸ ਨੇ ਲਿੰਡਾ ਨੂੰ ਫੋਨ ਕੀਤਾ-- "ਲਿੰਡਾ ਮੈ ਹੁਣ ਮੇਡਨਹੈਡ ਨਹੀਂ ਰਹਿ ਸਕਦਾ। ਮੇਰਾ ਦਿਲ ਨੀ ਲਗਦਾ ਮੇਡਨਹੈਡ। ਤੂੰ ਗੁੱਸਾ ਨਾ ਕਰੀਂ-----।" ਲਿੰਡਾ ਨੇ ਆਪਣੇ ਸੁਭਾਅ ਅਨੁਸਾਰ ਉਸ ਨੂੰ ਕੁਝ ਖਾਸ ਨਾ ਕਿਹਾ। ਉਹ ਜਾਣਦੀ ਸੀ ਕਿ ਪੱਛਮੀ ਸਭਿਅਤਾ ਵਿਚ ਸਾਥ ਐਨੇ ਪੱਕੇ ਨਹੀਂ ਹੁੰਦੇ। ਜਦੋਂ ਤੱਕ ਸਾਥ ਹੈ ਮਾਨਣਾ ਚਾਹੀਦਾ ਨਹੀਂ ਤਾਂ ਕੋਈ ਹੋਰ ਸਹੀ। ਜਿਸ ਢੰਗ ਨਾਲ ਮੀਕਾ ਉਸ ਨੂੰ ਛੱਡ ਕੇ ਗਿਆ ਉਸ ਨਾਲ ਉਸ ਦਾ ਮਨ ਦੁਖੀ ਜ਼ਰੂਰ ਹੋਇਆ। ਉਹਨਾਂ ਵਿਚ ਕੋਈ ਬੋਲ ਬੁਲਾਰਾ ਵੀ ਨਹੀਂ ਹੋਇਆ ਸੀ। ਲਿੰਡਾ ਨੂੰ ਕੋਈ ਕਾਰਨ ਸਮਝ ਨਾ ਆਇਆ। ਚੁੱਪ ਤੋਂ ਸਿਵਾ ਹੋਰ ਉਸ ਕੋਲ ਕੋਈ ਚਾਰਾ ਨਹੀਂ ਸੀ।

ਮੀਕੇ ਨੇ ਪਿੰਡ ਚਿੱਠੀ ਲਿਖ ਦਿੱਤੀ ਕਿ ਸੀਤੋ ਦਾ ਪਾਸਪੋਰਟ ਤਿਆਰ ਕਰਵਾਇਆ ਜਾਵੇ ਅਤੇ ਜਲਦੀ ਹੀ ਉਹ ਸੀਤੋ ਨੂੰ ਮੰਗਵਾ ਲਵੇਗਾ। ਆਪਣੇ ਪੱਕਾ ਹੋਣ ਦੀ ਖ਼ਬਰ ਲਿਖਦਿਆਂ ਉਸ ਨੇ ਪਿੰਡ ਦੇ ਗੁਰਦਵਾਰੇ ਲਈ ਕੁਝ ਸੇਵਾ ਕਰਨ ਲਈ ਬੇਨਤੀ ਕੀਤੀ। ਖ਼ਬਰ ਸੁਣ ਕੇ ਸਾਰੇ ਘਰ ਵਿਚ ਖੁਸ਼ੀ ਨੱਚਣ ਲੱਗੀ। ਮੀਕੇ ਦੇ ਮਾਪਿਆਂ ਦਾ ਸੀਤੋ ਸਬੰਧੀ ਤੌਖਲਾ ਕੁਝ ਘਟ ਗਿਆ। ਸੀਤੋ ਦਾ ਫਿਕਰ ਦੀ ਥਾਂ ਪਾਸਪੋਰਟ ਬਨਾਉਣ ਦੀਆਂ ਗੱਲਾਂ ਹੋਣ ਲੱਗੀਆਂ।

ਮੀਕੇ ਲਈ ਹੁਣ ਜ਼ਿੰਮੇਵਾਰੀਆਂ ਦਾ ਮੌਸਮ ਆ ਗਿਆ ਸੀ। ਹੁਣ ਤੱਕ ਉਸ ਨੇ ਖੁੱਲ੍ਹੀਆਂ ਚਰੀਆਂ ਸਨ। ਹੁਣ ਸੀਤੋ ਅਤੇ ਬੱਚੀ ਦੇ ਰਹਿਣ ਲਈ ਥਾਂ ਦਾ ਪ੍ਰਬੰਧ ਕਰਨਾ ਸੀ। ਆਮਦਨ ਦੇ ਸਾਧਨ ਵੀ ਜਟਾਉਣੇ ਸਨ। ਰਹਿਣ ਲਈ ਉਸ ਨੇ ਅਜੇ ਇੱਕ ਕਮਰਾ ਕਿਰਾਏ 'ਤੇ ਲਿਆ ਹੋਇਆ ਸੀ। ਅਜੇ ਉਹ ਇਸ ਕਮਰੇ ਨੂੰ ਹੀ ਵਰਤਣ ਦਾ ਮਨ ਬਣਾਈ ਬੈਠਾ ਸੀ। ਕੰਮ ਉਸ ਦਾ ਠੀਕ ਸੀ। ਤਿੰਨ ਕੁ ਮਹੀਨਿਆਂ ਵਿਚ ਸੀਤੋ ਦੇ ਪਹੁੰਚਣ ਦੀ ਆਸ ਕਾਰਨ ਉਸ ਨੂੰ ਚਾਅ ਵੀ ਸੀ। ਇਕ ਪਰਿਵਾਰ ਵਾਂਗ ਆਪਣੀ ਜਨਾਨੀ ਨਾਲ ਰਹਿਣ ਦਾ ਮੌਕਾ ਮਿਲਣ ਲੱਗਾ ਸੀ। ਸੀਤੋ ਨਾਲ ਗੁਜ਼ਾਰੀਆਂ ਪਹਿਲੀਆਂ ਰਾਤਾਂ ਅਤੇ ਦਿਨ ਉਸ ਨੂੰ ਹੁਣ ਜ਼ਿਆਦਾ ਯਾਦ ਆਉਣ ਲੱਗੇ ਸਨ।

ਸੀਤੋ ਪਹੁੰਚ ਗਈ ਤਾਂ ਮੀਕੇ ਦਾ ਚਾਅ ਹੱਦਾਂ ਬੰਨੇ ਟੱਪ ਗਿਆ। ਬੱਚੀ ਨੂੰ ਦੇਖ ਕੇ ਮੀਕਾ ਬਹੁਤ ਖੁਸ਼ ਹੋਇਆ। ਹੌਲੀ ਹੌਲੀ ਚਾਅ ਘੱਟ ਗਿਆ ਤੇ ਫ਼ਿਕਰ ਵੱਧ ਗਏ। ਕੰਮ ਤੋਂ ਬਾਅਦ ਸੀਤੋ ਕੋਲ ਹਾਜ਼ਰੀ ਵੀ ਭਰਨੀ ਪੈਂਦੀ। ਹੁਣ ਪਹਿਲਾਂ ਵਾਲੀ ਖੁੱਲ੍ਹ ਖੇਡ ਖਤਮ ਹੋ ਗਈ ਸੀ। ਹੁਣ ਤਾਂ ਮੀਕੇ ਨੂੰ ਪੱਬ ਵਿਚ ਜਾਣ ਲਈ ਵੀ ਸੀਤੋ ਤੋਂ ਇਜ਼ਾਜ਼ਤ ਲੈਣੀ ਪੈਂਦੀ। ਘਰ ਦੇ ਖਰਚ ਪੂਰੇ ਕਰਕੇ ਉਸ ਕੋਲ ਬਸ ਮਾੜਾ ਮੋਟਾ ਹੀ ਬੱਚਤ ਦਾ ਪੈਸਾ ਜੁੜਦਾ। ਜਿਸ ਕਮਰੇ ਵਿਚ ਉਹ ਰਹਿ ਰਹੇ ਸਨ ਉਸ ਘਰ ਦਾ ਮਾਲਕ ਕਮਰਾ ਖਾਲੀ ਕਰਨ ਲਈ ਕਹਿ ਰਿਹਾ ਸੀ। ਕਾਰਨ ਕਿ ਮੀਕੇ ਦੇ ਨਾਲ ਸੀਤੋ ਅਤੇ ਬੱਚੀ ਦੇ ਖਾਣ ਪਕਾਉਣ ਅਤੇ ਨਹਾਉਣ, ਕਪੜੇ ਧੋਣ ਆਦਿ ਦਾ ਖਰਚਾ ਵੱਧ ਗਿਆ ਪਰ ਕਿਰਾਇਆ ਉਹੀ ਪਹਿਲਾਂ ਵਾਲਾ ਹੀ ਸੀ।

ਬਿੱਲੂ ਦੇ ਕਿਸੇ ਮਿੱਤਰ ਦੀ ਮਦਦ ਨਾਲ ਉਹਨਾਂ ਨੂੰ ਇਕ ਹੋਰ ਕਮਰਾ ਮਿਲ ਗਿਆ ਜੋ ਪਹਿਲੇ ਨਾਲੋਂ ਵੱਡਾ ਸੀ। ਚੰਗੀ ਗੱਲ ਇਹ ਘਰ ਵਿਚ ਰਿਟਾਇਰਡ ਬਜ਼ੁਰਗ ਪਤੀ ਪਤਨੀ ਹੀ ਰਹਿੰਦੇ ਸਨ। ਉਹਨਾਂ ਦੇ ਬੱਚੇ ਖਿੱਲਰ ਪੁੱਲਰ ਕੇ ਦੁਨੀਆਂ ਦੇ ਵੱਖੋ ਵੱਖਰੇ ਹਿੱਸਿਆਂ ਵਿਚ ਰਹਿ ਰਹੇ ਸਨ। ਬਜ਼ੁਰਗ ਨੇ ਜ਼ਿੰਦਗੀ ਦਾ ਬਹੁਤਾ ਹਿੱਸਾ ਇਸ ਦੇਸ਼ ਵਿਚ ਹੀ ਗੁਜ਼ਾਰਿਆ। ਬੱਚੇ ਪੂਰੀ ਤਰ੍ਹਾਂ ਪੱਛਮੀ

ਸਭਿਅੱਤਾ ਦੇ ਪੈਰੋਕਾਰ ਬਣ ਗਏ ਸਨ। ਉਹਨਾਂ ਨੂੰ ਮਾਪਿਆਂ ਤੋਂ ਵੱਧ ਆਪਣੇ ਸੁਖ ਅਰਾਮ ਦੀ ਚਿੰਤਾ ਰਹਿੰਦੀ। ਆਪਣੀ ਮਰਜ਼ੀ ਨਾਲ ਵਿਆਹ ਸ਼ਾਦੀਆਂ ਕਰਕੇ ਉਹ ਕੈਨੇਡਾ ਅਮਰੀਕਾ ਬਗੈਰਾ ਚਲੇ ਗਏ ਸਨ। ਬਜ਼ੁਰਗ ਜੋੜੇ ਨੂੰ ਘਰ ਵਿਚ ਇਕੱਲ ਮਹਿਸੂਸ ਹੁੰਦੀ। ਪੈਸਿਆਂ ਨਾਲੋਂ ਵੱਧ ਇਕੱਲ ਤੋਂ ਬਚਣ ਲਈ ਹੀ ਉਹਨਾਂ ਨੇ ਕਮਰਾ ਕਿਰਾਏ 'ਤੇ ਦਿੱਤਾ ਸੀ।

ਸੀਤੋ ਨਾਲ ਮਾਈ ਦੀ ਵਾਹਵਾ ਬਣਨ ਲੱਗੀ। ਸੀਤੋ ਚਾਹ ਬਣਾਉਂਦੀ ਤਾਂ ਉਹਨਾਂ ਲਈ ਵੀ ਬਣਾ ਦਿੰਦੀ। ਕਦੇ ਰੋਟੀਆਂ ਵੀ ਲਾਹ ਦਿੰਦੀ। ਹੋਰ ਕੋਈ ਨਿੱਕਾ ਮੋਟੇ ਕੰਮ ਕਰ ਦਿੰਦੀ। ਉਹਨਾਂ ਨੂੰ ਸੀਤੋ ਦਾ ਵਾਹਵਾ ਆਸਰਾ ਸੀ। ਸੀਤੋ ਨੂੰ ਉਹ ਆਪਣੇ ਸੱਸ ਅਤੇ ਸਹੁਰੇ ਹੀ ਲਗਦੇ। ਸੀਤੋ ਨੂੰ ਘਰ ਦੇ ਮੈਂਬਰ ਵਾਂਗ ਹੀ ਸਾਰਾ ਘਰ ਵਰਤਣ ਦੀ ਇਜ਼ਾਜ਼ਤ ਸੀ। ਕੁਝ ਦੇਰ ਬਾਅਦ ਉਹਨਾਂ ਵਿਚ ਐਨਾ ਕੁ ਪਿਆਰ ਹੋ ਗਿਆ ਕਿ ਉਹ ਰਾਸ਼ਨ ਸਾਂਝਾ ਲੈ ਆਉਂਦੇ ਅਤੇ ਰੋਟੀ ਟੁੱਕ ਦਾ ਸਾਰਾ ਕੰਮ ਸੀਤੋ ਕਰ ਲੈਂਦੀ। ਉਹ ਤਕਰੀਬਨ ਇਕ ਪਰਿਵਾਰ ਵਾਂਗ ਹੀ ਰਹਿੰਦੇ।

ਅੰਟੀ ਦੇ ਕਹਿਣ 'ਤੇ ਸੀਤੋ ਵੀ ਕੰਮ 'ਤੇ ਲੱਗ ਗਈ। ਬੇਬੀ ਨੂੰ ਅੰਟੀ ਸਾਂਭ ਲੈਂਦੀ। ਉਸ ਦਾ ਮਨ ਲੱਗਾ ਰਹਿੰਦਾ। ਸੀਤੋ ਘਰ ਦਾ ਕੰਮ ਹੋਰ ਵੀ ਚਾਅ ਨਾਲ ਕਰਦੀ। ਮੀਕਾ ਖੁਸ਼ ਸੀ ਕਿ ਚਾਰ ਪੈਸੇ ਬੱਚਣ ਲੱਗੇ ਸਨ। ਉਹ ਜਲਦੀ ਹੀ ਕੋਈ ਘਰ ਖਰੀਦਣਾ ਚਾਹੁੰਦਾ ਸੀ। ਲੰਡਨ ਵਿਚ ਘਰਾਂ ਦੀਆਂ ਕੀਮਤਾਂ ਕਾਫੀ ਤੇਜ਼ੀ ਨਾਲ ਵਧਦੀਆਂ ਹੋਣ ਕਰਕੇ ਘਰ ਖਰੀਦਣਾ ਸਭ ਤੋਂ ਵੱਡੀ ਗੱਲ ਮੰਨੀ ਜਾਂਦੀ। ਸੀਤੋ ਦੇ ਕੰਮ ਕਰਨ ਨਾਲ ਉਸ ਨੇ ਵੀ ਹੋਰ ਮਿਹਨਤ ਕਰਕੇ ਪੈਸੇ ਜੋੜਨੇ ਸ਼ੁਰੂ ਕਰ ਦਿੱਤੇ ਸਨ।

ਉਸ ਦੀ ਇਹ ਤਮੰਨਾ ਵੀ ਜਲਦੀ ਹੀ ਪੂਰੀ ਹੋ ਗਈ। ਉਸ ਨੂੰ ਤਿੰਨ ਬੈਡ ਰੂਮ ਦਾ ਘਰ ਬਹੁਤ ਠੀਕ ਕੀਮਤ 'ਤੇ ਮਿਲ ਗਿਆ। ਉਸ ਨੇ ਕੁਝ ਪੈਸੇ ਬਿੱਲੂ ਤੋਂ ਹੱਥ ਉਧਾਰ ਫੜੇ ਸਨ ਅਤੇ ਜਿੰਨਾ ਕੁ ਬੈਂਕ ਤੋਂ ਕਰਜ਼ਾ ਮਿਲ ਸਕਦਾ ਸੀ ਉਹ ਲੈ ਲਿਆ। ਉਹ ਜਾਣਦਾ ਸੀ ਕੁਝ ਦੇਰ ਔਖੇ ਹੋਣ ਤੋਂ ਬਿਨਾਂ ਕੋਈ ਹੋਰ ਸੌਖਾ ਰਾਹ ਨਹੀਂ। ਘਰ ਲੈਣ ਨਾਲ ਫਰਨੀਚਰ ਅਤੇ ਬਾਕੀ ਦਾ ਸਾਜੋ ਸਮਾਨ ਵੀ ਲੈਣਾ ਪੈਣਾ ਸੀ। ਉਸ ਨੇ ਅਜੇ ਪੁਰਾਣਾ ਸਮਾਨ ਲੈਣ ਦਾ ਮਨ ਬਣਾਇਆ। ਨਵੇਂ ਜੋਗੇ ਉਸ ਕੋਲ ਅਜੇ ਪੈਸੇ ਵੀ ਨਹੀਂ ਸਨ। ਸਮੇਂ ਨਾਲ ਸਾਰਾ ਕੁਝ ਹੀ ਸੈਟ ਹੋ ਰਿਹਾ ਸੀ।

ਅੰਕਲ ਅਤੇ ਅੰਟੀ ਉਹਨਾਂ ਨੂੰ ਬਹੁਤ ਯਾਦ ਕਰਦੇ। ਉਹ ਚਾਹੁੰਦੇ ਸਨ ਕਿ ਆਪਣਾ ਘਰ ਕਿਰਾਏ 'ਤੇ ਦੇ ਕੇ ਮੀਕਾ ਅਤੇ ਸੀਤੋ ਉਹਨਾਂ ਨਾਲ ਪਹਿਲਾਂ ਵਾਂਗ ਹੀ ਰਹਿਣ ਲੱਗ ਪੈਣ। ਮੀਕੇ ਦੇ ਸ਼ਾਤਰ ਦਿਮਾਗ ਨੇ ਉਹਨਾਂ ਦੀ ਇਹ ਰਾਇ ਝੱਟ ਮੰਨ ਲਈ। ਬਿੱਲੂ ਦੇ ਪੈਸੇ ਵਾਪਿਸ ਕਰਨ ਲਈ ਸੀਤੋ ਦਾ ਕੰਮ ਕਰਨਾ ਜ਼ਰੂਰੀ ਸੀ। ਬੇਬੀ ਹੁਣ ਸਕੂਲ ਜਾਣ ਲੱਗ ਪਈ ਸੀ। ਉਸ ਨੂੰ ਲਿਆਉਣ ਲਈ ਉਹ ਅੰਕਲ ਦੀ ਮਦਦ ਲੈ ਸਕਦੇ ਸਨ। ਇਸ ਤਰ੍ਹਾਂ ਉਸ ਦੇ ਮਨ ਨੂੰ ਗਲ ਜਚ ਗਈ। ਉਸ ਨੇ ਆਪਣਾ ਘਰ ਕਿਰਾਏ 'ਤੇ ਦੇ ਦਿੱਤਾ ਅਤੇ ਆਪ ਫਿਰ ਅੰਟੀ ਅੰਕਲ ਨਾਲ ਰਹਿਣ ਲੱਗ ਪਏ। ਘਰ ਦੀ ਕਿਸ਼ਤ ਕਿਰਾਏ ਨਾਲ ਨਿਕਲ ਜਾਂਦੀ। ਉਹਨਾਂ ਦੇ ਪੈਸਿਆਂ ਦੀ ਬੱਚਤ ਹੋ ਜਾਂਦੀ।

## ਤੀਸਰਾ

ਬੇਬੀ ਸਕੂਲ ਜਾਣ ਲੱਗ ਪਈ ਸੀ। ਇਹਨੀ ਦਿਨੀ ਸੀਤੋ ਪਰੈਗਨੈਂਟ ਹੋ ਗਈ। ਉਸ ਦੀ ਪ੍ਰਬਲ ਇੱਛਾ ਮੁੰਡਾ ਪੈਦਾ ਕਰਨ ਦੀ ਸੀ। ਇੰਗਲੈਂਡ ਵਿਚ ਉਸ ਨੇ ਦੇਖਿਆ ਗੋਰੇ ਗੋਰੀਆਂ ਨੂੰ ਮੁੰਡੇ ਕੁੜੀ ਵਿਚ ਬਹੁਤਾ ਫ਼ਰਕ ਨਹੀਂ। ਬੱਚੇ ਤਾਂ ਬੱਚੇ ਹੀ ਹੁੰਦੇ ਹਨ। ਆਪਦਾ ਖ਼ੂਨ ਪਿਆਰਾ ਹੁੰਦਾ ਹੈ। ਪਰ ਸੀਤੋ ਦੇ ਦਿਮਾਗ ਵਿਚ ਬਚਪਨ ਤੋਂ ਹੀ ਮੁੰਡੇ ਦੀ ਮਹੱਤਤਾ ਕੁੱਟ ਕੁੱਟ ਕੇ ਭਰੀ ਪਈ ਸੀ। ਉਸ ਨੂੰ ਪਤਾ

ਸੀ ਇੰਗਲੈਂਡ ਵਿਚ ਨਾ ਤਾਂ ਉਹਨਾਂ ਨੇ ਖੇਤੀ ਕਰਨੀ ਸੀ ਅਤੇ ਨਾ ਹੀ ਇਥੇ ਮੁੰਡੇ ਕੁੜੀਆਂ ਦੇ ਕੰਮਾਂ ਵਿਚ ਕੋਈ ਫਰਕ ਸੀ। ਜਿਥੇ ਉਹ ਕੰਮ ਕਰਦੀ ਸੀ ਉਥੇ ਬੰਦੇ ਵੀ ਉਹੀ ਕੰਮ ਕਰਦੇ ਸਨ। ਉਸ ਦੇ ਦਿਲ ਦੇ ਕਿਸੇ ਕੋਨੇ ਵਿਚ ਘਰ ਕਰੀ ਬੈਠੀ ਮੁੰਡੇ ਦੀ ਇੱਛਾ ਉਸ ਨੂੰ ਵਾਰ ਵਾਰ ਹਲੂਣਦੀ।

ਕੰਮ 'ਤੇ ਕਿਸੇ ਦੇਸੀ ਲੇਡੀ ਨੇ ਸੀਤੋ ਦੇ ਕੰਨੀ ਗੱਲ ਪਾ ਦਿੱਤੀ ਕਿ ਅੱਜ ਕੱਲ੍ਹ ਤਾਂ ਬੱਚੇ ਦੇ ਲਿੰਗ ਨੂੰ ਡਾਕਟਰ ਟੈਸਟ ਕਰਨਾ ਸੰਭਵ ਸੀ। ਜੇ ਕੁੜੀ ਹੋਵੇ ਤਾਂ ਉਹ ਗਰਭ ਪਾਤ ਕਰਵਾ ਕੇ ਅਣਚਾਹੀ ਕੁੜੀ ਤੋਂ ਮੁਕਤੀ ਪਾ ਸਕਦੀ ਸੀ। ਸੀਤੋ ਨੂੰ ਸੁਣ ਕੇ ਹੌਸਲਾ ਹੋ ਗਿਆ। ਕੁੜੀਆਂ ਦਾ ਢੇਰ ਜੰਮਣ ਦੇ ਉਹ ਬਿਲਕੁਲ ਹੱਕ ਵਿਚ ਨਹੀਂ ਸੀ। ਘਰ ਆ ਕੇ ਉਸ ਨੇ ਮੀਕੇ ਨਾਲ ਗੱਲ ਕੀਤੀ।

"ਮਖਿਆ--ਮੈਨੂੰ ਪਤਾ ਲੱਗਿਆ ਬਈ ਮੁੰਡੇ ਕੁੜੀ ਬਾਰੇ ਡਾਕਟਰ ਟੈਸਟ ਕਰ ਦਿੰਦੇ ਆ---!"

"ਫੇਰ-----।" ਮੀਕੇ ਨੇ ਉਸ ਵੱਲ ਘੋਖਵੀਆਂ ਅੱਖਾਂ ਨਾਲ ਵੇਖਿਆ। ਸ਼ਾਇਦ ਉਸ ਨੂੰ ਪਤਾ ਵੀ ਨਹੀਂ ਸੀ ਕਿ ਕੋਈ ਅਜਿਹਾ ਟੈਸਟ ਈਜ਼ਾਦ ਹੋ ਚੁੱਕਿਆ ਸੀ।

"ਫੇਰ----ਫੇਰ ਕੀ --ਅਜੇ ਮੈਨੂੰ ਡੇਢ ਮਹੀਨਾ ਹੋਇਆ। ਆਪਾਂ ਵੀ ਟੈਸਟ ਕਰਾ ਲੀਏ--!" ਸੀਤੋ ਨੇ ਨਕਲੀ ਗੁੱਸਾ ਦਿਖਇਆ ਅਤੇ ਨਾਲ ਹੀ ਇਕ ਅਜਿਹੀ ਮੁਸਕਰਾਹਟ ਦਿੱਤੀ ਜਿਹੜੀ ਕਹਿ ਰਹੀ ਸੀ ਕਿ ਮੈਨੂੰ ਹੀ ਸਾਰਾ ਫ਼ਿਕਰ ਐ, ਤੈਨੂੰ ਤਾਂ ਪਤਾ ਈ ਨੀ ਕਿ ਕਹਿੜੇ ਵੇਲੇ ਡੱਡਾਂ ਪਾਣੀ ਪੀਂਦੀਆਂ।

"ਪਰ ਆਪਾਂ ਨੂੰ ਟੈਸਟ ਦੀ ਲੋੜ ਕੀ ਆਂ! ਹੋਰ ਅੱਠਾਂ ਮਹੀਨਿਆਂ ਨੂੰ ਪਤਾ ਲੱਗ ਜੂ ਬਈ ਕੀ ਆ।" ਮੀਕੇ ਨੇ ਬੇਪ੍ਰਵਾਹੀ ਨਾਲ ਕਿਹਾ। "ਬੱਸ ਇੱਕ ਮੁੰਡਾ ਹੋ ਜੇ। ਐਂਵੇ ਨਿਆਣਿਆਂ ਦੀ ਲੈਨ ਲਾਉਣ ਦੀ ਕੀ ਲੋੜ ਐ!" ਸੀਤੋ ਨੇ ਆਪਣੇ ਮਨ ਦੀ ਗੱਲ ਕਰ ਦਿੱਤੀ।

"ਜੇ ਮੁੰਡਾ ਨਾ ਵੀ ਹੋਇਆ ਤਾਂ ਕੁੜੀ ਤਾਂ ਵੱਟ 'ਤੇ ਪਈ ਆ। ਬਹੁਤੇ ਫ਼ਿਕਰ ਦੀ ਲੋੜ ਨੀ।"

"ਥੋਡੀਆਂ ਗੱਲਾਂ ਵੀ ਬੱਸ---। ਮੁੰਡਾ ਹੋ ਜੇ ਤਾਂ ਆਪਣੀ ਜੜ ਲੱਗ ਜੂ--।" ਉਸ ਨੇ ਮੀਕੇ ਵੱਲ ਵੇਖਿਆ ਜਿਵੇਂ ਉਹ ਸੀਤੋ ਨੂੰ ਮਖੌਲ ਕਰ ਰਿਹਾ ਹੋਵੇ।

"ਜੜ ਲੱਗਣ ਨੂੰ ਦੱਸ ਆਪਾਂ ਕਿਹੜੀ ਸਲਤਨਤ ਦੇ ਮਾਲਕ ਆਂ। ਨਾਲੇ ਜੜ ਤਾਂ ਕੁੜੀਆਂ ਨਾਲ ਵੀ ਲੱਗਦੀ ਐ।" ਮੀਕੇ ਨੂੰ ਗੋਰੀਆਂ ਦੀ ਸੰਗਤ ਦਾ ਐਨਾ ਕੁ ਫ਼ਾਇਦਾ ਜ਼ਰੂਰ ਹੋਇਆ ਕਿ ਉਹ ਪੱਛਮੀ ਸਭਿਆਚਾਰ ਵਿਚ ਰੰਗਿਆ ਗਿਆ। ਉਸ ਨੂੰ ਕੁੜੀ ਮੁੰਡੇ ਦਾ ਕੋਈ ਫ਼ਰਕ ਨਹੀਂ ਸੀ। ਉਸ ਨੇ ਭਾਂਵੇਂ ਸੀਤੋ ਨਾਲ ਗੱਲ ਨਹੀਂ ਕੀਤੀ ਪਰ ਉਸ ਦਾ ਮਨ ਸੀ ਕਿ ਬੱਸ ਦੋ ਹੀ ਬੱਚੇ ਪੈਦਾ ਕਰਨੇ ਹਨ। ਵੱਡੇ ਪ੍ਰੀਵਾਰ ਨੂੰ ਅੱਜ ਕੱਲ੍ਹ ਦੇ ਮਹਿੰਗਾਈ ਦੇ ਜ਼ਮਾਨੇ ਵਿਚ ਸਾਂਭਣਾ ਔਖਾ ਸੀ।

"ਤੁਸੀਂ ਵੀ ਬੱਸ---।ਮੇਰੇ ਨਾਲ ਡਾਕਟਰ ਦੇ ਚੱਲੋ ਕੱਲ੍ਹ ਨੂੰ--।" ਸੀਤੋ ਨੇ ਫੁੰਕਾਰਾ ਮਾਰਿਆ।

"ਹੂੰ----ਮੁੰਡਿਆਂ ਨਾਲੋਂ ਕੁੜੀਆਂ ਤਾਂ ਲੱਖ ਦਰਜੇ ਚੰਗੀਆਂ। ਮੁੰਡੇ ਤਾਂ ਸਿਰਾਂ 'ਚ ਗਲੀਆਂ ਕਰਦੇ ਆ।

"ਕੋਈ ਨੀ ਗਲੀਆਂ ਮੈਂ ਆਪੇ ਕਰਾ ਲੂੰ। ਥੋਨੂੰ ਫਿਕਰ ਕਰਨ ਦੀ ਲੋੜ ਨੀ।" ਸੀਤੋ ਥੋੜੇ ਗੁੱਸੇ ਵਿਚ ਬੋਲੀ।

"ਕੁੜੀਆਂ ਤੇਰਾ ਦੱਸ ਕੀ ਲੈਂਦੀਆਂ--!" ਮੀਕੇ ਨੇ ਹਾਰੇ ਹੋਏ ਲਹਿਜੇ ਵਿਚ ਗੱਲ ਕੀਤੀ।

"ਕੁੜੀਆਂ ਬਾਹਰ ਅੰਦਰ ਜਾਂਦੀਆਂ ਤਾਂ ਫਿਕਰ ਵੱਢ ਵੱਢ ਖਾਈ ਜਾਂਦਾ ਬਈ ਕਿਤੇ ਮੂੰਹ ਈ ਨਾ ਕਾਲਾ ਕਰਾ ਆਵੇ। ਐਥੇ ਤਾਂ ਊਈ ਪਤਾ ਨੀ ਲਗਦਾ। ਕੁੜੀ ਦਾ ਵਿਆਹ ਕਰੋ, ਜੇ ਅਗਲੇ ਦਾ ਘਰ ਨਾ ਭਰੋ ਤਾਂ ਕੁੜੀ ਨੂੰ ਘਰੋਂ ਕੱਢਣ ਤੱਕ ਜਾਂਦੇ ਆ।" ਸੀਤੋ ਹੁਣ ਪੂਰੇ ਜੋਸ਼ ਨਾਲ ਬੋਲ ਰਹੀ ਸੀ। ਟੈਲੀਫੋਨ ਦੀ ਘੰਟੀ ਨਾਲ ਮੀਕੇ ਦਾ ਖਹਿੜਾ ਛੁੱਟ ਗਿਆ।

ਉਹ ਡਾਕਟਰ ਦੇ ਗਏ। ਗੱਲ ਸੀਤੋ ਨੇ ਹੀ ਸ਼ੁਰੂ ਕੀਤੀ। ਮੀਕੇ ਨੇ ਨਾ ਗੱਲ ਕਰਨੀ ਸੀ ਅਤੇ ਨਾ ਹੀ ਕੀਤੀ। ਸੀਤੋ ਨੂੰ ਇਸ ਦਾ ਪਤਾ ਸੀ। "ਡਾਕਟਰ ਸਾਹਿਬ ਮੈ ਡੇਢ ਮਹੀਨੇ ਦੀ ਪਰੈਗਨੈਂਟ ਆਂ।" ਸੀਤੋ ਨੂੰ ਅੱਗੇ ਗੱਲ ਕਰਨ ਤੋਂ ਜਕ ਜਿਹੀ ਮਹਿਸੂਸ ਹੋਈ। ਉਸ ਨੇ ਮੀਕੇ ਵੱਲ ਵੇਖਿਆ ਜੋ ਨੀਵੀਂ ਪਾਈ ਬੈਠਾ ਸੀ। ਸੀਤੋ ਨੂੰ ਗੁੱਸਾ ਆਇਆ। ਉਹ ਡਾਕਟਰ ਦੀ ਮੌਜੂਦਗੀ ਵਿਚ ਕੁਝ ਕਹਿ ਨਹੀਂ ਸਕਦੀ ਸੀ। ਡਾਕਟਰ ਸੀਤੋ ਦੇ ਨੋਟਸ ਦੇਖਣ ਲੱਗਾ।

"ਜੀ ਅਸੀਂ ਚਾਹੁੰਦੇ ਸੀ ਬਈ ਚੈਕ ਕਰਾ ਲੀਏ ਬਈ ਮੁੰਡਾ ਆ ਜਾਂ ਕੁੜੀ!" ਡਾਕਟਰ ਨੇ ਐਨਕਾਂ ਵਿਚੋਂ ਦੀ ਸੀਤੋ ਵੱਲ ਵੇਖਿਆ। ਨੋਟਸ ਉਸ ਨੇ ਟੇਬਲ 'ਤੇ ਰੱਖ ਦਿੱਤੇ।

"ਪਹਿਲਾਂ ਥੋਡੇ ਕਿੰਨੇ ਬੱਚੇ ਐ।

"ਜੀ ਇਕ ਕੁੜੀ।" ਉਹ ਠੀਕ ਠਾਕ ਐ। ਕੋਈ ਉਸ ਨੂੰ ਤਕਲੀਫ ਤਾਂ ਨੀ!

"ਜੀ ਨਈਂ--"

"ਬੀਬੀ ਇਹ ਟੈਸਟ ਸਿਰਫ਼ ਉਹਨਾਂ ਲੋਕਾਂ ਵਾਸਤੇ ਆ ਜਿਹਨਾਂ ਦੇ ਕਿਸੇ ਬੱਚੇ ਨੂੰ ਜਮਾਂਦਰੂ ਕੋਈ ਖਤਰਨਾਕ ਬਿਮਾਰੀ ਹੋਵੇ ਜਾਂ ਅਪਾਹਜ ਪੈਦਾ ਹੋਇਆ ਹੋਵੇ। ਟੈਸਟ ਕਰ ਕੇ ਪਤਾ ਲਾਇਆ ਜਾ ਸਕਦਾ ਕਿ ਅਗਲਾ ਬੱਚਾ ਸਿਹਤਮੰਦ ਹੈ ਜਾਂ ਨਹੀਂ। ਜੇ ਸਿਹਤਮੰਦ ਨਾ ਹੋਵੇ ਤਾਂ ਅਬਾਰਸ਼ਣ ਕਰਾਈ ਜਾ ਸਕਦੀ ਐ। ਤੁਹਾਡਾ ਟੈਸਟ ਨਹੀ ਹੋ ਸਕਦਾ।" ਡਾਕਟਰ ਨੇ ਨੋਟਸ ਸਮੇਟਣੇ ਸ਼ੁਰੂ ਕਰ ਦਿੱਤੇ।

ਸੀਤੋ ਨੂੰ ਇੰਡੀਅਨ ਡਾਕਟਰ ਵਿਹੁ ਵਰਗਾ ਲੱਗਾ। ਉਸ ਦੇ ਖਿਆਲ ਵਿਚ ਇੰਡੀਅਨ ਹੋਣ ਦੇ ਨਾਤੇ ਡਾਕਟਰ ਨੂੰ ਉਸ ਦੀ ਸਹਾਇਤਾ ਕਰਨੀ ਚਾਹੀਦੀ ਸੀ। ਉਹ ਗੁੱਸੇ ਨਾਲ ਕਾਰ ਵਿਚ ਆ ਬੈਠੀ। ਮੀਕੇ ਨੂੰ ਪਤਾ ਸੀ ਡਾਕਟਰ ਦੇ ਜਵਾਬ ਦੇਣ ਦਾ ਸਾਰਾ ਜ਼ਹਿਰ ਉਸ 'ਤੇ ਹੀ ਨਿਕਲਣਾ ਸੀ।

"ਤੁਸੀਂ ਵੀ ਉਥੇ ਡੁੰਨ ਵੱਟਾ ਬਣ ਕੇ ਬੈਠ ਗੇ। ਬੰਦਾ ਮਾੜੀ ਮੋਟੀ ਗੱਲ ਤਾਂ ਕਰਦਾ!" ਮੀਕੇ ਨੂੰ ਹੁਣ ਤੱਕ ਕਾਫੀ ਤਜ਼ਰਬਾ ਹੋ ਚੁਕਿਆ ਸੀ। ਇਹੋ ਜਿਹੇ ਵੇਲੇ ਚੁੱਪ ਰਹਿਣਾ ਉਸ ਨੂੰ ਫ਼ਾਇਦੇ ਵਿਚ ਰਹਿੰਦਾ। ਮੀਕੇ ਦੀ ਚੁੱਪ ਦਾ ਅਸਰ ਇਹ ਹੋਇਆ ਕਿ ਸੀਤੋ ਨੇ ਮੀਕੇ ਨੂੰ ਛੱਡ ਕੇ ਡਾਕਟਰ 'ਤੇ ਤਵਾ ਧਰ ਲਿਆ।

"ਐਹੋ ਜੇ ਡਾਕਟਰ ਨੂੰ ਅੱਗ ਲਾਹੁਣੀ ਆ ਜਿਹੜਾ ਮਾੜੀ ਮੋਟੀ ਵੀ ਹੈਲਪ ਨੀ ਕਰ ਸਕਦਾ। ਮੈਂ ਤਾਂ ਕੱਲ੍ਹ ਨੂੰ ਈ ਡਾਕਟਰ ਬਦਲ ਲੈਣਾ।" ਮੀਕਾ ਚੁੱਪ ਚਾਪ ਸੁਣਦਾ ਰਿਹਾ। ਸੀਤੋ ਦਾ ਗੁੱਸਾ ਮਾੜਾ ਮੋਟਾ ਢੈਲਾ ਹੋਇਆ। ਮੀਕੇ ਨੂੰ ਪਤਾ ਸੀ ਕਿ ਅੱਜ ਕੱਲ੍ਹ ਤਾਂ ਡਾਕਟਰ ਨਵੇਂ ਮਰੀਜ਼ਾਂ ਨੂੰ ਛੇਤੀ ਰਜਿਸਟਰ ਈ ਨਹੀਂ ਕਰਦੇ। ਪਤਾ ਨੀ ਲੋਕ ਜ਼ਿਆਦਾ ਹੋ ਗਏ ਜਾਂ ਡਾਕਟਰ ਘੱਟ ਗਏ। ਸੀਤੋ ਨੇ ਭੱਜ ਨੱਠ ਕੀਤੀ। ਉਸ ਨੂੰ ਕਿਸੇ ਨਵੇਂ ਡਾਕਟਰ ਨੇ ਨਾ ਝੱਲਿਆ ਅਤੇ ਉਸ ਨੂੰ ਉਸੇ 'ਅੱਗ ਲਗੜੇ' ਡਾਕਟਰ ਕੋਲ ਰਹਿਣਾ ਪਿਆ। ਉਸ ਤੋਂ ਬਾਅਦ ਸੀਤੋ ਦੀ ਉਸ ਡਾਕਟਰ ਨਾਲ ਕਦੇ ਬਣੀ ਨਹੀਂ। ਜਦ ਵੀ ਉਸ ਨੂੰ ਜਾਣਾ ਪੈਂਦਾ ਉਹ ਲੜਦਿਆਂ ਵਾਂਗ ਜਾਂਦੀ ਅਤੇ

ਅਣਸਰਦੇ ਨੂੰ ਡਾਕਟਰ ਨਾਲ ਗੱਲ ਕਰਦੀ।

ਸੀਤੋ ਦੇ ਕੁੜੀ ਹੋਈ ਤਾਂ ਉਸ ਨੇ ਰੋ ਰੋ ਕੇ ਆਪਦਾ ਬੁਰਾ ਹਾਲ ਕਰ ਲਿਆ । ਮੀਕੇ ਨੇ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ। ਸੀਤੋ ਨੇ ਨਾ ਉਸ ਦੀ ਕਦੇ ਸੁਣੀ ਅਤੇ ਨਾ ਹੀ ਹੁਣ ਸੁਣਨੀ ਸੀ। ਰੋਂਦਿਆਂ ਧੋਂਦਿਆਂ ਉਸ ਨੇ ਕੁੜੀ ਨੂੰ ਸਾਂਭਣਾ ਸ਼ੁਰੂ ਕਰ ਦਿੱਤਾ। ਆਪਣੇ ਬੱਚੇ ਦਾ ਪਿਆਰ ਹੋਣਾ ਕੁਦਰਤੀ ਗੱਲ ਸੀ। ਉਹ ਕੁੜੀ ਨੂੰ ਸਾਂਭਦੀ ਅਤੇ ਨਾਲ ਹੀ ਰੱਬ ਨਾਲ ਨਰਾਜ਼ਗੀ ਵੀ ਪ੍ਰਗਟ ਕਰਦੀ ਰਹਿੰਦੀ।

"ਭਲਾ ਤੇਰੇ ਘਰ ਕਿਸ ਚੀਜ ਦੀ ਟੋਟ ਆ। ਮੈਂ ਤਾਂ ਬੱਸ ਇਕ ਲਾਲ ਮੰਗਿਆ ਸੀ । ਆਹ ਪੱਥਰ ਦੀ ਥਾਂ ਲਾਲ ਦੀ ਦੇਣ ਦਿੰਦਾ ਤਾਂ ਤੇਰੇ ਘਰ ਕੀ ਕਾਲ ਪੈ ਚੱਲਿਆ ਸੀ---!"

ਮੀਕੇ ਨੂੰ ਲਗਦਾ ਜਿਵੇਂ ਸੀਤੋ ਅੱਧੀ ਪਾਗਲ ਹੋ ਗਈ ਹੋਵੇ। ਬੇਬੀ ਨਾਲ ਸੀਤੋ ਦਾ ਵਰਤਾਅ ਪਹਿਲਾਂ ਵਰਗਾ ਹੀ ਪਿਆਰ ਅਤੇ ਨਰਮੀ ਵਾਲਾ ਸੀ। ਛੋਟੀ ਦਾ ਨਾਮ ਉਹਨਾਂ ਨੇ ਦੀਪੀ ਰੱਖਿਆ। ਇਹ ਵੀ ਮੀਕੇ ਨੇ ਹੀ ਰੱਖਿਆ ਸੀ। ਸੀਤੋ ਨੇ ਖਾਸ ਦਿਲਚਸਪੀ ਨਹੀਂ ਦਿਖਾਈ ਸੀ। ਜਿਵੇਂ ਜਿਵੇਂ ਦੀਪੀ ਵੱਡੀ ਹੁੰਦੀ ਗਈ ਉਸ ਨਾਲ ਸੀਤੋ ਦਾ ਪਿਆਰ ਵੀ ਵਧਦਾ ਗਿਆ। ਇਕ ਅਣਜਾਣੀ ਜਿਹੀ ਸ਼ਕਾਇਤ ਉਸ ਨੂੰ ਕੁੜੀ ਨਾਲ ਰਹਿਣ ਲੱਗੀ ਜਿਵੇਂ ਮੁੰਡਾ ਨਾ ਹੋਣ ਵਿਚ ਕੁੜੀ ਦਾ ਹੱਥ ਹੋਵੇ। ਇਕ ਦਿਨ ਅਚਾਨਕ ਸੀਤੋ ਵਿਚ ਤਬਦੀਲੀ ਨੇ ਮੀਕੇ ਨੂੰ ਹੈਰਾਨ ਕਰ ਦਿੱਤਾ।

## ਚੌਥਾ

ਮੀਕੇ ਨੇ ਹੋਰ ਬੱਚੇ ਨਾ ਪੈਦਾ ਕਰਨ ਸਬੰਧੀ ਜਦ ਸੀਤੋ ਨਾਲ ਗੱਲ ਕੀਤੀ ਤਾਂ ਸੀਤੋ ਨੇ ਨੱਕ ਸਕੋੜਿਆ। ਬੇਪ੍ਰਵਾਹੀ ਨਾਲ ਦੂਜੇ ਪਾਸੇ ਵੇਖਦਿਆਂ ਉਹ ਮੀਕੇ ਤੋਂ ਅੱਖ ਚਰਾਉਣ ਲੱਗੀ। ਮਨ ਹੀ ਮਨ ਮੀਕੇ ਨੂੰ ਕੁਝ ਕਹਿ ਕੇ ਚੁੱਪ ਕਰਾਉਣ ਬਾਰੇ ਸੋਚਣ ਲੱਗੀ।

"ਸੀਤੋ ਦੋ ਬੱਚੇ ਬਹੁਤ ਆ ਅੱਜ ਕੱਲ੍ਹ ਦੇ ਜਮਾਨੇ 'ਚ। ਹੋਰ ਬੱਚੇ ਪਾਲਣ ਜੋਗੀ ਆਪਣੇ ਕੋਲ ਆਮਦਨ ਵੀ ਨੀ। ਬੱਸ ਇਹਨਾਂ ਨੂੰ ਈ ਚੰਗਾ ਪੜ੍ਹਾ ਲਿਖਾ-------।" ਮੀਕਾ ਆਪਣੀਆਂ ਦਲੀਲਾਂ ਦਿੰਦਾ ਰਿਹਾ। ਸੀਤੋ ਦੀ ਚੁੱਪ ਮੀਕੇ ਨੂੰ ਖਿਝਾਉਣ ਲੱਗੀ।

"ਤੂੰ ਮੇਰੀ ਗੱਲ ਦਾ ਕੋਈ ਜਵਾਬ ਨੀ ਦਿੰਦੀ---!" ਮੀਕੇ ਦੀ ਅਵਾਜ਼ ਵਿਚ ਮਾੜੀ ਜਿਹੀ ਖਿਝ ਸੀ।

"ਮੈਂ ਕੀ ਜਵਾਬ ਦੇਣਾ। ਜਿਵੇਂ ਥੋਡੀ ਮਰਜ਼ੀ।" ਸੀਤੋ ਉੱਠ ਕੇ ਕਿਚਨ ਵਿਚ ਚਲੀ ਗਈ।

ਮੀਕੇ ਨੇ ਉਸ ਲਈ ਗਰਭ ਰੋਕੂ ਗੋਲੀਆਂ ਲੈ ਆਂਦੀਆਂ। ਸੀਤੋ ਨੇ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ। ਅਜੇ ਉਸ ਨੂੰ ਵੀ ਹੋਰ ਬੱਚਾ ਲੈਣ ਦੀ ਕੋਈ ਕਾਹਲ ਨਹੀਂ ਸੀ। ਇਸ ਵਾਰ ਉਸ ਨੇ ਜ਼ਰੂਰ ਮੁੰਡਾ ਲੈਣਾ ਸੀ ਅਤੇ ਉਹ ਹਰ ਤਰਲਾ ਕਰਨ ਲਈ ਤਿਆਰ ਸੀ। ਸਭ ਕੁਝ ਸੋਚ ਵਿਚਾਰ ਕੇ ਕਰਨ ਲਈ ਉਸ ਨੂੰ ਕਾਹਲ ਨਹੀਂ ਸਗੋਂ ਹੋਰ ਵਕਤ ਚਾਹੀਦਾ ਸੀ।

ਮਹੀਨੇ ਕੁ ਬਾਅਦ ਉਸ ਦੀ ਮਾਂ ਦੀ ਚਿੱਠੀ ਆਈ। ਸੀਤੋ ਨੇ ਚਿੱਠੀ ਨੂੰ ਮੀਕੇ ਦੀ ਗੈਰਹਾਜ਼ਰੀ ਵਿਚ ਦੋ ਵਾਰ ਪੜ੍ਹਿਆ। ਉਸ ਦੀ ਮਾਂ ਨੇ ਕਿਸੇ ਸਾਧ ਤੋਂ ਦੁਆਈ ਲਿਆਂਦੀ ਸੀ। ਉਸ ਬਾਰੇ ਸਾਧ ਨੇ ਕਿਹਾ ਸੀ ਪਰੈਗਨੈਂਸੀ ਦੇ ਤੀਜੇ ਮਹੀਨੇ ਦੇ ਤੀਜੇ ਹਫਤੇ ਵਿਚ ਦਵਾਈ ਖਾਣੀ ਸੀ। ਖਾਣ ਦਾ ਢੰਗ ਵੀ ਉਸ ਨੇ ਦੱਸਿਆ ਕਿ ਸਵੇਰੇ ਚਾਰ ਵਜੇ ਉੱਠ ਕੇ, ਇਸ਼ਨਾਨ ਕਰ ਕੇ, ਨਿਰਨੇ ਕਾਲਜੇ, ਕੋਈ ਵੀ ਕੱਪੜਾ ਅੰਗ ਲਾਹੁਣ ਤੋਂ ਬਿਨਾਂ ਆਪਣੇ ਘਰ ਵਾਲੇ ਦੇ ਹੱਥੋਂ ਇਕ ਪੁੜੀ ਪਾਣੀ ਨਾਲ ਖਾਣੀ ਹੋਵੇਗੀ। ਸੱਤ ਦਿਨ ਦਵਾਈ ਖਾਣ ਤੋਂ

ਬਾਅਦ ਸ਼ਰਤੀਆ ਮੁੰਡਾ ਜੰਮੇਗਾ। ਇਹ ਦਵਾਈ ਉਸ ਦੀ ਮਾਂ ਨੇ ਕਿਸੇ ਦੇ ਹੱਥ ਅਗਲੇ ਮਹੀਨੇ ਭੇਜਣ ਦਾ ਵਾਇਦਾ ਕੀਤਾ। ਚਿੱਠੀ ਪੜ੍ਹ ਕੇ ਸੀਤੋ ਨੂੰ ਮਹਿਸੂਸ ਹੋਇਆ ਜਿਵੇਂ ਮੁੰਡਾ ਉਸ ਨੇ ਆਪਣੀਆਂ ਬਾਂਹਾਂ ਵਿਚ ਚੁੱਕਿਆ ਹੋਵੇ। ਉਹ ਖੁਸ਼ ਸੀ। ਮਨ ਦੀ ਖੁਸ਼ੀ ਨੇ ਉਸ ਦਾ ਵਰਤਾਅ ਬੱਚਿਆਂ ਨਾਲ,ਮੀਕੇ ਨਾਲ ਅਤੇ ਹੋਰ ਸਭ ਨਾਲ ਵੀ ਖੁਸ਼ੀ ਭਰਿਆ ਕਰ ਦਿੱਤਾ ਸੀ। ਇਸ ਅਚਾਨਕ ਤਬਦੀਲੀ ਦੀ ਮੀਕੇ ਨੂੰ ਕੋਈ ਸਮਝ ਨਾ ਆਈ।

ਸੀਤੋ ਨੇ ਗਰਭ ਰੋਕੂ ਗੋਲੀਆਂ ਖਾਣ ਦੀ ਥਾਂ ਕੂੜੇ ਵਾਲੇ ਡੱਬੇ ਵਿਚ ਸੁਟਣੀਆਂ ਸ਼ੁਰੂ ਕਰ ਦਿੱਤੀਆਂ। ਮੀਕੇ ਨੂੰ ਯਕੀਨ ਸੀ ਕਿ ਸੀਤੋ ਗੋਲੀਆਂ ਦੀ ਵਰਤੋਂ ਕਰ ਰਹੀ ਸੀ। ਉਹ ਅਵੇਸਲਾ ਹੋ ਗਿਆ। ਮਹੀਨੇ ਦੇ ਮਹੀਨੇ ਉਹ ਗੋਲੀਆਂ ਉਸ ਦੇ ਹੱਥ ਲਿਆ ਫੜਾਉਂਦਾ। ਸੀਤੋ ਸ਼ਰਾਰਤੀ ਜਿਹੀ ਮੁਸਕਰਾਹਟ ਨਾਲ ਗੋਲੀਆਂ ਫੜ ਲੈਂਦੀ। ਕਦੇ ਕਦੇ ਬੱਚਿਆਂ ਤੋਂ ਅੱਖ ਬਚਾ ਕੇ ਮੀਕੇ ਨੂੰ ਚੁੰਮਣ ਵੀ ਦੇ ਦਿੰਦੀ।

ਦੋ ਕੁ ਮਹੀਨੇ ਬਾਅਦ ਸੀਤੋ ਪਰੇਗਨੈਂਟ ਹੋ ਗਈ। ਉਸ ਨੇ ਮੀਕੇ ਨੂੰ ਕੁਝ ਨਾ ਦੱਸਿਆ। ਦੂਸਰੇ ਮਹੀਨੇ ਕੈਮਿਸਟ ਤੋਂ ਟੈਸਟ ਕਰਵਾ ਕੇ ਉਸ ਨੇ ਪੱਕੀ ਤਸੱਲੀ ਕਰ ਲਈ। ਘਰ ਆ ਕੇ ਉਸ ਨੇ ਦਵਾਈ ਨੂੰ ਫਿਰ ਵੇਖਿਆ ਅਤੇ ਤਸੱਲੀ ਕਰ ਕੇ ਸਾਂਭ ਕੇ ਰੱਖ ਦਿੱਤਾ। ਮੀਕੇ ਨੂੰ ਖ਼ਬਰ ਦੇਣ ਲਈ ਉਹ ਸਹੀ ਵਕਤ ਦੀ ਉਡੀਕ ਕਰਨ ਲੱਗੀ। ਜਦੋਂ ਮੀਕਾ ਚੰਗੇ ਮੂਡ ਵਿਚ ਹੋਵੇ ਉਦੋਂ ਹੀ ਉਹ ਆਪਣੀ ਚਾਲ ਚੱਲੇ। ਇਹ ਵਕਤ ਉਸ ਨੂੰ ਰਾਤ ਨੂੰ ਠੀਕ ਲੱਗਿਆ ਜਦੋਂ ਬੱਚੇ ਸੁੱਤੇ ਹੋਣਗੇ। ਮੀਕੇ ਦੇ ਦੋ ਪੈਗ ਲੱਗੇ ਹੋਣਗੇ। ਸ਼ਾਮ ਤੋਂ ਹੀ ਉਹ ਮੀਕੇ ਨੂੰ ਛੇੜ ਛਾੜ ਅਤੇ ਮਿੱਠੀਆਂ ਅਦਾਵਾਂ ਨਾਲ ਤਿਆਰ ਕਰਨ ਲੱਗੀ।

ਰਾਤ ਨੂੰ ਉਹ ਮੀਕੇ ਨੂੰ ਪੂਰੀ ਤਰ੍ਹਾਂ ਖੁਸ਼ ਕਰਕੇ ਆਪਣੀ ਗੱਲ ਕਹਿਣ ਲਈ ਭੂਮਕਾ ਬੰਨਣ ਲੱਗੀ—

"ਥੋਨੂੰ ਮੈਂ ਇਕ ਖਬਰ ਦੇਣੀ ਆ--।"

"ਉਹਨੇ ਮੀਕੇ ਦੇ ਬੁੱਲ੍ਹ ਚੁੰਮ ਲਏ।" ਖਬਰ ਦੱਸ ਫੇਰ—

"ਮੀਕੇ ਨੇ ਉਸ ਨੂੰ ਆਪਣੀ ਵੱਖੀ ਨਾਲ ਘੁੱਟ ਲਿਆ।"

"ਮੈਨੂੰ ਲਗਦਾ ਬਈ ਮੈਂ ਪਰੈਗਨੈਂਟ ਆਂ।" ਮੀਕੇ ਦੇ ਕੰਨ ਦੀ ਪੇਪੜੀ 'ਤੇ ਦੰਦੀ ਵੱਢਦਿਆਂ ਉਸ ਨੇ ਕਿਹਾ। ਮੀਕੇ ਨੂੰ ਜਿਵੇਂ ਕਰੰਟ ਲੱਗਾ ਹੋਵੇ। ਉਹ ਝਟਕੇ ਨਾਲ ਉੱਠ ਕੇ ਬੈਡ ਵਿਚ ਬੈਠ ਗਿਆ। ਸੀਤੋ ਨੇ ਆਪਣਾ ਸਿਰ ਉਸ ਦੀ ਝੋਲੀ ਵਿਚ ਰੱਖ ਦਿੱਤਾ। ਉਹ ਮੀਕੇ ਨੂੰ ਹਰ ਪਾਸਿਉਂ ਘੇਰਣ ਲਈ ਤਿਆਰ ਸੀ।

"ਪਰ ਤੂੰ ਗੋਲੀਆਂ ਖਾਂਦੀ ਸੀ--!" ਮੀਕੇ ਨੇ ਹੈਰਾਨੀ ਨਾਲ ਪੁੱਛਿਆ।

"ਆਹੋ ---ਸ਼ੈਦ ਮੈਂ ਕਦੇ ਭੁੱਲ ਗੀ ਹੋਊਂ।" ਸੀਤੋ ਨੇ ਮੀਕੇ ਦੇ ਗਲ ਵਿਚ ਬਾਂਹਾਂ ਪਾ ਕੇ ਉਸ ਦੇ ਮੂੰਹ ਨੂੰ ਆਪਣੇ ਮੂੰਹ ਦੇ ਨੇੜੇ ਖਿੱਚਿਆ ਅਤੇ ਮੀਕੇ ਨੂੰ ਚੁੰਮ ਲਿਆ। ਮੀਕੇ ਨੂੰ ਅਹਿਸਾਸ ਹੋ ਗਿਆ ਕਿ ਹੁਣ ਗੱਲ ਹੱਥੋਂ ਨਿਕਲ ਗਈ ਸੀ। ਸੀਤੋ ਨੇ ਜਾਣ ਬੁੱਝ ਕੇ ਇਹ ਚੱਕਰ ਚਲਾਇਆ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਲੜਨ ਝਗੜਨ ਜਾਂ ਗੁੱਸੇ ਹੋਣ ਦਾ ਕੋਈ ਫਾਇਦਾ ਨਹੀਂ। ਸੀਤੋ ਨੇ ਜੋ ਚਾਹਿਆ ਉਹ ਮੀਕੇ ਤੋਂ ਹਮੇਸ਼ਾਂ ਹੀ ਪਾਇਆ। ਮੀਕੇ ਨੇ ਸਦਾ ਵਾਂਗ ਅੱਜ ਵੀ ਹਥਿਆਰ ਸੁੱਟ ਦਿੱਤੇ।

ਸੀਤੋ ਨੂੰ ਉਮੀਦ ਨਹੀਂ ਸੀ ਮੀਕਾ ਬਿਨਾਂ ਕਿਸੇ ਵਿਰੋਧ ਅਤੇ ਗੁੱਸੇ ਗਿਲੇ ਦੇ ਚੁੱਪ ਹੋ ਜਾਵੇਗਾ। ਮੀਕੇ ਦੇ ਏਨੀ ਜਲਦੀ ਮੰਨ ਜਾਣ ਨਾਲ ਸੀਤੋ ਦੇ ਮਨ ਤੋਂ ਬੋਝ ਲਹਿ ਗਿਆ। ਇਕ ਹੋਰ ਬੋਝ ਉਸ ਦੇ ਮਨ 'ਤੇ ਅਜੇ ਵੀ ਸੀ। ਉਹ ਸੀ ਮੀਕੇ ਤੋਂ ਦੁਆਈ ਖਾਣ ਦਾ। ਉਸ

ਨੂੰ ਮੀਕੇ ਦੇ ਵਿਚਾਰਾਂ ਬਾਰੇ ਪਤਾ ਸੀ। ਮੀਕੇ ਦੇ ਵਿਰੋਧ ਕਰਨ ਦਾ ਸੀਤੋ ਨੂੰ ਪਤਾ ਸੀ। ਉਹ ਇਹ ਵੀ ਜਾਣਦੀ ਸੀ ਕਿ ਇਹ ਵਿਰੋਧ ਬਹੁਤਾ ਚਿਰ ਨਹੀਂ ਚੱਲਣਾ। ਮੀਕੇ ਨੇ ਨਾ ਚਾਹੁੰਦਿਆਂ ਵੀ ਅਖ਼ੀਰ ਮੰਨ ਜਾਣਾ ਸੀ।

"ਮੇਰੀ ਬੇਜੀ ਨੇ ਦੁਆਈ ਭੇਜੀ ਐ-----ਇੰਡੀਆ ਤੋਂ।" ਸੀਤੋ ਨੇ ਤੀਜੇ ਮਹੀਨੇ ਦੇ ਤੀਜੇ ਹਫ਼ਤੇ ਮੀਕੇ ਨੂੰ ਦੱਸਿਆ।

"ਕਾਹਦੀ ਦੁਆਈ--! ਤੈਨੂੰ ਕੀ ਹੋਇਆ!" ਮੀਕੇ ਨੇ ਸਵਾਲੀਆ ਨਜ਼ਰਾਂ ਨਾਲ ਸੀਤੋ ਵੱਲ ਵੇਖਿਆ।

"ਮੈਨੂੰ ਤਾਂ ਕੁਸ ਨੀ ਹੋਇਆ---।" ਸੀਤੋ ਮੁਸਕਰਾਉਂਦੀ ਮੀਕੇ ਦੇ ਨਾਲ ਲੱਗ ਕੇ ਬੈਠ ਗਈ।

"ਫੇਰ---!"ਮੀਕੇ ਨੂੰ ਕੋਈ ਸਮਝ ਨਹੀਂ ਲੱਗ ਰਹੀ ਸੀ।

"ਮੈਨੂੰ ਪਤਾ ਤੁਸੀਂ ਤਾਂ ਮੇਰੀ ਗੱਲ ਨੀ ਮੰਨਣੀ---। ਬੇਜੀ ਨੇ ਕਿਹਾ ਬਈ ਇਹ ਦੁਆਈ ਸ਼ਰਤੀਆ ਅਸਰ ਕਰਦੀ ਐ।" ਸੀਤੋ ਨੇ ਅੱਖਾਂ ਮਟਕਾਈਆਂ।

"ਕੀ ਬਝਾਰਤਾਂ ਜੀਆਂ ਪਾਈ ਜਾਨੀ ਐਂ। ਗੱਲ ਸਾਫ਼ ਸਾਫ਼ ਕਰ।"

"ਉਥੇ ਜੀ ਕੋਈ ਸੰਤ ਆ। ਉਹਤੋਂ ਦੁਆਈ ਲਈ ਆ। ਇਕ ਹਫਤਾ ਦੁਆਈ ਖਾਣੀ ਐ। ਸ਼ਰਤੀਆ ਮੁੰਡਾ ਹੋਊ।" ਸੀਤੋ ਨੇ ਦਵਾਈ ਖਾਣ ਦਾ ਢੰਗ ਵਰਨਣ ਕੀਤਾ।

"ਪਾਗਲੇ ਜਹਾਨ ਦੀਏ---ਬੱਚੇ ਦੇ ਲਿੰਗ ਦਾ ਫੈਸਲਾ ਤਾਂ ਪਹਿਲੇ ਮਹੀਨੇ 'ਚ ਈ ਹੋ ਜਾਂਦਾ। ਤੀਜੇ ਮਹੀਨੇ 'ਚ ਤਾਂ ਬੱਚੇ ਦੇ ਅੰਗ ਵੀ ਬਣ ਜਾਂਦੇ ਐ। ਸਾਧ ਦੀ ਦੁਆਈ ਬਣੇ ਅੰਗਾਂ ਨੂੰ ਕਿਵੇਂ ਬਦਲ ਦੂ!"

"ਤੁਸੀਂ ਆਪਦੀ ਡਾਕਟਰੀ ਰੱਖੋ ਆਪਦੇ ਕੋਲ। ਬਥੇਰੇ ਲੋਕਾਂ ਨੇ ਸੰਤਾਂ ਤੋਂ ਦੁਆਈ ਲਈ ਆ ਤੇ ਸਾਰਿਆਂ ਦੇ ਮੁੰਡੇ ਜੰਮੇ ਐ। ਥੋਨੂੰ ਇਕ ਹਫਤਾ ਚਾਰ ਵਜੇ ਉਠਣਾ ਈ ਔਖਾ ਲਗਦਾ।" ਸੀਤੋ ਨੇ ਨਹੋਰੇ ਨਾਲ ਕਿਹਾ। ਮੀਕੇ ਨੇ ਬੇਵਿਸ਼ਵਾਸ਼ੀ ਨਾਲ ਸਿਰ ਮਾਰਿਆ। ਸੀਤੋ ਨੇ ਕੋਈ ਫੈਸਲਾ ਲੈ ਲਿਆ ਹੋਵੇ ਉਸ ਨੂੰ ਬਦਲ ਦੇਣ ਦੀ ਸਮਰੱਥਾ ਮੀਕੇ ਵਿਚ ਨਹੀਂ ਸੀ।

ਅਗਲਾ ਸਾਰਾ ਹਫ਼ਤਾ ਮੀਕਾ ਵੀ ਚਾਰ ਵਜੇ ਉਠਦਾ ਰਿਹਾ। ਸੀਤੋ ਨਹਾਉਂਦੀ। ਨੰਗੇ ਪਿੰਡੇ ਬਾਥ ਰੂਮ 'ਚੋਂ ਬਾਹਰ ਆਉਂਦੀ। ਮੀਕੇ ਦੇ ਸਾਹਮਣੇ ਚੜ੍ਹਦੀ ਵੱਲ ਨੂੰ ਮੂੰਹ ਕਰਕੇ ਗੋਡਿਆਂ ਭਾਰ ਬੈਠ ਜਾਂਦੀ। ਸਾਧ ਦੀ ਦਿੱਤੀ ਪੁੜੀ ਮੀਕਾ ਉਸ ਦੇ ਮੂੰਹ ਵਿਚ ਝਾੜ ਦਿੰਦਾ ਅਤੇ ਪਾਣੀ ਪਿਲਾਉਂਦਾ। ਸੀਤੋ ਤੇ ਮੀਕਾ ਫਿਰ ਬਿਸਤਰੇ ਵਿਚ ਵੜ ਜਾਂਦੇ।

ਮੀਕੇ ਨੂੰ ਸਾਧ ਦੀ ਦਵਾਈ ਨਾਲ ਕੋਈ ਫ਼ਾਇਦਾ ਹੋ ਸਕਣ ਦਾ ਭੋਰਾ ਯਕੀਨ ਨਹੀਂ ਸੀ। ਉਸ ਨੂੰ ਡਰ ਸੀ ਕਿਤੇ ਸੀਤੋ ਦਾ ਅੰਧ ਵਿਸ਼ਵਾਸ਼ ਇਸ ਦਵਾਈ ਨਾਲ ਹੋਣ ਵਾਲੇ ਬੱਚੇ ਜਾਂ ਸੀਤੋ ਦੀ ਸਿਹਤ ਨੂੰ ਕੋਈ ਨੁਕਸਾਨ ਨਾ ਕਰ ਦੇਵੇ। ਨਾ- ਚਾਹੁੰਦਿਆਂ ਸਾਧ ਅਤੇ ਸੀਤੋ ਨੂੰ ਮਨੋ ਮਨ ਗਾਹਲਾਂ ਕਢਦਾ ਉਹ ਸੀਤੋ ਦੀ ਗੱਲ ਮੰਨ ਜਾਂਦਾ। "ਦਵਾਈ 'ਚ ਪਤਾ ਨੀ ਸਾਲੇ ਸਾਧ ਨੇ ਕੀ ਪਾਇਆ ਹੋਊ! ਕਿਤੇ ਬੱਚੇ ਦੀ ਜਾਹ ਜਾਂਦੀ ਨਾ ਹੋ ਜੇ ਜਾਂ ਕੋਈ ਹੋਰ ਅਹੁਰ ਨਾ ਪੈ ਜੇ। ਸਾਰਾ ਦਿਨ ਉਸ ਦੇ ਮਨ ਵਿਚ ਇਹੋ ਜਿਹੇ ਵਿਚਾਰ ਆਉਂਦੇ ਰਹਿੰਦੇ। ਸੀਤੋ ਨੂੰ ਕੁਝ ਕਹਿਣ ਦਾ ਕੋਈ ਫ਼ਾਇਦਾ ਨਹੀਂ ਸੀ।

ਸੱਤਾਂ ਦਿਨਾਂ ਪਿਛੋਂ ਸੀਤੋ ਪੂਰੀ ਬਾਗੋ ਬਾਗ ਸੀ। ਉਸ ਨੂੰ ਮੁੰਡਾ ਹੋਣ ਦਾ ਪੱਕਾ ਯਕੀਨ ਹੋ ਗਿਆ ਸੀ। ਸੰਤ ਦੀ ਦਵਾਈ 'ਤੇ ਅੰਧ

ਵਿਸ਼ਵਾਸੀ ਸੀਤੋ ਨੂੰ ਰੱਬ ਵਰਗਾ ਯਕੀਨ ਸੀ। ਮੀਕਾ ਸੋਚਦਾ ਕਿ ਜੋ ਹੋਣਾ ਐ ਉਸ ਦਾ ਫੈਸਲਾ ਤਾਂ ਪਹਿਲਾਂ ਈ ਹੋਇਆ ਪਿਆ। ਜੇ ਮੁੰਡਾ ਹੋ ਗਿਆ ਤਾਂ ਸਾਧ ਦੀਆਂ ਪੌਂ ਬਾਰਾਂ। ਸਾਰੀ ਉਮਰ ਸੀਤੋ ਨੇ ਮੀਕੇ 'ਤੇ ਧੰਗੇੜ ਰੱਖਣੀ ਸੀ । ਜੇ ਕੁੜੀ ਹੋ ਗੀ ਤਾਂ ਸੀਤੋ ਦਾ ਦਿਲ ਟੁੱਟ ਜਾਣਾ ਤੇ ਇਸ ਦਾ ਬਾਕੀ ਦੇ ਬੱਚਿਆਂ ਅਤੇ ਸੀਤੋ 'ਤੇ ਕਿਹੋ ਜਿਹਾ ਮਾਰੂ ਅਸਰ ਹੋਵੇਗਾ, ਇਸ ਦਾ ਅੰਦਾਜ਼ਾ ਮੀਕਾ ਨਹੀਂ ਲਗਾ ਸਕਦਾ ਸੀ। ਜਿਥੇ ਸੀਤੋ ਪੂਰੀ ਖੁਸ਼ ਸੀ ਉਥੇ ਮੀਕੇ ਦਾ ਮਨ ਪ੍ਰੇਸ਼ਾਨੀਆਂ ਵਿਚ ਘਿਰਿਆ ਰਹਿੰਦਾ।

------ ਰਾਤ ਦਾ ਵੇਲਾ ਸੀ। ਸੀਤੋ ਨੂੰ ਸਾਰਾ ਦਿਨ ਹੀ ਮਹਿਸੂਸ ਹੁੰਦਾ ਰਿਹਾ ਕਿ ਅੱਜ ਬੱਚਾ ਪੈਦਾ ਹੋਵੇਗਾ। ਉਸ ਨੇ ਮੀਕੇ ਨੂੰ ਸ਼ਰਾਬ ਨਾ ਪੀਣ ਦੀ ਸਲਾਹ ਦਿੱਤੀ। ਸ਼ਾਇਦ ਰਾਤ ਨੂੰ ਹਸਪਤਾਲ ਜਾਣਾ ਪਵੇ। ਅੱਜ ਦੀ ਰਾਤ ਅੰਟੀ ਨੂੰ ਉਸ ਨੇ ਅਪਣੇ ਘਰ ਸੱਦ ਲਿਆ ਸੀ। ਅੰਟੀ ਪਾਠ ਪੂਜਾ ਕਰਦੀ ਰਹੀ। ਸੀਤੋ ਲਈ ਅਰਦਾਸ ਕਰਦੀ ਉਹ ਬੇਬੀ ਵਾਲੇ ਕਮਰੇ ਵਿਚ ਪੈ ਗਈ। ਬੇਬੀ ਤੇ ਦੀਪੀ ਦੋਵੇਂ ਇਕ ਬੈਡ 'ਤੇ ਪੈ ਗਈਆਂ।

ਸਵੇਰੇ ਤਿੰਨ ਕੁ ਵਜੇ ਸੀਤੋ ਨੇ ਮੀਕੇ ਨੂੰ ਜਗਾਇਆ। ਉਸ ਦੀਆਂ ਜੰਮਣ ਪੀੜ੍ਹਾਂ ਹੁਣ ਜਲਦੀ ਜਲਦੀ ਉੱਠਣੀਆਂ ਸ਼ੁਰੂ ਹੋ ਗਈਆਂ ਸਨ। ਸੀਤੋ ਨੇ ਹੁਣ ਹਸਪਤਾਲ ਜਾਣਾ ਠੀਕ ਸਮਝਿਆ। ਮੀਕੇ ਨੂੰ ਉਸ ਨੇ ਚਾਹ ਦਾ ਕੱਪ ਬਣਾ ਦਿੱਤਾ ਅਤੇ ਹਸਪਤਾਲ ਫ਼ੋਨ ਕਰਨ ਲਈ ਕਿਹਾ ਤਾਂ ਕਿ ਉਹ ਸੀਤੋ ਲਈ ਬੈਡ ਤਿਆਰ ਕਰ ਸਕਣ।

ਮੀਕਾ ਐਂਬੂਲੈਂਸ ਸੱਦਣ ਦੇ ਹੱਕ ਵਿਚ ਸੀ ਪਰ ਸੀਤੋ ਕਾਰ ਵਿਚ ਜਾਣ ਲਈ ਬਜ਼ਿਦ ਸੀ। ਮੀਕੇ ਨੇ ਸੀਤੋ ਦੀ ਮੰਨਦਿਆਂ ਕਾਰ ਵਿਚ ਕਪੜਿਆਂ ਵਾਲ ਬੈਗ ਰੱਖਿਆ ਅਤੇ ਅੰਟੀ ਨੂੰ ਦੱਸ ਕੇ ਹਸਪਤਾਲ ਚਲੇ ਗਏ। ਮੈਟਰਨਟੀ ਵਾਰਡ ਵਿਚ ਪਹੁੰਚ ਕੇ ਮੀਕੇ ਨੇ ਰਿਸੈਪਸ਼ਨਿਸਟ ਨੂੰ ਸੀਤੋ ਬਾਰੇ ਦੱਸਿਆ। ਉਸ ਨੇ ਸੀਤੋ ਨੂੰ ਡਲਿਵਰੀ ਰੂਮ ਵਿਚ ਛੱਡ ਦਿੱਤਾ। ਮੀਕਾ ਕਪੜਿਆਂ ਵਾਲਾ ਬੈਗ ਲੈ ਕੇ ਉਸ ਕਮਰੇ ਵਿਚ ਸੀਤੋ ਦੇ ਨਾਲ ਹੀ ਪਹੁੰਚ ਗਿਆ। ਜੇ ਮੀਕੇ ਦੇ ਵੱਸ ਹੁੰਦਾ ਤਾਂ ਉਹ ਬਾਹਰ ਬੈਠਣਾ ਪਸੰਦ ਕਰਦਾ। ਸੀਤੋ ਦੀ ਤਕਲੀਫ ਦੇਖਣਾ ਉਸ ਨੂੰ ਅਸਹਿ ਲਗਦਾ। ਸੀਤੋ ਉਸ ਨੂੰ ਕੋਲ ਰੱਖਣਾ ਚਾਹੁੰਦੀ ਸੀ ਅਤੇ ਮੀਕਾ ਬੱਧਾ ਰੁੱਧਾ ਉਸ ਕੋਲ ਬੈਠਾ ਸੀ। ਨਰਸ ਨੇ ਬਲੱਡ ਪ੍ਰੈਸ਼ਰ ਚੈਕ ਕੀਤਾ। ਬੱਚੇ ਦੀ ਪੁਜੀਸ਼ਨ ਚੈਕ ਕੀਤੀ। ਪੀੜ ਉੱਠਣ ਵਿਚਲਾ ਸਮਾਂ ਚੈਕ ਕਰਨ ਲਈ ਮਸ਼ੀਨ ਲਗਾ ਦਿੱਤੀ। ਪੀੜ ਦਾ ਗਰਾਫ ਚੈਕ ਕਰਕੇ ਨਰਸਾਂ ਨੇ ਦੱਸਿਆ ਕਿ ਅਜੇ ਦੋ ਘੰਟੇ ਲੱਗ ਸਕਦੇ ਸਨ। ਉਹ ਸੀਤੋ 'ਤੇ ਨਜ਼ਰ ਰੱਖਦੀਆਂ ਬਾਕੀ ਜਨਾਨੀਆਂ ਦੀ ਦੇਖ ਭਾਲ ਕਰਦੀਆਂ ਭੱਜ ਨੱਠ ਰਹੀਆਂ ਸਨ।

ਸੀਤੋ ਨੂੰ ਪੀੜਾਂ ਵਿਚੋਂ ਵੀ ਇਕ ਸੁਆਦ ਆ ਰਿਹਾ ਸੀ। ਜਾਣ ਕੱਢਣ ਵਾਲੀਆਂ ਪੀੜਾਂ ਉਸ ਦੇ ਪੇਟ ਨੂੰ ਚੀਰਦੀਆਂ। ਉਸ ਦੀਆਂ ਚੀਕਾਂ ਨਿਕਲਦੀਆਂ। ਪੁੱਤਰ ਦਾ ਮੂੰਹ ਦੇਖਣ ਲਈ ਪੁੱਤਰ ਬਾਰੇ ਸੋਚ ਕੇ ਉਸ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ। ਪੀੜ ਭੁੱਲ ਜਾਂਦੀ। ਹੁਣ ਤਾਂ ਬੱਸ ਕੁਝ ਸਮੇਂ ਦੀ ਗੱਲ ਸੀ। ਇਸ ਦੁਨੀਆਂ ਵਿਚ ਉਸ ਦੇ ਪੁੱਤਰ ਨੇ ਸਾਹ ਲੈਣਾ ਸੀ। ਇਸ ਦੁਨੀਆਂ ਵਿਚ ਉਸ ਦਾ ਵੀ ਸੀਰ ਪੈ ਜਾਣਾ ਸੀ। ਸਾਰੀ ਦੁਨੀਆਂ ਸੀਤੋ ਨੂੰ ਚੰਗੀ ਚੰਗੀ ਲੱਗਣੀ ਸੀ। ਥਾਂ ਥਾਂ ਤੋਂ ਉਸ ਨੂੰ ਵਧਾਈਆਂ ਮਿਲਣੀਆਂ ਸਨ। ਸੰਤਾਂ ਲਈ ਉਹ ਕੋਈ ਚੰਗਾ ਜਿਹਾ ਤੋਹਫਾ ਲੈ ਕੇ ਜਾਣ ਬਾਰੇ ਸੋਚਣ ਲੱਗੀ। ਅਜੇ ਉਸ ਨੇ ਮੀਕੇ ਨਾਲ ਇਹ ਗੱਲ ਸਾਂਝੀ ਨਹੀ ਕੀਤੀ ਸੀ।

ਨਰਸਾਂ ਨੇ ਉਸ ਨੂੰ ਡੂੰਘਾ ਸਾਹ ਲੈਣ ਲਈ ਕਿਹਾ। ਮੀਕੇ ਨੇ ਸੀਤੋ ਦੇ ਹੱਥ ਨੂੰ ਘੁੱਟਿਆ। ਸਾਧ ਦੀ ਦੁਆਈ ਦੇ ਨਾਲ ਸੰਭਵੀ ਕਿਸੇ ਅਦਿੱਖ ਖ਼ਤਰੇ ਨੇ ਉਸ ਦੇ ਮਨ ਵਿਚ ਫਿਰ ਸ਼ੰਕਾ ਦਾ ਕਿੱਲ ਠੋਕ ਦਿੱਤਾ। ਮੀਕਾ ਸੋਚ ਰਿਹਾ ਸੀ ਕਿ ਸ਼ਾਇਦ ਸਾਧ ਨੇ ਸੁਆਹ ਦੀ ਪੁੜੀ ਨਾਲ ਹੀ ਸਾਰ ਦਿੱਤਾ ਹੋਵੇ। ਦੁਆਈ ਨਾਲੋਂ ਸੁਆਹ ਚੰਗੀ ਐ ਜਿਸ ਵਿਚ ਕੋਈ ਖਤਰਨਾਕ ਰਸਾਇਣ ਤਾਂ ਨਹੀਂ। ਸੀਤੋ ਦੀ ਲੰਬੀ ਦਿਲ ਚੀਰਵੀਂ ਚੀਕ ਨੇ ਉਸ ਦਾ ਧਿਆਨ ਤੋੜ ਦਿਤਾ।

ਸਵੇਰੇ ਸਾਢੇ ਪੰਜ ਵਜੇ ਸੀਤੋ ਨੇ ਕੁੜੀ ਨੂੰ ਜਨਮ ਦਿੱਤਾ। ਨਰਸ ਨੇ ਸੁਹਣੀ ਸੁਨੱਖੀ ਕੁੜੀ ਹੋਣ ਲਈ ਵਧਾਈ ਦਿੱਤੀ। ਸੀਤੋ ਨੂੰ ਨਰਸ ਦੀ ਗੱਲ 'ਤੇ ਯਕੀਨ ਨਾ ਅਇਆ। ਉਸ ਦੀਆਂ ਅੱਖਾਂ ਚੌੜੀਆਂ ਖੁੱਲ੍ਹ ਗਈਆਂ। ਉਸ ਨੇ ਹੈਰਾਨੀ ਨਾਲ ਡੇਲੇ ਘੁਮਾ ਕੇ ਮੀਕੇ ਵੱਲ ਵੇਖਿਆ। ਮੀਕੇ ਨੇ ਉਦਾਸੀ ਜਿਹੀ ਨਾਲ ਸੀਤੋ ਨਾਲ ਅੱਖਾਂ ਮਿਲਾਈਆਂ ਜਿਵੇਂ ਇਹ ਸਾਰਾ ਉਸ ਦਾ ਕਸੂਰ ਹੋਵੇ।

"ਤੁਸੀਂ ਆਪ ਵੇਖੋ ਜ਼ਰੂਰ ਮੁੰਡਾ----।" ਸੀਤੋ ਦੀ ਅਵਾਜ਼ ਟੁੱਟ ਗਈ। ਨਰਸ ਜੋ ਹਰ ਰੋਜ਼ ਬੱਚੇ ਪੈਦਾ ਕਰਨ ਵਿਚ ਮਦਦ ਕਰਦੀ ਸੀ ਉਹ ਭਲਾ ਕਿਵੇਂ ਗਲਤ ਹੋ ਸਕਦੀ ਸੀ! ਮੀਕੇ ਨੇ ਕੁਝ ਨਾ ਕਿਹਾ। ਸਿਰਫ ਸੀਤੋ ਦਾ ਹੱਥ ਤਸੱਲੀ ਦੇਣ ਲਈ ਘੁੱਟਿਆ। ਨਰਸ ਨੇ ਨਾੜੂਏ 'ਤੇ ਕਲਿੱਪ ਲਾ ਦਿੱਤਾ। ਮੋਟੀ ਜਿਹੀ ਸਫ਼ਾਈ ਕੀਤੀ ਅਤੇ ਨਾਲ ਹੀ ਕਾਇਦੇ ਅਨੁਸਾਰ ਬੱਚੀ ਦੇ ਅੰਗ ਪੈਰ ਚੈਕ ਕੀਤੇ। ਸਭ ਕੁਝ ਦੀ ਤਸੱਲੀ ਕਰ ਕੇ ਉਸ ਨੇ ਬੇਬੀ ਨੂੰ ਸੀਤੋ ਦੀ ਛਾਤੀ ਤੇ ਪਾ ਦਿੱਤਾ ਤਾਂ ਕਿ ਉਹ ਬੱਚੀ ਨੂੰ ਦੇਖ ਸਕੇ। ਸੀਤੋ ਦੀਆਂ ਅੱਖਾਂ ਵਿਚੋਂ ਬੇਬਸੀ ਦੇ ਹੰਝੂ ਵਹਿਣ ਲੱਗੇ। ਧੁੰਧਲੀਆ ਅੱਖਾਂ ਨਾਲ ਉਸ ਨੇ ਬੱਚੀ ਦੀਆਂ ਲੱਤਾਂ ਵਿਚਾਲੇ ਹੱਥ ਫੇਰਿਆ ਅਤੇ ਉਸ ਦਾ ਹੱਥ ਬੇਜਾਨ ਬੈਡ 'ਤੇ ਡਿੱਗ ਪਿਆ। ਮੀਕੇ ਨੇ ਉਸ ਦਾ ਮੋਢਾ ਘੁੱਟ ਕੇ ਮੱਥੇ 'ਤੇ ਚੁੰਮਣ ਦੇ ਕੇ ਤਸੱਲੀ ਦੇਣ ਦੀ ਨਾਕਾਮ ਕੋਸ਼ਿਸ਼ ਕੀਤੀ। ਨਰਸ ਨੇ ਬੱਚੀ ਨੂੰ ਚੁੱਕ ਕੇ ਪਰੈਮ ਵਿਚ ਪਾ ਦਿੱਤਾ। ਕਾਲੀ ਨਰਸ ਰੋਂਦੀ ਸੀਤੋ ਵੱਲ ਹੈਰਾਨੀ ਨਾਲ ਵੇਖਦੀ ਆਪਣੇ ਕੰਮ ਲੱਗੀ ਰਹੀ।

## ਪੰਜਵਾਂ

ਅਗਲੇ ਦਿਨ ਸੀਤੋ ਨੂੰ ਛੁੱਟੀ ਮਿਲ ਗਈ। ਨਰਸਾਂ ਨੂੰ ਉਸ ਨੇ ਭਰੀਆਂ ਅੱਖਾਂ, ਰੋਂਦੇ ਚਿਹਰੇ ਅਤੇ ਚੁੱਪ ਬੁੱਲ੍ਹਾਂ 'ਤੇ ਜਬਰੀ ਮੁਸਕਰਾਹਟ ਨਾਲ ਵਿਦੈਗੀ ਦਿੱਤੀ। ਬੁਝੇ ਮਨ ਨਾਲ ਉਹ ਮੀਕੇ ਨਾਲ ਕਾਰ ਵਿਚ ਬੈਠ ਕੇ ਘਰ ਆ ਗਈ। ਰਾਹ ਵਿਚ ਉਸ ਦਾ ਵਾਰ ਵਾਰ ਮਨ ਭਰਦਾ। ਮੁੰਡਾ ਹੋਣ ਦੀ ਖੁਸ਼ੀ ਵਿਚ ਜਿਵੇਂ ਉਸ ਨੇ ਨਰਸਾਂ ਨੂੰ ਮਠਿਆਈਆਂ ਦੇਣੀਆਂ ਸਨ, ਕੈਸ਼ ਇਨਾਮ ਦੇਣ ਬਾਰੇ ਸੋਚਿਆ, ਘਰ ਵਿਚ ਉਸ ਦਿਨ ਪਾਰਟੀ ਦਾ ਪ੍ਰਬੰਧ ਕਰਨ ਬਾਰੇ ਵੀ ਸੋਚਿਆ ਸੀ। ਸਭ ਯਾਦ ਕਰਕੇ ਉਸ ਦਾ ਮਨ ਹੋਰ ਵੀ ਬੋਝਲ ਹੋ ਜਾਂਦਾ।

ਘਰ ਅੱਗੇ ਮੀਕੇ ਨੇ ਕਾਰ ਖੜ੍ਹੀ ਕੀਤੀ ਅਤੇ ਬੱਚੀ ਨੂੰ ਆਪਣੀ ਗੋਦ ਵਿਚ ਲੈ ਲਿਆ। ਸੀਤੋ ਬੋਝਲ ਕਦਮਾਂ ਨਾਲ ਘਰ ਅੰਦਰ ਦਾਖਲ ਹੋਈ। ਅੰਟੀ ਨੇ ਉਸ ਨੂੰ ਜੱਫੀ ਪਾਈ। ਸੀਤੋ ਦਾ ਫਿਰ ਰੋਣ ਨਿਕਲ ਗਿਆ। ਕੁਝ ਦੇਰ ਉਹ ਜੱਫੀ ਪਾਈ ਖੜ੍ਹੀਆਂ ਰਹੀਆਂ। ਜਿਵੇਂ ਸਿਰਫ਼ ਉਹ ਹੀ ਨਹੀਂ ਸਗੋਂ ਉਹਨਾਂ ਦੀਆਂ ਭਾਵਨਾਵਾਂ ਵੀ ਆਪਸ ਵਿਚ ਅਜੇ ਮਿਲ ਰਹੀਆਂ ਹੋਣ। ਅੰਟੀ ਰੋਂਦੀ ਸੀਤੋ ਦੀ ਪਿੱਠ 'ਤੇ ਹੱਥ ਫੇਰਦੀ ਉਸ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰਦੀ ਰਹੀ। ਕੁਝ ਦੇਰ ਪਿਛੋਂ ਜਿਵੇਂ ਉਹਨਾਂ ਦੇ ਅੰਦਰੋਂ ਹੀ ਕਿਸੇ ਸ਼ਕਤੀ ਨੇ ਦੱਸਿਆ ਹੋਵੇ ਕਿ ਉਹਨਾਂ ਦੀ ਮਿਲਣੀ ਖਤਮ ਹੋਣ ਦਾ ਸਮਾਂ ਆ ਗਿਆ ਸੀ, ਬਿਨਾਂ ਕੋਈ ਸ਼ਬਦ ਸਾਂਝਾ ਕੀਤਿਆਂ ਉਹ ਹੌਲੀ ਹੌਲੀ ਇਕ ਦੂਜੀ ਤੋਂ ਵੱਖ ਹੋ ਗਈਆਂ। ਬੱਚੀਆਂ ਨੇ ਸੀਤੋ ਦੀਆਂ ਲੱਤਾਂ ਨੂੰ ਜੱਫੀ ਪਾਈ ਹੋਈ ਸੀ। ਉਹ ਇਸ ਰੋਣ ਦਾ ਕਾਰਣ ਨਹੀਂ ਸਮਝ ਸਕੀਆਂ ਸਨ। ਉਹਨਾਂ ਨੂੰ ਮਾਂ ਪਹਿਲਾ ਨਾਲੋਂ ਕੁਝ ਪਤਲੀ ਹੋ ਗਈ ਲਗਦੀ ਸੀ। ਇਸ ਨਿੱਕੀ ਬੱਚੀ ਨੂੰ ਹਸਪਤਾਲ ਵਿਚ ਵੇਖ ਕੇ ਉਹ ਖੁਸ਼ ਹੋਈਆਂ ਸਨ। ਉਸ ਨੂੰ ਘਰ ਵੇਖ ਕੇ ਉਹਨਾਂ ਨੂੰ ਹੋਰ ਵੀ ਅਚੰਭਤ ਖੁਸ਼ੀ ਦਾ ਅਹਿਸਾਸ ਹੋਇਆ। ਉਹ ਨੱਚਣਾ ਚਾਹੁੰਦੀਆਂ ਸਨ, ਹੱਸਣਾ ਚਾਹੁੰਦੀਆਂ ਸਨ। ਮਾਂ ਦੋ ਦਿਨ ਬਾਅਦ ਘਰ ਆਈ ਸੀ ਅਤੇ ਉਹ ਵੀ ਨਿੱਕੀ ਬੱਚੀ ਨਾਲ। ਉਹਨਾਂ ਦੀ ਖੁਸ਼ੀ ਨੂੰ ਮਾਂ ਦੇ ਅੱਥਰੂਆਂ ਨੇ ਗ੍ਰਹਿਣ ਲਾ ਦਿੱਤਾ ਸੀ।

ਬੱਚੀਆਂ ਨੂੰ ਚੁੰਮ ਕੇ ਸੀਤੋ ਉੱਪਰ ਆਪਣੇ ਬੈਡ ਰੂਮ ਵਿਚ ਚਲੀ ਗਈ। ਮੀਕਾ ਬੱਚੀ ਨੂੰ ਲੈ ਕੇ ਉਪਰ ਪਹੁੰਚ ਗਿਆ। ਉਸ ਦੇ ਪਿੱਛੇ ਅੰਟੀ ਅਤੇ ਨਾਲ ਹੀ ਬੱਚੀਆਂ ਨੇ ਲਾਈਨ ਲਗਾ ਲਈ। ਉਹਨਾਂ ਦੇ ਬੈਡ ਰੂਮ ਵਿਚ ਸਾਰੇ ਖੜ੍ਹੇ ਹੋ ਗਏ। ਸੀਤੋ ਨੇ ਆਪਣੇ ਬੈਡ 'ਤੇ ਬੈਠਣ ਦੀ ਪਹਿਲ ਕੀਤੀ। ਮੀਕੇ ਨੇ ਬੱਚੀ ਨੂੰ ਬੈਡ 'ਤੇ ਪਾ ਦਿੱਤਾ ਅਤੇ ਆਪ ਕਾਰ ਵਿਚੋਂ ਸਮਾਨ ਲੈਣ ਚਲਾ ਗਿਆ। ਕੁੜੀਆਂ

ਅੱਧੀਆਂ ਕੁ ਡਰੀਆਂ ਕਦੇ ਬੱਚੀ ਵੱਲ ਅਤੇ ਕਦੇ ਮਾਂ ਦੀਆਂ ਰੋਂਦੀਆਂ ਅੱਖਾਂ ਵੱਲ ਵੇਖ ਲੈਂਦੀਆਂ।

ਅੰਟੀ ਵੀ ਬੈਡ 'ਤੇ ਬੈਠ ਗਈ। ਉਸ ਨੇ ਬੱਚੀ ਵੱਲ ਵੇਖਿਆ ਅਤੇ ਮਲਕੜੇ ਉਸ ਨੂੰ ਚੁੱਕ ਲਿਆ। "ਕੁੜੀ ਤੇਰੀ ਸੁਹਣੀ ਐ। ਕਰਮਾਂ ਵਾਲੀ ਹੋਵੇ। ਨਾਲੇ ਤੂੰ ਆਪਦਾ ਚਿੱਤ ਭੈੜਾ ਨਾ ਕਰ। ਅਜੇ ਕਿਹੜਾ ਤੁਸੀਂ ਬੁੜੇ ਹੋ ਗੇ!" ਅੰਟੀ ਨੇ ਕੁੜੀ ਨੂੰ ਫਿਰ ਬੈਡ 'ਤੇ ਪਾ ਦਿੱਤਾ। ਮੀਕਾ ਸਮਾਨ ਲੈ ਆਇਆ। ਅੰਟੀ ਨੇ ਫਿਰ ਕਹਿਣਾ ਸ਼ੁਰੂ ਕੀਤਾ

"ਇਹ ਆਪਦੇ ਕਰਮ ਲਿਖਾ ਕੇ ਆਈ ਐ। ਚਲੋ ਉਹ ਜਾਣੇ, ਵੀਰ ਦੀ ਬਾਂਹ ਫੜ ਕੇ ਆਵੇ ---। ਲੈ ਮੈਂ ਤੇਰੇ ਆਸਤੇ ਚਾਹ ਦੀ ਘੁੱਟ ਬਣਾ ਲਿਆਵਾਂ।"

ਨਈਂ ਅੰਟੀ ਤੁਸੀਂ ਬੈਠੋ। ਚਾਹ ਮੈਂ ਬਣਾ ਕੇ ਲਿਆਉਣਾ।" ਮੀਕਾ ਜਲਦੀ ਨਾਲ ਪੌੜੀਆਂ ਉੱਤਰ ਗਿਆ।

ਹੁਣ ਤੱਕ ਸੀਤੋ ਦਾ ਰੋਣ ਵਾਲਾ ਮੂਡ ਬਦਲ ਗਿਆ ਸੀ। ਉਹ ਵੱਡੀ ਕੁੜੀ ਬੇਬੀ ਵੱਲ ਵੇਖਣ ਲੱਗੀ। ਉਸ ਦੇ ਬੁੱਲ੍ਹਾਂ 'ਤੇ ਮਾੜੀ ਜਿਹੀ ਮੁਸਕਰਾਹਟ ਵੇਖ ਕੇ ਕੁੜੀ ਨੂੰ ਹੌਂਸਲਾ ਹੋ ਗਿਆ। ਉਹ ਮਾਂ ਦੇ ਕੋਲ ਹੀ ਬੈਡ 'ਤੇ ਬੈਠ ਗਈ। ਛੋਟੀ ਦੀਪੀ ਵੀ ਦੂਜੇ ਪਾਸੇ ਮਾਂ ਕੋਲ ਆ ਬੈਠੀ। ਸੀਤੋ ਨੇ ਦੋਵਾਂ ਦੇ ਸਿਰਾਂ 'ਤੇ ਹੱਥ ਫੇਰ ਕੇ ਪਿਆਰ ਦਿੱਤਾ।

"ਮੰਮ -ਮੈਂ ਬੇਬੀ ਨੂੰ ਚੱਕ ਸਕਦੀ ਆਂ--!" ਕੁੜੀ ਨੇ ਫਰਿਆਦ ਵਾਂਗ ਪੁੱਛਿਆ। ਸੀਤੋ ਨੇ ਉਸ ਵੱਲ ਵੇਖਿਆ ਜਿਵੇਂ ਫੈਸਲਾ ਕਰਨ ਬਾਰੇ ਅਜੇ ਤੋਲ ਰਹੀ ਹੋਵੇ।

"ਬੈਠ ਸਾਮ੍ਹਣੇ ਚੌਕੜੀ ਮਾਰ ਕੇ।" ਕੁੜੀ ਚੌਕੜੀ ਮਾਰ ਕੇ ਬੈਠ ਗਈ। ਉਸ ਦਾ ਫੁੱਲ ਵਰਗਾ ਚਿਹਰਾ ਹੋਰ ਵੀ ਖਿੜ ਗਿਆ। ਸੀਤੋ ਨੇ ਬੇਬੀ ਨੂੰ ਉਸ ਦੀ ਬੁੱਕਲ ਵਿਚ ਪਾ ਦਿੱਤਾ। ਕੁੜੀ ਬੇਬੀ ਨੂੰ ਚੁੱਕ ਕੇ ਆਪਣੇ ਆਪ ਨੂੰ ਉਮਰ ਤੋਂ ਵੱਡੀ ਅਤੇ ਜ਼ਿੰਮੇਵਾਰ ਸਮਝਣ ਲੱਗੀ। ਦੀਪੀ ਭਲਾ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਸੀ! ਉਹ ਤਾਂ ਪਹਿਲਾਂ ਹੀ ਛੋਟੀ ਸੀ। ਬੇਬੀ ਨੂੰ ਨਾ ਚੁੱਕ ਕੇ ਉਹ ਤਾਂ ਹੋਰ ਵੀ ਛੋਟੀ ਹੋ ਗਈ ਮਹਿਸੂਸ ਕਰਦੀ। ਉਸ ਨੂੰ ਵੱਡੀ ਦੇ ਬਰਾਬਰ ਹੋਣ ਦਾ ਚਾਅ ਸੀ। ਸੋ ਉਹ ਵੀ ਰੋਣ ਲੱਗੀ ਕਿ ਉਸ ਨੇ ਵੀ ਬੇਬੀ ਨੂੰ ਚੁੱਕਣਾ ਸੀ। ਬੱਚੀਆਂ ਦੀ ਇਸ ਲੜਾਈ ਦਾ ਅੰਤ ਕਰਨ ਲਈ ਆਖ਼ਰ ਸੀਤੋ ਨੇ ਬੇਬੀ ਦੋਵਾਂ ਨੂੰ ਵਾਰੋ ਵਾਰ ਥੋੜਾ-ਥੋੜਾ ਚਿਰ ਫੜਾਈ।

ਮੀਕਾ ਚਾਹ ਲੈ ਕੇ ਆ ਗਿਆ। ਚਾਹ ਨਾਲ ਬਿਸਕੁਟ ਉਸ ਨੇ ਪਲੇਟ ਵਿਚ ਪਾ ਕੇ ਟਰੇਅ ਵਿਚ ਰੱਖੇ ਹੋਏ ਸਨ। ਚਾਹ ਦਾ ਕੱਪ, ਪਹਿਲਾਂ ਉਸ ਨੇ ਅੰਟੀ ਨੂੰ ਫੜਾਇਆ ਅਤੇ ਫਿਰ ਸੀਤੋ ਨੂੰ। ਚਾਹ ਦੇ ਕੱਪ ਵਿਚੋਂ ਲੌਂਗ ਲੈਚੀਆਂ ਦੀ ਵਾਸ਼ਨਾ ਨੇ ਚਾਹ ਦੇ ਸਵਾਦ ਦਾ ਪਹਿਲਾਂ ਹੀ ਪਤਾ ਦੇ ਦਿੱਤਾ। ਅੰਟੀ ਨੇ ਚਾਹ ਦਾ ਘੁੱਟ ਭਰਿਆ।

"ਮੀਕਿਆ, ਚਾਹ ਤਾਂ ਬੜੀ ਸੁਆਦ ਐ। ਲਗਦਾ ਸੀਤੋ ਨੂੰ ਖੁਸ਼ ਕਰਨ ਦੀ ਪੂਰੀ ਵਾਹ ਲਾ ਰਿਹੈਂ—

"ਅੰਟੀ ਮੁਸਕਰਾਈ। ਸੀਤੋ ਨੇ ਚਾਹ ਦਾ ਘੁੱਟ ਭਰਿਆ ਅਤੇ ਮੀਕੇ ਵੱਲ ਵੇਖਿਆ। ਅੰਟੀ ਦੀ ਗੱਲ ਨਾਲ ਉਸ ਨੇ ਵੀ ਮਿੰਨ੍ਹਾ ਜਿਹਾ ਮੁਸਕਰਾਉਣ ਦਾ ਯਤਨ ਕੀਤਾ। ਮੂੰਹੋਂ ਕੁਝ ਵੀ ਬੋਲੇ ਬਿਨਾਂ ਮੀਕੇ ਵੱਲ ਵੇਖ ਕੇ ਹੀ ਉਸ ਨੇ ਚਾਹ ਸੁਆਦ ਹੋਣ ਦੀ ਹਾਮੀ ਭਰੀ।"

"ਅੰਟੀ ਬੰਦੇ ਸਾਰੇ ਈ ਜਨਾਨੀਆਂ ਤੋਂ ਡਰਦੇ ਐ ਤੇ ਉਹਨਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਆ।"

"ਮੈਂ ਨੀ ਮੰਨਦੀ ਇਹ ਗੱਲ। ਤੇਰੇ ਅੰਕਲ ਤੋਂ ਤਾਂ ਮੈਂ ਡਰਦੀ ਆਂ।"

"ਅੰਟੀ ਬੰਦੇ ਮਰ ਕੇ ਧਰਮ ਕੋਲ ਪਹੁੰਚੇ ਤਾਂ ਧਰਮ ਰਾਜ ਨੇ ਉਹਨਾਂ ਨੂੰ ਪੁੱਛਿਆ ਬਈ ਕਿਵੇਂ ਲੰਘੀ। ਇਕ ਕਹਿੰਦਾ ਜੀ ਬਾਕੀ ਤਾਂ ਸਭ ਠੀਕ ਠਾਕ ਸੀ ਪਰ ਜਨਾਨੀਆਂ ਸਾਰੇ ਬੰਦਿਆਂ ਨੂੰ ਡਰਾ ਕੇ ਰਖਦੀਆਂ। ਧਰਮ ਰਾਜ ਦੇ ਗੱਲ ਚਿੱਤ ਨਾ ਲੱਗੀ। ਉਸ ਨੇ ਹੋਰ ਕਈ ਬੰਦਿਆਂ ਤੋਂ ਪੁੱਛਿਆ ਤਾਂ ਸਾਰਿਆਂ ਨੇ ਇਹੋ ਜਵਾਬ ਦਿੱਤਾ। ਧਰਮ ਰਾਜ ਨੂੰ ਫੇਰ ਵੀ ਯਕੀਨ ਨਾ ਆਇਆ। ਇਕ ਦਿਨ ਉਸ ਨੇ ਦੋ ਕਤਾਰਾਂ ਬਣਾ ਦਿੱਤੀਆਂ ਅਤੇ ਹੁਕਮ ਦਿੱਤਾ ਕਿ ਜਿਹੜੇ ਜਨਾਨੀ ਤੋਂ ਡਰਦੇ ਰਹੇ ਆ ਉਹ ਕਤਾਰ ਨੰਬਰ ਇਕ ਵਿਚ ਖੜ੍ਹ ਜਾਣ ਅਤੇ ਜਿਹੜੇ ਨਈਂ ਡਰਦੇ ਰਹੇ ਉਹ ਕਤਾਰ ਨੰਬਰ ਦੋ 'ਚ ਖੜ੍ਹ ਜਾਣ। ਇਕ ਨੰਬਰ ਵਾਲੀ ਕਤਾਰ ਵਿਚ ਤਾਂ ਹਰੇਕ ਆ ਕੇ ਖੜ੍ਹ ਜੇ। ਦੋ ਨੰਬਰ 'ਚ ਇਕ ਬੰਦਾ ਈ ਖੜ੍ਹਾ ਹੋਇਆ। ਧਰਮ ਰਾਜ ਨੇ ਉਹ ਨੂੰ ਪੁੱਛਿਆ ਬਈ ਤੂੰ ਆਪਦੀ ਜਨਾਨੀ ਤੋਂ ਨੀ ਡਰਦਾ ਤਾਂ ਉਸ ਨੇ ਕਿਹਾ ਜੀ ਮੇਰੀ ਜਨਾਨੀ ਨੇ ਕਿਹਾ ਬਈ ਚੁੱਪ ਕਰਕੇ ਦੋ ਨੰਬਰ ਕਤਾਰ 'ਚ ਖੜ੍ਹ ਜਾ।"

ਅੰਟੀ ਦੇ ਨਾਲ ਸੀਤੋ ਵੀ ਹੱਸਣ ਲੱਗੀ। ਅੰਟੀ ਨੇ ਚਾਹ ਪੀ ਕੇ ਨਿੱਕੀਆਂ ਮੋਟੀਆਂ ਗੱਲਾਂ ਕੀਤੀਆਂ। ਹੁਣ ਤੱਕ ਸੀਤੋ ਦਾ ਮੂਡ ਪਹਿਲਾਂ ਨਾਲੋਂ ਕਾਫੀ ਠੀਕ ਹੋ ਗਿਆ ਸੀ। ਅੰਟੀ ਘਰ ਜਾਣਾ ਚਾਹੁੰਦੀ ਸੀ।

"ਭਾਈ ਥੋਡਾ ਅੰਕਲ ਤਾਂ 'ਡੀਕਦਾ ਹੋਊ। ਮੈਂ ਤਾਂ ਦੋ ਦਿਨ ਹੋਗੇ ਭੋਰਾ ਸੈਰ ਨੀ ਕੀਤੀ। ਮੈਂ ਹੌਲੀ ਹੌਲੀ ਚਲਦੀ ਆਂ ਘਰ ਨੂੰ। ਜਾਇ ਖਾਣੇ ਦੀਆਂ ਲੱਤਾ ਈ ਆਕੜੀਆਂ ਪਈਆਂ।" ਅੰਟੀ ਉੱਠ ਕੇ ਤਿਆਰ ਹੋਣ ਲੱਗੀ।

"ਅੰਟੀ ਮੈਂ ਥੋਨੂੰ ਛੱਡ ਆਉਣਾ। ਥੋਡੀ ਮਿਹਰਬਾਨੀ। ਆਜੋ ਗੱਡੀ 'ਚ ਦੋ ਮਿੰਟ ਲੱਗਣੇ ਆ।" ਅੰਟੀ ਨੇ ਬਹੁਤੀ ਨਾਂਹ ਨੁੱਕਰ ਕਰਨ ਤੋਂ ਬਿਨਾਂ ਮੀਕੇ ਦੀ ਗੱਡੀ ਵਿਚ ਬੈਠਣ ਦੀ ਕੀਤੀ।

ਮੀਕਾ ਅੰਟੀ ਨੂੰ ਛੱਡ ਕੇ ਮਿੰਟਾਂ ਵਿਚ ਵਾਪਿਸ ਆ ਗਿਆ। ਘਰ ਦੇ ਅੱਗੇ ਗੱਡੀ ਖੜ੍ਹੀ ਕਰਕੇ ਉਹ ਸੀਤੋ ਕੋਲ ਜਾ ਬੈਠਾ। "ਕੋਈ ਬਜ਼ਾਰੋਂ ਚੀਜ਼ ਵਸਤ ਤਾਂ ਨੀ ਲਿਆਉਣ ਵਾਲੀ!" ਮੀਕੇ ਨੇ ਖੋਜੀ ਤੱਕਣੀ ਨਾਲ ਸੀਤੋ ਤੋਂ ਪੁੱਛਿਆ।

"ਆਹੋ-ਨੈਪੀਆਂ, ਨੀਲੇ ਢੱਕਣ ਵਾਲੇ ਦੁੱਧ ਦੇ ਡੱਬੇ, ਦੁੱਧ ਪਿਆਉਣ ਵਾਲੀਆਂ ਦੋ ਬੋਤਲਾਂ ਅਤੇ ਹੋਰ ਨਿੱਕ ਸੁੱਕ ਲਿਖ ਲੋ। ਥੋਡਾ ਚੇਤਾ ਭੁੱਲ ਜੂ।" ਸੀਤੋ ਜਿਵੇਂ ਸਕੂਲ 'ਚ ਮਾਸਟਰ ਬੱਚਿਆਂ ਨੂੰ ਵਾਰਤਾ ਲਿਖਉਂਦੇ ਹਨ ਇਵੇਂ ਮੀਕੇ ਨੂੰ ਸਮਾਨ ਦੀ ਲਿਸਟ ਲਿਖਾਉਣ ਲੱਗੀ। ਮੀਕਾ ਨੀਵੀਂ ਪਾਈ ਲਿਖਦਾ ਰਿਹਾ।

"ਮੈਂ ਬੇਬੀ ਨੂੰ ਨਾਲ ਲੈ ਜਾਂ। ਦੀਪੀ ਘਰ ਰਹਿ ਪੂ।"

"ਬੇਬੀ ਨੂੰ ਛੱਡ ਜੋ । ਮੇਰੇ ਲਈ ਕੋਈ ਚੀਜ਼ ਵਸਤ ਤਾਂ ਲਿਆ ਦੂ ਜੇ ਲੋੜ ਪਈ। ਦੀਪੀ ਨੂੰ ਲੈ ਜੋ।" ਮੀਕਾ ਦੀਪੀ ਨੂੰ ਨਾਲ ਲੈ ਕੇ ਚਲਾ ਗਿਆ। ਬੇਬੀ ਵੀ ਨਾਲ ਜਾਣਾ ਚਾਹੁੰਦੀ ਸੀ ਪਰ ਮਾਂ ਦੀ ਘੁਰਕੀ ਤੋਂ ਡਰਦੀ ਚੁੱਪ ਰਹੀ। ਅੰਦਰੇ ਅੰਦਰ ਵੱਟ ਜਿਹਾ ਖਾ ਕੇ ਉਹ ਮਾਂ ਕੋਲ ਜਾ ਬੈਠੀ।

ਘੰਟੇ ਕੁ ਵਿਚ ਮੀਕਾ ਬਾਜ਼ਾਰ ਤੋਂ ਲੋੜੀਂਦੀਆਂ ਚੀਜ਼ਾਂ ਲੈ ਆਇਆ। ਬੇਬੀ ਨੂੰ ਖੁਸ਼ ਕਰਨ ਲਈ ਉਹ ਲੌਲੀ ਪਾਪ ਲੈ ਆਇਆ। ਬੇਬੀ ਨੂੰ ਲੌਲੀ ਪਾਪ ਦਿੰਦਿਆਂ ਉਸ ਨੇ ਉਸ ਦੀ ਗੱਲ੍ਹ 'ਤੇ ਪਿਆਰ ਦਿੱਤਾ। ਬੇਬੀ ਮਾੜੀ ਜਿਹੀ ਖੁਸ਼ ਹੋ ਗਈ ਸੀ।

"ਆਹ ਲੈ ਦੋ ਲਫਾਫੇ ਵੀ ਲੈ ਆਇਆਂ ਮੈਂ। ਇਕ ਚਿੱਠੀ ਸਹੁਰੀ ਤੇ ਇਕ ਪੇਕੀਂ ਲਿਖ ਦੇਈਂ। ਖਬਰ ਸਾਰ ਤਾਂ ਦੇਣੀ ਹੀ ਚਾਹੀਦੀ ਆ।" ਸੀਤੋ ਨੇ ਲਫਾਫਿਆਂ ਵੱਲ ਵੇਖ ਕੇ ਅੱਖਾਂ ਸਿੱਧੀਆਂ ਮੀਕੇ 'ਤੇ ਗੱਡ ਦਿੱਤੀਆਂ।

“ਐਡੀ ਕਿਹੜੀ ਖੁਸ਼ੀ ਆਲੀ ਗੱਲ ਐ ਬਈ ਚਿੱਠੀ ਲਿਖਣ ਦੀ ਕਾਹਲ ਆ।” ਇਕ ਵਾਰ ਫਿਰ ਉਸ ਦੇ ਮੂੰਹ ‘ਤੇ ਉਦਾਸੀ ਛਾ ਗਈ। ਮੀਕੇ ਨੇ ਆਪਣਾ ਹੱਥ ਉਸ ਦੇ ਮੋਢੇ ‘ਤੇ ਰੱਖਿਆ।

“ਚੱਲ ਛੱਡ ਹੁਣ। ਰੋਏ ਤੋਂ ਤਾਂ ਕੁਸ ਨੀ ਬਦਲਣ ਲੱਗਾ। ਤੂੰ ਖੁਸ਼ ਰਹਿ ਬੱਸ।” ਮੀਕੇ ਕੋਲੋਂ ਗੱਲਾਂ ਮੁੱਕ ਗਈਆਂ ਅਤੇ ਉਹ ਪਾਸਾ ਮਾਰ ਕੇ ਨਵ ਜੰਮੀ ਬੱਚੀ ਵੱਲ ਵੇਖਣ ਲੱਗਾ।

“ਮੇਰਾ ਤਾਂ ਜੀਅ ਕਰਦਾ ਪਹਿਲਾਂ ਉਸ ਸਾਧ ਨੂੰ ਚਿੱਠੀ ਲਿਖ ਕੇ ਦਾਖੂ ਦਾਣਾ ਦੇਵਾਂ। ਉਹਦੇ ਕਹੇ ਤੋਂ ਮੈਂ ਨੌਂ ਮਹੀਨੇ ਨਰਕ ਵੀ ਭੋਗਿਆ ‘ਤੇ-----।” ਗੁੱਸੇ ਨਾਲ ਭਰੀ ਪੀਤੀ ਉਹ ਚੁੱਪ ਹੋ ਗਈ।

“ਮੈਂ ਤਾਂ ਪਹਿਲਾਂ ਈ ਤੈਨੂੰ ਕਿਹਾ ਸੀ। ਤੂੰ ਤਾਂ ਮੰਨਦੀ ਨੀ ਕਿਸੇ ਦੀ। ਇਹ ਵੀ ਬੰਦੇ ਈ ਆ। ਕਿਹੜਾ ਕੋਈ ਰੱਬ ਆ। ਸਾਰੇ ਦੇ ਸਾਰੇ ਇੰਡੀਆ ‘ਚ ਜੰਮ ਪੇ। ਐਥੇ ਇੰਗਲੈਂਡ 'ਚ ਤਾ ਕੋਈ ਸਾਧ ਨੀ! ਸਾਇੰਸ ਤਰੱਕੀ ਕਰ ਕੇ ਚੰਦ ‘ਤੇ ਦੁਨੀਆਂ ਵਸਾਉਣ ਦੀਆਂ ਗੱਲਾਂ ਕਰ ਰਹੀ ਐ। ਇੰਡੀਆ ਦੀਆਂ ਪੜ੍ਹੀਆਂ ਲਿਖੀਆਂ ਜਨਾਨੀਆਂ ਅਜੇ ਵੀ ਚੰਦ ਨੂੰ ਪੂਜੀ ਜਾਂਦੀਆਂ। ਜਿਸ ਧਰਤੀ ‘ਤੇ ਰਹਿੰਦੀਆਂ ਉਸ ਤੋਂ ਵੱਧ ਪਵਿਤਰ ਕੀ ਹੋਊ ਭਲਾ। ਐਸ ਧਰਤੀ ਨੂੰ ਨਰਕ ਬਣਾਈ ਜਾਂਦੀਆਂ।”

“ਬੱਸ ਕਰੋ--। ਮਾੜਾ ਜਿਆ ਮੌਕਾ ਮਿਲੇ ਤਾਂ ਮੇਰੇ ‘ਤੇ ਲੈਕਚਰ ਝਾੜਨ ਲੱਗ ਜਾਂਦੇ ਐ।” ਸੀਤੋ ਨੇ ਗੁੱਸੇ ਨਾਲ ਨਾਸਾਂ ਚੌੜੀਆਂ ਕੀਤੀਆਂ। ਉਹ ਅਜੇ ਹੋਰ ਵੀ ਮੀਕੇ ਨੂੰ ਕੁਝ ਕਹਿਣਾ ਚਾਹੁੰਦੀ ਸੀ ਪਰ ਡੋਰ ਬੈਲ ਵੱਜੀ ਅਤੇ ਮੀਕਾ ਦਰਵਾਜ਼ਾ ਖੋਲ੍ਹਣ ਲਈ ਪੌੜੀਆਂ ਉੱਤਰ ਗਿਆ।

ਬਾਹਰ ਗਿਆਨੀ ਜੀ ਖੜ੍ਹੇ ਸਨ। ਅਸਲ ਵਿਚ ਗਿਆਨੀ ਕਹਿਣਾ ਤਾਂ ਠੀਕ ਨਹੀਂ ਕਿਉਂਕਿ ਉਹ ਬੰਦਾ ਕੁਝ ਸਮਾਂ ਪਹਿਲਾਂ ਵਕਾਲਤ ਕਰਦਾ ਸੀ। ਫਿਰ ਕਿਸੇ ਹੇਰਾ ਫੇਰੀ ਕਾਰਣ ਉਸ ਦਾ ਲਾਇਸੰਸ ਕੈਂਸਲ ਹੋ ਗਿਆ ਅਤੇ ਉਹ ਕਿਸੇ ਸੰਤ ਦਾ ਸ਼ਰਧਾਲੂ ਬਣ ਗਿਆ। ਗਿਆਨੀਆਂ ਵਾਲਾ ਬਾਣਾ ਪਾਉਂਦਾ ਕਰਕੇ ਮੀਕਾ ਉਸ ਨੂੰ ਗਿਆਨੀ ਹੀ ਸੱਦਦਾ। ਉਹ ਮੀਕੇ ਦੇ ਘਰ ਨੇੜੇ ਰਹਿੰਦਾ ਸੀ। ਕਦੇ ਕਦੇ ਲੰਘਦੇ ਕਰਦੇ ਸੜਕ ‘ਤੇ ਉਹਨਾਂ ਦੀ ਹੈਲੋ ਹੋ ਜਾਂਦੀ। ਇਸ ਤੋਂ ਬਹੁਤੀ ਜਾਣ ਪਛਾਣ ਉਹਨਾਂ ਦੀ ਨਹੀਂ ਸੀ। ਉਸ ਨਾਲ ਇਕ ਹੋਰ ਗਿਆਨੀ ਜੀ ਸਨ। ਉਹਨਾਂ ਨੂੰ ਵੇਖ ਕੇ ਮੀਕਾ ਹੈਰਾਨ ਹੋਇਆ।

“ਆਉ ਜੀ -ਲੰਘ ਆਉ।” ਮੀਕੇ ਨੇ ਦਰਵਾਜ਼ਾ ਖੋਲ੍ਹਦਿਆਂ ਉਹਨਾਂ ਨੂੰ ਅੰਦਰ ਆਉਣ ਦਾ ਸੱਦਾ ਦਿੱਤਾ। ਮਨ ਵਿਚ ਉਹ ਸੋਚ ਰਿਹਾ ਸੀ ਇਹਨਾਂ ਦੇ ਆਉਣ ਦਾ ਕੀ ਕਾਰਨ ਹੋ ਸਕਦਾ!”ਹੋਰ ਸੁਣਾਉ ਜੀ ਕੀ ਹਾਲ ਐ। ਸਾਰਾ ਪ੍ਰੀਵਾਰ ਅਤੇ ਬੱਚੇ ਤਾਂ ਠੀਕ ਹੈਨ!” ਗਿਆਨੀ ਜੀ ਨੇ ਬੈਠਦਿਆਂ ਪੁੱਛਿਆ।

“ਹਾਂ ਜੀ ਸਭ ਠੀਕ ਆ। ਥੋਡੀ ਮਿਹਰਬਾਨੀ। ਠੰਡਾ ਪੀਉਗੇ ਜਾਂ ਚਾਹ-!”

“ਨਹੀਂ ਜੀ ਮਿਹਰਬਾਨੀ ਤਾਂ ਸਤਿਗੁਰਾਂ ਦੀ। ਕਿਸੇ ਚੀਜ਼ ਦੀ ਲੋੜ ਨਹੀਂ।” ਗਿਆਨੀ ਜੀ ਨੇ ਹੱਥ ਵਿਚ ਫੜੀ ਫਾਇਲ ਮੇਜ਼ ‘ਤੇ ਰੱਖ ਦਿੱਤੀ।

“ਸੁਣਾਉ ਕਿਵੇਂ ਆਉਣੇ ਹੋਏ!” ਮੀਕਾ ਆਪਣੇ ਆਪ ਵਿਚ ਬੇਅਰਾਮੀ ਜਿਹੀ ਮਹਿਸੂਸ ਕਰ ਰਿਹਾ ਸੀ।

“ਬੱਸ ਜੀ ਥੋਡੀ ਸਹਾਇਤਾ ਦੀ ਸਤਿਗੁਰਾਂ ਨੂੰ ਲੋੜ ਐ। ਆਪਣੇ ਸ਼ਹਿਰ ਵਿਚ ਸੰਤ ਅਨੋਖ ਸਿੰਘ ਜੀ ਹੋਰਾਂ ਨੇ ਗੁਰਦਵਾਰਾ

ਸਾਹਿਬ ਬਨਾਉਣ ਦਾ ਉਪਰਾਲਾ ਕੀਤਾ ਐ। ਤੁਸੀਂ ਜਿਨ੍ਹੀ ਕੁ ਸੇਵਾ ਕਰਨੀ ਚਾਹੋ ਉਹੀ ਲੱਖ ਮਣਾਂ---।"

"ਗਿਆਨੀ ਜੀ ਆਪਣੇ ਸ਼ਹਿਰ ਵਿਚ ਪਹਿਲਾਂ ਈ ਨੌਂ ਗੁਰਦਵਾਰੇ ਐ। ਫੇਰ ਇਹ ਦਸਵਾਂ ਬਨਾਉਣ ਦੀ ਕੀ ਲੋੜ ਐ!" ਮੀਕੇ ਨੇ ਗਿਆਨੀ ਨੂੰ ਅੱਖਾਂ 'ਤੇ ਐਨਕ ਠੀਕ ਕਰਦਿਆਂ ਦੇਖਿਆ ਅਤੇ ਨਾਲ ਹੀ ਗਿਆਨੀ ਜੀ ਦੇ ਚਿਹਰੇ ਦੇ ਭਾਵ ਬਦਲ ਗਏ। ਉਹਨਾਂ ਨੂੰ ਮੀਕੇ ਤੋਂ ਅਜਿਹੀ ਆਸ ਹੀ ਨਹੀਂ ਸੀ। ਹੁਣ ਤੱਕ ਜਿਥੇ ਵੀ ਉਹ ਗਏ ਸਨ ਉਹਨਾਂ ਨੂੰ ਹਰ ਕਿਸੇ ਨੇ ਕੁਝ ਨਾ ਕੁਝ ਦਿੱਤਾ ਸੀ। ਅਜਿਹਾ ਸਵਾਲ ਤਾਂ ਕਿਸੇ ਨੇ ਬਿਲਕੁਲ ਹੀ ਨਹੀਂ ਕੀਤਾ ਸੀ। ਗਿਆਨੀ ਜੀ ਅੱਖਾਂ ਝਪਕਦੇ ਮੀਕੇ ਵੱਲ ਵੇਖਣ ਲੱਗੇ।

"ਗੁਰੂ ਘਰ ਤਾਂ ਜਿੰਨੇ ਹੋਣ ਉਨੇ ਈ ਥੋੜੇ ਐ। ਮਹਾਂ ਪੁਰਖ ਸੰਤ ਅਨੋਖ ਸਿੰਘ ਹੋਰੀਂ ਧਰਮ ਦਾ ਪ੍ਰਚਾਰ ਕਰਨ ਲਈ ਇੰਗਲੈਂਡ ਵਿਚ ਗੁਰੂ ਘਰ ਦੀ ਉਸਾਰੀ ਕਰ ਰਹੇ ਐ। ਆਪਣਾ ਸ਼ਹਿਰ ਤਾਂ ਭਾਗਾਂ ਆਲਾ ਐ--।"

"ਨੌਂ ਗੁਰਦਵਾਰਿਆਂ ਚੋਂ ਜਿਹੜੇ 'ਚ ਮਰਜ਼ੀ ਬੈਠ ਕੇ ਪ੍ਰਚਾਰ ਕਰ ਲੈਣ। ਜਿਹੜੇ ਪੈਸੇ ਐਸ ਨਵੇਂ ਗੁਰੂ ਘਰ 'ਤੇ ਲਾਉਣੇ ਐ ਇਹਨਾਂ ਨਾਲ ਇੰਡੀਆਂ 'ਚ ਗਰੀਬਾਂ ਦੀ ਮਦਦ ਕੀਤੀ ਜਾਵੇ। ਉਹਨਾਂ ਦੀ ਪੜ੍ਹਾਈ, ਸਿਹਤ, ਰੁਜ਼ਗਾਰ ਵੱਲ ਧਿਆਨ ਦਿੱਤਾ ਜਾਵੇ।" ਗਿਆਨੀ ਜੀ ਦੀਆਂ ਅੱਖਾਂ ਹੈਰਾਨੀ ਨਾਲ ਖੁੱਲ੍ਹੀਆਂ ਰਹਿ ਗਈਆਂ। ਉਸ ਨੂੰ ਜਵਾਬ ਲੱਭਣ ਵਿਚ ਮੁਸ਼ਕਲ ਆਉਣ ਲੱਗੀ। ਉਹ ਅਜਿਹੇ ਵਿਵਾਦ ਲਈ ਤਿਆਰ ਹੀ ਨਹੀਂ ਸੀ।

"ਮਹਾਂ ਪੁਰਖਾਂ ਨੇ ਬਹੁਤ ਗਰੀਬਾਂ ਦੀ ਮਦਦ ਕੀਤੀ ਐ ਅਤੇ ਕਰ ਰਹੇ ਆ। ਗੁਰੂ ਘਰ ---।"

"ਗਿਆਨੀ ਜੀ ਮੁਆਫ਼ ਕਰਨਾ-ਜੇ ਨੌਂ ਗੁਰਦਵਾਰੇ ਲੋਕਾਂ ਦਾ ਆਚਰਣ ਨਹੀਂ ਬਦਲ ਸਕੇ ਤਾਂ ਦਸਵੇਂ ਨਾਲ ਵੀ ਨਹੀਂ ਬਦਲਣ ਲੱਗਾ। ਜਦੋਂ ਇਕ ਗੁਰੂ ਘਰ ਸੀ ਐਥੇ ਉਦੋਂ ਵੀ ਲੋਕ ਸਮਾਜਕ , ਧਾਰਮਕ ਪੱਖੋਂ ਉਹੋ ਜੇ ਸੀ। ਹੁਣ ਦਸ ਐ ਤਾਂ ਵੀ ਲੋਕ ਪਹਿਲਾਂ ਨਾਲੋਂ ਚੰਗੇ ਬਣਨ ਦੀ ਥਾਂ ਸਗੋਂ ਭੋਰਾ ਮਾੜੇ ਈ ਬਣੇ ਐ। ਪਹਿਲਾਂ ਨਾਲੋਂ ਵੱਧ ਲਾਲਚ, ਨਸ਼ੇ, ਝੂਠ, ਬਗੈਰਾ ਦਾ ਬੋਲ ਬਾਲਾ ਹੁਣ ਸਗੋਂ ਜ਼ਿਆਦਾ ਐ।" ਮੀਕੇ ਨੇ ਵੱਧ ਤੋਂ ਵੱਧ ਨਰਮੀ ਨਾਲ ਆਪਣੀ ਗੱਲ ਕਹਿਣ ਦਾ ਯਤਨ ਕੀਤਾ। ਗਿਆਨੀ ਜੀ ਨੇ ਆਪਣੀ ਕੁਰਸੀ ਵਿਚ ਪਾਸਾ ਮਾਰਿਆ ਅਤੇ ਜਵਾਬ ਲੱਭਣ ਦੀ ਕੋਸ਼ਿਸ਼ ਕਰਦੇ ਰਹੇ। ਇਕ ਗੱਲ ਉਹਨਾਂ ਨੂੰ ਸਪੱਸ਼ਟ ਸੀ ਕਿ ਉਹ ਇਸ ਵਿਸ਼ੇ 'ਤੇ ਮੀਕੇ ਨੂੰ ਸੰਤੁਸ਼ਟ ਨਹੀਂ ਕਰ ਸਕਣਗੇ।

"ਦੇਖੋ ਭਾਈ ਧਰਮ ਕਰਮ ਦਾ ਪਰਚਾਰ ਹੋਊ ਤਾਂ ਧਰਮ ਵਧੂ ਫੁਲੂ। ਲੋਕਾਂ ਨੂੰ ਅਮ੍ਰਿਤ ਪਾਣ ਕਰਵਾ ਕੇ ਸਿੰਘ ਸਜਾਉਣਾ ਸਤਿਗੁਰਾਂ ਦਾ ਪਹਿਲਾ ਨਿਸ਼ਨਾ ਐ।"

"ਗਿਆਨੀ ਜੀ ਤੁਸੀਂ ਤਾਂ ਪੜ੍ਹੇ ਲਿਖੇ ਗੁਰਮਖ ਓ। ਮੇਰੀ ਤਾਂ ਸਿੱਧੀ ਜੀ ਗੱਲ ਆ ਬਈ ਜਿਹੜੇ ਖਾਲੀ ਇਨਸਾਨ ਨੀ ਬਣ ਸਕਦੇ ਉਹ ਭਲਾ ਧਾਰਮਿਕ ਇਨਸਾਨ ਕਿਵੇਂ ਬਣਨਗੇ!" ਮੀਕੇ ਨੇ ਗਿਆਨੀ 'ਤੇ ਦੂਸਰਾ ਵਾਰ ਕੀਤਾ

"ਭਾਈ ਆਪਣੇ ਆਪਣੇ ਵਿਚਾਰ ਐ। ਸਾਡੇ ਖਿਆਲ 'ਚ ਤਾਂ ਗੁਰਦਵਾਰਾ ਸਾਹਿਬ ਦੀ ਬਹੁਤ ਲੋੜ ਐ ਪਰ ਤੁਸੀਂ ਨਹੀਂ ਠੀਕ ਸਮਝਦੇ ਤਾਂ ਤੁਹਾਡੀ ਮਰਜ਼ੀ।" ਦੋਵੇਂ ਗਿਆਨੀ ਉੱਠ ਖੜ੍ਹੇ ਹੋਏ ਅਤੇ ਦਰਵਾਜ਼ੇ ਵੱਲ ਤੁਰ ਪਏ। ਮੀਕੇ ਨੇ ਉਹਨਾਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਉਹਨਾਂ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਵਿਦਾ ਕੀਤਾ। ਹੁਣ ਫਿਰ ਉਸ ਨੂੰ ਫਿਰ ਸੀਤੋ ਦੇ ਦਰਬਾਰ ਵਿਚ ਹਾਜ਼ਰ ਹੋਣਾ ਪੈਣਾ ਸੀ।

# ਛੇਵਾਂ

ਬੱਚੀ ਦੇ ਜਨਮ ਦੇ ਪਹਿਲੇ ਹਫਤੇ ਹੈਲਥ ਵਿਜ਼ਟਰ ਦਾ ਮਾਂ ਧੀ ਨੂੰ ਵੇਖਣ ਆਉਣਾ ਜ਼ਰੂਰੀ ਸੀ। ਹਸਪਤਾਲ ਤੋਂ ਛੁੱਟੀ ਮਿਲਣ ਤੋਂ ਅਗਲੇ ਦਿਨ ਮਰੀਆ ਨਾਮ ਦੀ ਹੈਲਥ ਵਿਜ਼ਟਰ ਉਹਨਾਂ ਨੂੰ ਵੇਖਣ ਲਈ ਆਈ। ਉਸ ਦਾ ਮੁਸਕਰਾਉਂਦਾ, ਸਿਆਣਪ ਭਰਿਆ ਮੂੰਹ ਵੇਖ ਕੇ ਬੰਦਾ ਉਸ ਵੱਲ ਖਿੱਚਿਆ ਜਾਂਦਾ। ਮੀਕੇ ਨੇ ਉਸ ਲਈ ਦਰਵਾਜ਼ਾ ਖੋਲ੍ਹਿਆ ਤਾਂ ਉਹ ਪਲ ਕੁ ਉਸ ਨੂੰ ਵੇਖਦਾ ਹੀ ਰਹਿ ਗਿਆ। ਉਹ ਉਲਝਿਆ ਜਿਹਾ ਉਸ ਵੱਲ ਵੇਖਣ ਲੱਗਾ ਜਿਵੇਂ ਉਸ ਨੂੰ ਪਤਾ ਨਾ ਲੱਗ ਰਿਹਾ ਹੋਵੇ ਕਿ ਉਹ ਕੀ ਕਰੇ!

"ਮੈਂ ਮਰੀਆ ਮੌਰਸ---ਹੈਲਥ ਵਿਜ਼ਟਰ--।" ਉਲਝੇ ਜਿਹੇ ਖੜ੍ਹੇ ਮੀਕੇ ਵੱਲ ਉਸ ਨੇ ਹੱਥ ਵਧਾਇਆ।

"ਹਾਂ---ਹਾਂ---।" ਮੀਕੇ ਨੇ ਹੋਸ਼ ਸੰਭਾਲਦਿਆਂ ਉਸ ਦੇ ਅੰਦਰ ਲੰਘਣ ਲਈ ਇਕ ਪਾਸੇ ਹੋ ਕੇ ਰਸਤਾ ਛੱਡਿਆ। ਉਹ ਅੰਦਰ ਲੰਘ ਕੇ ਉਸ ਵੱਲ ਸਵਾਲੀਆ ਜਿਹੀ ਨਜ਼ਰ ਨਾਲ ਵੇਖਦੀ ਰਹੀ। ਮੀਕੇ ਨੂੰ ਜਿਵੇਂ ਅਚਾਨਕ ਯਾਦ ਆ ਗਿਆ ਹੋਵੇ। ਉਹ ਉਸ ਦੇ ਅੱਗੇ ਅੱਗੇ ਪੌੜੀਆਂ ਚੜ੍ਹ ਗਿਆ ਅਤੇ ਸੀਤੋ ਦੇ ਕਮਰੇ ਵਿਚ ਚਲਾ ਗਿਆ।

"ਓਹ ਹੈਲੋ---ਪਿਆਰੀ ਬੱਚੀ ਐ---।" ਮਰੀਆ ਨੇ ਆਪਣੀ ਕੁਦਰਤੀ ਮੁਸਕਰਾਹਟ ਨਾਲ ਸੀਤੋ ਨੂੰ ਵੀ ਕੀਲ ਲਿਆ। ਮਰੀਆ ਵਿਚ ਉਸ ਨੂੰ ਕੋਈ ਚੁੰਬਕੀ ਖਿੱਚ ਮਹਿਸੂਸ ਹੋਈ। ਸੀਤੋ ਦੀਆਂ ਅੱਖਾਂ ਅਤੇ ਬੁੱਲ੍ਹ ਇਕੱਠੇ ਕਈ ਦਿਨਾਂ ਬਾਅਦ ਅੱਜ ਪਹਿਲੀ ਵੇਰ ਮੁਸਕਰਾਏ। ਮਰੀਆ ਨੇ ਬੱਚੀ ਨੂੰ ਚੈਕ ਕੀਤਾ, ਸੀਤੋ ਨੂੰ ਆਮ ਜਿਹੇ ਸਵਾਲ ਪੁੱਛੇ। ਸਭ ਕੁਝ ਦੀ ਤਸੱਲੀ ਕਰਕੇ ਉਹ ਆਪਣੀ ਰੀਕਾਰਡ ਬੁੱਕ ਵਿਚ ਲਿਖਣ ਲੱਗੀ।

"ਬੱਚੀ ਦਾ ਨਾਂ ਕੀ ਰੱਖਿਆ--!" ਉਸ ਨੇ ਨੀਵੀਂ ਪਾਈ ਲਿਖਦੀ ਨੇ ਪੁੱਛਿਆ। ਸੀਤੋ ਅਤੇ ਮੀਕਾ ਇਕ ਦੂਜੇ ਵੱਲ ਵੇਖਣ ਲੱਗੇ। ਮੀਕੇ ਨੇ ਦੋ ਤਿੰਨ ਵਾਰ ਬੱਚੀ ਦਾ ਨਾਂ ਰੱਖਣ ਦੀ ਗੱਲ ਚਲਾਈ ਪਰ ਸੀਤੋ ਨੇ ਕੋਈ ਦਿਲਚਸਪੀ ਨਾ ਦਿਖਾਈ। ਮੀਕੇ ਨੇ ਕੁਝ ਨਾਂ ਆਪਣੇ ਮਨ ਵਿਚ ਸੋਚੇ। ਸੀਤੋ ਦੀ ਰਾਇ ਤੋਂ ਬਿਨਾਂ ਉਹ ਕਿਸੇ ਫੈਸਲੇ 'ਤੇ ਨਾ ਪਹੁੰਚ ਸਕਿਆ। ਮਰੀਆ ਨੇ ਆਪਣੀਆਂ ਪਿਆਰੀਆਂ ਚਮਕਦਾਰ ਅੱਖਾਂ ਨਾਲ ਦੋਵਾਂ ਨੂੰ ਵਾਰੀ ਵਾਰੀ ਵੇਖਿਆ। ਬਹੁਤ ਸਾਰੇ ਦੇਸੀ ਲੋਕਾਂ ਨਾਲ ਉਸ ਦਾ ਵਾਹ ਪੈਂਦਾ ਰਹਿੰਦਾ ਹੋਣ ਕਰਕੇ ਉਹ ਕਾਫੀ ਕੁਝ ਸਮਝ ਗਈ। ਮਰੀਆ ਨੇ ਇਕ ਹੋਰ ਮਿੱਠੀ ਅਤੇ ਕੀਲ ਲੈਣ ਵਾਲੀ ਮੁਸਕਰਾਹਟ ਸੁੱਟੀ ਅਤੇ ਉਹਨਾਂ ਨੂੰ ਇੰਝ ਮਹਿਸੂਸ ਕਰਨ ਦਿੱਤਾ ਜਿਵੇਂ ਇਹ ਕੋਈ ਖਾਸ ਗੱਲ ਨਾ ਹੋਵੇ।

"ਮੇਰੇ ਚਾਰ ਮੁੰਡੇ ਆ। ਮੈਂ ਕੁੜੀ ਦੀ ਇੱਛਾ ਕਰਦੀ ਕਰਦੀ ਨੇ ਤੀਜਾ ਤਾਂ ਜੰਮਿਆ ਹੀ ਸੀ ਨਾਲ ਚੌਥਾ ਵੀ ਆ ਗਿਆ। ਹਾਰ ਕੇ ਮੈਂ ਹਾਰ ਮੰਨ ਲਈ। ਹੁਣ ਮੈਂ ਜਦ ਵੀ ਕਿਸੇ ਕੁੜੀ ਨੂੰ ਵੇਖਦੀ ਆਂ ਤਾਂ ਮੈਨੂੰ ਬਹੁਤ ਪਿਆਰ ਆਉਂਦਾ ਐ।" ਉਹ ਛਣਕਦਾ ਹਾਸਾ ਹੱਸੀ ਅਤੇ ਉਸ ਨੇ ਕੁੜੀ ਨੂੰ ਚੁੱਕ ਕੇ ਉਸ ਦੀ ਨਰਮ ਨਰਮ ਗੱਲ੍ਹ 'ਤੇ ਚੁੰਮੀ ਦਿੱਤੀ। ਸੀਤੋ ਉਸ ਵੱਲ ਹੈਰਾਨੀ ਨਾਲ ਵੇਖਣ ਲੱਗੀ। ਸ਼ਾਇਦ ਸੋਚ ਰਹੀ ਹੋਵੇ ਕਿ ਭਲਾ ਮੁੰਡਿਆਂ ਦੇ ਜੰਮਣ 'ਤੇ ਵੀ ਕੋਈ ਨਿਰਾਸ਼ ਹੋ ਸਕਦਾ ਐ!

"ਇਹਦਾ ਨਾਂ ਮੇਰੇ ਪਤੀ ਨੂੰ ਪੁੱਛ ਲੈ।" ਸੀਤੋ ਨੇ ਮੀਕੇ ਵੱਲ ਵੇਖਦਿਆਂ ਕਿਹਾ। ਮਰੀਆ ਨੂੰ ਹੋਰ ਵੀ ਹੈਰਾਨੀ ਹੋਈ। ਉਸ ਨੇ ਆਪਣੀ ਹੈਰਾਨੀ ਲਕਾਉਣ ਦੀ ਕੋਸ਼ਿਸ ਕੀਤੀ। ਮੀਕੇ ਨੇ ਰੋਸ ਜਿਹੇ ਨਾਲ ਸੀਤੋ ਵੱਲ ਵੇਖਿਆ।

"ਜਸਜੀਤ----।" ਮੀਕੇ ਨੇ ਪਹਿਲਾਂ ਸੋਚੇ ਨਾਵਾਂ ਵਿਚੋਂ ਇਕ ਨਾਂ ਦੱਸ ਦਿੱਤਾ।

ਮਰੀਆ ਨੇ ਆਪਣੇ ਰੀਕਾਰਡ ਵਿਚ ਉਸ ਦਾ ਨਾਂ ਲਿਖ ਲਿਆ ਅਤੇ ਜਾਣ ਲਈ ਉੱਠੀ। ਮੀਕਾ ਉਸ ਦੇ ਅੱਗੇ ਅੱਗੇ ਪੌੜੀਆਂ ਉੱਤਰ ਗਿਆ। ਮੀਕੇ ਦਾ ਦਿਲ ਕਰਦਾ ਸੀ ਕਿ ਮਰੀਆ ਕੁਝ ਦੇਰ ਹੋਰ ਰੁੱਕ ਜਾਵੇ।

"ਮਰੀਆ ਚਾਹ -ਕੌਫੀ--!"

"ਨਾਂਹ---ਮੈਂ ਤਾਂ ਪਹਿਲਾਂ ਈ ਲੇਟ ਆ।" ਉਸ ਨੇ ਆਪਣੀ ਘੜੀ ਵੇਖਦਿਆਂ ਕਾਹਲੀ ਕੀਤੀ ਅਤੇ ਬਾਏ ਬਾਏ ਕਰਦੀ ਆਪਣੀ ਕਾਰ ਵਿਚ ਜਾ ਬੈਠੀ। ਮੀਕਾ ਖੜ੍ਹਾ ਉਸ ਦੀ ਜਾਂਦੀ ਕਾਰ ਵੱਲ ਵੇਖਦਾ ਰਿਹਾ। ਉਹ ਹੌਲੀ ਹੌਲੀ ਫਿਰ ਸੀਤੋ ਕੋਲ ਆ ਗਿਆ। ਉਸ ਨੇ ਇਕ ਹਫ਼ਤੇ ਦੀਆਂ ਛੁਟੀਆਂ ਸੀਤੋ ਦੀ ਮਦਦ ਲਈ ਲਈਆਂ ਸਨ। ਦੋ ਦਿਨਾਂ ਵਿਚ ਹੀ ਉਸ ਦਾ ਘਰ ਰਹਿ ਕੇ ਮਨ ਉਚਾਟ ਹੋ ਗਿਆ ਸੀ। ਹੁਣ ਉਹ ਜਲਦੀ ਤੋਂ ਜਲਦੀ ਵਾਪਸ ਕੰਮ 'ਤੇ ਜਾਣਾ ਚਾਹੁੰਦਾ ਸੀ। ਜੇ ਸੀਤੋ ਥੋੜੀ ਖੁਸ਼ ਰਹਿੰਦੀ ਤਾਂ ਗੱਲ ਐਨੀ ਔਖੀ ਨਹੀਂ ਸੀ ਲੱਗਣੀ। ਮਰੀਆ ਨੂੰ ਵੇਖ ਕੇ ਉਸ ਦਾ ਮਨ ਖੁਸ਼ ਹੋ ਗਿਆ ਸੀ ਅਤੇ ਉਹ ਕੱਲ੍ਹ ਦੀ ਉਡੀਕ ਕਰਨ ਲੱਗਾ। ਭਾਵੇਂ ਉਹ ਜਾਣਦਾ ਸੀ ਕਿ ਮਰੀਆ ਨੂੰ ਵੇਖ ਕੇ ਖੁਸ਼ ਹੋਣ ਬਿਨਾ ਹੋਰ ਕੁਝ ਵੀ ਹੱਥ ਆਉਣ ਦੀ ਉਮੀਦ ਨਹੀਂ ਸੀ।

ਸੀਤੋ ਦੀ ਮਦਦ ਕਰਕੇ ਮੀਕਾ ਆਪਣੇ ਫਰਜ਼ ਨਾਲੋਂ ਵੱਧ ਸੀਤੋ ਨੂੰ ਖੁਸ਼ ਰੱਖਣਾ ਚਾਹੁੰਦਾ ਸੀ। ਵੈਸੇ ਮੀਕਾ ਜਾਣਦਾ ਸੀ ਸੀਤੋ ਨੂੰ ਖੁਸ਼ ਰੱਖਣਾ ਜੰਗ ਜਿੱਤਣ ਦੇ ਬਰਾਬਰ ਸੀ। ਸੀਤੋ ਦਾ ਸੁਭਾਅ ਇੰਡੀਆ ਤੋਂ ਆ ਕੇ ਬਹੁਤ ਬਦਲ ਗਿਆ ਸੀ। ਇੰਡੀਆ ਵਿਆਹ ਤੋਂ ਬਾਅਦ ਉਹ ਥੋੜਾ ਚਿਰ ਹੀ ਇਕੱਠੇ ਰਹੇ ਸਨ। ਵੈਸੇ ਵੀ ਘਰ ਦਾ ਮਹੌਲ ਪੇਂਡੂ ਹੋਣ ਕਰਕੇ ਸੀਤੋ ਵਿਚ ਅਜੇ ਪਿੰਡ ਦੀਆਂ ਜਨਾਨੀਆਂ ਵਾਲੀ ਜੀ ਹਜ਼ੂਰੀ ਕਾਇਮ ਸੀ। ਲੰਡਨ ਆ ਕੇ ਅਤੇ ਇਥੇ ਰਹਿ ਕੇ ਉਸ ਨੂੰ ਬਹੁਤ ਕੁਝ ਜਾਨਣ ਅਤੇ ਸਮਝਣ ਦਾ ਮੌਕਾ ਮਿਲਿਆ। ਹੁਣ ਉਸ ਵਿਚ ਜੀ ਹਜ਼ੂਰੀ ਦੀ ਥਾਂ ਬਰਾਬਰਤਾ ਦੇ ਅਹਿਸਾਸ ਨੇ ਲੈ ਲਈ ਸੀ। ਬਰਾਬਰਤਾ ਦਾ ਅਹਿਸਾਸ ਬਦਲਦਾ ਬਦਲਦਾ ਹੁਕਮਰਾਨਾ ਬਣਦਾ ਗਿਆ। ਮੀਕੇ ਨੂੰ ਉਸ ਦੀ ਮਦਦ ਕਰਨ ਵਿਚ ਕੋਈ ਇਤਰਾਜ਼ ਨਹੀਂ ਸੀ। ਬੱਸ ਉਸ ਦੇ ਨਿੱਕੇ ਨਿੱਕੇ ਹੁਕਮ ਉਸ ਨੂੰ ਖਿਝਣ ਲਈ ਮਜ਼ਬੂਰ ਕਰ ਦਿੰਦੇ। ਇਕ ਛੁੱਟੀ ਵਾਲੇ ਦਿਨ ਮੀਕੇ ਨੇ ਗਿਣਿਆ ਕਿ ਸੀਤੋ ਨੇ ਮੀਕੇ ਨੂੰ ਅਠੱਤੀ ਹੁਕਮ ਸੁਣਾਏ ਜਿਹੜੇ ਗੈਰਜ਼ਰੂਰੀ ਸਨ। ਜਿਵੇਂ ਕਿ ਮੀਕਾ ਬੇਬੀ ਨਾਲ ਖੇਡ ਰਿਹਾ ਸੀ ਤਾਂ ਕਿਚਨ ਵਿਚੋਂ ਸੀਤੋ ਦੀ ਅਵਾਜ਼ ਆਈ-

"ਆਹ ਕਿਚਨ ਦੀ ਲਾਈਟ ਤਾਂ ਜਗਾ ਕੇ ਜਾਇਓ--।" ਮੀਕਾ ਕਿਚਨ ਦੀ ਲਾਈਟ ਜਗਾ ਆਇਆ ਅਤੇ ਫਿਰ ਬੇਬੀ ਨਾਲ ਖੇਡਣ ਲੱਗਾ।

"ਆਹ ਮੈਨੂੰ ਚਮਚਾ ਤਾਂ ਫੜਾਇਓ -।" ਮੀਕਾ ਚਮਚਾ ਫੜਾ ਆਇਆ। "ਬੇਬੀ ਨੂੰ ਬਾਥ ਰੂਮ ਲੈ ਜੋ।"

"ਬੇਬੀ ਨੂੰ ਮਾੜਾ ਜਿਆ ਸ਼ਾਵਰ ਈ ਦੇ ਦਿਉ--।" ਮੀਕਾ ਬੇਬੀ ਨੂੰ ਲੈ ਕੇ ਸ਼ਾਵਰ ਦੇਣ ਲਈ ਲੈ ਗਿਆ।

"ਬੇਬੀ ਦੇ ਮਾੜਾ ਜਿਆ ਤੇਲ ਲਾ ਦਿਉ---।" ਮੀਕੇ ਨੂੰ ਖਿਝ ਆ ਗਈ ਅਤੇ ਉਸ ਨੇ ਬਾਥ ਰੂਮ ਦਾ ਦਰਵਾਜ਼ਾ ਬੰਦ ਕਰਕੇ ਉਸ ਨੂੰ ਨਾ-ਸੁਣਨ ਦਾ ਬਹਾਨਾ ਕੀਤਾ।

"ਆਹ ਕੀਹਦਾ ਫੋਨ ਆਇਆ ਸੀ!" ਜੇ ਮੀਕਾ ਫੋਨ ਚੁੱਕ ਲੈਂਦਾ ਤਾਂ ਸੀਤੋ ਸਾਰੀ ਗੱਲ ਜਾਨਣ ਲਈ ਉਸਨੂੰ ਵਾਰ ਵਾਰ ਪੁੱਛਦੀ। ਸਾਂਝੀ ਕਰਨ ਵਾਲੀ ਗੱਲ ਤਾਂ ਮੀਕੇ ਨੇ ਕਦੇ ਸੀਤੋ ਤੋਂ ਲੁਕਾਈ ਹੀ ਨਹੀਂ ਸੀ। ਕਈ ਵੇਰ ਬਿਨ ਮਤਲਬ ਆਮ ਜਿਹੀਆਂ ਗੱਲਾਂ ਹੁੰਦੀਆਂ ਜਿਹਨਾਂ ਦਾ ਸੀਤੋ ਨਾਲ ਕੋਈ ਸਬੰਧ ਨਾ ਹੁੰਦਾ। ਕਿਸੇ ਮਿੱਤਰ ਦਾ ਫੋਨ ਹੁੰਦਾ। ਦੋਸਤਾਂ ਮਿੱਤਰਾਂ ਵਿਚ ਚਲਦੀ ਬੱਕ ਬੱਕ ਨੂੰ ਵੀ ਸੀਤੋ ਜਾਨਣਾ ਚਾਹੁੰਦੀ। ਮੀਕਾ ਅਜਿਹੇ ਸਮੇਂ ਉਸ ਦੇ ਸਵਾਲ ਨੂੰ ਕੰਨ ਮੁੱਢ ਮਾਰ ਛੱਡਦਾ।

ਅਜਿਹਾ ਹਰ ਰੋਜ਼ ਹੀ ਹੁੰਦਾ। ਮੀਕਾ ਖਿੱਝ ਜਾਂਦਾ ਪਰ ਆਪਣੇ ਆਪ ‘ਤੇ ਕੰਟਰੋਲ ਰੱਖਦਾ। ਹੁਣ ਉਸ ਨੂੰ ਮਹਿਸੂਸ ਹੁੰਦਾ ਕਿ ਘਰ ਨਾਲੋਂ ਕੰਮ ‘ਤੇ ਉਹ ਜ਼ਿਆਦਾ ਖੁਸ਼ ਰਹਿੰਦਾ ਸੀ। ਮੀਕਾ ਆਪਣੀਆਂ ਛੁੱਟੀਆਂ ਦਾ ਹਫ਼ਤਾ ਪੂਰਾ ਹੋਣ ਦਾ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗਾ। ਮਰੀਆ ਦੇ ਆਉਣ ਦਾ ਇੰਤਜ਼ਾਰ ਵੀ ਉਸ ਨੂੰ ਖੁਸ਼ ਰਖਦਾ।

ਅੱਜ ਮਰੀਆ ਦਾ ਆਖਰੀ ਫੇਰਾ ਸੀ। ਉਹ ਹਮੇਸ਼ਾਂ ਵਾਂਗ ਹੱਸਦੀ ਮੁਸਕਰਾਉਂਦੀ ਆਈ। ਉਸ ਦੇ ਆਉਣ ਨਾਲ ਘਰ ਵਿਚ ਖੇੜਾ ਆ ਗਿਆ। ਹਮੇਸ਼ਾਂ ਵਾਂਗ ਉਸ ਨੇ ਜਸਜੀਤ ਨੂੰ ਚੁੱਕਿਆ ਅਤੇ ਉਸ ਦੀਆਂ ਨਰਮ ਨਰਮ ਗੱਲ੍ਹਾਂ ਨਾਲ ਗੱਲ੍ਹ ਲਾ ਕੇ ਉਸ ਨੇ ਚੁੰਮਣ ਲੈਣ ਵਾਂਗ ਆਪਣੇ ਬੁੱਲ੍ਹ ਬਾਹਰ ਨੂੰ ਕੱਢੇ ਅਤੇ ‘ਪੁੱਚ' ਦੀ ਅਵਾਜ਼ ਨਾਲ ਉਸ ਨੂੰ ਪਿਆਰ ਕੀਤਾ। ਹਰ ਰੋਜ਼ ਵਾਂਗ ਹੀ ਉਸ ਨੇ ਸੀਤੋ ਨਾਲ ਗੱਲਾਂ ਕੀਤੀਆਂ ਅਤੇ ਸੀਤੋ ਨੇ ਠੰਡੇ ਜਿਹੇ ਜਵਾਬ ਦਿੱਤੇ।

“ਅੱਜ ਤੋਂ ਬਾਅਦ ਤੁਸੀਂ ਇਸ ਨੂੰ ਹਰ ਮਹੀਨੇ ਲੋਕਲ ਕਲਿਨਿਕ ਲੈ ਕੇ ਜਾਣਾ ਹੈ। ਜੇ ਲੋੜ ਪਵੇ ਤਾਂ ਆਪਣੇ ਜੀ ਪੀ ਨੂੰ ਮਿਲ ਲੈਣਾ। ਵੈਸੇ ਮਾਂ ਧੀ ਦੋਵੇਂ ਹੀ ਠੀਕ ਐ। ਫ਼ਿਕਰ ਵਾਲੀ ਕੋਈ ਗੱਲ ਨੀ।” ਉਹ ਆਪਣੀ ਡਿਊਟੀ ਕਰਕੇ ਜਾਣ ਲਈ ਤਿਆਰ ਹੋਣ ਲੱਗੀ।

“ਮਰੀਆ ਅੱਜ ਤਾਂ ਚਾਹ ਜਾਂ ਕੌਫੀ ਪੀਤੇ ਬਿਨਾਂ ਮੈਂ ਜਾਣ ਨੀ ਦੇਣਾ--।” ਉਸ ਨੂੰ ਮੀਕੇ ਦੀ ਅਵਾਜ਼ ਵਿਚਲੀ ਦ੍ਰਿੜਤਾ ਅਤੇ ਸਾਫਗੋਈ ਨਾਲ ਕੀਤੀ ਬੇਨਤੀ ਨੇ ਮੀਕੇ ਵੱਲ ਅੱਖਾਂ ਚੁੱਕ ਕੇ ਵੇਖਣ ਲਈ ਮਜ਼ਬੂਰ ਕਰ ਦਿੱਤਾ। ਮੀਕੇ ਵੱਲ ਵੇਖ ਕੇ ਉਹ ਨਾਂਹ ਕਹਿਣ ਜੋਗੀ ਹੀ ਨਾ ਰਹੀ।

“ਚਾਹ ਪਲੀਜ਼- ਦੁੱਧ ਅਤੇ ਚੀਨੀ ਘੱਟ—” ਮੀਕਾ ਉਸ ਦੀਆਂ ਮੁਸਕਰਾਉਂਦੀਆਂ ਅੱਖਾਂ ਨੂੰ ਵੇਖਦਾ ਕਿਚਨ ਵੱਲ ਚਲਾ ਗਿਆ। ਮਰੀਆ ਜਸਜੀਤ ਨੂੰ ਚੁੱਕ ਕੇ ਸੀਤੋ ਨਾਲ ਆਮ ਜਿਹੀਆਂ ਗੱਲਾਂ ਕਰਨ ਲੱਗੀ। ਮੀਕਾ ਚਾਹ ਬਣਾ ਕੇ ਲੈ ਆਇਆ। ਉਸ ਨੇ ਦੁੱਧ ਅਤੇ ਚੀਨੀ ਵੱਖਰੀ ਲਿਆਂਦੀ। ਟਰੇਅ ਰੱਖ ਕੇ ਪਹਿਲਾਂ ਉਸ ਨੇ ਚਾਹ ਦਾ ਕੱਪ ਮਰੀਆ ਨੂੰ ਦਿੱਤਾ। ਚਾਹ ਫੜਾਉਂਦਿਆਂ ਉਸ ਨੇ ਹੱਸਦੀਆਂ ਅੱਖਾਂ ਨਾਲ ਉਸ ਵੱਲ ਵੇਖਿਆ।

“ਚੀਨੀ ਅਤੇ ਦੁੱਧ ਤੂੰ ਆਪਣੀ ਮਰਜ਼ੀ ਨਾਲ ਪਾ ਲੈ।” ਮਰੀਆ ਨੇ ਥੋੜਾ ਜਿਹਾ ਦੁੱਧ ਪਾਇਆ ਅਤੇ ਅੱਧੇ ਚਮਚ ਤੋਂ ਵੀ ਘੱਟ ਚੀਨੀ ਪਾਈ।

ਦੂਸਰਾ ਕੱਪ ਉਹ ਸੀਤੋ ਨੂੰ ਦੇਣ ਲੱਗਾ ਤਾਂ ਉਸ ਨੇ ਨਾਂਹ ਕਰ ਦਿੱਤੀ। ਮਰੀਆ ਨੇ ਹੈਰਾਨੀ ਨਾਲ ਸੀਤੋ ਵੱਲ ਵੇਖਿਆ। ਸੀਤੋ ਨੂੰ ਮਜ਼ਬੂਰ ਕਰਨ ਦੀ ਥਾਂ ਮੀਕੇ ਨੇ ਆਪਣੇ ਲਈ ਚਾਹ ਦਾ ਕੱਪ ਬਣਾ ਲਿਆ। ਪਲੇਟ ਵਿਚ ਰੱਖੇ ਬਿਸਕੁਟ ਉਸ ਨੇ ਮਰੀਆ ਨੂੰ ਪੇਸ਼ ਕੀਤੇ। ਮਰੀਆ ਨੇ ਮੁਸਕਰਾ ਕੇ ਇੱਕ ਬਿਸਕੁਟ ਧੰਨਵਾਦ ਕਹਿ ਕੇ ਲੇ ਲਿਆ। ਸੀਤੋ ਚੋਰ ਅੱਖਾਂ ਨਾਲ ਮੀਕੇ ਨੂੰ ਵੇਖ ਰਹੀ ਸੀ। ਮਰੀਆ ਨਾਲ ਖੁਸ਼ ਹੁੰਦੇ ਅਤੇ ਹੱਸ ਹੱਸ ਕੇ ਗੱਲਾਂ ਕਰਦੇ ਮੀਕੇ ਨੂੰ ਵੇਖ ਕੇ ਸੀਤੋ ਮਨੋ ਮਨ ਮੀਕੇ ਨਾਲ ਈਰਖਾ ਮਹਿਸੂਸ ਕਰ ਰਹੀ ਸੀ। ਉਸ ਨੂੰ ਪਤਾ ਸੀ ਕਿ ਅੱਜ ਤੋਂ ਬਾਅਦ ਸ਼ਾਇਦ ਹੀ ਕਦੇ ਮਰੀਆ ਨਾਲ ਉਸ ਦਾ ਜਾਂ ਮੀਕੇ ਦਾ ਮੇਲ ਹੋਵੇ। ਉਸ ਨੂੰ ਮਰੀਆ ਤੋਂ ਕੋਈ ਖਤਰਾ ਨਹੀਂ ਸੀ। ਅਦਿੱਖ ਈਰਖਾ ਦੀ ਪੀੜ੍ਹ ਉਸ ਨੂੰ ਮਹਿਸੂਸ ਹੋਈ ਅਤੇ ਉਸ ਨੇ ਉਸ ਪੀੜ੍ਹ ਨੂੰ ਲਕਾਉਣ ਜਾਂ ਘਟਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ।

ਚਾਹ ਪੀਣ ਬਾਅਦ ਮਰੀਆ ਦੋ ਕੁ ਮਿੰਟ ਸ਼ਿਸ਼ਟਾਚਾਰ ਵਜੋਂ ਗੱਲਾਂ ਕਰਦੀ ਰਹੀ ਅਤੇ ਫਿਰ ਉਹ ਉੱਠ ਕੇ ਖੜ੍ਹੀ ਹੋ ਗਈ। ਉਸ ਨੇ ਫੈਸਲਾਕੁੰਨ ਅੰਦਾਜ਼ ਵਿਚ ਆਪਣਾ ਬੈਗ ਚੁੱਕਿਆ ਅਤੇ ਜਾਣ ਦੀ ਇਜ਼ਾਜ਼ਤ ਮੰਗੀ। ਸੀਤੋ ਨੇ ਮੱਲੋ ਮੱਲੀ ਦਾ ਹਾਸਾ ਹੱਸਦਿਆਂ ਉਸ

ਦਾ ਧੰਨਵਾਦ ਕੀਤਾ। ਮੀਕਾ ਉਸ ਦੇ ਪਿੱਛੇ ਹੀ ਪੌੜੀਆਂ ਉੱਤਰ ਗਿਆ। ਦਰਵਾਜ਼ਾ ਖੋਲ੍ਹ ਕੇ ਉਸ ਨੇ ਮਰੀਆ ਨੂੰ ਧੰਨਵਾਦ ਕਰਦਿਆਂ ਹੱਥ ਮਿਲਾਇਆ। ਉਹਦਾ ਦਿਲ ਕੀਤਾ ਕਿ ਮਰੀਆ ਨੂੰ ਇਕ ਚੁੰਮਣ ਦਿੱਤਾ ਜਾਵੇ। ਬੇਬੀ ਦੇ ਕੋਲ ਹੋਣ ਕਰਕੇ ਉਹ ਅਜਿਹਾ ਨਾ ਕਰ ਸਕਿਆ। ਵਕਤੀ ਰੀਝ ਦਾ ਗਲਾ ਘੁੱਟ ਕੇ ਉਹ ਅੰਦਰ ਚਲਾ ਗਿਆ।

ਸੀਤੋ ਕੋਲ ਜਾਣ ਦੀ ਥਾਂ ਉਹ ਟੀ ਵੀ ਵੇਖਣ ਲੱਗਾ। ਬੱਚੀਆਂ ਉਸ ਦੇ ਕੋਲ ਹੀ ਖੇਡਣ ਲੱਗੀਆਂ ਸਨ। ਮੀਕਾ ਉਹਨਾਂ ਨਾਲ ਖੇਡਦਾ, ਹੱਸਦਾ ਚੁੰਮਦਾ ਖੁਸ਼ ਹੁੰਦਾ ਰਿਹਾ। ਕੁਝ ਦੇਰ ਲਈ ਉਹ ਚੇਤਨ ਰੂਪ ਵਿਚ ਸੀਤੋ ਦੀ ਹੋਂਦ ਨੂੰ ਹੀ ਭੁੱਲ ਗਿਆ ਸੀ। ਸੀਤੋ ਦੇ ਕਮਰੇ ਵਿਚ ਚਾਹ ਵਾਲੀਆਂ ਪਿਆਲੀਆਂ ਅਤੇ ਬਿਸਕੁਟਾਂ ਵਾਲੀ ਪਲੇਟ ਅਜੇ ਵੀ ਪਈ ਸੀ। ਸੀਤੋ ਨੂੰ ਇਹ ਸਭ ਕੁਝ ਵੇਖਦਿਆਂ ਖਿਝ ਆ ਰਹੀ ਸੀ। ਉਸ ਦਾ ਦਿਲ ਕੀਤਾ ਗੁੱਸੇ ਨਾਲ ਮੀਕੇ ਨੂੰ ਬੁਲਾਵੇ। ਬਲਾਉਣ ਦੀ ਥਾਂ ਉਹ ਚੁੱਪ ਰਹੀ, ਸੋਚਦਿਆਂ ਕਿ ਮੀਕਾ ਆਪ ਹੀ ਆ ਜਾਵੇਗਾ। ਜਦ ਮੀਕਾ ਦੇਰ ਤੱਕ ਨਾ ਆਇਆ ਤਾਂ ਉਸ ਨੇ ਬੇਬੀ ਨੂੰ ਹਾਕ ਮਾਰੀ। ਬੇਬੀ ਸਭ ਕੁਝ ਛੱਡ ਕੇ ਮਾਂ ਦੇ ਕਮਰੇ ਵੱਲ ਨੂੰ ਭੱਜ ਗਈ।

"ਡੈਡੀ ਨੂੰ ਕਹਿ ਮੇਰੇ ਲਈ ਚਾਹ ਬਣਾ ਦੇਣ।" ਸੀਤੋ ਦੇ ਰੁੱਖੇ ਬੋਲਾਂ ਤੋਂ ਹੈਰਾਨ ਪਰੇਸ਼ਾਨ ਬੇਬੀ ਦੌੜ ਕੇ ਪਿਉ ਕੋਲ ਪਹੁੰਚ ਗਈ।

"ਡੈਡ ਮੰਮੀ ਚਾਹ ਮੰਗਦੀ ਐ-----।" ਕੁੜੀ ਨੇ ਡਰਦਿਆਂ ਪਿਉ ਨੂੰ ਸੁਨੇਹਾ ਦਿੱਤਾ। "

"ਅਜੇ ਹੁਣ ਤਾਂ ਮੈਂ ਚਾਹ ਬਣਾ ਕੇ ਫੜਾਈ ਸੀ। ਉਦੋਂ ਉਹਨੂੰ ਕੀ ਬਿੱਲੀ ਛਿੱਕ ਮਾਰ 'ਗੀ! ਹੁਣ ਐਡੀ ਛੇਤੀ ਚਾਹ ਦੀ ਲਲਕ ਲਾਗੀ। ਕਦੇ ਚੈਨ ਨਾਲ ਮਿੰਟ ਬੈਠਣ ਨੀ ਦੇਣਾ--।" ਮੀਕਾ ਬੁੜ ਬੁੜ ਕਰਦਾ ਕਿਚਨ ਵੱਲ ਨੂੰ ਤੁਰ ਪਿਆ। ਜਾਣਦਿਆਂ ਕਿ ਚਾਹ ਬਣਾ ਕੇ ਦੇਣ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

ਚਾਹ ਦਾ ਕੱਪ ਫੜੀ ਉਹ ਸੀਤੋ ਕੋਲ ਚਲਾ ਗਿਆ। ਆਪਣੇ ਆਪ ਨੂੰ ਜ਼ਬਤ ਵਿਚ ਰੱਖਣ ਦੀ ਕੋਸ਼ਿਸ਼ ਕਰਦਾ ਉਹ ਆਪਣੇ ਗੁੱਸੇ ਅਤੇ ਖਿਝ ਨੂੰ ਛਪਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਸੀਤੋ ਕੋਲ ਮੇਜ਼ 'ਤੇ ਚਾਹ ਰੱਖਦਿਆਂ ਕੱਪ ਦਾ ਥੋੜਾ ਖੜਕਾ ਹੋ ਗਿਆ ਜਿਵੇਂ ਉਸ ਨੇ ਕੱਪ ਗੁੱਸੇ ਨਾਲ ਰੱਖਿਆ ਹੋਵੇ। ਸੀਤੋ ਉਸ ਵੱਲ ਘੋਖਵੀਆਂ ਅੱਖਾਂ ਨਾਲ ਵੇਖਣ ਲੱਗੀ। ਕੁਝ ਵੀ ਕਹਿਣ ਤੋਂ ਬਿਨਾ ਮੀਕੇ ਨੇ ਖਾਲੀ ਕੱਪਾਂ ਵਾਲੀ ਟਰੇਅ ਚੁੱਕੀ ਅਤੇ ਕਮਰੇ ਵਿਚੋਂ ਬਾਹਰ ਨਿਕਲਣ ਲਈ ਦਰਵਾਜ਼ੇ ਵੱਲ ਵਧਿਆ।

"ਗੋਰੀ ਨੂੰ ਬੜੀਆਂ ਅੱਖਾਂ ਪਾੜ ਪਾੜ ਕੇ ਵੇਖਦੇ ਸੀ---।" ਸੀਤੋ ਨੇ ਆਪਣਾ ਤੀਰ ਛੱਡਿਆ। ਮੀਕੇ ਨੂੰ ਇੱਕ ਦਮ ਗੁੱਸਾ ਆਇਆ ਅਤੇ ਮੀਕੇ ਨੇ ਆਪਣੇ ਗੁੱਸੇ ਨੂੰ ਪੂਰੀ ਕੋਸ਼ਿਸ਼ ਨਾਲ ਕਾਬੂ ਕੀਤਾ।

"ਮੇਰੀਆਂ ਭੋਰਾ ਭੋਰਾ ਰੀਠਿਆਂ ਵਰਗੀਆਂ ਤਾਂ ਅੱਖਾਂ ਐ। ਜੇ ਪਾੜ ਪਾੜ ਨਾ ਵੇਖਾਂ ਤਾਂ ਕੁਸ ਦਿਸਦਾ ਈ ਨੀ।" ਮੀਕੇ ਨੇ ਬਣਾਉਟੀ ਜਿਹੀ ਮੁਸਕਰਾਹਟ ਨਾਲ ਗੱਲ ਨੂੰ ਮਖੌਲ ਵਿਚ ਪਾਉਣ ਦੀ ਕੋਸ਼ਿਸ਼ ਕੀਤੀ।

"ਹੂੰ----। ਉਹਦੇ ਤਾਂ ਉੱਤੋਂ ਦੀ ਹੋ ਹੋ ਕੇ ਡਿੱਗਣ ਨੂੰ ਤਿਆਰ ਸੀ---।" ਦੂਜਾ ਵਾਰ ਮੀਕੇ ਨੂੰ ਹੋਰ ਵੀ ਜ਼ਖਮੀ ਕਰ ਗਿਆ। ਸਾਲਾਂ ਦੀ ਟਰੇਨਿੰਗ ਨਾਲ ਮੀਕਾ ਸਬਰ ਕਰਨਾ ਸਿੱਖ ਗਿਆ ਸੀ।

"ਕੋਈ ਥੱਲਿਉਂ ਦੀ ਵੀ ਹੋ ਹੋ ਡਿਗਦਾ ਹੁੰਦਾ!" ਕਹਿ ਕੇ ਮੀਕਾ ਦਰਵਾਜ਼ੇ 'ਚੋਂ ਬਾਹਰ ਹੋ ਗਿਆ। ਪੌੜੀਆਂ ਉੱਤਦਿਆਂ ਉਹ ਸੋਚ ਰਿਹਾ ਸੀ ਕਿ ਇਕ ਦਿਨ ਹੋਰ ਤੇ ਫੇਰ ਕੰਮ 'ਤੇ। ਕੰਮ ਨੂੰ ਉਹ ਵਿਛੜੇ ਯਾਰ ਵਾਂਗ ਉੜੀਕਣ ਲੱਗਾ। ਬਿਨਾਂ ਲੜਾਈ ਝਗੜੇ ਤੋਂ ਇਕ

ਦਿਨ ਹੋਰ ਕੱਢ ਲੈਣ ਦਾ ਉਸ ਨੇ ਆਪਣੇ ਆਪ ਨਾਲ ਪ੍ਰਣ ਕੀਤਾ। ਕੰਮ ਦੇ ਮਿੱਤਰਾਂ ਬਾਰੇ ਸੋਚਦਾ ਉਹ ਬੱਚਿਆਂ ਨੂੰ ਲੈ ਕੇ ਪਾਰਕ ਵਿਚ ਚਲਾ ਗਿਆ।

ਸੋਮਵਾਰ ਤੋਂ ਮੀਕਾ ਕੰਮ ‘ਤੇ ਚਲਾ ਗਿਆ। ਪਹਿਲਾ ਦਿਨ ਕੰਮ ‘ਤੇ ਉਸ ਨੂੰ ਇੰਝ ਲੱਗਿਆ ਜਿਵੇਂ ਉਹ ਛੁੱਟੀਆਂ ਕੱਟਣ ਆਇਆ ਹੋਵੇ। ਸ਼ਾਮ ਤੱਕ ਉਸ ਦਾ ਦਿਨ ਤੀਆਂ ਵਾਂਗ ਲੰਘਿਆ। ਸ਼ਾਮ ਨੂੰ ਉਹ ਚੰਗੇ ਮੂਡ ਵਿਚ ਘਰ ਆਇਆ। ਸੀਤੋ ਨੇ ਵੀ ਆਪਣਾ ਸ਼ਿਲਾ ਪੂਰਾ ਕਰ ਲਿਆ ਅਤੇ ਉਹ ਵੀ ਆਪਣੇ ਕਮਰੇ ਵਿਚੋਂ ਨਿਕਲ ਕੇ ਹੇਠਾਂ ਆ ਗਈ। ਸਿਰਫ ਰਾਤ ਨੂੰ ਹੀ ਉਹ ਉੱਪਰ ਜਾਂਦੀ। ਕਦੇ ਕਦੇ ਉਹ ਸੋਚਦੀ ਜੇ ਇੰਡੀਆ ਹੁੰਦੀ ਤਾਂ ਸਵਾ ਮਹੀਨਾ ਮੰਜੇ ‘ਤੇ ਹੀ ਅਰਾਮ ਕਰਨਾ ਸੀ। ਐਥੇ 'ਕੱਲੀ ਕਲਾਪੀ ਜਨਾਨੀ ਨੂੰ ਤਾਂ ਪਹਿਲੇ ਨਹੀਂ ਤਾਂ ਦੂਜੇ ਹਫਤੇ ਕਿਚਨ ਦਾ ਕੰਮ ਕਰਨਾ ਪੈਂਦਾ। ਉਹ ਹੌਕਾ ਭਰ ਕੇ ਰਹਿ ਗਈ।

ਹਫ਼ਤੇ ਕੁ ਬਾਅਦ ਸਾਰਾ ਕੁਝ ਪਹਿਲਾਂ ਵਰਗਾ ਹੀ ਹੋ ਗਿਆ। ਮੀਕੇ ਨੇ ਸੀਤੋ ਵਿਚ ਇਕ ਖਾਸ ਤਬਦੀਲੀ ਵੇਖੀ। ਹੁਣ ਜਦ ਵੀ ਮੀਕਾ ਕੰਮ ਤੋਂ ਘਰ ਆਉਂਦਾ ਤਾਂ ਉਹ ਹਮੇਸ਼ਾਂ ਖੁਸ਼ ਖੁਸ਼ ਹੁੰਦੀ। ਬੱਚਿਆਂ ਨਾਲ ਵੀ ਉਸ ਦਾ ਵਰਤਾਅ ਨਿੱਘਾ ਹੁੰਦਾ। ਹੁਣ ਉਹ ਭੱਜ ਭੱਜ ਅਤੇ ਖਿੰਝੂ ਖਿੰਝੂ ਨਾ ਕਰਦੀ। ਮੀਕੇ ਨੂੰ ਉਸ ਦੇ ਇਸ ਬਦਲੇ ਵਤੀਰੇ ਦਾ ਕਾਰਨ ਸਮਝ ਨਾ ਆਇਆ। ਦਿਲੋਂ ਉਹ ਖੁਸ਼ ਸੀ ਕਿ ਘਰ ਦਾ ਮਹੌਲ ਸ਼ਾਂਤ ਅਤੇ ਖੁਸ਼ੀ ਭਰਿਆ ਸੀ। ਸੀਤੋ ਨੂੰ ਉਹ ਕੁਝ ਕਹਿਣ ਪੁੱਛਣ ਦਾ ਤਾਂ ਸੋਚ ਵੀ ਨਹੀਂ ਸਕਦਾ ਸੀ। ਕਿਤੇ ਆਹ ਨਾ ਹੋਵੇ ਅਖੇ ਦੇਖੀਂ ਕਮਲਿਆ ਕਿਤੇ ਅੱਗ ਨਾ ਲਾ ਦੀਂ। ਕਮਲਾ ਕਹਿੰਦਾ ਆਹ ਤਾਂ ਤੂੰ ਚੰਗਾ ਯਾਦ ਕਰਾ ‘ਤਾ। ਮੈਂ ਤਾਂ ਭੁੱਲਿਆ ਈ ਬੈਠਾ ਸੀ। ਉਹ ਵੀ ਸੀਤੋ ਨੂੰ ਉਸ ਦੇ ਬਦਲੇ ਚੰਗੇ ਸੁਭਾਅ ਬਾਰੇ ਯਾਦ ਕਰਾ ਕੇ ਆਪਣੇ ਪੈਰੀਂ ਕੁਹਾੜਾ ਨਹੀਂ ਮਾਰਨਾ ਚਾਹੁੰਦਾ ਸੀ। ਸੀਤੋ ਤਾਂ ਸ਼ਾਇਦ ਕਹਿ ਦੇਵੇ ਬਈ ਲੈ ਫੇਰ ਮੈਂ ਤਾਂ ਪਹਿਲਾਂ ਵਰਗੀ ਈ ਬਣ ਜਾਨੀ ਆਂ। ਤੈਨੂੰ ਮੇਰਾ ਇਹ ਸੁਭਾਅ ਵੀ ਪਸੰਦ ਨੀ।

ਮੀਕੇ ਨੂੰ ਆਪਣੇ ਇਕ ਪੁਰਾਣੇ ਦੋਸਤ ਦੀ ਗੱਲ ਯਾਦ ਆ ਗਈ। ਉਸ ਨੂੰ ਸ਼ਰਾਬ ਪੀਣ ਦਾ ਚਸਕਾ ਸੀ। ਹਰ ਰੋਜ਼ ਲੇਟ ਘਰ ਆਉਂਦਾ। ਮਾਂ- ਪਿਉ, ਪਤਨੀ- ਬੱਚੇ ਸਾਰੇ ਮਿੰਨਤਾਂ ਕਰਦੇ ਕਿ ਉਹ ਸਮੇਂ ਸਿਰ ਘਰ ਆ ਜਾਇਆ ਕਰੇ। ਸਕੂਟਰ ਦੀ ਸਵਾਰੀ ਬਹੁਤੀ ਚੰਗੀ ਨਹੀਂ। ਸ਼ਰਾਬ ਪੀ ਕੇ ਤਾਂ ਬਿਲਕੁਲ ਹੀ ਮਾੜੀ ਐ। ਉਹ ਕਿਸੇ ਦੀ ਗੱਲ ਨਾ ਸੁਣਦਾ। ਇਕ ਦਿਨ ਮਾਂ ਅਤੇ ਪਤਨੀ ਦੇ ਨਾਲ ਨਾਲ ਬੇਟੀ ਦੇ ਹੰਝੂ ਉਸ ਤੋਂ ਵੇਖੇ ਨਾ ਗਏ ਅਤੇ ਉਹ ਸਮੇਂ ਸਿਰ ਸਿੱਧਾ ਕੰਮ ਤੋਂ ਘਰ ਆ ਗਿਆ। ਘਰ ਆਏ ਨੂੰ ਪਹਿਲਾਂ ਪਤਨੀ ਮਿਲੀ।

“ਹੈਂ---ਤੁਸੀਂ ਠੀਕ ਐਂ। ਐਨੀ ਜਲਦੀ ਘਰ ਕਿਵੇਂ---!” ਪਤਨੀ ਦਾ ਹੈਰਾਨੀ ਨਾਲ ਮੂੰਹ ਖੁੱਲ੍ਹਾ ਰਹਿ ਗਿਆ। ਅੰਦਰ ਗਿਆ ਤਾਂ ਮਾਂ ਮੰਜੇ ‘ਤੇ ਬੈਠੀ ਬੈਠੀ ਉੱਠ ਖੜ੍ਹੀ ਹੋਈ।

“ਵੇ ਪੁੱਤ ਸੁੱਖ ਆ -ਤੂੰ ਐਨੀ ਸਾਜਰੇ ----!” ਮਾਂ ਦੇ ਮੂੰਹ 'ਤੇ ਫਿਕਰ ਦਾ ਬੋਲ ਬਾਲਾ ਵੇਖ ਕੇ ਉਹ ਹੈਰਾਨ ਹੋ ਗਿਆ। ‘ਠੀਕ' ਕਹਿ ਕੇ ਆਪਣੇ ਕਮਰੇ ਵਿਚ ਕੱਪੜੇ ਬਦਲਣ ਚਲਾ ਗਿਆ। ਪਤਨੀ ਅਤੇ ਮਾਂ ਨੇ ਇਕ ਦੂਜੀ ਵੱਲ ਬੇਅਰਾਮੀ ਜਿਹੀ ਨਾਲ ਵੇਖਿਆ। ਐਨੇ ਨੂੰ ਕੁੜੀ ਨੇ ਵੀ ਪਿਉ ਨੂੰ ਕਪੜੇ ਬਦਲ ਕੇ ਬਾਹਰ ਆਇਆ ਵੇਖਿਆ ਤਾਂ ਉਸ ਦੇ ਹੱਥੋਂ ਕਿਤਾਬਾਂ ਡਿੱਗ ਪਈਆਂ।

“ਪਾਪਾ---!” ਉਹ ਹੈਰਾਨੀ ਨਾਲ ਅੱਖਾਂ ਚੌੜੀਆਂ ਕਰੀ ਪਿਉ ਵੱਲ ਵੇਖਣ ਲੱਗੀ। ਸਭ ਦਾ ਹਾਲ ਵੇਖ ਕੇ ਬੰਦਾ ਹੋਰ ਵੀ ਹੈਰਾਨ ਰਹਿ ਗਿਆ। ਸੋਚਣ ਲੱਗਾ ਬਈ ਹਰ ਰੋਜ਼ ਜਲਦੀ ਆਉਣ ਦਾ ਪਿੱਟ ਪਟੂਆ ਕਰਦੀਆਂ ਤੇ ਹੁਣ -----। ਉਹ ਸਕੂਟਰ ਤੇ ਬੈਠ ਕੇ ਬਾਹਰ ਚਲਾ ਗਿਆ ਅਤੇ ਮੁੜ ਤੋਂ ਲੇਟ ਆਉਣ ਲੱਗਾ। ਮੀਕੇ ਦੇ ਬੁੱਲ੍ਹਾਂ ‘ਤੇ ਮੁਸਕਰਾਹਟ ਆਈ ਪਰ ਉਸ ਨੇ ਬੁੱਲ੍ਹਾਂ ਵਿਚ ਹੀ ਘੁੱਟ ਲਈ। ਅੱਖਾਂ ਵਿਚਲੇ ਹਾਸੇ ਨੂੰ ਸੀਤੋ ਤੋਂ ਲਕਾਉਣ ਲਈ ਉਸ ਨੇ ਮੂੰਹ ਦੂਜੇ ਪਾਸੇ ਨੂੰ ਕਰ ਲਿਆ।

ਕੁਝ ਦਿਨਾਂ ਬਾਅਦ ਇਸਦਾ ਭੇਦ ਆਪਣੇ ਆਪ ਹੀ ਖੁੱਲ੍ਹ ਗਿਆ। ਕੰਮ ਤੋਂ ਆ ਕੇ ਮੀਕਾ ਬੀਅਰ ਦਾ ਡੱਬਾ ਲੈ ਕੇ ਬੈਠ ਗਿਆ ਤਾਂ ਸੀਤੋ ਨੇ ਆਪਣਾ ਆਸਣ ਕੋਲ ਹੀ ਲਾ ਲਿਆ। ਭੁੱਜੇ ਬਦਾਮ ਪਲੇਟ ਵਿਚ ਪਾ ਕੇ ਮੀਕੇ ਦੇ ਸਾਹਮਣੇ ਮੇਜ਼ 'ਤੇ ਲਿਆ ਰੱਖੇ। ਮੀਕੇ ਨੇ ਚੋਰ ਜਿਹੀ ਹੈਰਾਨੀ ਨਾਲ ਪਲੇਟ ਅਤੇ ਸੀਤੋ ਵੱਲ ਵੇਖਿਆ। ਉਸ ਨੂੰ ਪਤਾ ਲੱਗ ਗਿਆ ਕਿ ਅੱਜ ਕੋਈ ਨਾ ਕੋਈ ਫਰਮਾਇਸ਼ ਆਉਣ ਵਾਲੀ ਹੈ। ਕੁਝ ਦੇਰ ਸੀਤੋ ਜਸਜੀਤ ਨਾਲ ਲਾਡ ਕਰਦੀ ਰਹੀ ਜਿਸ ਨੂੰ ਉਹ ਹੁਣ ਜੀਤ ਹੀ ਸੱਦਣ ਲੱਗੇ ਸਨ। "ਤੁਸੀਂ ਦੱਸ ਦਿਉ ਜਦੋਂ ਰੋਟੀ ਖਾਣੀ ਹੋਈ, ਮੈਂ ਉਦੋਂ ਈ ਗਰਮ ਗਰਮ ਫੁਲਕੇ ਲਾਹ ਦਿਊਂ--।" ਸੀਤੋ ਦੀ ਮੁਲਾਇਮ ਅਵਾਜ਼ ਮੀਕੇ ਦੇ ਕੰਨੀ ਪਈ।

"ਬੱਸ ਲਾਹ ਈ ਦੇਹ। ਭੁੱਖ ਲੱਗੀ ਐ।" ਸੀਤੋ ਫਟਾ ਫਟ ਉੱਠ ਕੇ ਕਿਚਨ ਵਿਚ ਚਲੀ ਗਈ। ਮੀਕਾ ਵਿਚਾਰਾ ਸੋਚੀਂ ਪੈ ਗਿਆ।

ਰੋਟੀ ਖਾਣ ਤੱਕ ਉਹ ਮੀਕੇ ਨਾਲ ਮਾੜੀ ਮੋਟੀ ਗੱਲ ਕਰਦੀ ਰਹੀ। ਬਹੁਤੀ ਗੱਲ ਉਸ ਦੀਆਂ ਹੱਸਦੀਆਂ ਅੱਖਾਂ ਕਰ ਰਹੀਆਂ ਸਨ। ਭਾਂਡੇ ਚੁੱਕ ਕੇ ਉਸ ਨੇ ਕਿਚਨ ਵਿਚ ਜਾ ਕੇ ਧੋ ਸੁਆਰ ਕੇ ਰੱਖ ਦਿੱਤੇ। ਹੁਣ ਉਹ ਸਿੱਧੀ ਤਣ ਕੇ ਬੈਠ ਗਈ। ਮੀਕਾ ਸਮਝ ਗਿਆ ਕਿ ਸੀਤੋ ਨੇ ਆਪਣੀ ਫਰਮਾਇਸ਼ ਦੀ ਤਿਆਰੀ ਕਰ ਲਈ ਸੀ।

"ਮੈਂ ਜੀ ਸੋਚਦੀ ਸੀ ਬਈ ਆਪਾਂ ਇੰਡੀਆ ਈ ਗੇੜਾ ਕੱਢ ਆਈਏ। ਬੇਜੀ ਬਾਪੂ ਜੀ ਦਾ ਪਤਾ ਲੈਣਾ ਚਾਹੀਦਾ।" ਸੀਤੋ ਨੇ ਇੰਝ ਕਿਹਾ ਜਿਵੇਂ ਉਸ ਨੂੰ ਸੱਸ ਸਹੁਰੇ ਦੇ ਫਿਕਰ ਵਿਚ ਨੀਂਦ ਨਾ ਆਉਂਦੀ ਹੋਵੇ।

"ਬੇ ਜੀ ਬਾਪੂ ਜੀ ਦਾ ਈ ਜੇ ਪਤਾ ਲੈਣਾ ਤਾਂ ਮੈਂ ਈ ਇੰਡੀਆ ਜਾ ਆਉਣਾ।" ਮੀਕੇ ਨੇ ਸ਼ਰਾਰਤ ਨਾਲ ਕਿਹਾ। ਵੈਸੇ ਉਹ ਜਾਣਦਾ ਸੀ ਕਿ ਸੀਤੋ ਦੀ ਇੰਡੀਆ ਜਾਣ ਦੀ ਆਪਣੀ ਸਕੀਮ ਬਣ ਚੁੱਕੀ ਹੈ।

"ਦੇਖ ਲੋ, ਆਪਾਂ ਸਾਰੇ ਈ ਗੇੜਾ ਮਾਰ ਆਈਏ ਤਾਂ ਚੰਗਾ। ਬੇਜੀ ਬਾਪੂ ਜੀ ਕੁੜੀਆਂ ਨੂੰ ਵੀ ਵੇਖ ਲੈਣਗੇ।"

"ਖਰਚਾ ਪਤਾ ਕਿੰਨਾ ਹੋਊ! ਟਿਕਟਾਂ ਨਾਲ ਈ ਦਵਾਲਾ ਨਿੱਕਲ ਜੂ।" ਮੀਕਾ ਗੰਭੀਰਤਾ ਨਾਲ ਸੋਚਣ ਲੱਗਿਆ।

"ਕੋਈ ਨੀ ਫੇਰ ਖਰਚੇ ਬਿਨਾਂ ਤਾਂ ਸਰਨਾ ਈ ਨੀ। ਮੈਂ ਆ ਕੇ ਕੰਮ 'ਤੇ ਲੱਗ ਜੂੰ। ਮੈਂ ਹਸਾਬ ਲਾਇਆ ਟਿਕਟਾਂ ਜੋਗੇ ਤਾਂ ਆਪਣੇ ਕੋਲ ਹੈਗੇ।" ਸੀਤੋ ਨੇ ਨਰਮ ਅਵਾਜ਼ ਵਿਚ ਕਿਹਾ ਅਤੇ ਮੀਕੇ ਦੇ ਮੂੰਹ ਦਾ ਪ੍ਰਤੀਕ੍ਰਮ ਵੇਖਣ ਲੱਗੀ। ਉਹ ਮੀਕੇ ਨੂੰ ਸੋਚਦਿਆਂ ਛੱਡ ਕੇ ਆਪ ਕੁੜੀ ਲਈ ਦੁੱਧ ਗਰਮ ਕਰਨ ਚਲੀ ਗਈ। ਉਹ ਜਾਣਦੀ ਸੀ ਕਿ ਇੰਡੀਆ ਜਾਣ ਦਾ ਪ੍ਰੋਗਰਾਮ ਤਾਂ ਹਫ਼ਤੇ ਦਸ ਦਿਨਾਂ ਵਿਚ ਪੱਕਾ ਹੋਇਆ ਈ ਸਮਝੋ।

## ਸੱਤਵਾਂ

ਸੀਤੋ ਦੀ ਇੰਡੀਆ ਜਾਣ ਦੀ ਲਾਈ ਚੁਆਤੀ ਨਾਲ ਮੀਕੇ ਦੇ ਮਨ ਵਿਚ ਪਿੰਡ ਜਾਣ ਦੀ ਅੱਗ ਸੁਲਗਣ ਲੱਗੀ। ਐਨੇ ਸਾਲਾਂ ਤੋਂ ਮੀਕਾ ਪਿੰਡ ਨਾਲੋਂ ਤਕਰੀਬਨ ਟੁੱਟਿਆ ਹੀ ਰਿਹਾ। ਪਿੰਡੋਂ ਕਦੇ ਕੋਈ ਚਿੱਠੀ ਆ ਜਾਂਦੀ ਅਤੇ ਕਿਸੇ ਨਾ ਕਿਸੇ ਚਿੱਠੀ ਦਾ ਮੀਕਾ ਜਵਾਬ ਦੇ ਦਿੰਦਾ। ਸਮੇਂ ਨਾਲ ਦੋਸਤਾਂ ਮਿੱਤਰਾਂ ਦੀਆਂ ਚਿੱਠੀਆਂ ਵੀ ਘੱਟ ਗਈਆਂ ਅਤੇ ਹੌਲੀ ਹੌਲੀ ਬੰਦ ਹੋ ਗਈਆਂ। ਉਸ ਦਾ ਆਪਣਾ ਹਾਲ ਵੀ ਇਹੋ ਸੀ। ਉਹ ਵੀ ਕਿਸੇ ਨੂੰ ਘੱਟ ਵੱਧ ਹੀ ਚਿੱਠੀ ਲਿਖਦਾ।

ਸੀਤੋ ਨੇ ਪਿੰਡ ਜਾਣ ਦੀ ਗੱਲ ਕਰਕੇ ਉਸ ਨੂੰ ਮਨੋ ਮਨ ਪਿੰਡ ਦੀਆਂ ਗਲੀਆਂ ਵਿਚ ਘੁੰਮਣ ਲਾ ਦਿੱਤਾ। ਪਿੰਡ ਦੇ ਦੋਸਤ ਮਿੱਤਰ ਉਸ ਨੂੰ ਅਵਾਜ਼ਾਂ ਮਾਰਦੇ ਲੱਗੇ। ਪਿੰਡ ਦੀਆਂ ਗਲੀਆਂ ਜਿਵੇਂ ਉਸ ਦੇ ਪੈਰਾਂ ਦੀ ਛੁਹ ਨੂੰ ਤਰਸਦੀਆਂ ਹੋਣ ਜਾਂ ਮੀਕਾ ਹੀ ਆਪਣੇ ਪਿੰਡ ਦੀਆਂ ਗਲੀਆਂ ਦੀ ਛੁਹ ਨੂੰ ਤਰਸ ਰਿਹਾ ਸੀ। ਗਲੀਆਂ ਵਿਚ ਤੁਰਦਾ ਤੁਰਦਾ ਉਹ ਕੰਮੀਆਂ ਦੇ ਵਿਹੜੇ ਜਾ ਪਹੁੰਚਿਆ। ਮੀਕੇ ਦਾ ਪਿਉ ਖੇਤੀ ਕਰਦਾ ਸੀ ਅਤੇ ਕਿਸ਼ਨਾ ਉਸ ਨਾਲ ਸੀਰੀ ਸੀ। ਕਿਸ਼ਨੇ ਦੀ ਕੁੜੀ ਭੂੰਡੋ ਮੀਕੇ ਦੇ ਨਾਲ ਹੀ ਪੜ੍ਹਦੀ ਸੀ। ਚੌਥੀ ਜਮਾਤ ਵਿਚੋਂ ਹੀ ਉਹ ਪੜ੍ਹਨੋ ਹੱਟ ਗਈ ਅਤੇ ਬਾਕੀ ਕੰਮੀਆਂ ਵਾਂਗ ਆਪਣੀ ਮਾਂ ਦਾ ਗੋਹੇ ਕੂੜੇ ਜਾਂ ਹੋਰ ਮਿਹਨਤ ਮਜ਼ਦੂਰੀ ਕਰਨ ਵਿਚ ਹੱਥ ਵਟਾਉਣ ਲੱਗੀ। ਉਹ ਤੇ ਮੀਕਾ ਕਦੋਂ ਵੱਡੇ ਹੋਏ ਅਤੇ ਸੋਲ੍ਹਾਂ ਸਤ੍ਹਾਰਾਂ ਸਾਲਾਂ ਦੀ ਬੇਮੁਹਾਰ ਉਮਰ ਵਿਚ ਪਹੁੰਚੇ, ਉਹਨਾਂ ਨੂੰ ਕੋਈ ਪਤਾ ਹੀ ਨਾ ਲੱਗਾ। ਇਕ ਦਿਨ ਅਚਾਨਕ ਅੱਖਾਂ ਮਿਲੀਆਂ ਅਤੇ ਬੁੱਲ੍ਹ ਮੁਸਕਰਾਏ। ਫਿਰ ਇਹ ਅੱਖਾਂ ਇਕੱਲ ਲੱਭਦੀਆਂ ਰਹਿੰਦੀਆਂ ਅਤੇ ਇਕੱਲ ਮਿਲਦੀ ਖੇਤ।

ਭੂੰਡੋ ਦੇ ਦਰਾਵੜੀ ਰੰਗ ਵਿਚ ਪਾਂਡੋ ਮਿੱਟੀ ਵਰਗੀ ਪੀਲੀ ਭਾਅ ਮੀਕੇ ਨੂੰ ਹੋਰ ਵੀ ਨਸ਼ਿਆ ਜਾਂਦੀ। ਉਹਦੀਆਂ ਕਾਲੀਆਂ ਸ਼ਾਹ ਮੋਟੀਆਂ ਮੋਟੀਆਂ ਅੱਖਾਂ ਮੀਕੇ ਨੂੰ ਜ਼ਖਮੀ ਕਰ ਜਾਂਦੀਆਂ। ਚੜ੍ਹਦੀ ਜਵਾਨੀ ਵਿਚ ਮੀਕੇ ਨੂੰ ਭੂੰਡੋ ਪਰੀ ਲਗਦੀ। ਭੂੰਡੋ ਵੀ ਮੀਕੇ ਨੂੰ ਚੁੰਨੀ ਦੇ ਪੱਲੂ ਨਾਲ ਇਸ਼ਾਰਾ ਕਰ ਜਾਂਦੀ ਅਤੇ ਮੀਕਾ ਪਾਗਲ ਜਿਹਾ ਹੋਇਆ ਉਸ ਦੇ ਪਿੱਛੇ ਭੱਜ ਜਾਂਦਾ। ਚੜ੍ਹਦੀ ਜਵਾਨੀ ਦੇ ਇਸ਼ਕ ਦਾ ਨਸ਼ਾ ਚਾਲ ਬਦਲ ਦਿੰਦਾ ਹੈ ਅਤੇ ਇਹ ਬਦਲੀ ਚਾਲ ਭੂੰਡੋ ਦੇ ਮਾਂ ਪਿਉ ਤੋਂ ਗੁੱਝੀ ਨਾ ਰਹੀ। ਕਿਸ਼ਨੇ ਨੇ ਸੀਰ ਛੱਡ ਕੇ ਕਿਸੇ ਹੋਰ ਨਾਲ ਕਰ ਲਿਆ ਅਤੇ ਭੂੰਡੋ ਨੂੰ ਜਲਦੀ ਤੋਂ ਜਲਦੀ ਵਿਆਹੁਣ ਲਈ ਹੱਥ ਪੈਰ ਮਾਰਣ ਲੱਗਾ। ਮਿਹਨਤ ਰੰਗ ਲਿਆਈ ਅਤੇ ਭੂੰਡੋ ਦਾ ਵਿਆਹ ਹੋ ਗਿਆ। ਕੁਝ ਦੇਰ ਬਾਅਦ ਮੀਕੇ ਦਾ ਵਿਆਹ ਵੀ ਹੋ ਗਿਆ। ਮੀਕੇ ਨੂੰ ਭੂੰਡੋ ਭੁੱਲ ਗਈ ਅਤੇ ਸ਼ਾਇਦ ਭੂੰਡੋ ਨੂੰ ਵੀ ਮੀਕਾ ਭੁੱਲ ਗਿਆ ਹੋਵੇ। ਮੀਕੇ ਨੂੰ ਉਹ ਫਿਰ ਕਦੇ ਖਾਸ ਨਾ ਮਿਲੀ। ਅੱਜ ਮੀਕੇ ਨੂੰ ਭੂੰਡੋ ਦੀ ਯਾਦ ਪਤਾ ਨੀ ਕਿਵੇਂ ਆ ਗਈ ਸੀ!

ਮੀਕੇ ਨੇ ਦੋ ਕੁ ਟਰੈਵਲ ਏਜੰਟਾਂ ਨੂੰ ਫੋਨ ਕਰ ਕੇ ਟਿਕਟਾਂ ਦਾ ਪਤਾ ਕੀਤਾ ਅਤੇ ਸੀਤੋ ਨੂੰ ਰਿਪੋਰਟ ਦਿੱਤੀ। ਆਪਣੀ ਬੈਂਕ ਦਾ ਹਿਸਾਬ ਕਿਤਾਬ ਲਾਇਆ। ਮੈਨੇਜਰ ਤੋਂ ਛੁੱਟੀਆਂ ਦਾ ਪਤਾ ਕੀਤਾ ਤਾਂ ਉਸ ਨੇ ਕ੍ਰਿਸਮਸ ਦੀਆਂ ਦੋ ਹਫ਼ਤੇ ਦੀਆਂ ਛੁੱਟੀਆਂ ਦੇ ਨਾਲ ਇੱਕ ਹਫ਼ਤਾ ਹੋਰ ਛੁੱਟੀਆਂ ਦੇਣੀਆ ਮੰਨ ਲਈਆਂ।

"ਮੇਰੇ ਕੋਲ ਤਾਂ ਤਿੰਨ ਹਫ਼ਤੇ ਈ ਹੋਣਗੇ। ਫੇਰ ਤਾਂ ਤਿੰਨ ਹਫ਼ਤੇ ਖਾਤਰ ਈ ਜਾ ਹੋਊ।" ਮੀਕੇ ਨੇ ਸੀਟ ਬੁੱਕ ਕਰਵਾਉਣ ਤੋਂ ਪਹਿਲਾਂ ਸੀਤੋ ਨਾਲ ਰਾਇ ਕੀਤੀ।

"ਤੁਸੀਂ ਤਿੰਨ ਹਫ਼ਤੇ ਲਾ ਕੇ ਆ ਜਿਉ। ਸਾਡੀਆਂ ਤਾਂ ਸੀਟਾਂ ਛੇ ਸੱਤ ਹਫ਼ਤੇ ਦੇ ਹਸਾਬ ਨਾਲ ਕਰਾ ਦਿਉ। ਰੋਜ਼ ਕਿਹੜਾ ਜਾਇਆ ਜਾਂਦਾ। ਬੁੱਕ ਪੈਸਿਆਂ ਦਾ ਲਾ ਕੇ ਤਿੰਨ ਹਫ਼ਤੇ ਜਾਣ ਦਾ ਕੀ ਫੈਦਾ!" ਸੀਤੋ ਨੇ ਆਪਣੀ ਗੱਲ ਪੱਥਰ 'ਤੇ ਲਕੀਰ ਸਮਝ ਕੇ ਮੀਕੇ ਲਈ ਚਾਹ ਦਾ ਕੱਪ ਲੈ ਆਂਦਾ।

ਮੀਕੇ ਨੇ ਟਿਕਟਾਂ ਬੁੱਕ ਕਰਾ ਦਿੱਤੀਆਂ ਅਤੇ ਪਿੰਡ ਵੀ ਪਤਾ ਕਰ ਦਿੱਤਾ। ਮਾਂ ਪਿਉ ਤੋਂ ਤਾਂ ਚਾਅ ਸਾਂਭਿਆ ਨਹੀਂ ਸੀ ਜਾਂਦਾ। ਉਹਨਾਂ ਨੇ ਘਰ ਨੂੰ ਰੰਗ ਕਰਾਉਣ ਲਈ ਮਿਸਤਰੀ ਲਾ ਲਿਆ। ਉਹ ਹਰ ਰੋਜ਼ ਦਿਨ ਗਿਨਣ ਲੱਗੇ। ਉਹਨਾਂ ਨੂੰ ਲਗਦਾ ਜਿਵੇਂ ਸਮਾਂ ਪਲਾਥੀ ਮਾਰ ਕੇ ਬੈਠ ਗਿਆ ਹੋਵੇ ਅਤੇ ਦਿਨ ਤੁਰਦੇ ਤਾਂ ਕੀ ਸਰਕਦੇ ਵੀ ਨਾ ਹੋਣ। ਇੱਧਰ ਸੀਤੋ ਨੇ ਅਟੈਚੀਆਂ ਵਿਚ ਸੂਟ ਤੁੰਨਣੇ ਸ਼ੁਰੂ ਕਰ ਦਿੱਤੇ। ਉਹਦੀ ਲਿਸਟ ਵਾਹਵਾ ਲੰਬੀ ਸੀ। ਇਹਨਾਂ ਸੂਟਾਂ ਦਾ ਮੀਕੇ ਨੂੰ ਕੋਈ ਇਲਮ ਨਹੀਂ ਸੀ। ਆਖ਼ਰੀ ਦਿਨ ਤੱਕ ਸੀਤੋ ਦੀ ਤਿਆਰੀ ਹੁੰਦੀ ਰਹੀ। ਮੀਕੇ ਨੇ ਤਾਂ ਭਰੇ ਹੋਏ ਅਟੈਚੀ ਚੁੱਕਣੇ ਹੀ ਸਨ ਅਤੇ ਉਹ ਉਸ ਨੇ ਚੁੱਕ ਲਏ।

ਏਅਰਪੋਰਟ 'ਤੇ ਭਾਰ ਜੋਖਣ ਵੇਲੇ ਉਹਨਾਂ ਕੋਲ ਭਾਰ ਵੱਧ ਗਿਆ। ਮੀਕੇ ਨੂੰ ਕੋਈ ਸਮਝ ਨਹੀ ਲੱਗ ਰਹੀ ਸੀ ਕਿ ਆਖਰ ਐਨਾ ਭਾਰ ਕਾਹਦੇ ਨਾਲ ਹੋ ਗਿਆ ਸੀ।

"ਤੂੰ ਕੀ ਲੋਹਾ ਪਾ ਲਿਆਈ ਐ! ਐਨਾ ਤੂੰ ਲੈ ਕੇ ਕੀ ਜਾਣਾ ਐ!" ਮੀਕਾ ਭਮੱਤਰਿਆ ਖੜ੍ਹਾ ਸੀ। ਭਾਰ ਤੋਲਣ ਵਾਲੀ ਕੁੜੀ ਪੈਸੇ ਮੰਗ ਰਹੀ ਸੀ ਜਾਂ ਭਾਰ ਘੱਟ ਕਰਨ ਲਈ ਕਹਿ ਰਹੀ ਸੀ। ਸੀਤੋ ਨੂੰ ਉਹ ਜ਼ਹਿਰ ਦੀ ਪੁੜੀ ਲੱਗੀ ਜਿਹੜੀ ਦੱਸ ਕਿਲੋ ਵੱਧ ਭਾਰ ਨਹੀਂ ਲੰਘਣ ਦੇ ਰਹੀ ਸੀ। ਸੀਤੋ ਨੇ ਬਥੇਰੀਆਂ ਮਿੰਨਤਾਂ ਕੀਤੀਆਂ ਪਰ ਉਹ ਨਾ ਮੰਨੀ। ਐਨੇ ਪੈਸੇ ਦੇਣ ਲਈ ਮੀਕਾ ਤਿਆਰ ਨਹੀਂ ਸੀ। ਉਸ ਨੂੰ ਇਹ ਸਭ ਬੇਵਕੂਫੀ ਲਗਦੀ ਸੀ।

ਕੋਈ ਹੋਰ ਰਾਹ ਨਾ ਨਿਕਲਦਾ ਵੇਖ ਕੇ ਸੀਤੋ ਨੇ ਅਟੈਚੀ ਖੋਲ੍ਹ ਲਏ ਅਤੇ ਨਿੱਕ ਸੁੱਕ ਕੱਢ ਕੇ ਵੱਖਰੇ ਬੈਗ ਵਿਚ ਪਾ ਲਿਆ। ਬੈਗ ਉਸ ਨੇ ਬੀਰੇ ਨੂੰ ਫੜਾ ਦਿੱਤਾ ਜਿਹੜਾ ਉਹਨਾਂ ਨੂੰ ਏਅਰਪੋਰਟ 'ਤੇ ਛੱਡਣ ਆਇਆ ਸੀ। ਮੀਕਾ ਸੀਤੋ 'ਤੇ ਖਿੱਝ ਰਿਹਾ ਸੀ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸੀਤੋ ਮੀਕੇ ਦੀ ਖਿੱਝ ਵੱਲ ਕੋਈ ਧਿਆਨ ਨਹੀਂ ਦੇ ਰਹੀ ਸੀ। ਮੀਕੇ ਨੂੰ ਇੰਝ ਏਅਰਪੋਰਟ 'ਤੇ ਖਲਾਰਾ ਪਾਉਣਾ ਬਹੁਤ ਬੇਇੱਜਤੀ ਭਰਿਆ ਲੱਗਿਆ। ਉਹ ਬੁੜ ਬੁੜ ਕਰਦਾ ਰਿਹਾ ਅਤੇ ਸੀਤੋ ਭਾਰ ਨੂੰ ਠੀਕ ਕਰਨ ਲੱਗੀ ਰਹੀ। ਅਖੀਰ ਸੀਤੋ ਨੇ ਮਰਲੇ ਥਾਂ ਵਿਚ ਖਿਲਾਰੀਆਂ ਅਟੈਚੀਆਂ ਨੂੰ ਤਾਲੇ ਲਾਏ ਜਿਹਨਾ ਨੂੰ ਅੱਧੇ ਮੁਸਫਰਾਂ ਨੇ ਵੇਖ ਲਿਆ ਸੀ। ਸਾਰੇ ਉਸ ਦੀ ਇਸ ਲਾਈ ਦੁਕਾਨ ਵੱਲ ਲੁਕਵੀਆਂ ਅੱਖਾਂ ਨਾਲ ਵੇਖਦੇ ਅਤੇ ਅੱਗੇ ਲੰਘ ਜਾਂਦੇ। ਦੇਸੀ ਭਾਈਵੰਦ ਤਾਂ ਮਾੜਾ ਜਿਹਾ ਮੁਸਕਰਾ ਵੀ ਜਾਂਦੇ। ਜਿਵੇਂ ਕਹਿ ਰਹੇ ਹੋਣ ਕੋਈ ਨਾ ਆਪਣਾ ਸੁਭਾਅ ਈ ਆ ਤੇ ਨਾ ਆਪਾਂ ਆਪਣਾ ਸੁਭਾਅ ਬਦਲਣਾ ਈ ਐ।

ਦੂਸਰੀ ਵੇਰ ਭਾਰ ਤੋਲਿਆ ਤਾਂ ਅਜੇ ਵੀ ਤਿੰਨ ਕਿਲੋ ਭਾਰ ਵੱਧ ਸੀ। ਕੁੜੀ ਨੇ ਸੀਤੋ ਦੀ ਮਿੰਨਤ ਤਰਲੇ ਨੂੰ ਮੰਨ ਕੇ ਭਾਰ ਲੰਘਣ ਦੇ ਦਿੱਤਾ। ਨਾਲ ਹੀ ਉਸ ਨੇ ਹੈਂਡ ਬੈਗ 'ਤੇ ਭਾਰ ਲਿਖ ਦਿੱਤਾ ਅਤੇ ਸੀਤੋ ਨੂੰ ਦੱਸ ਦਿੱਤਾ ਕਿ ਜੇ ਉਸ ਨੇ ਵਾਧੂ ਭਾਰ ਹੈਂਡ ਬੈਗ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵਾਧੂ ਪੈਸੇ ਦੇਣੇ ਪੈਣਗੇ, ਹੋ ਸਕਦਾ ਕਿ ਉਸ ਦੇ ਹੈਂਡ ਬੈਗ ਅੱਗੇ ਜਾ ਕੇ ਤੋਲੇ ਜਾਣ। "ਨਹੀਂ ਨਹੀਂ , ਇਹ ਤਾਂ ਅਸੀਂ ਵਾਪਿਸ ਭੇਜ ਰਹੇ ਆਂ--।" ਸੀਤੋ ਨੇ ਵਾਅਦਾ ਕੀਤਾ। ਭਾਰ ਲੰਘਾ ਕੇ ਉਹਨਾਂ ਨੇ ਸੁੱਖ ਦਾ ਸਾਹ ਲਿਆ ਅਤੇ ਡੀਪਾਰਚਰ ਵੱਲ ਨੂੰ ਆ ਗਏ। ਬੀਰੇ ਤੋਂ ਸੀਤੋ ਨੇ ਬੈਗ ਫੜ ਲਿਆ ਅਤ ਨਿੱਕ ਸੁੱਕ ਆਪਣੇ ਹੈਂਡ ਬੈਗਾਂ ਵਿਚ ਪਾਉਣ ਦੀ ਕੋਸ਼ਿਸ਼ ਕਰਨ ਲੱਗੀ। ਮੀਕੇ ਨੇ ਉਸ ਦੇ ਹੱਥੋਂ ਬੈਗ ਫੜ ਕੇ ਬੀਰੇ ਨੂੰ ਫੜਾ ਦਿੱਤਾ। ਦੋਵਾਂ ਦੀਆਂ ਅੱਖਾਂ ਵਿਚ ਅੰਗਾਰੇ ਬਲਣ ਲੱਗੇ। ਦੋਵੇਂ ਆਪਣੇ ਆਪ ਨੂੰ ਠੀਕ ਮੰਨ ਰਹੇ ਸਨ। ਦੋਵਾਂ ਦਾ ਸਫ਼ਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੌੜਾ ਹੋ ਗਿਆ ਸੀ। ਸਾਰਾ ਰਾਹ ਉਹ ਇਕ ਦੂਜੇ ਨਾਲ ਮੂੰਹ ਮੋਟਾ ਕਰੀ ਬੈਠੇ ਰਹੇ।

ਦਿੱਲੀ ਏਅਰਪੋਰਟ'ਤੇ ਪਹੁੰਚ ਕੇ ਉਹਨਾਂ ਦਾ ਸਮਾਨ ਜਲਦੀ ਹੀ ਆ ਗਿਆ। ਪਹਿਲਾਂ ਨਾਲੋਂ ਦਿੱਲੀ ਏਅਰਪੋਰਟ ਕਾਫੀ ਚੰਗਾ ਬਣ ਗਿਆ ਸੀ। ਉਹ ਸਮਾਨ ਲੈ ਕੇ ਬਾਹਰ ਆਏ ਤਾਂ ਆਪਣੇ ਸੱਜਨਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੀ ਉਡੀਕ ਵਿਚ ਖੜ੍ਹੇ ਲੋਕਾਂ ਦੀ ਭੀੜ ਨੂੰ ਪਾਰ ਕਰਕੇ ਬਾਹਰ ਜਾ ਕੇ ਨਿਵੇਕਲੇ ਜਿਹੇ ਖੜ੍ਹ ਗਏ। ਮੀਕੇ ਦੀਆਂ ਨਜ਼ਰਾਂ ਮੋਹਣੇ ਨੂੰ ਲੱਭਣ ਲੱਗੀਆਂ ਜਿਹੜਾ ਕਿਸੇ ਸਮੇਂ ਉਸ ਦਾ ਹਮ-ਜਮਾਤੀ ਵੀ ਰਿਹਾ ਸੀ ਅਤੇ ਹੁਣ ਟੈਕਸੀ ਚਲਾ ਕੇ ਆਪਣਾ ਗੁਜ਼ਾਰਾ ਕਰਦਾ ਸੀ। ਮੋਹਣੇ ਦਾ ਪਹਿਲਾਂ ਵਾਲਾ ਮੁਹਾਂਦਰਾ ਹੀ ਉਸ ਨੂੰ ਯਾਦ ਸੀ। ਉਹ ਸੋਚ ਰਿਹਾ ਸੀ ਕਿ ਹੁਣ ਭਲਾ ਮੋਹਣਾ ਕਿਹੋ ਜਿਹਾ ਲਗਦਾ ਹੋਵੇਗਾ! ਟੈਕਸੀਆਂ ਵਾਲਿਆਂ ਨੇ ਉਹਨਾਂ ਨੂੰ ਘੇਰਾ ਪਾ ਲਿਆ।

"ਆਉ ਬਾਊ ਜੀ -ਬੈਠੋ ਕਿਥੇ ਜਾਣਾ ਐ!"

“ਬਾਊ ਜੀ ਆਪਣੀ ਨਵੀਂ ਟੈਕਸੀ ਏ। ਆਉ ਜੇ ਪੰਜਾਬ ਚੱਲਣਾ ਏ-!” ਹਰ ਕੋਈ ਆਪਣੀ ਬੋਲੀ ਬੋਲ ਰਿਹਾ ਸੀ। ਮੀਕਾ ਸੋਚ ਰਿਹਾ ਸੀ ਕਿ ਪੰਜਾਬ ਦੇ ਬੰਦੇ ਨੂੰ ਟੈਕਸੀ ਵਾਲੇ ਵੀ ਝੱਟ ਪਛਾਣ ਲੈਂਦੇ ਐ।

“ਬਾਈ ਸਾਡੀ ਟੈਕਸੀ ਪੰਜਾਬੋਂ ਆਈ ਹੋਈ ਐ। ਮੈਂ ਕਿਧਰੇ ਨੀ ਜਾਣਾ।” ਮੀਕੇ ਨੇ ਲਾ-ਪ੍ਰਵਾਹ ਹੋਣ ਦੀ ਕੋਸ਼ਿਸ਼ ਕੀਤੀ। ਕੁਝ ਮਿੰਟਾਂ ਬਾਅਦ ਮੋਹਣੇ ਨੇ ਆ ਕੇ ਉਸ ਨੂੰ ਜੱਫੀ ਪਾ ਲਈ। ਮੀਕੇ ਨੂੰ ਪਹਿਲਾਂ ਤਾਂ ਉਸ ਦੀ ਪਹਿਚਾਣ ਹੀ ਨਾ ਆਈ। ਉਸ ਦੇ ਮੂੰਹ ‘ਤੇ ਦੁਖਾਂ ਸੁੱਖਾਂ ਅਤੇ ਲੋੜਾਂ ਥੋੜਾਂ ਦੀਆਂ ਕਹਾਣੀਆਂ ਦੀਆਂ ਲਕੀਰਾਂ ਸਾਫ਼ ਅਤੇ ਡੂੰਘੀਆਂ ਦਿਖਾਈ ਦਿੰਦੀਆਂ ਸਨ।

“ਮੈਂ ਥੋਨੂੰ ਬਹੁਤ ਖਿਆਲ ਨਾਲ ਦੇਖਦਾ ਰਿਹਾ ਪਰ ਤੁਹਾਡਾ ਪਤਾ ਈ ਨੀ ਲੱਗਿਆ ਕਦੋਂ ਬਾਹਰ ਆ ਗਏ।” ਸੀਤੋ ਵੱਲ ਮੋਹਣੇ ਨੇ ਚੋਰ ਅੱਖ ਨਾਲ ਵੇਖਦਿਆਂ ਮੀਕੇ ਨੂੰ ਕਿਹਾ ਅਤੇ ਸਮਾਨ ਵਾਲੀ ਟਰਾਲੀ ਧੱਕਣ ਲੱਗਾ।

“ਬੱਸ ਅਸੀਂ ਵੀ ਹੁਣੇ ਈ ਬਾਹਰ ਨਿਕਲੇ ਆਂ।” ਮੀਕਾ ਅਜੇ ਵੀ ਮੋਹਣੇ ਬਾਰੇ ਸੋਚ ਰਿਹਾ ਸੀ ਜਿਹੜਾ ਮੀਕੇ ਦੇ ਹਾਣ ਦਾ ਹੁੰਦਾ ਹੋਇਆ ਵੀ ਉਸ ਨਾਲੋਂ ਦੱਸ ਸਾਲ ਵੱਡਾ ਲਗਦਾ ਸੀ। ਕਾਰ ਪਾਰਕ ਵਿਚ ਆ ਕੇ ਮੋਹਣੇ ਨੇ ਗੱਡੀ ਵਿਚ ਸਮਾਨ ਰੱਖਿਆ ਅਤੇ ਸੀਤੋ ਨੂੰ ਵਿਚ ਬੈਠਣ ਲਈ ਕਿਹਾ। ਮੀਕੇ ਨੇ ਉਸ ਨਾਲ ਸਮਾਨ ਰੱਖਣ ਦੀ ਮੱਦਦ ਕੀਤੀ ਜਿਸ ਨੂੰ ਮੋਹਣਾ ਵਾਰ ਵਾਰ ਇਨਕਾਰ ਕਰਦਾ ਰਿਹਾ।

“ਬਾਈ ਤੂੰ ਵਿਚ ਬੈਠ । ਸਾਡਾ ਤਾਂ ਇਹ ਰੋਜ ਦਾ ਕੰਮ ਐ।” ਮੀਕੇ ਨੂੰ ਫਿਰ ਵੀ ਮੋਹਣੇ ਤੋਂ ਸਮਾਨ ਰਖਾਉਂਦਿਆਂ ਚੰਗਾ ਨਹੀਂ ਲੱਗ ਰਿਹਾ ਸੀ।

ਦਿੱਲੀ ਵਿਚ ਟਰੈਫਕ ਦਾ ਸਮਾਂ ਲੰਘ ਗਿਆ ਸੀ। ਸਵੇਰ ਦੇ ਗਿਆਰਾਂ ਕੁ ਵੱਜੇ ਸਨ। ਫਿਰ ਵੀ ਸੜਕਾਂ ‘ਤੇ ਕਾਰਾਂ ਦਾ ਹੜ੍ਹ ਆਇਆ ਹੋਇਆ ਸੀ। ਉਹ ਪਿੰਡ ਦੀਆਂ ਗੱਲਾਂ ਕਰਦੇ ਹੌਲੀ ਹੌਲੀ ਕਰਨਾਲ ਬਾਈ ਪਾਸ ‘ਤੇ ਆ ਗਏ। “ਲੈ ਬਾਈ ਟਰੈਫਕ ਦਾ ਦਰਿਆ ਤਾਂ ਲੰਘ ਆਏ। ਹੁਣ ਜਿਥੇ ਕਿਤੇ ਰੁਕਣਾ ਹੋਇਆ ਦੱਸ ਦਿਉ...।” ਮੋਹਣੇ ਨੂੰ ਦਿੱਲੀ ਲੰਘ ਕੇ ਜਿਵੇਂ ਸੁੱਖ ਦਾ ਸਾਹ ਆਇਆ ਹੋਵੇ।

ਮੀਕੇ ਨੇ ਸੜਕਾਂ ਅਤੇ ਫੁੱਟਪਾਥਾਂ ‘ਤੇ ਪਏ ਗੰਦ ਦੇ ਢੇਰ ਵੇਖੇ। ਹਰ ਮੋੜ ‘ਤੇ ਖੜ੍ਹੇ ਮੰਗਤੇ ਦੇਖੇ ਜਿਹੜੇ ਸ਼ਾਇਦ ਢਿੱਡ ਦੇ ਫ਼ਿਕਰ ਵਿਚ ਮਹੀਨਿਆਂ ਬੱਧੀ ਨਹਾਉਣ ਬਾਰੇ ਸੋਚਦੇ ਵੀ ਨਹੀਂ ਲਗਦੇ ਸਨ। ਉਹਨਾਂ ਦੀਆਂ ਵਗਦੀਆਂ ਨਲੀਆਂ, ਪੈਰਾਂ 'ਤੇ ਜੰਮੀ ਮੈਲ, ਨੰਗੇ ਪੈਰਾਂ ਵਿਚ ਬਿਆਈਆਂ ਨਾਲ ਪਾਟੀਆਂ ਅੱਡੀਆਂ, ਜਟੂਰੀਆਂ ਬਣੇ ਵਾਲ, ਫਟੇ ਕੱਪੜੇ ਅਤੇ ਮਜ਼ਲੂਮ ਚਿਹਰੇ ਵੇਖ ਕੇ ਮੀਕਾ ਉਦਾਸ ਹੋ ਗਿਆ। ਗੱਡੀ ਦਾ ਸ਼ੀਸ਼ਾ ਖੋਲ੍ਹ ਕੇ ਉਸ ਨੇ ਬੰਦ ਕਰ ਦਿੱਤਾ। ਗੰਦ ਦੇ ਢੇਰਾਂ ਵਿਚੋਂ ਆਈ ਮੁਸ਼ਕ ਉਸ ਦੇ ਸਿਰ ਨੂੰ ਚੜ੍ਹਨ ਲੱਗੀ ਸੀ। ਉਸ ਨੂੰ ਬਹੁਤੀ ਸਫ਼ਾਈ ਦੀ ਉਮੀਦ ਵੀ ਨਹੀਂ ਸੀ ਪਰ ਉਹ ਸੋਚ ਰਿਹਾ ਸੀ ਕਿ ਐਨੇ ਸਾਲਾਂ ਵਿਚ ਭਾਰਤ ਨੇ ਜ਼ਰੂਰ ਤਰੱਕੀ ਕੀਤੀ ਹੋਵੇਗੀ ਅਤੇ ਕੁਝ ਨਾ ਕੁਝ ਸੁਧਾਰ ਹੋਇਆ ਹੋਵੇਗਾ। ਸਭ ਕੁਝ ਵੇਖ ਕੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਭਾਰਤ ਦਾ ਗਰੀਬ ਹੋਰ ਵੀ ਪਿਛਾਂਹ ਚਲਿਆ ਗਿਆ ਹੋਵੇ।

ਸੀਤੋ ਨੇ ਮੀਕੇ ਨੂੰ ਗੱਡੀ ਰੋਕ ਕੇ ਬੱਚੀ ਲਈ ਗਰਮ ਪਾਣੀ ਕਰਵਾਉਣ ਲਈ ਕਿਹਾ ਤਾਂਕਿ ਉਸ ਨੂੰ ਡੱਬੇ ਦਾ ਦੁੱਧ ਪਿਲਾ ਸਕੇ। ਹੁਣ ਤੱਕ ਲੰਡਨ ਏਅਰਪੋਰਟ ਦਾ ਗੁੱਸਾ ਗਿਲਾ ਖਤਮ ਹੋ ਗਿਆ ਸੀ। ਉਹ ਦੋਵੇਂ ਹੀ ਆਪਣੇ ਆਪਣੇ ਮਾਪਿਆਂ ਬਾਰੇ ਸੋਚ ਕੇ ਮਿਲਣ ਦੀ ਤਾਂਘ ਨੂੰ ਚਾਅ ਨਾਲ ਸਾਂਭੀ ਬੈਠੇ ਸਨ। ਅੱਖਾਂ ਵਿਚ ਪਿੰਡ ਦੀਆਂ ਗਲੀਆਂ ਅਤੇ ਦੋਸਤਾਂ ਮਿੱਤਰਾਂ ਦੇ ਮੇਲ ਦੇ ਤੈਰਦੇ ਸੁਪਨਿਆਂ ਨੇ ਸਾਰੀ ਨਰਾਜ਼ਗੀ ਕਫ਼ੂਰ ਕਰ ਦਿੱਤੀ ਸੀ। ਮੀਕੇ ਨੇ ਮੋਹਣੇ ਨੂੰ ਗੱਡੀ ਖੜ੍ਹੀ ਕਰਨ ਲਈ ਕਿਹਾ।

“ਯਾਰ ਕਿਸੇ ਸਾਫ਼ ਜੇ ਰੈਸਟੋਰੈਂਟ ‘ਤੇ ਗੱਡੀ ਰੋਕ ਲੀਂ। ਨਾਲੇ ਲੱਤਾਂ ਸਿੱਧੀਆਂ ਹੋ ਜਾਣਗੀਆਂ।” ਮੀਕੇ ਨੇ ਦੁਖਦੇ ਗੋਡਿਆਂ ‘ਤੇ

ਹੱਥ ਫੇਰਿਆ। ਉਹਨਾਂ ਦੇ ਬੈਠਿਆਂ ਦੇ ਗੋਡੇ ਜੁੜ ਗਏ ਮਹਿਸੂਸ ਹੋ ਰਹੇ ਸਨ। ਬੱਚੇ ਪਹਿਲਾਂ ਤਾਂ ਦਿੱਲੀ ਉੱਤਰਨ ਸਾਰ ਹੀ ਪੁੱਛਣ ਲੱਗੇ ਸਨ-

"ਪਾਪਾ ਆਪਾਂ ਇੰਡੀਆ ਕਦੋਂ ਪਹੁੰਚਾਂਗੇ---!" ਉਹਨਾਂ ਨੂੰ ਇੰਡੀਆ ਕਿਸੇ ਖਾਸ ਹੀ ਬਲਾ ਦਾ ਨਾਂ ਲਗਦਾ ਸੀ। ਜਦ ਮੀਕੇ ਨੇ ਬੱਚੀ ਦੀ ਗੱਲ੍ਹ 'ਤੇ ਚੁੰਮਣ ਦੇ ਕੇ ਕਿਹਾ

"ਪੁੱਤ ਆਪਾਂ ਇੰਡੀਆ ਪਹੁੰਚਗੇ।" ਬੱਚੀ ਨੇ ਚਾਰੇ ਪਾਸੇ ਨਿਗਾਹਾਂ ਫੇਰੀਆਂ ਜਿਵੇਂ ਇੰਡੀਆ ਬਾਰੇ ਉਸ ਦੀ ਤਸੱਲੀ ਨਾ ਹੋਈ ਹੋਵੇ। ਗੋਰਿਆਂ ਦੀ ਥਾਂ ਭੂਰੇ ਲੋਕ ਅਤੇ ਧੂੜ ਮਿੱਟੀ ਤੋਂ ਬਿਨਾਂ ਹੋਰ ਕੁਝ ਵੀ ਵੱਖਰਾ ਨਹੀਂ ਸੀ। ਕੁੜੀ ਫਿਰ ਮੀਕੇ ਦੇ ਮੋਢੇ ਲੱਗ ਕੇ ਸੌਂ ਗਈ। ਸ਼ਾਇਦ ਉਸ ਨੇ ਇੰਡੀਆ ਨੂੰ ਵੇਖ ਕੇ ਆਪਣਾ ਚਾਅ ਪੂਰਾ ਕਰ ਲਿਆ ਸੀ।

ਬੱਚੇ ਸੀਤੋ ਦੀ ਗੋਦੀ ਵਿਚ ਪਏ ਸਨ ਅਤੇ ਵੱਡੀ ਸੀਟ ਨਾਲ ਢੋਅ ਲਾਈ ਸੌਂ ਰਹੀ ਸੀ। ਸੀਤੋ ਵੀ ਕਦੇ ਅੱਖਾਂ ਬੰਦ ਕਰ ਲੈਂਦੀ ਅਤੇ ਕਦੇ ਕੋਈ ਕੰਨ ਪਾੜਵੀਂ ਹਾਰਨ ਦੀ ਚੀਖ ਉਸ ਨੂੰ ਜਗਾ ਦਿੰਦੀ। ਥਕੇਵੇਂ ਨੇ ਉਹਨਾਂ ਦੇ ਸਰੀਰ ਨਿਢਾਲ ਕੀਤੇ ਹੋਏ ਸਨ। ਬੱਚਿਆਂ ਨੂੰ ਤਾਂ ਜਿਵੇਂ ਨੀਂਦ ਦੀਆਂ ਗੋਲੀਆਂ ਦੇ ਕੇ ਸੁਆ ਦਿੱਤਾ ਹੋਵੇ। ਮੀਕੇ ਨੂੰ ਅੱਧੀਏ ਦਾ ਨਸ਼ਾ ਹੋਇਆ ਲਗਦਾ ਸੀ।

ਇਕ ਚਲੰਤ ਜਿਹੇ ਢਾਬੇ 'ਤੇ ਮੋਹਣੇ ਨੇ ਗੱਡੀ ਰੋਕ ਦਿੱਤੀ। ਮੀਕੇ ਨੇ ਮੋਹਣੇ ਵੱਲ ਹੈਰਾਨੀ ਨਾਲ ਵੇਖਿਆ ਪਰ ਕਿਹਾ ਕੁਝ ਨਾ। ਉਸ ਨੇ ਮਹਿਸੂਸ ਕਰ ਲਿਆ ਕਿ ਡਰਾਇਵਰ ਆਪਣੀ ਮਨ ਪਸੰਦ ਦੀ ਥਾਂ 'ਤੇ ਹੀ ਰੁਕਣਾ ਪਸੰਦ ਕਰਦੇ ਹਨ। ਉਹਨਾਂ ਨੂੰ ਭਾਂਵੇਂ ਜੋ ਮਰਜ਼ੀ ਕਹੀ ਚਲੋ। ਮੀਕੇ ਨੇ ਗੱਡੀ ਵਿਚੋਂ ਬਾਹਰ ਨਿੱਕਲ ਕੇ ਅਗਾਢੀ ਭੰਨੀ। ਆਪਣੀਆਂ ਬਾਂਹਾਂ ਨੂੰ ਬਾਹਰ ਨੂੰ ਕੱਢ ਕੇ ਦੋਨਾਂ ਹੱਥਾ ਦੀਆਂ ਉਂਗਲਾਂ ਆਪਸ ਵਿਚ ਫਸਾ ਕੇ ਬਾਹਰ ਨੂੰ ਖਿੱਚਿਆ। ਲੱਤਾਂ ਨੂੰ ਨਿੱਸਲ ਕਰਨ ਲਈ ਵਾਰੀ ਵਾਰੀ ਦੋਵਾਂ ਗਿੱਟਿਆਂ ਨੂੰ ਫੜ ਕੇ ਪੁੜਿਆਂ ਨਾਲ ਲਾਇਆ। ਸੀਤੋ ਵੀ ਬਾਹਰ ਨਿਕਲ ਆਈ। ਬੱਚੇ ਗੱਡੀ ਖੜ੍ਹੀ ਹੋਣ ਕਰਕੇ ਜਾਗ ਪਏ ਸਨ। ਸਾਰਿਆਂ ਨੇ ਚਾਹ ਦਾ ਆਰਡਰ ਦਿੱਤਾ। ਮੋਹਣੇ ਨੇ ਰੋਟੀ ਖਾਧੀ। ਐਨੇ ਚਿਰ ਵਿਚ ਬੇਬੀ ਲਈ ਪਾਣੀ ਗਰਮ ਕਰਵਾ ਕੇ ਮੀਕੇ ਨੇ ਚਾਹ ਨਾਲ ਹੀ ਲੈ ਆਂਦਾ। ਸੀਤੋ ਨੇ ਚਾਹ ਪੀਤੀ ਅਤੇ ਬੱਚੀ ਲਈ ਦੁੱਧ ਵਾਲੀ ਬੋਤਲ ਵਿਚ ਦੁੱਧ ਬਣਾ ਲਿਆ। ਉਹ ਵੱਡੀਆਂ ਨੂੰ ਪਿਸ਼ਾਬ ਕਰਾਉਣ ਲਈ ਜਨਾਨੀਆਂ ਦੇ ਗੁਸਲਖਾਨੇ ਵਿਚ ਲੈ ਗਈ। ਬੇਬੀ ਤਾਂ ਮੁਸ਼ਕ ਤੋਂ ਡਰਦੀ ਬਾਹਰ ਇੰਝ ਭੱਜੀ ਜਿਵੇਂ ਉਥੇ ਅੱਗ ਲੱਗੀ ਹੋਵੇ। ਸੀਤੋ ਵੀ ਮੂੰਹ ਕੌੜਾ ਕਸੈਲਾ ਜਿਹਾ ਬਣਾਈ ਗੱਡੀ ਵਿਚ ਆ ਬੈਠੀ ਅਤੇ ਜਲਦੀ ਚੱਲਣ ਲਈ ਕਿਹਾ। ਇੰਡੀਆ ਦੇ ਪਹਿਲੇ ਤਜ਼ਰਬੇ ਦਾ ਸੁਆਦ ਬਕਬਕਾ ਹੋ ਗਿਆ ਸੀ।

ਥੋੜਾ ਹਨੇਰਾ ਪੈਣ 'ਤੇ ਉਹ ਪਿੰਡ ਪਹੁੰਚ ਗਏ ਸਨ। ਸਾਢੇ ਸੱਤ ਵਜੇ ਹੀ ਪਿੰਡ ਤਾਂ ਜਿਵੇਂ ਘੂਕ ਸੁੱਤਾ ਪਿਆ ਸੀ। ਠੰਡ ਤੋਂ ਡਰਦੇ ਮਾਰੇ ਲੋਕ ਰਜ਼ਾਈਆਂ ਵਿਚ ਜਾ ਬੈਠੇ ਸਨ। ਮੀਕੇ ਦੇ ਮਾਂ ਪਿਉ ਉਹਨਾਂ ਦੀ ਉਡੀਕ ਵਿਚ ਬੈਠੇ ਬੇਸਬਰੀ ਨਾਲ ਵਾਰ ਵਾਰ ਦਰਵਾਜ਼ੇ ਵੱਲ ਵੇਖਦੇ ਅਤੇ ਗੱਡੀ ਦੀ ਅਵਾਜ਼ ਸੁਣਨ ਦਾ ਯਤਨ ਕਰਦੇ। ਗੱਡੀ ਦੀ ਅਵਾਜ਼ ਸੁਣਕੇ ਉਹਨਾਂ ਦੇ ਸਿਰਾਂ ਤੋਂ ਫਿਕਰਾਂ ਦੀ ਪੰਡ ਇਕ ਦਮ ਲਹਿ ਗਈ ਅਤੇ ਭੱਜ ਕੇ ਦਰਵਾਜ਼ਾ ਖੋਲ੍ਹ ਦਿੱਤਾ। ਮੀਕੇ ਦੇ ਬਾਹਰ ਨਿਕਲਣ ਦੀ ਦੇਰ ਸੀ ਕਿ ਮਾਂ ਨੇ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਉਸ ਦੀਆਂ ਅੱਖਾਂ 'ਚੋਂ ਚਿਰ- ਵਿਛੜੇ ਮੇਲ ਕਾਰਣ ਹੰਝੂ ਵਗਣ ਲੱਗੇ। ਉਸ ਤੋਂ ਵਿਹਲੀ ਹੋ ਕੇ ਉਸ ਨੇ ਸੀਤੋ ਅਤੇ ਬੱਚੀਆਂ ਨੂੰ ਪਿਆਰ ਦਿੱਤਾ। ਸੀਤੋ ਨੇ ਪਿਉ ਨੂੰ ਮੱਥਾ ਟੇਕਿਆ ਅਤੇ ਉਸ ਨੇ ਸੀਤੋ ਦਾ ਸਿਰ ਪਲੋਸਿਆ। ਮੇਲ ਮਿਲਾਪ ਦੇ ਹੁੰਦਿਆਂ ਮੋਹਣੇ ਨੇ ਸਮਾਨ ਕੱਢ ਕੇ ਅੰਦਰ ਟਿਕਾ ਦਿੱਤਾ।

ਉਹ ਸਾਰੇ ਸੌਣ ਵਾਲੇ ਵੱਡੇ ਕਮਰੇ ਵਿਚ ਹੀ ਬੈਠ ਗਏ ਸਨ। ਬੱਚੇ ਹੈਰਾਨੀ ਨਾਲ ਇਸ ਨਵੇਂ ਮਹੌਲ ਨੂੰ ਵੇਖਣ ਲੱਗੇ। ਅਜੇ ਉਹਨਾਂ ਨੂੰ ਕੁਝ ਵੀ ਸਮਝ ਨਹੀਂ ਆ ਰਹੀ ਸੀ। ਥਕੇਵੇਂ ਅਤੇ ਨਵੇਂ ਅਣਜਾਣ ਮਹੌਲ ਕਰਕੇ ਇੰਡੀਆ ਦਾ ਚਾਅ ਮੱਠਾ ਪੈ ਗਿਆ ਲਗਦਾ ਸੀ। ਉਹ ਕਦੇ ਮਾਂ ਅਤੇ ਕਦੇ ਪਿਉ ਦੀ ਬੁੱਕਲ ਵਿਚ ਬੈਠ ਜਾਂਦੇ। ਮੋਹਣੇ ਨੇ ਜਾਣ ਦੀ ਆਗਿਆ ਮੰਗੀ ਪਰ ਮੀਕੇ ਨੇ ਨਾਂਹ ਕਰ ਦਿੱਤੀ। ਉਹ ਬੋਤਲ ਅਤੇ ਤਿੰਨ ਗਲਾਸ ਚੁੱਕ ਲਿਆਇਆ। ਮੋਹਣਾ ਦਿਲੋਂ ਤਾਂ ਪੈਗ ਲਾਕੇ ਥਕੇਵਾਂ ਲਾਹੁਣਾ ਚਾਹੁੰਦਾ ਸੀ। ਉਸਨੇ ਬੱਸ ਐਂਵੇਂ ਮਲਵੀਂ ਜਿਹੀ ਜੀਭ ਨਾਲ ਨਾਂਹ ਕਰ ਕੇ ਗਲਾਸ ਫੜ ਲਿਆ। ਸੀਤੋ ਤਾਂ ਰੋਟੀ ਖਾ ਕੇ ਜਲਦੀ ਸੌਂ ਗਈ। ਮੀਕੇ ਹੋਰੀਂ ਦੇਰ ਤੱਕ ਬੈਠੇ ਗੱਲਾਂ ਕਰਦੇ ਰਹੇ। ਉਹ ਵਾਹਵਾ ਹਵਾ ਪਿਆਜੀ ਜਿਹੇ ਹੋ ਗਏ ਸਨ ਜਦ ਉਹਨਾਂ ਨੇ ਰੋਟੀ ਖਾਧੀ। ਮੋਹਣਾ ਰੋਟੀ ਖਾ ਕੇ ਘਰ ਚਲਾ ਗਿਆ ਅਤੇ ਮੀਕਾ ਘੋੜੇ ਵੇਚ ਕੇ ਦੇਰ ਤੱਕ ਸੁੱਤਾ ਰਿਹਾ।

## ਅੱਠਵਾਂ

ਅਗਲੀ ਸਵੇਰ ਲਸ਼ਕੋਰੇ ਮਾਰਦੀ ਧੁੱਪ ਨੂੰ ਵੇਖ ਕੇ ਨਿਆਣੇ ਵੀ ਖੁਸ਼ ਹੋਣੋ ਨਾ ਰਹਿ ਸਕੇ। ਸੂਰਜ ਗੋਡੇ ਗੋਡੇ ਚੜ੍ਹ ਆਇਆ ਸੀ ਜਦੋਂ ਮੀਕੇ ਨੂੰ ਜਾਗ ਆਈ। ਬਿਨਾਂ ਅਲਾਰਮ ਤੋਂ ਜਾਗਣ ਦਾ ਅਨੰਦ ਉਸ ਨੂੰ ਦੇਰ ਬਾਅਦ ਨਸੀਬ ਹੋਇਆ ਸੀ। ਅੱਖਾਂ ਮਲਦਾ ਉਹ ਬਾਹਰ ਵਿਹੜੇ ਵਿਚ ਆ ਗਿਆ। ਸੂਤੀ ਮੰਜੇ ‘ਤੇ ਖੜ੍ਹੀ ਬੇਬੀ ਟੱਪ ਰਹੀ ਸੀ। ਉਸ ਨੂੰ ਵੇਖ ਕੇ ਦੀਪੀ ਵੀ ਉਸ ਦੀ ਨਕਲ ਲਾਹੁਣ ਲੱਗੀ। ਮਾਂ ਨੇ ਮੀਕੇ ਨੂੰ ਚਾਹ ਲਿਆ ਫੜਾਈ। ਉਹ ਕਦੋਂ ਦੀ ਉਸ ਦੇ ਉੱਠਣ ਦਾ ਇੰਤਜ਼ਾਰ ਕਰ ਰਹੀ ਸੀ। ਰਾਤ ਨੂੰ ਉਸ ਨੇ ਮੀਕੇ ਦਾ ਮੂੰਹ ਚੱਜ ਨਾਲ ਵੇਖਿਆ ਹੀ ਨਹੀਂ ਸੀ। ਹੁਣ ਉਸ ਨੇ ਨਿਰਖ ਨਾਲ ਪੁੱਤ ਦੇ ਮੂੰਹ ਨੂੰ ਵੇਖਿਆ ਜਿਵੇਂ ਡੀਕ ਲਾ ਕੇ ਪੀ ਜਾਣਾ ਚਾਹੁੰਦੀ ਹੋਵੇ। ਡੂੰਘੀ ਤਸੱਲੀ ਦੇ ਅਹਿਸਾਸ ਨਾਲ ਉਸ ਦਾ ਮਨ ਮਾਲਾ ਮਾਲ ਹੋ ਗਿਆ। ਪਿਉ ਦੂਜੇ ਮੰਜੇ ‘ਤ ਬੈਠਾ ਬੱਚਿਆਂ ਵੱਲ ਮੋਹ-ਨਜ਼ਰਾਂ ਨਾਲ ਵੇਖ ਰਿਹਾ ਸੀ ਅਤੇ ਉਹ ਰਿਸ਼ਤੇਦਾਰਾਂ ਦੀ ਸੁੱਖ ਸਾਂਦ ਸਾਂਝੀ ਕਰਨ ਲੱਗੇ।

ਸੀਤੋ ਆਪਣੇ ਲੀੜੇ ਕੱਪੜੇ ਸਾਂਭਦੀ ਫਿਰਦੀ ਸੀ। ਉਹਦੇ ਮਨ ਵਿਚ ਪੇਕੀ ਜਾਣ ਦਾ ਅਣ-ਮਿਉਂਦਾ ਚਾਅ ਠਾਠਾਂ ਮਾਰ ਰਿਹਾ ਸੀ। ਉਹ ਪੇਕੀਂ ਲਿਜਾਣ ਵਾਲਾ ਨਿੱਕ ਸੁੱਕ ਵੱਖਰੇ ਅਟੈਚੀ ਵਿਚ ਪਾਉਣ ਲੱਗੀ। ਜੱਸੀ ਨੂੰ ਦੁੱਧ ਪਿਲਾ ਕੇ ਉਸ ਨੇ ਮੀਕੇ ਨੂੰ ਫੜਾ ਦਿੱਤਾ ਅਤੇ ਨਚਦੀਆਂ ਅੱਖਾਂ ਨਾਲ ਉਸ ਵੱਲ ਵੇਖਿਆ।

“ਚਾਹ ਹੋਰ ਲਿਆਵਾਂ। ਬਾਪੂ ਜੀ ਤੁਸੀਂ ਵੀ ਪਿਉਗੇ!” ਉਸ ਨੇ ਮੀਕੇ ਦਾ ਜਵਾਬ ਉਡੀਕਣ ਦੀ ਥਾਂ ਸਹੁਰੇ ਨੂੰ ਸਵਾਲ ਕਰ ਦਿੱਤਾ।"

“ਆਹੋ ਭਾਈ ਅਸੀਂ ਵੀ ਦੋ ਘੁੱਟਾਂ ਪੀ ਲਾਂਗੇ।” ਮੀਕੇ ਦੀ ਥਾਂ ਉਹਨੇ ਜੱਸੀ ਨੂੰ ਫੜਦਿਆਂ ਉੱਤਰ ਦਿੱਤਾ। ਸੀਤੋ ਚਾਹ ਬਨਾਉਣ ਚਲੀ ਗਈ ਅਤੇ ਮੀਕਾ ਸੋਚਣ ਲੱਗਾ ਕਿ ਸੀਤੋ ਦੀ ਅਗਲੀ ਮੰਗ ਕਿਹੜੀ ਹੋਵੇਗੀ।

ਸੀਤੋ ਚਾਹ ਬਣਾ ਕੇ ਸਾਰਿਆਂ ਨੂੰ ਕੱਪ ਫੜਾ ਕੇ ਸੱਸ ਕੋਲ ਮੰਜੇ ‘ਤੇ ਇੱਕ ਪਾਸੇ ਬੈਠ ਗਈ। ਬੇਬੀ ਥੋੜ੍ਹਾ ਜਿਹਾ ਦਾਦੀ ਨਾਲ ਖੁੱਲ੍ਹ ਗਈ ਸੀ ਅਤੇ ਦੀਪੀ ਨੇ ਵੀ ਦੂਰੋਂ ਦਾਦੀ ਨੂੰ ਕਨੱਖੀਏਂ ਵੇਖਦਿਆਂ ਮੁਸਕਰਾਹਟ ਦੇਣੀ ਸ਼ੁਰੂ ਕਰ ਦਿੱਤੀ ਸੀ। ਮੀਕੇ ਨੇ ਦੋ ਕੁਰਸੀਆਂ ਬੈਠਕ ਵਿਚੋਂ ਲਿਆ ਕੇ ਇਕ ‘ਤੇ ਆਪ ਸੂਰਜ ਵੱਲ ਨੂੰ ਮੂੰਹ ਕਰਕੇ ਬੈਠ ਗਿਆ ਅਤੇ ਦੂਸਰੀ ਬਾਪੂ ਜੀ ਨੂੰ ਦੇ ਦਿੱਤੀ। ਦਰਵਾਜ਼ਾ ਚੜ੍ਹਦੀ ਵਾਲੇ ਪਾਸੇ ਹੋਣ ਕਰਕੇ ਮੀਕੇ ਦਾ ਉੱਧਰ ਮੂੰਹ ਸੀ। ਭੂੰਡੋ ਦੀ ਤੋਰ ਪਛਾਣ ਕੇ ਮੀਕਾ ਸਿੱਧਾ ਹੋ ਕੇ ਬੈਠ ਗਿਆ। ਉਸ ਦੀ ਕੁੱਛੜ ਤਿੰਨ ਕੁ ਸਾਲ ਦੀ ਕੁੜੀ ਸੀ। ਹੁਣ ਉਸ ਦੇ ਚਿਹਰੇ ‘ਤੇ ਪਹਿਲਾਂ ਵਾਲਾ ਜੁਆਨੀ ਦਾ ਜਲਾਲ ਢੈਲਾ ਪੈ ਗਿਆ ਸੀ। ਅੱਖਾਂ ਵਿਚ ਜੰਮੀ

ਉਦਾਸੀ ਮੀਕੇ ਤੋਂ ਗੁੱਝੀ ਨਾ ਰਹੀ।

"ਚਾਚੀ ਆ ਗੇ ਪਰੁਹਣੇ---!" ਉਹਨੇ ਕੁੜੀ ਨੂੰ ਗੋਦੀਉਂ ਲਾਹੁੰਦਿਆਂ ਮੀਕੇ ਵੱਲ ਖੁਰਚਵੀਂ ਨਿਗਾਹ ਨਾਲ ਵੇਖਦਿਆਂ ਕਿਹਾ। ਉੱਡਦੀ ਨਜ਼ਰੇ ਸੀਤੋ ਦੇ ਗੋਰੇ ਰੰਗ ਅਤੇ ਆਮ ਜਿਹੇ ਕੱਪੜਿਆਂ ਵਿਚ ਵੀ ਬਣਦੀ ਤਣਦੀ ਅਤੇ ਨਿਖਰੀ ਸੀਤੋ ਦੀ ਨੁਹਾਰ ਵੇਖ ਕੇ ਉਸ ਨੂੰ ਬੇ-ਮਲੂਮ ਜਿਹੀ ਈਰਖਾ ਹੋਈ।

"ਹਾਂ ਭਾਈ ਸੁੱਖ ਨਾਲ ਘਰ 'ਚ ਰੌਣਕ ਲਾਗੀ। ਊਂ ਤਾਂ 'ਨੇਰ੍ਹੇ ਹੋਏ ਈ ਆਏ। ਬਲਾਈ ਫਿਕਰ ਲੱਗਿਆ ਰਿਹਾ।" ਭੂੰਡੋ ਨੇ ਚਾਚੀ ਦੀ ਗੱਲ ਤਾਂ ਸੁਣੀ ਹੀ ਨਹੀਂ ਸੀ ਅਤੇ ਨਾ ਹੀ ਅਸਲ ਵਿਚ ਉਸ ਨੇ ਚਾਚੀ ਨੂੰ ਕੁਝ ਪੁੱਛਿਆ ਸੀ। ਉਹ ਤਾਂ ਸਵਾਲ ਉਸ ਨੇ ਮੀਕੇ ਨੂੰ ਕੀਤਾ ਸੀ ਅਤੇ ਸ਼ਾਇਦ ਮੀਕਾ ਸਮਝ ਵੀ ਗਿਆ ਸੀ। ਜੁਆਨੀ ਦੇ ਚੋਹਲ ਦੋਵਾਂ ਦੀਆਂ ਅੱਖਾਂ ਮੂਹਰੇ ਆ ਗਏ।

"ਭੂੰਡੋ ਤਕੜੀ ਐਂ। ਤਾਈ ਤਾਏ ਦਾ ਕੀ ਹਾਲ ਚਾਲ ਐ।" ਮੀਕਾ ਇਕ ਵਾਰ ਫਿਰ ਭੂੰਡੋ ਨੂੰ ਨਿਰਖ ਨਾਲ ਵੇਖਣ ਲੱਗਾ।

"ਬੇਬੇ ਮਰੀ ਨੂੰ ਤਾਂ ਤਿੰਨ ਵਰ੍ਹੇ ਹੋ ਗੇ। ਬਾਪੂ ਮਾੜੇ ਮੋਟੇ ਠੇਡੇ ਖਾਂਦਾ ਤੁਰਿਆ ਫਿਰਦਾ ਔਖਾ ਸੌਖਾ।" ਭੂੰਡੋ ਦੇ ਦਿਲ 'ਚੋਂ ਪੀੜ-ਪਰੁੱਚੇ ਸ਼ਬਦ ਮੀਕੇ ਦੇ ਆਲੇ ਦੁਆਲੇ ਵਿਹੜੇ ਵਿਚ ਖਿਲਰ ਗਏ।

"ਮਾੜੀ ਗੱਲ ਹੋਈ ਤਾਈ ਦੀ ਤਾਂ। ਕੀ ਹੋਇਆ ਸੀ ਉਹਨੂੰ-।"

"ਬੱਸ ਜੈ ਖਾਣਾ ਤਾਪ ਨੀ ਉੱਤਰਿਆ। ਚੰਗੀ ਭਲੀ ਸੀ, ਦਸਾਂ ਦਿਨਾਂ ਵਿਚ ਈ ਚਲੀ ਗਈ।" ਮਾਂ ਦੇ ਖੁੱਸ ਜਾਣ ਦਾ ਦਰਦ ਇਕ ਵਾਰ ਫਿਰ ਭੂੰਡੋ ਦੇ ਦਿਲ ਵਿਚ ਹਰਾ ਹੋ ਗਿਆ ਸੀ। ਉਸ ਨੇ ਕੁੜੀ ਨੂੰ ਬੋਰੇ 'ਤੇ ਬਠਾਇਆ ਅਤੇ ਆਪ ਬਹੁਕਰ ਚੁੱਕ ਕੇ ਕਮਰੇ ਵਿਚ ਮਾਂਜਾ ਮਾਰਣ ਲੱਗੀ।

"ਭਾਈ ਇਹਦੇ ਨਾਲ ਵੀ ਮਾੜੀ ਹੋਈ। ਘਰ ਆਲਾ ਚੰਗਾ ਭਲਾ ਸੀ। ਪਤਾ ਨੀ ਕੀ ਵਾਅ ਲਾ ਗੀ ਉਹਨੂੰ ਨਸ਼ੇ 'ਚ ਈ ਡੁੱਬ ਗਿਆ। ਪਿਛਲੇ ਸਾਲ ਹਾੜ 'ਚ ਮਰ ਗਿਆ। ਕਈਆਂ ਸਾਲਾਂ ਪਿਛੋਂ ਆਹ ਇੱਕ ਕੁੜੀ ਹੋਈ ਸੀ। ਨਕੜਮਾ ਫੇਰ ਵੀ ਨਾ ਸੁੱਧਰਿਆ।" ਬੇਬੇ ਨੇ ਭੂੰਡੋ ਦਾ ਦਰਦ ਦਿਲੋਂ ਮਹਿਸੂਸ ਕਰਦਿਆਂ ਸੰਖੇਪ ਵਿਚ ਉਸ ਦੀ ਵਾਰਤਾ ਸੁਣਾ ਦਿੱਤੀ।

"ਹੁਣ ਇਹ ਐਥੇ ਈ ਰਹਿੰਦੀ ਆ। ਕਿਸ਼ਨੇ ਦੇ ਮੁੰਡੇ ਅੱਡ- ਵਿੱਢ ਐ। ਉਹ ਤਾਂ ਉਹਨੂੰ ਪੁੱਛਦੇ ਨੀ। ਆਪ ਹੁਣ ਉਹ ਕੁਸ ਕਰਨ ਜੋਗਾ ਨੀ। ਇਹ ਵਿਚਾਰੀ ਮੇਹਨਤ-ਮਜੂਰੀ ਨਾਲ ਢਿੱਡ ਤੋਰਦੀ ਐ।" ਬਾਪੂ ਜੀ ਨੇ ਗੱਲ ਨੂੰ ਅੱਗੇ ਤੋਰਿਆ।

"ਊਂ ਮਜ੍ਹਬਣਾ ਅਰਗੀ ਨੀ। ਸਾਫ ਸਫਾਈ ਦਾ ਖਿਆਲ ਵੀ ਰੱਖਦੀ ਆ। ਯਕੀਨ ਆਲੀ ਆ। ਕਿਤੇ ਵੇਲੇ ਕਵੇਲੇ ਜਾਣਾ ਆਉਣਾ ਹੁੰਦਾ ਤਾਂ ਇਹਨੂੰ ਘਰ ਸੰਭਾਲ ਜਾਈਦਾ। ਚੱਲ ਇਹਦਾ ਵੀ ਡੰਗ ਲਹਿ ਜਾਂਦਾ ਨਾਲੇ ਆਪਦੇ ਦਿਲ ਨੂੰ ਘਰ ਦਾ ਧੁੜਕੂ ਨੀ ਰਹਿੰਦਾ।" ਬੇਜੀ ਨੇ ਪੂਰੀ ਤਸੱਲੀ ਨਾਲ ਭੂੰਡੋ ਦੀ ਸਿਫ਼ਤ ਕੀਤੀ।

ਮੀਕੇ ਨੂੰ ਦਿਲੋਂ ਭੂੰਡੋ ਨਾਲ ਹਮਦਰਦੀ ਸੀ। ਉਹ ਬੈਠਾ ਭੂੰਡੋ ਦੀ ਕੁੜੀ ਬਾਰੇ ਸੋਚਣ ਲੱਗਾ ਜਿਹੜੀ ਅਰਾਮ ਨਾਲ ਬੋਰੇ 'ਤੇ ਬੈਠੀ ਮੀਕੇ ਅਤੇ ਉਸ ਦੀਆਂ ਧੀਆਂ ਵੱਲ ਹੈਰਾਨੀ ਜਿਹੀ ਨਾਲ ਵੇਖ ਰਹੀ ਸੀ। ਮੀਕਾ ਸੋਚ ਰਿਹਾ ਸੀ ਭੂੰਡੋ ਦੀ ਕੁੜੀ ਦਾ ਕੀ ਨਾਂ ਹੋ ਸਕਦਾ ਸੀ! ਸ਼ਾਇਦ ਮਾਂ ਵਾਂਗ ਹੀ ਕਾਟੀ- ਮਾਟੀ ਜਾਂ ਚਿੜੀ- ਚੁੜੀ ਵਰਗਾ ਹੀ ਨਾਂ ਹੋਵੇ। ਉਹ ਕੰਮੀਆਂ ਦੇ ਵਿਹੜੇ ਬਾਰੇ ਸੋਚਣ ਲੱਗਾ। ਪੰਜਾਬ ਵਿਚ ਰਹਿੰਦਿਆਂ ਕੰਮੀਆਂ ਨਾਲ ਉਸਦਾ ਵਾਹ ਵਾਸਤਾ ਪੈਂਦਾ ਹੀ ਰਹਿੰਦਾ ਸੀ। ਖੇਤੀ ਦੇ ਕੰਮ ਵਿਚ ਦਿਹਾੜੀਆਂ ਦੀ ਲੋੜ ਬਣੀ ਹੀ

ਰਹਿੰਦੀ। ਉਦੋਂ ਉਸ ਨੇ ਕਦੇ ਉਹਨਾਂ ਦੀ ਜ਼ਿੰਦਗੀ ਬਾਰੇ ਬਹੁਤਾ ਸੋਚਿਆ ਹੀ ਨਹੀਂ ਸੀ। ਹੁਣ ਆਪ ਉਸ ਨੇ ਮਿਹਨਤ ਮਜ਼ੂਰੀ ਕੀਤੀ ਸੀ ਅਤੇ ਮਿਹਨਤ ਦੇ ਮੁੱਲ ਦਾ ਅਹਿਸਾਸ ਉਸ ਨੂੰ ਹੋਇਆ ਸੀ। ਇੰਗਲੈਂਡ ਵਿਚ ਭਾਂਵੇਂ ਵੱਡੀ ਗਿਣਤੀ ਵਿਚ ਮਜ਼ਦੂਰ ਸਨ ਪਰ ਉਥੇ 'ਕੰਮੀਆਂ ਦੇ ਵਿਹੜੇ' ਨਹੀਂ ਸਨ।

ਇੰਡੀਆ ਵਿਚ ਤਾਂ ਗਰੀਬ ਸਿਰਫ਼ ਆਰਥਕ ਪੱਖੋਂ ਹੀ ਗਰੀਬ ਨਹੀ ਸਗੋਂ ਸਮਾਜਕ ਅਤੇ ਚੇਤਨ ਪੱਖੋਂ ਹੋਰ ਵੀ ਗਰੀਬ ਸਨ। ਉਹਦਾ ਮਨ ਤਰਸ ਨਾਲ ਭਰ ਗਿਆ। ਘੱਟੋ ਘੱਟ ਉਹ ਭੂੰਡੋ ਦੀ ਤਾਂ ਕੁਝ ਮਦਦ ਕਰ ਸਕਦਾ ਸੀ। ਉਸ ਨੇ ਆਪਣੇ ਆਪ ਨਾਲ ਫੈਸਲਾ ਕੀਤਾ ਕਿ ਉਹ ਭੂੰਡੋ ਦੀ ਕੁੜੀ ਨੂੰ ਪੜ੍ਹਾਉਣ ਵਿਚ ਪੈਸੇ ਧੇਲੇ ਦੀ ਮਦਦ ਜ਼ਰੂਰ ਕਰੇਗਾ। ਸੀਤੋ ਦੀ ਪੈੜ ਚਾਪ ਨਾਲ ਉਸ ਦਾ ਧਿਆਨ ਟੁੱਟ ਗਿਆ।

"ਅੱਜ ਕੀ ਪ੍ਰੋਗਰਾਮ ਐ--!" ਸੀਤੋ ਦੇ ਕੰਨ ਗੋਸ਼ੇ ਵਰਗੇ ਬੋਲ ਉਸ ਦੇ ਕੰਨੀ ਪਏ।

"ਅੱਜ ਤਾਂ ਪਿੰਡ ਈ ਰਹਾਂਗੇ। ਕਈ ਘਰੀ ਦੁੱਖ ਸੁੱਖ ਕਰਨਾ ਤੇ ਨਾਲੇ ਪਿੰਡ ਦੇ ਬੇਲੀਆਂ ਨਾਲ ਵੀ ਮਿਲਣਾ ਗਿਲਣਾ। ਕੱਲ੍ਹ ਨੂੰ ਮੈਂ ਮੋਹਣੇ ਨੂੰ ਸਵੇਰੇ ਆਉਣ ਵਾਸਤੇ ਕਹਿ ਦਿੱਤਾ। ਬੱਸ ਰਿਸ਼ਤੇਦਾਰੀਆਂ ਵਿਚ ਮਿਲਦੇ ਗਿਲਦੇ ਤੇਰੇ ਪੇਕੀਂ ਤੇ ਮੇਰੇ ਸਹੁਰੀਂ ਰਾਤ ਰਹਾਂਗੇ।" ਸੀਤੋ ਦਾ ਮਨ ਇਕ ਦਮ ਉਦਾਸ ਹੋ ਗਿਆ। ਮਾਂ ਨੂੰ ਮਿਲਣ ਦੀ ਕਾਹਲ ਨੇ ਉਹਦੇ ਦਿਲ ਵਿਚ ਹਲਕਾ ਜਿਹਾ ਰੰਜ ਭਰ ਦਿੱਤਾ। ਐਥੇ ਸੱਸ ਸਹੁਰੇ ਦੇ ਸਾਹਮਣੇ ਉਹ ਕੁਝ ਕਹਿ ਵੀ ਨਹੀਂ ਸਕਦੀ ਸੀ।

"ਟੈਲੀਫੋਨ ਵੀ ਨੀ। ਨਹੀਂ ਤਾਂ ਅਗਲਾ ਟੈਲੀਫੋਨ 'ਤੇ ਈ ਸੁੱਖ ਸਾਂਦ ਦੱਸ ਦੇਵੇ।" ਸੀਤੋ ਨੇ ਆਪਣੇ ਆਪ 'ਤੇ ਕਾਬੂ ਪਾ ਕੇ ਨਜ਼ਲਾ ਟੈਲੀਫੋਨ 'ਤੇ ਝਾੜ ਦਿੱਤਾ।

"ਭਾਈ ਆਪਣੇ ਪਿੰਡ ਵੀ ਹੁਣ ਤਾਂ ਲੱਗੀ ਜਾਂਦੇ ਐ ਟੇਲੀਫੋਨ--।" ਬਾਪੂ ਜੀ ਨੇ ਕੁਰਸੀ 'ਤੇ ਬੈਠਦਿਆਂ ਕਿਹਾ।

"ਤੇ ਫੇਰ ਆਪਾਂ ਨੀ ਲਵਾਇਆ-!" ਮੀਕੇ ਨੇ ਮੰਜੇ 'ਤੇ ਬੈਠਦਿਆਂ ਪੁੱਛਿਆ।

"ਆਇਆ ਸੀ ਉਹ ਮੁੰਡਾ -ਕੀ ਨਾਂ ਉਹਦਾ-ਭੋਲਾ। ਮੈਂ ਆਖਿਆ ਭਾਈ ਮੁੰਡੇ ਨਾਲ ਆਏ ਨਾਲ ਗੱਲ ਕਰੀਂ।"

"ਬਾਪੂ ਜੀ ਸੱਦੋ ਉਹਨੂੰ ਅੱਜ ਈ। ਇਹ ਕੰਮ ਤਾਂ ਬੜਾ ਜ਼ਰੂਰੀ ਐ।" ਮੀਕੇ ਨੇ ਕਾਹਲਾ ਪੈਂਦਿਆਂ ਕਿਹਾ।

"ਆ ਜੂ ਕੋਈ ਨੀ। ਪੈਸੇ ਲਏ ਬਿਨਾਂ ਤਾਂ ਇਹ ਵੱਢੀ ਉਂਗਲ 'ਤੇ ਨੀ ਮੂਤਦੇ।" ਬਾਪੂ ਜੀ ਨੇ ਨਫ਼ਰਤ ਜਿਹੀ ਨਾਲ ਮੂੰਹ ਦੂਜੇ ਪਾਸੇ ਨੂੰ ਕਰ ਲਿਆ।

"ਆਥਣੇ ਜਿਹੇ ਕਿਹੋ ਉਹਨੂੰ ਆਉਣ ਨੂੰ।" ਮੀਕੇ ਨੇ ਬਾਕੀ ਬਚੀ ਬੋਤਲ ਬਾਰੇ ਸੋਚਦਿਆਂ ਕਿਹਾ।

ਸਾਰਾ ਦਿਨ ਮੀਕੇ ਕੋਲ ਮਿਲਣ ਗਿਲਣ ਵਾਲੇ ਆਉਂਦੇ ਰਹੇ। ਆਪ ਵੀ ਮੀਕਾ ਕਈ ਘਰੀਂ ਗਿਆ। ਕਿਸੇ ਦੇ ਮਰਨੇ ਦਾ ਅਫਸੋਸ 'ਤੇ ਕਿਸੇ ਦੇ ਜੰਮਣ ਦੀ ਖੁਸ਼ੀ। ਦਿਨ ਲੰਘਦੇ ਦਾ ਪਤਾ ਹੀ ਨਾ ਲੱਗਾ। ਸ਼ਾਮ ਨੂੰ ਜਦ ਉਹ ਘਰ ਮੁੜਿਆ ਤਾਂ ਭੋਲਾ ਘਰੇ ਉਸ ਦੀ ਉਡੀਕ ਕਰ ਰਿਹਾ ਸੀ।

"ਸਾਸਰੀ 'ਕਾਲ ਬਾਈ ਜੀ--।" ਭੋਲੇ ਨੇ ਹੱਥ ਮਿਲਾਉਣ ਲਈ ਅੱਗੇ ਕੀਤਾ। ਮੀਕੇ ਨੇ ਉਸ ਨੂੰ ਪਹਿਲੀ ਵਾਰ ਵੇਖਿਆ ਸੀ। ਉਸ

ਨਾਲ ਹੱਥ ਮਿਲਾ ਕੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ। ਆਪ ਉਹ ਗਲਾਸ ਅਤੇ ਬੋਤਲ ਲੈਣ ਚਲਾ ਗਿਆ।

"ਭੋਲਾ ਸਿਆਂ ਹੋ ਜੇ ਫੇਰ ਨਿੱਕਾ ਨਿੱਕਾ ਹਾੜਾ--।" ਮੀਕੇ ਨੇ ਬੋਤਲ ਮੇਜ਼ 'ਤੇ ਰੱਖ ਦਿਤੀ।

"ਨਈਂ ਬਾਈ ਜੀ ਕਾਹਨੂੰ ਖੇਚਲ ਕਰਨੀ ਸੀ।" ਭੋਲੇ ਨੇ ਬਲੈਕ ਲੇਬਲ ਵਿਸਕੀ ਦੇਖ ਕੇ ਬੁੱਲ੍ਹਾਂ 'ਤੇ ਜੀਭ ਫੇਰੀ। ਮੀਕੇ ਨੇ ਉਸ ਨੂੰ ਅਣ-ਸੁਣਿਆ ਕਰਕੇ ਗਲਾਸ ਵਿਚ ਪੈਗ ਪਾ ਕੇ ਫੜਾ ਦਿੱਤਾ। ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਭੋਲੇ ਦੇ ਪਿੰਡ ਅਤੇ ਕੰਮ ਧੰਦੇ ਦੀਆਂ ਗੱਲਾਂ। ਦੂਜੇ ਪੈਗ ਨਾਲ ਭੋਲਾ ਵਾਹਵਾ ਰੰਗਲਾ ਜਿਹਾ ਹੋ ਗਿਆ ਸੀ।

"ਭੋਲਾ ਸਿਆਂ ਫੇਰ ਆਪਾਂ ਟੈਲੀਫੋਨ ਦਾ ਕਿਵੇਂ ਕਰੀਏ---!" ਮੀਕੇ ਨੇ ਭੋਲੇ ਦੀਆਂ ਸਰੂਰੀਆਂ ਅੱਖਾਂ ਵਿਚ ਵੇਖਿਆ।

"ਫੋਨ -ਬਾਈ ਜੀ ਤੁਸੀਂ ਹੁਕਮ ਕਰੋ। ਬੱਸ ਲਾ ਗਿਆ ਸਮਝੋ--।" ਭੋਲੇ ਨੇ ਗਲਾਸ ਖਾਲੀ ਕਰਕੇ ਟੇਬਲ 'ਤੇ ਰੱਖ ਦਿੱਤਾ। ਮੀਕੇ ਨੇ ਅਗਲਾ ਪੈਗ ਛੋਟਾ ਕਰ ਲਿਆ।

"ਮੇਰੇ ਵੱਲੋਂ ਤਾਂ ਭਮਾ ਕੱਲ੍ਹ ਨੂੰ ਲਾ ਦੇਹ--।" ਭੋਲਾ ਸੋਚਣ ਲੱਗਾ।

"ਬਾਈ ਜੀ ਅਗਲੇ ਹਫਤੇ ਕੰਮ ਹੋ ਜੂ। ਉਪਰਲਿਆਂ ਦੇ ਵੀ ਬੱਬਰ ਭਰਨੇ ਪੈਂਦੇ ਐ।" ਭੋਲੇ ਨੇ ਗਹਿਰ ਗੰਭੀਰਤਾ ਨਾਲ ਕਿਹਾ।

"ਤੂੰ ਯਾਰ ਜਿਵੇਂ ਠੀਕ ਲਗਦਾ ਕਰ ਲਾ। ਆਪਾਂ ਤੇਰੇ ਅਫਸਰ ਨੂੰ ਪਾਰਟੀ ਕਰ ਦਿਆਂਗੇ। ਇਕ ਬੋਤਲ ਹੋਰ ਪਈ ਆ।" ਬੋਤਲ ਵੱਲ ਵੇਖਦਿਆਂ ਮੀਕੇ ਨੇ ਸੈਨਤ ਕੀਤੀ।

"ਆਹੋ ਠੀਕ ਆ ਬਾਈ ਜੀ--।" ਭੋਲਾ ਹੁਣ ਪਹਿਲਾਂ ਨਾਲੋਂ ਘੱਟ ਵਿਸ਼ਵਾਸ਼ ਨਾਲ ਹੁੰਗਾਰਾ ਭਰ ਰਿਹਾ ਸੀ। ਮੀਕੇ ਨੂੰ ਪਤਾ ਨਾ ਲੱਗਾ ਕਿ ਇਹ ਨਸ਼ੇ ਕਰਕੇ ਸੀ ਜਾਂ ਭੋਲਾ ਪੈਸਿਆਂ ਬਾਰੇ ਸੋਚ ਰਿਹਾ ਸੀ। ਰੋਟੀ ਖਾ ਕੇ ਭੋਲਾ ਚਲਾ ਗਿਆ।

ਮੀਕਾ ਰਾਤ ਨੂੰ ਸਹੁਰੀਂ ਰਹਿ ਕੇ ਅਗਲੇ ਦਿਨ ਜਲਦੀ ਪਿੰਡ ਆ ਗਿਆ। ਸੀਤੋ ਨੇ ਕੁਝ ਦਿਨ ਪੇਕੀਂ ਰਹਿਣ ਦਾ ਪ੍ਰਸਤਾਵ ਮੀਕੇ ਨੂੰ ਰੱਖਿਆ ਤਾਂ ਉਹ ਉਸ ਨਾਲ ਸਹਿਮਤ ਹੋ ਗਿਆ। ਪਿੰਡ ਆਇਆ ਤਾਂ ਘਰੇ ਬੇਬੇ ਜੀ ਅਤੇ ਭੂੰਡੋ ਹੀ ਸਨ। ਬਾਪੂ ਜੀ ਸ਼ਾਇਦ ਪਿੰਡ ਵਿਚ ਗਏ ਹੋਏ ਸਨ। ਭੂੰਡੋ ਦੀ ਕੁੜੀ ਵਿਹੜੇ ਵਿਚ ਮਾਂ ਦੇ ਕੋਲ ਖੇਡ ਰਹੀ ਸੀ। ਮੀਕੇ ਨੂੰ ਵੇਖ ਕੇ ਭੂੰਡੋ ਨੇ ਮਮੂਲੀ ਜਿਹਾ ਸਿਰ ਹਿਲਾਇਆ। ਉਹਦੀਆਂ ਮੋਟੀਆਂ ਅੱਖਾਂ ਵਿਚ ਮੀਕੇ ਨੂੰ ਕੋਈ ਖਿੱਚ ਮਹਿਸੂਸ ਨਾ ਹੋਈ।

"ਭੂੰਡੋ ਤੇਰੀ ਕੁੜੀ ਦਾ ਕੀ ਨਾਂ ਐ!" ਬੇਜੀ ਨੂੰ ਮੱਥਾ ਟੇਕ ਕੇ ਉਸ ਨੇ ਭੂੰਡੋ ਨੂੰ ਸੰਬੋਧਨ ਕੀਤਾ।

"ਕੋੜੀ--।" ਭੂੰਡੋ ਨੇ ਲਾਪ੍ਰਵਾਹੀ ਨਾਲ ਜਵਾਬ ਦਿੱਤਾ।

"ਕੋਈ ਹੋਰ ਚੱਜ ਦਾ ਨਾਂ ਨਈ ਲੱਭਿਆ ਤੈਨੂੰ -!" ਮੀਕੇ ਨੇ ਮੁਸ਼ਕੜੀਏਂ ਹੱਸਦਿਆਂ ਕਿਹਾ।

"ਸਾਡੇ ਤਾਂ ਵਿਹੜੇ 'ਚ ਅਹੋ ਜੇ ਈ ਨਾਂ ਐ---। ਤੈਨੂੰ ਚੰਗਾ ਨੀ ਲਗਦਾ ਤਾਂ ਤੂੰ ਬਦਲ ਲਾ।" ਮੀਕੇ ਦੀ ਗੱਲ 'ਤੇ ਉਸ ਨੂੰ ਮਾੜੀ ਜਿਹੀ ਹੈਰਾਨੀ ਹੋਈ।

"ਤੂੰ ਕੁੜੀ ਨੂੰ ਪੜ੍ਹਨ ਲਾ ਦੇ। ਹੁਣ ਤੋਂ ਈ ਇਹਨੂੰ ਭੋਮਨਾ ਪੈ ਜੇ ਪੜ੍ਹਨ ਲਿਖਣ ਦੀ।"

“ਪੜ੍ਹ ਲਿਖ ਕੇ ਏਹਨੇ ਕਿਹੜਾ ਮਸ਼ਟਰਨੀ ਲੱਗਣਾ। ਆਹੀ ਗੋਹਾ ਕੂੜਾ ਏਹਨੇ ਕਰਨਾ---।” ਮੀਕੇ ਨੇ ਇਹ ਜਵਾਬ ਬਥੇਰੀ ਵੇਰ ਸੁਣਿਆ ਸੀ। ਅਣਪੜ੍ਹ ਲੋਕ ਬੱਚਿਆਂ ਨੂੰ ਪੜ੍ਹਾਉਣਾ ਨਹੀਂ ਚਾਹੁੰਦੇ ਸਨ। ਉਹਨਾਂ ਨੂੰ ਵਿਸ਼ਵਾਸ਼ ਹੀ ਨਹੀਂ ਸੀ ਕਿ ਉਹਨਾਂ ਦੇ ਬੱਚਿਆਂ ਦੀਆਂ ਜ਼ਿੰਦਗੀਆਂ ਵਿਚ ਹਨ੍ਹੇਰੇ ਦੀ ਥਾਂ ਕਦੇ ਚਾਨਣ ਦੀ ਲਿਸ਼ਕ ਆ ਸਕਣ ਦਾ ਕੋਈ ਮੌਕਾ ਮੇਲ ਸੰਭਵ ਸੀ। ਵੱਧ ਤੋਂ ਵੱਧ ਉਹ ਮਾਸਟਰ ਜਾਂ ਕਲਰਕ ਤੱਕ ਹੀ ਸੋਚਦੇ। ਇਸ ਤੋਂ ਅੱਗੇ ਸੋਚਣ ਦੀ ਉਹਨਾਂ ਵਿਚ ਸਮਰੱਥਾ ਨਹੀਂ ਸੀ। ਵੱਡੀਆਂ ਨੌਕਰੀਆਂ ਦੇ ਨਾਂ ਥੇਹ ਉਹਨਾਂ ਨੂੰ ਕਿਥੇ ਆਉਂਦੇ ਸਨ ਤੇ ਉਹਨਾਂ ਨੌਕਰੀਆਂ ਤੱਕ ਪਹੁੰਚਣ ਦੀ ਉਹਨਾਂ ਨੇ ਕਦੇ ਲਾਲਸਾ ਨਾ ਕੀਤੀ ਸੀ ਅਤੇ ਨਾ ਹੀ ਕਰਨ ਬਾਰੇ ਸੁਪਨਾ ਲਿਆ।

ਮੀਕਾ ਕੰਮੀਆ ਦੇ ਵਿਹੜੇ ਬਾਰੇ ਸੋਚਣ ਲੱਗਾ। ਸਾਰੇ ਵਿਹੜੇ ਵਿਚ ਮਸਾਂ ਦੋ ਕੁ ਘਰਾਂ ਦੇ ਬੱਚੇ ਪੜ੍ਹ ਲਿਖ ਕੇ ਕਿਸੇ ਨੌਕਰੀ 'ਤੇ ਲੱਗੇ ਸਨ। ਉਹਨਾਂ ਵਿਚੋਂ ਵੀ ਇਕ ਤਾਂ ਕਿਸੇ ਦਲਾਲ ਦੇ ਬੱਚੇ ਸਨ ਜਿਹਨਾਂ ਦਾ ਪਿਉ ਜਿਵੇਂ ਕਿਵੇਂ ਪੁਰਾਣੀਆਂ ਅੱਠ ਪੜ੍ਹ ਗਿਆ ਸੀ। ਉਸ ਨੇ ਸਾਰੀ ਉਮਰ ਦਿਹਾੜੀ ਕਰ ਕੇ ਨਹੀਂ ਵੇਖੀ ਸੀ। ਨੌਕਰੀ ਕੋਈ ਅੱਠ ਪੜ੍ਹੇ ਨੂੰ ਮਿਲੀ ਨਾ ਅਤੇ ਉਸ ਨੇ ਮੱਝਾਂ ਗਾਈਆਂ ਦੀ ਦਲਾਲੀ ਕਰਨੀ ਸ਼ੁਰੂ ਕਰ ਦਿੱਤੀ। ਘਰ ਦੇ ਮਹੌਲ ਦਾ ਅਸਰ ਜਾਂ ਕੁਝ ਪਿਉ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਕਿ ਉਸ ਦੇ ਮੁੰਡੇ ਪੜ੍ਹ ਲਿਖ ਕੇ ਨੌਕਰੀਆਂ ‘ਤੇ ਲੱਗ ਗਏ। ਵਿਹੜੇ ਦੇ ਕੁਝ ਕੁ ਫੌਜ ਵਿਚ ਭਰਤੀ ਹੋ ਗਏ ਜਵਾਨਾਂ ਤੋਂ ਬਿਨਾਂ ਬਾਕੀ ਤਾਂ ਮਿਹਨਤ ਮਜ਼ੂਰੀ ਜੋਗੇ ਹੀ ਰਹਿ ਗਏ ਸਨ। ਜਿਹੜੇ ਸਕੂਲ ਗਏ ਵੀ ਉਹ ਅੱਠਵੀਂ ਤੋਂ ਪਹਿਲਾਂ ਪਹਿਲਾਂ ਹੀ ਝੜ ਗਏ ਸਨ। ਹੁਣ ਉਹ ਕੰਮ ਧੰਦੇ ਕਰਕੇ ਭੋਰਾ ਖੁਸ਼ੀ ਲਈ ਤਰਸਦੇ, ਸ਼ਰਾਬ ਜਾਂ ਹੋਰ ਨਸ਼ਿਆਂ ਵਿਚੋਂ ਧੂੜ ਅੱਟੇ ਨਕਸ਼ਾਂ ਨੂੰ ਚਮਕਾਉਣ ਦਾ ਵਕਤੀ ਉਪਰਾਲਾ ਕਰਦੇ, ਉਮਰ ਭਰ ਕਰਜ਼ੇ ਅਤੇ ਥੋੜਾਂ ਦਾ ਸਰਮਾਇਆ ਹੰਢਾਂਉਂਦੇ, ਪਤਾ ਹੀ ਨਾ ਲਗਦਾ ਕਦੋਂ ਦੁਨੀਆਂ ਤੋਂ ਕੂਚ ਕਰ ਜਾਂਦੇ।

“ਤੈਨੂੰ ਕੁੜੀ ਨੂੰ ਸਕੂਲ ਭੇਜਣਾ ਚਾਹੀਦਾ ਐ। ਹੋ ਸਕਦਾ ਇਹ ਪੜ੍ਹ ਲਿਖ ਕੇ ਕੋਈ ਨੌਕਰੀ ਲੱਭ ਈ ਲਵੇ।” ਮੀਕੇ ਨੇ ਫਿਰ ਆਪਣੀ ਗੱਲ ਵੱਲ ਧਿਆਨ ਦਿੱਤਾ।

“ਰੋਟੀ ਕਮਾਉਣ ਨੂੰ ਈ ਬਥੇਰੇ ਜੱਫਰ ਜਾਲਣੇ ਪੈਂਦੇ ਆ। ਇਹਨੂੰ ਪੜ੍ਹਾਉਣ ਨੂੰ ਮੇਰੇ ਕੋਲ ਕਿਹੜਾ ਨੋਟਾਂ ਦਾ ਦਰੱਖਤ ਲੱਗਿਆ ਵਾ।” ਭੂੰਡੋ ਦੇ ਬੋਲਾਂ ਵਿਚ ਮੀਕੇ ਨੂੰ ਕੋਈ ਅਫਸੋਸ ਜਾਂ ਰੰਜ ਮਹਿਸੂਸ ਨਾ ਹੋਇਆ ਜਿਵੇਂ ਉਸ ਨੇ ਜ਼ਿੰਦਗੀ ਨੂੰ ਜਿਵੇਂ ਹੈ ਉਵੇਂ ਹੀ ਮੰਨ ਲਿਆ ਹੋਵੇ। ਇਹੋ ਇਕ ਵੱਡਾ ਕਾਰਣ ਸੀ ਕਿ ਲੋਕਾਂ ਦੀਆਂ ਜ਼ਿੰਦਗੀਆਂ ਸਦੀਆਂ ਤੋਂ ਬਦਲੀਆਂ ਹੀ ਨਹੀਂ ਸਨ ਕਿਉਂਕਿ ਉਹਨਾਂ ਨੇ ਉਹਨਾਂ ਨੂੰ ਬਦਲਣ ਦੀ ਕੋਸ਼ਿਸ਼ ਤਾਂ ਕੀ ਕਰਨੀ ਸੀ, ਬਦਲਣ ਦਾ ਸੁਪਨਾ ਵੀ ਨਹੀਂ ਲਿਆ ਸੀ। ਸ਼ਾਇਦ ਉਹਨਾਂ ਲਈ ਚੰਗੀ ਜ਼ਿੰਦਗੀ ਦੇ ਸੁਪਨੇ ਵੇਖਣੇ ਹੀ ਵਰਜਤ ਸਨ! ਮੀਕਾ ਸੋਚ ਕੇ ਉਦਾਸ ਹੋ ਗਿਆ।

“ਭੂੰਡੋ--- ਕੁੜੀ ਦੀ ਪੜ੍ਹਾਈ ਦਾ ਸਾਰਾ ਖਰਚਾ ਮੈਂ ਦਿਊਂ। ਤੂੰ ਇਹਨੂੰ ਪੜ੍ਹਨ ਲਾ।” ਮੀਕਾ ਹੌਲੀ ਪਰ ਦ੍ਰਿੜ ਬੋਲਾਂ ਨਾਲ ਬੋਲਿਆ। ਭੂੰਡੋ ਦੇ ਹੱਥੋਂ ਮਾਂਜਾ ਛੁੱਟ ਗਿਆ। ਉਸ ਨੂੰ ਲੱਗਿਆ ਜਿਵੇਂ ਮੀਕਾ ਉਸ ਨਾਲ ਮਖੌਲ ਕਰ ਰਿਹਾ ਹੋਵੇ। ਜਦ ਉਸ ਨੇ ਮੀਕੇ ਵੱਲ ਵੇਖਿਆ ਤਾਂ ਉਸ ਨੂੰ ਉਸ ਦੇ ਮੂੰਹ ‘ਤੇ ਅਜਿਹੇ ਕੋਈ ਚਿੰਨ੍ਹ ਨਜ਼ਰ ਨਾ ਆਏ। ਉਹ ਡੂੰਨ ਵੱਟਾ ਬਣੀ ਉਸ ਵੱਲ ਵੇਖਦੀ ਰਹੀ। ਪਲ- ਛਿਣ ਬਾਅਦ ਉਸ ਵਿਚ ਹਰਕਤ ਆਈ। ਉਸ ਨੇ ਕੁੜੀ ਵੱਲ ਵੇਖਿਆ ਜਿਵੇਂ ਉਸ ਦੇ ਭਾਗਾਂ ਨੂੰ ਪੜ੍ਹਨ ਦਾ ਯਤਨ ਕਰ ਰਹੀ ਹੋਵੇ। ਉਹਨੂੰ ਕੋਈ ਜਵਾਬ ਨਾ ਅਹੁੜਿਆ। ਹਾਂ ਅਤੇ ਨਾਂਹ ਵਿਚ ਜਿਵੇਂ ਉਸ ਪਲ ਫਰਕ ਮਿਟ ਗਿਆ ਹੋਵੇ। ਮੀਕੇ ਨੇ ਉਸ ਵੱਲ ਵੇਖਿਆ।

“ਭੂੰਡੋ ਵਿਹੜੇ ਦੇ ਮਹੌਲ ‘ਚ ਰਹਿ ਕੇ ਕੁੜੀ ਦਾ ਪੜ੍ਹਨਾ ਬਹੁਤ ਮੁਸ਼ਕਲ ਆ। ਤੂੰ ਬੇਬੇ ਜੀ ਬਾਪੂ ਜੀ ਦੀ ਸੇਵਾ ਕਰ ਤੇ ਪਰਲੇ ਪਾਸੇ ਵਾਲੇ ਕਮਰੇ ‘ਚ ਰਹਿਣ ਲਗ ਜਾ। ਨਾਲੇ ਇਹਨਾਂ ਨੂੰ ਤੇਰਾ ਆਸਰਾ ਰਹੂ ਨਾਲੇ ਮੈਨੂੰ ਕੋਈ ਇਹਨਾਂ ਦਾ ਫਿਕਰ ਨੀ ਰਹੂ। ਕੁੜੀ

ਦੀ ਪੜ੍ਹਾਈ ਦਾ ਖਰਚ ਮੈਂ ਆਪੇ ਝੱਲੂੰ। ਚੁੱਲ੍ਹੇ ਪਕਦੀ ਰੋਟੀ ਥੋਨੂੰ ਮਿਲ ਜਿਆ ਕਰੂ।" ਮੀਕੇ ਨੇ ਸਾਰੀ ਗੱਲ ਉਸ ਨੂੰ ਸਾਫ਼ ਸਾਫ਼ ਦੱਸ ਦਿੱਤੀ। ਦਿਲੋਂ ਉਹ ਸੋਚ ਰਿਹਾ ਸੀ ਕਿ ਸਭ ਦਾ ਤਾਂ ਉਹ ਭਲਾ ਨੀ ਕਰ ਸਕਦਾ। ਚਲੋ ਜੇ ਇਹਦੀ ਕੁੜੀ ਦਾ ਕੁਝ ਬਣ ਜਾਵੇ ਤਾਂ ਇਹੋ ਪੁੰਨ ਸਹੀ। ਰਹਿੰਦੀ ਖੂੰਹਦੀ ਕਸਰ ਬੇ ਜੀ ਨੇ ਪੂਰੀ ਕਰ ਦਿੱਤੀ।

"ਗੱਲ ਤਾਂ ਭੂੰਡੋ ਠੀਕ ਆ। ਐਡੇ ਵੱਡੇ ਘਰ 'ਚ ਕੋਈ ਭੋਰਾ ਰੌਣਕ ਈ ਹੋਊ।" ਭੂੰਡੋ ਨੇ ਬੇਜੀ ਵੱਲ ਵੀ ਸ਼ੱਕੀ ਜਿਹੀਆਂ ਨਜ਼ਰਾਂ ਨਾਲ ਵੇਖਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੀ ਅਜ਼ਾਦੀ 'ਤੇ ਡਾਕਾ ਵੱਜ ਰਿਹਾ ਹੋਵੇ। ਅਜ਼ਾਦੀ ਜਿਸ ਨੇ ਉਸ ਨੂੰ ਭਾਰਤਵਰਸ਼ ਦੀ ਅਜ਼ਾਦੀ ਵਾਂਗ ਗੁਰਬਤ ਅਤੇ ਭਿੱਟੇ ਹੋਣ ਦੇ ਇਨਾਮ ਤੋਂ ਬਿਨਾਂ ਹੋਰ ਕੁਝ ਵੀ ਪੱਲੇ ਨਹੀਂ ਪਾਇਆ ਸੀ। ਉਹ ਸੋਚਾਂ ਜਿਹੀਆਂ ਵਿਚ ਆਪਣੇ ਕੰਮ ਵਿਚ ਉਲਝੀ ਰਹੀ ਅਤੇ ਇਸ ਘਰ ਵਿਚ ਰਹਿਣ ਬਾਰੇ ਸੋਚਦੀ ਸਾਰਾ ਦਿਨ ਚੁੱਪ ਚੁੱਪ ਰਹੀ।

ਹਫ਼ਤਾ ਭਰ ਪੇਕੀਂ ਰਹਿਕੇ ਸੀਤੋ ਸਹੁਰੀਂ ਵਾਪਿਸ ਆ ਗਈ। ਪੇਕੀਂ ਉਸ ਨੇ ਸਾਧ ਨੂੰ ਸੌ ਗਾਲਾਂ ਕੱਢੀਆਂ ਅਤੇ ਆਪਣਾ ਮਨ ਹਲਕਾ ਕੀਤਾ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੇ ਮੁੰਡਾ ਨਾ ਹੋਣ ਦਾ ਕਾਰਣ ਅਸਲ ਵਿਚ ਸਾਧ ਹੀ ਹੋਵੇ। ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਸ ਨੂੰ ਪਤਾ ਲੱਗਾ ਕਿ ਸਾਧ ਦਾ ਕੰਮ ਤਾਂ ਸਗੋਂ ਪਹਿਲਾਂ ਤੋਂ ਵੀ ਚੰਗਾ ਚੱਲ ਪਿਆ ਸੀ। ਹੁਣ ਤਾਂ ਇਲਾਕੇ ਦੇ ਸਾਰੀਆਂ ਪਾਰਟੀਆਂ ਦੇ ਲੀਡਰ ਹੀ ਨਹੀਂ ਸਗੋਂ ਪੰਜਾਬ ਦਾ ਮੁੱਖ ਮੰਤਰੀ ਵੀ ਆ ਕੇ ਉਸ ਦੀ ਸਾਨੀ ਭਰਦਾ। ਪੜ੍ਹੇ ਲਿਖੇ ਸਰਕਾਰੀ ਮੁਲਾਜ਼ਮ ਵਿਛ ਕੇ ਉਸ ਦੀ ਡੰਡੌਤ ਕਰਦੇ। ਉਸ ਨੂੰ ਮਹਿਸੂਸ ਹੋਇਆ ਜਿਵੇਂ ਸਾਰਾ ਪੰਜਾਬ ਸਾਧਾਂ ਨੇ ਕੋਹੜੀ ਕਰ ਦਿੱਤਾ ਹੋਵੇ। ਜਨਤਾ ਸਾਧਾਂ ਅਤੇ ਕੁਰੱਪਟ ਸਿਆਸਤਦਾਨਾਂ ਦੇ ਚੁੰਗਲ ਵਿਚੋਂ ਨਿਕਲਣ ਦੀ ਥਾਂ ਪੰਜਾਬ ਵਿਚੋਂ ਰਫੂ ਚੱਕਰ ਹੋਣ ਨੂੰ ਤਰਜ਼ੀਹ ਦਿੰਦੀ। ਦੂਜੇ ਪਾਸੇ ਪੰਜਾਬ ਦੀ ਹਵਾ ਪਾਣੀ ਵਿਚਲੀ ਖੁਸ਼ਬੋ ਉਹਨਾਂ ਨੂੰ ਮੋਹੀ ਬੈਠੀ ਸੀ।

ਮੀਕੇ ਦੀਆਂ ਕੁੜੀਆਂ ਵਿਚ ਭਾਰੀ ਤਬਦੀਲੀ ਆ ਗਈ ਲਗਦੀ ਸੀ। ਹੁਣ ਉਹ ਮਿੱਟੀ ਤੋਂ ਡਰਦੀਆਂ ਨਹੀਂ ਸਨ ਸਗੋਂ ਮਿੱਟੀ ਵਿਚ ਖੇਡਣ ਦਾ ਅਨੰਦ ਲੈ ਰਹੀਆਂ ਸਨ। ਮੱਝਾਂ ਗਾਈਆਂ ਨੂੰ ਉਹਨਾਂ ਨੇ ਕਦੇ ਪਹਿਲਾਂ ਵੇਖਿਆ ਨਹੀਂ ਸੀ। ਉਹ ਉਹਨਾਂ ਦੀ ਖਿੱਚ ਦਾ ਖਾਸ ਕੇਂਦਰ ਸਨ। ਕੁੱਤਿਆਂ ਤੋਂ ਡਰਨਾ ਉਹਨਾਂ ਦੀ ਮਜ਼ਬੂਰੀ ਸੀ। ਦਾਦੀ ਦਾਦੇ ਨੂੰ ਸਭ ਤੋਂ ਵੱਡੀ ਖੁਸ਼ੀ ਸੀ ਕਿ ਉਹ ਹੁਣ ਉਹਨਾਂ ਤੋਂ ਸੰਗਦੀਆਂ ਨਹੀਂ ਸਨ। ਬੱਚੀਆਂ ਉਹਨਾਂ ਨਾਲ ਖੇਡਦੀਆਂ ਅਤੇ ਬੁਕੱਲ ਵਿਚ ਬੈਠਦੀਆਂ ਤਾਂ ਉਹਨਾਂ ਨੂੰ ਸਵਰਗ ਦਾ ਝੂਟਾ ਮਿਲ ਜਾਂਦਾ।

ਮੀਕੇ ਨੇ ਵਲਾਇਤੀ ਬੋਤਲ ਨਾਲ ਦੇਸੀ ਪਾਰਟੀ ਕਰ ਕੇ ਘਰ ਟੈਲੀਫੋਨ ਲਗਵਾ ਲਿਆ ਜਿਸ ਦਾ ਉਹਨਾਂ ਤੋਂ ਚਾਅ ਨਹੀਂ ਸਾਂਭਿਆ ਜਾਂਦਾ ਸੀ। ਭਾਂਵੇਂ ਅਜੇ ਤੱਕ ਉਹਨਾਂ ਨੂੰ ਕਿਸੇ ਦਾ ਵੀ ਫੋਨ ਨਹੀਂ ਸੀ ਆਇਆ। ਉਹ ਹਰ ਕਿਸੇ ਨੂੰ ਆਪਣਾ ਨੰਬਰ ਦੱਸਦੇ ਪਰ ਫੋਨ ਕਿਧਰੋਂ ਨਾ ਆਉਂਦਾ। ਇੱਕ ਦਿਨ ਫੋਨ ਦੀ ਘੰਟੀ ਵੱਜੀ ਤਾਂ ਸਾਰੇ ਜਾਣੇ ਖਿੜੇ ਚਿਹਰਿਆਂ ਨਾਲ ਭੱਜ ਕੇ ਗਏ ਜਿਵੇਂ ਕੋਈ ਬਹੁਤ ਹੀ ਅਲੋਕਾਰੀ ਗੱਲ ਵਾਪਰਣ ਜਾ ਰਹੀ ਹੋਵੇ। ਜਦ ਉਹਨਾਂ ਫੋਨ ਚੁੱਕਿਆ ਤਾਂ ਘੰਟੀ ਬੰਦ ਹੋ ਗਈ। ਉਹ ਅਫਸੋਸੇ ਜਿਹੇ ਵਾਪਿਸ ਆ ਗਏ ਜਿਵੇਂ ਉਹਨਾਂ ਦੇ ਚਾਅ ਦਾ ਕਿਸੇ ਨੇ ਗਲਾ ਘੁੱਟ ਦਿੱਤਾ ਹੋਵੇ।

ਤਿੰਨ ਹਫਤੇ ਅੱਖ ਦੇ ਫੋਰ ਵਿਚ ਲੰਘ ਗਏ। ਮੀਕੇ ਦੇ ਵਾਪਿਸ ਆਉਣ ਦਾ ਸਮਾਂ ਹੋ ਗਿਆ ਸੀ। ਉਸ ਦਾ ਦਿਲ ਕਰਦਾ ਕੁਝ ਦਿਨ ਹੋਰ ਰੁਕ ਜਾਵੇ ਅਤੇ ਜਾ ਕੇ ਕੋਈ ਬਹਾਨਾ ਬਣਾ ਦੇਵੇ। ਕੰਮਾਂ ਦਾ ਮਾੜਾ ਹਾਲ ਹੋਣ ਕਰਕੇ ਉਸ ਨੂੰ ਘਰ ਦੀਆਂ ਕਿਸ਼ਤਾਂ ਬੱਚਿਆਂ ਦੇ ਖਰਚੇ ਅਤੇ ਢਿੱਡ ਤੋਰਨ ਦੇ ਫਿਕਰ ਨੇ ਮਾਂ ਦੇ ਹੰਝੂਆਂ ਦਾ ਸਮੁੰਦਰ ਪਾਰ ਕਰਕੇ ਦਿੱਲੀ ਨੂੰ ਤੋਰ ਦਿੱਤਾ। ਉਹ ਧੌਣ ਸੁੱਟੀ ਅਣ-ਚਾਹਿਆ ਜਿਹਾ ਜਹਾਜ਼ ਚੜ੍ਹ ਆਇਆ ਅਤੇ ਬੱਚਿਆਂ ਨੂੰ ਉਡੀਕਣ ਲੱਗਾ। ਸੀਤੋ ਦੇ ਮਨ ਵਿਚਲੇ ਅਣ-ਕਿਆਸੇ ਫੈਸਲੇ ਦਾ ਉਸ ਨੂੰ

ਕੋਈ ਇਲਮ ਨਹੀਂ ਸੀ।

## ਨੌਵਾਂ

ਸੀਤੋ ਅਤੇ ਬੱਚਿਆਂ ਬਿਨਾਂ ਸਮੇਂ ਨੂੰ ਲੰਘਾਉਣਾ ਅਤੇ ਮਨਾਉਣਾ ਜ਼ਿੱਦੀ ਬੱਚੇ ਵਰਗਾ ਲਗਦਾ। ਬੱਚਾ ਤਾਂ ਸ਼ਾਇਦ ਕੈਂਡੀਆਂ ਅਤੇ ਚਾਕਲੇਟ ਨਾਲ ਮੰਨ ਵੀ ਜਾਂਦਾ ਪਰ ਸਮਾਂ ਤਾਂ ਪੈਰ ਗੱਡ ਕੇ ਖੜ੍ਹ ਗਿਆ ਲਗਦਾ। ਕੁਝ ਕੁ ਦਿਨ ਤਾਂ ਉਸ ਨੂੰ ਮੌਜ-ਮਰਜ਼ੀ ਦੇ ਹੀ ਲੱਗੇ। ਨਾ ਸੀਤੋ ਦੀ ਕਿੜ-ਕਿੜ ਅਤੇ ਨਾ ਹੀ ਰਿੜ-ਰਿੜ। ਫਿਰ ਇਹੋ ਮਹੌਲ ਉਸ ਦਾ ਚਿੱਤ ਕਾਹਲਾ ਪਾਉਂਦਾ। ਉਹ ਕਿਸੇ ਦੋਸਤ ਮਿੱਤਰ ਵੱਲ ਜਾਂ ਪੱਬ ਵਿਚ ਗਲਾਸ ਪੀਣ ਚਲਿਆ ਜਾਂਦਾ। ਉਹਦੀ ਸੁਤਾ ਬੱਚਿਆਂ ਵਿਚ ਲੱਗੀ ਰਹਿੰਦੀ। ਉਹ ਦਿਨ ਗਿਣਦਾ ਤਾਂ ਹਰ ਰੋਜ਼ ਇਕ ਦਿਨ ਘਟਣ ਦੀ ਉਸ ਨੂੰ ਖੁਸ਼ੀ ਹੁੰਦੀ। ਅਖ਼ੀਰ ਉਹ ਕਾਰ ਵਿਚ ਏਅਰਪੋਰਟ ਤੋਂ ਬੱਚਿਆਂ ਅਤੇ ਸੀਤੋ ਨੂੰ ਲੈਣ ਜਾ ਰਿਹਾ ਸੀ। ਅੱਜ ਉਸ ਨੂੰ ਲੋਹੜੇ ਦਾ ਚਾਅ ਚੜ੍ਹਿਆ ਹੋਇਆ ਸੀ।

ਏਅਰਪੋਰਟ ‘ਤੇ ਪਹੁੰਚਿਆ ਤਾਂ ਫਲਾਈਟ ਪਹੁੰਚ ਚੁੱਕੀ ਸੀ। ਮੀਕੇ ਨੂੰ ਪਤਾ ਸੀ ਅਜੇ ਸੀਤੋ ਨੂੰ ਬਾਹਰ ਨਿਕਲਣ ਲਈ ਘੱਟੋ ਘੱਟ ਇਕ ਘੰਟਾ ਲੱਗ ਜਾਣਾ ਸੀ। ਬੱਚਿਆਂ ਨਾਲ ਤਾਂ ਸ਼ਾਇਦ ਇਸ ਤੋਂ ਵੀ ਵੱਧ ਲੱਗ ਜਾਵੇ। ਕਦੇ ਕਦੇ ਤਾਂ ਬਾਕੀ ਸਾਰਾ ਸਮਾਨ ਜਲਦੀ ਆ ਜਾਂਦਾ ਤੇ ਇਕ ਅੱਧ ਅਟੈਚੀ ਸਭ ਤੋਂ ਪਿਛੋਂ ਪਹੁੰਚਦਾ। ਬੰਦੇ ਕੋਲ ਖਿਝਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੁੰਦਾ। ਉਹ ਨਿੱਕੀ ਬੱਚੀ ਬਾਰੇ ਸੋਚਣ ਲੱਗਾ। ਭਲਾ ਕਿੰਨੀ ਕੁ ਵੱਡੀ ਹੋ ਗਈ ਹੋਵੇਗੀ! ਉਸ ਨੂੰ ਖਿਆਲ ਆਇਆ ਭਲਾ ਚਾਰ ਜਾਂ ਪੰਜ ਹਫਤਿਆਂ ਵਿਚ ਬੱਚੀ ਦਾ ਕਿੰਨ੍ਹਾ ਕੁ ਫਰਕ ਪੈ ਸਕਦਾ ਸੀ! ਉਸ ਨੂੰ ਆਪਣੇ ਆਪ ‘ਤੇ ਆਪਣੀ ਇਸ ਉੱਤਸੁਕਤਾ ਕਰਕੇ ਹਾਸੀ ਆਈ।

ਉਸ ਨੂੰ ਦੀਪੀ ਦੀਆਂ ਤੋਤਲੀਆਂ ਤੋਤਲੀਆਂ ਅਤੇ ਭੋਲੀਆਂ ਜਿਹੀਆਂ ਗੱਲਾਂ ਦੀ ਯਾਦ ਆਈ। ਬੇਬੀ ਹੁਣ ਸਿਆਣੀ ਹੋ ਗਈ ਸੀ। ਉਂਝ ਐਨੀ ਸਿਆਣੀ ਵੀ ਨਹੀਂ ਕਿ ਮੀਕਾ ਉਸ ਨਾਲ ਲਾਡ ਕਰਨ ਤੋਂ ਵਾਂਝਾ ਹੋ ਗਿਆ ਹੋਵੇ। ਪੰਜ ਸਾਲ ਦੀ ਬੱਚੀ ਨੂੰ ਸਿਆਣੀ ਹੋਈ ਸੋਚ ਕੇ ਮੀਕੇ ਨੂੰ ਕੁੜੀਆਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਹੋਇਆ। ਉਸ ਦੇ ਮਨ ਵਿਚ ਪਿਆਰ ਦੀ ਇਕ ਛੱਲ ਆਈ ਅਤੇ ਉਸ ਦੀਆਂ ਅੱਖਾਂ ਵਿਚ ਚਮਕ ਅਤੇ ਬੁਲ੍ਹਾਂ ‘ਤੇ ਮੁਸਕਰਾਟ ਨੇ ਉਸ ਨੂੰ ਨਸ਼ਿਆ ਦਿੱਤਾ।

ਨਾਂ-ਚਾਹੁੰਦਿਆਂ ਵੀ ਉਹ ਉਹਨਾਂ ਦਿਨਾਂ ਦੀ ਸੋਚ ਵਿਚ ਗੁਆਚ ਗਿਆ ਜਦੋਂ ਸੀਤੋ ਦੀਪੀ ਦੇ ਜਨਮ ਤੋਂ ਪਹਿਲਾਂ ਡਾਕਟਰ ਕੋਲ ਗਈ ਸੀ ਅਤੇ ਉਸ ਨੂੰ ਗਰਭ ਵਿਚਲੇ ਭਰੂਣ ਦਾ ਲਿੰਗ ਪਤਾ ਕਰਨ ਦੀ ਬੇਨਤੀ ਕੀਤੀ ਸੀ। ਜੇ ਭਲਾ ਉਸ ਵੇਲੇ ਡਾਕਟਰ ਨੇ ਸੀਤੋ ਦੀ ਗੱਲ ਮੰਨ ਲਈ ਹੁੰਦੀ ਤਾਂ ਜ਼ਰੂਰ ਦੀਪੀ ਦਾ ਗਰਭਪਾਤ ਕਰਵਾ ਦਿੰਦੀ। ਉਸ ਦੀ ਸਾਰੀ ਖ਼ੁਸ਼ੀ ਪਲਾਂ ਵਿਚ ਹੀ ਉੱਡ ਪੁੱਡ ਗਈ। ਉਸ ਦਾ ਮਨ ਉਦਾਸ ਹੋ ਗਿਆ। ਦੀਪੀ ਬਿਨਾਂ ਜ਼ਿੰਦਗੀ ਸੋਚ ਕੇ ਉਸ ਨੂੰ ਕੰਬਣੀ ਜਿਹੀ ਆਈ। ਉਹ ਸੋਚਣ ਲੱਗਾ ਜੇ ਭਲਾ ਅੱਜ ਦੀਪੀ ਨੂੰ ਕੋਈ ਸਮੱਸਿਆ ਆਵੇ ਤਾਂ ਉਹ ਸ਼ਾਇਦ ਆਪਣੀ ਜ਼ਿੰਦਗੀ ਵੀ ਦਾਅ ‘ਤੇ ਲਾਉਣੋਂ ਗੁਰੇਜ਼ ਨਾ ਕਰੇ। ਕਿਥੇ ਆਪਣੇ ਹੱਥੀਂ-----। ਉਹਨੇ ਸਿਰ ਝਟਕਿਆ ਅਤੇ ਇਸ ਬਾਰੇ ਕੁਝ ਵੀ ਹੋਰ ਸੋਚਣ ਦੀ ਥਾਂ ਆਸੇ ਪਾਸੇ ਦੇਖਣ ਲੱਗਾ, ਸ਼ਾਇਦ ਕੋਈ ਜਾਣ-ਪਛਾਣ ਵਾਲਾ ਹੀ ਮਿਲ ਜਾਵੇ!

ਦਿੱਲੀ ਵਾਲੀ ਫਲਾਈਟ ਦੀ ਕੋਈ ਕੋਈ ਸਵਾਰੀ ਬਾਹਰ ਨਿਕਲਣ ਲੱਗੀ ਸੀ। ਸਭ ਤੋਂ ਪਹਿਲਾਂ ਇਕ ਸਰਦਾਰ ਜੀ ਅਤੇ ਉਹਨਾਂ ਦੀ ਸਾਥਣ ਬਾਹਰ ਆਏ ਜਿਹਨਾਂ ਨੂੰ ਬੇਸਬਰੀ ਨਾਲ ਉਡੀਕਦੇ ਉਹਨਾਂ ਦੇ ਰਿਸ਼ਤੇਦਾਰ ਭੱਜ ਕੇ ਉਹਨਾਂ ਨੂੰ ਜੱਫੀ ਪਾ ਕੇ ਮਿਲੇ। ਮੀਕੇ ਦੀਆਂ ਅੱਖਾਂ ਬਾਹਰੀ ਗੇਟ ‘ਤੇ ਲੱਗੀਆਂ ਹੋਈਆਂ ਸਨ। ਪਤਾ ਨਹੀਂ ਕਿਉਂ ਹੁਣ ਉਹ ਸਭ ਤੋਂ ਵੱਧ ਦੀਪੀ ਨੂੰ ਉਡੀਕ ਰਿਹਾ ਸੀ। ਸਵਾਰੀਆਂ ਆਉਂਦੀਆਂ ਰਹੀਆਂ ਪਰ ਸੀਤੋ ਅਜੇ ਤੱਕ ਬਾਹਰ ਨਹੀਂ ਆਈ ਸੀ। ਮੀਕੇ ਦੇ ਮਨ ਵਿਚ ਫਿਕਰਾਂ ਅਤੇ ਸ਼ੰਕਾਵਾਂ ਨੇ ਉੱਧਮੂਲ

ਖੜ੍ਹਾ ਕਰ ਦਿੱਤਾ।

'ਕਿਤੇ ਆਹ ਨਾ ਹੋਵੇ ਉਹ ਲੇਟ ਹੀ ਹੋ ਗਏ ਹੋਣ।' ਜਾਂ

'ਕਿਤੇ ਫਲਾਈਟ ਦੀ ਤਰੀਕ ਈ ਨਾ ਭੁੱਲ 'ਗੀ ਹੋਵੇ।' ਮੀਕਾ ਐਧਰ ਉੱਧਰ ਦੀਆਂ ਅਟਕਲਾਂ ਲਾਉਂਦਾ ਰਿਹਾ। ਨਿਗਾਹ ਉਹਦੀ ਸਾਹਮਣੇ ਗੇਟ 'ਤੇ ਲੱਗੀ ਰਹੀ। ਤਕਰੀਬਨ ਸਾਰੀਆਂ ਸਵਾਰੀਆਂ ਬਾਹਰ ਆ ਗਈਆਂ ਸਨ। ਏਸ ਫਲਾਈਟ ਦੀਆਂ ਤਾਂ ਕੋਈ ਥੋੜੀਆਂ ਹੀ ਸਵਾਰੀਆਂ ਰਹਿੰਦੀਆਂ ਹੋਣਗੀਆਂ। ਹੋਰਨਾਂ ਫਲਾਈਟਾਂ ਦੀਆਂ ਸਵਾਰੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਮੀਕੇ ਨੂੰ ਅਖੀਰ ਸੀਤੋ ਦੀ ਮਾੜੀ ਜਿਹੀ ਝਲਕ ਦਿਸੀ। ਇੱਕ ਹੱਥ ਨਾਲ ਟਰਾਲੀ ਰੋੜ੍ਹਦੀ ਅਤੇ ਦੂਜੇ ਵਿਚ ਜੱਸੀ ਨੂੰ ਚੁੱਕੀ ਉਹ ਹਫੀ- ਖਪੀ ਆ ਰਹੀ ਸੀ। ਦੀਪੇ ਦੇ ਮੂੰਹ 'ਤੇ ਖੁਸ਼ੀ ਨੇ ਲਸ਼ਕੋਰ ਮਾਰੀ ਅਤੇ ਮੱਲੋ ਮੱਲੀ ਉਸ ਦੀਆਂ ਵਾਸ਼ਾਂ ਖਿੜ ਗਈਆਂ। ਸੀਤੋ ਦਾ ਗੋਰੇ ਰੰਗ 'ਤੇ ਧੁੱਪ ਨਾਲ ਹੋਇਆ ਸੁਰਮਈ ਲੇਪ ਉਸ ਨੂੰ ਮਾੜਾ ਜਿਹਾ ਨਸ਼ਾ ਦੇ ਗਿਆ। ਜਦ ਉਸ ਨੇ ਧਿਆਨ ਨਾਲ ਵੇਖਿਆ ਤਾਂ ਬੇਬੀ ਟਰਾਲੀ ਨੂੰ ਹੱਥ ਪਾਈ ਮਾਂ ਦੇ ਨਾਲ ਨਾਲ ਤੁਰੀ ਆ ਰਹੀ ਸੀ। ਪਰ ਦੀਪੀ ਉਸ ਨੂੰ ਨਜ਼ਰ ਨਾ ਆਈ।

ਮੀਕੇ ਨੇ ਪਹਿਲਾਂ ਖੱਬੀ ਅਤੇ ਫਿਰ ਸੱਜੀ ਲੱਤ 'ਤੇ ਭਾਰ ਪਾ ਕੇ ਸੀਤੋ ਦੇ ਆਲੇ ਦੁਆਲੇ ਹੋਰ ਵੀ ਧਿਆਨ ਨਾਲ ਵੇਖਿਆ। ਦੀਪੀ ਦੀ ਉਸ ਨੂੰ ਕੋਈ ਖਬਰ ਨਾ ਲੱਗੀ। ਉਸ ਦਾ ਖੁਸ਼ੀ ਨਾਲ ਕਿਰਮਚੀ ਹੋਇਆ ਚਿਹਰਾ ਇਕ ਦੱਮ ਪੀਲਾ ਹੋ ਗਿਆ। ਉਸ ਦੇ ਬੁੱਲ੍ਹ ਅਵਾਕ ਖੁੱਲ੍ਹੇ ਰਹਿ ਗਏ। ਸੀਤੋ ਦੇ ਮੂੰਹ ਤੋਂ ਉਸ ਨੂੰ ਕੋਈ ਘਬਰਾਹਟ ਜਾਂ ਦੁੱਖ ਦਾ ਪਰਛਾਵਾਂ ਨਾ ਦਿਸਿਆ। ਐਨੇ ਚਿਰ ਨੂੰ ਸੀਤੋ ਉਸ ਕੋਲ ਆ ਗਈ। ਉਸ ਨੇ ਮੀਕੇ ਨੂੰ ਜੱਫੀ ਪਾਉਣ ਲਈ ਆਪਣੀਆਂ ਬਾਂਹਾਂ ਅੱਗੇ ਕੀਤੀਆਂ। ਮੀਕੇ ਨੇ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਵੇਖਦਿਆਂ ਅਤੇ ਬੇਬੀ ਨੂੰ ਆਪਣੇ ਨਾਲ ਘੁੱਟਦਿਆਂ ਉਸ ਨੂੰ ਪੁੱਛਿਆ-

"ਦੀਪੀ----ਖੈਰ ਸੁੱਖ ਤਾਂ ਐ--!" ਮੀਕੇ ਦੇ ਬੋਲ ਕੰਬ ਗਏ।

"ਮੈਂ ਤਾਂ ਬਾਂਹਾਂ ਖੋਲ੍ਹੀ ਖੜ੍ਹੀ ਆਂ। ਮੇਰੀ ਬਾਤ ਨੀ ਪੁੱਛੀ ਤੇ ਕੁੜੀ ਦਾ ਫਿਕਰ ਜਾਦੇ ਹੋ ਗਿਆ।" ਸੀਤੋ ਨੇ ਅੱਖਾਂ ਮਟਕਾਉਂਦਿਆਂ ਨਹੋਰੇ ਨਾਲ ਕਿਹਾ।

"ਪਰ ਉਹਨੂੰ ਹੋਇਆ ਕੀ ਤੂੰ ਨਾਲ ਕਿਉਂ ਨੀ ਲੈ ਕੇ ਆਈ--!" ਮੀਕੇ ਨੇ ਸੀਤੋ ਦੀਆਂ ਅੱਖਾਂ ਵਿਚ ਅੱਖਾਂ ਗੱਡਦੇ ਹੋਏ ਉਸ ਨੂੰ ਆਪਣਾ ਸਵਾਲ ਦੁਹਰਾਇਆ।

"ਪਾਪਾ ਦੀਪੀ ਨੂੰ ਮੰਮੀ ਦਾਦੇ ਦਾਦੀ ਕੋਲ ਛੱਡ ਆਈ। ਮੈਂ ਹੁਣ ਕੀਹਦੇ ਨਾਲ ਖੇਡੂੰ--!" ਸੀਤੋ ਅਜੇ ਮੀਕੇ ਨੂੰ ਜਵਾਬ ਦੇਣ ਲਈ ਟਾਲ ਮਟੋਲ ਹੀ ਕਰ ਰਹੀ ਸੀ ਕਿ ਬੇਬੀ ਨੇ ਵਿਚ ਬੋਲ ਕੇ ਸਾਰੀ ਗੱਲ ਖੋਲ੍ਹ ਦਿੱਤੀ।

"ਤੂੰ ਫੇਰ ਕਿਉਂ ਆਈ ਤੂੰ ਵੀ ਉਥੇ ਈ ਰਹਿ ਪੈਂਦੀ---।" ਕੌੜੀਆਂ ਅੱਖਾਂ ਅਤੇ ਗੁੱਸੇ ਨਾਲ ਫਰਕਦੇ ਬੁੱਲ੍ਹਾਂ ਨਾਲ ਮੀਕੇ ਨੇ ਸਮਾਨ ਵਾਲੀ ਟਰਾਲੀ ਖਿੱਚ ਕੇ ਅੱਗੇ ਕਰ ਲਈ। ਉਹ ਗੁੱਸੇ ਨਾਲ ਭਰਿਆ ਪੀਤਾ ਚੁੱਪ ਚਾਪ ਕਾਰ ਪਾਰਕ ਵੱਲ ਨੂੰ ਤੁਰ ਪਿਆ। ਮੀਕੇ ਦੀ ਚੁੱਪ ਅਜਿਹੀ ਚੁੱਪ ਸੀ ਜਿਸ ਵਿਚ ਬੇਹੱਦ ਰੌਲਾ ਅਤੇ ਫਤੂਰ ਭਰਿਆ ਲਗਦਾ ਸੀ। ਸੀਤੋ ਪਹਿਲੀ ਵਾਰ ਮੀਕੇ ਦੇ ਗੁੱਸੇ ਤੋਂ ਅੰਦਰੇ ਅੰਦਰ ਡਰ ਗਈ। ਉਸ ਨੂੰ ਮੀਕੇ ਤੋਂ ਪਹਿਲੀ ਵੇਰ ਡਰ ਲੱਗਿਆ। ਸਾਰੇ ਰਾਹ ਮੀਕਾ ਬੋਝਲ ਮਨ ਅਤੇ ਚੀਕਦੀ ਚੁੱਪ ਨਾਲ ਕਾਰ ਚਲਾਉਂਦਾ ਰਿਹਾ। ਸੀਤੋ ਦੀ ਕੋਈ ਮਜਾਲ ਨਾ ਹੋਈ ਕਿ ਉਹ ਉਸ ਨੂੰ ਕੁਝ ਵੀ ਕਹਿ ਸਕੇ।

ਘਰ ਆ ਕੇ ਉਸ ਨੇ ਸਮਾਨ ਲਾਹ ਕੇ ਅੰਦਰ ਰੱਖ ਦਿੱਤਾ ਅਤੇ ਟੀ ਵੀ ਅੱਗੇ ਬੇਹਿੱਸ ਜਿਹਾ ਹੋ ਕੇ ਬੈਠ ਗਿਆ। ਬੇਬੀ ਉਸ ਦੀ ਬੁੱਕਲ ਵਿਚ ਆ ਬੈਠੀ। ਸੀਤੋ ਨੇ ਪਹਿਲਾਂ ਛੋਟੀ ਜੱਸੀ ਨੂੰ ਨਹਾਇਆ ਅਤੇ ਉਸ ਨੂੰ ਮੀਕੇ ਦੀ ਬੁੱਕਲ ਵਿਚ ਫੜਾ ਗਈ। ਬਿਨਾ ਬੋਲਿਆਂ ਉਹ ਕੈਰੀਆਂ ਜਿਹੀਆਂ ਅੱਖਾਂ ਨਾਲ ਮੀਕੇ ਦੇ ਚਿਹਰੇ ਤੋਂ ਉਸ ਦੇ ਗੁੱਸੇ ਅਤੇ ਮੂਡ ਦਾ ਅੰਦਾਜ਼ਾ ਲਾਉਂਦੀ ਬੇਬੀ ਨੂੰ ਲੈ ਕੇ ਬਾਥ ਰੂਮ ਵਿਚ ਚਲੀ ਗਈ। ਉਸ ਨੂੰ ਨਹਾ ਕੇ ਮੀਕੇ ਕੋਲ ਭੇਜ ਦਿੱਤਾ ਅਤੇ ਆਪ ਆਪਣੇ ਕੱਪੜੇ ਲੈ ਕੇ ਬਾਥ ਰੂਮ ਜਾ ਵੜੀ। ਉਸ ਨੇ ਆਪਣੇ ਆਪ ਨੂੰ ਮਲ ਮਲ ਕੇ ਨਹਾਇਆ ਜਿਵੇਂ ਜਨਮਾਂ ਜਨਮਾਤਰਾਂ ਦੀ ਮੈਲ ਲਾਹ ਰਹੀ ਹੋਵੇ। ਨਹਾ ਕੇ ਉਹ ਆਪਣੇ ਵਾਲ ਹੇਅਰ ਡਰਾਇਰ ਨਾਲ ਸਕਾਉਣ ਲੱਗੀ। ਵਾਲ ਸੁਕਾ ਕੇ ਉਸਨੇ ਹਲਕਾ ਜਿਹਾ ਮੇਕ-ਅੱਪ ਕੀਤਾ। ਆਪਣੇ ਆਪ ਨੂੰ ਸ਼ੀਸ਼ੇ ਵਿਚ ਵੇਖਿਆ ਜਿਵੇਂ ਆਪਣੇ ਸੁਹੱਪਣ ਦੀ ਤਸੱਲੀ ਕਰਨਾ ਚਾਹੁੰਦੀ ਹੋਵੇ। ਉਸ ਨੇ ਜਾਣ ਬੁਝ ਕੇ ਵਾਲਾਂ ਨੂੰ ਖੁੱਲ੍ਹੇ ਰੱਖ ਲਿਆ। ਇਸ ਉਮੀਦ ਨਾਲ ਕਿ ਉਹ ਮੀਕੇ ਨੂੰ ਆਪਣੀਆਂ ਜ਼ੁਲਫਾਂ ਵਿਚ ਕੈਦ ਕਰ ਲਵੇਗੀ ਅਤੇ ਪੌੜੀਆਂ ਉੱਤਰ ਆਈ।

"ਆਪਦੇ ਘਰ ਵਰਗੀ ਰੀਸ ਨੀ ਕਿਤੇ---। ਮੈਨੂੰ ਤਾਂ ਜਾਣੀ ਆਪਦੇ ਆਪ ਤੋਂ ਈ ਮੁਸ਼ਕ ਜਿਹਾ ਆਈ ਜਾਂਦਾ ਸੀ। ਨਹਾ ਕੇ ਭੋਰਾ ਚੈਨ ਆਇਆ।"

"ਮੀਕੇ ਦੇ ਸਾਹਮਣੇ ਵਾਲੀ ਕੁਰਸੀ 'ਤੇ ਬੈਠਦਿਆਂ ਉਸ ਨੇ ਟੇਢੀ ਜਿਹੀ ਧੌਣ ਕਰਕੇ ਮੀਕੇ ਨੂੰ ਮੁਸਕਰਾਹਟ ਦਿੱਤੀ। "ਹੂੰਅ-----।" ਮੀਕੇ ਨੇ ਇਕ ਸਰਸਰੀ ਜਿਹੀ ਨਜ਼ਰ ਉਸ ਵੱਲ ਮਾਰੀ ਅਤੇ ਸੁੱਤੀ ਪਈ ਜੱਸੀ ਵੱਲ ਵੇਖਣ ਲੱਗਾ। ਉਸ ਦਾ ਬਿਲਕੁਲ ਹੀ ਗੱਲ ਬਾਤ ਕਰਨ ਨੂੰ ਦਿਲ ਨਹੀਂ ਕਰ ਰਿਹਾ ਸੀ। ਇਕ ਪਲ ਲਈ ਉਸ ਦੇ ਮਨ ਵਿਚ ਖਿਆਲ ਆਇਆ ਉੱਠ ਕੇ ਬਾਹਰ ਆਪਣੇ ਕਿਸੇ ਮਿੱਤਰ ਪਿਆਰੇ ਵੱਲ ਚੱਕਰ ਮਾਰ ਆਵੇ। ਉਸ ਨੇ ਇਹ ਖਿਆਲ ਯੱਕ ਦੱਮ ਹੀ ਤਿਆਗ ਦਿੱਤਾ। ਉਸ ਨੇ ਦਿਖਾਵੇ ਵਜੋਂ ਟੀ ਵੀ ਵਿਚ ਮਗਨ ਹੋਣ ਦਾ ਨਾਟਕ ਕੀਤਾ। ਸੀਤੋ ਉੱਠ ਕੇ ਕਿਚਨ ਵਿਚ ਚਲੀ ਗਈ। ਬੇਬੀ ਕੁਝ ਖਾਣ ਨੂੰ ਮੰਗ ਰਹੀ ਸੀ ਅਤੇ ਨਾਲ ਹੀ ਉਸ ਦੀਆਂ ਅੱਖਾਂ ਬੰਦ ਹੋ ਰਹੀਆਂ ਸਨ। ਬੇਬੀ ਨੂੰ ਉਸ ਨੇ ਕੁਝ ਖਾਣ ਲਈ ਦਿੱਤਾ ਅਤੇ ਨਾਲੋ ਨਾਲ ਮੀਕੇ ਦੇ ਮਨ ਤੱਕ ਪਹੁੰਚਣ ਦਾ ਢੰਗ ਤਰੀਕਾ ਸੋਚਣ ਲੱਗੀ ਜਿਸ ਦੀ ਉਸ ਨੂੰ ਆਮ ਤੌਰ 'ਤੇ ਲੋੜ ਨਹੀਂ ਪੈਂਦੀ ਸੀ।

"ਕੀ ਗੱਲ ਆ ਤੁਸੀਂ ਆਏਂ ਮੂੰਹ ਬਣਾਈ ਬੈਠੇ ਐ। ਮੇਰੇ ਆਉਣ ਦੀ ਖੁਸ਼ੀ ਨੀ ਹੋਈ। ਮੈਂ ਤਾਂ ਥੋੜੇ ਬਿਨਾਂ ਰਹਿ ਕੇ ਪਛਤਾਉਂਦੀ ਈ ਰਹੀ। ਭੋਰਾ ਨੀ ਜੀ ਲੱਗਿਆ।" ਸੀਤੋ ਨੇ ਮੀਕੇ ਦੀ ਬਗਲ ਵਿਚ ਬੈਠਦਿਆਂ ਉਸ ਦੇ ਹੱਥ ਨੂੰ ਮਾੜਾ ਜਿਹਾ ਛੂਹਿਆ। ਮੀਕੇ ਨੇ ਮਲਕੜੇ ਆਪਦਾ ਹੱਥ ਖਿੱਚ ਕੇ ਟੀ ਵੀ ਦਾ ਚੈਨਲ ਬਦਲਣ ਦੇ ਬਹਾਨੇ ਉਸ ਹੱਥ ਵਿਚ ਰੀਮੋਟ ਕੰਟਰੋਲ ਚੁੱਕ ਲਿਆ। ਸੀਤੋ ਨੇ ਡੂੰਘੀ ਨਜ਼ਰ ਨਾਲ ਉਸ ਵੱਲ ਵੇਖਿਆ ਪਰ ਚੁੱਪ ਰਹੀ। ਮੀਕਾ ਉੱਠ ਕੇ ਕਿਚਨ ਵਿਚੋਂ ਬੀਅਰ ਦਾ ਡੱਬਾ ਚੁੱਕ ਲਿਆਇਆ।

"ਤੁਹਾਡੇ ਲਈ ਕੁਝ ਖਾਣ ਨੂੰ ਲਿਆ ਕੇ ਦੇਵਾਂ--!" ਮੀਕੇ ਦਾ ਜਵਾਬ ਉਡੀਕੇ ਬਿਨਾਂ ਉਹ ਕਿਚਨ ਵਿਚ ਚਲੀ ਗਈ। ਖੜਕਦੇ ਡੱਬੇ ਅਤੇ ਪਲੇਟ-ਚਮਚੇ ਦਾ ਖੜਕਾ ਮੀਕੇ ਦੇ ਕੰਨੀ ਪਿਆ। ਉਸਦੇ ਮਨ ਵਿਚ ਸੀਤੋ ਨੂੰ ਦੇਖਣ ਅਤੇ ਮਾਣਨ ਦੀ ਚਾਹ ਨੇ ਅੰਗੜਾਈ ਲਈ। ਸ਼ਾਇਦ ਇਹ ਇੰਡੀਅਨ ਫਿਲਮ ਦੇ ਉਸ ਸੀਨ ਦੀ ਕਰਾਮਾਤ ਸੀ ਜਿਸ ਵਿਚ ਹੀਰੋ ਆਪਣੀ ਮਸ਼ੂਕ ਨਾਲ ਬਾਥ ਰੂਮ ਵਿਚ ਗਾਣਾ ਗਾ ਰਿਹਾ ਸੀ।

ਹਮੇਸ਼ਾਂ ਵਾਂਗ ਉਹ ਆਪਣੇ ਮੁਕਾਬਲੇ ਲਈ ਤਿਆਰ ਸਨ। ਮੁਕਾਬਲਾ ਜਿਸ ਵਿਚ ਮੀਕੇ ਦੀ ਹਮੇਸ਼ਾਂ ਹਾਰ ਅਤੇ ਸੀਤੋ ਦੀ ਜਿੱਤ ਹੁੰਦੀ ਆਈ ਸੀ। ਉਹ ਅਚੇਤ ਹੀ ਕਾਰਣ ਲੱਭਣ ਲੱਗਾ ਆਖਰ ਸੀਤੋ ਹੀ ਕਿਉਂ ਆਪਣੀ ਗੱਲ ਮਨਾਉਣ ਵਿਚ ਕਾਮਯਾਬ ਹੋ ਜਾਂਦੀ ਸੀ। ਉਸ ਵਿਚ ਕਿਹੜੀ ਕਮਜ਼ੋਰੀ ਸੀ! ਕੀ ਉਹ ਹਮੇਸ਼ਾਂ ਹੀ ਗਲਤ ਹੁੰਦਾ ਹੈ ਅਤੇ ਸੀਤੋ ਠੀਕ! ਨਹੀਂ ਇਹ ਨੀ ਹੋ ਸਕਦਾ ਕਿ ਸੀਤੋ

ਹਮੇਸ਼ਾਂ ਠੀਕ ਹੋਵੇ! ਉਸ ਨੂੰ ਸਹੀ ਕਾਰਣ ਦਾ ਪਤਾ ਨਾ ਲੱਗਾ। ਉਸ ਨੇ ਆਪਣੇ ਆਪ ਨੂੰ ਐਨੀ ਜਲਦੀ ਹਮੇਸ਼ਾਂ ਵਾਂਗ ਹਾਰ ਜਾਣ ਦੀ ਥਾਂ ਆਪਣੀ ਲੜਾਈ ਨੂੰ ਕਇਮ ਰੱਖਣ ਦਾ ਫੈਸਲਾ ਕੀਤਾ ਅਤੇ ਸੋਫੇ 'ਤੇ ਸਿੱਧਾ ਹੋ ਕੇ ਬੈਠ ਗਿਆ।

ਸੀਤੋ ਨੇ ਬਿਨਾਂ ਖੜਾਕ ਪਲੇਟ ਉਸ ਅੱਗੇ ਮੇਜ਼ 'ਤੇ ਰੱਖ ਦਿੱਤੀ। ਉਸ ਵਿਚ ਕਾਜੂ ਅਤੇ ਭੁੱਜੇ ਬਦਾਮ ਸਨ। ਸੀਤੋ ਨੂੰ ਮੀਕੇ ਦੀ ਭੁੱਜੇ ਬਦਾਮਾਂ ਨੂੰ ਪਸੰਦ ਕਰਨ ਦੀ ਕਮਜ਼ੋਰੀ ਦਾ ਪਤਾ ਸੀ। ਉਹ ਪਲੇਟ ਰੱਖ ਕੇ ਮੀਕੇ ਦੇ ਐਨਾ ਕੁ ਨੇੜੇ ਢੁੱਕ ਕੇ ਬਹਿ ਗਈ ਉਸ ਦਾ ਮੋਢਾ ਕਦੇ ਤਾਂ ਮੀਕੇ ਨੂੰ ਛੁਹ ਜਾਂਦਾ ਕਦੇ ਉਹਨਾਂ ਵਿਚ ਹਵਾ ਸਰਕਣ ਜੋਗੀ ਵਿੱਥ ਬਣ ਜਾਂਦੀ। ਸੀਤੋ ਦੇ ਹਲਕੇ ਜਿਹੇ ਪਰਫਿਊਮ ਦੀ ਖੁਸ਼ਬੋ ਮੀਕੇ ਦੇ ਨਾਸੀਂ ਜਲੂਣ ਕਰਨ ਲੱਗੀ। ਉਸ ਨੇ ਆਪਣਾ ਧਿਆਨ ਫਿਲਮ ਵੱਲ ਕਰਨ ਦੀ ਕੋਸ਼ਿਸ ਕੀਤੀ।

"ਦੀਪੀ ਦਾ ਦਿਲ ਬੇਜੀ ਨਾਲ ਵਾਹਵਾ ਲੱਗ ਗਿਆ ਸੀ। ਉਹਨਾਂ ਦਾ ਹੇਲ-ਮੇਲ ਐਨਾ ਸੀ ਦੀਪੀ ਤਾਂ ਸੌਂਦੀ ਵੀ ਬੇਜੀ ਨਾਲ ਸੀ। ਬੇਜੀ ਨੇ ਕਿਹਾ ਅਤੇ ਮੈਂ ਉਸ ਨੂੰ ਛੱਡ ਆਈ। ਮੇਰਾ ਦੱਸੋ ਕੀ ਕਸੂਰ ਐ! ਐਂਵੇਂ ਮੇਰੇ ਨਾਲ ਮੂੰਹ ਬਣਾਈ ਬੈਠੇ ਐਂ।" ਸੀਤੋ ਨੇ ਮਹਿਸੂਸ ਕੀਤਾ ਗੱਲ ਕਰਨ ਬਿਨਾਂ ਹੋਰ ਕੋਈ ਸਮੱਸਿਆ ਦਾ ਇਲਾਜ ਨਹੀਂ ਸੀ। ਉਸ ਦੀ ਅਵਾਜ਼ ਵਿਚ ਮੁਆਫੀ ਮੰਗਦੀ ਬੇਨਤੀ ਵਰਗੀ ਸੁਰ ਸੀ।

"ਤੈਨੂੰ ਨੀ ਬੇਜੀ ਨੇ ਕਿਹਾ ਬਈ ਤੂੰ ਵੀ ਰਹਿ ਪਾ----।" ਮੀਕੇ ਦੇ ਬੋਲਾਂ ਵਿਚ ਹਾੜ੍ਹ ਦੇ ਮਹੀਨੇ ਤਪੇ ਰੇਤ ਵਰਗੀ ਤਪਸ਼ ਸੀ।

"ਮੈਂ ਬੇਜੀ ਬਾਪੂ ਜੀ ਨੂੰ ਕਿਵੇਂ ਨਾਂਹ ਕਰ ਦਿੰਦੀ। ਜੇ ਨਾ ਛੱਡ ਕੇ ਆਉਂਦੀ ਤਾਂ ਮੇਰੇ ਤੇ ਦੋਸ਼ ਲਾਹੁਣਾ ਸੀ ਬਈ ਮੇਰੇ ਮਾਪਿਆਂ ਦੇ ਆਖੇ ਨੀ ਲੱਗੀ---।" ਸੀਤੋ ਦੀ ਸੁਰ ਬੇਨਤੀ ਦੀ ਥਾਂ ਹਲਕੇ ਨਹੋਰੇ ਵਰਗੀ ਹੋ ਗਈ। ਮੀਕਾ ਟੱਸ ਤੋਂ ਮੱਸ ਨਾ ਹੋਇਆ। ਸੀਤੋ ਨੂੰ ਵੀ ਪਤਾ ਲੱਗ ਗਿਆ ਕਿ ਗੱਲਾਂ ਨਾਲ ਜਲਦੀ ਉਸ ਨੇ ਨਹੀਂ ਮੰਨਣਾ। ਉਸ ਨੂੰ ਵਿਸ਼ਵਾਸ਼ ਸੀ ਸਵੇਰੇ ਉੱਠਣ ਤੱਕ ਮੀਕੇ ਦਾ ਗੁੱਸਾ ਜ਼ਰੂਰ ਠੰਢਾ ਹੋ ਜਾਵੇਗਾ।

"ਰੋਟੀ ਬਣਾਵਾਂ ਕਿ ਹੋਰ ਪੀਣੀ ਐ-।" ਸੀਤੋ ਨੇ ਅੰਗੜਾਈ ਲੈਂਦਿਆਂ ਘੋਖਦੀਆਂ ਅੱਖਾਂ ਨਾਲ ਮੀਕੇ ਵੱਲ ਵੇਖਿਆ।

"ਬਣਾ ਲਾ----।" ਮੀਕੇ ਦੇ ਰੁੱਖੇ ਜਵਾਬ ਨੂੰ ਸੁਣ ਕੇ ਉਹ ਕਿਚਨ ਵੱਲ ਚਲੀ ਗਈ ਅਤੇ ਮੀਕੇ ਨੇ ਪੱਕੀ ਦਾ ਪੈਗ ਪਾ ਲਿਆ।

ਕਿਚਨ ਵਿਚ ਸੀਤੋ ਰੋਟੀ ਬਣਾਉਂਦੀ ਸੋਚਣ ਲੱਗੀ 'ਮਨਾਂ ਇਹ ਤਾਂ ਹੁਣ ਈ ਐਨਾ ਔਖਾ ਹੋਇਆ ਬੈਠਾ ਜੇ ਇਹਨੂੰ ਪਤਾ ਲੱਗ ਗਿਆ ਕਿ ਮੈਂ ਦੀਪੀ ਨੂੰ ਆਪਣੀ ਮਰਜ਼ੀ ਨਾਲ ਛੱਡ ਕੇ ਆਈ ਆਂ ਤਾਂ ਇਹ ਪਤਾ ਨੀ ਕੀ ਕਰੂ! ਇਹਨੂੰ ਕੀ ਪਤਾ ਨਿਆਣੇ ਕਿਵੇਂ ਸਾਂਭਣੇ ਐ! ਸਿਰ ਤਾਂ ਨਿਆਣਿਆ ਨੇ ਮੇਰਾ ਈ ਖਾਣਾ। ਦੋ ਸਾਲਾਂ ਨੂੰ ਜਦੋਂ ਕਦੇ ਗੇੜਾ ਲੱਗਿਆ ਨਾਲ ਲੈ ਆਵਾਂਗੇ--।' ਸੋਚਦਿਆਂ ਉਸ ਨੇ ਸਲਾਦ ਕੱਟ ਕੇ ਦੂਸਰੀ ਪਲੇਟ ਵਿਚ ਰੱਖਿਆ। ਚਿਕਨ ਗਰਮ ਕੀਤਾ। ਸਬਜ਼ੀ ਗਰਮ ਕੀਤੀ ਅਤੇ ਫੁਲਕੇ ਲਾਹ ਕੇ ਪਿਆਰੀਆਂ ਜਿਹੀਆਂ ਨਿਗਾਹਾਂ ਸੁਟਦੀ ਉਸ ਨੂੰ ਰੋਟੀ ਫੜਾ ਗਈ। ਕਿਚਨ ਦੀ ਸਫ਼ਾਈ ਕਰਦਿਆਂ ਉਸ ਨੇ ਸੋਚ ਲਿਆ ਮੀਕੇ ਵਾਲੇ ਭਾਂਡੇ ਸਵੇਰੇ ਧੋਵੇਗੀ। ਹੁਣ ਤਾਂ ਨੀਂਦ ਆ ਰਹੀ ਸੀ ਅਤੇ ਮੀਕੇ ਨੂੰ ਮਨਾਉਣ ਦਾ ਕੰਮ ਵੀ ਬਾਕੀ ਸੀ। ਅਣਦਿਸਦੀ ਜਿਹੀ ਜੇਤੂ ਮੁਸਕਰਾਹਟ ਨਾਲ ਉਸ ਦੇ ਬੁੱਲ੍ਹ ਟੇਢੇ ਜਿਹੇ ਖੁੱਲ੍ਹੇ ਅਤੇ ਨਾਲ ਹੀ ਉਸ ਨੇ ਰੋਟੀ ਖਾਣ ਬਾਅਦ ਮੀਕੇ ਦੀ ਪਲੇਟ ਨੂੰ ਮੇਜ਼ 'ਤੇ ਘਸਰਦੀ ਸੁਣਿਆ। ਉਸ ਦੀ ਮੁਸਕਰਾਹਟ ਵੀ ਅਲੋਪ ਹੋ ਗਈ ਅਤੇ ਉਹ ਭਾਂਡੇ ਚੁੱਕ ਕੇ ਕਿਚਨ ਦੇ ਸਿੰਕ ਵਿਚ ਰੱਖ ਆਈ।

ਰੋਟੀ ਖਾ ਕੇ ਮੀਕਾ ਬਾਥ ਰੂਮ ਵਿਚ ਵੜ ਗਿਆ ਅਤੇ ਸੀਤੋ ਨੇ ਬੈਡ ਕਵਰ ਨੂੰ ਲਾਹ ਕੇ ਸੌਣ ਦੀ ਤਿਆਰੀ ਕਰਨ ਲੱਗੀ। ਉਹ ਮਹੀਨ ਜਿਹੀ ਨਾਈਟੀ ਪਾ ਕੇ ਰਜਾਈ ਵਿਚ ਵੜ ਗਈ।

ਸਵੇਰ ਨੂੰ ਮੀਕੇ ਦਾ ਗੁੱਸਾ ਭਾਵੇਂ ਬਿਲਕੁਲ ਤਾਂ ਨਹੀਂ ਖਤਮ ਹੋਇਆ ਸੀ ਫਿਰ ਵੀ ਉਸ ਵਿਚ ਵਰ੍ਹਦੀ ਅੱਗ ਦਾ ਅਹਿਸਾਸ ਨਹੀਂ ਸੀ। ਸਵੇਰੇ ਜਦ ਮੀਕਾ ਬਿਸਤਰੇ ਵਿਚ ਹੀ ਸੀਤੋ ਵਾਸਤੇ ਚਾਹ ਲੈ ਕੇ ਆਇਆ ਤਾਂ ਸੀਤੋ ਦੇ ਬੁੱਲਾਂ 'ਤੇ ਪੇਤਲੀ ਜਿਹੀ ਨਖਰੇਲੀ ਮੁਸਕਰਾਹਟ ਫੈਲ ਗਈ ਜਿਹੜੀ ਕਹਿ ਰਹੀ ਸੀ ਬੱਸ ਐਨਾ ਈ ਗੁੱਸਾ ਸੀ। ਇਹ ਤਾਂ ਮੇਰੇ ਖੱਬੇ ਹੱਥ ਦਾ ਕੰਮ ਐ। ਉਹ ਬੋਲੀ ਤਾਂ ਕੁਝ ਨਾ ਸਗੋਂ ਮੀਕੇ ਨੂੰ ਇਕ ਧੰਨਵਾਦ ਦਾ ਚੁੰਮਣ ਦੇ ਕੇ ਉਸ ਦੇ ਨਾਲ ਲੱਗ ਕੇ ਬੈਠ ਗਈ। ਮੀਕਾ ਕੰਮ ‘ਤੇ ਚਲਿਆ ਗਿਆ ਅਤੇ ਸੀਤੋ ਬੈਡ ਵਿਚ ਬੈਠੀ ਕਿਸੇ ਹੋਰ ਵਿਉਂਤ-ਬੰਦੀ ਵਿਚ ਉਲਝ ਗਈ। ਬੱਚੀਆਂ ਅਜੇ ਸੁੱਤੀਆਂ ਪਈਆਂ ਸਨ। ਬੇਬੀ ਨੂੰ ਅੱਜ ਉਸ ਨੇ ਸਕੂਲ ਨਾ ਭੇਜਣ ਦਾ ਫੈਸਲਾ ਕਰ ਲਿਆ ਸੀ।

ਮੀਕੇ ਦਾ ਕੰਮ ‘ਤੇ ਸਾਰਾ ਦਿਨ ਦਿਲ ਨਾ ਲੱਗਿਆ। ਵਾਰ ਵਾਰ ਦੀਪੀ ਦਾ ਖਿਆਲ ਆਉਂਦਾ ਅਤੇ ਉਸ ਦਾ ਮੂੰਹ ਉਦਾਸਿਆ ਜਾਂਦਾ। ਉਹ ਇੰਡੀਆ ਦੀ ਗਰਮੀ ਬਾਰੇ ਸੋਚਦਾ ਜਿਹੜੀ ਹੁਣ ਬੱਸ ਸ਼ੁਰੂ ਹੋਣ ਵਾਲੀ ਸੀ। ਐਨੀ ਗਰਮੀ ਵਿਚ ਦੀਪੀ ਕਿਵੇਂ ਰਹੇਗੀ ਅਤੇ ਕਿਵੇਂ ਮਿੱਟੀ ਘੱਟੇ ਵਾਲੇ ਵਾਤਵਵਰਣ ਵਿਚ ਪਲੇਗੀ! ਉਸ ਨੂੰ ਸੀਤੋ ‘ਤੇ ਗੁੱਸਾ ਆਉਂਦਾ। ਮਨ ਨੂੰ ਤਸੱਲੀ ਦੇਣ ਲਈ ਉਹ ਸੋਚਦਾ ‘ਮੀਕਾ ਸਿਆਂ ਤੂੰ ਵੀ ਤਾਂ ਆਪਦਾ ਸਾਰਾ ਬਚਪਨ ਉੱਥੇ ਈ ਕੱਟਿਆ। ਦੀਪੀ ਵੀ ਉੱਥੇ ਰਹਿ ਕੇ ਉਹੋ ਜਿਹੀ ਹੀ ਹੋ ਜਾਊ।' ਮੀਕੇ ਨੂੰ ਜੰਮਣ-ਭੋਇੰ ਦਾ ਮੋਹ ਤਾਂ ਆਉਂਦਾ। ਪਰ ਉਸ ਮਿੱਟੀ ਨਾਲ ਜੁੜੀਆਂ ਸਮਾਜਕ ਤੇ ਵਾਤਾਵਰਣ ਆਦਿ ਦੀਆਂ ਸਮੱਸਿਆਵਾਂ ਉਸ ਨੂੰ ਪ੍ਰੇਸ਼ਾਨ ਕਰ ਦਿੰਦੀਆਂ। ਉਹ ਦੀਪੀ ਬਾਰੇ ਸੋਚਦਾ ਹੋਰ ਉਦਾਸ ਹੋ ਜਾਂਦਾ।

ਦੀਪੀ ਦੀਆਂ ਤੋਤਲੀਆਂ ਗੱਲਾਂ ਉਸ ਨੂੰ ਰਹਿ ਰਹਿ ਕੇ ਯਾਦ ਆਉਂਦੀਆ। ਦੀਪੀ ਨਾਲ ਪਤਾ ਨਹੀਂ ਉਸ ਦਾ ਐਨਾ ਮੋਹ ਕਿਉਂ ਸੀ! ਉਸ ਨੂੰ ਦੂਜੀਆਂ ਦਾ ਪਿਆਰ ਵੀ ਬਥੇਰਾ ਸੀ। ਦੀਪੀ ਲਈ ਉਸ ਦੇ ਦਿਲ ਦੇ ਕੋਨੇ ਵਿਚ ਕੋਈ ਵੱਖਰੀ ਜਿਹੀ ਨਰਮ ਥਾਂ ਸੀ। ਦੀਪੀ ਹਰ ਗੱਲ ਨੂੰ ਧਿਆਨ ਨਾਲ ਸੁਣਦੀ। ਉਸ ਦੀ ਯਾਦਦਾਸ਼ਤ ਕਮਾਲ ਸੀ।

ਤਿੰਨ ਸਾਲ ਦੀ ਉਮਰ ਵਿਚ ਉਹ ਬਹੁਤ ਸਿਆਣੀਆਂ ਗੱਲਾਂ ਕਰਦੀ। ਉਹ ਬੇਬੀ ਦੀ ਨਕਲ ਕਰਦੀ ਅਤੇ ਉਸ ਦੇ ਬਰਾਬਰ ਪੜ੍ਹਨ ਬੈਠ ਜਾਂਦੀ ਭਾਂਵੇਂ ਉਹ ਅਜੇ ਸਕੂਲ ਵੀ ਜਾਣ ਨਹੀਂ ਲੱਗੀ ਸੀ। ਮੀਕਾ ਬੇਬੀ ਨੂੰ ਗਿਣਤੀ ਸਿਖਾਉਂਦਾ ਅਤੇ ਦੀਪੀ ਨਾਲ ਹੀ ਸਿੱਖ ਜਾਂਦੀ। ਉਹ ਖੁਸ਼ ਹੋ ਕੇ ਸੀਤੋ ਨੂੰ ਦੱਸਦਾ ਤਾਂ ਸੀਤੋ ਬਿਮਾਰ ਜਿਹੀ ਮੁਸਕਰਾਹਟ ਨਾਲ ਕਹਿੰਦੀ-“ਜਦੋਂ ਵੱਡੀ ਹੋਊ ਦੇਖੀ ਜਾਊ। ਪਤਾ ਨੀ ਕਿਹੋ ਜੀ ਬਣੂੰ!” ਮੀਕੇ ਦਾ ਚਾਅ ਮਿੱਟੀ ਵਿਚ ਮਿਲ ਜਾਂਦਾ।

ਸ਼ਾਮ ਨੂੰ ਮੀਕਾ ਘਰ ਆਇਆ ਤਾਂ ਸੀਤੋ ਦੀ ਖੁਸ਼ੀ ਦਾ ਕੋਈ ਕਾਰਣ ਉਸ ਨੂੰ ਸਮਝ ਨਾ ਆਇਆ। ਦੀਪੀ ਬਿਨਾ ਘਰ ਉਸ ਨੂੰ ਸੁੰਨਾ ਸੁੰਨਾ ਲੱਗਿਆ। ਉਹ ਮਜ਼ਬੂਰ ਜਿਹਾ ਬੇਬੀ ਨਾਲ ਖੇਡਣ ਲੱਗ ਪਿਆ। ਸੀਤੋ ਦੀਆਂ ਤਿਖੀਆਂ ਅਤੇ ਚਮਕਦੀਆਂ ਨਜ਼ਰਾਂ ਵਿਚਲੇ ਸ਼ਬਦ ਸੁਨੇਹੇ ਉਸ ਤੋਂ ਨਾ ਕਦੇ ਪੜ੍ਹੇ ਗਏ ਸਨ ਅਤੇ ਨਾ ਹੀ ਅੱਜ ਪੜ੍ਹ ਸਕਿਆ ਸੀ।

"

## ਦਸਵਾਂ

ਫਰਬਰੀ ਦਾ ਮਹੀਨਾ ਲੰਘਿਆ ਅਤੇ ਮਾਰਚ ਦਾ ਮਹੀਨਾ ਆ ਗਿਆ। ਮੌਸਮ ਵਿਚ ਗਰਮੀ ਵਧਣ ਲੱਗੀ ਅਤੇ ਸਰਦੀ ਦਾ ਬੋਲ ਬਾਲਾ ਤਕਰੀਬਨ ਆਪਣੇ ਆਖ਼ਰੀ ਜੌਹਰ ਦਿਖਾ ਕੇ ਕੁਝ ਮਹੀਨਿਆਂ ਲਈ ਛੁਪਣ ਲੱਗਾ ਸੀ। ਮਾਰਚ ਦੇ ਬਾਅਦ ਅਪ੍ਰੈਲ ਦਾ ਮਹੀਨਾ ਤਾਂ ਹੋਰ ਵੀ ਗਰਮ ਹੋ ਗਿਆ। ਲੋਕਾਂ ਨੇ ਹਾੜੀ ਵੱਢਣ ਅਤੇ ਦਾਣੇ ਕੱਢਣ ਦੇ ਕੰਮਾਂ ਵਿਚ ਆਪਣਾ ਆਪ ਵੀ ਜਿਉਂ ਭੁਲਾ ਦਿਤਾ।

ਮੀਕੇ ਦਾ ਦਿਲ ਗਰਮੀ ਬਾਰੇ ਸੋਚ ਕੇ ਘਾਂਊ ਮਾਊਂ ਜਿਹਾ ਹੋਣ ਲਗਦਾ। ਉਸ ਨੂੰ ਗਰਮੀ ਦਾ ਪੂਰਾ ਅਹਿਸਾਸ ਸੀ। ਉਹ ਗਰਮੀਆਂ ਦੀਆਂ ਹਨ੍ਹੇਰੀਆਂ ਬਾਰੇ ਸੋਚਦਾ ਤਾਂ ਉਸ ਦਾ ਦਿਲ ਧੱਕ ਕਰਕੇ ਰਹਿ ਜਾਂਦਾ। ਸਾਰੇ ਘਰ ਵਿਚ ਮਿੱਟੀ ਇਕੱਠੀ ਹੋ ਜਾਂਦੀ ਅਤੇ ਹਫ਼ਤਾ ਭਰ ਸਫ਼ਾਈ ਵਿਚ ਲੰਘ ਜਾਂਦਾ। ਕਈ ਦਿਨ ਖਾਣੇ ਵਿਚ ਕਿਰਕ ਆਉਂਦੀ ਰਹਿੰਦੀ। ਜਦੋਂ ਨੂੰ ਸਾਫ਼ ਸਫ਼ਾਈ ਹੁੰਦੀ ਫਿਰ ਕੋਈ ਹੋਰ ਹਨ੍ਹੇਰੀ ਆ ਜਾਂਦੀ। ਥਾਂ ਥਾਂ ਰੂੜੀਆਂ ਅਤੇ ਗੰਦਗੀ ਦੇ ਢੇਰਾਂ 'ਤੇ ਮੱਖੀਆਂ ਅਤੇ ਮੱਛਰਾਂ ਦੇ ਝੁੰਡ ਦਨ-ਦਨਾਉਂਦੇ ਫਿਰਦੇ। ਸਾਰੀਆਂ ਗਰਮੀਆਂ ਵਿਚ ਕਦੇ ਢਿੱਡ ਦੁਖਣ ਲੱਗ ਜਾਂਦਾ, ਕਦੇ ਅੱਖਾਂ ਅਤੇ ਕਦੇ ਮਲੇਰੀਆ ਹੋ ਜਾਂਦਾ।

ਮੀਕਾ ਆਪਣੇ ਦਿਨ ਯਾਦ ਕਰਦਾ। ਫੋੜੇ ਫਿੰਸੀਆਂ ਤਾਂ ਉਸ ਦੇ ਹੋਈਆਂ ਹੀ ਰਹਿੰਦੀਆਂ ਸਨ। ਪਿੰਡ ਵਿਚ ਕੋਈ ਖਾਸ ਡਾਕਟਰੀ ਸਹਾਇਤਾ ਵੀ ਨਹੀਂ ਸੀ। ਇਕ ਆਪਣੇ ਆਪ ਬਣੇ ਡਾਕਟਰ ਤੋਂ ਪਿੰਡ ਦੇ ਲੋਕ ਦਵਾਈਆਂ ਲੈਂਦੇ। ਕਦੇ ਕੋਈ ਠੀਕ ਹੋ ਜਾਂਦਾ ਅਤੇ ਕਦੇ ਨੀਮ ਹਕੀਮ ਖਤਰਾ ਜਾਣ ਵਾਲੀ ਗੱਲ ਬਣ ਜਾਂਦੀ। ਮਰੀਜ਼ ਨੂੰ ਲੈਣੇ ਦੇ ਦੇਣੇ ਪੈ ਜਾਂਦੇ। ਸ਼ਹਿਰ ਜਾ ਕੇ ਡਾਕਟਰਾਂ ਦੇ ਵੱਸ ਪੈਣਾ ਪੈਂਦਾ। ਜਿਥੇ ਬੁੱਕੀਂ ਪੈਸੇ ਲਗਦੇ ਉਥੇ ਸਾਰਾ ਟੱਬਰ ਵੀ ਫਾਹੇ ਚੜ੍ਹਿਆ ਰਹਿੰਦਾ। ਹੁਣ ਭਾਂਵੇਂ ਮੀਕੇ ਦੇ ਪਿੰਡ ਵਿਚ ਸਰਕਾਰੀ ਸੇਹਤ ਸੇਵਾਵਾਂ ਮੌਜੂਦ ਸਨ ਪਰ ਡਾਕਟਰ ਅਤੇ ਦਵਾਈਆਂ ਦੀ ਘਾਟ ਕਰਕੇ ਬਹੁਤੇ ਲੋਕ ਅਜੇ ਵੀ ਪਿੰਡ ਦੇ ਪ੍ਰਾਈਵੇਟ ਡਾਕਟਰਾਂ ਕੋਲ ਜਾਣਾ ਪਸੰਦ ਕਰਦੇ।

ਛੋਟੇ ਹੁੰਦੇ ਮੀਕੇ ਨੂੰ ਹਨ੍ਹੇਰੀ ਚੰਗੀ ਵੀ ਲਗਦੀ ਸੀ। ਉਹ ਵਗਦੀ ਹਨ੍ਹੇਰੀ ਵਿਚ ਭੱਜਦਾ ਅਤੇ ਮੂੰਹ ਨਾਲ ਭਰਰ ਭਰਰ ਦੀ ਅਵਾਜ਼ ਕਰਕੇ ਕਾਰ ਚਲਾਉਣ ਦਾ ਖੇਖਣ ਜਿਹਾ ਕਰਦਾ। ਉਸ ਦਾ ਮੂੰਹ ਸਿਰ ਮਿੱਟੀ ਨਾਲ ਭਰ ਜਾਂਦਾ। ਮੂੰਹ ਵਿਚ ਵੀ ਮਿੱਟੀ ਪੈ ਜਾਂਦੀ ਤੇ ਦੰਦਾਂ ਥੱਲੇ ਕਰਚ ਕਰਚ ਕਰਦੀ ਮਿੱਟੀ ਨਾਲ ਉਸ ਦਾ ਦਿਲ ਕੱਚਾ ਹੋਣ ਲੱਗ ਪੈਂਦਾ। ਕਾਲੀ ਬੋਲੀ ਧੂੜ ਅਤੇ ਤੇਜ਼ ਹਵਾ ਵਿਚ ਫਿਰ ਵੀ ਉਸ ਨੂੰ ਸੁਆਦ ਆਉਂਦਾ। ਕਦੇ ਕਦੇ ਸਾਰੀ ਸਾਰੀ ਰਾਤ ਹਨ੍ਹੇਰੀ ਚਲਦੀ। ਮਿੱਟੀ ਦੀ ਕੰਡ ਪਿੰਡੇ 'ਤੇ ਲੜਦੀ ਰਹਿੰਦੀ ਅਤੇ ਸਾਰੀ ਰਾਤ ਬਿਨਾਂ ਸੌਣ ਤੋਂ ਬੀਤ ਜਾਂਦੀ। ਵਗਦੀ ਹਨ੍ਹੇਰੀ ਵਿਚ ਨਾ ਬਾਹਰ ਸੌਣ ਦਾ ਕੋਈ ਹੱਜ ਹੁੰਦਾ ਅਤੇ ਨਾ ਹੀ ਅੰਦਰ ਸੌਂ ਸਕਣਾ ਗਰਮੀ ਕਰਕੇ ਸੰਭਵ ਹੁੰਦਾ।

ਬਿਜਲੀ ਆਉਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਭਾਰੀ ਅੰਤਰ ਦੀ ਉਮੀਦ ਸੀ। ਲੋਕਾਂ ਨੇ ਪੱਖੇ ਲਗਵਾ ਲਏ ਸਨ। ਉਹ ਰਾਤ ਨੂੰ ਪੱਖਾ ਛੱਡ ਕੇ ਸੌਂਦੇ ਤਾਂ ਆਪਣੇ ਆਪ ਨੂੰ ਰਾਜਿਆਂ ਮਹਾਰਾਜਿਆਂ ਨਾਲੋਂ ਘੱਟ ਨਾ ਸਮਝਦੇ। ਫਿਰ ਕੁਝ ਲੋਕਾਂ ਨੇ ਕੂਲਰ ਲੈ ਆਂਦੇ ਤਾਂ ਉਹਨਾਂ ਨੂੰ ਲਗਦਾ ਜਿਵੇਂ ਉਹ ਬਹਿਸ਼ਤ ਵਿਚ ਬੈਠੇ ਹੋਣ। ਪਹਿਲਾਂ ਲੋਕ ਕੋਠਿਆਂ 'ਤੇ ਸੌਣ ਜਾਂ ਦੁਪਹਿਰ ਵੇਲੇ ਪਾਣੀ ਛਿੜਕ ਕੇ ਵਗਦੀ ਲੋਅ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਜਾਂ ਸ਼ਾਇਦ ਉਸ ਤੋਂ ਵੀ ਵੱਧ ਆਪਣੇ ਆਪ ਨੂੰ ਧੋਖਾ ਦਿੰਦੇ। ਛਿੜਕਿਆ ਪਾਣੀ ਮਿੰਟਾਂ ਵਿਚ ਸੁੱਕ ਜਾਂਦਾ। ਕਈ ਲੋਕ ਗਿੱਲੇ ਕੱਪੜੇ ਨਾਲ ਤਨ ਢੱਕਦੇ ਅਤੇ ਵਗਦੀ ਲੋਅ ਜਦ ਗਿੱਲੇ ਕੱਪੜੇ ਵਿਚ ਦੀ ਲੰਘ ਕੇ ਮਾੜੀ ਜਿਹੀ ਠੰਡਕ ਦਿੰਦੀ ਤਾਂ ਆਪਣੇ ਆਪ ਨੂੰ ਸ਼ਿਮਲੇ ਦੀਆਂ ਪਹਾੜੀਆਂ ਵਿਚ ਬੈਠੇ ਮਹਿਸੂਸ ਕਰਦੇ।

ਅਜੇ ਪਿੰਡਾਂ ਵਿਚ ਲੋੜ ਪੂਰੀ ਹੋਣ ਜੋਗੀ ਬਿਜਲੀ ਨਹੀਂ ਸੀ। ਲੋਕਾਂ ਨੂੰ ਐਨ ਲੋੜ ਵੇਲੇ ਬਿਜਲੀ ਠਿੱਠ ਕਰਦੀ। ਜਦੋਂ ਰੋਟੀ ਖਾਣ ਦਾ ਸਮਾਂ ਹੁੰਦਾ ਤਾਂ ਬਿਜਲੀ ਗੁੱਲ ਹੋ ਜਾਂਦੀ ਅਤੇ ਜਦੋਂ ਦੁਪਹਿਰ ਨੂੰ ਕਾਂ ਅੱਖ ਨਿਕਲਦੀ ਤਾਂ ਬਿਜਲੀ ਦਿਨ ਵੇਲੇ ਹੀ ਘੂਕ ਸੌਂ ਜਾਂਦੀ। ਲੋਕ ਬਿਜਲੀ ਵਾਲਿਆਂ ਅਤੇ ਸਰਕਾਰ ਨੂੰ ਗਾਹਲਾਂ ਦਾ ਮੀਂਹ ਵਰਸਾਉਂਦੇ ਪਰ ਬਿਜਲੀ ਦੀ ਸਮੱਸਿਆ ਹੱਲ ਨਾ ਹੁੰਦੀ। ਦੀਪੀ ਨੂੰ ਉਸ ਵਾਤਵਵਰਣ ਵਿਚ ਰਹਿੰਦਿਆਂ ਸੋਚ ਕੇ ਮੀਕੇ ਦੇ ਮਨ ਵਿਚ ਦੀਪੀ ਲਈ ਤਰਸ ਦੀ ਭਾਵਨਾਂ ਪੈਦਾ ਹੋ ਜਾਂਦੀ। ਉਸ ਨੂੰ ਸੀਤੋ 'ਤੇ ਗੁੱਸਾ ਆਉਂਦਾ। ਦੂਸਰੀਆਂ ਬੱਚੀਆਂ ਚੰਗੇ ਸਾਫ਼ ਅਤੇ ਸਿਹਤਮੰਦ ਮਹੌਲ ਵਿਚ ਪਲ ਰਹੀਆਂ ਸਨ ਅਤੇ ਦੀਪੀ ਨਾਲ ਉਸ ਨੂੰ ਸਰਾਸਰ

ਬੇਇਨਸਾਫੀ ਹੋ ਰਹੀ ਲਗਦੀ। ਜੇ ਉਹ ਸੀਤੋ ਨੂੰ ਕੁਝ ਕਹਿੰਦਾ ਤਾਂ ਉਹ ਅੱਗੋਂ ਚਾਰੇ ਪੈਰ ਚੁੱਕ ਕੇ ਪੈਂਦੀ।

"ਹੋਰ ਜੁਆਕ ਨੀ ਪਲਦੇ ਉਥੇ ਕਿ ਤੁਸੀਂ ਨੀ ਪਲੇ। ਕੁਸ ਨੀ ਹੋਣ ਲੱਗਾ ਉਹਨੂੰ--।" ਉਹ ਨੱਕ ਦਾ ਫਰਾਟਾ ਮਾਰ ਕੇ ਮੀਕੇ ਕੋਲੋਂ ਪਾਸੇ ਚਲੀ ਜਾਂਦੀ।

"ਜਦੋਂ ਦੋਵੇਂ ਦੂਜੀਆਂ ਐਥੇ ਆ ਤਾਂ ਉਹਨੂੰ ਐਥੇ ਲਿਆ ਕੇ ਪਾਲਣ 'ਚ ਤੈਨੂੰ ਕੀ ਤਕਲੀਫ ਸੀ---!" ਮੀਕੇ ਨੂੰ ਅਸਲੋਂ ਹੀ ਇਸ ਦਰੈਤ ਭਾਵਨਾਂ ਦਾ ਪਤਾ ਨਾ ਲਗਦਾ।

"ਗੱਲਾਂ ਕਰਨੀਆਂ ਈ ਸੌਖੀਆਂ। ਪਤਾ ਲੱਗੇ ਜੇ ਆਪ ਸਤੌਲ ਨੂੰ ਪਾਲਣਾ ਪਵੇ।" ਸੀਤੋ ਚੀਕਦੀ ।

"ਤੇ ਨਾ ਜੰਮਦੀ ਐਨੀ ਸਤੌਲ। ਤੈਨੂੰ ਤਾਂ ਮੁੰਡੇ ਜੰਮਣ ਦੇ ਪਾਗਲਪਣ ਨੇ ਹੋਰ ਕੁਸ ਸੋਚਣ ਨੀ ਦਿੱਤਾ। ਜੇ ਹੁਣ ਜੰਮੀਆਂ ਤਾਂ ਸਾਰੀਆਂ ਨੂੰ ਇਕੋ ਜਿਆ ਪਾਲ।" ਮੀਕੇ ਦੀ ਦਲੀਲ ਅੱਗੇ ਸੀਤੋ ਨੂੰ ਕੋਈ ਖਾਸ ਵਜ਼ਨਦਾਰ ਦਲੀਲ ਨਾ ਔੜਦੀ।

"ਮੈਥੋਂ ਨੀ ਹੁੰਦਾ ਜਾਭਾਂ ਦਾ ਭੇੜ ਥੋਡੇ ਨਾਲ। ਅੱਗੇ ਈ ਮੇਰਾ ਸਿਰ ਫਟੀ ਜਾਂਦਾ।" ਉਹ ਸਿਰ ਦਾ ਬਹਾਨਾ ਬਣਾ ਕੇ ਮੀਕੇ ਤੋਂ ਖਹਿੜਾ ਛੁਡਾਉਂਦੀ। ਮੀਕਾ ਆਪਦਾ ਗੁੱਸਾ ਬੀਅਰ ਜਾਂ ਵਿਸਕੀ 'ਤੇ ਕੱਢਦਾ।

ਮੀਕੇ ਨੇ ਪਿੰਡ ਟੈਲੀਫੋਨ ਲਗਵਾ ਤਾਂ ਦਿੱਤਾ ਸੀ ਪਰ ਅਜੇ ਟੈਲੀਫੋਨ ਮਿਲਦਾ ਨਹੀਂ ਸੀ। ਪਿੰਡੋਂ ਚਿੱਠੀ ਆਉਂਦੀ ਤਾਂ ਦੀਪੀ ਦੇ ਖੁਸ਼ ਹੋਣ ਦਾ ਸੁਨੇਹਾ ਲਿਖਿਆ ਹੁੰਦਾ। ਭੂੰਡੋ ਆਪਣੀ ਧੀ ਕੌੜੀ ਨਾਲ ਹੁਣ ਮੀਕੇ ਦੇ ਘਰ ਹੀ ਰਹਿੰਦੀ ਸੀ। ਸਾਰਾ ਦਿਨ ਦੀਪੀ ਅਤੇ ਕੌੜੀ ਦੋਵੇਂ ਖੇਡਦੀਆਂ ਰਹਿੰਦੀਆਂ। ਉਹਨਾਂ ਦੀ ਉਮਰ ਇਕੋ ਜਿਹੀ ਹੋਣ ਕਰਕੇ ਉਹਨਾਂ ਦੀਆਂ ਖੇਡਾਂ ਵੀ ਇਕੋ ਜਿਹੀਆਂ ਸਨ। ਕੌੜੀ ਅਚੇਤ ਹੀ ਦੀਪੀ ਤੋਂ ਡਰਦੀ ਰਹਿੰਦੀ। ਦੀਪੀ ਦਾ ਹਰ ਹੁਕਮ ਮੰਨਦੀ। ਦੀਪੀ ਦਾ ਹਰ ਗੱਲ ਵਿਚ ਖਿਆਲ ਰੱਖਦੀ। ਸ਼ਾਇਦ ਉਸ ਨੇ ਇਹ ਭੂੰਡੋ ਤੋਂ ਸਿੱਖਿਆ ਹੋਵੇ ਜਾਂ ਭੂੰਡੋ ਨੇ ਉਸ ਨੂੰ ਸਿਖਾਉਣ ਲਈ ਆਪਣੀ ਵਾਹ ਲਾਈ ਹੋਵੇ।-- ਜਾਂ ਸ਼ਾਇਦ ਭੂੰਡੋ ਦੀ ਗੁਲਾਮ ਜ਼ਹਿਨੀਅਤ ਨੂੰ ਉਸ ਨੇ ਅਚੇਤ ਹੀ ਗ੍ਰਹਿਣ ਕਰ ਲਿਆ ਹੋਵੇ।

ਦੀਪੀ ਦੇ ਦਾਦਾ ਦਾਦੀ ਪੂਰੇ ਖੁਸ਼ ਸਨ। ਉਹਨਾਂ ਦਾ ਦੀਪੀ ਨਾਲ ਮਨ ਲੱਗਿਆ ਰਹਿੰਦਾ। ਦੀਪੀ ਨਾਲ ਉਹਨਾਂ ਨੂੰ ਆਹਰ ਮਿਲ ਗਿਆ ਸੀ। ਇਕ ਜਿਊਣ ਦਾ ਮਕਸਦ। ਹੁਣ ਉਹ ਆਪਣੇ ਆਪ ਨੂੰ ਵਿਹਲੇ ਨਹੀਂ ਸਮਝਦੇ ਸਨ। ਹੁਣ ਤਾਂ ਉਹਨਾਂ ਕੋਲ ਵਿਹਲ ਹੈ ਹੀ ਨਹੀਂ ਸੀ। ਸਾਰਾ ਦਿਨ ਦੀਪੀ ਦੇ ਅੱਗੇ ਪਿਛੇ ਦੌੜਦੇ ਰਹਿੰਦੇ। ਦੀਪੀ ਦੀ ਹਰ ਨਿੱਕੀ ਗੱਲ ਉਹਨਾਂ ਲਈ ਖੁਸ਼ੀ ਦਾ ਸਾਧਨ ਹੋ ਨਿਬੜਦੀ। ਦੀਪੀ ਦੀਆਂ ਨਵੀਆਂ ਨਵੀਆਂ ਗੱਲਾਂ ਉਹ ਮੀਕੇ ਨੂੰ ਲਿਖਦੇ। ਹੋਰ ਕੁਝ ਲਿਖਣ ਲਈ ਉਹਨਾਂ ਕੋਲ ਹੈ ਹੀ ਨਹੀਂ ਸੀ।

ਦੀਪੀ ਦਾਦੇ ਦਾਦੀ ਨਾਲ ਹੁਣ ਪੂਰਾ ਹਿਲ ਮਿਲ ਗਈ ਸੀ। ਪਹਿਲਾਂ ਪਹਿਲ ਤਾਂ ਦੀਪੀ ਨੇ ਕਈ ਦਿਨ ਬੇਬੀ ਬਿਨਾਂ ਦਿਲ ਨਾ ਲਾਇਆ। ਵਾਰ ਵਾਰ ਬੇਬੀ ਅਤੇ ਮੰਮਾਂ ਪਾਪਾ ਕੋਲ ਜਾਣ ਦੀ ਜ਼ਿਦ ਕਰਦੀ। ਕੁਝ ਦਿਨ ਰਾਤ ਨੂੰ ਅਤੇ ਦਿਨੇ ਜਦ ਵੀ ਉਸ ਨੂੰ ਉਹਨਾਂ ਦੀ ਯਾਦ ਆ ਜਾਂਦੀ ਤਾਂ ਉਹ ਰੋ ਰੋ ਕੇ ਬੁਰਾ ਹਾਲ ਕਰ ਲੈਂਦੀ। ਦਿਨ-ਬਦਿਨ ਉਸ ਦੇ ਕੋਮਲ ਮਨ ਤੋਂ ਉਹਨਾਂ ਦੀਆਂ ਯਾਦਾਂ ਮਿਟਦੀਆਂ ਗਈਆਂ ਅਤੇ ਦਾਦਾ, ਦਾਦੀ , ਕੌੜੀ, ਭੂੰਡੋ ਹੀ ਉਸ ਦਾ ਜਹਾਨ ਬਣ ਗਿਆ। ਦਾਦਾ ਦਾਦੀ ਖੁਸ਼ ਸਨ ਕਿ ਦੀਪੀ ਹੁਣ ਉਹਨਾਂ ਨੂੰ ਹੀ ਆਪਣਾ ਸਭ ਕੁਝ ਸਮਝਦੀ ਸੀ। ਮਾਂ ਪਿਉ ਨੂੰ ਉਸ ਨੇ ਯਾਦ ਕਰਨਾ ਹੀ ਛੱਡ ਦਿੱਤਾ ਸੀ।

ਦਾਦੀ ਦਾ ਤਾਂ ਉਹ ਬਿਲਕੁਲ ਵਸਾਹ ਨਾ ਕਰਦੀ। ਦਾਦੀ ਨਾਲ ਸੌਣਾਂ, ਉਸ ਨਾਲ ਖਾਣਾ ਪੀਣਾ, ਉਸ ਤੋਂ ਹੀ ਨਹਾਉਣਾ, ਗੱਲ

ਕੀ ਜੋ ਕੁਝ ਸੀਤੋ ਨੇ ਕਰਨਾ ਸੀ ਹੁਣ ਉਹ ਸਭ ਕੁਝ ਦਾਦੀ ਕਰ ਰਹੀ ਸੀ। ਹੁਣ ਦੀਪੀ ਲਈ ਦਾਦੀ ਹੀ ਅਸਲ ਮਾਂ ਸੀ। ਦੀਪੀ ਦੀ ਸਾਂਭ ਸੰਭਾਈ ਕਰਦੀ ਦਾਦੀ ਸ਼ਾਮ ਤੱਕ ਥੱਕ ਕੇ ਚੂਰ ਹੋ ਜਾਂਦੀ ਫਿਰ ਵੀ ਉਸ ਨੂੰ ਕੋਈ ਸ਼ਿਕਾਇਤ ਨਹੀਂ ਸੀ। ਪੋਤੀ ਦੇ ਪਿਆਰ ਅੱਗੇ ਥਕੇਵਾਂ ਭਲਾ ਕੀ ਚੀਜ਼ ਸੀ!

ਦਾਦੀ ਨੇ ਨਹਾਉਣਾ ਹੁੰਦਾ ਤਾਂ ਉਹ ਦੀਪੀ ਨੂੰ ਵੀ ਨਾਲ ਹੀ ਨਹਾਉਣ ਲਈ ਬਾਥ ਰੂਮ ਵਿਚ ਲੈ ਜਾਂਦੀ। ਦੀਪੀ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਦਾਦੀ ਦੀ ਪਿੱਠ 'ਤੇ ਸਾਬਣ ਲਾਉਂਦੀ। ਉਸ ਨੂੰ ਮਲੂਕ ਜਿਹੇ ਹੱਥਾਂ ਨਾਲ ਮਲਦੀ। ਦਾਦੀ ਨੂੰ ਜਿਵੇਂ ਸੁਰਗ ਦਾ ਝੂਟਾ ਆ ਜਾਂਦਾ। ਉਸ ਦਾ ਦਿਲ ਪਿਆਰ ਨਾਲ ਮੰਤਰ ਮੁਗਧ ਹੋ ਜਾਂਦਾ। ਉਸ ਦਾ ਬੁੱਢਾ ਮਨ ਚਾਹੁੰਦਾ ਸਮਾਂ ਬੱਸ ਐਥੇ ਹੀ ਰੁਕ ਜਾਵੇ। ਦੁਨੀਆਂ ਦਾ ਕੋਈ ਪਿਆਰ, ਕੋਈ ਸੁਆਦ, ਕੋਈ ਸੁੱਖ ਜਾਂ ਕੋਈ ਬਹਿਸ਼ਤ ਉਸ ਪਲ ਆਪਣੀ ਪੋਤੀ ਦੇ ਨਿੱਕੇ ਅਤੇ ਮਲੂਕ ਹੱਥਾਂ ਵਿਚਲੇ ਜਾਦੂ ਤੋਂ ਵੱਡਾ ਨਾ ਲਗਦਾ।

ਮੀਕਾ ਚਿੱਠੀ ਲਿਖਦਾ ਤਾਂ ਉਸ ਦੀ ਚਿੱਠੀ ਵਿਚ ਦੀਪੀ ਦੇ ਭਵਿੱਖ ਦਾ ਫ਼ਿਕਰ ਉੱਕਰਿਆ ਹੁੰਦਾ। ਉਸ ਦੀ ਪੜ੍ਹਾਈ ਸਬੰਧੀ ਉਹ ਚਿੰਤਤ ਹੁੰਦਾ। ਪਿੰਡ ਦੇ ਸਕੂਲਾਂ ਦਾ ਉਸ ਨੂੰ ਆਪ ਨੂੰ ਤਜ਼ਰਬਾ ਸੀ। ਨਾ ਤਾਂ ਸਕੂਲਾਂ ਵਿਚ ਯੋਗ ਬਿਲਡਿੰਗਾਂ ਦਾ ਪ੍ਰਬੰਧ ਸੀ ਅਤੇ ਨਾ ਹੀ ਸਟਾਫ ਦਾ। ਵਿਦਿਅਕ ਢਾਂਚਾ ਸਾਰੇ ਦਾ ਸਾਰਾ ਪੁਰਾਣੇ ਢੰਗ ਦਾ ਸੀ। ਨਵੀਨ ਸਮੇਂ ਨਾਲ ਚੱਲਣ ਵਾਲਾ ਨਵੀਨ ਢਾਂਚਾ ਨਾ ਤਾਂ ਸਥਾਪਤ ਕਰਨ ਦੀ ਕੋਈ ਜ਼ੋਰਦਾਰ ਕੋਸ਼ਿਸ਼ ਕੀਤੀ ਗਈ ਸੀ ਅਤੇ ਨਾ ਹੀ ਸਰਕਾਰ ਦੇ ਮੰਤਰੀਆਂ ਵਿਚ ਇਹ ਕਰ ਸਕਣ ਦੀ ਯੋਗਤਾ ਸੀ। ਅਣਪੜ੍ਹ ਅਤੇ ਕੁਰੱਪਟ ਮੰਤਰੀ ਦੇਸ਼ ਦੇ ਭਵਿੱਖ ਨੂੰ ਸਮਝਣ ਤੋਂ ਅਸਮਰੱਥ ਆਪਣਾ ਘੋੜਾ ਭਜਾਈ ਫਿਰਦੇ ਸਨ। ਟੀਚਰਾਂ ਦੀ ਵੀ ਪੜ੍ਹਨ ਪੜਾਉਣ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ। ਉਹਨਾਂ ਨੇ ਉਹੀ ਪੁਰਾਣੀਆਂ ਜਮਾਤਾਂ ਪੜ੍ਹੀਆਂ ਸਨ ਅਤੇ ਅੱਜ ਦੇ ਕੰਪਿਊਟਰ ਦੇ ਜ਼ਮਾਨੇ ਨੂੰ ਉਹ ਚੈਲਿੰਜ ਕਰਨ ਦੀ ਸਮਰੱਥਾ ਨਹੀਂ ਰੱਖਦੇ ਸਨ। ਬਹੁਤ ਵੇਰ ਤਾਂ ਟੀਚਰਾਂ ਨੂੰ ਬੱਚਿਆਂ ਸਾਹਮਣੇ ਸ਼ਰਮਿੰਦਾ ਹੋਣਾ ਪੈਂਦਾ। ਬੱਚੇ ਟੀਚਰਾਂ ਨਾਲੋਂ ਕੰਪਿਊਟਰ ਬਗੈਰਾ ਬਾਰੇ ਵੱਧ ਜਾਣਦੇ ਹੁੰਦੇ ਅਤੇ ਟੀਚਰਾਂ ਤੋਂ ਸਿੱਖਣ ਦੀ ਥਾਂ ਉਹਨਾਂ ਨੂੰ ਸਿਖਾਉਂਦੇ। ਸਰਕਾਰ ਵੱਲੋਂ ਕੋਈ ਅਜਿਹੀ ਸਿੱਕੇਬੰਦ ਯੋਜਨਾ ਨਹੀਂ ਚਲਾਈ ਜਾਂਦੀ ਅਧਿਆਪਕਾਂ ਨੂੰ ਸਮੇਂ ਦਾ ਹਾਣੀ ਬਨਾਉਣ ਲਈ ਕੋਈ ਟਰੇਨਿੰਗ ਦਾ ਪ੍ਰਬੰਧ ਕੀਤਾ ਜਾਵੇ। ਜਿਹੜੀਆਂ ਯੋਜਨਾਵਾਂ ਚਲਾਈਆਂ ਜਾਂਦੀਆਂ ਸਨ ਉਹਨਾਂ ਵਿਚ ਨਾ ਤਾਂ ਅਧਿਆਪਕਾਂ ਨੂੰ ਸਿੱਖਣ ਵਿਚ ਦਿਲਚਸਪੀ ਸੀ ਅਤੇ ਨਾ ਹੀ ਸਿਖਉਣ ਵਾਲਿਆਂ ਨੂੰ। ਵੇਲਾ ਪੂਰਾ ਕਰਕੇ ਅਤੇ ਚਾਹ ਪਾਣੀ ਪੀ ਕੇ ਲੋਕਾਂ ਦੇ ਪੈਸੇ ਨੂੰ ਹੂੰਝਾ ਮਾਰ ਖੂਹ ਵਿਚ ਸੁੱਟਣ ਵਾਲੀ ਗੱਲ ਹੁੰਦੀ।

ਦਿਨੋ ਦਿਨ ਸਰਕਾਰੀ ਸਕੂਲਾਂ ਦਾ ਹਾਲ ਬਹੁਤ ਮਾੜਾ ਅਤੇ ਪੜ੍ਹਾਈ ਦਾ ਸਟੈਂਡਰਡ ਨੀਵਾਂ ਹੋ ਰਿਹਾ ਸੀ। ਸਰਕਾਰੀ ਸਕੂਲਾਂ ਵਿਚ ਸਿਰਫ ਗਰੀਬ ਘਰਾਂ ਦੇ ਬੱਚੇ ਹੀ ਪੜ੍ਹਨ ਲਈ ਜਾਂਦੇ ਸਨ। ਦੇਖਾ ਦੇਖੀ ਪਿੰਡਾਂ ਵਿਚ ਵੀ ਪਰਾਈਵੇਟ ਸਕੂਲਾਂ ਦੀ ਭਰਮਾਰ ਹੋ ਰਹੀ ਸੀ। ਇਹਨਾਂ ਸਕੂਲਾਂ ਨੂੰ ਚਲਾਉਣ ਨਾਲ ਕਈ ਲੋਕਾਂ ਦੀਆਂ ਰੋਟੀਆਂ ਹੀ ਨਹੀਂ ਬਣੀਆਂ ਸਨ ਸਗੋਂ ਪੀੜ੍ਹੀਆਂ ਦੀ ਗਰੀਬੀ ਵੀ ਧੋਤੀ ਗਈ ਸੀ। ਮੀਕੇ ਨੇ ਛੁੱਟੀਆਂ ਵਿਚ ਪਿੰਡ ਰਹਿ ਕੇ ਇਸ ਸਬੰਧੀ ਕਾਫੀ ਡੂੰਘੀ ਜਾਣਕਾਰੀ ਹਾਸਲ ਕੀਤੀ। ਭਾਂਵੇਂ ਉਸ ਦਾ ਆਪਦਾ ਉਦੋਂ ਕੋਈ ਖਾਸ ਦਿਲਚਸਪੀ ਦਾ ਕਾਰਣ ਨਹੀਂ ਸੀ। ਬਦਲਦੇ ਜ਼ਮਾਨੇ ਦੇ ਬਦਲਦੇ ਰੰਗਾਂ ਨੂੰ ਉਸ ਨੇ ਵੇਖਿਆ ਜ਼ਰੂਰ। ਹੁਣ ਦੀਪੀ ਦੀ ਪੜ੍ਹਾਈ ਉਸ ਲਈ ਵੱਡੇ ਫ਼ਿਕਰ ਦਾ ਕਾਰਣ ਸੀ।

ਉਹ ਮਾਂ ਪਿਉ ਨੂੰ ਲਿਖਦਾ ਤਾਂ ਉਹਨਾਂ ਦਾ ਜਵਾਬ ਹੁੰਦਾ 'ਦੀਪੀ ਤਾਂ ਬਹੁਤ ਦਿਮਾਗੀ ਕੁੜੀ ਐ।' ਉਹ ਸਕੂਲ ਜਾਣ ਤੋਂ ਪਹਿਲਾਂ ਈ ਅੱਧੀ ਪੈਂਤੀ ਤੇ ਵੀਹ ਤੱਕ ਗਿਣਨਾ ਸਿੱਖ ਗਈ ਐ। ਗੁਆਂਢੀਆਂ ਦੀ ਕੁੜੀ ਨੇ ਉਹਨੂੰ ਅੰਗਰੇਜ਼ੀ ਵੀ ਸਿਖਾ ਦਿੱਤੀ ਐ। ਜਿਹੜਾ ਅੱਖਰ

ਉਹਨੇ ਇਕ ਵੇਰ ਸੁਣ ਲਿਆ ਉਹ ਨੀ ਭੁਲਦੀ---।' ਦੀਪੀ ਬਾਰੇ ਉਹ ਪਿਆਰ ਵੱਸ ਅਜਿਹੀਆਂ ਗੱਲਾਂ ਲਿਖਦੇ ਰਹਿੰਦੇ ਜਿਹੜੀਆਂ ਉਹਨਾਂ ਨੂੰ ਬਿਲਕੁਲ ਸੱਚ ਲਗਦੀਆਂ। ਉਹਨਾਂ ਦੀ ਅਣ-ਪੜ੍ਹਤਾ ਅਸਲੀ ਅੰਦਾਜ਼ਾ ਲਾ ਸਕਣ ਦੀ ਯੋਗਤਾ ਨਹੀਂ ਰੱਖਦੀ ਸੀ। ਅਕਸਰ ਆਪਣੇ ਬੱਚੇ ਅਤੇ ਪੋਤੇ ਪੋਤੀਆਂ ਬਾਕੀ ਸਾਰੀ ਦੁਨੀਆਂ ਤੋਂ ਚੰਗੇ ਲਗਦੇ ਹਨ ਅਤੇ ਦੀਪੀ ਦੇ ਦਾਦੀ ਦਾਦੀ ਦੁਨੀਆਂ ਤੋਂ ਵੱਖਰੇ ਨਹੀਂ ਸਨ।

ਵੈਸੇ ਸੱਚ-ਮੁੱਚ ਵੀ ਦੀਪੀ ਆਮ ਬੱਚਿਆਂ ਨਾਲੋਂ ਵੱਧ ਚੁਸਤ ਸੀ। ਉਹ ਹਰ ਗੱਲ ਧਿਆਨ ਨਾਲ ਸੁਣਦੀ ਅਤੇ ਉਸ ਦੀ ਯਾਦਦਾਸ਼ਤ ਵਿਚ ਹਰ ਯਾਦ ਰੱਖਣ ਯੋਗ ਗੱਲ ਸਮਾ ਜਾਂਦੀ। ਦਾਦੀ ਦਾਦਾ ਤਾਂ ਕੋਈ ਗੱਲ ਭੁੱਲ ਜਾਂਦੇ ਪਰ ਦੀਪੀ ਨਹੀਂ। ਉਸ ਦੀ ਇਕਾਗਰਤਾ ਦੀ ਤਾਂ ਮਸਾਲ ਦਿੱਤੀ ਜਾ ਸਕਦੀ ਸੀ। ਉਹ ਖੇਡ ਸਮੇਂ ਜਾਂ ਮਾੜਾ ਮੋਟਾ ਪੜ੍ਹਨ ਸਮੇਂ ਸਭ ਪਾਸਿਆਂ ਤੋਂ ਧਿਆਨ ਹਟਾ ਕੇ ਆਪਣੇ ਹੱਥਲੇ ਕੰਮ ਵਿਚ ਮਗਨ ਹੋ ਜਾਂਦੀ। ਉਸ ਨੂੰ ਨਵਾਂ ਸਿੱਖਣ ਵਿਚ ਬਹੁਤ ਉੱਤਸੁਕਤਾ ਹੁੰਦੀ। ਜਦ ਤੱਕ ਉਹ ਸਿੱਖ ਨਾ ਲੈਂਦੀ ਤਦ ਤੱਕ ਉਸ ਨੂੰ ਚੈਨ ਨਾ ਆਉਂਦਾ।

ਸਭ ਕੁਝ ਦੇ ਬਾਵਜੂਦ ਉਸ ਲਈ ਯੋਗ ਸਕੂਲ ਅਤੇ ਚੰਗੇ ਪੜ੍ਹਾਈ ਦੇ ਮਹੌਲ ਦੀ ਜ਼ਰੂਰਤ ਸੀ ਤਾਂ ਕਿ ਉਹ ਆਪਣੀ ਯੋਗਤਾ ਦਾ ਪੂਰਾ ਲਾਹਾ ਲੈ ਸਕੇ। ਉਹੋ ਜਿਹਾ ਮਹੌਲ ਅਤੇ ਚੰਗੇ ਸਕੂਲ ਮੀਕੇ ਦੇ ਪਿੰਡ ਤਾਂ ਕੀ ਨੇੜੇ ਤੇੜੇ ਦੇ ਸ਼ਹਿਰਾਂ ਵਿਚ ਵੀ ਸੰਭਵ ਨਹੀਂ ਸਨ। ਲੁਧਿਆਣਾ ਅਤੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਕੁਝ ਸਾਧਨ ਚੰਗੇ ਮੌਜੂਦ ਜ਼ਰੂਰ ਸਨ ਤੇ ਉਥੇ ਮੀਕੇ ਦੇ ਮਾਪੇ ਨਹੀਂ ਰਹਿ ਸਕਦੇ ਸਨ। ਉਹ ਤਾਂ ਅਪਣੇ ਪਿੰਡ ਤੋਂ ਬਿਨਾਂ ਕਿਤੇ ਵੀ ਹੋਰ ਰਹਿਣ ਲਈ ਤਿਆਰ ਨਹੀਂ ਸਨ ਚਾਹੇ ਉਹਨਾਂ ਨੂੰ ਕਿੰਨੀਆਂ ਵੀ ਸਹੂਲਤਾਂ ਮਿਲਦੀਆਂ ਹੋਣ। ਜਿਸ ਪਿੰਡ ਦੇ ਮਹੌਲ ਵਿਚ ਉਹਨਾਂ ਨੇ ਸਾਰੀ ਜ਼ਿੰਦਗੀ ਕੱਟੀ ਉਹ ਉਸ ਨਾਲੋਂ ਟੁੱਟਣ ਦਾ ਸੁਪਨਾ ਵੀ ਨਹੀਂ ਲੈ ਸਕਦੇ ਸਨ। ਉਮਰ ਕੈਦ ਕੱਟਣ ਤੋਂ ਬਾਅਦ ਤਾਂ ਕੈਦੀ ਨੂੰ ਵੀ ਅਜ਼ਾਦੀ ਦਾ ਮਹੌਲ ਚੰਗਾ ਨਹੀਂ ਲਗਦਾ। ਉਹ ਤਾਂ ਫਿਰ ਆਪਣੇ ਪਿੰਡ ਵਿਚ ਆਪਣੇ ਸਰੀਕੇ ਕਬੀਲੇ ਨਾਲ ਨੱਥੀ ਹੋਏ ਹੋਏ ਸਨ।

ਉਹਨਾਂ ਨੂੰ ਦੀਪੀ ਦੇ ਭਵਿੱਖ ਬਾਰੇ ਸੋਚਣ ਦੀ ਬਹੁਤੀ ਫ਼ਿਕਰ ਮਹਿਸੂਸ ਨਹੀਂ ਹੁੰਦੀ ਸੀ। ਉਹਨਾਂ ਸਾਹਮਣੇ ਤਾਂ ਪਿੰਡ ਦੇ ਦੋ ਚਾਰ ਪੜ੍ਹੇ ਲਿਖੇ ਬੱਚਿਆਂ ਦੀਆਂ ਉਦਾਹਰਣਾਂ ਸਨ। ਉਹ ਆਪਣੀ ਪੱਕੀ ਦਲੀਲ ਇਹੀ ਦਿੰਦੇ 'ਜਿਹਨੇ ਪੜ੍ਹਨਾ ਹੁੰਦਾ ਉਹ ਪਿੰਡ ਦੇ ਸਕੂਲਾਂ ਵਿਚ ਵੀ ਪੜ੍ਹ ਜਾਂਦਾ ਤੇ ਬਈ ਜਿਹਨੇ ਨਹੀਂ ਪੜ੍ਹਨਾ ਉਹਨੇ ਨਹੀਂ ਪੜ੍ਹਨਾ--।' ਉਹ ਪਿੰਡ ਦੇ ਹੀ ਉਹਨਾਂ ਬੱਚਿਆਂ ਦੀਆਂ ਉਦਾਹਰਣਾ ਦੇ ਦਿੰਦੇ ਜਿਹਨਾਂ ਦੇ ਮਾਪਿਆਂ ਨੇ ਉਹਨਾਂ ਨੂੰ ਪੜ੍ਹਾਉਣ ਲਈ ਟਿਊਸ਼ਨਾ ਰੱਖੀਆਂ ਸਨ ਅਤੇ ਉਹ ਫਿਰ ਵੀ ਫੇਲ੍ਹ ਹੋ ਗਏ ਸਨ। ਅਚੇਤ ਹੀ ਉਹ ਹਰ ਹਾਲਤ ਵਿਚ ਦੀਪੀ ਦੇ ਮੋਹ ਦੀਆਂ ਤੰਦਾਂ ਵਿਚ ਬੱਝੇ ਹੋਏ ਉਹ ਉਸ ਨੂੰ ਆਪਣੇ ਕੋਲ ਹੀ ਰੱਖਣਾ ਚਾਹੁੰਦੇ ਸਨ। ਇਹ ਮੋਹ ਦੀਆਂ ਤੰਦਾ ਉਹਨਾਂ ਨੂੰ ਉਸ ਦੇ ਭਵਿੱਖ ਅਤੇ ਪੜ੍ਹਾਈ ਲਿਖਈ ਤੋਂ ਬਿਨਾਂ ਉਸ ਦੀ ਸਮੁੱਚੀ ਜ਼ਿੰਦਗੀ ਦੀ ਚੰਗੇਰੀ ਰੋਸ਼ਨੀ ਬਾਰੇ ਸੋਚਣ ਤੋਂ ਆਕੀ ਕਰ ਰਹੀਆਂ ਸਨ। ਇਸ ਦੇ ਬਾਵਜੂਦ ਉਹ ਆਪਣੇ ਮਨ ਵਿਚ ਇਮਾਨਦਾਰੀ ਨਾਲ ਦੀਪੀ ਨੂੰ ਜ਼ਿੰਦਗੀ ਵਿਚ ਖੁਸ਼ ਅਤੇ ਸਫ਼ਲ ਹੋਇਆ ਵੇਖਣਾ ਚਾਹੁੰਦੇ ਸਨ। ਉਸ ਪ੍ਰਤੀ ਉਹਨਾਂ ਦੀ ਭਾਵਨਾਂ ਪੂਰੀ ਪਾਕਿ- ਪਵਿੱਤਰ ਸੀ।

ਮੀਕਾ ਆਪਣੇ ਆਪ ਵਿਚ ਕਸੂਤੀ ਹਾਲਤ ਵਿਚ ਫਸਿਆ ਹੋਇਆ ਸੀ। ਕੰਮਾਂ ਦੇ ਹਾਲਾਤ ਬਹੁਤ ਮਾੜੇ ਸਨ। ਸੀਤੋ ਕੋਲ ਕੰਮ ਨਹੀਂ ਸੀ। ਉਹਨੂੰ ਕੰਮ ਮਿਲ ਸਕਦਾ ਸੀ ਪਰ ਪੈਸੇ ਏਨੇ ਥੋੜੇ ਸਨ ਕਿ ਉਹ ਬੱਚਿਆਂ ਨੂੰ ਕਿਸੇ ਨੈਨੀ ਕੋਲ ਛੱਡਕੇ ਜੋ ਉਸ ਨੂੰ ਪੈਸੇ ਦਿੰਦੀ ਤਾਂ ਉਸ ਕੋਲ ਕੁਝ ਖਾਸ ਨਹੀਂ ਬਚਦਾ ਸੀ। ਉਸ ਨੂੰ ਕੰਮ ਕਰਨ ਦਾ ਕੋਈ ਫ਼ਾਇਦਾ ਹੀ ਨਹੀਂ ਸੀ। ਮੀਕੇ ਦੀ ਤਨਖਾਹ ਨਾਲ ਤਾਂ ਮਸਾਂ ਘਰ ਦਾ ਗੁਜ਼ਾਰਾ ਚਲਦਾ। ਉਸ ਦਾ ਦਿਲ ਕਰਦਾ ਜਾ ਕੇ ਦੀਪੀ ਨੂੰ ਵਾਪਿਸ ਲੈ ਆਵੇ। ਪੈਸਿਆਂ ਦੀ ਸਮੱਸਿਆ ਤੋਂ ਬਿਨਾਂ

ਉਸ ਨੂੰ ਮਾਂ ਪਿਉ ਦਾ ਵੀ ਖਿਆਲ ਸੀ। ਉਹ ਕਿਸੇ ਵੀ ਹਾਲਤ ਵਿਚ ਦੀਪੀ ਨੂੰ ਵਾਪਿਸ ਭੇਜਣ ਲਈ ਤਿਆਰ ਨਹੀਂ ਸਨ। ਮਾਪਿਆਂ ਨੂੰ ਸਮਝਾਇਆ ਤਾਂ ਜਾ ਸਕਦਾ ਸੀ ਪਰ ਉਹਨਾਂ ਨੂੰ ਮਨਾਇਆ ਨਹੀਂ ਜਾ ਸਕਦਾ ਸੀ। ਮਾਂ ਪਿਉ ਦੀ ਖੁਸ਼ੀ ਲਈ ਉਸ ਨੂੰ ਅਜੇ ਸਮਝੌਤਾ ਕਰਨਾ ਪੈਣਾ ਸੀ। ਮਨ ਮਾਰ ਕੇ ਚੁੱਪ ਰਹਿਣ ਸਿਵਾ ਉਸ ਕੋਲ ਕੋਈ ਚਾਰਾ ਨਹੀਂ ਸੀ ਅਤੇ ਉਹ ਚੁੱਪ ਹੀ ਰਿਹਾ। ਇਸ ਤੋਂ ਵੀ ਵੱਡੀ ਸਮੱਸਿਆ ਜਿਸ ਦਾ ਉਸ ਨੇ ਸਾਹਮਣਾ ਕਰਨਾ ਸੀ ਉਸ ਦਾ ਅਜੇ ਉਸ ਨੂੰ ਕੋਈ ਖਾਬ ਖਿਆਲ ਵੀ ਨਹੀਂ ਸੀ।

## ਗਿਆਰ੍ਹਵਾਂ

ਸੀਤੋ ਦੀ ਮੁੰਡਾ ਪੈਦਾ ਕਰਨ ਦੀ ਚਾਹ ਖਤਮ ਹੋਣ ਦੀ ਥਾਂ ਸਗੋਂ ਹੋਰ ਵੀ ਪਰਬਲ ਹੋ ਗਈ। ਇਕ ਕਾਰਨ ਤਾਂ ਉਸ ਦਾ ਆਪਣਾ ਨਿੱਜੀ ਅਤੇ ਸਭਿਆਚਾਰਕ ਸੀ। ਦੂਜਾ ਆਸ ਪਾਸ ਅਤੇ ਸਹੇਲੀਆਂ ਵੀ ਬਲਦੀ ‘ਤੇ ਅੱਗ ਦਾ ਕੰਮ ਕਰਦੀਆਂ ਸਨ। ਕੋਈ ਕਹਿੰਦੀ-’ਤਿੰਨਾਂ ਕੁੜੀਆਂ ਪਿਛੋਂ ਤਾਂ ਸ਼ਰਤੀਆਂ ਮੁੰਡਾ ਹੋਊ। ਤੂੰ ਇਹ ਮੌਕਾ ਨਾ ਗੁਆ।' ਕੋਈ ਦੂਜੀ ਕਹਿੰਦੀ ‘ਲੈ ਫਲਾਣੀ ਦੇ ਦੇਖ ਤਾਂ ਤਿੰਨਾਂ ਕੁੜੀਆਂ ਪਿੱਛੋਂ ਈ ਮੁੰਡਾ ਹੋਇਆ। ਤੂੰ ਦੱਸ ਕੀ ਰੱਬ ਦੇ ਮਾਂਹ ਮਾਰ ਕੇ ਆਈ ਐਂ।' ਕੋਈ ਨਾ ਕੋਈ ਰਾਇ ਉਸ ਨੂੰ ਹੱਲਾਸ਼ੇਰੀ ਦੇਈ ਰੱਖਦੀ।

ਸੀਤੋ ਨੂੰ ਚੰਗੀ ਤਰ੍ਹਾਂ ਪਤਾ ਸੀ ਮੀਕਾ ਕਿਸੇ ਹਾਲਤ ਵਿਚ ਵੀ ਹੋਰ ਬੱਚੇ ਲਈ ਤਿਆਰ ਨਹੀਂ ਹੋਵੇਗਾ। ਉਹ ਆਪਣਾ ਸੰਸਾ ਸਹੇਲੀਆਂ ਨਾਲ ਸਾਂਝਾ ਕਰਦੀ। ਮੁਸ਼ਕੜੀਏਂ ਹੱਸਦੀਆਂ ਉਹ ਅੱਗੋਂ ਜਵਾਬ ਉਹਦੇ ਕੰਨ ‘ਤੇ ਮਾਰਦੀਆਂ ’ਨੀਂ ਛੱਡ ਪਰ੍ਹਾਂ ਤੂੰ ਅਜੇ ਤੱਕ ਆਪਦੇ ਘਰ ਵਾਲੇ ਨੂੰ ਵੱਸ ਨੀ ਕਰ ਸਕਦੀ। ਨਾਲੇ ਬੰਦੇ ਦਾ ਐਹੋ ਜੀ ਗੱਲ ਬਾਤ ‘ਚ ਭਲਾ ਕੀ ਜੋਰ---।’ ਸੀਤੋ ਸੋਚਦੀ ਵੈਸੇ ਤਾਂ ਮੀਕੇ ਨੇ ਪਹਿਲਾਂ ਕੀ ਕਰ ਲਿਆ! ਉਸ ਦਾ ਅਸਲ ਤੌਖਲਾ ਸੀ ਜੇ ਫੇਰ ਕੁੜੀ ਹੋ ਗਈ ਤਾਂ ---! ਇਸ ਸਵਾਲ ਦਾ ਕੋਈ ਜਵਾਬ ਉਸ ਕੋਲ ਜਾਂ ਕਿਸੇ ਹੋਰ ਕੋਲ ਪੱਕਾ ਨਹੀਂ ਸੀ।

ਉਸ ਦੀ ਸਹੇਲੀ ਅਮਰੋ ਉਸ ਨਾਲ ਭੈਣਾਂ ਵਰਗਾ ਸਲੂਕ ਕਰਦੀ। ਉਹ ਦੋਵੇਂ ਇਕੱਠੀਆਂ ਕੰਮ ਕਰਦੀਆਂ ਸਨ। ਪਹਿਲੇ ਦਿਨ ਤੋਂ ਹੀ ਉਹਨਾਂ ਦੀ ਚੰਗੀ ਮੀਜਾ ਮਿਲਣ ਲੱਗੀ ਸੀ। ਉਹ ਬਰੇਕ ਵੀ ਇਕੱਠੀਆਂ ਕਰਦੀਆਂ ਅਤੇ ਖਾਣਾ ਵੀ ਸਾਂਝਾ ਕਰ ਲੈਂਦੀਆਂ। ਉਹਨਾਂ ਦੇ ਘਰ ਵਾਲੇ ਆਪਸ ਵਿਚ ਘੱਟ ਹੀ ਮਿਲਦੇ ਜੁਲਦੇ ਸਨ। ਅਮਰੋ ਦਾ ਘਰ ਵਾਲਾ ਜ਼ਿਆਦਾ ਸ਼ਰਾਬ ਪੀਣ ਵਾਲਾ ਅਤੇ ਵਾਧੂ ਵਡਿਆਈਆਂ ਮਾਰਨ ਵਾਲਾ ਸੀ। ਮੀਕਾ ਆਪਣੇ ਹਿਸਾਬ ਨਾਲ ਖਾਂਦਾ ਪੀਂਦਾ ਅਤੇ ਮੁੱਲ ਦੀ ਗੱਲ ਕਰਦਾ। ਉਸ ਕੋਲ ਵਡਿਆਈ ਮਾਰਨ ਲਈ ਕੁਝ ਵੀ ਨਹੀਂ ਸੀ। ਸੋ ਉਹਨਾਂ ਦਾ ਪ੍ਰੀਵਾਰਕ ਸਬੰਧ ਖਾਸ ਨਾ ਬਣ ਸਕਿਆ। ਇਸ ਦੇ ਬਾਵਜੂਦ ਉਹ ਆਪਸ ਵਿਚ ਘਿਉ ਖਿਚੜੀ ਬਣੀਆਂ ਰਹੀਆਂ।

ਅਮਰੋ ਨੇ ਸੀਤੋ ਨੂੰ ਇਕ ਦਿਨ ਫੋਨ ਕੀਤਾ। ਫੋਨ ਤਾਂ ਉਹਨਾਂ ਦਾ ਹਰ ਰੋਜ਼ ਹੀ ਚਲਦਾ ਰਹਿੰਦਾ। ਪਰ ਅੱਜ ਖਾਸ ਗੱਲ ਸੀ। ਉਸ ਦੀ ਅਵਾਜ਼ ਵਿਚ ਕਿਸੇ ਭੇਦ ਦਾ ਅਹਿਸਾਸ ਸੀਤੋ ਨੇ ਮਹਿਸੂਸ ਕੀਤਾ। ਉਹ ਸੀਤੋ ਨਾਲ ਆਮ ਜਿਹੀਆਂ ਗੱਲਾਂ ਕਰਦੀ ਰਹੀ। ਹੌਲੀ ਹੌਲੀ ਉਹ ਆਪਣੀ ਅਸਲੀ ਗੱਲ ਵੱਲ ਆਈ।

“ਸੀਤੋ ਮੈਂ ਕਈ ਦਿਨਾਂ ਤੋਂ ਤੇਰੇ ਨਾਲ ਗੱਲ ਕਰਨਾ ਚਾਹੁੰਦੀ ਸੀ। ਪਰ ਮੈਂ ਐਂਵੇਂ ਇਹ ਸੋਚ ਕੇ ਈ ਚੁੱਪ ਹੋ ‘ਗੀ ਬਈ ਤੂੰ ਤਾਂ ਸਾਧਾਂ ਨੂੰ ਗਾਹਲਾਂ ਕੱਢਦੀ ਰਹਿਨੀ ਐਂ। ਮੇਰੀ ਗੱਲ ਸ਼ੈਂਤ ਤੈਨੂੰ ਚੰਗੀ ਨਾ ਲੱਗੇ।” ਅਮਰੋ ਨੇ ਸਾਹ ਲਿਆ ਅਤੇ ਸੀਤੋ ਦਾ ਜਵਾਬ ਉਡੀਕਣ ਲੱਗੀ।

“ਗਾਹਲਾਂ ਮੈਂ ਸਾਧਾਂ ਨੂੰ ਕੱਢਦੀ ਆਂ ਤੇ ਡਰ ਤੈਨੂੰ ਲੱਗਦਾ। ਤੂੰ ਗੱਲ ਕਰ ਸਿੱਧੀ ਹੋ ਕੇ--।” ਸੀਤੋ ਨੇ ਉਸ ਨੂੰ ਹੁਕਮ ਵਾਂਗ ਕਿਹਾ।

“ਸਾਡੇ ਪਿੰਡ ਦਾ ਪੰਡਤ ਐ। ਉਹਦੀ ਦੱਸੀ ਗੱਲ ਕਦੇ ਗਲਤ ਨੀ ਹੋਈ। ਕੋਈ ਪੈਸਾ ਨੀ ਮੰਗਦਾ। ਮੈਂ ਸੋਚਦੀ ਸੀ ਬਈ ਆਪਾਂ ਉਹਤੋਂ ਪੁੱਛ ਲੀਏ ਬਈ ਕਰਮਾਂ ‘ਚ ਮੁੰਡਾ ਹੈਗਾ ਜਾਂ ਕੋਈ ਹੋਰ 'ਲਾਜ ----।” ਅਮਰੋ ਗੱਲ ਕਰ ਕੇ ਚੁੱਪ ਕਰ ਗਈ। ਸੀਤੋ ਜਿਵੇਂ ਉਸ ਦੀ ਗੱਲ ਬਾਰੇ ਸੋਚ ਰਹੀ ਹੋਵੇ ਅਤੇ ਹਾਂ ਹੂੰ ਕਰਦੀ ਰਹੀ। ਉਹ ਅੱਧਾ ਘੰਟਾ ਟੈਲੀਫੋਨ ‘ਤੇ ਲੱਗੀਆਂ ਰਹੀਆਂ ਅਤੇ ਅਖੀਰ ਉਹਨਾਂ ਨੇ ਪੰਡਤ ਜੀ ਨੂੰ ਮਿਲਣ ਦਾ ਪ੍ਰੋਗਰਾਮ ਬਣਾ ਲਿਆ।

ਮਿਥੇ ਸਮੇਂ ਉਹ ਪੰਡਤ ਜੀ ਦੇ ਘਰ ਪਹੁੰਚ ਗਈਆਂ। ਪੰਡਤ ਜੀ ਬੱਚਿਆਂ ਦੇ ਰੈਡੀਮੇਡ ਕੱਪੜੇ ਦੀ ਦੁਕਾਨ ਵੀ ਚਲਾਉਂਦੇ ਸਨ। ਦੁਕਾਨ ਉਹ ਛੇ ਵਜੇ ਬੰਦ ਕਰਦੇ। ਉਸ ਅਨੁਸਾਰ ਹੀ ਉਹਨਾਂ ਨੇ ਇਹਨਾਂ ਬੀਬੀਆਂ ਨੂੰ ਸਮਾਂ ਦਿੱਤਾ ਸੀ। ਇਹ ਸਮੇਂ ਤੋਂ ਕੁਝ ਪਹਿਲਾਂ ਆ ਗਈਆਂ ਸਨ। ਮੀਕੇ ਨੇ ਅੱਜ ਕੰਮ ਤੋਂ ਲੇਟ ਆਉਣਾ ਸੀ। ਫਿਰ ਵੀ ਸੀਤੋ ਸਮੇਂ ਸਿਰ ਘਰ ਪਹੁੰਚਣ ਲਈ ਕਾਹਲੀ ਸੀ। ਸਾਢੇ ਛੇ ਵਜੇ ਪੰਡਤ ਜੀ ਆ ਪਹੁੰਚੇ। ਹੁਣ ਤੱਕ ਸੀਤੋ ਅਤੇ ਅਮਰੋ ਨੇ ਪੰਡਤਾਣੀ ਤੋਂ ਚਾਹ ਪੀ ਲਈ ਸੀ। ਪੰਡਤ ਜੀ ਸਿੱਧੇ ਫਰੰਟ ਰੂਮ ਵਿਚ ਆਏ।

“ਸੌਰੀ ਮੈਂ ਟਰੈਫਿਕ ‘ਚ ਲੇਟ ਹੋ ਗਿਆ। ਦੱਸੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾਂ।” ਪੰਡਤ ਨੇ ਐਨਕਾਂ ਨੂੰ ਆਪਣੇ ਨੱਕ ‘ਤੇ ਠੀਕ ਕੀਤਾ ਅਤੇ ਗੰਜੇ ਸਿਰ ‘ਤੇ ਹੱਥ ਫੇਰਿਆ। ਸੀਤੋ ਨੇ ਅਮਰੋ ਵੱਲ ਵੇਖਿਆ ਜਿਵੇਂ ਉਸ ਦੀ ਮਦਦ ਮੰਗ ਰਹੀ ਹੋਵੇ। ਅਮਰੋ ਨੇ ਆਪਣੀ ਕੁਰਸੀ ਵਿਚ ਮਾੜੀ ਜਿਹੀ ਹਿਲ ਜੁੱਲ ਨਾਲ ਸਰਸਰਾਹਟ ਜਿਹੀ ਕੀਤੀ ਜਿਵੇਂ ਸੀਤੋ ਦੀ ਗੱਲ ਸਮਝ ਗਈ ਹੋਵੇ, ਉਹ ਪੰਡਤ ਨੂੰ ਮੁਖਾਤਬ ਹੋਈ।

“ਜੀ ਇਹ ਮੇਰੀ ਭੈਣਾਂ ਵਰਗੀ ਸਹੇਲੀ ਐ---।” ਅਮਰੋ ਇਕ ਪਲ ਰੁਕੀ ਅਤੇ ਪੰਡਤ ਵੱਲ ਵੇਖਿਆ ਜਿਵੇਂ ਉਸ ਤੋਂ ਅੱਗੇ ਗੱਲ ਤੋਰਨ ਦੀ ਇਜ਼ਾਜ਼ਤ ਮੰਗ ਰਹੀ ਹੋਵੇ। ਪੰਡਤ ਨੇ ਘੋਖਵੀਂ ਨਿਗਾਹ ਨਾਲ ਦੋਵਾਂ ਵੱਲ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ ਤੁਸੀਂ ਗੱਲ ਕਰੋ ਕੰਮ ਦੀ ਮੈਨੂੰ ਇਹਦੇ ਨਾਲ ਕੀ ਲੱਗੇ ਬਈ ਇਹ ਤੇਰੀ ਕੀ ਲਗਦੀ ਐ।

“ਹਾਂ ਹਾਂ ਤੁਸੀਂ ਕੰਮ ਦੱਸੋ ਨਿਝੱਕ ਹੋ ਕੇ--। “ਪੰਡਤ ਦੇ ਬੋਲਾਂ ਵਿਚ ਠਹਿਰਾ ਅਤੇ ਅੱਖਾਂ ਵਿਚ ਕਾਹਲੀ ਸੀ।

“ਜੀ ਇਹਦੇ ਪਹਿਲਾਂ ਤਿੰਨ ਕੁੜੀਆਂ ਐ ਤੇ ਇਹਨੂੰ ਮੁੰਡੇ ਦੀ ਇੱਛਿਆ ਐ।” ਅਮਰੋ ਨੇ ਗੱਲ ਕਰਕੇ ਆਪਣੇ ਆਪ ਨੂੰ ਹਲਕੀ ਫੁਲਕੀ ਮਹਿਸੂਸ ਕੀਤਾ।

ਪੰਡਤ ਨੇ ਨੀਝ ਨਾਲ ਸੀਤੋ ਵੱਲ ਵੇਖਿਆ। ਸੀਤੋ ਅੱਧੀ ਕੁ ਨੀਵੀਂ ਪਾਈ ਬੈਠੀ ਸੀ। ਉਹ ਪੰਡਤ ਵੱਲ ਖੁੱਲ੍ਹ ਕੇ ਵੇਖਣ ਤੋਂ ਜਕਦੀ ਸੀ ਸ਼ਾਇਦ ਉਸ ਦੀ ਪਹਿਲੀ ਮੁਲਾਕਾਤ ਹੋਣ ਕਰਕੇ। ਵੈਸੇ ਵੀ ਉਹ ਉਸ ਤੋਂ ਅਣਜਾਣ ਹੋਣ ਕਰਕੇ ਉਸ ਬਾਰੇ ਚੁੱਪ ਚਾਪ ਹੀ ਆਪਣੀ ਰਾਇ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ ਜਿਵੇਂ ਅਜਿਹੇ ਮੌਕਿਆਂ ‘ਤੇ ਹੁੰਦਾ ਹੀ ਹੈ। ਉਹਨੂੰ ਪੰਡਤ ਸਾਊ ਜ਼ਰੂਰ ਲੱਗਾ। ਉਸ ਦੇ ਇਲਮ ਜਾਂ ਭਵਿੱਖ ਦੀ ਜਾਣਕਾਰੀ ਸਬੰਧੀ ਯੋਗਤਾ ਦਾ ਵਿਸ਼ਵਾਸ ਅਮਰੋ ‘ਤੇ ਉਹ ਪਹਿਲਾਂ ਹੀ ਕਰ ਬੈਠੀ ਸੀ।

“ਬੀਬੀ ਬੱਚੀਆਂ ਦੇ ਨਾਮ ਦੱਸੋ।” ਪੰਡਤ ਨੇ ਕਾਗਜ਼ ‘ਤੇ ਉਹਨਾਂ ਦੇ ਨਾਮ ਲਿਖ ਲਏ।

“ਬੀਬੀ ਉਹਨਾਂ ਦੀਆਂ ਤੇ ਆਪਣੀ ,ਆਪਣੇ ਪਤੀ ਦੀ ਜਨਮ ਤਰੀਖ ਵੀ ਦੱਸੋ।” ਸੀਤੋ ਨੇ ਸਾਰਿਆਂ ਦੀਆਂ ਜਨਮ ਤਰੀਖਾਂ

ਲਿਖਵਾ ਦਿੱਤੀਆਂ। ਪੰਡਤ ਨੇ ਕਾਗਜ਼ 'ਤੇ ਖਾਨੇ ਜਿਹੇ ਬਣਾਏ ਅਤੇ ਹੋਰ ਘੋਰ ਘੰਡੇ ਜਿਹੇ ਕਰਦਾ ਰਿਹਾ। ਪੰਦਰਾਂ ਕੁ ਮਿੰਟ ਬਾਅਦ ਪੰਡਤ ਨੇ ਕਾਗਜ਼ ਦਾ ਟੁਕੜਾ ਮੇਜ਼ 'ਤੇ ਰੱਖ ਦਿੱਤਾ ਅਤੇ ਸਿਰ 'ਤੇ ਹੱਥ ਫੇਰਦਾ ਹੋਇਆ ਸੀਤੋ ਵੱਲ ਇੰਝ ਵੇਖਣ ਲੱਗਾ ਜਿਵੇਂ ਉਸ ਨੂੰ ਸੁਣਨ ਲਈ ਤਿਆਰ ਕਰ ਰਿਹਾ ਹੋਵੇ। ਉਸ ਨੇ ਖੰਗੂਰਾ ਮਾਰ ਕੇ ਗੱਲ ਸ਼ੁਰੂ ਕੀਤੀ।

"ਬੀਬੀ ਇੱਕ ਤਾਂ ਲਾਲ ਕੱਪੜਾ ਨੀ ਪਾਉਣਾ। ਦੂਜਾ ਤੁਸੀਂ ਦੋ ਨੰਬਰ ਵਾਲੀ ਬੱਚੀ ਦਾ ਨਾਮ ਬਦਲ ਕੇ ਕੋਈ ਹੋਰ ਨਾਮ ਰੱਖੋ ਜਿਹੜਾ 'ਗ' ਨਾਲ ਸ਼ੁਰੂ ਹੋਵੇ। ਇੰਡੀਆ ਤੋਂ ਬੋਹੜ ਦੇ ਪੱਤਿਆਂ ਦਾ ਦੁੱਧ ਇਕ ਬੋਤਲ ਮੰਗਵਾ ਲਵੋ ਤੇ ਇਕ ਬੋਤਲ ਗੰਗਾ ਜਲ। ਆਹ ਚੀਜਾਂ ਮੈਂ ਲਿਖ ਦਿਨਾਂ ਇਹ ਵੀ ਲੈ ਆਉਣੀਆਂ। ਮੈਂ ਤੁਹਾਨੂੰ ਦਵਾਈ ਬਣਾ ਕੇ ਦੇਊਂ। ਭਗਵਾਨ ਭਲੀ ਕਰੂ।" ਪੰਡਤ ਨੇ ਆਪਣੇ ਵੱਲੋਂ ਸੀਤੋ ਨੂੰ ਯਕੀਨ ਕਰਾਉਣ ਦੀ ਕੋਸ਼ਿਸ਼ ਕਰਦਿਆਂ ਆਪਣੀਆਂ ਖੋਜੀ ਅੱਖਾਂ ਨਾਲ ਉਸ ਦੇ ਪ੍ਰਤੀਕ੍ਰਮ ਨੂੰ ਜਾਨਣ ਦੀ ਕੋਸ਼ਿਸ਼ ਕੀਤੀ। ਸੀਤੋ ਦੇ ਮੂੰਹ 'ਤੇ ਉਲਝਣ ਦੇ ਭਾਵ ਪੰਡਤ ਨੇ ਪੜ੍ਹ ਲਏ। ਉਸ ਨੇ ਆਪਣੀਆਂ ਅੱਖਾਂ ਦੇ ਬੱਗੇ ਆਨੇ ਜਲਦੀ ਜਲਦੀ ਘੁਮਾਏ ਜਿਵੇਂ ਜਲਦੀ ਜਲਦੀ ਕੁਝ ਸੋਚ ਕੇ ਫੈਸਲਾ ਕਰ ਰਿਹਾ ਹੋਵੇ।

"ਤੁਸੀਂ ਸੋਚ ਲਉ। ਮੈਨੂੰ ਭਗਵਾਨ ਦੀ ਕਿਰਪਾ ਨਾਲ ਵਿਸ਼ਵਾਸ਼ ਐ ਕਿ ਤੁਹਾਡੀ ਤਮੰਨਾ ਜ਼ਰੂਰ ਪੂਰੀ ਹੋਵੇਗੀ।" ਪੰਡਤ ਨੇ ਉਹਨਾਂ ਨੂੰ ਯਕੀਨ ਦਿਵਾਉਣ ਲਈ ਅਗਲਾ ਹੰਭਲਾ ਮਾਰਿਆ।

"ਜੀ ਆਹ ਗੰਗਾ ਜਲ ਕਿਥੋਂ ਲੈ ਕੇ ਆਉਣਾ ਪਊ!" ਸੀਤੋ ਗੰਗਾ ਕਿਨਾਰੇ ਕਿਥੇ ਤੇ ਕਿਵੇਂ ਜਾਇਆ ਜਾਵੇ, ਬਾਰੇ ਸੋਚਣ ਲੱਗੀ।

"ਇਹ ਤਾਂ ਤੁਹਾਨੂੰ ਸ਼ਹਿਰ ਦੀ ਕਿਸੇ ਪੰਨਸਾਰੀ ਦੀ ਦੁਕਾਨ ਤੋਂ ਸਾਰਾ ਕੁਸ ਮਿਲ ਜੂ।" ਪੰਡਤ ਨੇ ਪਰਚੀ ਫੜਾਉਂਦਿਆਂ ਦੱਸਿਆ।

"ਗੰਗਾ ਜਲ ਵੀ!" ਸੀਤੋ ਨੂੰ ਗੰਗਾ ਜਲ ਦੁਕਾਨ ਤੋਂ ਮਿਲ ਸਕਣ ਦੀ ਸੰਭਾਵਨਾ ਨਹੀਂ ਲਗਦੀ ਸੀ।

"ਆਹੋ ਗੰਗਾ ਜਲ ਵੀ।" ਸੁਣ ਕੇ ਸੀਤੋ ਸੋਚਣ ਲੱਗੀ ਕਿ ਦੁਕਾਨ ਵਾਲੇ ਦਾ ਕੀ ਪਤਾ ਕਿ ਪਾਣੀ ਨਲਕੇ ਤੋਂ ਬੋਤਲ ਵਿਚ ਭਰ ਲਿਆ ਹੋਵੇ। ਫਿਰ ਉਸ ਨੂੰ ਮੀਕੇ ਦਾ ਖਿਆਲ ਆਇਆ ਜਿਸ ਨੇ ਕੁਝ ਦਿਨ ਪਹਿਲਾਂ ਗੰਗਾ ਵਿਚ ਵਗਦੇ ਪਾਣੀ ਦੇ ਗੰਦਾ ਹੋਣ ਬਾਰੇ ਖਬਰ ਪੜ੍ਹੀ ਅਤੇ ਸੀਤੋ ਨੂੰ ਵਿਸਥਾਰ ਨਾਲ ਦੱਸੀ ਵੀ। ਪਾਣੀ ਸਬੰਧੀ ਤਾਂ ਉਸ ਨੂੰ ਪਤਾ ਸੀ ਮੀਕੇ ਨੇ ਉਸ ਨੂੰ ਪਾਗਲ ਹੀ ਕਹਿਣਾ ਸੀ। ਆਪ ਨੂੰ ਵੀ ਉਸ ਨੂੰ ਬਹੁਤੀ ਤਸੱਲੀ ਨਹੀਂ ਸੀ।

"ਤੈਨੂੰ ਗੰਗਾ ਦਾ ਪਾਣੀ ਈ ਚਾਹੀਦਾ ਤਾਂ ਕਿਸੇ ਛੱਪੜ ਦਾ ਪੀ ਲਾ। ਗੰਗਾ ਜਾ ਕੇ ਜ਼ਰੂਰ ਪੀਣਾ।" ਉਸ ਨੂੰ ਮੀਕੇ ਦੇ ਸੰਭਵੀ ਬੋਲ ਸੁਣਾਈ ਦਿੱਤੇ।

ਸੀਤੋ ਨੇ ਪੁੱਤਰ ਦੀ ਇੱਛਾ ਕਾਰਣ ਆਪਣੇ ਗੁਰੂਆਂ ਜਿਹਨਾਂ ਦੀ ਬਾਣੀ ਦਾ ਉਹ ਪਾਠ ਕਰਦੀ ਸੀ ਉਹ ਸਭ ਕੁਝ ਭੁੱਲ ਭੁਲਾ ਕੇ ਪੰਡਤ ਦੀ ਗੱਲਾਂ 'ਤੇ ਵਿਸ਼ਵਾਸ਼ ਕਰ ਲਿਆ। ਪੰਡਤ ਜਾਣਦਾ ਸੀ ਕਿ ਤਰਕ ਕਰਨ ਵਾਲੇ ਲੋਕ ਕਦੇ ਉਸ ਦੇ ਚੁੰਗਲ ਵਿਚ ਨਹੀਂ ਫਸਦੇ ਅਤੇ ਅੰਨ੍ਹਾਂ ਯਕੀਨ ਕਰ ਲੈਣ ਵਾਲੇ ਲੋਕ ਕਦੇ ਉਸ ਦੇ ਚੁੰਗਲ ਵਿਚੋਂ ਨਹੀਂ ਨਿਕਲ ਸਕਦੇ। ਉਸ ਨੇ ਸੀਤੋ ਬਾਰੇ ਆਪਣਾ ਅੰਦਾਜ਼ਾ ਲਗਾਇਆ ਕਿ ਸੀਤੋ ਦੂਜੀ ਕਿਸਮ ਦੇ ਲੋਕਾਂ ਵਿਚੋਂ ਲਗਦੀ ਸੀ। ਪੰਡਤ ਦਾ ਰਵਈਆਂ ਹੋਰ ਵੀ ਨਰਮ ਅਤੇ ਚਾਪਲੂਸ ਹੋ ਗਿਆ।

ਮੀਕੇ ਦੇ ਘਰ ਆਉਣ ਤੋਂ ਪਹਿਲਾਂ ਉਹ ਵਾਪਿਸ ਆ ਗਈ। ਉਸ ਦੇ ਦਿਮਾਗ ਵਿਚ ਅਗਲੀ ਸਕੀਮ ਦਾ ਤਾਣਾ ਪੇਟਾ ਬਣਨਾ ਸ਼ੁਰੂ ਹੋ ਗਿਆ। ਮੀਕੇ ਨੂੰ ਪੰਡਤ ਦੀਆਂ ਗੱਲਾਂ 'ਤੇ ਯਕੀਨ ਕਰਾਉਣਾ ਤਾਂ ਦੂਰ ਦੀ ਗੱਲ ਸੀ। ਉਹ ਸਿਰਫ਼

ਉਹਨਾਂ ਗੱਲਾਂ ਨੂੰ ਕਿਵੇਂ ਨਾ ਕਿਵੇਂ ਅਪਨਾਉਣਾ ਚਾਹੁੰਦੀ ਸੀ। ਸਭ ਤੋਂ ਪਹਿਲਾ ਕੰਮ ਕੁੜੀ ਦਾ ਨਾਂ ਬਦਲਣ ਵਾਲਾ ਜ਼ਰੂਰੀ ਲੱਗਿਆ। ਸੀਤੋ ਨੇ ਮਹਿਸੂਸ ਕੀਤਾ ਕਿ ਇਹ ਕੰਮ ਸਭ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਤੇ ਸਭ ਤੋਂ ਸੌਖਾ ਹੋ ਸਕਦਾ ਸੀ। ਉਹ ਕੁੜੀ ਦਾ ਨਾਂ ਸੋਚਣ ਲੱਗੀ। ਉਸ ਨੂੰ ਸੋਚ ਸੋਚ ਕੇ ਗੁਰਪ੍ਰੀਤ ਨਾਮ ਪਸੰਦ ਆਇਆ। ਉਸ ਨੇ ਇਸ ਨਾਮ ਕਰਨ ਨੂੰ ਅਮਲੀ ਅੰਜ਼ਾਮ ਦੇਣਾ ਸ਼ੁਰੂ ਕਰ ਦਿੱਤਾ।

ਮੀਕਾ ਕੰਮ ਤੋਂ ਆਇਆ ਤਾਂ ਸੀਤੋ ਨੇ ਉਸ ਨੂੰ ਨਹਾਉਣ ਦਾ ਹੁਕਮ ਚਾੜ੍ਹ ਦਿੱਤਾ। ਕੰਮ ਤੋਂ ਅੱਕਿਆ ਥੱਕਿਆ ਮੀਕਾ ਬੀਅਰ ਬੱਤਾ ਪੀ ਕੇ ਅਰਾਮ ਕਰਨ ਦੇ ਮੂਡ ਵਿਚ ਸੀ। ਸੀਤੋ ਦੀ ਇਸ ਬੇਵਕਤ ਨਹਾਉਣ ਧੋਣ ਵਾਲੀ ਗੱਲ ਉਸ ਨੂੰ ਸਮਝ ਨਾ ਪਈ। ਵੈਸੇ ਵੀ ਸੀਤੋ ਦੀਆਂ ਸਕੀਮਾਂ ਮੀਕੇ ਨੂੰ ਘੱਟ ਹੀ ਸਮਝ ਪੈਂਦੀਆਂ ਸਨ। ਸੀਤੋ ਦੀ ਗੱਲ ਸੁਣ ਕੇ ਉਸ ਨੂੰ ਗੁੱਸਾ ਆਇਆ।

"ਕਿਉਂ ਨਾਹ ਕੇ ਮੈਂ ਕੀਰਤਨ ਕਰਨਾ! ਬੀਅਰ ਦਾ ਡੱਬਾ ਦੇਖ ਜੇ ਕੋਈ ਹੈ ਤਾਂ ਫਰਿਜ 'ਚ।" ਮੀਕਾ ਸੂਈ ਕੁੱਤੀ ਵਾਂਗ ਸੀਤੋ ਨੂੰ ਪਿਆ। ਸੀਤੋ ਨੂੰ ਇਸ ਦੀ ਉਮੀਦ ਈ ਸੀ ਅਤੇ ਉਹ ਪਹਿਲਾਂ ਹੀ ਆਪਣੀ ਸਕੀਮ ਵਿਚ ਇਸ ਗੱਲ ਬਾਤ ਨੂੰ ਧਿਆਨ ਵਿਚ ਰੱਖੀ ਬੈਠੀ ਸੀ।

"ਜੀ ਬੱਸ ਅੱਜ ਮੇਰੀ ਗੱਲ ਮੰਨ ਲੋ ਪਲੀਜ਼। ਮੈਂ ਅੱਜ ਗੁਰਦਵਾਰੇ ਸਾਹਿਬ ਜ਼ਰੂਰ ਜਾਣਾ ਐ। ਬੱਸ ਆਪਾਂ ਬਹੁਤਾ ਚਿਰ ਨੀ ਬਹਿੰਦੇ। ਜਲਦੀ ਆ ਜਾਵਾਂਗੇ।" ਸੀਤੋ ਪੂਰੀ ਨਿਮਰਤਾ ਦੀ ਮੂਰਤੀ ਬਣੀ ਖੜ੍ਹੀ ਸੀ।

"ਅੱਜ ਗੁਰਦਵਾਰਾ ਸਾਹਿਬ ਵਿਚ ਕੋਈ ਖਾਸ ਪ੍ਰੋਗਰਾਮ ਐ!" ਮੀਕੇ ਨੂੰ ਗੱਲ ਦੀ ਕੋਈ ਸਮਝ ਨਹੀਂ ਆ ਰਹੀ ਸੀ। ਐਤਵਾਰ ਨੂੰ ਗੁਰਦਵਾਰੇ ਜਾਣਾ ਤਾਂ ਉਹ ਸਮਝ ਸਕਦਾ ਸੀ ਅਤੇ ਜਦ ਵੀ ਐਤਵਾਰ ਦਾ ਦਿਨ ਵਿਹਲਾ ਹੁੰਦਾ ਉਹ ਜਾਂਦੇ ਵੀ ਸਨ ਕਿਉਂਕਿ ਗੁਰਦਵਾਰਾ ਧਾਰਮਕ ਕੇਂਦਰ ਹੋਣ ਦੇ ਨਾਲ ਨਾਲ ਸਮਾਜਿਕ ਕੇਂਦਰ ਵੀ ਸੀ।

"ਜੀ ਰਾਤੀਂ ਮੈਨੂੰ ਬਹੁਤ ਮਾੜਾ ਸੁਪਨਾ ਆਇਆ। ਪਰ ਮੈਨੂੰ ਪੁੱਛਿਉ ਨਾ। ਮੇਰਾ ਥੋੜੇ ਨਾਲ ਜਾ ਕੇ ਮੱਥਾ ਟੇਕਣ ਨੂੰ ਬਹੁਤ ਦਿਲ ਕਰਦਾ।"

"ਹੂੰ----।" ਮੀਕਾ ਅਣਮੰਨੇ ਜਿਹੇ ਮਨ ਨਾਲ ਉੱਠ ਕੇ ਬਾਥ ਰੂਮ ਵਿਚ ਚਲਾ ਗਿਆ ਅਤੇ ਸੀਤੋ ਦੇ ਬੁੱਲ੍ਹਾਂ 'ਤੇ ਜੇਤੂ ਮੁਸਕਰਾਹਟ ਥਿਰਕ ਗਈ।

ਹਫ਼ਤੇ ਦਾ ਚਲਦਾ ਦਿਨ ਹੋਣ ਕਰਕੇ ਗੁਰਦਵਾਰੇ ਵਿਚ ਕੋਈ ਖਾਸ ਰੌਣਕ ਨਹੀਂ ਸੀ। ਗਿਣਤੀ ਦੇ ਲੋਕ ਪਾਠ ਸੁਣਨ ਦੇ ਬਹਾਨੇ ਬੈਠੇ ਆਪਣੀਆਂ ਅੱਖਾਂ ਕਦੇ ਬੰਦ ਕਰਕੇ ਬਹੁਤ ਇਕਾਗਰ ਹੋਣ ਦਾ ਦਿਖਾਵਾ ਕਰਦੇ ਅਤੇ ਕਦੇ ਮਲਕੜੇ ਅੱਖਾਂ ਖੋਲ੍ਹ ਕੇ ਘੜੀ ਵੇਖ ਲੈਂਦੇ। ਕੁਝ ਕੁ ਉੱਠ ਕੇ ਲੰਗਰ ਵਿਚ ਪਰਸ਼ਾਦਾ ਖਾਣ ਚਲੇ ਗਏ ਸਨ। ਮੀਕੇ ਨੂੰ ਘਰੇ ਬੀਅਰ ਦਾ ਠੰਡਾ ਡੱਬਾ ਅਵਾਜ਼ਾਂ ਮਾਰ ਰਿਹਾ ਸੀ ਅਤੇ ਉਹ ਬੈਠਾ ਸੀਤੋ ਦੇ ਸੁਪਨੇ ਬਾਰੇ ਸੋਚਦਾ ਰਿਹਾ। ਇਸ ਗੱਲ ਦਾ ਉਸ ਨੂੰ ਯਕੀਨ ਸੀ ਕੋਈ ਨਾ ਕੋਈ ਨਵੀਂ ਚਾਲ ਸੀਤੋ ਨੇ ਸੋਚੀ ਹੋਈ ਜ਼ਰੂਰ ਸੀ।

ਸੀਤੋ ਬੈਠੀ ਆਪਣੇ ਨਾਟਕ ਦੇ ਅਗਲੇ ਦ੍ਰਿਸ਼ ਬਾਰੇ ਸੋਚ ਰਹੀ ਸੀ। ਅੱਖਾਂ ਉਸ ਦੀਆਂ ਬੰਦ ਸਨ ਅਤੇ ਉਹ ਜਾਣ ਬੁਝ ਕੇ ਮੀਕੇ ਵੱਲ ਨਹੀਂ ਵੇਖ ਰਹੀ ਸੀ। ਮੀਕੇ ਨੇ ਘਰ ਆਉਣ ਦੀ ਤਾਂਘ ਕਾਰਣ ਉੱਠ ਕੇ ਮੱਥਾ ਟੇਕਿਆ ਅਤੇ ਸੀਤੋ ਵੱਲ ਵੇਖ ਕੇ ਦਰਬਾਰ ਸਾਹਿਬ 'ਚੋਂ ਬਾਹਰ ਆ ਗਿਆ। ਸੀਤੋ ਨੂੰ ਵੀ ਬਾਹਰ ਆਉਣਾ ਪਿਆ। ਉਸ ਦੀ ਨਕਲੀ ਇਕਾਗਰਤਾ ਭੰਗ ਹੋ ਗਈ ਅਤੇ ਉਹ ਵੀ ਮੀਕੇ ਦੇ

ਪਿੱਛੇ ਪਿਛੇ ਬਾਹਰ ਆ ਗਈ। ਸੀਤੋ ਨੂੰ ਪਤਾ ਸੀ ਇਹ ਸਮਾਂ ਮੀਕੇ ਨਾਲ ਲੜਨ ਝਗੜਨ ਦਾ ਨਹੀ। ਸਗੋਂ ਉਸ ਨੇ ਉਸ ਦਾ ਆਪਣੇ ਢੰਗ ਨਾਲ ਧੰਨਵਾਦ ਕੀਤਾ ਅਤੇ ਖੁਸ਼ ਖੁਸ਼ ਕਾਰ ਵਿਚ ਆ ਬੈਠੀ।

ਘਰ ਆ ਕੇ ਉਸ ਨੇ ਆਪਣੀਆਂ ਬੱਚੀਆਂ ਨੂੰ ਖਾਣ ਲਈ ਖਾਣਾ ਬਣਾਇਆ ਅਤੇ ਉਹਨਾਂ ਨੂੰ ਖਲਾਇਆ। ਆਮ ਹਾਲਤ ਵਿਚ ਤਾਂ ਸੀਤੋ ਨੇ ਗੁਰਦਵਾਰੇ ਦਾ ਲੰਗਰ ਹੀ ਖਾ ਕੇ ਆਉਣਾ ਸੀ। ਅੱਜ ਵਾਲਾ ਉਸ ਦਾ ਮਿਸ਼ਨ ਲੰਗਰ ਨਾਲੋਂ ਕਿਤੇ ਵੱਧ ਮਹੱਤਵ ਵਾਲਾ ਸੀ। ਮੀਕੇ ਨੂੰ ਕਿਸੇ ਹਾਲਤ ਵਿਚ ਵੀ ਗੁੱਸੇ ਕਰਨ ਦਾ ਖਤਰਾ ਉਹ ਅੱਜ ਨਹੀ ਲੈ ਸਕਦੀ ਸੀ। ਆਮ ਦਿਨਾਂ ਵਿਚ ਤਾਂ ਉਹ ਮੀਕੇ ਨੂੰ ਆਪਣੀ ਮਰਜ਼ੀ ਕਰਨ ਦਾ ਕੋਈ ਹੱਕ ਨਹੀਂ ਦਿੰਦੀ ਅਤੇ ਅੱਜ ਆਪਣੀ ਮਰਜ਼ੀ ਕਰਨ ਲਈ ਮੀਕੇ ਨੂੰ ਥੋੜੀ ਬਹੁਤ ਮਰਜ਼ੀ ਕਰਨ ਦਾ ਅਧਿਕਾਰ ਦੇਣ ਦੀ ਮਜ਼ਬੂਰੀ ਨੂੰ ਹੰਢਾਉਣ ਦਾ ਮਨ ਬਣਾਈ ਬੈਠੀ ਸੀ।

ਬੱਚਿਆਂ ਨੂੰ ਖਿਲਾ ਪਿਲਾ ਕੇ ਉਹ ਮੀਕੇ ਦੇ ਨਾਲ ਲੱਗ ਕੇ ਸੋਫੇ ਵਿਚ ਧਸ ਗਈ। ਮੀਕੇ ਦੇ ਮੋਢੇ ‘ਤੇ ਉਸ ਨੇ ਆਪਣਾ ਸਿਰ ਰੱਖ ਕੇ ਤਿਰਸ਼ੀਆਂ ਕਾਟ ਕਰਦੀਆਂ ਅੱਖਾਂ ਨਾਲ ਉਸ ਵੱਲ ਵੇਖਿਆ ਜਿਵੇਂ ਇਹ ਉਸ ਨੂੰ ਮਾਨਸਕ ਤੌਰ ‘ਤੇ ਜ਼ਿਬਾਹ ਕਰਨ ਲਈ ਪਹਿਲੀ ਕਲਮ ਪੜ੍ਹ ਰਹੀ ਹੋਵੇ। ਉਸ ਤਿਰਸ਼ੀ ਨਜ਼ਰ ਵਿਚਲੇ ਅਣ-ਕਹੇ ਅਤੇ ਅਣ-ਲਿਖੇ ਸੁਨੇਹੇ ਨੇ ਮੀਕੇ ਦੇ ਸਰੀਰ ਵਿਚ ਝੁਣਝੁਣੀ ਜਿਹੀ ਲੈ ਆਂਦੀ। ਆਪਣੇ ਆਪ ਨੂੰ ਸਬਰ ਦੇ ਪੱਲੇ ਬੰਨਣ ਦਾ ਯਤਨ ਕਰਦਿਆਂ ਮੀਕੇ ਨੇ ਕਿਸੇ ਕਿਸਮ ਦੀ ਉੱਤਸੁਕਤਾ ਨਾ ਵਿਖਾਉਣ ਦੀ ਕੋਸ਼ਿਸ਼ ਕੀਤੀ। ਸੀਤੋ ਦੀਆਂ ਤਿੱਖੀਆਂ ਅੱਖਾਂ ਤੋਂ ਮੀਕੇ ਦੇ ਅੰਦਰਲੀ ਹਲਚਲ ਗੁੱਝੀ ਨਾ ਰਹੀ।

“ਜਦੋਂ ਰੋਟੀ ਖਾਣੀ ਹੋਈ ਮੈਨੂੰ ਦੱਸ ਦਿਉ।” ਸੀਤੋ ਨੇ ਹਲਕੀ ਡੂੰਘੀ ਭਾਵਨਾਵਾਂ ਨਾਲ ਲਿੱਪੀ ਪੋਚੀ ਅਵਾਜ਼ ਦੇ ਨਾਲ ਨਾਲ ਅੱਖਾਂ ਦੀ ਇਸ਼ਕ ਖੁਮਾਰੀ ਵਾਲੀ ਭਾਸ਼ਾ ਵਿਚ ਕਿਹਾ ਅਤੇ ਇਹ ਉਸ ਦੀ ਜ਼ਿਬਾਹ ਕਰਨ ਲਈ ਦੂਜੀ ਕਲਮ ਪੜ੍ਹੀ ਗਈ ਲਗਦੀ ਸੀ। ਇਸ ਵਾਰ ਮੀਕਾ ਬੇਪ੍ਰਵਾਹ ਹੋਣ ਦਾ ਢੌਂਗ ਨਾ ਕਰ ਸਕਿਆ। ਉਹ ਸੋਫੇ ਵਿਚ ਬੈਠਿਆ ਹੀ ਮਾੜਾ ਜਿਹਾ ਹਿਲਿਆ ਅਤੇ ਵਿਸਕੀ ਦਾ ਗਲਾਸ ਚੁੱਕ ਕੇ ਖਾਲੀ ਕਰ ਦਿੱਤਾ। ਸੀਤੋ ਦੀਆਂ ਅੱਖਾਂ ਮੁਸਕਰਾਈਆਂ ਅਤੇ ਬੁੱਲ੍ਹ ਮਾੜੇ ਜਿਹੇ ਖੁੱਲ੍ਹੇ। ਉਸ ਨੇ ਮੀਕੇ ਦੇ ਬੁੱਲਾਂ ‘ਤੇ ਕੋਸਾ ਚੁੰਮਣ ਰੱਖ ਦਿੱਤਾ। ਇਹ ਤੀਜੀ ਕਲਮ ਪੜ੍ਹੀ ਗਈ ਸੀ। ਮੀਕੇ ਕੋਲੋਂ ਸਬਰ ਦਾ ਪੱਲਾ ਖਿਸਕਣ ਲੱਗਾ ਅਤੇ ਉਸ ਨੇ ਦੂਜਾ ਪੈਗ ਪਾ ਲਿਆ। ਸੀਤੋ ਨੂੰ ਪਤਾ ਸੀ ਅਗਲੀਆਂ ਦੋਵੇਂ ਕਲਮਾਂ ਪੜ੍ਹਨ ਤੋਂ ਪਹਿਲਾਂ ਮੀਕੇ ਨੂੰ ਥੋੜਾ ਸਮਾਂ ਦੇਣਾ ਜ਼ਰੂਰੀ ਸੀ। ਉਹ ਕਿਚਨ ਵਿਚ ਰੋਟੀ ਬਨਾਉਣ ਚਲੀ ਗਈ।

ਮੀਕੇ ਦਾ ਭਖਿਆ ਚਿਹਰਾ ਉਸ ਨੂੰ ਟੀ ਵੀ ਵੇਖਣ ਤੋਂ ਹੋੜਨ ਲੱਗਿਆ। ਉਸ ਦਾ ਦਿਲ ਕਰਦਾ ਸੀ ਸੀਤੋ ਉੱਠ ਕੇ ਜਾਣ ਦੀ ਥਾਂ ਉਸ ਨਾਲ ਲਿਪਟ ਜਾਵੇ। ਉਹ ਪਹਿਲਾਂ ਵਾਂਗ ਹੀ ਪਿਆਰ ਕਲੋਲ ਕਰੀ ਜਾਵੇ। ਕਿਚਨ ਵਿਚ ਖੜਕਦੇ ਭਾਂਡਿਆਂ ਅਤੇ ਸੀਤੋ ਦੀਆਂ ਵੰਗਾਂ ਦਾ ਸੰਗੀਤ ਮੀਕੇ ਨੂੰ ਖਿੱਚ ਕੇ ਕਿਚਨ ਵਿਚ ਲੈ ਗਿਆ। ਸੀਤੋ ਨੇ ਆਉਂਦੇ ਮੀਕੇ ਨੂੰ ਵੇਖਿਆ। ਟੇਢੀ ਜਿਹੀ ਨਜ਼ਰ ਅਤੇ ਮਾੜੇ ਜਿਹੇ ਬੁੱਲ੍ਹ ਮਰੋੜ ਕੇ ਉਹ ਮੁਸਕਰਾਈ ਅਤੇ ਮੀਕੇ ਨੇ ਉਸ ਨੂੰ ਜੱਫੀ ਪਾ ਲਈ।

“ਮੇਰੇ ਹੱਥ ਆਟੇ ਨਾਲ ਲਿਬੜੇ ਵੇ ਆ-----।” ਸੀਤੋ ਨੇ ਹੱਥ ਮੀਕੇ ਦੇ ਮੋਢਿਆਂ ਤੋਂ ਉੱਪਰ ਚੁੱਕ ਲਏ ਅਤੇ ਮੀਕੇ ਨੂੰ ਚੁੰਮ ਕੇ ਚੌਥੀ ਕਲਮ ਪੜ੍ਹ ਦਿੱਤੀ।

“ਪਹਿਲਾਂ ਰੋਟੀ ਖਾ ਲੋ।” ਸੀਤੋ ਦੀ ਅਵਾਜ਼ ਵਿਚਲੀ ਖਾਸ ਖਿੱਚ ਪਹਿਲਾਂ ਨਾਲੋਂ ਵੀ ਤੇਜ਼ ਤੀਬਰ ਹੋ ਗਈ ਸੀ। ਮੀਕੇ ਲਈ ਰੋਟੀ ਦੀ ਭੁੱਖ ਮਰ ਗਈ ਅਤੇ ਸੀਤੋ ਦੀਆਂ ਬਿਨ ਪੀਤੀਉਂ ਨਸ਼ਈ ਅੱਖਾਂ ਵਿਚਲੀ ਚਮਕ ਅਤੇ ਗੁਲਾਬੀ ਭਾਹ ਮਾਰਦੇ ਚਿਹਰੇ ਦੀ ਗਰਮੀ

ਨੇ ਉਸ ਨੂੰ ਪਿਘਲਾ ਦਿੱਤਾ ਸੀ।

ਉਸ ਨੇ ਜਲਦੀ ਜਲਦੀ ਰੋਟੀ ਖਾਧੀ। ਸੀਤੋ ਨੇ ਉਸ ਨੂੰ ਪਾਣੀ ਦਾ ਗਲਾਸ ਦਿੱਤਾ ਅਤੇ ਭਾਂਡੇ ਚੁੱਕ ਕੇ ਪਾਸੇ ਰੱਖ ਦਿੱਤੇ। ਮੀਕਾ ਤੁਰਨ ਲੱਗਿਆ ਤਾਂ ਸੀਤੋ ਨੇ ਕਿਚਨ ਦੀ ਡੋਰ ਵਿਚ ਉਸ ਨੂੰ ਰੋਕ ਕੇ ਉਸ ਦੇ ਗਲੇ ਵਿਚ ਬਾਹਾਂ ਪਾ ਦਿਤੀਆਂ ਅਤੇ ਪੰਜਵੀਂ ਕਲਮ ਪੜ੍ਹਨ ਲਈ ਇਕ ਖਾਸ ਹਰਕਤ ਕਰ ਦਿੱਤੀ। ਹੁਣ ਕੁਝ ਵੀ ਮੀਕੇ ਦੇ ਵੱਸ ਨਾ ਰਿਹਾ ਅਤੇ ਉਹ ਬੈਡ ਰੂਮ ਵਿਚ ਸੌਣ ਲਈ ਚਲੇ ਗਏ।

ਮੀਕੇ ਦੇ ਮੋਢੇ 'ਤੇ ਸਿਰ ਰੱਖੀ ਸੀਤੋ ਨੇ ਮਾੜੀ ਜਿਹੀ ਧੌਣ ਉੱਚੀ ਕਰਕੇ ਉਸ ਦੇ ਕੰਨ ਵਿਚ ਖੁਸਰ ਮੁਸਰ ਕੀਤੀ। ਮੀਕਾ ਸੌਣ ਲਈ ਨੀਂਦ ਨਾਲ ਟਾਲ ਮਟੋਲ ਕਰ ਰਿਹਾ ਸੀ ਅਤੇ ਸੀਤੋ ਉਸ ਨੂੰ ਅਜੇ ਹੋਰ ਜਾਗਦਾ ਰੱਖਣ ਲਈ ਆਪਣੇ ਦਾਅ ਵਰਤ ਰਹੀ ਸੀ।

"ਜੀ ਮੇਰੀ ਇਕ ਗੱਲ ਮੰਨੋਗੇ। ਨਾਂਹ ਨਾ ਕਰਿਉ।"

"ਹਾਂ ਦੱਸ ਕੀ ਗੱਲ ਐ--!" ਮੀਕੇ ਨੇ ਨਿੰਦਰਾਈ ਅਵਾਜ਼ ਵਿਚ ਜਵਾਬ ਦਿੱਤਾ।

"ਪੱਕੀ ਗੱਲ ਤੁਸੀਂ ਮੇਰੀ ਗੱਲ ਮੰਨੋਗੇ।" ਸੀਤੋ ਹੋਰ ਵੀ ਖੁਸ਼ ਹੋ ਗਈ।

"ਗੱਲ ਦੱਸ ਨੀਂਦ ਆਉਂਦੀ ਐ।" ਮੀਕੇ ਲਈ ਹੁਣ ਨੀਂਦ ਤੋਂ ਪਿਆਰੀ ਹੋਰ ਕੋਈ ਗੱਲ ਨਹੀਂ ਸੀ। ਉਹ ਸੀਤੋ ਦੀ ਗੱਲ ਸੁਣ ਕੇ ਸੌਣਾ ਚਾਹੁੰਦਾ ਸੀ।

"ਆਪਾਂ ਦੀਪੀ ਦਾ ਨਾਂ ਬਦਲ ਕੇ ਗੁਰਪ੍ਰੀਤ ਰੱਖ ਲੀਏ। ਮੈਨੂੰ ਇਹ ਨਾਂ ਬਹੁਤ ਸੁਹਣਾ ਲਗਦਾ।" ਸੀਤੋ ਨੇ ਆਪਣਾ ਤੀਰ ਭੱਥੇ ਵਿਚੋਂ ਕੱਢ ਦਿੱਤਾ ਸੀ। ਮੀਕੇ ਦਾ ਜਵਾਬ ਸੁਣਨ ਲਈ ਉਹ ਪੂਰੀ ਸੁਚੇਤ ਹੋ ਗਈ।

"ਦੀਪੀ ਨਾਂ ਮਾੜਾ! ਚੰਗਾ ਭਲਾ ਨਾਂ ਐ ਦੀਪੀ।" ਮੀਕੇ ਦੀ ਅਵਾਜ਼ ਵਿਚ ਰੁਖਾਈ ਆ ਗਈ।

"ਤੁਸੀਂ ਸਮਝਦੇ ਨੀ। ਦੀਪੀ ਉਹਦਾ ਅੱਧਾ ਨਾਂ ਐ। ਕੱਲ੍ਹ ਨੂੰ ਉਹਨੇ ਵਿਆਹੀ ਜਾਣਾ ਐ। ਆਪਾਂ ਉਸ ਦਾ ਪੂਰਾ ਨਾਂ ਗੁਰਪ੍ਰੀਤ ਪਕਾ ਲਈਏ। ਸੁਹਣਾ ਲਗਦਾ। ਨਾਲੇ ਤੁਸੀਂ ਵਾਅਦਾ ਤਾਂ ਕਰ ਲਿਆ ਮੇਰੇ ਨਾਲ। ਗੁਰਦਵਾਰੇ ਗਏ ਸੀ ਤਾਂ ਮੇਰੇ ਕੰਨਾਂ ਵਿਚ ਪਹਿਲਾ ਵਾਕ 'ਗ' ਨਾਲ ਹੀ ਪਿਆ ਸੀ।" ਸੀਤੋ ਨੇ ਆਪਣਾ ਹਥਿਆਰ ਵਰਤਣ ਦੀ ਕੋਸ਼ਿਸ਼ ਕੀਤੀ।

"ਚਲ ਜਿਵੇਂ ਮਰਜ਼ੀ ਕਰ ਤੂੰ ਕਿਸੇ ਦੀ ਮੰਨਣੀ ਤਾਂ ਹੈ ਨੀ।" ਮੀਕਾ ਸੌਣ ਲਈ ਉਸ ਤੋਂ ਖਹਿੜਾ ਛੁਡਾਉਣ ਲੱਗਾ। ਸੀਤੋ ਲਈ ਮੀਕੇ ਦੀ ਇਕ ਵਾਰ ਹਾਂ ਹੀ ਕਾਫੀ ਸੀ। ਹੁਣ ਤਾਂ ਮੀਕਾ ਭਾਂਵੇ ਜੋ ਮਰਜ਼ੀ ਕਰਦਾ ਸੀਤੋ ਨਾਲ ਕੀਤਾ ਵਾਇਦਾ ਬਦਲ ਨਹੀਂ ਸਕਦਾ ਸੀ। ਸੀਤੋ ਬੇਫਿਕਰ ਹੋ ਕੇ ਸੌਂ ਗਈ। ਦੀਪੀ ਉਰਫ ਗੁਰਪ੍ਰੀਤ ਉਸ ਵੇਲੇ ਦਾਦੀ, ਭੂੰਡੋ ਜਾਂ ਕੌੜੀ ਦੇ ਸੁਪਨਿਆਂ ਦੇ ਸੰਸਾਰ ਵਿਚ ਘੂਕ ਸੁੱਤੀ ਪਈ ਸੀ। ਇਸ ਗੱਲ ਤੋਂ ਅਣਜਾਣ ਕਿ ਉਸ ਦੀ ਮਾਂ ਉਸ ਦਾ ਨਾਂ ਆਪਣੇ ਲਈ ਇਕ ਪੁੱਤਰ ਪੈਦਾ ਕਰਨ ਦੀ ਮਨਸ਼ਾ ਨਾਲ ਬਦਲਣ ਦਾ ਤਹੱਈਆ ਕਰ ਬੈਠੀ ਸੀ।

## ਬਾਰ੍ਹਵਾਂ

ਸਾਢੇ ਚਾਰ ਸਾਲ ਦੀ ਦੀਪੀ ਲਈ ਦਾਦਾ ਦਾਦੀ ਸਕੂਲ ਵੇਖਣ ਲੱਗੇ। ਸਕੂਲ ਵੇਖਣ ਨਾਲੋਂ ਸਕੂਲ ਦੀ ਚੋਣ ਦਾ ਫੈਸਲਾ ਕਿਤੇ ਔਖਾ ਸੀ। ਉਹਨਾਂ ਦਾ ਆਪਣਾ ਸਕੂਲਾਂ ਬਾਰੇ ਕੋਈ ਤਜ਼ਰਬਾ ਨਾ ਹੋਣ ਕਰਕੇ ਅਤੇ ਨਾ ਹੀ ਪੜ੍ਹਾਈ ਸਬੰਧੀ ਗਿਆਨ ਹੋਣ ਕਰਕੇ ਉਹ

ਦੂਸਰਿਆਂ ਦੀਆਂ ਰਾਵਾਂ ‘ਤੇ ਬਹੁਤਾ ਨਿਰਭਰ ਕਰਦੇ ਸਨ। ਉਹਨਾਂ ਨੇ ਮੀਕੇ ਨੂੰ ਵੀ ਚਿੱਠੀ ਲਿਖ ਕੇ ਸਲਾਹ ਪੁੱਛੀ। ਦੂਰ ਬੈਠਾ ਮੀਕਾ ਭਲਾ ਕੀ ਰਾਇ ਦਿੰਦਾ! ਇਕ ਗੱਲ ਜ਼ਰੂਰ ਤਹਿ ਸੀ ਦੀਪੀ ਨੂੰ ਪਿੰਡ ਦੇ ਸਰਕਾਰੀ ਸਕੂਲ ਵਿਚ ਨਹੀਂ ਪਾਇਆ ਜਾਵੇਗਾ।

ਇਸ ਦੇ ਉਲਟ ਭੂੰਡੋ ਲਈ ਇਹ ਸੌਖਾ ਫੈਸਲਾ ਸੀ। ਉਸ ਨੂੰ ਪਤਾ ਸੀ ਜੇ ਕੌੜੀ ਨੇ ਸਕੂਲ ਜਾਣਾ ਹੋਇਆ ਤਾਂ ਉਹ ਸਿਰਫ਼ ਪਿੰਡ ਦੇ ਸਰਕਾਰੀ ਸਕੂਲ ਵਿਚ ਹੀ ਦਾਖਲ ਹੋ ਸਕੇਗੀ। ਪ੍ਰਾਈਵੇਟ ਸਕੂਲ ਦਾ ਉਹ ਨਾ ਤਾਂ ਖਰਚ ਭਰ ਸਕਦੀ ਸੀ ਅਤੇ ਨਾ ਹੀ ਕੌੜੀ ਲਈ ਕੋਈ ਵੱਡਾ ਸੁਪਨਾ ਦੇਖਣ ਦਾ ਹੱਕ ਰਖਦੀ ਸੀ। ਮੀਕੇ ਤੋਂ ਉਹ ਕੁਝ ਮਦਦ ਦੀ ਉਮੀਦ ਤਾਂ ਰੱਖਦੀ ਸੀ ਪ੍ਰਾਈਵੇਟ ਸਕੂਲ ਦੇ ਖਰਚਿਆਂ ਨੂੰ ਪੂਰਾ ਕਰਨ ਦੀ ਉਸ ਕੋਲੋਂ ਕੋਈ ਉਮੀਦ ਨਹੀ ਸੀ ਹੋ ਸਕਦੀ। ਵੈਸੇ ਵੀ ਜਿਸ ਚੰਗੇ ਸਕੂਲ ਵਿਚ ਦੀਪੀ ਨੇ ਪੜ੍ਹਾਈ ਕਰਨੀ ਸੀ ਉਸ ਵਿਚ ਕੌੜੀ ਨੂੰ ਕਿਵੇਂ ਥਾਂ ਮਿਲ ਸਕਦੀ ਸੀ!

ਸੀਤੋ ਦੀ ਚਿੱਠੀ ਤੋਂ ਉਹ ਹੋਰ ਵੀ ਹੈਰਾਨ ਸਨ। ਉਸ ਨੇ ਸਕੂਲ ਵਿਚ ਦੀਪੀ ਦਾ ਨਾਮ ਗੁਰਪ੍ਰੀਤ ਲਿਖਾਉਣ ਲਈ ਲਿਖਿਆ ਸੀ। ਚੰਗਾ ਭਲਾ ਨਾਂ ‘ਦੀਪੀ' ਬਦਲ ਕੇ ਗੁਰਪ੍ਰੀਤ ਨਾਂ ਲਿਖਉਣ ਦੀ ਗੱਲ ਉਹਨਾਂ ਨੂੰ ਸਮਝ ਨਾ ਆਈ। ਉਹਨਾਂ ਨੇ ਦੀਪੀ ਨੂੰ ਇਸੇ ਨਾਮ ਨਾਲ ਬਲਾਉਂਦੇ ਰਹਿਣ ਦਾ ਫੈਸਲਾ ਕੀਤਾ ਅਤੇ ਸੀਤੋ ਦੀ ਮਰਜ਼ੀ ਅਨੁਸਾਰ ਉਸ ਦਾ ਸਕੂਲ ਵਿਚ ਨਾਮ ਗੁਰਪ੍ਰੀਤ ਲਿਖਾਉਣ ਦਾ ਸੋਚ ਲਿਆ।

“ਮੈਥੋਂ ਤਾਂ ਨੀ ਐਡਾ ਵੱਡਾ ਨਾਂ ਲੈ ਹੁਣਾ। ਮੈਂ ਤਾਂ ਦੀਪੀ ਈ ਕਹੂੰ। ਸੀਤੋ ਨੂੰ ਪਤਾ ਨੀ ਕੀ ਫੁਰਨਾ ਫੁਰਿਆ ਕੁੜੀ ਦਾ ਚੰਗਾ ਭਲਾ ਨਾਂ ਬਦਲਣ ਦਾ।” ਦਾਦੇ ਨੇ ਆਪਣਾ ਫੈਸਲਾ ਸੁਣਾ ਦਿੱਤਾ। ਦਾਦੀ ਤਾਂ ਪਹਿਲਾਂ ਈ ਨਾਂ ਬਦਲਣ ਦੇ ਹੱਕ ਵਿਚ ਨਹੀਂ ਸੀ। ਵੈਸੇ ਵੀ ਦਾਦੀ ਨੂੰ ਸੀਤੋ ਮੀਕੇ ‘ਤੇ ਜ਼ਿਆਦਾ ਈ ਭਾਰੂ ਲਗਦੀ। ਇਸ ਕਰਕੇ ਅੰਦਰੇ ਅੰਦਰ ਉਹ ਸੀਤੋ ਨੂੰ ਈਰਖਾ ਵੀ ਕਰਦੀ ਸੀ। ਸੀਤੋ ਦੀ ਗੱਲ ਨਾ ਮੰਨ ਕੇ ਉਸ ਨੂੰ ਮਾੜੀ ਜਿਹੀ ਤਸੱਲੀ ਹੋਈ ਲਗਦੀ।

ਪਿੰਡ ਦੇ ਸਾਰੇ ਹੀ ਸਕੂਲਾਂ ਵਿਚ ਦਾਦਾ ਜਾ ਆਇਆ ਸੀ। ਉਹ ਜਿਸ ਸਕੂਲ ਵਿਚ ਵੀ ਜਾਂਦਾ ਉਹੋ ਹੀ ਉਸ ਨੂੰ ਚੰਗਾ ਲਗਦਾ। ਸਕੂਲਾਂ ਵਿਚ ਵੀ ਵਪਾਰੀਆਂ ਵਾਂਗ ਗਾਹਕ ਪਟਾਉਣ ਲਈ ਹਰ ਹੱਥ ਕੰਡੇ ਵਰਤੇ ਜਾਂਦੇ ਸਨ। ਗੱਲਾਂ ਬਾਤਾਂ ਨਾਲ ਉਹ ਗਾਹਕ ਨੂੰ ਆਪਣੇ ਸਕੂਲ ਨੂੰ ਸਭ ਤੋਂ ਚੰਗਾ ਹੋਣ ਦਾ ਭਰਮ ਪੈਦਾ ਕਰਦੇ। ਉਹ ਸਹੂਲਤਾਂ ਜਿਹੜੀਆਂ ਉਹ ਦਿੰਦੇ ਨਹੀਂ ਸਨ ਅਤੇ ਨਾ ਹੀ ਦੇ ਸਕਦੇ ਸਨ ਉਹਨਾਂ ਨੂੰ ਵੀ ਝੂਠ ਮੂਠ ਮਸ਼ਹੂਰੀ ਲਈ ਵਰਤਦੇ। ਦਾਦੇ ਵਰਗੇ ਸਿੱਧੇ ਸਾਦੇ ਬੰਦੇ ਉਹਨਾਂ ਦੇ ਇਸ ਸ਼ਬਦੀ ਜਾਲ ਵਿਚ ਫਾਹੇ ਜਾਂਦੇ।

ਘਰ ਦੇ ਨੇੜਲੇ ਸਕੂਲ ਦੀ ਇਕ ਮਾਸਟਰਨੀ ਇਕ ਦਿਨ ਦਾਦੀ ਕੋਲ ਆ ਬੈਠੀ। ਗੱਲਾਂ ਬਾਤਾਂ ਕਰਦੀ ਨੇ ਦੀਪੀ ਨਾਲ ਵਾਹਵਾ ਨੇੜਤਾ ਵੀ ਕਰ ਲਈ। ਦੀਪੀ ਆਮ ਬੱਚਿਆਂ ਵਰਗੀ ਸ਼ਰਮਾਕਲ ਜਾਂ ਡਰਾਕਲ ਨਹੀਂ ਸੀ। ਉਸ ਵਿਚ ਸੁਭਾਵਕ ਹੀ ਸਵੈ ਵਿਸ਼ਵਾਸ਼ ਦਾ ਵੱਡਾ ਭੰਡਾਰ ਸੀ। ਟੀਚਰ ਨਾਲ ਗੱਲਾਂ ਕਰਦਿਆਂ ਅਤੇ ਕੌੜੀ ਨਾਲ ਖੇਡਦਿਆਂ ਉਸ ਨੇ ਟੀਚਰ ਨਾਲ ਵੀ ਦੋਸਤੀ ਗੰਢ ਲਈ। ਸਕੂਲ ਦੇ ਮਾਲਕ ਅਤੇ ਹੈਡਮਾਸਟਰ ਨੇ ਪਹਿਲਾਂ ਹੀ ਉਸ ਨੂੰ ਏਸੇ ਕੰਮ ਲਈ ਭੇਜਿਆ ਸੀ। ਟੀਚਰ ਨੂੰ ਆਪਣੇ ਕੰਮ ਵਿਚ ਸਫ਼ਲਤਾ ਪ੍ਰਾਪਤ ਹੁੰਦੀ ਮਹਿਸੂਸ ਹੋਈ। ਉਸ ਲਈ ਮਾਲਕ ਹੈਡ ਦੀਆਂ ਨਜ਼ਰਾਂ ਵਿਚ ਉੱਚਾ ਉੱਠਣ ਦੀ ਲਾਲਸਾ ਹੋਰ ਵੀ ਚਮਕਣ ਲੱਗੀ।

ਇਕ ਦੋ ਦਿਨਾਂ ਵਿਚ ਉਸ ਟੀਚਰ ਨੇ ਦਾਦਾ ਦਾਦੀ ਨੂੰ ਮਨਾ ਕੇ ਦੀਪੀ ਨੂੰ ਆਪਣੇ ਸਕੂਲ ਵਿਚ ਦਾਖਲ ਕਰ ਲਿਆ। ਸਕੂਲ ਵਿਚ ਉਸ ਦਾ ਨਾਂ ਉਹਨਾਂ ਨੇ ਗੁਰਪ੍ਰੀਤ ਲਿਖਾ ਦਿੱਤਾ। ਸਕੂਲ ਵਿਚ ਉਸ ਨੂੰ ਸਾਰੇ ਗੁਰਪ੍ਰੀਤ ਕਹਿਣ ਲੱਗ। ਘਰ ਵਿਚ ਅਤੇ ਕੌੜੀ

ਲਈ ਉਹ ਅਜੇ ਵੀ ਦੀਪੀ ਹੀ ਸੀ।

ਗੁਰਪ੍ਰੀਤ ਦਾ ਸਕੂਲ ਇਕ ਵੱਡੇ ਘਰ ਵਿਚ ਬਣਾਇਆ ਗਿਆ ਸੀ। ਇਸ ਘਰ ਦੇ ਮਾਲਕਾਂ ਨੇ ਸਮੇਂ ਦੇ ਫੈਸ਼ਨ ਨੂੰ ਧਿਆਨ ਵਿਚ ਰੱਖਦਿਆਂ ਪਿੰਡ ਦੇ ਬਾਹਰ ਬਾਹਰ ਸੜਕ ਤੋਂ ਥੋੜਾ ਹਟਵਾਂ ਨਵੇਂ ਢੰਗ ਦਾ ਕੋਠੀ ਨੁਮਾ ਘਰ ਬਣਾ ਲਿਆ। ਪੁਰਾਣਾ ਘਰ ਉਹਨਾਂ ਨੂੰ ਜਲਦੀ ਵਿਕਣ ਦੀ ਆਸ ਨਹੀਂ ਸੀ। ਸੋ ਉਹਨਾਂ ਨੇ ਉਸ ਘਰ ਨੂੰ ਕਿਰਾਏ 'ਤੇ ਦੇਣ ਦਾ ਫੈਸਲਾ ਕੀਤਾ ਤਾਂ ਪਿੰਡ ਦਾ ਹੀ ਮੁੰਡਾ ਸ਼ਿੰਦਰ ਜਿਹੜਾ ਬੀ ਏ ਦੀ ਥਰਡ ਕਲਾਸ ਵਿਚ ਡਿਗਰੀ ਪੂਰੀ ਕਰਕੇ ਪਿਛਲੇ ਕਈ ਸਾਲਾਂ ਤੋਂ ਵਿਹਲਾ ਫਿਰਦਾ ਸੀ, ਉਸ ਨੇ ਘਰ ਕਿਰਾਏ 'ਤੇ ਲੈ ਲਿਆ ਅਤੇ ਉਸ ਦੇ ਬਾਹਰ 'ਦਸ਼ਮੇਸ਼ ਪਬਲਿਕ ਸਕੂਲ ਅੰਗਰੇਜ਼ੀ ਮਾਧਿਅਮ' ਦਾ ਫੱਟਾ ਲਗਾ ਦਿੱਤਾ।

ਉਸ ਨੂੰ ਐਨੀ ਜਲਦੀ ਸਫਲਤਾ ਦੀ ਆਸ ਨਹੀਂ ਸੀ। ਪਿੰਡ ਦੇ ਹੀ ਮੁੰਡੇ ਕੁੜੀਆਂ ਜਿਹਨਾਂ ਨੇ ਡਿਗਰੀ ਕਰਕੇ ਨੌਕਰੀ ਲੱਭਣ ਦੀ ਕੋਸ਼ਿਸ਼ ਤਾਂ ਕੀਤੀ ਪਰ ਨੌਕਰੀ ਮਿਲਣ ਦੀ ਆਸ ਤਕਰੀਬਨ ਖਤਮ ਹੋ ਗਈ ਸੀ। ਉਹਨਾਂ ਨੂੰ ਬਹੁਤ ਘੱਟ ਅਤੇ ਗੈਰ ਸਨਮਾਨਤ ਤਨਖਾਹ 'ਤੇ ਰੱਖ ਕੇ ਕੰਮ ਚਲਾ ਲਿਆ। ਇਹਨਾਂ ਲੋਕਾਂ ਨੂੰ ਨਾ ਤਾਂ ਪੜ੍ਹਾਉਣ ਦਾ ਤਜ਼ਰਬਾ ਸੀ ਅਤੇ ਨਾ ਹੀ ਇਹਨਾਂ ਨੇ ਕੋਈ ਟਰੇਨਿੰਗ ਕੀਤੀ ਹੁੰਦੀ। ਸ਼ਿੰਦਰ ਨੂੰ ਉਹਨਾਂ ਦੀ ਲੋੜ ਸੀ ਅਤੇ ਸ਼ਿੰਦਰ ਵਰਗੇ ਹੋਰ ਬਥੇਰੇ ਸਕੂਲਾਂ ਦੀ ਮਾਰਕਿਟ ਵਿਚ ਆ ਰਹੇ ਸਨ। ਇਹਨਾਂ ਨੌਜਵਾਨਾਂ ਨੂੰ ਨੌਕਰੀ ਦੀ ਲੋੜ ਸੀ। ਦੋਵੇਂ ਧਿਰਾਂ ਇਕ ਦੂਜੇ ਦੀ ਲੋੜ ਪੂਰੀ ਕਰਦੀਆਂ ਸਨ।

ਸਰਕਾਰੀ ਸਕੂਲਾਂ ਦੀ ਮਾੜੀ ਹਾਲਤ ਨੂੰ ਵੇਖਦਿਆਂ ਪਿੰਡਾਂ ਦੇ ਥੋੜੇ ਬਹੁਤ ਵੀ ਸਰਦੇ ਪੁਜਦੇ ਲੋਕਾਂ ਨੇ ਆਪਣੇ ਬੱਚਿਆਂ ਦੀ ਪੜ੍ਹਾਈ ਨਾਲ ਸਮਝੌਤਾ ਕਰਨ ਦੀ ਥਾਂ ਪ੍ਰਾਈਵੇਟ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਦਾਖਲ ਕਰਾਉਣਾ ਸ਼ੁਰੂ ਕਰ ਦਿੱਤਾ। ਪੰਜਾਬੀ ਸੁਭਾਅ ਅਨੁਸਾਰ ਦੇਖੋ ਦੇਖੀ ਅਤੇ ਰੀਸੋ ਰੀਸੀ ਇਹਨਾਂ ਸਕੂਲਾਂ ਵਿਚ ਰੌਣਕਾਂ ਹੋਣ ਲੱਗੀਆਂ।

ਸ਼ਿੰਦਰ ਨੇ ਸਾਲ ਦੇ ਅਖ਼ੀਰ ਤੱਕ ਉਸ ਘਰ ਦਾ ਸੌਦਾ ਕਰ ਲਿਆ। ਕਮਰਿਆਂ ਨੂੰ ਚਿੱਟੀ ਕਲੀ ਨਾਲ ਚੀਨੇ ਕਬੂਤਰ ਵਰਗਾ ਬਣਾ ਦਿੱਤਾ। ਵਰਾਂਡੇ ਦੇ ਇਕ ਪਾਸੇ ਕੰਧ ਕੱਢਕੇ ਉਸ ਵਿਚ ਆਪਣਾ ਦਫ਼ਤਰ ਬਣਾ ਲਿਆ। ਘਰ ਤੋਂ ਬਣੇ ਸਕੂਲ ਦੇ ਵਿਹੜੇ ਵਿਚ ਸਿਆਲਾਂ ਦੇ ਦਿਨਾਂ ਵਿਚ ਬਾਹਰ ਕਲਾਸਾਂ ਲਾਉਣੀਆਂ ਅਤੇ ਗਰਮੀਆਂ ਵਿਚ ਕਮਰਿਆਂ ਵਿਚ ਪੱਖੇ ਲਾ ਕੇ ਬੱਚਿਆਂ ਨੂੰ ਅੰਦਰ ਬਠਾਉਣਾ। ਬੱਚਿਆਂ ਦੇ ਖੇਡਣ ਲਈ ਕੋਈ ਗਰਾਊਂਡ ਤਾਂ ਹੈ ਹੀ ਨਹੀਂ ਸੀ। ਵੈਸੇ ਵੀ ਸ਼ਿੰਦਰ ਦਾ ਮੱਤ ਸੀ ਬੱਚੇ ਤਾਂ ਪੜ੍ਹਨ ਆਉਂਦੇ ਐ ਖੇਡਣ ਥੋੜੇ। ਇਸ ਤਰ੍ਹਾਂ ਕਹਿ ਕੇ ਉਸ ਨੂੰ ਗਰਾਉਂਡ ਨਾ ਹੋਣ ਦਾ ਜਵਾਬ ਟਾਲ ਮਟੋਲ ਵਿਚ ਦੇਣ ਦਾ ਬਹਾਨਾ ਮਿਲ ਜਾਂਦਾ। ਕਿਹੜਾ ਪਿੰਡ ਦੇ ਲੋਕਾਂ ਨੇ ਬੱਚਿਆਂ ਦੀ ਸਿਹਤ ਲਈ ਖੇਡਾਂ ਦਾ ਜ਼ਰੂਰੀ ਹੋਣ ਲਈ ਕੋਈ ਬਹਿਸ ਕਰਨੀ ਸੀ ਜਾਂ ਬੱਚਿਆਂ ਦੇ ਸੰਤੁਲਤ ਮਾਨਸਕ ਵਿਕਾਸ ਲਈ ਖੇਡਾਂ ਦੀ ਭੂਮਕਾ ਸਬੰਧੀ ਕਿਸੇ ਨੇ ਸਵਾਲ ਕਰਨਾ ਸੀ!

ਸਰਕਾਰੀ ਸਕੂਲਾਂ ਵਿਚ ਪੜ੍ਹੇ ਬਹੁਤੇ ਬੱਚੇ ਲੋਕਾਂ ਆਪਣੀ ਕਾਲਜ ਦੀ ਪੜ੍ਹਾਈ ਪੂਰੀ ਕਰਨ ਤੋਂ ਅਸਮਰੱਥ ਰਹੇ ਸਨ। ਉਹਨਾਂ ਦੇ ਚੇਤਿਆਂ ਵਿਚ ਅੰਗਰੇਜ਼ੀ ਦਾ ਹਊਆ ਅਜੇ ਵੀ ਬੈਠਾ ਹੋਇਆ ਸੀ। ਉਹ ਹਰ ਹਾਲਤ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਈ ਵਿਚ ਸਫ਼ਲ ਵੇਖਣਾ ਚਾਹੁੰਦੇ ਸਨ। ਪੰਜਾਬੀ ਦੀ ਉਹਨਾਂ ਦੇ ਦਿਲਾਂ ਵਿਚ ਕੋਈ ਬਹੁਤੀ ਬੁੱਕਤ ਨਹੀਂ ਸੀ। ਉਹ ਸਮਝਦੇ ਸਨ ਪੰਜਾਬੀ ਤਾਂ ਬੱਚਿਆਂ ਦੀ ਮਾਂ ਬੋਲੀ ਹੋਣ ਕਰਕੇ ਉਹਨਾਂ ਜਾਣਦੇ ਸਨ। ਅੰਗਰੇਜ਼ੀ ਬਿਨਾਂ ਨੌਕਰੀ ਮਿਲਣ ਦੀ ਉਮੀਦ ਨਾ ਹੋਣ ਕਰਕੇ ਅੰਗਰੇਜ਼ੀ 'ਤੇ ਬਹੁਤਾ ਜ਼ੋਰ ਦਿੰਦੇ। ਸੋ ਸ਼ਿੰਦਰ ਵਰਗਿਆਂ ਨੇ ਇਸ ਹਾਲਾਤ ਦਾ ਫਾਇਦਾ ਉਠਾਇਆ ਅਤੇ ਪੜ੍ਹਈ ਨੂੰ ਵਪਾਰ ਬਣਾ ਕੇ ਆਰਥਕ ਪੱਖੋਂ ਸਫਲ ਹੋਏ।

ਗੁਰਪ੍ਰੀਤ ਨੂੰ ਸ਼ਿੰਦਰ ਦੇ ਸਕੂਲ ਵਿਚ ਦਾਖਲ ਕਰਵਾ ਕੇ ਦਾਦਾ ਦਾਦੀ ਪੂਰੇ ਖੁਸ਼ ਸਨ। ਗੁਰਪ੍ਰੀਤ ਨੂੰ ਪੜ੍ਹਨ ਦੇ ਨਾਲ ਨਾਲ ਬੱਚਿਆਂ ਵਿਚ ਘੁਲਣ ਮਿਲਣ ਦਾ ਮੌਕਾ ਮਿਲਿਆ।

ਗੁਰਪ੍ਰੀਤ ਦੇ ਸਕੂਲ ਜਾਣ ਨਾਲ ਭੂੰਡੋ ਨੇ ਵੀ ਕੌੜੀ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਜਕਦਿਆਂ ਜਕਦਿਆਂ ਉਸ ਨੇ ਇਕ ਦਿਨ ਆਪਣੀ ਰਾਇ ਮਾਲਕਣ ਨਾਲ ਸਾਂਝੀ ਕੀਤੀ।

"ਚਾਚੀ ਮੀਕਾ ਕਹਿੰਦਾ ਸੀ ਕੌੜੀ ਦੀ ਪੜ੍ਹਾਈ ਵਿਚ ਉਹ ਕੁਸ ਮਦਦ ਕਰੂ। ਜੇ ਤੂੰ ਕਹੇਂ ਤਾਂ ਮੈਂ ਉਹ ਨੂੰ ਵੱਡੇ ਸਕੂਲ ਪੜ੍ਹਨ ਲਾ ਦਿਆਂ।!" ਇਕ ਦਿਨ ਉਸ ਨੇ ਹੌਸਲਾ ਕਰ ਕੇ ਕਹਿ ਹੀ ਦਿੱਤਾ।

"ਲਾ ਦੇ। ਫੀਸ ਇਹਦੀ ਅਸੀਂ ਦੇ ਦਿਆ ਕਰਾਂਗੇ। ਲੀੜੇ ਕੱਪੜੇ ਦੀਪੀ ਦੇ ਇਹਨੂੰ ਦੇ ਦਿਆ ਕਰਾਂਗੇ। ਉਹ ਜਾਣੇ ਕੋਈ ਫ਼ਰਕ ਨੀ ਪੈਂਦਾ ਜੇ ਇਹਦੀ ਜੂਨ ਸੁਧਰ ਜੇ ਭਾਈ।" ਚਾਚੀ ਨੇ ਵਜਾ ਨਾਲ ਅਹਿਸਾਨ ਵੀ ਕਰ ਦਿੱਤਾ ਅਤੇ ਦੀਪੀ ਦੇ ਪੁਰਾਣੇ ਕੱਪੜੇ ਦੇਣ ਦਾ ਵਾਇਦਾ ਕਰ ਕੇ ਆਪਣੇ ਆਪ ਨੂੰ ਦਾਨੀ ਵੀ ਬਣਾ ਲਿਆ। ਭੂੰਡੋ ਲਈ ਤਾਂ ਇਹ ਕਿਸੇ ਵੱਡੇ ਸੁਪਨੇ ਦੇ ਪੂਰਾ ਹੋਣ ਤੋਂ ਘੱਟ ਨਹੀਂ ਸੀ। ਉਹ ਕੌੜੀ ਦਾ ਪੜ੍ਹਿਆ ਲਿਖਿਆ ਭਵਿੱਖ ਤਸੱਵਰ ਕਰਨ ਲੱਗੀ।

ਦੂਸਰੇ ਦਿਨ ਉਸ ਨੇ ਕੌੜੀ ਨੂੰ ਨਹਾ ਧੁਆ ਕੇ ਤਿਆਰ ਕਰਕੇ ਸਕੂਲ ਦਾਖ਼ਲ ਕਰਾਉਣ ਲਈ ਉਹ ਆਪਣੇ ਪਿਉ ਕੋਲ ਚਲੀ ਗਈ ਅਤੇ ਉਸ ਨੂੰ ਸਕੂਲ ਜਾ ਕੇ ਕੌੜੀ ਨੂੰ ਦਾਖਲ ਕਰਾਉਣ ਲਈ ਕਿਹਾ।

"ਤੂੰ ਛੱਡ ਪਰ੍ਹੇ। ਸਾਡੇ ਗਰੀਬਾਂ ਕੋਲੋਂ ਨਾ ਤਾਂ ਜੁਆਕ ਪੜ੍ਹਾਏ ਜਾਣ ਤੇ ਨਾ ਈ ਸਾਡੇ ਜੁਆਕ ਪੜ੍ਹਨ। ਇਹਨੂੰ ਘਰ ਦਾ ਕੰਮ ਸਖਾ ਜਿਹੜਾ ਏਹਦੇ ਕਿਸੇ ਕੰਮ ਵੀ ਆਵੇ।"

"ਨਈਂ ਬਾਪੂ ਤੂੰ ਇਹਨੂੰ ਸਕੂਲ ਦਾਖਲ ਕਰਾ ਦੇ। ਚੱਲ ਹੋਰ ਨੀ ਤਾਂ ਚਾਰ ਅੱਖਰਾਂ ਦੀ ਸਿਆਣੂੰ ਤਾਂ ਹੋਊ। ਹੁਣ ਤਾਂ ਜਮਾਨਾ ਵੀ ਪੜ੍ਹਿਆ ਲਿਖਿਆਂ ਦਾ। ਨਾਲੇ ਚਾਚੀ ਕਹਿੰਦੀ ਸੀ ਫੀਸ ਤੇ ਲੀੜਾ ਕੱਪੜਾ ਉਹ ਦੇ ਦਿਆ ਕਰਨਗੇ।" ਕਿਸ਼ਨੇ ਨੇ ਬਹੁਤੀ ਬਹਿਸ ਕਰਨੀ ਠੀਕ ਨਾ ਸਮਝੀ ਅਤੇ ਕੌੜੀ ਨੂੰ ਸਕੂਲ ਦਾਖਲ ਕਰਵਾਉਣ ਚਲਿਆ ਗਿਆ।

ਇਹ ਸਕੂਲ ਪਹਿਲਾਂ ਮਿਡਲ ਸਕੂਲ ਹੁੰਦਾ ਸੀ। ਬਹੁਤ ਸਾਲ ਇਹ ਮਿਡਲ ਸਕੂਲ ਹੀ ਰਿਹਾ। ਫਿਰ ਪਿੰਡ ਦਾ ਇਕ ਅਗਾਂਹਵਧੂ ਸਰਪੰਚ ਬਣਿਆ ਅਤੇ ਉਸ ਨੇ ਪਿੰਡ ਦੇ ਵਿਕਾਸ ਲਈ ਰੱਜ ਕੇ ਮਿਹਨਤ ਕੀਤੀ। ਪਿੰਡ ਵਿਚ ਸਰਕਰੀ ਹਸਪਤਾਲ, ਵਾਟਰ ਵਰਕਸ, ਵੱਡਾ ਡਾਕਖਾਨਾ, ਪਸ਼ੂਆਂ ਦਾ ਹਸਪਤਾਲ ਵਰਗੀਆਂ ਸਹੂਲਤਾਂ ਪਿੰਡ ਵਿਚ ਲਿਆਂਦੀਆਂ ਅਤੇ ਨਾਲ ਹੀ ਭੱਜ ਨੱਠ ਕਰਕੇ ਮਿਡਲ ਸਕੂਲ ਨੂੰ ਹਾਈ ਸਕੂਲ ਬਣਾ ਦਿੱਤਾ। ਨੇੜੇ ਤੇੜੇ ਦੇ ਪਿੰਡਾਂ ਵਿਚੋਂ ਵੀ ਬੱਚੇ ਪੜ੍ਹਨ ਲਈ ਆਉਣ ਲੱਗੇ।

ਫਿਰ ਇਹ ਸਕੂਲ 10+2 ਬਣ ਗਿਆ ਅਤੇ ਬੱਚਿਆਂ ਦੀ ਗਿਣਤੀ ਹੋਰ ਵੀ ਵੱਧ ਗਈ ਪਰ ਟੀਚਰਾਂ ਦੀ ਗਿਣਤੀ ਘੱਟ ਗਈ। ਕੁਝ ਜਮਾਤਾਂ ਤਾਂ ਦੋ ਦੋ ਇਕੱਠੀਆਂ ਕਰ ਕੇ ਇਕ ਟੀਚਰ ਨੂੰ ਸੌਂਪ ਦਿਤੀਆਂ ਜਾਂਦੀਆਂ। ਵੱਡੇ ਸਕੂਲ ਦੇ ਨਾਲ ਲਗਦੇ ਪ੍ਰਾਇਮਰੀ ਸਕੂਲ ਵਿਚ ਕੌੜੀ ਪੜ੍ਹਨ ਲਈ ਦਾਖਲ ਹੋਈ ਅਤੇ ਉਸ ਨੂੰ ਇਹ ਸਭ ਕੁਝ ਅਜੀਬ ਜਿਹਾ ਮਹਿਸੂਸ ਹੁੰਦਾ।

ਕਿਸ਼ਨੇ ਤੋਂ ਜਦ ਟੀਚਰ ਨੇ ਉਸ ਦਾ ਨਾਂ ਪੁੱਛਿਆ ਤਾਂ ਉਹ ਕੌੜੀ ਵੱਲ ਵੇਖਣ ਲੱਗਾ ਜਿਵੇਂ ਉਸ ਦਾ ਨਾਂ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਇਹਦਾ ਨਾਂ ਜੀ ਕੌੜੀ ਐ।" ਕਿਸ਼ਨੇ ਨੇ ਹੌਲੀ ਜਿਹੇ ਕਿਹਾ ਜਿਵੇਂ ਉਹ ਕਿਸੇ ਗੱਲੋਂ ਕੌੜੀ ਦੇ ਨਾਂ ਸਬੰਧੀ ਬੇਯਕੀਨੀ ਮਹਿਸੂਸ ਕਰ ਰਿਹਾ ਹੋਵੇ।

"ਕੌੜੀ--! ਇਹ ਵੀ ਕੋਈ ਨਾਂ ਹੋਇਆ। ਇਹਦਾ ਪੱਕਾ ਨਾਂ ਦੱਸ।" ਟੀਚਰ ਨੇ ਕੌੜੀ ਵੱਲ ਕੌੜ ਜਿਹੀ ਨਾਲ ਵੇਖਦਿਆਂ ਪੁੱਛਿਆ।

"ਅਸੀਂ ਤਾਂ ਜੀ ਇਹੋ ਨਾਂ ਈ ਲੈਨੇ ਐਂ।" ਕਿਸ਼ਨਾ ਠਠੰਬਰਿਆ ਜਿਹਾ ਖੜ੍ਹਾ ਸੀ।

"ਐਂ ਕਰਦੇ ਆਂ ਆਪਾਂ ਇਹਦਾ ਨਾਂ ਕਰਨੈਲ ਰੱਖ ਦਿਨੇ ਆਂ। ਕਿਉਂ ਠੀਕ ਐ ਨਾ!" ਮਾਸਟਰ ਜੀ ਨੇ ਜਿਵੇਂ ਨਾਂ ਲੱਭਣ ਦਾ ਅਹਿਸਾਨ ਕੀਤਾ ਹੋਵੇ।

"ਠੀਕ ਆ ਜੀ ਜਿਵੇਂ ਤੁਸੀਂ ਠੀਕ ਸਮਝੋ।" ਕਿਸ਼ਨੇ ਨੇ ਮਸਾਂ ਸੁਖ ਦਾ ਸਾਹ ਲਿਆ ਅਤੇ ਕੌੜੀ ਕਰਨੈਲ ਬਣ ਗਈ।

ਸਕੂਲ ਵਿਚ ਕੌੜੀ ਨੂੰ ਤੱਪੜਾਂ 'ਤੇ ਬੈਠਣਾ ਪੈਂਦਾ ਉਹ ਵੀ ਕਦੇ ਕਦੇ ਨਸੀਬ ਨਾ ਹੁੰਦੇ। ਬਹੁਤ ਵੇਰ ਤਾਂ ਨੰਗੀ ਫਰਸ਼ 'ਤੇ ਜਾਂ ਫਿਰ ਬਾਹਰ ਮਿੱਟੀ ਭਰੇ ਗਰਾਊਂਡ ਵਿਚ ਬੈਠਣਾ ਪੈਂਦਾ। ਤੱਪੜਾਂ ਦਾ ਇਹ ਹਾਲ ਸੀ ਜਿਹੜੀ ਜਮਾਤ ਪਹਿਲਾਂ ਲੈ ਗਈ ਉਹ ਹੀ ਉਸ ਦਿਨ ਵਾਸਤੇ ਵਰਤਦੀ। ਤੱਪੜ ਘੱਟ ਅਤੇ ਬੱਚੇ ਜ਼ਿਆਦਾ ਹੋਣ ਕਰਕੇ ਇਹ ਹਰ ਰੋਜ਼ ਦੀ ਸਮੱਸਿਆ ਬਣ ਗਈ। ਟੀਚਰਾਂ ਦਾ ਸਰਕਾਰ ਤੋਂ ਵਿਸ਼ਵਾਸ਼ ਉੱਠ ਗਿਆ ਸੀ। ਉਹ ਸਮਝਦੇ ਸਨ ਜਿਹੜੀ ਸਰਕਾਰ ਅਧਿਆਪਕ ਪੂਰੇ ਨਹੀਂ ਕਰ ਸਕਦੀ ਉਸ ਤੋਂ ਹੋਰ ਕੋਈ ਉਮੀਦ ਰੱਖਣਾ ਫਜ਼ੂਲ ਸੀ।

ਅਧਿਆਪਕਾਂ ਨੇ ਪੰਚਇਤ ਨੂੰ ਤੱਪੜਾਂ ਦੀ ਬੇਨਤੀ ਕੀਤੀ ਅਤੇ ਬਦਮਾਸ਼ ਕਿਸਮ ਦੇ ਸਰਪੰਚ ਨੇ ਲਾਰਿਆਂ ਵਿਚ ਹੀ ਸਾਲ ਲੰਘਾ ਦਿੱਤਾ। ਹੁਣ ਮਾਸਟਰ ਉਸ ਨੂੰ ਕੋਈ ਵੀ ਬੇਨਤੀ ਕਰਨ ਤੋਂ ਕੰਨੀ ਕਤਰਾਉਂਦੇ। ਸਕੂਲ ਵਿਚ ਬੈਠੇ ਅਧਿਆਪਕ ਜ਼ਰੂਰ ਸਰਪੰਚ ਦੀ ਪਿੱਠ ਪਿੱਛੇ ਉਸ ਦੀਆਂ ਗੱਲਾਂ ਕਰਦੇ। ਉਸ ਦੇ ਮੂੰਹ 'ਤੇ ਕਿਸੇ ਵਿਚ ਵੀ ਉਸ ਨੂੰ ਸੱਚ ਕਹਿਣ ਦੀ ਜ਼ੁਰਅੱਤ ਨਹੀਂ ਸੀ। ਬੱਚੇ ਵੀ ਅਤੇ ਅਧਿਆਪਕ ਵੀ ਸਭ ਇਸ ਮਹੌਲ ਵਿਚ ਜਿਵੇਂ ਖੁਸ਼ ਰਹਿਣਾ ਸਿੱਖ ਗਏ ਹੋਣ। ਸਿਵਾਏ ਸਮਾਂ ਕੱਟਣ ਦੇ ਉਹਨਾਂ ਨੂੰ ਹੋਰ ਕਿਸੇ ਗੱਲ ਨਾਲ ਲਗਾ ਨਹੀਂ ਲਗਦਾ ਸੀ।

ਟੀਚਰ ਘੱਟ ਹੋਣ ਕਰਕੇ ਬੱਸ ਬੱਚਿਆਂ ਦੀ ਹਾਜ਼ਰੀ ਲਾ ਦਿੰਦੇ ਅਤੇ ਮਾੜਾ ਮੋਟਾ ਪੜ੍ਹਾ ਦਿੰਦੇ। ਅਧਿਆਪਕਾਂ ਵਿਚ ਪੜ੍ਹਾਉਣ ਅਤੇ ਬੱਚਿਆਂ ਵਿਚ ਪੜ੍ਹਨ ਦੀ ਚੱਸ ਖਤਮ ਵਰਗੀ ਸੀ। ਅਧਿਆਪਕ ਬੈਠੇ ਗੱਲਾਂ ਮਾਰਦੇ ਰਹਿੰਦੇ ਅਤੇ ਕਦੇ ਕਦੇ ਬੱਚਿਆਂ ਨੂੰ ਰੌਲਾ ਨਾ ਪਾਉਣ ਲਈ ਹੁਕਮ ਕਰ ਦਿੰਦੇ। ਬੱਚੇ ਪੜ੍ਹਨ ਦੀ ਥਾਂ ਇਕ ਦੂਜੇ ਨਾਲ ਗੱਲਾਂ ਕਰਦੇ ਰਹਿੰਦੇ। ਸ਼ਾਮ ਨੂੰ ਇਕ ਦਿਨ ਹੋਰ ਖਤਮ ਕਰਕੇ ਸਭ ਘਰੋ ਘਰੀ ਚਲੇ ਜਾਂਦੇ।

ਭੂੰਡੋ ਖੁਸ਼ ਸੀ ਕਿ ਉਸ ਦੀ ਧੀ ਸਕੂਲ ਜਾਣ ਲੱਗੀ ਸੀ। ਉਹ ਉਸ ਬਾਰੇ ਸੁਪਨੇ ਲੈਂਦੀ। ਵੱਧ ਤੋਂ ਵੱਧ ਉਹ ਉਸ ਨੂੰ ਟੀਚਰ ਲੱਗੀ ਵੇਖ ਸਕਦੀ। ਉਸ ਤੋਂ ਅੱਗੇ ਉਸ ਨੂੰ ਕਿਸੇ ਨੌਕਰੀ ਦਾ ਕੋਈ ਪਤਾ ਹੀ ਨਹੀਂ ਸੀ। ਕਲਰਕ ਜਾਂ ਮਾਸਟਰਨੀ ਹੀ ਦੋ ਨੌਕਰੀਆਂ ਸਨ ਜਿਹਨਾਂ ਬਾਰੇ ਉਸ ਨੇ ਵਾਰ ਵਾਰ ਸੁਣਿਆ ਸੀ ਅਤੇ ਬਹੁਤ ਸਾਰੀਆਂ ਕੁੜੀਆਂ ਇਹਨਾਂ ਨੌਕਰੀਆਂ 'ਤੇ ਲੱਗੀਆਂ ਹੋਈਆਂ ਸਨ। ਭੂੰਡੋ ਲਈ ਇਹੋ ਬਹੁਤ ਸੀ।

ਕੌੜੀ ਲਈ ਦੀਪੀ ਦੀ ਬਹੁਤ ਮਦਦ ਸੀ। ਦੀਪੀ ਕੁਦਰਤੀ ਹਰ ਕੰਮ ਵਿਚ ਹੀ ਨਿਪੁੰਨ ਸੀ। ਉਹ ਜੋ ਇਕ ਵਾਰ ਧਿਆਨ ਨਾਲ

ਸੁਣ ਲੈਂਦੀ ਉਹ ਬੱਸ ਉਸ ਦੀਆਂ ਯਾਦਾਂ ਵਿਚ ਉੱਕਰਿਆ ਜਾਂਦਾ। ਆਪਣੀ ਕਲਾਸ ਵਿਚ ਸਭ ਤੋਂ ਹੁਸ਼ਿਆਰ, ਚੁਸਤ ਫੁਰਤ ਵਾਲੀ ਦੀਪੀ ਨੂੰ ਹਰ ਕੋਈ ਪਸੰਦ ਕਰਦਾ। ਉਹ ਹਰ ਰੋਜ਼ ਕੁਝ ਨਾ ਕੁਝ ਨਵਾਂ ਸਿੱਖਣ ਲਈ ਤੱਤਪਰ ਰਹਿੰਦੀ। ਘਰ ਆ ਕੇ ਜਿਥੇ ਆਪਣੇ ਦਾਦਾ ਦਾਦੀ ਨਾਲ ਸਕੂਲ ਦੀ ਪੜ੍ਹਾਈ ਅਤੇ ਹੋਰ ਗੱਲਾਂ ਸਾਂਝੀਆਂ ਕਰਦੀ ਉਥੇ ਖੇਡਦੇ ਵਕਤ ਕੌੜੀ ਅਤੇ ਭੂੰਡੋ ਨਾਲ ਵੀ ਸਕੂਲ ਦੀਆਂ ਗੱਲਾਂ ਦੀ ਸਾਂਝ ਬਣਾ ਲੈਂਦੀ। ਉਹ ਆਪਣੇ ਆਪਣੇ ਸਕੂਲ, ਟੀਚਰਾਂ ਅਤੇ ਆਪਣੇ ਨਾਲ ਪੜ੍ਹਦੇ ਬੱਚਿਆਂ ਬਾਰੇ ਗੱਲਾਂ ਕਰਦੀਆਂ ਇਕ ਦੂਜੀ ਨੂੰ ਬਹੁਤ ਕੁਝ ਦੱਸ ਪੁੱਛ ਲੈਂਦੀਆਂ।

ਕੌੜੀ ਪੜ੍ਹਾਈ ਵਿਚ ਬਹੁਤੀ ਚੰਗੀ ਨਹੀਂ ਸੀ। ਸਕੂਲ ਦਾ ਮਹੌਲ ਹੀ ਅਜਿਹਾ ਸੀ। ਦੀਪੀ ਉਸ ਨੂੰ ਪੜ੍ਹਾਈ ਵਿਚ ਮਦਦ ਕਰਦੀ। ਬੱਸ ਦੀਪੀ ਘਰ ਵਿਚ ਉਸ ਦੀ ਉਸਤਾਨੀ ਬਣ ਗਈ ਜਿਸ ਦਾ ਦੋਵਾਂ ਨੂੰ ਫਾਇਦਾ ਹੋਇਆ। ਕੌੜੀ ਸਕੂਲ ਦੇ ਬਾਕੀ ਬੱਚਿਆਂ ਨਾਲੋਂ ਦਿਨੋ ਦਿਨ ਚੰਗੀ ਹੁੰਦੀ ਗਈ ਅਤੇ ਦੀਪੀ ਕੌੜੀ ਨੂੰ ਦਸਦੀ ਦਸਦੀ ਸਭ ਕੁਝ ਯਾਦ ਕਰ ਲੈਂਦੀ। ਦੀਪੀ ਦੀ ਹੁਸ਼ਿਆਰੀ ਨੂੰ ਵੇਖਦਿਆਂ ਹੈਡਮਾਸਟਰ ਨੇ ਉਸ ਨੂੰ ਅਗਲੀ ਜਮਾਤ ਵਿਚ ਕਰ ਦਿਤਾ। ਇਹ ਦਾਦਾ ਅਤੇ ਦਾਦੀ ਲਈ ਬਹੁਤ ਖੁਸ਼ੀ ਦੀ ਖਬਰ ਬਣ ਗਈ ਜਿਵੇਂ ਦੀਪੀ ਨੇ ਕੋਈ ਵੱਡੀ ਮੱਲ ਮਾਰ ਲਈ ਹੋਵੇ। ਹੁਣ ਔਖਾ ਸੌਖਾ ਘਰ ਵਾਲੇ ਫੋਨ ਤੋਂ ਹੀ ਉਹ ਮੀਕੇ ਹੋਰਾਂ ਨਾਲ ਗੱਲ ਕਰ ਲੈਂਦੇ ਅਤੇ ਕਦੇ ਕਦੇ ਮੀਕਾ ਵੀ ਫੋਨ ਕਰ ਲੈਂਦਾ। ਇਹ ਖੁਸ਼ਖਬਰੀ ਉਹਨਾਂ ਨੇ ਮੀਕੇ ਨੂੰ ਫੌਰਨ ਦੇ ਦਿੱਤੀ। ਸੁਣ ਕੇ ਮੀਕਾ ਅਤੇ ਸੀਤੋ ਖੁਸ਼ ਹੋਣੋ ਨਾ ਰਹਿ ਸਕੇ। ਮੀਕਾ, ਦੀਪੀ ਨੂੰ ਜਿਹੜੀ ਹੁਣ ਉਹਨਾਂ ਦੇ ਘਰ ਵਿਚ ਗੁਰਪ੍ਰੀਤ ਬਣ ਗਈ ਸੀ , ਉਸ ਨੂੰ ਵਾਪਿਸ ਲਿਆਉਣ ਲਈ ਸੋਚਦਾ ਉਦਾਸ ਹੋ ਜਾਂਦਾ। ਇਕੱਲੇ ਮੀਕੇ ਦੀ ਤਨਖਾਹ ਨਾਲ ਮਸਾਂ ਘਰ ਦਾ ਗੁਜ਼ਾਰਾ ਹੁੰਦਾ ਅਤੇ ਬੈਂਕ ਦਾ ਖਾਲੀ ਖਾਤਾ ਉਸ ਦਾ ਮੂੰਹ ਚੜਾਉਂਦਾ ਰਹਿੰਦਾ।

## ਤੇਰ੍ਹਵਾਂ

ਸੀਤੋ ਨੇ ਦੀਪੀ ਦਾ ਨਾਂ ਬਦਲ ਕੇ ਇਕ ਮੱਲ ਤਾਂ ਮਾਰ ਲਈ । ਇੰਡੀਆਂ ਤੋਂ ਪੰਡਤ ਦੀਆਂ ਚੀਜ਼ਾਂ ਮੰਗਵਾਉਣ ਲਈ ਉਸ ਨੂੰ ਮੀਕੇ ਦੀ ਸਹਿਮਤੀ ਅਤੇ ਮਦਦ ਦੀ ਲੋੜ ਸੀ ਜੋ ਉਸ ਨੂੰ ਮਿਲਣ ਦੀ ਆਸ ਨਹੀਂ ਸੀ। ਉਸ ਨੇ ਮੀਕੇ ਨੂੰ ਮਨਾਉਣ ਲਈ ਬਥੇਰੇ ਢੰਗ ਤਰੀਕੇ ਸੋਚੇ ਪਰ ਉਹ ਕਿਸੇ ਫੈਸਲੇ ‘ਤੇ ਨਾ ਪਹੁੰਚ ਸਕੀ। ਕੋਈ ਢੰਗ ਉਸ ਨੂੰ ਢੁੱਕਵਾਂ ਨਾ ਲੱਭਿਆ। ਜਦ ਉਹ ਮਾੜਾ ਜਿਹਾ ਤਰਕ ਨਾਲ ਸੋਚਦੀ ਤਾਂ ਉਸ ਨੂੰ ਪੰਡਤ ਦੀ ਦੁਆਈ ਬਨਾਉਣ ਵਾਲੀ ਗੱਲ ਬਹੁਤੀ ਨਾ ਜਚਦੀ। ਉਸ ਨੇ ਅਮਰੋ ਨੂੰ ਫੋਨ ਕਰਕੇ ਆਪਣੀ ਦੁਬਿਧਾ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ।

“ਅਮਰੋ ਮੈਨੂੰ ਆਹ ਗੰਗਾਂ ਦੇ ਪਾਣੀ ਵਾਲੀ ਗੱਲ ਨੀ ਕੁਸ ਠੀਕ ਲਗਦੀ।”

“ਤੂੰ ਵੀ ਬੱਸ ਨਾ-ਕਿਉਂ ਭਲਾ!”

“ਇੰਡੀਆ ‘ਚ ਤਾਂ ਦੁਕਾਨਾਂ ਤੋਂ ਦੁਆਈਆਂ ਨੀ ਸਹੀ ਮਿਲਦੀਆਂ ਗੰਗਾ  ਜਲ ਕਿਥੋਂ ਮਿਲ ਜੂ ਤੇ ਪੰਡਤ ਜੀ ਕਹਿੰਦੇ ਗੰਗਾ ਜਲ ਦੁਕਾਨ ਤੋਂ ਲੈ ਲਿਉ।

"ਤੇਰੀ ਗੱਲ ਤਾਂ ਠੀਕ ਆ। ਫੇਰ ਆਪਾਂ ਨੂੰ ਕੀ! ਜਿਹੜਾ ਧਰਮ ਕਰਮ ਦੇ ਕੰਮ ‘ਚ ਵੀ ਚੋਰੀ ਕਰੂ ਉਹਨੂੰ ਈ ਪਾਪ ਲੱਗੂ। ਤੂੰ ਸਹੀ ਨੀਤ ਨਾਲ ਲੈ ਆ।”

“ਅਮਰੋ ਪਾਣੀ ਤਾਂ ਪਾਣੀ ਆ। ਚਾਹੇ ਗੰਗਾ ਦਾ ਹੋਵੇ ਜਾਂ ਸਤਲੁਜ ਦਾ। ਆਪਣੇ ਪਿੰਡਾਂ ‘ਚ ਸਿੱਖਾਂ ਦੇ ਘਰ ਤਾਂ ਕਦੇ ਕਿਸੇ ਨੇ ਗੰਗਾ ਦਾ ਪਾਣੀ ਨੀ ਵਰਤਿਆ। ਨਾਲੇ ਕਹਿੰਦੇ ਗੰਗਾ ਦਾ ਪਾਣੀ ਤਾਂ ਅੱਜ ਕੱਲ੍ਹ ਬਹੁਤ ਈ ਗੰਦਾ ਹੋਇਆ ਵਾ। ਥੋੜ੍ਹੇ ਦਿਨ ਪਹਿਲਾਂ ਈ ਇਹਨਾਂ ਨੇ ਅਖਬਾਰ ‘ਚ ਪੜ੍ਹਿਆ।”

“ਤੂੰ ਬਹੁਤੀਆਂ ਦਲੀਲਾਂ ‘ਚ ਨਾ ਪੈ। ਆਪਾਂ ਪੰਡਤ ਜੀ ਨੂੰ ਕਹਿ ਦਿਆਂਗੇ ਬਈ ਪਾਣੀ ਵਰਤਣ ਤੋਂ ਪਹਿਲਾਂ ਪਾਣੀ ਨੂੰ ਧੋ ਲੈਣ।” ਅਮਰੋ ਅਤੇ ਸੀਤੋ ਦੋਵੇਂ ਹੀ ਹੱਸ ਪਈਆਂ ਅਤੇ ਸੀਤੋ ਨੇ ਐਧਰ ਉਧਰ ਦੀਆਂ ਗੱਲਾਂ ਕਰਕੇ ਫੋਨ ਬੰਦ ਕਰ ਦਿੱਤਾ।

ਸੀਤੋ ਦੇ ਮਨ ਵਿਚ ਆਇਆ ਮੀਕੇ ਨੂੰ ਦੱਸੇ ਬਿਨਾਂ ਸਾਰਾ ਕੁਝ ਕਰ ਲਵੇ। ਸ਼ਾਇਦ ਰੱਬ ਸੁਣ ਈ ਲਵੇ! ਕੀ ਪਤਾ ਪੰਡਤ ਦੀ ਦਵਾਈ ਕੰਮ ਕਰ ਈ ਜਾਵੇ! ਉਸ ਨੂੰ ਸਾਧ ਤੋਂ ਲਈ ਦਵਾਈ ਦਾ ਤਜ਼ਰਬਾ ਯਾਦ ਆਇਆ ਅਤੇ ਉਸ ਦੇ ਮਨ ਵਿਚ ਸ਼ੱਕ ਨੇ ਫਿਰ ਸਿਰ ਚੁੱਕ ਲਿਆ। ਵੈਸੇ ਵੀ ਸੀਤੋ ਨੂੰ ਮੀਕੇ ਤੋਂ ਲੁਕਾ ਰੱਖਣਾ ਚੰਗਾ ਨਾ ਲੱਗਿਆ।

'ਜਿਹੜਾ ਬੰਦਾ ਸਭ ਕੁਝ ਮੰਨ ਲੈਂਦਾ ਉਸ ਤੋਂ ਲਕੋ ਰੱਖਣਾ ਤਾਂ ਧੋਖਾ ਦੇਣ ਵਾਲੀ ਗੱਲ ਐ।” ਉਸ ਨੇ ਮੀਕੇ ਨਾਲ ਸਾਰੀ ਗੱਲ ਕਰਨ ਦਾ ਫੈਸਲਾ ਕਰ ਲਿਆ।

ਦੋ ਤਿੰਨ ਦਿਨ ਉਹ ਆਪਣੇ ਮਨ ਵਿਚ ਉਧੇੜ ਬੁਣ ਜਿਹੀ ਕਰਦੀ ਰਹੀ। ਉਸ ਦਾ ਅੰਦਰਲਾ ਜਾਣਦਾ ਸੀ ਮੀਕੇ ਨੂੰ ਇਹੋ ਜਿਹੇ ਢੌਂਗ ਪਸੰਦ ਨਹੀਂ ਅਤੇ ਉਹ ਇਹਨਾਂ ਦੇ ਸਖ਼ਤ ਖਿਲਾਫ ਸੀ। ਮੁੰਡੇ ਦੀ ਚਾਹ ਨੇ ਉਸ ਨੂੰ ਸਭ ਕੁਝ ਜਰਨ ਅਤੇ ਸੁਣਨ ਲਈ ਮਜ਼ਬੂਰ ਕਰ ਦਿੱਤਾ। ਉਹ ਕਦੇ ਸੋਚਦੀ ਸ਼ਾਇਦ ਮੀਕਾ ਮੰਨ ਜਾਵੇ! ਦੂਜੇ ਪਲ ਹੀ ਉਸ ਦਾ ਮਨ ਗਵਾਹੀ ਦੇਣ ਤੋਂ ਇਨਕਾਰ ਕਰ ਦਿੰਦਾ। ਕੁਝ ਦਿਨ ਇਸੇ ਤਰ੍ਹਾਂ ਲੰਘ ਗਏ। ਅਖੀਰ ਉਸ ਨੇ ਇਕ ਦਿਨ ਮੀਕੇ ਦਾ ਚੰਗਾ ਮਜ਼ਾਜ ਦੇਖ ਕੇ ਉਸ ਨਾਲ ਗੱਲ ਛੇੜ ਲਈ। “ਦੇਖੋ ਜੀ ਮੇਰੇ ਨਾਲ ਐਵੇਂ ਗੁੱਸੇ ਨਾ ਹੋਇਉ। ਮੇਰੀ ਗੱਲ ਠੰਡੇ ਮਤੇ ਨਾਲ ਸੁਣਿਉ।” ਕਹਿ ਕੇ ਉਹ ਮੀਕੇ ਨੂੰ ਨਿਹਾਰਦੀ ਉਸ ਦੇ ਚਿਹਰੇ ਦੇ ਹਾਵ ਭਾਵ ਸਮਝਣ ਦਾ ਯਤਨ ਕਰਨ ਲੱਗੀ। ਮੀਕਾ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਣ ਲੱਗਾ ਪਰ ਉਸ ਨੇ ਕਿਹਾ ਕੁਝ ਨਾ। ਮੀਕੇ ਦੇ ਮੱਥੇ ‘ਤੇ ਲੀਕਾਂ ਉਭਰ ਆਈਆਂ। ਉਸ ਨੂੰ ਪਤਾ ਸੀ ਸੀਤੋ ਨੇ ਕੋਈ ਨਾ ਕੋਈ ਅਵੱਲੀ ਗੱਲ ਸੋਚੀ ਹੋਵੇਗੀ। ਉਸ ਦੀਆਂ ਅੱਖ਼ਾਂ ਸੀਤੋ ਦੇ ਮੂੰਹ ਦਾ ਐਕਸ- ਰੇ ਕਰਨ ਲੱਗੀਆਂ।

“ਜੀ ਮੈਂ ਅਮਰੋ ਨਾਲ ਪੰਡਤ ਜੀ ਕੋਲੇ ਗਈ ਸੀ ਤੇ ਉਹਨਾਂ---।”

“ਤੈਨੂੰ ਫੇਰ ਬਾਹਮਣ ਨੇ ਮੁੰਡਾ ਫੜਾਇਆ ਨੀ ਕੁ ਅਜੇ ਉਹ ਮੁੰਡਾ ਘੜਨ ਲੱਗਿਆ ਵਾ।” ਮੀਕਾ ਸੀਤੋ ਵੱਲ ਕੌੜੀ ਅੱਖ ਨਾਲ ਵੇਖਣ ਲੱਗਾ। ਤਾਹਨੇ ਭਰੀ ਮੁਸਕਰਾਹਟ ਉਸ ਦੇ ਬੁੱਲ੍ਹਾਂ ‘ਤੇ ਆਈ ਅਤੇ ਅਲੋਪ ਹੋ ਗਈ।

"ਤੁਸੀਂ ਮੇਰੀ ਗੱਲ ਤਾਂ ਸੁਣ ਲੋ।” ਸੀਤੋ ਨੇ ਪੋਲੇ ਜਿਹੇ ਗੁੱਸੇ ਅਤੇ ਨਰਮੀ ਦੀ ਚਾਸ਼ਣੀ ਨਾਲ ਕਹਿਣ ਦਾ ਯਤਨ ਕੀਤਾ।

“ਹੂੰਅ----।”

“ਜੀ ਕੁਸ ਚੀਜ਼ਾਂ ਇੰਡੀਆ ਤੋਂ ਮੰਗਾਉਣੀਆਂ ਪੈਣੀਆਂ ਤੇ ਪੰਡਤ ਜੀ ਦਵਾਈ ਬਣਾ ਕੇ ਦੇਣਗੇ। ਅਮਰੋ ਦਸਦੀ ਸੀ ਬਈ ਪੰਡਤ ਜੀ ਦੀ ਦਵਾਈ ਆਲਹਾ ਨੀ ਜਾਂਦੀ।”

“ਅੱਗੇ ਸਾਧ ਆਲੇ ਮੁੰਡੇ ਨਾਲ ਤਾਂ ਲਾਡ ਪਿਆਰ ਕਰਕੇ ਚਾਅ ਪੂਰਾ ਕਰ ਲਿਆ ਹੁਣ--।” ਮੀਕੇ ਨੇ ਰੜਕਾ ਕੇ ਗੱਲ ਕੀਤੀ।

ਸੀਤੋ ਨੂੰ ਪਲ ਭਰ ਕੋਈ ਜਵਾਬ ਨਾ ਅਹੁੜਿਆ।

"ਪਰ ਜੀ ਕੀ ਪਤਾ ਹੁੰਦਾ ਸ਼ੈਂਤ ਕੋਈ ਗੱਲ ਬਣ ਜੇ। ਦੁਨੀਆਂ 'ਚ ਦਵਾਈਆਂ ਤਾਂ ਲੋਕ ਵਰਤਦੇ ਈ ਆ।" ਸੀਤੋ ਨੇ ਤਰਲਾ ਜਿਹਾ ਕੀਤਾ। ਇਸ ਮਸਲੇ 'ਤੇ ਉਸ ਕੋਲ ਮੀਕੇ ਨੂੰ ਆਪਣੀ ਮਰਜ਼ੀ ਨਾਲ ਵਰਤਣ ਦੀ ਹਿੰਮਤ ਨਹੀਂ ਸੀ। ਇਸ ਲਈ ਉਹ ਮਿੰਨਤ ਤਰਲਾ ਹੀ ਕਰ ਸਕਦੀ ਸੀ। ਖੁਦ ਉਸ ਨੂੰ ਪੰਡਤ ਦੀ ਦਵਾਈ 'ਤੇ ਅਟੁੱਟ ਵਿਸ਼ਵਾਸ਼ ਨਾ ਹੋਣ ਕਰਕੇ ਉਸ ਦਾ ਆਪਣਾ ਵਿਸ਼ਵਾਸ਼ ਤਿੜਕਿਆ ਪਿਆ ਸੀ।

"ਸੀਤੋ ਸੌ ਗਜ ਰੱਸਾ ਤੇ ਸਿਰੇ 'ਤੇ ਗੰਢ। ਕਿਸੇ ਪੰਡਤ ਤੋਂ ਕੋਈ ਦਵਾਈ ਨੀ ਖਾਣੀ। ਮੁੰਡਾ ਹੋਊ ਪਤਾ ਨੀ ਨਹੀਂ ਹੋਊਂ। ਤੈਨੂੰ ਕੋਈ ਅਹੁਰ ਪੈ 'ਗੀ ਜਾਂ ਪਤਾ ਨੀ ਜਾਹ ਜਾਂਦੀ ਹੋ 'ਗੀ ਤਾਂ ਮੈਂ ਕੀ ਕਰੂੰ। ਮੈਨੂੰ ਰੰਡਾ ਹੋਣ ਦਾ ਕੋਈ ਸ਼ੌਕ ਨੀ। ਅੱਜ ਤੋਂ ਬਾਅਦ ਮੇਰੇ ਨਾਲ ਇਸ ਬਾਰੇ ਹੋਰ ਗੱਲ ਨਾ ਕਰੀਂ।" ਸੀਤੋ ਮੀਕੇ ਦੇ ਮੂੰਹ ਵੱਲ ਵੇਖਦੀ ਰਹਿ ਗਈ। ਉਸ ਨੂੰ ਮੀਕੇ ਦੀ ਜ਼ਿੰਦਗੀ ਵਿਚ ਆਪਣੀ ਜ਼ਰੂਰਤ ਬਾਰੇ ਉਸ ਦੇ ਮੂੰਹੋਂ ਸੁਣ ਕੇ ਸੀਤੋ ਨੂੰ ਖੁਸ਼ੀ ਹੋਈ। ਹਾਰੀ ਹੋਈ ਦਲੀਲ ਨਾਲ ਵੀ ਉਹਨੂੰ ਜਿੱਤ ਵਰਗੀ ਖੁਸ਼ੀ ਮਹਿਸੂਸ ਕਰਕੇ ਵੀ ਉਸ ਦੇ ਮੂੰਹ 'ਤੇ ਖੇੜਾ ਨਾ ਆਇਆ। ਮੀਕੇ ਨੇ ਪੰਡਤ ਵਾਲਾ ਮਾਮਲਾ ਸਦਾ ਲਈ ਖਤਮ ਕਰ ਦਿੱਤਾ ਅਤੇ ਸੀਤੋ ਨੂੰ ਮਹਿਸੂਸ ਹੋਇਆ ਜਿਵੇਂ ਉਹਦੇ ਕੋਲ ਰੱਬ 'ਤੇ ਡੋਰੀ ਰੱਖਣ ਸਿਵਾ ਹੋਰ ਕੋਈ ਢੋਈ ਮਿਲਣ ਦੀ ਆਸ ਬਾਕੀ ਨਾ ਰਹੀ ਹੋਵੇ।

ਮੀਕੇ ਨੂੰ ਇਕ ਗੱਲ ਤਾਂ ਸਮਝ ਲੱਗ ਗਈ ਸੀ ਸੀਤੋ ਮੁੰਡੇ ਲਈ ਇਕ ਹੋਰ ਕੋਸ਼ਿਸ਼ ਜ਼ਰੂਰ ਕਰੇਗੀ। ਪਿਛਲੇ ਤਜ਼ਰਬੇ ਤੋਂ ਉਹ ਜਾਣਦਾ ਸੀ ਸੀਤੋ ਨੂੰ ਮਨਾਉਣ ਜਾਂ ਸਮਝਾਉਣ ਨਾਲ ਗੱਲ ਨਹੀਂ ਬਣਨੀ ਅਤੇ ਨਾ ਹੀ ਪਹਿਲਾਂ ਬਣੀ ਸੀ। ਮੁੰਡਾ ਹੋਣ ਦੀ ਕੋਈ ਗਰੰਟੀ ਨਾ ਹੋਣ ਕਰਕੇ ਮੀਕਾ ਆਪਣੇ ਵਧਦੇ ਪਰਿਵਾਰ ਅਤੇ ਦਿਨੋ ਦਿਨ ਮਹਿੰਗਾਈ ਦੇ ਵਧਣ ਨਾਲ ਆਉਣ ਵਾਲੀਆ ਸਮੱਸਿਆਵਾਂ ਬਾਰੇ ਵੀ ਸੋਚ ਰਿਹਾ ਸੀ। ਉਸ ਦਿਨ ਦੀ ਗੱਲ ਬਾਤ ਬਾਅਦ ਕੁਝ ਦਿਨ ਲੰਘ ਗਏ ਅਤੇ ਮੀਕੇ ਨੇ ਆਪਣੇ ਮਨ ਨਾਲ ਹੀ ਫੈਸਲਾ ਕਰਕੇ ਸੀਤੋ ਨਾਲ ਸਮਝੌਤਾ ਕਰਨ ਦਾ ਫੈਸਲਾ ਕਰ ਲਿਆ।

"ਸੀਤੋ ਆਪਾਂ ਨੂੰ ਹੋਰ ਬੱਚਿਆਂ ਬਾਰੇ ਸੋਚਣਾ ਛੱਡ ਕੇ ਇਹਨਾਂ ਨੂੰ ਹੀ ਚੰਗੀ ਪੜ੍ਹਾਈ ਲਿਖਾਈ ਦੇਣ ਬਾਰੇ ਸੋਚਣਾ ਚਾਹੀਦਾ ਐ।" ਇਕ ਸ਼ਾਮ ਦੋਵਾਂ ਦੇ ਚੰਗੇ ਮੂਡ ਦਾ ਫਾਇਦਾ ਉਠਾਉਂਦਿਆ ਮੀਕੇ ਨੇ ਗੱਲ ਸ਼ੁਰੂ ਕੀਤੀ। ਸੀਤੋ ਕੁਝ ਪਲ ਮੀਕੇ ਵੱਲ ਵੇਖਦੀ ਰਹੀ। ਮੀਕੇ ਨੇ ਆਪ ਗੱਲ ਚਲਾਈ ਸੀ ਅਤੇ ਇਹ ਸੀਤੋ ਨੂੰ ਸਮਝ ਨਾ ਆਇਆ ਕਿ ਮੀਕੇ ਦਾ ਇਸ ਮਸਲੇ 'ਤੇ ਗੱਲ ਛੇੜਨ ਦਾ ਕੀ ਕਾਰਣ ਸੀ।

"ਜੀ ਆਪਾਂ ਇਕ ਵਾਰ ਤਾਂ ਹੋਰ ਰੱਬ ਨੂੰ ਪਰਤਿਆ ਕੇ ਵੇਖ ਲੀਏ-ਪਲੀਜ਼।" ਸੀਤੋ ਨੇ ਮਿੰਨਤ ਜਿਹੀ ਨਾਲ ਕਿਹਾ।

"ਆਪਾਂ ਰੱਬ ਨੂੰ ਈ ਪਰਤਿਆਇਆ ਅੱਜ ਤੱਕ। ਜਾਂ ਰੱਬ ਦੱਸ ਦੇਵੇ ਬਈ ਤੇਰੀ ਇੱਛਾ ਕਦੋਂ ਪੂਰੀ ਹੋਊ!" ਮੀਕੇ ਦਾ ਅੜਿਕਣੇ ਮੜਿਕਣੇ ਲੈਣ ਵਾਲਾ ਮੂਡ ਸੀਤੋ ਨੂੰ ਪਸੰਦ ਨਾ ਆਇਆ।

"ਰਲਵਾਂ ਮਿਲਵਾਂ ਟੱਬਰ ਚੰਗਾ ਲਗਦਾ। ਕੁੜੀਆਂ ਦਾ ਇਕ ਵੀਰ ਤਾਂ ਹੋਵੇ।"

"ਪਰ ਇਹ ਆਪਣੇ ਬੱਸ ਨੀ। ਵੀਰ ਦੀ ਖਾਤਰ ਭੈਣਾਂ ਦੀਆਂ ਲਾਈਨਾਂ ਲਾਈ ਜਾਣ ਦੇ ਮੈਂ ਹੱਕ 'ਚ ਨੀਂ।"

"ਕੁੜੀਆਂ ਵਿਚਾਰੀਆਂ ਕੀਹਦੇ ਗੁੱਟ 'ਤੇ ਰੱਖੜੀ ਬੰਨਣਗੀਆਂ! ਨਾਲੇ ਕੁੜੀਆਂ ਨੇ ਤਾਂ ਆਪੋ ਆਪਣੇ ਘਰੀਂ ਚਲੀਆਂ ਜਾਣਾ। ਆਪਾਂ ਨੂੰ ਕੀਹਦਾ ਸਹਾਰਾ ਹੋਊ ਜੇ ਕੋਈ ਜੜ ਨਾ ਲੱਗੀ।" ਸੀਤੋ ਨੇ ਵਿਚਾਰੇ ਜਿਹੇ ਬੋਲਾਂ ਨਾਲ ਮੀਕੇ ਦੀਆਂ ਦਲੀਲਾਂ ਨੂੰ ਜਿੱਤਣ ਦੀ

ਕੋਸ਼ਿਸ਼ ਕੀਤੀ।

"ਸੀਤੋ ਆਪਾਂ ਅੱਗੇ ਵੀ ਇਹ ਗੱਲਾਂ ਕੀਤੀਆਂ। ਤੂੰ ਆਸੇ ਪਾਸੇ ਵੇਖ। ਮੁੰਡੇ ਤਾਂ ਕੁੜੀਆਂ ਤੋਂ ਪਹਿਲਾਂ ਅੱਜ ਕੱਲ੍ਹ ਘਰੋਂ ਨਿਕਲ ਜਾਂਦੇ ਆ। ਕੁੜੀਆਂ ਤਾਂ ਵਿਚਾਰੀਆਂ ਫੇਰ ਮਾਂ ਪਿਉ ਦਾ ਮਾੜਾ ਮੋਟਾ ਧਿਆਨ ਰੱਖਦੀਆਂ। ਹੁਣ ਸਰਵਣ ਪੁੱਤ ਨੀ ਜੰਮਦੇ। ਅੱਜ ਕੱਲ੍ਹ ਨੀ ਨਿਆਣਿਆਂ ਤੋਂ ਬਹੁਤੀ ਉਮੀਦ ਰੱਖਣੀ ਚਾਹੀਦੀ।"

"ਫੇਰ ਵੀ ਕੋਈ ਤਾਂ ਸਿਵੇ ਨੂੰ ਅੱਗ ਦੇਣ ਵਾਲਾ ਹੋਵੇ। ਚੱਲ ਨਾ ਵੀ ਖਿਆਲ ਰੱਖੇ ਭਲਾ---।" ਸੀਤੋ ਨੇ ਉਦਾਸੀ ਨਾਲ ਹੌਲੀ ਅਵਾਜ਼ ਵਿਚ ਜਵਾਬ ਦਿੱਤਾ। ਸ਼ਾਇਦ ਉਸ ਨੇ ਵੀ ਇਸ ਸੱਚ ਨੂੰ ਆਸੇ ਪਸੇ ਨਜ਼ਰ ਮਾਰ ਕੇ ਮੰਨ ਲਿਆ ਸੀ ਪੱਛਮੀ ਸਮਾਜ ਵਿਚ ਏਸ਼ੀਅਨ ਰਿਸ਼ਤੇ ਵੀ ਪੱਛਮੀ ਹੀ ਬਣ ਗਏ ਸਨ।

"ਫੇਰ ਆਪਾਂ ਆਏਂ ਕਰਦੇ ਆਂ--।" ਮੀਕੇ ਨੇ ਸਿੱਧਾ ਸੀਤੋ ਦੀਆਂ ਅੱਖਾਂ ਵਿਚ ਵੇਖਿਆ। ਸੀਤੋ ਨੇ ਆਸ ਨਾਲ ਮੀਕੇ ਵੱਲ ਵੇਖਿਆ ਕਿ ਸ਼ਾਇਦ ਮੀਕਾ ਉਸ ਦੀ ਗੱਲ ਮੰਨਣ ਨੂੰ ਤਿਆਰ ਹੋ ਗਿਆ ਸੀ। ਮੀਕੇ ਦੇ ਬੁੱਲ੍ਹਾਂ 'ਤੇ ਟੇਢੀ ਮੁਸਕਰਾਹਟ ਉਸ ਨੂੰ ਚੰਗੀ ਨਾ ਲੱਗੀ। ਉਹ ਅਵਾਕ ਉਸ ਦੀ ਗੱਲ ਪੂਰੀ ਹੋਣ ਦੀ ਉਡੀਕ ਕਰਦੀ ਰਹੀ।

"ਆਪਾਂ ਕੋਈ ਮੁੰਡਾ ਗੋਦ ਲੈ ਲੈਨੇ ਆਂ।" ਇਹ ਸ਼ਬਦ ਸੀਤੋ ਦੇ ਸਿਰ ਵਿਚ ਡੰਡੇ ਵਾਂਗ ਵੱਜੇ।"

"ਪਤਾ ਨੀ ਕਿਥੋਂ ਅਹੋ ਜੀਆਂ ਬਿਨ ਸਿਰ ਪੈਰ ਗੱਲਾਂ ਸੋਨੂੰ ਸੁੱਝਦੀਆਂ। ਆਪਦਾ ਲਹੂ ਆਪਦਾ ਹੁੰਦਾ। ਬਗਾਨੇ ਦਾ ਕੀ ਪਤਾ--।" ਸੀਤੋ ਦਾ ਦਿਮਾਗੀ ਤਾਪਮਾਨ ਇੱਕ ਦਮ ਉੱਚਾ ਹੋ ਗਿਆ ਸੀ। ਉਸ ਨੂੰ ਬੱਚਾ ਗੋਦ ਲੈਣ ਵਾਲੀ ਗੱਲ ਬਿਲਕੁਲ ਪਸੰਦ ਨਹੀਂ ਸੀ।

"ਫੇਰ ਤੂੰ ਦੱਸ ਆਪਾਂ ਕੀ ਕਰੀਏ---!" ਮੀਕੇ ਨੂੰ ਸੀਤੋ ਦੇ ਜਵਾਬ ਦਾ ਪਤਾ ਸੀ ਪਰ ਉਹ ਉਸ ਦੇ ਮੂੰਹੋਂ ਕਹਾਉਣਾ ਚਾਹੁੰਦਾ ਸੀ।

"ਆਪਾਂ ਕੀ ਕਰਨਾ! ਆਪਾਂ ਕੋਸ਼ਿਸ਼ ਕਰੀਏ----।" ਸੀਤੋ ਦੇ ਮੂੰਹ 'ਤੇ ਸ਼ਰਮਾਕਲ ਜਿਹੀ ਮੁਸਕਰਾਹਟ ਮੀਕੇ ਨੂੰ ਪ੍ਰਤੱਖ ਦਿਸੀ।

"ਫੇਰ ਮੇਰੀ ਇਕ ਸ਼ਰਤ ਆ।"

"ਸ਼ਰਤ---!" ਸੀਤੋ ਦੀਆਂ ਅੱਖਾਂ ਵਿਚ ਹੈਰਾਨੀ ਨੇ ਆਲ੍ਹਣਾ ਆ ਪਾਇਆ। ਮੀਕੇ ਦੀ 'ਸ਼ਰਤ' ਵਾਲੀ ਗੱਲ ਉਸ ਨੂੰ ਸਮਝ ਨਾ ਆਈ।

"ਸ਼ਰਤ ਇਹ ਆ ਬਈ ਮੁੰਡਾ ਹੋਵੇ ਜਾਂ ਕੁੜੀ। ਬੱਚੇ ਤੋਂ ਬਾਅਦ ਮੈਂ ਨਸਬੰਦੀ ਕਰਾ ਦੇਣੀ ਆ ਕਿਉਂਕਿ ਤੂੰ ਤਾਂ ਕਰਾਉਣੀ ਨੀ।" ਮੀਕੇ ਦੀ ਗੱਲ ਸੁਣ ਕੇ ਸੀਤੋ ਦੀਆਂ ਅੱਖਾਂ ਚੜ੍ਹੀਆਂ ਰਹਿ ਗਈਆਂ ਅਤੇ ਉਸ ਨੂੰ ਕੁਝ ਦੇਰ ਕੁਝ ਨਾ ਅਉੜਿਆ। ਉਹ ਮੀਕੇ ਵੱਲ ਬੇਵਿਸ਼ਵਾਸੀ ਨਾਲ ਵੇਖਣ ਲੱਗੀ। ਜਿਵੇਂ ਉਸ ਨੂੰ ਗੱਲ ਦੀ ਸਮਝ ਨਾ ਆਈ ਹੋਵੇ।

"ਦੱਸ ਫੇਰ ਮਨਜ਼ੂਰ ਆ!" ਮੀਕੇ ਨੇ ਸੀਤੋ ਦੇ ਜਵਾਬ ਦੀ ਕੁਝ ਦੇਰ ਉਡੀਕ ਕੀਤੀ। ਸੀਤੋ ਨੂੰ ਚੁੱਪ ਵੇਖ ਕੇ ਉਸ ਨੇ ਆਪਣੀ ਗੱਲ ਦਾ ਜਵਾਬ ਦੁਵਾਰਾ ਮੰਗਿਆ। ਮੀਕੇ ਦੀਆਂ ਅੱਖਾਂ ਵਿਚ ਜੇਤੂ ਜਿੱਤ ਵਰਗੀ ਲੁਕਵੀਂ ਜਿਹੀ ਮੁਸਕਰਾਹਟ ਸੀ। ਸੀਤੋ ਤੋਂ ਕੁਝ ਦੇਰ ਕੁਝ ਵੀ ਨਾ ਬੋਲਿਆ ਗਿਆ। ਉਹ ਆਪਣੇ ਆਪ ਨੂੰ ਤਿਆਰ ਕਰਦੀ ਰਹੀ। ਅਖ਼ੀਰ ਉਸ ਨੇ ਅੱਖਾਂ ਝੁਕਾਅ ਕੇ ਮਰੀਅਲ ਜਿਹੀ ਅਵਾਜ਼ ਵਿਚ ਬੋਲਣਾ ਸ਼ੁਰੂ ਕੀਤਾ।

"ਜੀ ਤੁਸੀਂ ਆਹ ਕੀ ਗੱਲ ਕਰਦੇ ਆਂ। ਮੈਨੂੰ ਤਾਂ ਨੀ ਠੀਕ ਲਗਦੀ ਗੱਲ।"

"ਸੀਤੋ ਇਹ ਮੇਰੀ ਪੱਥਰ 'ਤੇ ਲਕੀਰ ਵਾਲੀ ਗੱਲ ਈ ਸਮਝ।" ਕਹਿ ਕੇ ਮੀਕਾ ਉੱਠ ਕੇ ਕਿਚਨ ਵਿਚ ਚਲਾ ਗਿਆ ਅਤੇ ਸੀਤੋ ਸੋਚਾਂ ਵਿਚ ਡੁੱਬੀ ਬੈਠੀ ਰਹੀ।

"ਮੈਂ ਅੱਜ ਕੈਮਿਸਟ ਦੇ ਗਈ ਸੀ ---।" ਸੀਤੋ ਮੀਕੇ ਦੇ ਨਾਲ ਸੋਫੇ 'ਤੇ ਬੈਠਦਿਆਂ ਮੁਸਕਰਾਉਂਦੀਆਂ ਅੱਖਾਂ ਨਾਲ ਕਿਹਾ।

"ਕਿਉਂ--!" ਮੀਕੇ ਨੂੰ ਹੈਰਾਨੀ ਹੋਈ।

"ਮੈਂ ਪ੍ਰੈਗਨੈਂਟ ਆਂ।" ਸੀਤੋ ਦੇ ਮੂੰਹ ਤੇ ਸ਼ਰਮਾਕਲ ਜਿਹੀ ਮਗਰੂਰੀ ਮੁਸਕਰਾਹਟ ਦਾ ਰੰਗ ਸੀ।" ਅੱਛਾ। ਮੀਕੇ ਨੇ ਬਿਨਾਂ ਕਿਸੇ ਖਾਸ ਉਤਸ਼ਾਹ ਦੇ ਜਵਾਬ ਦਿੱਤਾ। ਪਲ ਕੁ ਭਰ ਉਹ ਸੀਤੋ ਨੂੰ ਨਿਹਾਰਦਾ ਰਿਹਾ ਅਤੇ ਉਸ ਦੀ ਖੁਸ਼ੀ 'ਚ ਉਸ ਦਾ ਸ਼ਰੀਕ ਹੋਣ ਨੂੰ ਦਿਲ ਵੀ ਕੀਤਾ। ਕਿਸੇ ਕਾਰਣ ਉਸ ਦਾ ਮਨ ਚੁੱਪ ਜਿਹੀ ਵੱਟ ਗਿਆ। ਸੀਤੋ ਨੂੰ ਉਸ ਦੀ ਇਹ ਚੁੱਪ ਚੰਗੀ ਨਾ ਲੱਗੀ।

"ਕੀ ਗੱਲ ਤੁਸੀ ਤਾਂ ਐਵੇਂ ਈ ਮੁੜਕੜੀ ਜਿਹੀ ਮਾਰ ਗੇ। ਨਾ ਕੋਈ ਵਧਾਈ ਨਾ ਕੋਈ ਖੁਸ਼ੀ।" ਉਲਾਂਭੇ ਦੇ ਬੋਲ ਮੀਕੇ ਨੂੰ ਇਕ ਵੇਰ ਕੁਝ ਨਾ ਕੁਝ ਚੰਗਾ ਕਹਿਣ ਲਈ ਉਕਸਾ ਤਾਂ ਗਏ ਪਰ ਉਸ ਦਾ ਮਨ ਮਨੁੱਖੀ ਗਰੂਰ ਤੋਂ ਸੁਰਖਰੂ ਨਾ ਹੋ ਸਕਿਆ ਅਤੇ ਉਹ ਕੋਈ ਢੰਗ ਤਰੀਕਾ ਵਰਤ ਕੇ ਇਸ ਆਪ ਸਹੇੜੀ ਸਮੱਸਿਆ ਦਾ ਹੱਲ ਲੱਭਣ ਲੱਗਾ ਜਿਸ ਨਾਲ ਸੱਪ ਵੀ ਮਰ ਜਾਵੇ ਅਤੇ ਸੋਟੀ ਵੀ ਬੱਚ ਜਾਵੇ।

"ਬਾਹਮਣ ਦੀ ਦਵਾਈ ਦਵੂਈ ਤਾਂ ਨੀ ਵਰਤਣ ਲੱਗੀ!"

"ਥੋਨੂੰ ਮੇਰੇ 'ਤੇ ਜਕੀਨ ਨੀ। ਮੈਂ ਜੇ ਕੋਈ ਦਵਾਈ ਲਊਂ ਤਾਂ ਥੋਨੂੰ ਦੱਸੇ ਬਗੈਰ ਨੀ ਲੈਂਦੀ।" ਸੀਤੋ ਨੇ ਨਹੋਰੇ ਨਾਲ ਮੀਕੇ ਵੱਲ ਵੇਖਿਆ ਜਿਵੇਂ ਉਸ ਨੂੰ ਜਤਾ ਰਹੀ ਹੋਵੇ ਕਿ ਉਸ ਦਾ ਸੀਤੋ 'ਤੇ ਯਕੀਨ ਨਾ ਕਰਨਾ ਸੀਤੋ ਨੂੰ ਪਸੰਦ ਨੀ ਆਇਆ।

ਸੀਤੋ ਦੇ ਮਨ ਵਿਚ ਫਿਰ ਉਹੀ ਪੁਰਾਣੀ ਮੁੰਡੇ ਨੂੰ ਜੰਮਣ ਵਾਲੀ ਇੱਛਾ ਦੀ ਰੀਲ ਘੁੰਮਣ ਲੱਗੀ। ਕਦੇ ਕਦੇ ਉਹ ਆਪਣੇ ਆਪ ਨੂੰ ਟੋਕਦੀ। ਉਸ ਨੂੰ ਲਗਦਾ ਜਿਵੇਂ ਪਹਿਲਾਂ ਵੀ ਉਸ ਨੇ ਬਹੁਤੀਆਂ ਉਮੀਦਾਂ ਲਗਾ ਲਈਆਂ ਸਨ ਅਤੇ ਹੁਣ ਉਸ ਨੂੰ ਆਪਣੀਆਂ ਇੱਛਾਵਾਂ ਨੂੰ ਕੰਟਰੋਲ ਵਿਚ ਰੱਖਣਾ ਚਾਹੀਦਾ ਸੀ। ਫਿਰ ਵੀ ਮੱਲੋ ਮੱਲੀ ਉਸ ਦਾ ਮਨ ਉਹਨਾਂ ਹੀ ਸੋਚਾਂ ਵਿਚ ਖਿੱਚਿਆ ਜਾਂਦਾ।

ਮੀਕੇ ਨੂੰ ਜਿਥੇ ਹੋਰ ਬੱਚੇ ਦੇ ਪੈਦਾ ਹੋਣ ਨਾਲ ਜ਼ਿੰਮੇਵਾਰੀਆਂ ਦਾ ਅਹਿਸਾਸ ਸੀ ਉਥੇ ਉਸ ਨੂੰ ਬੱਚੇ ਦੇ ਆਉਣ ਦੀ ਲੁਕਵੀਂ ਖੁਸ਼ੀ ਵੀ ਸੀ। ਉਹ ਇਸ ਖੁਸ਼ੀ ਨੂੰ ਆਪਣੇ ਆਪ ਤੋਂ ਵੀ ਲੁਕਾ ਕੇ ਰੱਖਣ ਦੀ ਕੋਸ਼ਿਸ਼ ਕਰਦਾ। ਮੁੰਡੇ ਦੀ ਲੁਕਵੀਂ ਇੱਛਾ ਵੀ ਉਸ ਨੂੰ ਹੋਣ ਲੱਗੀ। ਉਸ ਨੂੰ ਭਾਂਵੇਂ ਮੁੰਡੇ ਤੇ ਕੁੜੀ ਵਿਚ ਕੋਈ ਫ਼ਰਕ ਨਹੀਂ ਸੀ। ਉਹ ਸੋਚਦਾ ਜੇ ਬੱਚੇ ਨੇ ਆਉਣਾ ਈ ਹੈ ਤਾਂ ਫਿਰ ਮੁੰਡਾ ਹੋ ਜਾਵੇ ਤਾਂ ਪੌਂ ਬਾਰਾਂ ਈ ਸਮਝੋ। ਕਦੇ ਉਸ ਨੂੰ ਮਹਿਸੂਸ ਹੁੰਦਾ ਜਿਵੇਂ ਸੀਤੋ ਦੀ ਇੱਛਾ ਨੇ ਉਸ ਦੇ ਮਨ ਵਿਚ ਵੀ ਘਰ ਕਰ ਲਿਆ ਹੋਵੇ। ਉਹ ਸੀਤੋ ਨੂੰ ਚੰਗੀ ਖੁਰਾਕ ਖਾਣ ਅਤੇ ਡਾਕਟਰ ਨੂੰ ਬਕਾਇਦਾ ਮਿਲਣ ਦੀ ਰਾਇ ਦਿੰਦਾ ਰਹਿੰਦਾ। ਘਰ ਵਿਚ ਫਲ ਅਤੇ ਸਬਜ਼ੀਆਂ ਲਿਆਉਣ ਦਾ ਉਹ ਆਪ ਖਿਆਲ ਰਖਦਾ ਅਤੇ ਇਹ ਗੱਲਾਂ ਸੀਤੋ ਨੂੰ ਬਹੁਤ ਚੰਗੀਆਂ ਲਗਦੀਆਂ।

ਸੀਤੋ ਨੇ ਇੱਕ ਅੱਧ ਵਾਰ ਮੀਕੇ ਨੂੰ ਇੰਡੀਆ ਜਾ ਕੇ ਟੈਸਟ ਕਰਵਾਕੇ ਬੱਚੇ ਦਾ ਲਿੰਗ ਚੈਕ ਕਰਾਉਣ ਬਾਰੇ ਪੁੱਛਿਆ ਤਾਂ ਮੀਕੇ ਨੇ ਸਖਤੀ ਨਾਲ ਮਨ੍ਹਾ ਕਰ ਦਿੱਤਾ।

“ਸੀਤੋ ਬੱਸ ਇਹ ਤੂੰ ਮੁੜ ਕੇ ਨਾ ਕਹੀਂ। ਤੈਨੂੰ ਪਤਾ ਬਈ ਇੰਡੀਆ ਵਿਚ ਡਾਕਟਰ ਪੈਸੇ ਬਨਾਉਣ ਦੇ ਮਾਰੇ ਕਦੇ ਕਦੇ ਮੁੰਡੇ ਨੂੰ ਕੁੜੀ ਕਹਿ ਕੇ ਵੀ ਗਰਭ ਪਾਤ ਕਰ ਦਿੰਦੇ ਐ।” ਸੀਤੋ ਮਨੋ ਮਨ ਜਾਣਦੀ ਸੀ ਮੀਕੇ ਨੇ ਇਸ ਗੱਲ ਲਈ ਮੰਨਣਾ ਵੀ ਨਹੀਂ ਅਤੇ ਨਾ ਹੀ ਉਸ ਕੋਲ ਐਨੇ ਪੈਸੇ ਸਨ ਕਿ ਉਹ ਇੰਡੀਆ ਜਾ ਸਕਣ। ਕੰਮਾਂ ਦੀ ਹਾਲਤ ਪਹਿਲਾਂ ਨਾਲੋਂ ਚੰਗੀ ਸੀ। ਹੁਣ ਸੀਤੋ ਵੀ ਪਾਰਟ ਟਾਈਮ ਕੰਮ ਕਰਦੀ। ਸਭ ਕੁਝ ਦੇ ਬਾਵਜੂਦ ਘਰ ਦਾ ਵੇਲਾ ਪੂਰਾ ਮਸਾਂ ਹੁੰਦਾ। ਜੇ ਮੀਕੇ ਕੋਲ ਪੈਸੇ ਹੁੰਦੇ ਤਾਂ ਉਸ ਨੇ ਹੁਣ ਤੱਕ ਦੀਪੀ ਨੂੰ ਇੰਡੀਆ ਤੋਂ ਵਾਪਿਸ ਲੈ ਆਉਣਾ ਸੀ। ਉਹ ਅਕਸਰ ਉਸ ਦੀ ਪੜ੍ਹਾਈ ਲਿਖਾਈ ਬਾਰੇ ਗੱਲਾਂ ਕਰਦਾ ਰਹਿੰਦਾ। ਮਨੋ ਮਨ ਝੂਰਦਾ ਰਹਿੰਦਾ। ਸੀਤੋ ਜਾਣਦਿਆਂ ਬੁਝਦਿਆਂ ਚੁੱਪ ਰਹਿੰਦੀ। ਉਸ ਨੂੰ ਪਤਾ ਸੀ ਕਿ ਉਸ ਦੇ ਕੁਝ ਕਹਿਣ ਨਾਲ ਮੀਕੇ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਜਾਣਾ ਸੀ।

ਆਪਣੇ ਮਨ ਨੂੰ ਢਾਰਸ ਦੇਣ ਲਈ ਅਤੇ ਰੱਬ ਤੋਂ ਮੁੰਡੇ ਦੀ ਦਾਤ ਲੈਣ ਲਈ ਸੀਤੋ ਨੇ ਦੋ ਵੇਲੇ ਪਾਠ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਪਾਠ ਕਰ ਕੇ ਅਨੋਖੀ ਤਸੱਲੀ ਦਾ ਅਹਿਸਾਸ ਹੁੰਦਾ। ਉਸ ਨੂੰ ਲਗਦਾ ਜਿਵੇਂ ਉਸ ਦੀ ਇੱਛਾ ਪਾਠ ਕਰਨ ਨਾਲ ਜ਼ਰੂਰ ਪੂਰੀ ਹੋ ਜਾਵੇਗੀ। ਮੀਕਾ ਉਸ ਨੂੰ ਕੁਝ ਨਾ ਕੁਝ ਕਹਿ ਕੇ ਚੇੜਦਾ ਰਹਿੰਦਾ।

“ਲੱਗਦਾ ਹੁਣ ਤੂੰ ਰੱਬ ਨੂੰ ਵੱਢੀ ਦੇਣ ਦੀ ਕੋਸ਼ਿਸ਼ ਕਰਨ ਲੱਗੀ ਐਂ।” ਮੁਸ਼ਕੜੀਏਂ ਹੱਸਦਾ ਮੀਕਾ ਸੀਤੋ ਨੂੰ ਗੁੱਸੇ ਕਰ ਲੈਂਦਾ।

“ਆਪ ਤਾਂ ਚੰਗਾ ਕੁਸ ਕਰਨਾ ਨੀ ਤੇ ਦੂਜੇ ਨੂੰ ਕੁਸ ਕਰਨ ਨੀ ਦੇਣਾ।” ਅਜਿਹੇ ਸਮੇਂ ਸੀਤੋ ਦੇ ਸੜੇ ਭੁੱਜੇ ਬੋਲ ਮੀਕੇ ਨੂੰ ਭੋਰਾ ਗੁੱਸੇ ਨਾ ਕਰਦੇ। ਉਹ ਹੱਸਦਾ ਅਤੇ ਆਪਣੀ ਗੱਲ ਕਰ ਕੇ ਸੁਆਦ ਲੈਂਦਾ।

“ਨਈਂ ਮੈਨੂੰ ਪਾਠ ਕਰਨ ਜਾਂ ਸੁਣਨ ਨਾਲ ਕੋਈ ‘ਤਰਾਜ਼ ਨੀ। ਮੈਂ ਤਾਂ ਇਹ ਕਹਿਨਾ ਬਈ ਲੋਕ ਲੋੜ ਪੈਣ ‘ਤੇ ਈ ਪਾਠ ਕਿਉਂ ਕਰਦੇ ਐ! ਪਾਠ ਵਿਚ ਤਾਂ ਬਥੇਰੀ ਸਿਖਿਆ ਜੋ ਲੋਕ ਬਿਨਾਂ ਲੋੜ ਤੋਂ ਵੀ ਗ੍ਰਹਿਣ ਕਰ ਸਕਦੇ ਐ।”

“ਬੱਸ ਤੁਸੀਂ ਮੈਨੂੰ ਨਾ ਟੋਕਿਆ ਕਰੋ। ਮੇਰਾ ਜੀ ਕਰਦਾ ਮੈਂ ਪਾਠ ਕਰ ਲੈਨੀ ਆਂ।” ਸੀਤੋ ਉੱਚੀ ਅਵਾਜ਼ ਵਿਚ ਬੋਲਦੀ ਅਤੇ ਮੀਕਾ ਚੁੱਪ ਕਰ ਜਾਂਦਾ। ਸੀਤੋ ਸੋਚਦੀ ਜ਼ਰੂਰ ਗੱਲ ਤਾਂ ਮੀਕੇ ਦੀ ਠੀਕ ਸੀ। ਉਸ ਨੇ ਕਦੇ ਪਹਿਲਾਂ ਪਾਠ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਉਸ ਨੂੰ ਪਤਾ ਸੀ ਮੀਕਾ ਠੀਕ ਕਹਿੰਦਾ ਉਹ ਅਰਦਾਸ ਵਿਚ ਹਰ ਰੋਜ਼ ਮੁੰਡੇ ਦੀ ਹੀ ਮੰਗ ਕਰਦੀ। ਉਹ ਇਹ ਗੱਲ ਮੀਕੇ ਕੋਲ ਮੰਨ ਨਹੀਂ ਸੀ ਸਕਦੀ।

ਮੀਕੇ ਲਈ ਘਰ ਦੇ ਕੰਮ ਧੰਦੇ ਹੋਰ ਜ਼ਿਆਦਾ ਹੋ ਗਏ ਸਨ। ਲਗਦੀ ਵਾਹ ਉਹ ਸੀਤੋ ਨੂੰ ਕੋਈ ਭਾਰਾ ਕੰਮ ਨਾ ਕਰਨ ਦਿੰਦਾ। ਬੱਚਿਆਂ ਦੀ ਦੇਖ ਭਾਲ, ਨਹਾਉਣ ਧੋਣ ਅਤੇ ਖਿਲਾਉਣ ਪਿਲਾਉਣ ਦਾ ਉਹ ਆਪ ਖਿਆਲ ਰਖਦਾ। ਮੀਕੇ ਦੇ ਇਸ ਤਰ੍ਹਾਂ ਖਿਆਲ ਰੱਖਣ ਨਾਲ ਸੀਤੋ ਨੂੰ ਉਸ ‘ਤੇ ਮਾਨ ਹੁੰਦਾ। ਉਸਦੇ ਦਿਲ ਵਿਚ ਉਸ ਦਾ ਪਿਆਰ ਅਤੇ ਸਨਮਾਨ ਹੋਰ ਵੱਧ ਗਿਆ ਸੀ। ਸੀਤੋ ਆਪ ਵੀ ਸਮੇਂ ਅਨੁਸਾਰ ਕਲਿਨਕ ਅਤੇ ਡਾਕਟਰ ਕੋਲ ਜਾਂਦੀ ਰਹਿੰਦੀ। ਪਹਿਲੇ ਮਹੀਨੇ ਉਸ ਲਈ ਕੋਈ ਬਹੁਤੇ ਔਖੇ ਨਹੀਂ ਸਨ। ਸੱਤਵੇਂ ਮਹੀਨੇ ਦੇ ਅੱਧ ਵਿਚ ਉਸ ਦਾ ਬਲੱਡ ਪਰੈਸ਼ਰ ਅਚਾਨਕ ਉੱਚਾ ਹੋ ਗਿਆ।

ਡਾਕਟਰ ਕੋਲ ਸੀਤੋ ਆਮ ਵਾਂਗ ਹੀ ਚੈਕ-ਅੱਪ ਕਰਵਾਉਣ ਲਈ ਗਈ ਸੀ। ਉਸ ਨੂੰ ਆਪ ਨੂੰ ਭੋਰਾ ਭਰ ਮਹਿਸੂਸ ਨਾ ਹੋਇਆ ਕਿ ਉਸ ਦਾ ਬਲੱਡ ਪਰੈਸ਼ਰ ਉੱਚਾ ਹੈ। ਡਾਕਟਰ ਨੇ ਚੈਕ ਕੀਤਾ ਤਾਂ ਉਸ ਦਾ ਮੂੰਹ ਫਿਕਰਮੰਦ ਹੋ ਗਿਆ। ਉਸ ਨੇ ਸੀਤੋ ਨੂੰ ਕੁਰਸੀ ‘ਤੇ ਅਰਾਮ ਨਾਲ ਬੈਠਣ ਲਈ ਕਿਹਾ। ਐਂਬੂਲੈਂਸ ਨੂੰ ਫੋਨ ਕਰ ਕੇ ਉਸ ਨੇ ਸੀਤੋ ਨੂੰ ਸਾਰੀ ਗੱਲ ਸਮਝਾਈ।

“ਤੁਹਾਨੂੰ ਮੈਂ ਹਸਪਤਾਲ ਭੇਜ ਰਿਹਾ ਹਾਂ ਕਿਉਂਕਿ ਤੁਹਾਡਾ ਬਲੱਡ ਪਰੈਸ਼ਰ ਜ਼ਿਆਦਾ ਹੈ ਅਤੇ ਮੈਂ ਕੋਈ ਰਿਸਕ ਨਹੀਂ ਲੈ ਸਕਦਾ।” ਡਾਕਟਰ ਨੇ ਇਕ ਵਾਰ ਫਿਰ ਉਸਦਾ ਬਲੱਡ ਪਰੈਸ਼ਰ ਮਾਪਿਆ।

“ਮੈਂ ਤਾਂ ਬੱਚਿਆਂ ਨੂੰ ਸਕੂਲ ਤੋਂ ਲੈਣਾ। ਮੇਰੇ ਹਸਬੈਂਡ ਕੰਮ ‘ਤੇ ਆ।” ਸੀਤੋ ਵੀ ਇਸ ਅਚਾਨਕ ਸਮੱਸਿਆ ਤੋਂ ਘਬਰਾ ਗਈ ਸੀ।

“ਤੁਹਾਡੇ ਹਸਬੈਂਡ ਨੂੰ ਹੁਣੇ ਫੋਨ ਕਰ ਦਿਨੇ ਆਂ। ਉਹ ਬੱਚਿਆਂ ਨੂੰ ਸਕੂਲੋਂ ਲੈ ਲੈਣਗੇ। ਬਾਅਦ ਵਿਚ ਤੁਹਾਡੇ ਲਈ ਵੀ ਲੋੜੀਦੀਆਂ ਚੀਜ਼ਾਂ ਹਸਪਤਾਲ ਲੈ ਆਉਣਗੇ। ਸ਼ਾਇਦ ਤੁਹਾਨੂੰ ਹਸਪਤਾਲ ਵਿਚ ਕੁਝ ਦਿਨ ਰਹਿਣਾ ਪਵੇ।” ਡਾਕਟਰ ਨੇ ਸੀਤੋ ਤੋਂ ਨੰਬਰ ਲੈ ਕੇ ਆਪਣੀ ਸੈਕਟਰੀ ਨੂੰ ਮੀਕੇ ਨੂੰ ਟੈਲੀਫੋਨ ਕਰਨ ਲਈ ਕਿਹਾ।

ਕੁਝ ਮਿੰਟਾਂ ਵਿਚ ਹੀ ਐਂਬੂਲੈਂਸ ਆ ਗਈ ਅਤੇ ਸੀਤੋ ਨੂੰ ਹਸਪਤਾਲ ਲੈ ਗਈ। ਮੀਕੇ ਨੂੰ ਫੋਨ ਗਿਆ ਤਾਂ ਉਹ ਘਰ ਆਉਣ ਦੀ ਬਜਾਏ ਡਾਕਟਰ ਦੀ ਸਰਜਰੀ ਚਲਾ ਗਿਆ। ਉਸ ਨੂੰ ਸੀਤੋ ਦਾ ਬਹੁਤ ਫਿਕਰ ਸੀ ਅਤੇ ਡਾਕਟਰ ਤੋਂ ਸਭ ਜਾਨਣਾ ਚਾਹੁੰਦਾ ਸੀ।

“ਮੈ ਡਾਕਟਰ ਸਾਹਿਬ ਨੂੰ ਮਿਲਣਾ ਐ। ਮੇਰੀ ਵਾਈਫ ਨੂੰ ਉਹਨਾਂ ਨੇ ਕਿਸੇ ਕਾਰਨ ਹਸਪਤਾਲ ਭੇਜਿਆ ਐ।” ਮੀਕੇ ਨੇ ਫ਼ਿਕਰਮੰਦ ਅਵਾਜ਼ ਵਿਚ ਸੈਕਟਰੀ ਨੂੰ ਕਿਹਾ।

“ਹਾਂ ਉਹਨਾਂ ਦਾ ਬਲੱਡ ਪਰੈਸ਼ਰ ਹਾਈ ਸੀ।” ਸੈਕਟਰੀ ਨੇ ਸ਼ਾਂਤ ਜਿਹੀ ਅਵਾਜ਼ ਵਿਚ ਜਵਾਬ ਦਿੱਤਾ ਅਤੇ ਆਪ ਉਹ ਫੋਨ ‘ਤੇ ਡਾਕਟਰ ਨਾਲ ਮੀਕੇ ਦੇ ਆਉਣ ਬਾਰੇ ਗੱਲ ਕਰਨ ਲੱਗੀ।

“ਇਕ ਮਿੰਟ ਬੈਠੋ। ਮਰੀਜ਼ ਬਾਹਰ ਆ ਜਾਵੇ ਤਾਂ ਤੁਸੀਂ ਡਾਕਟਰ ਨੂੰ ਮਿਲ ਲੈਣਾ।” ਉਸ ਨੇ ਪਹਿਲਾਂ ਵਾਂਗ ਹੀ ਸ਼ਾਂਤ ਅਵਾਜ਼ ਵਿਚ ਕਿਹਾ ਜਿਵੇਂ ਕੁਝ ਵਾਪਰਿਆ ਈ ਨਹੀਂ ਹੁੰਦਾ। ਮੀਕੇ ਨੂੰ ਉਸ ‘ਤੇ ਹੈਰਾਨੀ ਵੀ ਹੋਈ ਅਤੇ ਉਸ ਦਾ ਫ਼ਿਕਰ ਵੀ ਘਟ ਗਿਆ। ਉਹ ਸੋਚਣ ਲੱਗਾ ਕਿ ਕੋਈ ਖਾਸ ਗੱਲ ਨਹੀਂ ਹੋਣੀ ਜਿਹੜੀ ਇਹ ਐਨੀ ਅਰਾਮ ਨਾਲ ਗੱਲ ਕਰੀ ਜਾਂਦੀ ਐ।

“ਜਾਉ--।” ਡਾਕਟਰ ਦੀ ਘੰਟੀ ਦੀ ਅਵਾਜ ਸੁਣ ਕੇ ਸੈਕਟਰੀ ਨੇ ਮੀਕੇ ਨੂੰ ਅੰਦਰ ਜਾਣ ਲਈ ਕਿਹਾ ਅਤੇ ਮੀਕਾ ਜਿਵੇਂ ਸੋਚਾਂ ਦੇ ਡੂੰਘੇ ਖੂਹ ਵਿਚੋਂ ਬਾਹਰ ਨਿਕਲਿਆ ਹੋਵੇ। ਉਹ ਕਾਹਲੀ ਨਾਲ ਡਾਕਟਰ ਦੇ ਕਮਰੇ ਵੱਲ ਚਲਾ ਗਿਆ।

“ਆ ਜਾਉ। ਬੈਠੋ।” ਡਾਕਟਰ ਨੇ ਆਪਣੀਆਂ ਐਨਕਾਂ ਲਾਹ ਕੇ ਟੇਬਲ ‘ਤੇ ਰੱਖ ਦਿਤੀਆਂ ਅਤੇ ਮੀਕੇ ਦਾ ਸਵਾਲ ਉਡੀਕੇ ਬਿਨਾਂ ਉਸ ਨੂੰ ਦੱਸਣ ਲੱਗਾ-

“ਤੁਹਾਡੀ ਵਾਈਫ ਦਾ ਬਲੱਡ ਪਰੈਸ਼ਰ ਕਾਫ਼ੀ ਹਾਈ ਸੀ। ਮੈਂ ਕੋਈ ਖ਼ਤਰਾ ਮੁੱਲ ਨੀ ਲੈਣਾ ਚਾਹੁੰਦਾ ਸੀ ਇਸ ਲਈ ਮੈਂ ਉਸ ਨੂੰ ਹਸਪਤਾਲ ਭੇਜ ਦਿੱਤਾ। ਵੈਸੇ ਘਬਰਾਉਣ ਦੀ ਕੋਈ ਗੱਲ ਨੀ। ਪਰੈਗਨੈਂਸੀ ਵਿਚ ਹੋ ਈ ਜਾਂਦਾ। ਤੁਸੀ ਬੱਚਿਆਂ ਨੂੰ ਸਕੂਲੋਂ ਲਿਆ ਕੇ ਉਹਨਾਂ ਨੂੰ ਮਿਲਣ ਜਾ ਸਕਦੇ ਓ ਪਰ ਉਹਨਾਂ ਨੂੰ ਘਰ ਆਉਣ ਲਈ ਨਾ ਕਹਿਣਾ।” ਮੀਕਾ ਡਾਕਟਰ ਵੱਲ ਧਿਆਨ ਨਾਲ ਵੇਖਦਾ ਰਿਹਾ ਜਿਵੇਂ ਕੀਲ ਕੇ ਬਠਾਇਆ ਹੋਵੇ।

“ਜੀ ਕੋਈ ਖਤਰੇ ਵਾਲੀ ਤਾਂ ਗੱਲ ਨੀ!” ਮੀਕੇ ਨੇ ਮਨ ਦੀ ਤਸੱਲੀ ਲਈ ਇਕ ਵਾਰ ਫਿਰ ਡਾਕਟਰ ਤੋਂ ਪੁੱਛਿਆ।

“ਮੇਰਾ ਖਿਆਲ ਨੀ ਕੋਈ ਖਾਸ ਖਤਰੇ ਵਾਲੀ ਗੱਲ ਐ। ਇਸ ਸਮੇਂ ਉਹਨਾਂ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਐ।” ਡਾਕਟਰ

ਨੇ ਮਹੀਨ ਜਿਹੀ ਮੁਸਕਰਾਹਟ ਨਾਲ ਜਵਾਬ ਦਿੱਤਾ ਜਿਸ ਨਾਲ ਮੀਕੇ ਦਾ ਫ਼ਿਕਰ ਵਾਹਵਾ ਘਟ ਗਿਆ। ਡਾਕਟਰ ਨੇ ਆਪਣੀਆਂ ਐਨਕਾਂ ਫਿਰ ਲਾ ਲਈਆਂ। ਮੀਕੇ ਨੂੰ ਮਹਿਸੂਸ ਹੋਇਆ ਕਿ ਡਾਕਟਰ ਨਾਲ ਕਰਨ ਵਾਲੀ ਕੋਈ ਗੱਲ ਬਾਕੀ ਨਹੀਂ ਅਤੇ ਡਾਕਟਰ ਵੀ ਉਸ ਨੂੰ ਜਾਣ ਦਾ ਸੁਨੇਹਾ ਦੇ ਰਿਹਾ ਸੀ। ਮੀਕਾ ਬਾਏ ਕਹਿ ਕੇ ਬਾਹਰ ਆ ਗਿਆ ਅਤੇ ਬੱਚਿਆਂ ਨੂੰ ਸਕੂਲੋਂ ਲੈਣ ਚਲਾ ਗਿਆ।

ਹਸਪਤਾਲ ਗਿਆ ਤਾਂ ਸੀਤੋ ਨੇ ਮੀਕੇ ਨੂੰ ਵੇਖ ਕੇ ਅੱਖਾਂ ਭਰ ਲਈਆਂ। ਉਹ ਅਜਿਹੇ ਹਾਲਾਤ ਲਈ ਤਿਆਰ ਹੀ ਨਹੀਂ ਸੀ। ਬੱਚਿਆਂ ਨੂੰ ਵੇਖ ਕੇ ਉਸ ਦਾ ਹੋਰ ਵੀ ਚਿੱਤ ਖਰਾਬ ਹੋ ਗਿਆ। ਮੀਕੇ ਨੇ ਉਸ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ। "ਐਵੇਂ ਮਨ ਕਿਉਂ ਹੌਲਾ ਕਰੀ ਜਾਨੀ ਐਂ। ਜਦੋਂ ਮੈਨੂੰ ਦਬਕਾ ਮਾਰਦੀ ਐਂ ਤਾਂ ਜਾਨ ਕੱਢ ਦਿੰਨੀ ਐਂ ਤੇ ਹੁਣ ਐਵੇਂ ਈ ਡੁਸਕੀ ਜਾਨੀ ਐਂ। ਬਲੱਡ ਪਰੈਸ਼ਰ ਐ ਠੀਕ ਹੋ ਜੂ। ਵੈਸੇ ਵੀ ਤੇਰੇ ਵਰਗੇ ਗਰਮ ਸੁਭਾਅ ਨੂੰ ਘੱਟ ਬਲੱਡ ਪਰੈਸ਼ਰ ਸੂਤ ਨੀ ਬੈਠਦਾ।" ਮੀਕਾ ਮੁਸਕਰਾਉਂਦਾ ਹੋਇਆ ਖੱਬੀ ਅੱਖ ਵੀ ਦੱਬ ਗਿਆ। ਮੀਕਾ ਜਾਣ ਬੁਝ ਕੇ ਉਸ ਨੂੰ ਖੁਸ਼ ਕਰਨ ਲਈ ਸਭ ਕੁਝ ਕਹਿ ਰਿਹਾ ਸੀ। ਉਹ ਰੋਂਦੀ ਰੋਂਦੀ ਗਿੱਲੀ ਜਿਹੀ ਹਾਸੀ ਹੱਸਣ ਲੱਗੀ। ਉਸ ਨੂੰ ਹਸਦੀ ਵੇਖ ਕੇ ਕੁੜੀਆਂ ਵੀ ਚਹਿਕ ਪਈਆਂ।

"ਤੁਸੀਂ ਕਿਥੋਂ ਮੇਰੇ ਦਬਕੇ ਸਹਿਣ ਆਲੇ ਹੋ ਗੇ। ਮੈਨੂੰ ਐਵੇਂ ਈ ਬਦਨਾਮ ਕਰੀ ਜਾਨੇ ਐਂ।" ਉਸ ਨੇ ਅੱਖਾਂ ਪੂੰਝਦਿਆਂ ਮੀਕੇ ਨੂੰ ਸ਼ਕਾਇਤੀ ਅੰਦਾਜ਼ ਨਾਲ ਵੇਖਿਆ। ਮੀਕਾ ਮੁਸਕਰਾ ਕੇ ਚੁੱਪ ਕਰ ਗਿਆ ਅਤੇ ਡਾਕਟਰ ਨਾਲ ਹੋਈ ਸਾਰੀ ਗੱਲ ਸੀਤੋ ਨਾਲ ਉਸ ਨੇ ਸਾਂਝੀ ਕੀਤੀ। ਸੀਤੋ ਉਸ ਨੂੰ ਧਿਆਨ ਨਾਲ ਸੁਣਦੀ ਰਹੀ ਅਤੇ ਇਕ ਹੌਕਾ ਭਰ ਕੇ ਰਹਿ ਗਈ। ਉਸ ਨੂੰ ਹਸਪਤਾਲ ਵਿਚ ਰਹਿਣਾ ਚੰਗਾ ਨਹੀਂ ਸੀ ਲਗਦਾ। ਉਹ ਮੀਕੇ ਬਾਰੇ ਅਤੇ ਬੱਚਿਆਂ ਬਾਰੇ ਸੋਚਦੀ ਤਾਂ ਉਸ ਦਾ ਦਿਲ ਘਰ ਨੂੰ ਭੱਜ ਜਾਣ ਨੂੰ ਕਰਦਾ। ਪਰ ਘਰ ਜਾਣਾ ਹੁਣ ਉਸ ਦੇ ਨਹੀਂ ਸਗੋਂ ਡਾਕਟਰਾਂ ਦੇ ਵੱਸ ਸੀ।

ਅੱਠ ਦਿਨ ਹਸਪਤਾਲ ਰਹਿਣ ਬਾਅਦ ਸੀਤੋ ਨੂੰ ਘਰ ਭੇਜ ਦਿੱਤਾ ਅਤੇ ਨਾਲ ਹੀ ਅਰਾਮ ਕਰਨ ਦੀ ਤਾਕੀਦ ਕਰ ਦਿੱਤੀ। ਹਫ਼ਤੇ ਦੇ ਹਫ਼ਤੇ ਉਸ ਨੂੰ ਬਲੱਡ ਪਰੈਸ਼ਰ ਚੈਕ ਕਰਾਉਣ ਦੀ ਸਲਾਹ ਦਿੰਦਿਆਂ ਬਲੱਡ ਪਰੈਸ਼ਰ ਵੱਧ ਹੋਣ ਦੀ ਸੂਰਤ ਵਿਚ ਬਿਨਾਂ ਦੇਰੀ ਹਸਪਤਾਲ ਪਹੁੰਚਣ ਦੀ ਤਾਕੀਦ ਕਰ ਦਿੱਤੀ। ਕੁਝ ਵੀ ਸੀ ਸੀਤੋ ਘਰ ਜਾਣ ਲਈ ਕਦੋਂ ਦੀ ਕਾਹਲੀ ਸੀ ਅਤੇ ਘਰ ਆ ਕੇ ਉਸ ਨੂੰ ਸੁੱਖ ਦਾ ਸਾਹ ਆਇਆ। ਘਰ ਆ ਕੇ ਉਸ ਨੂੰ ਸੁਰਗ ਵਰਗਾ ਅਹਿਸਾਸ ਹੋਇਆ। ਮੀਕੇ ਨੇ ਉਸ ਨੂੰ ਕੁਝ ਵੀ ਨਾ ਕਰਨ ਦਿੱਤਾ ਅਤੇ ਆਪ ਹੀ ਬੱਚਿਆਂ ਦੇ ਨਾਲ ਨਾਲ ਸੀਤੋ ਦੀ ਵੀ ਦੇਖ ਭਾਲ ਕਰਦਾ ਰਿਹਾ।

"ਬੱਚਾ ਤੂੰ ਕਾਹਦਾ ਮੈਂ ਜੰਮਣਾ।" ਮੀਕੇ ਨੂੰ ਕੰਮ ਤੋਂ ਆ ਕੇ ਘਰ ਦਾ ਕੰਮ ਕਰਨਾ ਪੈਂਦਾ ਅਤੇ ਸ਼ਾਮ ਤੱਕ ਉਹ ਚੰਗਾ ਥੱਕ ਜਾਂਦਾ। ਥਕੇਵੇਂ ਨਾਲ ਕਦੇ ਕਦੇ ਉਹ ਖਿਝ ਜਾਂਦਾ ਤਾਂ ਸੀਤੋ ਨੂੰ ਕੋਈ ਨਾ ਕੋਈ ਗੱਲ ਕਰ ਕੇ ਆਪਣੇ ਵਾਧੂ ਕੰਮ ਅਤੇ ਉਸ ਦੀ ਸੇਵਾ ਸੰਭਾਲ ਦਾ ਅਹਿਸਾਸ ਕਰਵਾਉਂਦਾ।

"ਬੱਸ ਹੁਣ ਤਾਂ ਥੋੜਾ ਟੈਮ ਈ ਰਹਿ ਗਿਆ। ਦੰਦਾਂ 'ਚ ਜੀਭ ਦੇ ਕੱਟ ਲੋ।" ਸੀਤੋ ਮੀਕੇ ਦੀ ਮਦਦ ਕਰਨ ਤੋਂ ਅਸਮਰੱਥ ਆਪਣੇ ਆਪ ਨੂੰ ਕਸੂਰਵਾਰ ਸਮਝਦੀ। ਉਹ ਵੱਧ ਤੋਂ ਵੱਧ ਅਰਾਮ ਕਰਦੀ। ਉਸ ਨੂੰ ਹਸਪਤਾਲ ਜਾਣ ਨਾਲੋਂ ਆਪਣਾ ਖਿਆਲ ਰੱਖਣਾ ਵਧੇਰੇ ਠੀਕ ਲਗਦਾ। ਇਹ ਹਾਲਾਤ ਬਹੁਤ ਦਿਨ ਸਾਜ਼ਗਾਰ ਨਾ ਰਹੇ ਅਤੇ ਸੀਤੋ ਦਾ ਬਲੱਡ ਪਰੈਸ਼ਰ ਫਿਰ ਵਧ ਗਿਆ। ਉਸ ਨੂੰ ਹਸਪਤਾਲ ਜਾਣਾ ਪਿਆ।

ਇਸ ਵਾਰ ਡਾਕਟਰਾਂ ਨੇ ਉਸ ਨੂੰ ਵਾਪਿਸ ਘਰ ਨਾ ਭੇਜਿਆ। ਮੀਕੇ ਨੇ ਕੰਮ ਤੋਂ ਮੈਨੇਜਰ ਨੂੰ ਆਪਣੇ ਹਾਲਾਤ ਦੱਸ ਕੇ ਛੁਟੀਆਂ

ਲੈ ਲਈਆਂ। ਪੈਸਿਆਂ ਦਾ ਨੁਕਸਾਨ ਤਾਂ ਹੋਇਆ ਪਰ ਉਸ ਦੇ ਸਰੀਰ ਨੂੰ ਅਰਾਮ ਜ਼ਰੂਰ ਮਿਲ ਗਿਆ। ਇਕ ਸ਼ਾਮ ਮੀਕਾ ਹਸਪਤਾਲ ਗਿਆ ਤਾਂ ਸੀਤੋ ਪਹਿਲਾਂ ਈ ਰੋਈ ਜਾਂਦੀ ਸੀ। ਉਸ ਨੂੰ ਵੇਖ ਕੇ ਮੀਕੇ ਦਾ ਦਿਲ ਧੌਂਕਣੀ ਵਾਂਗ ਚੱਲਣ ਲੱਗਾ। ਉਸ ਨੂੰ ਕਿਸੇ ਮਾੜੀ ਖਬਰ ਦੇ ਖਤਰੇ ਨੇ ਘੇਰ ਲਿਆ।

## ਚੌਧਵਾਂ

ਸਵੇਰੇ ਸਵੇਰੇ ਟੈਲੀਫੋਨ ਦੀ ਘੰਟੀ ਵੱਜੀ ਤਾਂ ਸੀਤੋ ਨੇ ਫੋਨ ਚੁੱਕਿਆ।

"ਹੈਲੋ--।" ਉਸ ਨੇ ਨਿੰਦਰਾਈ ਅਵਾਜ਼ ਵਿਚ ਜਵਾਬ ਦਿੱਤਾ।

"ਫੋਨ ਕਰੋ।" ਸੀਤੋ ਨੂੰ ਟੈਲੀਫੋਨ ਕੱਟ ਦੇਣ ਅਤੇ ਕੜੱਕ ਕਰਕੇ ਰਸੀਵਰ ਰੱਖਣ ਦੀ ਅਵਾਜ਼ ਸੁਣਾਈ ਦਿੱਤੀ।

"ਕੌਣ ਸੀ!" ਮੀਕੇ ਨੇ ਅੱਖਾਂ ਬੰਦ ਕਰੀ ਪੁੱਛਿਆ।

"ਪਿੰਡੋਂ ਸੀ। ਐਨਾ ਵੀ ਨੀ ਅਗਲਾ ਚੱਜ ਨਾ ਸਨੇਹਾ ਤਾਂ ਦੇ ਦੇਵੇ। ਬੱਸ ਐਨਾ ਈ ਕਿਹਾ 'ਫੋਨ ਕਰ'। ਪਤਾ ਨੀ ਇੰਡੀਆ ਆਲਿਆਂ ਨੂੰ ਗੱਲ ਕਰਨ ਦਾ ਕਦੋਂ ਪਤਾ ਲੱਗੂ। ਚਾਰ ਰਪਈਏ ਟੈਲੀਫੋਨ 'ਤੇ ਵੀ ਲਾਹੁਣ ਨੂੰ ਤਿਆਰ ਨੀ। ਆਪ ਈ ਫੋਨ ਕਰੋ ਆਪਦਾ ਹਾਲ ਚਾਲ ਦੱਸਣ ਨੂੰ।" ਹੱਥ ਵਿਚ ਰਸੀਵਰ ਫੜੀ ਉਹ ਬੁੜ ਬੁੜ ਕਰਦੀ ਰਹੀ।

"ਫੋਨ ਲਾ ਲੈ ਫੇਰ। ਕੋਈ ਖਾਸ ਗੱਲ ਨਾ ਹੋਵੇ।" ਮੀਕੇ ਨੇ ਅੱਖਾਂ ਮਲਦਿਆਂ ਰਜ਼ਾਈ 'ਚੋਂ ਉੱਠਦਿਆਂ ਅਤੇ ਹੈਡ ਬੋਰਡ ਨੂੰ ਢੋਅ ਲਾ ਕੇ ਬੈਠਦਿਆਂ ਕਿਹਾ। ਸੀਤੋ ਇੰਡੀਆ ਨੂੰ ਫੋਨ ਮਿਲਾਉਣ ਲੱਗ ਗਈ।"

ਬੇਜੀ ਸਾ ਸ੍ਰੀ 'ਕਾਲ।' ਸੀਤੋ ਨੇ ਆਪਣੇ ਬੋਲਾਂ 'ਚੋਂ ਸਾਰੀ ਕੁੜੱਤਣ ਚੂਸ ਕੇ ਨਰਮੀ ਨਾਲ ਕਿਹਾ। "ਸੀਤੋ ਤੇਰਾ ਭਾਈ ਕੀ ਹਾਲ ਐ। ਸਾਨੂੰ ਤਾਂ ਤੇਰੇ ਹਸਪਤਾਲ ਜਾਣ ਦਾ ਸੁਣ ਕੇ ਬਲਾਈ ਫਿਕਰ ਹੋ ਗਿਆ।"

"ਹੁਣ ਤਾਂ ਠੀਕ ਆਂ ਬੇ ਜੀ । ਤੁਸੀਂ ਨਾ ਫਿਕਰ ਕਰੋ।"

"ਫਿਕਰ ਤਾਂ ਹੋ ਈ ਜਾਂਦਾ। ਰੱਬ ਬਸ ਸਿਰ 'ਤੇ ਹੱਥ ਰੱਖੇ। ਐਤਕੀਂ ਤਾਂ ਜਰੂਰ ਸੁਣੇ। ਤੇਰੇ ਬਾਪੂ ਜੀ ਵੀ ਬਹੁਤ ਫਿਕਰ ਕਰਦੇ ਆ। ਬੋਲ ਕੇ ਨੀ ਕੁਸ ਕਹਿੰਦੇ। ਸਾਰੀ ਸਾਰੀ ਰਾਤ ਉੱਸਲਵੱਟੇ ਲੈਂਦੇ ਰਹਿੰਦੇ ਐ। ਸਾਡੀ ਤਾਂ ਸੁਤਾ ਹੁਣ ਤੇਰੇ 'ਚ ਈ ਆ।" ਬੇਜੀ ਨੇ ਫ਼ਿਕਰਮੰਦ ਅਵਾਜ਼ ਵਿਚ ਕਿਹਾ।

"ਬੇਜੀ ਗੁਰਪ੍ਰੀਤ ਦਾ ਕੀ ਹਾਲ ਐ।" ਸੀਤੋ ਨੇ ਗੱਲ ਬਦਲਣ ਦੀ ਕੋਸ਼ਿਸ਼ ਕੀਤੀ।

"ਲੈ ਐਤਕੀ ਤਾਂ ਸਾਰੀ ਜਮਾਤ 'ਚੋਂ ਪਹਿਲੇ ਲੰਬਰ 'ਤੇ ਆਈ ਆ। ਪੜ੍ਹਨ ਨੂੰ ਬਹੁਤ ਲੈਕ ਆ।"

"ਅੱਛਾ, ਆਹ ਤਾਂ ਬਹੁਤ ਖੁਸ਼ੀ ਦੀ ਗੱਲ ਆ।" ਸੀਤੋ ਨੇ ਮੀਕੇ ਨਾਲ ਅੱਖਾਂ ਮਿਲਉਂਦਿਆਂ ਕਿਹਾ।

"ਆਹ ਮੇਰੀ ਗੋਦੀ 'ਚ ਈ ਬੈਠੀ ਆ। ਤੂੰ ਗੱਲ ਕਰ ਲੈ।" ਸੀਤੋ ਨੇ ਰਸੀਵਰ ਨੂੰ ਕੰਨ ਦੇ ਨਾਲ ਥੋੜ੍ਹਾ ਹੋਰ ਘੁੱਟ ਲਿਆ। ਉਸ ਨੂੰ ਬੇਜੀ ਦੀ ਅਵਾਜ਼ ਵਾਹਵਾ ਸੁਣ ਰਹੀ ਸੀ। ਉਹ ਗੁਰਪ੍ਰੀਤ ਨੂੰ 'ਲੈ ਮੰਮੀ ਨਾ ਗੱਲ ਕਰ ਡੱਡੀਏ'ਕਹਿ ਰਹੀ ਸੀ। ਗੁਰਪ੍ਰੀਤ ਨੇ ਜਿਵੇਂ ਗੱਲ

ਨਾ ਕਰਨ ਦੀ ਸੌਂਹ ਪਾਈ ਹੋਵੇ। ਸੀਤੋ ਨੂੰ ਦੂਜੇ ਪਾਸੇ ਤੋਂ ਟੈਲੀਫੋਨ ਕੱਟਣ ਦੀ ਅਵਾਜ਼ ਸੁਣਾਈ ਦਿੱਤੀ।

"ਸਦੈਣ ਜੀ ਨੇ ਗੱਲ ਨੀ ਕੀਤੀ। ਫੋਨ ਕੱਟ 'ਤਾ।" ਮੀਕੇ ਨੂੰ ਆਪਦੇ ਵੱਲ ਵੇਖਦੇ ਨੂੰ ਉਸ ਨੇ ਉਦਾਸ ਜਿਹੀ ਮੁਸਕਰਾਹਟ ਨਾਲ ਉੱਤਰ ਦਿੱਤਾ।

"ਆਪਾਂ ਉਹਦੇ ਕੌਣ ਆਂ ਜਿਹੜੀ ਆਪਣੇ ਨਾਲ ਗੱਲ ਕਰੇ।" ਮੀਕੇ ਨੇ ਬੈਡ ਵਿਚੋਂ ਨਿਕਲਕੇ ਹੇਠਾਂ ਜਾਂਦਿਆਂ ਉਦਾਸ ਜਿਹੀ ਅਵਾਜ਼ ਵਿਚ ਕਿਹਾ। ਸੀਤੋ ਉਸ ਨੂੰ ਕੁਝ ਕਹਿਣਾ ਤਾਂ ਚਾਹੁੰਦੀ ਸੀ ਪਰ ਉਸ ਨੂੰ ਪਤਾ ਸੀ ਕਿ ਮੀਕਾ ਅਸਲ ਵਿਚ ਅੱਪ-ਸੈਟ ਸੀ ਅਤੇ ਟੇਢੇ ਢੰਗ ਨਾਲ ਸੀਤੋ ਨੂੰ ਜ਼ਿੰਮੇਵਾਰ ਠਹਿਰਾ ਗਿਆ ਸੀ। ਉਸ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ ਅਤੇ ਚਾਹ ਦੀ ਉਡੀਕ ਕਰਨ ਲੱਗੀ। ਕਿਚਨ ਵਿਚ ਖੜਕਦੇ ਭਾਂਡਿਆਂ ਦਾ ਉਸ ਨੂੰ ਖੜਾਕ ਸੁਣ ਰਿਹਾ ਸੀ।

ਮੀਕੇ ਦਾ ਮਾਂ ਨਾਲ ਗੱਲ ਕਰਨ ਦਾ ਦਿਲ ਸੀ। ਉਹ ਚਾਹ ਬਣਾਉਦਾ ਸੋਚਣ ਲੱਗਾ ਟੈਲੀਫੋਨ ਕੀਤਾ ਜਾਵੇ ਜਾਂ ਕਿਸੇ ਦਿਨ ਫਿਰ ਗੱਲ ਕੀਤੀ ਜਾਵੇ। ਚਾਹ ਲੈ ਕੇ ਉਹ ਸੀਤੋ ਕੋਲ ਬੈਡ ਵਿਚ ਹੀ ਆ ਬੈਠਾ। ਚਾਹ ਪੀਂਦਿਆਂ ਉਸ ਨੇ ਸੀਤੋ ਨੂੰ ਪਿੰਡ ਟੈਲੋਫੋਨ ਮਿਲਾਉਣ ਲਈ ਕਿਹਾ। ਸੀਤੋ ਉਸ ਵੱਲ ਇੰਝ ਵੇਖਣ ਲੱਗੀ ਜਿਵੇਂ ਉਸ ਨੂੰ ਮੀਕੇ ਦੀ ਗੱਲ ਅਣ-ਉਚਿੱਤ ਲੱਗੀ ਹੋਵੇ। ਉਸ ਨੇ ਮਾੜਾ ਜਿਹੀ ਢਿਲ ਮੱਠ ਕਰਕੇ ਟੈਲੀਫੋਨ ਮਿਲਾ ਦਿੱਤਾ। ਦੂਸਰੇ ਪਾਸੇ ਘੰਟੀ ਖੜਕਣ ਲੱਗੀ ਤਾਂ ਉਸ ਨੇ ਟੈਲੀਫੋਨ ਦਾ ਰਿਸੀਵਰ ਮੀਕੇ ਨੂੰ ਫੜਾ ਦਿੱਤਾ। ਦੂਸਰੇ ਪਾਸਿਉਂ ਮਾਂ ਦੀ ਮਿੱਠੀ ਜਿਹੀ ਅਵਾਜ਼ ਉਸ ਨੂੰ "ਹਲੋ" ਕਹਿੰਦੀ ਸੁਣੀ।

"ਕਿਵੇਂ ਆਂ ਬੇ ਜੀ ! ਸਿਹਤ ਠੀਕ ਠਾਕ ਆ।"

"ਠੀਕ ਆ ਪੁੱਤ। ਪਹਿਲਾਂ ਦੀਪੀ ਨੇ ਫੋਨ ਕੱਟ 'ਤਾ--।" ਮਾਂ ਨੇ ਕਸੂਰਵਾਰ ਜਿਹੀ ਅਵਾਜ਼ ਵਿਚ ਕਿਹਾ।

"ਕੋਈ ਨੀ। ਹੋਰ ਬਾਪੂ ਜੀ ਕਿਵੇਂ ਆ।"

"ਚੰਗੇ ਆ। ਹੁਣੇ ਪਿੰਡ 'ਚ ਨੂੰ ਗਏ ਆ। ਭੂੰਡੋ ਦੇ ਛੋਟੇ ਭਰਾ ਜੱਗੇ ਦੀ ਤਾਰੇ ਦੇ ਮੁੰਡੇ ਨਾਲ ਮਾੜੀ ਮੋਟੀ ਲੜਾਈ ਭੜਾਈ ਹੋ ਗੀ ਸੀ। ਉਹਨੂੰ ਪੁਲਸ ਆਲੇ ਭਾਲਦੇ ਫਿਰਦੇ ਆ। ਉਹਦਾ ਪਿਉ ਤੇਰੇ ਬਾਪੂ ਜੀ ਕੋਲ ਆਇਆ ਸੀ ਬਈ ਕੋਈ ਮਦਦ ਕਰੋ। ਤੇਰੇ ਬਾਪੂ ਜੀ ਨੇ ਉਹਨੂੰ ਕਹਿਤਾ ਬਈ ਮੇਰੇ ਨਾਲ ਤਾਂ ਤਾਰੇ ਦੀ ਪਹਿਲਾਂ ਈ ਅੱਖ ਗਹਿਰੀ ਆ। ਉਹਨਾਂ ਨੂੰ ਸਿਵੀਏਂ ਤੇਰੇ ਮਾਮੇ ਕੋਲ ਭੇਜ 'ਤਾ। ਆਹ ਠਾਣੇਦਾਰ ਉਹਦਾ ਜਾਣੂੰ ਆ। ਠਾਣੇਦਾਰ ਨਾ ਗੱਲ ਕਰਕੇ ਉਹਨੇ ਜੱਗੇ ਨੂੰ ਪੇਸ਼ ਕਰ 'ਤਾ। ਕੁੱਟ ਮਾਰ ਤੋਂ ਤਾਂ ਬਚ ਗਿਆ। ਉਹਨੂੰ 'ਦਾਲਤ ਚ' ਪੇਸ਼ ਕਰਤਾ ਤੇ ਜੇਲ੍ਹ ਭੇਜ 'ਤਾ।"

"ਪਰ ਤਾਰੇ ਕਿਆਂ ਨਾਲ ਉਹਦੀ ਲੜਾਈ ਕਿਹੜੀ ਗੱਲੋਂ ਹੋਈ। ਉਹ ਤਾਂ ਵੈਲੀ ਆਦਮੀ ਆ। ਸਮੱਗਲਰ ਆ ਤੇ ਸਮਗਲਰਾਂ ਦੀ ਪੁਲਸ ਨਾਲ ਅਟੀ ਸਟੀ ਹੁੰਦੀ ਈ ਆ।" ਮੀਕੇ ਨੂੰ ਘਟਨਾ ਵਿਚ ਦਿਲਚਸਪੀ ਜਾਗ ਪਈ ਅਤੇ ਉਹ ਵਿਸਥਾਰ ਜਾਨਣਾ ਚਾਹੁੰਦਾ ਸੀ।

"ਸੁਣਿਆ ਬਈ ਤਾਰੇ ਦਾ ਨਕਲੀ ਸ਼ਰਾਬ ਦਾ ਟਰੱਕ ਆਇਆ ਸੀ। ਉਹਨਾਂ 'ਤੇ ਕਿਸੇ ਬਾਹਰਲੀ ਪੁਲਸ ਨੇ ਆ ਛਾਪਾ ਮਾਰਿਆ। ਜੱਗਾ ਕਿਤੇ ਉਹਨਾਂ ਦੇ ਘਰ ਦੇ ਕੋਲ ਦੀ ਲੰਘਦਾ ਤਾਰੇ ਨੇ ਦੇਖ ਲਿਆ। ਉਹਨੂੰ ਸ਼ੱਕ ਹੋ ਗਿਆ ਬਈ ਡੈਰੀ ਜੱਗੇ ਨੇ ਦਿੱਤੀ ਆ। ਬੱਸ ਤਾਰੇ ਦੀ ਜਮਾਨਤ ਹੋਗੀ ਤੇ ਆ ਕੇ ਉਹਦੇ ਵਿਗੜੇ ਵੇ ਮੁੰਡੇ ਕਿੰਦੇ ਨੇ ਦੋਂਹ ਹੋਰਨਾਂ ਨੂੰ ਨਾਲ ਲੈ ਕੇ ਜੱਗੇ ਨੂੰ ਕੁੱਟ 'ਤਾ। ਚੌਥੇ ਪੰਜਵੇਂ ਦਿਨ ਜੱਗੇ ਨੇ ਤਾਰੇ ਦੇ ਮੁੰਡੇ ਨੂੰ 'ਕੱਲਾ ਵੇਖ ਕੇ ਉਹਨੂੰ ਚੰਗਾ ਕਟਾਪਾ ਚਾਅੜ 'ਤਾ। ਐਨੀ ਕੁ ਗੱਲ ਸੁਣੀ ਆ।" ਬੇਜੀ ਨੇ ਕਹਾਣੀ ਦਾ

ਭੋਗ ਪਾਇਆ ਤਾਂ ਮੀਕਾ ਗੰਭੀਰਤਾ ਨਾਲ ਮਸਲੇ ਨੂੰ ਸੋਚ ਰਿਹਾ ਸੀ।

"ਜੱਗੇ ਦਾ ਉਹਨਾਂ ਨਾਲ ਕੀ ਮੇਲ! ਉਹ ਤਾਂ ਉਹਦਾ ਨੁਕਸਾਨ ਕਰਨਗੇ ਈ। ਹੁਣ ਤਾਂ ਉਹਨਾਂ ਦੀ ਵੈਸੇ ਈ ਅੱਤ ਚੁੱਕੀ ਵੀ ਆ।" ਮੀਕੇ ਨੇ ਫ਼ਿਕਰ ਨਾਲ ਕਿਹਾ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਦਾ ਹੋਵੇ।

"ਚੱਲ ਤੂੰ ਸੀਤੋ ਦੀ ਦੇਹ ਗੱਲ ਡਾਕਟਰਾਂ ਨੇ ਕੀ ਕਿਹਾ। ਪਰਸੋਂ ਤਾਂ ਉਹਦਾ ਰੋਣ ਨੀ ਸੀ ਠੱਲਿਆ ਜਾਂਦਾ।"

"ਡਾਕਟਰਾਂ ਨੇ ਉਹਨੂੰ ਕਿਹਾ ਬਈ ਫੇਰ ਬਲੱਡ ਪਰੈਸ਼ਰ ਐਨਾ ਜਿਆਦਾ ਹੋ ਗਿਆ ਤਾਂ ਬੱਚੇ ਨੂੰ ਨੁਕਸਾਨ ਹੋ ਸਕਦਾ। ਉਹ ਜਦੋਂ ਵੀ ਉਹਨਾਂ ਕੋਲ ਬੈਡ ਖਾਲੀ ਹੋਇਆ ਟੈਲੀਫੋਨ ਕਰਕੇ ਸੱਦ ਲੈਣਗੇ ਤੇ ਵੱਡਾ ਅਪਰੇਸ਼ਨ ਕਰਕੇ ਬੱਚਾ ਪੈਦਾ ਕਰ ਦੇਣਗੇ। ਇਹ ਤਾਂ ਮਾੜਾ ਜਿਆ ਦੁਖ ਨੀ ਸਹਾਰਦੀ। ਰੋਣ ਤਾਂ ਇਹਦਾ ਵੱਟ 'ਤੇ ਪਿਆ ਰਹਿੰਦਾ।" ਮੀਕੇ ਨੇ ਕੁਝ ਹੋਰ ਗੱਲਾਂ ਕਰਕੇ ਫੋਨ ਬੰਦ ਕਰ ਦਿੱਤਾ ਅਤੇ ਤਾਰੇ ਕਿਆਂ ਬਾਰੇ ਸੋਚਣ ਲੱਗਾ।

ਤਾਰਾ ਪਿੰਡ ਦਾ ਛਟਿਆ ਬਦਮਾਸ਼ ਸੀ। ਛੋਟੇ ਹੁੰਦੇ ਨੇ ਕਿਸੇ ਨਾਲ ਰਲ ਕੇ ਨਾਲ ਦੇ ਪਿੰਡ ਕਤਲ ਕੀਤਾ ਅਤੇ ਬਚ ਗਿਆ। ਉਸ ਦਾ ਦਿਲ ਵੱਧ ਗਿਆ ਅਤੇ ਇਲਾਕੇ ਦੇ ਬਦਮਾਸ਼ਾਂ ਨਾਲ ਉਸ ਨੇ ਮੇਲ ਜੋਲ ਵਧਾ ਲਿਆ। ਹੌਲੀ ਹੌਲੀ ਪਿੰਡ ਵਿਚ ਸ਼ਰਾਬ ਕੱਢ ਕੇ ਵੇਚਣ ਦਾ ਧੰਦਾ ਕਰਨ ਲੱਗ ਪਿਆ ਤੇ ਫੇਰ ਅਫੀਮ ਵੀ ਵੇਚਣ ਲੱਗ ਪਿਆ। ਇਕ ਵਾਰ ਤਾਂ ਪੁਲੀਸ ਨੇ ਉਸ 'ਤੇ ਚੰਗੀ ਦੁੜਬੜੀ ਲਾਈ। ਪਿੰਡ ਦੇ ਸਰਪੰਚ ਦੇ ਕਹੇ ਸੁਣੇ ਉਸ ਨੂੰ ਛੱਡ ਦਿੱਤਾ। ਉਸ ਦਾ ਥਾਣੇਦਾਰ ਨਾਲ ਸੌਦਾ ਹੋ ਗਿਆ ਅਤੇ ਮਹੀਨਾ ਦੇਣ ਲੱਗ ਪਿਆ। ਪੁਲਸ ਨੇ ਅੱਖਾਂ ਬੰਦ ਕਰ ਲਈਆਂ ਅਤੇ ਤਾਰੇ ਦਾ ਤੋਰੀ ਫੁਲਕਾ ਚਲਦਾ ਰਿਹਾ।

ਹੁਣ ਤਾਰਾ ਐਨਾ ਕੁ ਹੰਢ ਵਰਤ ਗਿਆ ਸੀ ਕਿ ਜਦੋਂ ਕੋਈ ਨਵਾਂ ਥਾਣੇਦਾਰ ਆਉਂਦਾ ਤਾਂ ਤਾਰਾ ਪੈਸੇ ਲੈ ਜਾਂਦਾ ਅਤੇ ਥਾਣੇਦਾਰ ਦੇ ਸਾਹਮਣੇ ਜਾ ਬਹਿੰਦਾ। ਥਾਣੇਦਾਰ ਅੱਗੇ ਪੈਸੇ ਰੱਖਦਾ ਅਤੇ ਸਾਫ ਸ਼ਬਦਾਂ ਵਿਚ ਕਹਿੰਦਾ- "ਮੈਂ ਜੀ ਨਜਾਇਜ਼ ਸ਼ਰਾਬ ਵੇਚਦਾ ਤੇ ਕਦੇ ਕਦੇ 'ਫੀਮ ਵੀ ਵੇਚ ਲਈਦੀ ਆ। ਆਹ ਰਿਹਾ ਥੋਡਾ ਹਿੱਸਾ ਮਹੀਨੇ ਦੇ ਮਹੀਨੇ ਥੋਨੂੰ ਪਹੁੰਚ ਜਾਇਆ ਕਰੂ। ਕੋਈ ਹੋਰ ਸੇਵਾ ਹੋਵੇ ਤਾਂ ਹੁਕਮ ਕਰਿਉ।"

ਬਹੁਤੇ ਥਾਣੇਦਾਰ ਤਾਂ ਖੀ ਖੀ ਕਰਕੇ ਨੋਟ ਜੇਬ ਵਿਚ ਤੁੰਨ ਲੈਂਦੇ ਅਤੇ ਤਾਰੇ ਨੂੰ ਮਨ ਮਰਜ਼ੀ ਕਰਨ ਦੀ ਛੁੱਟੀ ਦੇ ਦਿੰਦੇ। ਗਿਆਨੀ ਥਾਣੇਦਾਰ ਪੁਲਸ ਵਿਚ ਹੁੰਦਿਆਂ ਵੀ ਆਪਣੇ ਧਰਮ ਕਰਮ 'ਤੇ ਪੱਕਾ ਸੀ। ਉਸ ਨੇ ਕਦੇ ਕਿਸੇ ਨਾਲ ਨਜਾਇਜ਼ ਨਹੀਂ ਕੀਤੀ ਸੀ ਅਤੇ ਨਾ ਹੀ ਕਦੇ ਕਿਸੇ ਸਿਆਸੀ ਬੰਦੇ ਦਾ ਰੋਹਬ ਮੰਨਿਆ। ਇਮਾਨਦਾਰ ਬੰਦਿਆਂ ਦੀ ਗੱਲ ਨੂੰ ਕਦੇ ਮੋੜਿਆ ਨਹੀਂ ਸੀ। ਪੈਸਾ ਕਿਸੇ ਤੋਂ ਖਾਧਾ ਨਹੀਂ ਅਤੇ ਪੈਸੇ ਦੇਣ ਵਾਲੇ ਨੂੰ ਬਖਸ਼ਿਆ ਨਹੀਂ।

ਤਾਰਾ ਪਹਿਲਾਂ ਵਾਂਗ ਹੀ ਗਿਆਨੀ ਥਾਣੇਦਾਰ ਦੇ ਜਾ ਮੱਥੇ ਲੱਗਿਆ ਅਤੇ ਪੈਸੇ ਮੇਜ਼ 'ਤੇ ਢੇਰੀ ਕਰ ਦਿੱਤੇ। ਗਿਆਨੀ ਨੇ ਸਿਪਾਹੀਆਂ ਨੂੰ ਸੱਦ ਲਿਆ ਅਤੇ ਤਾਰੇ ਨੂੰ ਬੋਕ ਵਾਂਗ ਢਾਹ ਲਿਆ। ਕੁੱਟ ਕੁੱਟ ਕੇ ਤਾਰੇ ਦੇ ਹੱਡੀਂ ਪਾਣੀ ਪਾ ਦਿੱਤਾ। ਹਵਾਲਾਤ ਵਿਚ ਬੰਦ ਕਰਕੇ ਉਸ 'ਤੇ ਵੱਢੀ ਦੇਣ ਦੀ ਕੋਸ਼ਿਸ਼ ਕਰਨ ਦਾ ਕੇਸ ਬਣਾ ਕੇ ਅਦਾਲਤ ਪੇਸ਼ ਕਰ ਦਿੱਤਾ। ਤਾਰੇ ਦੀ ਜ਼ਮਾਨਤ ਹੋ ਗਈ। ਪਿੰਡ ਜਾਣ ਤੋਂ ਪਹਿਲਾਂ ਤਾਰਾ ਇਲਾਕੇ ਦੇ ਐਮ ਐਲ ਏ ਕੋਲ ਜਾ ਪਿੱਟਿਆ।

"ਆਹ ਜੀ ਤੁਸੀਂ ਕਿਥੋਂ ਧਰਮਰਾਜ ਦੀ ਮਾਸੀ ਦਾ ਪੁੱਤ ਠਾਣੇ 'ਚ ਲੈ ਆਂਦਾ!" ਤਾਰਾ ਆਪਣਾ ਗੁੱਸਾ ਨਰਮੀ ਨਾਲ ਐਮ ਐਲ ਏ ਨੂੰ ਦਿਖਾ ਗਿਆ।

"ਕੀ ਗੱਲ ਹੋ 'ਗੀ ਤਾਰਾ ਸਿਆਂ ਐਨਾ ਗੁੱਸਾ ਕਿਹੜੀ ਗੱਲ ਦਾ!" ਐਮ ਐਲ ਏ ਨੂੰ ਤਾਰੇ 'ਤੇ ਬਣੇ ਕੇਸ ਦਾ ਪਤਾ ਸੀ ਪਰ ਉਹ ਸਿਆਸੀ ਸ਼ਤਰੰਜ ਖੇਡ ਗਿਆ।

"ਥੋਨੂੰ ਅਜੇ ਪਤਾ ਈ ਨੀ ਲੱਗਿਆ। ਐਥੇ ਮੇਰਾ ਗਰੀਬ ਦਾ ਕਚੂਮਰ ਕੱਢ 'ਤਾ।"

"ਤੂੰ ਗੱਲ ਵੀ ਦੱਸ ਕੋਈ!" ਐਮ ਐਲ ਏ ਅਣਜਾਣ ਬਣਿਆ ਬੈਠਾ ਸੀ।

ਤਾਰੇ ਨੇ ਸਾਰੀ ਵਿਥਿਆ ਸੁਣਾਈ ਅਤੇ ਪੂਰਾ ਪਿੱਟ ਪਟੂਆ ਕੀਤਾ। ਐਮ ਐਲ ਏ ਦਾ ਅੰਦਰ ਹਸਦਾ ਅਤੇ ਬਾਹਰੋਂ ਗੁੱਸੇ ਅਤੇ ਹੈਰਾਨੀ ਦੇ ਭਾਵ ਦਿਖਾਉਂਦਾ ਸੋਚਾਂ ਵਿਚ ਡੁਬਣ ਦਾ ਦਿਖਾਵਾ ਕਰ ਰਿਹਾ ਸੀ। "ਠਾਣੇਦਾਰ ਤਾਂ ਮਾੜਾ ਸਾਲਾ। ਕਿਸੇ ਠਾਣੇ 'ਚ ਦੋ ਮਹੀਨੇ ਤੋਂ ਵੱਧ ਕਿਸੇ ਨੇ ਟਿਕਣ ਨੀ ਦਿੱਤਾ। ਸਾਡੇ ਬੰਦਿਆਂ ਦਾ ਵੀ ਭੋਰਾ ਲਿਹਾਜ ਨੀ ਕਰਦਾ ਨਾਲੇ ਸਰਕਾਰ ਆਪਣੀ ਆ।"

"ਜੇ ਇਹ ਐਥੇ ਰਿਹਾ ਤਾਂ ਸਾਡਾ ਕੰਮ ਕਿਵੇਂ ਚੱਲੂ। ਵੋਟਾਂ ਵੀ ਸਿਰ 'ਤੇ ਸਮਝੋ। ਝੋਨਾ ਵੇਚ ਕੇ ਕਿਸੇ ਨੇ ਫੰਡ ਨੀ ਦੇਣਾ। ਫੰਡ ਵੀ ਸਾਡੇ ਵਰਗੇ ਈ ਦੇ ਸਕਦੇ ਆ।" ਤਾਰੇ ਨੇ ਤੀਰ ਟਕਾਣੇ ਵੱਜਿਆ ਮਹਿਸੂਸ ਕੀਤਾ। ਐਮ ਐਲ ਏ ਸੱਚੀਂ ਸੋਚਾਂ ਵਿਚ ਪਿਆ ਹੋਇਆ ਸੀ।

"ਮੀਨ੍ਹਾ ਵੀਹ ਦਿਨ ਕੱਟੋ ਜਿਵੇਂ ਕਿਵੇਂ। ਮੈਂ ਸੀ ਐਮ ਸਾਅਬ ਨਾਲ ਗੱਲ ਕਰਦਾ ਆਂ। ਇਹਦਾ ਵੱਢਦੇ ਆਂ ਫਾਹਾ ਕਿਤੇ।"

"ਮੀਨ੍ਹੇ ਵੀਹਾਂ ਦਿਨਾਂ ਵਿਚ ਤਾਂ ਅਮਲੀ ਊਈਂ ਰੱਬ ਨੂੰ ਪਿਆਰੇ ਹੋ ਜਾਣਗੇ। ਸਾਡਾ ਤਾਂ ਜੋ ਹੋਊ ਦੇਖੀ ਜਾਊ।"

"ਕੋਈ ਨੀ ਤਾਰਾ ਸਿਆਂ ਕਰਦੇ ਆਂ ਕੋਈ ਹੀਲਾ। ਤੂੰ ਫਿਕਰ ਨਾ ਕਰ ਮੈਂ ਆਂਊਂ ਕਿਸੇ ਦਿਨ ਤੇਰੇ ਕੋਲ।" ਤਾਰੇ ਨੂੰ ਲਾਰਾ ਲੱਪਾ ਲਾ ਕੇ ਐਮ ਐਲ ਏ ਨੇ ਵਾਪਿਸ ਭੇਜ ਦਿੱਤਾ।

ਗਿਆਨੀ ਥਾਣੇਦਾਰ ਦੀ ਬਦਲੀ ਦੋ ਕੁ ਮਹੀਨਿਆਂ ਵਿਚ ਹੋ ਗਈ ਅਤੇ ਤਾਰੇ ਹੋਰਾਂ ਲਈ ਜਿਵੇਂ ਪੂਰਾ ਚੰਦ ਚੜ੍ਹਿਆ ਹੋਵੇ। ਕੰਮ ਉਸ ਨੇ ਪੂਰੀ ਮਾਰਾ ਮਾਰੀ ਨਾਲ ਸ਼ੁਰੂ ਕਰ ਲਿਆ। ਉਸ ਨੇ ਕੰਮ ਕਰਨ ਦਾ ਢੰਗ ਬਦਲ ਲਿਆ ਅਤੇ ਪਿੰਡ ਵਿਚੋਂ ਕੁਝ ਕੁ ਜਵਾਨ ਮੁੰਡਿਆਂ ਨੂੰ ਆਪਣੇ ਚੇਲੇ ਬਣਾ ਲਿਆ। ਆਪ ਸ਼ਰਾਬ ਅਤੇ ਅਫੀਮ ਵੇਚਣ ਦੀ ਥਾਂ ਉਸ ਨੇ ਉਹਨਾਂ ਰਾਹੀਂ ਵੇਚਣ ਦਾ ਢੰਗ ਅਪਣਾ ਲਿਆ। ਹੌਲੀ ਹੌਲੀ ਨਾਲ ਦੇ ਪਿੰਡਾਂ ਵਿਚ ਵੀ ਚੇਲੇ ਬਣਾ ਲਏ। ਤਾਰਾ ਆਪ ਤਾਂ ਮੋਟਾ ਮੋਟਾ ਕੰਮ ਕਰਦਾ ਅਤੇ ਕੰਮ ਦਾ ਕੰਟਰੋਲ ਕਰਨ ਦੀ ਜ਼ਿੰਮੇਵਾਰੀ ਕੁਝ ਆਪ ਸਾਂਭ ਲਈਅਤੇ ਕੁਝ ਆਪਣੇ ਮੁੰਡੇ ਨੂੰ ਸੰਭਾਲ ਦਿੱਤੀ।

ਤਾਰੇ ਦਾ ਬਲੈਕ ਦਾ ਧੰਦਾ ਪੂਰੇ ਜੋਬਨ 'ਤੇ ਚੱਲ ਰਿਹਾ ਸੀ। ਜਿਥੇ ਆਮਦਨ ਵਿਚ ਵਾਧਾ ਹੋਇਆ ਉਥੇ ਲੁੱਚੇ ਲਫੰਗਿਆਂ ਨੂੰ ਨਾਲ ਜੋੜ ਕੇ ਪਿੰਡ ਵਿਚ ਸ਼ਰੀਫ ਆਦਮੀਆਂ 'ਤੇ ਵੀ ਰੋਹਬ ਪਾਉਣ ਜੋਗੀ ਉਸ ਕੋਲ ਤਾਕਤ ਬਣ ਗਈ। ਪੈਸੇ ਦਾ ਕੋਈ ਘਾਟਾ ਨਹੀਂ ਸੀ। ਐਮ ਐਲ ਏ ਦੀ ਖੁੱਲ੍ਹ ਕੇ ਉਸ ਨੇ ਪੈਸੇ ਨਾਲ ਮਦਦ ਕੀਤੀ। ਆਉਣ ਵਾਲੀਆਂ ਪੰਚਾਇਤ ਚੋਣਾਂ ਵਿਚ ਤਾਰੇ ਨੇ ਸਰਪੰਚੀ ਦੀ ਚੋਣ ਲਈ ਅਖਾੜੇ ਵਿਚ ਆ ਥਾਪੀ ਮਾਰੀ।

ਸਿਆਣੇ ਅਤੇ ਸਾਊ ਬੰਦਿਆਂ ਲਈ ਇਹ ਮਾੜੀ ਖ਼ਬਰ ਸੀ। ਉਹਨਾਂ ਵਿਚੋਂ ਕੁਝ ਕੁ ਨੇ ਡਟ ਕੇ ਅਤੇ ਕੁਝ ਨੇ ਲੁਕ ਲੁਕਾ ਕੇ ਉਸ ਦਾ ਵਿਰੋਧ ਕੀਤਾ। ਤਾਰੇ ਨੇ ਐਮ ਐਲ ਏ ਦੀਆਂ ਚੋਣਾਂ ਵਿਚ ਬਥੇਰੇ ਹੱਥ ਕੰਡੇ ਸਿੱਖ ਲਏ ਸਨ। ਉਹਨਾਂ ਨੂੰ ਹੁਣ ਆਪਣੀਆਂ ਚੋਣਾਂ ਵਿਚ ਅਜਮਾਉਣ ਦਾ ਸਮਾਂ ਆ ਗਿਆ ਸੀ। ਤਾਰੇ ਅੱਗੇ ਇਕੋ ਇਕ ਨਿਸ਼ਾਨਾ ਚੋਣ ਜਿੱਤਣ ਦਾ ਸੀ। ਚਾਹੇ ਉਸ ਲਈ ਉਸ ਨੂੰ ਕੋਈ ਵੀ ਠੀਕ ਗਲਤ ਰਾਹ ਅਪਨਾਉਣਾ ਪੈਂਦਾ। ਹੁਣ ਤਾਰੇ ਦੇ ਸਿਰ 'ਤੇ ਬੰਨ੍ਹੀ ਪੱਗ ਵਿਚੋਂ ਜਟੂਰੀਆਂ ਝਾਖਣ ਦੀ ਥਾਂ ਉਸ ਨੇ ਪੱਗ ਦੇ

ਲੜ ਵਾਹਵਾ ਪੋਚਵੇਂ ਬੰਨਣ੍ਹੇ ਸਿੱਖ ਲਏ ਸਨ। ਚਿੱਟੇ ਕੱਪੜੇ ਪਾ ਕੇ ਉਹ ਆਪਣੇ ਆਪ ਨੂੰ ਮਾਣ-ਸਨਮਾਣ ਵਾਲਾ ਆਦਮੀ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ। ਕੁਝ ਲੋਕ ਭਾਂਵੇਂ ਉਸ ਦੀ ਪਿੱਠ ਪਿੱਛੇ ਉਸ ਦਾ ਮਖੌਲ ਉਡਾਉਂਦੇ ਰਹਿੰਦੇ ਅਤੇ ਉਸ ਦੇ ਪਿਛੋਕੜ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੀਆ ਗੱਲਾਂ ਕਰਦੇ। 'ਸਾਲਿਆਂ ਦੀ ਚੌਥੀ ਪੀੜ੍ਹੀ ਹੋ 'ਗੀ ਗੰਦ ਖਾਂਦਿਆਂ 'ਤੇ ਵੇਚਦਿਆਂ ਦੀ।' ਕੋਈ ਨਫਰਤ ਨਾਲ ਕਹਿੰਦਾ। 'ਪੈਸੇ ਨਾਲ ਸਾਰੇ ਗੰਦ ਢਕੇ ਜਾਂਦੇ ਆ। ਦੇਖ ਲਾ ਪਿਉ ਨੂੰ ਕੁੱਟ ਕੇ ਬਾਂਹ ਤੋੜ 'ਤੀ ਸੀ ਤੇ ਹੁਣ ਲੋਕਾਂ ਦੇ ਭੋਗਾਂ 'ਤੇ ਜਾ ਕੇ ਮਾਂ ਪਿਉ ਦੀ ਸੇਵਾ ਕਰਨ ਦੀ ਸਿੱਖਿਆ ਦਿੰਦਾ।'

'ਇਹੁ ਜਾਰ ਪੈਸਾ ਕਿਤੇ ਕੰਜਰਾਂ ਕੋਲ ਥੋੜਾ ਹੁੰਦਾ। ਦੀਨ 'ਮਾਨ ਵੀ ਕੋਈ ਚੀਜ ਹੁੰਦੀ ਆ ਕਿ ਨਈਂ।' 'ਸਮੱਗਲਰ ਤੇ ਕੰਜਰ 'ਚ ਦੱਸ ਕੀ ਫਰਕ ਆ। ਜ਼ਮੀਰ ਵੇਚ ਕੇ ਪੈਸੇ ਨਾਲ ਕੰਜਰ ਵੀ ਕਾਰਾਂ ਕੋਠੀਆਂ ਖਰੀਦ ਲੈਂਦੇ ਆ ਤੇ ਸਮੱਗਲਰ ਵੀ। ਇਹਨਾਂ ਕਾਰਾਂ ਕੋਠੀਆਂ ਦੇ ਸਿਰ 'ਤੇ ਈ ਉਹ ਆਪਣੇ ਆਪ ਨੂੰ ਨਾਢੂ ਖਾਂ ਸਮਝਣ ਲੱਗ ਜਾਂਦੇ ਆ। ਇਹ ਨੀ ਸਮਝਦੇ ਬਈ ਲੋਕ ਉਹਨਾਂ 'ਤੇ ਦਿਲੋਂ ਥੁੱਕਣਾ ਵੀ ਪਸੰਦ ਨੀ ਕਰਦੇ।'

'ਉਹ ਸੁਣੋ ਮੇਰੀ ਗੱਲ। ਅੱਜ ਕੱਲ੍ਹ ਲੋਕ ਪੈਸੇ ਨੂੰ ਸਲਾਮ ਕਰਦੇ ਆ। ਕੋਈ ਨੀ ਦੇਖਦਾ ਅਗਲੇ ਨੇ ਪੈਸਾ ਬਣਾਇਆ ਕਿਵੇਂ ਆ। ਆਹ ਜਿਹੜੇ ਐਮ ਐਲ ਏ ਤੇ ਮੰਤਰੀ ਸੰਤਰੀ ਲੋਕਾਂ ਤੋਂ ਵੱਢੀਆਂ ਲੈ ਕੇ ਆਪਦੀਆਂ ਜੇਬਾਂ ਭਰੀ ਜਾਂਦੇ ਆ। ਇਹ ਕਿਹੜਾ ਸਮਗਲਰਾਂ ਜਾਂ ਕੰਜਰਾਂ ਤੋਂ ਘੱਟ ਆ।' ਤੇ ਲੋਕ ਅਜੋਕੀ ਸਿਆਅਤ ਦੀ ਪੁਣ-ਛਾਣ ਕਰਦੇ ਪਰ ਕੁਝ ਵੀ ਬਦਲਣ ਦੀ ਉਹਨਾਂ ਨੂੰ ਸਮਝ ਨਾ ਆਉਂਦੀ। ਸਿਆਸਤ ਦਿਨੋ ਦਿਨ ਹੋਰ ਨਿਘਰਦੀ ਜਾਂਦੀ।

ਕੋਈ ਸੱਦਾ ਪੱਤਰ ਭੇਜਦਾ ਜਾਂ ਨਾ ਤਾਰਾ ਹਰ ਕਿਸੇ ਦੇ ਪਾਠ ਜਾਂ ਅਖੰਡ ਪਾਠ ਦੇ ਭੋਗ 'ਤੇ ਜ਼ਰੂਰ ਸ਼ਾਮਲ ਹੁੰਦਾ। ਵਿਆਹ ਸ਼ਾਦੀ 'ਤੇ ਤਾਂ ਉਹ ਜ਼ਰੂਰ ਜਾਂਦਾ। ਵਿਆਹ ਤੋਂ ਇਕ ਦੋ ਦਿਨ ਪਹਿਲਾਂ ਚਾਹ ਪਾਣੀ ਪੀ ਕੇ ਉਹ ਘਰ ਦੇ ਮਾਲਕ ਨੂੰ ਇਕ ਪਾਸੇ ਲੈ ਜਾਂਦਾ। "ਦਾਰੂ ਦਾ ਬੰਦੋਬਸਤ ਕਰ ਲਿਆ ਕੁ ਮੁੰਡੇ ਨੂੰ ਕਹਿ ਕੇ ਮੈਂ ਭੇਜਾਂ। ਵਿਆਹ 'ਚ ਤਾਂ ਸਾਲੇ ਹੋਰ ਖਰਚੇ ਈ ਨੀ ਪੱਟੀ ਬੰਨਣ ਦਿੰਦੇ। ਐਥੇ ਤਾਂ ਘਰ ਦੀ ਗੱਲ ਆ ਆਪੇ ਪੈਸੇ ਪਿਛੋਂ ਆ ਜਾਣਗੇ।" ਸ਼ਰਾਬ ਤਾਂ ਅਗਲਾ ਵਿਆਹ ਤੋਂ ਇਕ ਅੱਧ ਦਿਨ ਪਹਿਲਾਂ ਹੀ ਚੱਕਦਾ ਹੋਣ ਕਰਕੇ ਤਾਰੇ ਦਾ ਜਾਦੂ ਚੱਲ ਜਾਂਦਾ। ਸ਼ਰਾਬ ਵੀ ਵੇਚ ਲੈਂਦਾ ਅਤੇ ਅਹਿਸਾਨ ਵੀ ਕਰ ਦਿੰਦਾ। ਭਵਿੱਖ ਵਿਚ ਅਗਲਾ ਉਸ ਦੀ ਝੇਪ ਮੰਨਣ ਲਈ ਮਜ਼ਬੂਰ ਹੋ ਜਾਂਦਾ।

ਤਾਰੇ ਨੇ ਆਪਣੀ ਬੋਲੀ ਵਿਚ ਵੀ ਤਬਦੀਲੀ ਕਰ ਲਈ ਸੀ। ਵੋਟਾਂ ਨੇੜੇ ਹੋਣ ਕਰਕੇ ਉਹ ਹਰ ਕਿਸੇ ਨਾਲ ਬਹੁਤ ਨਰਮੀ ਨਾਲ ਗੱਲ ਕਰਦਾ। ਉਸ ਨੂੰ ਪਤਾ ਸੀ ਕਿ ਜੱਟਾਂ ਦੀਆਂ ਵੋਟਾਂ ਤਾਂ ਅੱਧੋ ਅੱਧੀ ਵੰਡੀਆਂ ਜਾਣਗੀਆਂ। ਫੈਸਲਾ ਤਾਂ 'ਵਿਹੜੇ' ਵਾਲੇ ਗਰੀਬ ਲੋਕਾਂ ਨੇ ਕਰਨਾ ਸੀ। ਉਸ ਨੇ ਕਿਸੇ ਨੂੰ ਖੇਤੋਂ ਪੱਠੇ ਵਢਾ, ਕਿਸੇ ਨੂੰ ਤੇਰ੍ਹਵੇਂ ਮਹੀਨੇ ਕਣਕ ਦੇਹ, ਕਿਸੇ ਨੂੰ ਤੂੜੀ ਅਤੇ ਕਿਸੇ ਨੂੰ ਛਿਟੀਆਂ ਦੇ ਕੇ ਖਰੀਦਣ ਦੀ ਕੋਸ਼ਿਸ਼ ਕੀਤੀ।

ਵੋਟਾਂ ਤੋਂ ਕੁਝ ਦਿਨ ਪਹਿਲਾਂ ਸ਼ਰਾਬ ਦੇ ਭੰਡਾਰੇ ਖੋਲ੍ਹ ਦਿੱਤੇ ਅਤੇ ਅਮਲੀਆਂ ਲਈ ਅਫੀਮ ਦਾ ਮਾਵਾ ਮੁਫਤ ਵੰਡਣ ਲੱਗ ਪਿਆ। ਮੁਫਤ ਖੋਰਾਂ ਨੇ ਹਵਾ ਤਾਰੇ ਦੇ ਹੱਕ ਵਿਚ ਕਰ ਦਿੱਤੀ। ਤਾਰੇ ਦੇ ਐਬ ਨਿੱਕੇ ਨਿੱਕੇ ਅਹਿਸਾਨਾਂ ਨੇ ਢੱਕ ਦਿੱਤੇ। ਤਾਰੇ ਨੂੰ ਅਜੇ ਵੀ ਹਾਰ ਜਾਣ ਦਾ ਧੁੜਕੂ ਸੀ। ਉਸ ਨੇ ਵੋਟਾ ਤੋਂ ਪਹਿਲੀ ਰਾਤ 'ਵਿਹੜੇ'ਵਿਚ ਪੈਸੇ ਵੰਡ ਕੇ ਆਪਣਾ ਡਰ ਦੂਰ ਕਰ ਲਿਆ ਅਤੇ ਤਾਰਾ ਸਰਪੰਚੀ ਦੀ ਚੋਣ ਜਿੱਤ ਗਿਆ।

ਇਹ ਜਿੱਤ ਤਾਰੇ ਦੇ ਬਹੁਤ ਰਾਸ ਆਈ। ਪਟੜੀ ਫੇਰ ਪਿੰਡਾਂ ਵਿਚ ਤਾਰੇ ਦੀ ਜਾਣ ਪਛਾਣ ਵੀ ਵੱਧ ਗਈ ਅਤੇ ਅਸਰ ਰਸੂਖ ਵੀ। ਨਾਲੋ ਨਾਲ ਉਸ ਦਾ ਸ਼ਰਾਬ ਅਫੀਮ ਦਾ ਧੰਦਾ ਵੀ ਪ੍ਰਫੁਲਤ ਹੁੰਦਾ ਗਿਆ। ਜਿੱਤਣ ਤੋਂ ਪਿੱਛੋਂ ਤਾਰੇ ਦਾ ਲੋਕਾਂ ਨਾਲ ਵਰਤਾਅ ਵੀ ਬਦਲ ਗਿਆ। ਆਮ ਅਤੇ ਸਧਾਰਣ ਲੋਕਾਂ ਦੀ ਬੇਇੱਜ਼ਤੀ ਕਰਨ ਨੂੰ ਉਹ ਮਿੰਟ ਲਾਉਂਦਾ। ਉਹ ਆਪਣੇ ਆਪ ਨੂੰ ਪਿੰਡ ਦਾ ਮਾਲਕ ਸਮਝਣ ਲੱਗਾ। ਸਰਕਾਰ ਵੱਲੋਂ ਆਈਆਂ ਗਰਾਂਟਾਂ ਨੂੰ ਉਸ ਨੇ ਦੋਵੇਂ ਹੱਥੀਂ ਹੜੱਪਿਆ ਅਤੇ ਚੋਣਾਂ ‘ਤੇ ਹੋਏ ਖਰਚ ਨੂੰ ਪੂਰਾ ਕਰਕੇ ਅਗਲੀਆਂ ਚੋਣਾਂ ਲਈ ਵੀ ਬਚਾ ਲਏ।

ਚੋਣਾਂ ਵੇਲੇ ਤਾਰਾ ਉਹੀ ਹੱਥ ਕੰਡੇ ਵਰਤਦਾ। ਮਿੱਠਾ ਪਿਆਰਾ ਹੁੰਦਾ। ਵਿਹੜੇ ਜਾ ਕੇ ਬੁੱਢੀਆਂ ਠੇਰੀਆਂ ਦੇ ਪੈਰੀਂ ਹੱਥ ਲਾਉਂਦਾ ਅਤੇ ਚੋਣਾਂ ਜਿੱਤ ਕੇ ਉਹਨਾਂ ਨੂੰ ਹੀ ਗਾਹਲਾਂ ਕੱਢਦਾ। ਮੁਫ਼ਤ ਦੇ ਬਣੇ ਪੈਸੇ ਨਾਲ ਉਹ ਗਰੀਬਾਂ ਨੂੰ ਖਰੀਦ ਲੈਂਦਾ ਜਾਂ ਖਰੀਦਣ ਦੀ ਕੋਸ਼ਿਸ਼ ਕਰਦਾ। ਹਰ ਵੇਰ ਲੋਕਾਂ ਨੂੰ ਮੂਰਖ ਬਣਾਉਂਦਾ ਅਤੇ ਲੋਕ ਮੂਰਖ ਬਣਦੇ। ਤਾਰਾ ਜਿੱਤਦਾ ਅਤੇ ਆਪਣੇ ਵਰਗੇ ਅਪਰਾਧੀ ਬਿਰਤੀ ਵਾਲੇ ਸਿਆਸਤਦਾਨਾਂ ਵਿਚ ਸ਼ਾਮਲ ਹੁੰਦਾ। ਲੋਕ ਉਸ ਨੂੰ ਗੰਦਾ ਅੰਡਾ ਸੱਦਦੇ ਅਤੇ ਦੁਨੀਆਂ ਭਰ ਦਾ ਗੰਦ ਸਮਝਦੇ ਪਰ ਉਸ ਦੀ ਝੇਪ ਨਾ ਚੁੱਕ ਸਕਦੇ। ਤਾਰੇ ਦਾ ਤੋਰੀ ਫੁਲਕਾ ਵਧੀਆ ਚੱਲ ਰਿਹਾ ਸੀ।

ਮੀਕੇ ਨੂੰ ਜੱਗੇ ਦਾ ਹੋਰ ਵੀ ਫਿਕਰ ਹੋਇਆ ਜਦ ਉਸ ਨੂੰ ਆਪਣੇ ਡਰਾਈਵਰ ਮੋਹਣੇ ਦੀ ਗੱਲ ਯਾਦ ਆਈ। ਤਾਰੇ ਦਾ ਆਪਣੇ ਛੋਟੇ ਭਰਾ ਜੀਤੇ ਨਾਲ ਭਰਾਵੀਂ ਗੁੱਸਾ ਗਿਲਾ ਸੀ। ਤਾਰੇ ਨੇ ਜੀਤੇ ਨੂੰ ਸਬਕ ਸਿਖਾਉਣ ਲਈ ਤਿੰਨ ਬਦਮਾਸ਼ਾਂ ਨੂੰ ਪੈਸੇ ਦੇ ਕੇ ਉਸ ਦੀਆਂ ਲੱਤਾਂ ਤੁੜਵਾ ਦਿੱਤੀਆਂ। ਜੀਤਾ ਉਮਰ ਭਰ ਦਾ ਆਹਰੀ ਹੋ ਗਿਆ। ਤੁਰਨ ਫਿਰਨ ਤਾਂ ਭਾਂਵੇਂ ਉਹ ਲੱਗ ਗਿਆ ਪਰ ਉਸ ਦੀਆਂ ਲੱਤਾਂ ਵਿਚ ਠੰਡੇ ਮੌਸਮ ਵਿਚ ਪੀੜ ਹੁੰਦੀ ਰਹਿੰਦੀ। ਉਹ ਵੀ ਅਫੀਮ ਖਾਣ ਲੱਗ ਗਿਆ ਅਤੇ ਉਸ ਨੇ ਹਾਰ ਕੇ ਤਾਰੇ ਨਾਲ ਸਮਝੌਤਾ ਕਰ ਲਿਆ। ਮੀਕੇ ਨੂੰ ਹੈਰਾਨੀ ਹੋਈ ਜਦੋਂ ਮੋਹਣੇ ਨੇ ਉਸ ਨੂੰ ਦੱਸਿਆ ਕਿ ਤਾਰੇ ਨੇ ਉਹਨਾਂ ਬਦਮਾਸ਼ਾਂ ਨੂੰ ਕਾਰਮੇ ਪੈਸਿਆਂ ਵਿਚੋਂ ਮਸਾਂ ਚੌਥਾ ਹਿੱਸਾ ਦੇ ਕੇ ਵਰਾ ਦਿੱਤਾ ਅਖੇ ਉਹਨਾਂ ਨੇ ਲੱਤਾਂ ਚੰਗੀ ਤਰ੍ਹਾਂ ਨਹੀਂ ਤੋੜੀਆਂ ਅਤੇ ਜੀਤਾ ਅਜੇ ਵੀ ਤੁਰਿਆ ਫਿਰਦਾ। ਉਹਨਾਂ ਬਦਮਾਸ਼ਾਂ ਨੇ ਸਾਰੀ ਗੱਲ ਜੀਤੇ ਨੂੰ ਆ ਦੱਸੀ। ਜੀਤਾ ਮਜਬੂਰੀ ਵੱਸ ਚੁੱਪ ਕਰ ਗਿਆ। ਮੀਕਾ ਸੋਚਣ ਲੱਗਾ ਜਿਹੜਾ ਬੰਦਾ ਆਪਣੇ ਸਕੇ ਭਰਾ ਦੀਆਂ ਲੱਤਾਂ ਤੁੜਵਾ ਸਕਦਾ ਹੈ ਉਹ ਭਲਾ ਜੱਗੇ ਨਾਲ ਭਲੀ ਗੁਜਾਰੂ! ਮੀਕੇ ਨੇ ਅਜੇ ਤੱਕ ਇਹ ਨਹੀਂ ਸੋਚਿਆ ਸੀ ਕਿ ਅਸਲ ਤਾਕਤ ਪੈਸੇ ਦੀ ਨਹੀਂ ਸਗੋਂ ਖੁਦਦਾਰੀ ਦੀ ਹੁੰਦੀ ਹੈ।

## ਪੰਦਰਵਾਂ

ਤੀਜੇ ਦਿਨ ਸੀਤੋ ਨੂੰ ਹਸਪਤਾਲ ਤੋਂ ਫੋਨ ਆਇਆ ਅਤੇ ਉਹ ਮੀਕੇ ਨੂੰ ਨਾਲ ਲੈ ਕੇ ਹਸਪਤਾਲ ਚਲੀ ਗਈ । ਉਸ ਨੂੰ ਦਾਖਲ ਕਰਕੇ ਉਸ ਦਾ ਮੁਆਇਨਾ ਕੀਤਾ ਗਿਆ। ਉਸ ਦਿਨ ਬਲੱਡ ਪ੍ਰੈਸ਼ਰ ਠੀਕ ਹੋਣ ਕਰਕੇ ਡਾਕਟਰਾਂ ਨੇ ਉਸੇ ਦਿਨ ਹੀ ਅਪਰੇਸ਼ਨ ਕਰਕੇ ਬੱਚਾ ਪੈਦਾ ਕਰਨ ਦਾ ਫੈਸਲਾ ਕਰ ਲਿਆ। ਇਹ ਫੈਸਲਾ ਉਹਨਾਂ ਨੇ ਮੀਕੇ ਅਤੇ ਸੀਤੋ ਦੋਵਾਂ ਨੂੰ ਦੱਸ ਦਿੱਤਾ ਅਤੇ ਲੋੜੀਂਦੇ ਕਾਗਜਾਂ ‘ਤੇ ਦਸਤਖਤ ਕਰਵਾ ਲਏ। ਮੀਕਾ ਅਤੇ ਸੀਤੋ ਸੰਭਵੀ ਖਤਰਿਆਂ ਅਤੇ ਸੀਤੋ ਦੀ ਤਕਲੀਫ਼ ਬਾਰੇ ਗੱਲਾਂ ਕਰਨ ਲੱਗੇ। ਮੀਕਾ ਹਮੇਸ਼ਾਂ ਦੀ ਤਰ੍ਹਾਂ ਸੀਤੋ ਨੂੰ ਤਸੱਲੀਆਂ ਦਿੰਦਾ ਰਿਹਾ ਅਤੇ ਸੀਤੋ ਆਪਣੇ ਸੁਭਾਅ ਅਨੁਸਾਰ ਬਿੰਦੇ ਝੱਟੇ ਅੱਖਾਂ ਵਿਚੋਂ ਨੀਰ ਵਗਾਉਂਦੀ ਰਹੀ। ਜਿਸ ਦਾ ਕਾਰਨ ਨਾ ਸੀਤੋ ਨੂੰ ਪਤਾ ਸੀ ਅਤੇ ਨਾ ਮੀਕੇ ਨੂੰ।

“ਤੂੰ ਡਰਦੀ ਕਿਉਂ ਆਂ। ਤੇਰਾ ਕਿਹੜਾ 'ਕੱਲੀ ਦਾ ਅਪਰੇਸ਼ਨ ਹੋਣ ਲੱਗਿਆ। ਇੰਡੀਆ ‘ਚ ਤਾਂ ਹੁਣ ਅਪਰੇਸ਼ਨ ਨਾਲ ਬੱਚੇ

ਜੰਮਣਾ ਫੈਸ਼ਨ ਬਣ ਗਿਆ ਆ।" ਕਿਸੇ ਡਾਕਟਰ ਦੋਸਤ ਦੀ ਕਹੀ ਗੱਲ ਮੀਕੇ ਨੂੰ ਯਾਦ ਆ ਗਈ ਜੋ ਉਸ ਨੂੰ ਬਹੁਤ ਢੁਕਵੀਂ ਲੱਗੀ ਸੀ।

"ਨਹੀਂ ਮੈਂ ਡਰਦੀ ਤਾਂ ਨੀ। ਪਤਾ ਨੀ ਕਿਉਂ ਮੇਰਾ ਰੋਣ ਨਿਕਲੀ ਜਾਂਦਾ। ਰੱਬ ਭਲੀ ਕਰੇ।" ਸੀਤੋ ਨੇ ਦੋਵੇਂ ਹੱਥ ਜੋੜ ਕੇ ਮੱਥੇ ਨੂੰ ਲਾਏ।

"ਡਰਦੀ ਨੀ ਤਾਂ ਫੇਰ ਬੂਕੀ ਕਿਉਂ ਜਾਨੀ ਐਂ। ਐਦੂੰ ਤਾਂ ਚੰਗਾ ਸੀ ਨਿਆਣਾ ਈ ਮੈਂ ਜੰਮ ਲੈਂਦਾ।" ਮੀਕੇ ਦੀ ਗੱਲ ਸੁਣ ਕੇ ਸੀਤੋ ਦਾ ਖੱਟਾ ਮਿੱਠਾ ਜਿਹਾ ਹਾਸਾ ਨਿਕਲ ਗਿਆ।

"ਚਲੋ ਅਗਲੇ ਜਨਮ 'ਚ ਤੁਸੀਂ ਜੰਮ ਲਿਉ। ਮੈਂ ਥੋਡੀ ਸੇਵਾ ਕਰੂੰ।" ਸੀਤੋ ਨੇ ਮੋਹ ਭਰੀਆਂ ਅੱਖਾਂ ਨਾਲ ਮੀਕੇ ਵੱਲ ਵੇਖਿਆ।

"ਆਹ ਜਨਮ ਦਾ ਫਿਕਰ ਨੀ ਕਰਦੇ ਲੋਕ। ਅਗਲੇ ਜਨਮ ਦੀਆਂ ਸ਼ੇਖ ਚਿਲੀਆਂ ਵਰਗੀਆਂ ਗੱਲਾਂ ਕਰਦੇ ਰਹਿੰਦੇ ਆ। ਨਾ ਕਿਸੇ ਨੇ ਅਗਲਾ ਜਨਮ ਦੇਖਿਆ ਤੇ ਨਾ ਕਿਸੇ ਨੂੰ ਪਿਛਲੇ ਬਾਰੇ ਕੁਸ ਯਾਦ ਆ।"

"ਤੁਸੀਂ ਵੀ ਗੱਲ ਕਿਤੇ ਦੀ ਕਿਤੇ ਲੈ ਜਾਂਨੇ ਆਂ।" ਸੀਤੋ ਨੇ ਨਿਹੋਰੇ ਨਾਲ ਬੁੱਲ੍ਹ ਸਿਕੋੜ ਕੇ ਕਿਹਾ। ਗੱਲਾਂ ਬਾਤਾਂ ਨਾਲ ਸੀਤੋ ਦਾ ਰੋਣ ਥੱਮ ਗਿਆ ਸੀ ਅਤੇ ਉਹ ਕੁਝ ਦੇਰ ਲਈ ਆਪਣੇ ਅਪਰੇਸ਼ਨ ਅਤੇ ਬੱਚੇ ਬਾਰੇ ਭੁੱਲ ਗਈ ਸੀ।

ਨਰਸ ਆਈ ਅਤੇ ਉਸ ਨੂੰ ਆਪਣੇ ਕੱਪੜੇ ਬਦਲ ਕੇ ਹਸਪਤਾਲ ਦਾ ਗਾਊਨ ਪਾਉਣ ਲਈ ਦੇ ਗਈ। ਸੀਤੋ ਦੇ ਚਿਹਰੇ 'ਤੇ ਫਿਰ ਭੈਅ ਦੇ ਨਿਸ਼ਾਨ ਉਭਰੇ ਅਤੇ ਉਸ ਨੇ ਡਰਦਿਆਂ ਮੀਕੇ ਵੱਲ ਵੇਖਿਆ। ਮੀਕਾ ਮੁਸਕਰਾਇਆ। "ਲਿਆ ਫੜਾ ਗਾਊਨ ਮੈਂ ਪਾ ਲੈਨਾ।" ਮੀਕੇ ਦੀਆਂ ਅੱਖਾਂ ਵਿਚਲੀ ਸ਼ਰਾਰਤੀ ਮੁਸਕਾਨ ਨੇ ਸੀਤੋ ਨੂੰ ਥੋੜਾ ਹੌਸਲਾ ਦਿੱਤਾ। ਉਸ ਨੇ ਮੁਸਕਰਾਉਣ ਦਾ ਯਤਨ ਕੀਤਾ।

ਏਨੇ ਚਿਰ ਨੂੰ ਨਰਸ ਫਿਰ ਆ ਗਈ ਅਤੇ ਸੀਤੋ ਵੱਲ ਵੇਖ ਕੇ ਮੁਸਕਰਾਈ। ਉਹ ਉਸ ਨੂੰ ਸਮਝਾਉਣ ਲੱਗੀ ਕਿ ਅਪਰੇਸ਼ਨ ਨੂੰ ਕਿੰਨਾ ਸਮਾਂ ਲੱਗੇਗਾ ਅਤੇ ਅਪਰੇਸ਼ਨ ਕੌਣ ਕਰੇਗਾ, ਬਗੈਰਾ। ਸੀਤੋ ਅਤੇ ਮੀਕਾ ਧਿਆਨ ਨਾਲ ਉਸ ਨੂੰ ਸੁਣਦੇ ਰਹੇ। ਉਹਨਾਂ ਨੇ ਬਹੁਤ ਲੋਕਾਂ ਦੇ ਅਪਰੇਸ਼ਨ ਨਾਲ ਬੱਚੇ ਜੰਮਣ ਬਾਰੇ ਸੁਣਿਆ ਸੀ ਪਰ ਉਹਨਾਂ ਦਾ ਇਹ ਪਹਿਲਾ ਮੌਕਾ ਸੀ। ਬਾਕੀ ਦੇ ਬੱਚੇ ਤੰਦਰੁਸਤੀ ਨਾਲ ਪੈਦਾ ਹੋ ਗਏ ਸਨ। ਐਤਕੀਂ ਉਹਨਾਂ ਦੀ ਭਿਆਂ ਬੋਲੀ ਪਈ ਸੀ। ਮੀਕੇ ਨੇ ਕਈ ਵਾਰ ਮਖੌਲ ਨਾਲ ਸੀਤੋ ਨੂੰ ਚਿੜਾਇਆ ਸੀ ਜਿਹੜਾ ਮੁੰਡਾ ਤੂੰ ਜੰਮਣ ਨੂੰ ਫਿਰਦੀ ਐਂ ਉਹ ਜੰਮਣ ਤੋਂ ਪਹਿਲਾਂ ਈ ਐਨਾ ਦੁਖੀ ਕਰੀ ਜਾਂਦਾ ਤਾਂ ਜੰਮ ਕੇ ਪਤਾ ਨੀ ਕਿਹੋ ਜਿਹਾ ਚੰਦ ਚਾੜੂ! ਉਦੋਂ ਮੀਕੇ ਨੂੰ ਪਤਾ ਨਹੀਂ ਸੀ ਉਸ ਦੇ ਸ਼ੁਗਲ ਵਿਚ ਬੋਲੇ ਬੋਲ ਕਿਸ ਹੱਦ ਤੱਕ ਸੱਚ ਹੋਣਗੇ!

"ਨਰਸ, ਮੈਂ ਕਿੰਨ੍ਹਾ ਕੁ ਚਿਰ ਬੇਹੋਸ਼ ਰਹੂੰਗੀ।" ਸੀਤੋ ਨੇ ਉੱਤਸੁਕਤਾ ਨਾਲ ਪੁੱਛਿਆ।

"ਕੁਝ ਦੇਰ ਤੱਕ। ਬੇਹੋਸ਼ੀ ਦੀ ਦਵਾਈ ਦਾ ਅਸਰ ਹਰ ਕਿਸੇ 'ਤੇ ਅੱਡੋ ਅੱਡੀ ਹੁੰਦਾ। ਫਿਕਰ ਵਾਲੀ ਕੋਈ ਗੱਲ ਨੀ।" ਨਰਸ ਨੇ ਉਸ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ।

"ਫੇਰ ਤਾਂ ਮੈਨੂੰ ਵਾਹਵਾ ਚਿਰ ਪਿੱਛੋਂ ਪਤਾ ਲੱਗੂ ਬਈ ਮੁੰਡਾ ਹੋਇਆ ਕੁ ਕੁੜੀ!" ਨਰਸ ਦੇ ਜਾਣ ਤੋਂ ਬਾਅਦ ਸੀਤੋ ਨੇ ਮੀਕੇ ਨੂੰ ਉਦਾਸੀਆਂ ਅੱਖਾਂ ਨਾਲ ਵੇਖਦਿਆਂ ਕਿਹਾ।

"ਤੇਰੇ ਵਰਗੀ ਪਾਗਲ ਜਨਾਨੀ ਮੈਂ ਨੀ ਦੇਖਣੀ ਸਾਰੀ ਉਮਰ 'ਚ। ਤੈਨੂੰ ਰੱਬ ਨੇ ਸਪੈਸ਼ਲ ਪੀਸ ਬਣਾ ਕੇ ਈ ਮੇਰੇ ਵਾਸਤੇ

ਭੇਜਿਆ। ਜੋ ਤੂੰ ਜੰਮਿਆ ਮੈਂ ਤੇਰੇ ਬੇਹੋਸ਼ ਪਈ ਦੇ ਕੰਨ ਵਿਚ ਦੱਸ ਦੂੰ।" ਮੀਕਾ ਖਿਝਿਆ ਹੋਣ 'ਤੇ ਵੀ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਤੁਸੀਂ ਐਂਵੇਂ ਈ ਗੁੱਸੇ ਹੋਈ ਜਾਨੇ ਔਂ। ਮੈਨੂੰ ਤਾਂ ਖੁਤ ਖੁਤੀ ਲੱਗੀ ਪਈ ਐ ਬਈ ਕੁੜੀ ਹੋਊ ਕੁ ਮੁੰਡਾ।"

ਐਨੇ ਨੂੰ ਨਰਸ ਵੀਲ੍ਹ ਚੇਅਰ ਲੈ ਕੇ ਆ ਗਈ ਅਤੇ ਸੀਤੋ ਨੂੰ ਅਪਰੇਸ਼ਨ ਥੀਏਟਰ ਵੱਲ ਲੈ ਗਈ। ਮੀਕਾ ਵੀ ਨਾਲ ਨਾਲ ਤੁਰਿਆ ਜਾ ਰਿਹਾ ਸੀ। ਮੀਕੇ ਨੂੰ ਵੀ ਅਚਾਨਕ ਮਾੜਾ ਜਿਹਾ ਫਿਕਰ ਹੋਇਆ। ਉਸ ਨੇ ਸੀਤੋ ਨੂੰ ਅਪਰੇਸ਼ਨ ਥੀਏਟਰ ਦੇ ਅੰਦਰ ਜਾਂਦਿਆਂ ਵੇਖਿਆ ਅਤੇ ਸੀਤੋ ਦਾ ਫੜਿਆ ਹੱਥ ਆਪਣੇ ਆਪ ਛੁੱਟ ਗਿਆ। ਮੀਕਾ ਬਾਹਰ ਆ ਕੇ ਮੈਟਰਨਟੀ ਵਾਰਡ ਦੇ ਵੇਟਿੰਗ ਰੂਮ ਵਿਚ ਬੈਠ ਗਿਆ। ਉਸ ਨੇ ਮਨ ਵਿਚ ਬੇਚੈਨੀ ਮਹਿਸੂਸ ਕੀਤੀ ਅਤੇ ਸਾਹਮਣੇ ਮੇਜ਼ 'ਤੇ ਪਏ ਮੈਗਜ਼ੀਨਾਂ ਵਿਚੋਂ ਇਕ ਚੁੱਕ ਕੇ ਉਸ ਦੇ ਵਰਕੇ ਫਰੋਲਣ ਲੱਗਿਆ। ਉਸ ਦੇ ਮਨ ਨੂੰ ਫਿਰ ਵੀ ਧਰਵਾਸ ਨਾ ਆਇਆ।

ਉਹ ਬੈਠਾ ਸੀਤੋ ਬਾਰੇ ਸੋਚਣ ਲੱਗਾ। ਸ਼ਾਇਦ ਐਸ ਵੇਲੇ ਉਹ ਉਸ ਦੀ ਚੀਰ ਫਾੜ ਕਰ ਰਹੇ ਹੋਣਗੇ। ਕਿਤੇ ਸੀਤੋ ਨੂੰ ਕੋਈ ਤਕਲੀਫ ਤਾਂ ਨੀ ਹੋਵੇਗੀ! ਉਸ ਦਾ ਮਨ ਵੀ ਸੋਚਣ ਲੱਗਾ ਕਿ ਮੁੰਡਾ ਹੋਵੇਗਾ ਕਿ ਕੁੜੀ! ਉਸ ਨੇ ਮਨ ਹੀ ਮਨ ਮੁੰਡੇ ਦੀ ਇੱਛਾ ਕੀਤੀ। ਜੇ ਮੁੰਡਾ ਹੋਇਆ ਤਾਂ ਉਸ ਨਾਲ ਮੀਕਾ ਕਿਵੇਂ ਖੇਡਿਆ ਕਰੇਗਾ! ਕੁੜੀਆਂ ਨਾਲੋਂ ਉਸ ਦੀਆਂ ਖੇਡਾਂ ਵੱਖਰੀਆਂ ਹੀ ਹੋਣਗੀਆਂ। ਉਹ ਸੋਚਦਾ ਸੋਚਦਾ ਆਪਣੇ ਮਨ ਵਿਚ ਹੋਰ ਕਈ ਕਿਸਮ ਦੇ ਵਿਚਾਰਾਂ ਨਾਲ ਜੂਝਦਾ ਰਿਹਾ। ਉਸ ਨੇ ਬੇਚੈਨੀ ਜਿਹੀ ਮਹਿਸੂਸ ਕੀਤੀ ਅਤੇ ਉਹ ਉੱਠ ਕੇ ਖਿੜਕੀ ਦੇ ਕੋਲ ਚਲਾ ਗਿਆ।

ਰਿਸੈਪਸ਼ਨ ਡੈਸਕ 'ਤੇ ਬੈਠੀ ਕੁੜੀ ਬਿੰਦੇ ਬਿੰਦੇ ਟੈਲੀਫੋਨ ਚੁਕਦੀ ਅਤੇ ਟੈਲੀਫੋਨ ਦਾ ਜਵਾਬ ਦਿੰਦੀ। ਉਸ ਨੂੰ ਵਿਚਾਰੀ ਨੂੰ ਮਿੰਟ ਦੀ ਵਿਹਲ ਨਾ ਮਿਲਦੀ। ਹਰ ਕਿਸੇ ਨਾਲ ਮੁਸਕਰਾ ਕੇ ਗੱਲ ਕਰਦੀ। ਮੀਕੇ ਨੇ ਮਹਿਸੂਸ ਕੀਤਾ ਕਿ ਉਸ ਦੀ ਮੁਸਕਰਾਹਟ ਵੀ ਅਸਲੀ ਨਹੀਂ ਸਗੋਂ ਮਸ਼ੀਨੀ ਸੀ। ਹਸਪਤਾਲ ਵਿਚ ਵੀ ਐਨੇ ਲੋਕ ਸਨ ਜਿਵੇਂ ਅੱਧਾ ਸ਼ਹਿਰ ਹੀ ਬਿਮਾਰ ਹੋ ਗਿਆ ਹੋਵੇ। ਥੋੜੀ ਦੇਰ ਬਾਅਦ ਉਹ ਫਿਰ ਕੁਰਸੀ 'ਤੇ ਆ ਬੈਠਾ। ਉਹਦੇ ਅੰਦਰਲੀ ਬੇਚੈਨੀ ਉਸ ਨੂੰ ਟਿਕਣ ਨਹੀਂ ਦੇ ਰਹੀ ਸੀ। ਉਸ ਦਾ ਧਿਆਨ ਵਾਰ ਵਾਰ ਅਪਰੇਸ਼ਨ ਥੀਏਟਰ ਦੇ ਦਰਵਾਜ਼ੇ ਵੱਲ ਚਲਾ ਜਾਂਦਾ। ਉਸ ਨੇ ਆਪਣੇ ਆਪ ਨੂੰ ਫਿਰ ਤੋਂ ਕਲਪਨਾ ਦੇ ਘੋੜੇ ਉੱਤੇ ਚੜ੍ਹਾ ਲਿਆ ਜਿਸ ਨਾਲ ਉਸ ਨੂੰ ਵਾਹਵਾ ਸੁਆਦ ਆ ਰਿਹਾ ਸੀ

ਉਹ ਹਸਪਤਾਲ ਬਾਰੇ ਗਹੁ ਨਾਲ ਸੋਚਣ ਲੱਗਿਆ। ਉਸ ਨੂੰ ਅਚਾਨਕ ਖਿਆਲ ਆਇਆ ਕਿ ਹਸਪਤਾਲ ਦੀ ਹਰ ਚੀਜ਼ ਅਤੇ ਹਰ ਅਦਮੀ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਜਾਂ ਉਹਨਾਂ ਦੀ ਸਿਹਤ ਨੂੰ ਚੰਗਾ ਬਨਾਉਣ ਲਈ ਵਰਤੀ ਜਾ ਰਹੀ ਸੀ। ਤੇਜ਼ ਚਾਕੂ ਵਰਗੇ ਔਜ਼ਾਰ ਵੀ ਡਾਕਟਰਾਂ ਦੇ ਹੱਥਾਂ ਨਾਲ ਮਨੁੱਖ ਦੀ ਚੀਰ ਫਾੜ ਕਰਦੇ ਹਨ ਪਰ ਫਿਰ ਵੀ ਉਹ ਉਹਨਾਂ ਦੇ ਭਲੇ ਦਾ ਹੀ ਕੰਮ ਕਰਦੇ ਸਨ। ਅਫੀਮ ਵਰਗੇ ਨਸ਼ੇ ਵੀ ਦਵਾਈਆਂ ਵਿਚ ਮਨੁੱਖਤਾ ਦੇ ਭਲੇ ਲਈ ਹੀ ਵਰਤੇ ਜਾਂਦੇ ਹਨ। ਉਹੀ ਚਾਕੂ ਕਿਸੇ ਅਪਰਾਧੀ ਬਿਰਤੀ ਵਾਲੇ ਆਦਮੀ ਦੇ ਹੱਥ ਆ ਜਾਵੇ ਤਾਂ ਉਹ ਕਤਲ ਕਰ ਸਕਦਾ ਹੈ। ਇਹੋ ਅਫੀਮ ਜਾਂ ਹੋਰ ਨਸ਼ੇ ਆਦਮੀਆਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਦਿੰਦੇ ਹਨ।

ਫਿਰ ਉਹ ਸੋਚਣ ਲੱਗਾ ਕਿ ਲੋਕ ਨਸ਼ਾ ਕਿਉਂ ਕਰਦੇ ਹਨ! ਕੀ ਇਹ ਸਿਰਫ ਇਕ ਆਦਤ ਹੈ! ਆਦਤ ਤਾਂ ਬਾਅਦ ਵਿਚ ਬਣਦੀ ਹੈ। ਪਹਿਲਾਂ ਤਾਂ ਨਸ਼ੇ ਦਾ ਸੁਆਦ ਪੈਂਦਾ ਹੈ। ਵਕਤੀ ਖੁਸ਼ੀ ਲਈ ਜਾਂ ਮਨ ਨੂੰ ਨਕਲੀ ਹੁਲਾਰਾ ਦੇਣ ਲਈ ਹੀ ਬਹੁਤੇ ਨਸ਼ੇ ਵਰਤਦੇ

ਹਨ। ਮੈਂ ਭਲਾ ਨਸ਼ਾ ਕਿਉਂ ਵਰਤਦਾ ਹਾਂ! ਸੋਚ ਕੇ ਮੀਕੇ ਨੂੰ ਆਪਣਾ ਆਪ ਕਮਜ਼ੋਰ ਲੱਗਿਆ। ਉਹ ਪਤਾ ਨਹੀਂ ਹੋਰ ਕੀ ਕੁਝ ਸੋਚਦਾ ਰਹਿੰਦਾ ਜੇ ਉਸ ਵੇਲੇ ਅਪਰੇਸ਼ਨ ਥੀਏਟਰ 'ਚੋਂ ਉਸ ਨੂੰ ਨਰਸ ਆਉਂਦੀ ਨਾ ਦਿਸਦੀ। ਉਹ ਅਚੇਤ ਹੀ ਕੁਰਸੀ ਤੋਂ ਉੱਠ ਖੜ੍ਹਾ ਹੋਇਆ ਅਤੇ ਨਰਸ ਵੱਲ ਵਧਿਆ। ਨਰਸ ਦੇ ਚਿਹਰੇ ਦੀ ਮੁਸਕਰਾਹਟ ਵੀ ਉਸ ਦੇ ਧੜਕਦੇ ਦਿਲ ਨੂੰ ਕਾਬੂ ਵਿਚ ਰੱਖਣ ਦੇ ਅਸਮਰੱਥ ਰਹੀ।

"ਵਧਾਈ ਹੋਵੇ ਮਿਸਟਰ ਸਿੰਘ ਤੁਹਾਡੇ ਬੇਟਾ ਪੈਦਾ ਹੋਇਆ ਐ।" ਸੁਣ ਕੇ ਮੀਕੇ ਦੇ ਬੁੱਲ੍ਹਾਂ ਅਤੇ ਅੱਖਾਂ ਵਿਚ ਚੌੜੀ ਮੁਸਕਰਾਹਟ ਫੈਲ ਗਈ। ਉਸ ਨੇ ਆਪਣੀ ਖੁਸ਼ੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ।

"ਮਾਂ ਪੁੱਤ ਦੋਵੇਂ ਠੀਕ ਐ!" ਉਸ ਨੂੰ ਸੀਤੋ ਦੀ ਤਕਲੀਫ ਦਾ ਫਿਰ ਖਿਆਲ ਆਇਆ।

"ਹਾਂ ਫਿਕਰ ਵਾਲੀ ਕੋਈ ਗੱਲ ਨ੍ਹੀਂ। ਥੋੜੀ ਦੇਰ ਬਾਅਦ ਤੁਸੀਂ ਉਹਨਾਂ ਨੂੰ ਮਿਲ ਸਕਦੇ ਓ।" ਨਰਸ ਮੁਸਕਰਾਉਂਦੀ ਵਾਪਿਸ ਚਲੀ ਗਈ। ਮੀਕਾ ਫੋਨ ਕਰਨ ਲਈ ਜੇਬ ਵਿਚ ਭਾਨ ਟੋਲਣ ਲੱਗਾ ਜੋ ਉਹ ਪਹਿਲਾਂ ਹੀ ਲੈ ਕੇ ਆਇਆ ਸੀ। ਉਹ ਸੋਚਣ ਲੱਗਾ ਕਿ ਸਭ ਤੋਂ ਪਹਿਲਾਂ ਕਿਸ ਨੂੰ ਫੋਨ ਕਰੇ!

ਜਦ ਮੀਕਾ ਸੀਤੋ ਨੂੰ ਮਿਲਣ ਗਿਆ ਤਾਂ ਸੀਤੋ ਬੱਚੇ ਨੂੰ ਬਹੁਤ ਪਿਆਰ ਅਤੇ ਮਾਣ ਨਾਲ ਵੇਖ ਰਹੀ ਸੀ। ਮੀਕੇ ਨੂੰ ਵੇਖ ਕੇ ਉਹ ਮੁਸਕਰਾਈ ਅਤੇ ਨਾਲ ਹੀ ਉਸ ਦਾ ਰੋਣ ਨਿਕਲ ਗਿਆ। ਮੀਕੇ ਨੂੰ ਫੈਸਲਾ ਕਰਨਾ ਔਖਾ ਹੋ ਗਿਆ ਕਿ ਇਹ ਸੀਤੋ ਦੇ ਖੁਸ਼ੀ ਦੇ ਹੰਝੂ ਸਨ ਜਾਂ ਤਕਲੀਫ ਦੇ ਜਾਂ ਫਿਰ ਦੋਵੇਂ ਈ ਕਾਰਨ ਹੋ ਸਕਦੇ ਸਨ।"ਤੈਨੂੰ ਬਹੁਤ ਵਧਾਈ ।" ਮੀਕੇ ਨੇ ਸੀਤੋ ਦਾ ਹੱਥ ਪੋਲਾ ਜਿਹਾ ਘੁੱਟਿਆ।

"ਥੋਨੂੰ ਵੀ। ਪਰਮਾਤਮਾ ਨੇ ਆਪਣੀ ਸੁਣ ਲੀ।" ਸੀਤੋ ਨੇ ਅੱਖਾਂ ਪੂੰਝਦਿਆਂ ਜਵਾਬ ਦਿੱਤਾ। ਮੀਕਾ ਉਸ ਨੂੰ ਚੁੱਪ ਕਰਾਉਣਾ ਚਾਹੁੰਦਾ ਸੀ। ਉਹ ਇਹ ਵੀ ਜਾਣਦਾ ਸੀ ਜੇ ਉਸ ਨੇ ਸੀਤੋ ਨੂੰ ਚੁੱਪ ਕਰਾਉਣ ਲਈ ਕੁਝ ਵੀ ਕਿਹਾ ਤਾਂ ਸੀਤੋ ਆਪਣੇ ਸੁਭਾਅ ਅਨੁਸਾਰ ਹੋਰ ਵੀ ਰੋਣ ਲੱਗੇਗੀ। ਉਸ ਨੇ ਗੱਲਾਂ ਦਾ ਸਿਲਸਲਾ ਜਾਰੀ ਰੱਖਿਆ।

"ਸੀਤੋ ਮੁੰਡਾ ਤਾਂ ਜਮਾਂ ਈ ਤੇਰੇ ਵਰਗਾ ਲਗਦਾ।" ਉਸ ਨੇ ਬੱਚੇ ਨੂੰ ਆਪਣੀਆਂ ਬਾਂਹਾਂ ਵਿਚ ਚੁੱਕਦਿਆਂ ਕਿਹਾ।

"ਨਹੀਂ ਮੈਨੂੰ ਤਾਂ ਥੋਡੇ ਵਰਗਾ ਲਗਦਾ ਐ।" ਸੀਤੋ ਨੂੰ ਪਤਾ ਸੀ ਕਿ ਮੀਕਾ ਉਸ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਮੀਕੇ ਦਾ ਇਕ ਤਰ੍ਹਾਂ ਮਾਣ ਵੀ ਕਰ ਰਹੀ ਸੀ। ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਰਹੇ। ਸੀਤੋ ਆਪਣਾ ਰੋਣਾ ਭੁੱਲ ਗਈ ਅਤੇ ਉਹ ਮੁੜ ਕੇ ਮੁੰਡਾ ਜੰਮਣ ਵਾਲੀ ਮਾਂ ਦੇ ਚਾਅ ਅਤੇ ਚੜ੍ਹਦੀ ਕਲਾ ਵਿਚ ਆ ਗਈ। ਮੀਕੇ ਦਾ ਮਨ ਵੀ ਖੁਸ਼ੀ ਨਾਲ ਭਰ ਗਿਆ। ਉਹ ਜਲਦੀ ਜਾ ਕੇ ਬੱਚਿਆਂ ਅਤੇ ਮਾਂ ਪਿਉ ਨਾਲ ਆਪਣੀ ਖੁਸ਼ੀ ਸਾਂਝੀ ਕਰਨੀ ਚਾਹੁੰਦਾ ਸੀ। ਸੀਤੋ ਨੂੰ ਐਨੀ ਜਲਦੀ ਛੱਡ ਕੇ ਜਾਣ ਲਈ ਵੀ ਉਸ ਦਾ ਮਨ ਨਾ ਕੀਤਾ। ਸੀਤੋ ਨੇ ਆਪ ਹੀ ਉਸ ਨੂੰ ਘਰ ਜਾਣ ਅਤੇ ਸ਼ਾਮ ਨੂੰ ਹਸਪਤਾਲ ਵੱਲੋਂ ਨਿਯਤ ਕੀਤੇ ਮਿਲਣ ਵਾਲੇ ਸਮੇਂ ਬੱਚਿਆਂ ਨੂੰ ਨਾਲ ਲੈ ਕੇ ਆਉਣ ਨੂੰ ਆਖ ਦਿੱਤਾ। ਮੀਕੇ ਨੇ ਬੱਚੇ ਵੱਲ ਵੇਖਿਆ ਜੋ ਸੁੱਤਾ ਪਿਆ ਸੀ। ਉਸ ਨੇ ਬੱਚੇ ਦੀ ਗੱਲ੍ਹ 'ਤੇ ਪੋਲਾ ਜਿਹਾ ਪਿਆਰ ਦਿੱਤਾ ਅਤੇ ਸੀਤੋ ਦਾ ਹੱਥ ਘੁੱਟ ਕੇ ਬਾਹਰ ਆ ਗਿਆ।

ਰਾਹ ਵਿਚ ਉਹ ਸੋਚਣ ਲੱਗਾ ਕਿਸ ਤਰ੍ਹਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਖੁਸ਼ੀ ਸਾਂਝੀ ਕੀਤੀ ਜਾਵੇ। ਸੀਤੋ ਨੂੰ ਅਜੇ ਘੱਟੋ ਘੱਟ ਇਕ ਹਫ਼ਤਾ ਤਾਂ ਹਸਪਤਾਲ ਵਿਚ ਰਹਿਣਾ ਪੈਣਾ ਸੀ। ਉਸ ਤੋਂ ਬਾਅਦ ਵੀ ਉਹ ਕੁਝ ਦੇਰ ਕੰਮ ਕਰਨ ਦੇ ਯੋਗ ਨਹੀਂ ਹੋਵੇਗੀ। ਮਹੀਨਾ ਵੀਹ ਦਿਨ ਤਾਂ ਮੀਕੇ ਨੂੰ ਹੀ ਸਭ ਕੁਝ ਕਰਨਾ ਪੈਣਾ ਸੀ। ਉਹ ਮਾਂ ਪਿਉ ਬਾਰੇ ਸੋਚਣ ਲੱਗਾ ਜਦ ਉਹਨਾਂ ਨੂੰ ਦੱਸੇਗਾ ਤਾਂ ਉਹਨਾਂ ਦੀ ਖੁਸ਼ੀ ਦੀ ਤਾਂ ਕੋਈ ਹੱਦ ਈ ਨਹੀ ਰਹਿਣੀ। ਬਾਪੂ ਜੀ ਤਾਂ ਸ਼ਾਇਦ ਅੱਜ ਈ ਸ਼ਾਮ ਨੂੰ ਆਪਣੇ ਦੋਸਤਾਂ ਮਿੱਤਰਾਂ ਨੂੰ ਪਾਰਟੀ ਲਈ ਸੱਦ

ਲੈਣ। ਰਾਤ ਦੇਰ ਤੱਕ ਸ਼ਰਾਬ ਮੀਟ ਚੱਲਣ ਅਤੇ ਕੁਝ ਕੁ ਦੇ ਸ਼ਰਾਬੀ ਹੋਣ ਦੇ ਆਸਾਰ ਉਸ ਨੂੰ ਨਜ਼ਰ ਆਉਣ ਲੱਗੇ।

ਘਰ ਆ ਕੇ ਸਭ ਤੋਂ ਪਹਿਲਾਂ ਉਹ ਬੱਚਿਆਂ ਨੂੰ ਗੁਆਂਢੀ ਦੋਸਤ ਦੇ ਘਰੋਂ ਲੈਣ ਗਿਆ ਅਤੇ ਨਾਲ ਹੀ ਮਿੱਤਰ ਦੇ ਪ੍ਰੀਵਾਰ ਨੂੰ ਸ਼ਾਮ ਨੂੰ ਪਾਰਟੀ ਲਈ ਸੱਦਾ ਦੇ ਆਇਆ। ਬੱਚਿਆਂ ਨੂੰ ਉਸ ਨੇ ਦੱਸਿਆ ਤਾਂ ਉਹ ਵੀ ਚਾਅ ਨਾਲ ਟੱਪਣ ਲੱਗੇ ਅਤੇ ਜਲਦੀ ਹਸਪਤਾਲ ਜਾ ਕੇ ਵੀਰ ਨੂੰ ਵੇਖਣ ਲਈ ਕਾਹਲੇ ਪੈ ਗਏ। ਮੀਕੇ ਨੇ ਪਿੰਡ ਫੋਨ ਲਾਇਆ। ਫੋਨ ਬੇ ਜੀ ਨੇ ਚੁੱਕਿਆ।

"ਬੇ ਜੀ ਦਾਦੀ ਬਣਨ ਦੀ ਬਹੁਤ ਵਧਈ ਹੋਵੇ।" ਮੀਕੇ ਦੀ ਅਵਾਜ਼ ਵਿਚ ਬੇ ਜੀ ਨੇ ਖੁਸ਼ੀ ਮਹਿਸੂਸ ਕੀਤੀ।

"ਵੇ ਦਾਦੀ ਪੋਤੇ ਦੀ ਕੁ---।" ਬੇ ਜੀ ਨੇ ਗੱਲ ਅਧੂਰੀ ਛੱਡ ਦਿੱਤੀ। ਬੇ ਜੀ ਨੇ ਧੜਕਦੇ ਦਿਲ ਨਾਲ ਫੋਨ ਦੇ ਰਸੀਵਰ ਨੂੰ ਕੰਨ ਨਾਲ ਹੋਰ ਘੁੱਟ ਲਿਆ।

"ਆਹੋ ਬੇ ਜੀ ਮੁੰਡਾ ਹੋਇਆ। ਹੋਇਆ ਤਾਂ ਅਪਰੇਸ਼ਨ ਨਾਲ ਐ। ਊਂ ਦੋਵੇਂ ਮਾਂ ਪੁੱਤ ਤੰਦਰੁਸਤ ਐ।"

"ਸ਼ੁਕਰ ਆ ਪੁੱਤਾ ਰੱਬ ਨੇ ਸੁਣ ਲੀ। ਉਹ ਜਾਣੇ ਹੁਣ ਕੁੜੀਆਂ ਵੀ ਢਕੀਆਂ ਜਾਣਗੀਆਂ। ਪਰੇਸ਼ਨ ਕਾਹਤੇ--!"

"ਬੇ ਜੀ ਫ਼ਿਕਰ ਨਾ ਕਰੋ। ਅੱਜ ਕੱਲ੍ਹ ਤਾਂ ਇਹ ਆਮ ਜੀ ਗੱਲ ਆ। ਬਾਪੂ ਜੀ--।"

"ਆਹ ਸੁਣਿਉ। ਮੀਕੇ ਦਾ ਫੋਨ ਆ। ਸੁੱਖ ਨਾ ਮੁੰਡਾ ਹੋਇਆ।" ਬੇਜੀ ਨੇ ਫੋਨ ਬਾਪੂ ਜੀ ਨੂੰ ਫੜਾ ਦਿਤਾ ਅਤੇ ਉਹ ਮੀਕੇ ਨਾਲ ਵਾਹਵਾ ਦੇਰ ਗੱਲਾਂ ਕਰਦੇ ਰਹੇ। ਉਹਨਾਂ ਦਾ ਦਿਲ ਵੀ ਫੋਨ ਛੱਡਣ ਨੂੰ ਨਹੀਂ ਕਰਦਾ ਸੀ ਅਤੇ ਦੋਵੇਂ ਬਜ਼ੁਰਗਾਂ ਨੂੰ ਜਿਵੇਂ ਅੱਜ ਫਿਰ ਜਵਾਨੀ ਆ ਗਈ ਹੋਵੇ।

"ਚੰਗਾ ਫੇਰ। ਅਸੀਂ ਵੀ ਆਥਣ ਨੂੰ ਕੋਈ ਬਨਾਉਣੇ ਆਂ ਪ੍ਰੋਗਰਾਮ।" ਬਾਪੂ ਜੀ ਨਾਲ ਫੋਨ 'ਤੇ ਗੱਲ ਕਰ ਕੇ ਮੀਕਾ ਬੱਚਿਆਂ ਨੂੰ ਲੈ ਕੇ ਘਰ ਵਾਸਤੇ ਮੀਟ ਅਤੇ ਸ਼ਰਾਬ ਬਗੈਰਾ ਦਾ ਪ੍ਰਬੰਧ ਕਰਨ ਚਲਾ ਗਿਆ। ਬਹੁਤ ਨੇੜੇ ਦੇ ਪੰਜ ਚਾਰ ਦੋਸਤਾਂ ਨੂੰ ਉਸ ਨੇ ਸ਼ਾਮ ਨੂੰ ਆਉਣ ਲਈ ਕਹਿ ਦਿੱਤਾ। ਮੀਟ ਉਸ ਨੇ ਆਪ ਬਣਾ ਲੈਣਾ ਸੀ ਅਤੇ ਰੋਟੀਆਂ ਕਿਸੇ ਨਾ ਕਿਸੇ ਦੋਸਤ ਮਿੱਤਰ ਦੀ ਪਤਨੀ ਨੇ ਬਣਾ ਲੈਣੀਆਂ ਸਨ। ਬਹੁਤੇ ਲੰਬੇ ਚੌੜੇ ਅਡੰਬਰ ਤੋਂ ਉਸ ਨੇ ਗੁਰੇਜ਼ ਕੀਤਾ।

ਸ਼ਾਮ ਨੂੰ ਉਹ ਬੱਚਿਆਂ ਨੂੰ ਲੈ ਕੇ ਹਸਪਤਾਲ ਚਲਾ ਗਿਆ ਅਤੇ ਸੀਤੋ ਨੂੰ ਟਹਿਕ ਸਿਰ ਵੇਖ ਕੇ ਉਸ ਨੂੰ ਖੁਸ਼ੀ ਹੋਈ। ਬੱਚੀਆਂ ਬੇਬੀ ਬੁਆਏ ਨੂੰ ਦੇਖ ਕੇ ਹੋਰ ਵੀ ਖੁਸ਼ ਹੋਈਆਂ। ਕੁਝ ਕੁ ਦੋਸਤ ਮਿੱਤਰ ਵੀ ਇਸ ਖੁਸ਼ੀ ਵਿਚ ਸ਼ਾਮਲ ਹੋਣ ਲਈ ਹਸਪਤਾਲ ਆ ਗਏ ਸਨ। ਨਰਸਾਂ ਨੇ ਉਹਨਾਂ ਨੂੰ ਦੋ ਦੋ ਚਾਰ ਚਾਰ ਤੋਂ ਵੱਧ ਅੰਦਰ ਨਾ ਜਾਣ ਦੀ ਮਨਾਹੀ ਕਰ ਦਿੱਤੀ। ਉਹ ਪੰਜ ਚਾਰ ਮਿੰਟ ਅੰਦਰ ਰੁਕਦੇ ਅਤੇ ਬੱਚੇ ਨੂੰ ਨੋਟਾਂ ਦਾ ਪਿਆਰ ਦੇ ਕੇ ਬਾਹਰ ਆ ਜਾਂਦੇ। ਸ਼ਾਮ ਦਾ ਸਮਾਂ ਵਾਹਵਾ ਰੁਝੇਵੇਂ ਭਰਿਆ ਰਿਹਾ। ਮੀਕੇ ਨੇ ਸ਼ਾਮ ਦੀ ਪਾਰਟੀ ਬਾਰੇ ਸੀਤੋ ਨੂੰ ਦੱਸਿਆ ਤਾਂ ਉਹ ਵੀ ਖੁਸ਼ ਹੋਈ। ਅਮਰੋ ਵੀ ਪਹੁੰਚ ਗਈ ਅਤੇ ਉਸ ਨੇ ਮਾਣ ਨਾਲ ਇਸ ਤਰ੍ਹਾਂ ਸਿਰ ਉੱਚਾ ਕੀਤਾ ਹੋਇਆ ਸੀ ਜਿਵੇਂ ਮੁੰਡਾ ਸਿਰਫ ਉਸ ਦੇ ਕਾਰਣ ਹੀ ਜੰਮਿਆ ਹੋਵੇ। ਸੀਤੋ ਭਾਂਵੇਂ ਮੁੜ ਕੇ ਪੰਡਤ ਕੋਲ ਨਹੀਂ ਗਈ ਸੀ। ਅਮਰੋ ਨੇ ਅੱਜ ਸ਼ਾਮ ਦੀ ਪਾਰਟੀ ਲਈ ਰੋਟੀ ਟੁੱਕ ਦਾ ਸਾਰਾ ਧਿਆਨ ਰੱਖਣ ਦਾ ਜਿੰਮਾ ਲੈ ਲਿਆ ਅਤੇ ਸੀਤੋ ਚਿੰਤਾ ਮੁੱਕਤ ਹੋ ਗਈ। ਪਾਰਟੀਆਂ ਅਤੇ ਮੇਲੇ- ਗੇਲੇ ਦਾ ਮਹੌਲ ਕਈ ਦਿਨ ਚਲਦਾ ਰਿਹਾ।

ਸੀਤੋ ਮੁੰਡੇ ਨੂੰ ਲੈਕੇ ਘਰ ਆਈ ਤਾਂ ਘਰ ਇਕ ਵਾਰ ਫਿਰ ਵਿਆਹ ਵਰਗਾ ਮਹੌਲ ਬਣ ਗਿਆ। ਅਮਰੋ ਨੇ ਫਿਰ ਕਮਾਂਡ ਸੰਭਾਲ

ਲਈ। ਉਸ ਦਾ ਪਤੀ ਗੀਤਾ ਵੀ ਖਾਣ ਪੀਣ ਵਿਚ ਭਾਗੀਦਾਰ ਬਣ ਗਿਆ ਭਾਂਵੇਂ ਅਮਰੋ ਉਸ ਨੂੰ ਨਾਲ ਨਹੀਂ ਲਿਆਉਣਾ ਚਾਹੁੰਦੀ ਸੀ। ਸ਼ਰਾਬ ਦਾ ਅਤੇ ਗੱਲਾਂ ਦਾ ਸ਼ੁਕੀਨ ਹੋਣ ਕਰਕੇ ਉਸ ਨੇ ਅਮਰੋ ਨਾਲ ਆਉਣ ਦੀ ਪਹਿਲਾਂ ਹੀ ਸਕੀਮ ਬਣਾਈ ਹੋਈ ਸੀ। ਚਾਰ ਚਾਰ ਪੈਗ ਪੀਣ ਤੋਂ ਬਾਅਦ ਗੱਲਾਂ ਦਾ ਬਜ਼ਾਰ ਹੋਰ ਵੀ ਗਰਮ ਹੋ ਗਿਆ। ਮੀਕੇ ਦੇ ਖਾਸ ਦੋਸਤ ਮਿੱਤਰ ਆਪਣੀ ਕਿਸਮ ਦੀਆਂ ਗੱਲਾਂ ਬਾਤਾਂ ਕਰ ਰਹੇ। ਅਮਰੋ ਦਾ ਪਤੀ ਗੀਤਾ ਇਹਨਾਂ ਗੱਲਾਂ ਬਾਤਾਂ ਵਿਚ ਬਹੁਤੀ ਦਿਲਚਸਪੀ ਨਹੀਂ ਲੈ ਰਿਹਾ ਸੀ। ਉਸ ਨੇ ਆਪਣਾ ਘੋੜਾ ਭਜਾਉਣ ਦਾ ਯਤਨ ਕੀਤਾ।

"ਜਿੱਦਣ ਸਾਡਾ ਬੱਬੀ ਜੰਮਿਆ ਸੀ ਮੈਂ ਸਾਰੀ ਸਟਰੀਟ ਨੂੰ ਨਿਉਂਦਾ ਦੇ 'ਤਾ। ਆਥਣ ਨੂੰ ਭਾਈ ਸਾਡੇ ਤਾਂ ਘਰ ਵਿਚ ਗੋਰੇ ਗੋਰੀਆਂ ਵੀ ਤੇ ਆਪਣੇ ਵੀ ਮੇਲੇ ਅੰਗੂੰ 'ਕੱਠੇ ਹੋ ਗੇ। ਬੱਸ ਫੇਰ ਦੇਖ ਲਾ ਸਾਰੀ ਰਾਤ ਸ਼ਰਾਬ ਪੀਂਦੇ ਰਹੇ। ਗੋਰੇ ਗੋਰੀਆਂ ਨੇ ਕਿਥੇ ਐਨੀ ਸ਼ਰਾਬ ਦੇਖੀ ਸੀ। ਜਿੱਧਰ ਦੇਖਣ ਸ਼ਰਾਬ ਦੀਆਂ ਪੇਟੀਆਂ ਈ ਦਿਸਣ ਕੇਰਾਂ।" ਗੀਤਾ ਆਪਣੀਆਂ ਵਡਿਆਈਆਂ ਕਰਨ ਲੱਗਾ।

"ਗੀਤਿਆ ਉਸ ਦਿਨ ਤਾਂ ਫੇਰ ਸਾਰੇ ਸਾਊਥਾਲ ਦੀ ਸ਼ਰਾਬ ਈ ਤੂੰ ਖਰੀਦ ਲੀ ਹੋਊ!" ਮੀਕੇ ਨੇ ਨਾਲ ਦੇ ਸਾਥੀ ਦੇ ਮੋਢਾ ਮਾਰਦਿਆਂ ਸਵਾਲ ਕੀਤਾ।

"ਨਈਂ ਬਾਈ ਸ਼ਰਾਬ ਤਾਂ ਮੈਂ ਪਹਿਲਾਂ ਈ ਲੈ ਲੀ ਸੀ।" ਗੀਤੇ ਨੇ ਛਿੱਥਾ ਪੈਂਦਿਆਂ ਕਿਹਾ।

"ਅੱਛਾ ਅੱਛਾ ਫੇਰ ਤਾਂ ਤੈਨੂੰ ਪਹਿਲਾਂ ਈ ਅਕਾਸ਼ਬਾਣੀ ਹੋ ਗੀ ਬਈ ਗੀਤਾ ਸਿਉਂ ਦੇ ਮੁੰਡਾ ਹੋਊ ਤੇ ਸ਼ਰਾਬ ਲੈ ਲੀਏ।" ਦੂਜੇ ਨੇ ਗੀਤੇ ਨੂੰ ਘੇਰਾ ਪਾਉਣ ਦੀ ਕੋਸ਼ਿਸ਼ ਕੀਤੀ। ਗੀਤਾ ਕੱਚੀ ਜੀ ਹਾਸੀ ਹੱਸਣ ਲੱਗਾ। ਉਸ ਨੂੰ ਖਹਿੜਾ ਛੁਡਾਉਣ ਦਾ ਬਹਾਨਾ ਨਹੀਂ ਸੀ ਮਿਲ ਰਿਹਾ। ਗੱਪ ਥੋੜਾ ਵੱਡਾ ਵੱਜ ਗਿਆ ਸੀ। ਕੁਦਰਤੀ ਅਮਰੋ ਦੇ ਕੰਨੀ ਗੀਤੇ ਦੀ ਬਾਣੀ ਪੈ ਗਈ ਸੀ ਅਤੇ ਉਹ ਆ ਧਮਕੀ।

"ਗੱਪਾਂ ਦਿਆ ਸਰਦਾਰਾ ਰੋਟੀ ਖਾਹ ਤੇ ਚਲੀਏ। ਆਹ ਨਾ ਹੋਵੇ ਕੋਈ ਆਪਣੀਆਂ ਸ਼ਰਾਬ ਦੀਆਂ ਪੇਟੀਆਂ ਚੱਕ ਕੇ ਲੈ ਜੇ।" ਅਮਰੋ ਦੀਆਂ ਅੱਖਾਂ ਵਿਚ ਸ਼ਰਾਰਤ ਸੀ। ਗੀਤੇ ਦੀਆਂ ਆਦਤਾਂ ਤੋਂ ਸਾਰੇ ਜਾਣੂੰ ਸਨ। ਨਿਕੰਮਾ ਤੇ ਸ਼ਰਾਬੀ ਹੋਣ ਕਰਕੇ ਉਹ ਉਸ ਨੂੰ ਆਮ ਹੀ ਝਾੜ ਦਿੰਦੀ ਸੀ। ਸਾਰਾ ਘਰ ਦਾ ਖਰਚਾ ਅਮਰੋ ਦੀ ਮਿਹਨਤ ਨਾਲ ਚਲਦਾ। ਗੀਤੇ ਦਾ ਤਾਂ ਆਪਦਾ ਢਿੱਡ ਮਸਾਂ ਤੁਰਦਾ। ਸ਼ਰਾਬ ਦੀ ਬੋਤਲ ਦਿਖਾ ਕੇ ਉਸ ਨੂੰ ਭਲਾ ਕੋਈ ਜਹੱਨਮ ਵਿਚ ਵੀ ਲੈ ਜਾਵੇ ਤਾਂ ਉਹ ਖੁਸ਼ੀ ਖੁਸ਼ੀ ਚਲਾ ਜਾਵੇ।

ਇਕ ਦਿਨ ਗੀਤਾ ਆਪਣੇ ਕਿਸੇ ਦੋਸਤ ਕੋਲ ਬਰਮਿੰਘਮ ਚਲਾ ਗਿਆ। ਉਥੇ ਇੰਡੀਆ ਤੋਂ ਕੋਈ ਉਸ ਬੰਦੇ ਦਾ ਭਾਈਵੰਦ ਸੈਰ ਲਈ ਆਇਆ ਹੋਇਆ ਸੀ। ਗੀਤਾ ਤਿੰਨ ਦਿਨ ਘਰ ਹੀ ਨਾ ਆਇਆ। ਪਹਿਲਾਂ ਵੀ ਕਈ ਵਾਰ ਉਸ ਨੇ ਇਵੇਂ ਹੀ ਕੀਤਾ ਸੀ। ਅਮਰੋ ਨੂੰ ਫ਼ਿਕਰ ਹੋਣ ਲੱਗਾ। ਉਹ ਉਸ ਨੂੰ ਲੱਭੇ ਤਾਂ ਕਿਥੇ! ਚੌਥੇ ਦਿਨ ਰਾਤ ਨੂੰ ਆਇਆ ਤਾਂ ਅਮਰੋ ਨੂੰ ਗੁੱਸਾ ਚੜ੍ਹਿਆ ਹੋਇਆ ਸੀ। ਨਾਲ ਇਕ ਹੋਰ ਆਦਮੀ ਵੇਖ ਕੇ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਅਮਰੋ ਨੇ ਸਵੇਰੇ ਛੇ ਵਜੇ ਕੰਮ 'ਤੇ ਲੱਗਣਾ ਸੀ। ਜਾਣ ਤੋਂ ਪਹਿਲਾਂ ਬੱਚਿਆਂ ਦੇ ਸਕੂਲ ਜਾਣ ਦੀ ਤਿਆਰੀ ਕਰਕੇ ਗੁਆਂਢੀਆਂ ਦੇ ਘਰ ਛੱਡਣਾ ਸੀ ਤਾਂ ਕਿ ਗੀਤੇ ਦੀ ਗੈਰ ਹਾਜ਼ਰੀ ਵਿਚ ਉਹ ਬੱਚਿਆਂ ਨੂੰ ਸਕੂਲ ਛੱਡ ਸਕਣ। ਉਸ ਦਾ ਗੁੱਸਾ ਜਾਇਜ਼ ਸੀ।

ਗੀਤਾ ਘਰ ਆਇਆ ਤਾਂ ਅਮਰੋ ਤਾਂ ਭਾਂਬੜ ਬਣ ਗਈ। ਉਸ ਨੇ ਗੀਤੇ ਦੇ ਠਾਹ ਥੱਪੜ ਮਾਰਿਆ ਜਿਸ ਦਾ ਅਮਰੋ ਨੂੰ ਆਪ ਨੂੰ ਵੀ ਪਤਾ ਨਾ ਲੱਗਿਆ। ਉਸ ਨੂੰ ਪਛਤਾਵਾ ਹੋਇਆ ਪਰ ਪਛਤਾਵੇ ਜੋਗਾ ਉਸ ਕੋਲ ਵਕਤ ਹੀ ਨਹੀਂ ਸੀ।

"ਚੱਲ ਪਿੱਛੇ ਜਾਹ ਗੈਰਜ 'ਚ।" ਅਮਰੋ ਕੜਕੀ ਤਾਂ ਗੀਤਾ ਭਿੱਜੀ ਬਿੱਲੀ ਵਾਂਗ ਗੈਰਜ ਨੂੰ ਤੁਰ ਗਿਆ। ਗੀਤਾ ਜ਼ਿਆਦਾ ਸ਼ਰਾਬ

ਦੇ ਨਸ਼ੇ ਵਿਚ ਕਦੀ ਕਦੀ ਬੈਡ ‘ਤੇ ਹੀ ਪਿਸ਼ਾਬ ਕਰ ਦਿੰਦਾ ਸੀ। ਇਸ ਲਈ ਉਸ ਦਾ ‘ਸਪੈਸ਼ਲ’ ਬੈਡ ਗੈਰਜ ਵਿਚ ਹੀ ਸੀ। ਅਮਰੋ ਨੇ ਨਾਲ ਦੇ ਭਾਈ ਵੱਲ ਵੇਖਿਆ ਤਾਂ ਉਹ ਡਰਿਆ ਜਿਹਾ ਸਸ਼ੋਪੰਜ ਵਿਚ ਪਿਆ ਖੜ੍ਹਾ ਸੀ।

“ਹਾਂ ਭਾਈ ਤੂੰ ਕੌਣ ਐਂ! ਮੇਰਾ ਨੀ ਖਿਆਲ ਮੈਂ ਤੈਨੂੰ ਜਾਣਦੀ ਆਂ।” ਅਮਰੋ ਨੇ ਗੜ੍ਹਕੇ ਨਾਲ ਪੁੱਛਿਆ।

“ਮੈਨ ਤਾਂ ਭੈਣ ਜੀ ਇੰਡੀਆਂ ਤੋਂ ਆਇਆਂ। ਭਾਜੀ ਕਹਿੰਦੇ ਮੇਰੇ ਨਾਲ ਸਾਊਥਾਲ ਚੱਲ ਮੈਂ ਕਿਸੇ ਕੰਮ ਤੇ ਲਾ ਦੂੰ। ਮੈਂ ਇਹਨਾਂ ਨਾਲ ਆ ਗਿਆ।” ਉਸ ਨੇ ਡਰਦਿਆਂ ਡਰਦਿਆਂ ਜਵਾਬ ਦਿੱਤਾ। ਗੀਤੇ ਦੀ ਗੱਲ੍ਹ ‘ਤੇ ਪਏ ਥੱਪੜ ਦਾ ਖੜਾਕ ਉਸ ਨੂੰ ਹੁਣ ਤੱਕ ਸੁਣੀ ਜਾ ਰਿਹਾ ਸੀ।

“ਉਹਨੇ ਆਪ ਤਾਂ ਸਾਰੀ ਉਮਰ ਕੋਈ ਕੰਮ ਕੀਤਾ ਨੀ। ਤੈਨੂੰ ਕਿਥੇ ਲਾ ਦੂ ਕੰਮ ‘ਤੇ! ਐਥੇ ਸੋਫ਼ੇ ‘ਤੇ ਪੈ ਜਾ। ਸਵੇਰੇ ਅੱਠ ਵਜੇ ਤੋਂ ਪਹਿਲਾਂ ਆਪਦਾ ਰਾਹ ਫੜ ਲੀਂ।” ਕਹਿ ਕੇ ਸੀਤੋ ਖੜੱਪ ਖੜੱਪ ਪੌੜੀਆਂ ਚੜ੍ਹ ਗਈ। ਉਸਨੂੰ ਅਪਣੇ ਆਪ ‘ਤੇ ਅਫ਼ਸੋਸ ਵੀ ਹੋਇਆ। ਕੀ ਪਤਾ ਇਹ ਬੰਦਾ ਉਸ ਬਾਰੇ ਕੀ ਸੋਚੇ! ਪਤਾ ਨੀ ਲੋਕਾਂ ਨੂੰ ਅਕਲ ਨੀ ਬਈ ਜਿਹੜਾ ਬੰਦਾ ਤਿੰਨਾਂ ਦਿਨਾਂ ਦਾ ਬੈਠਾ ਸ਼ਰਾਬ ਪੀਈ ਜਾਂਦਾ ਉਹ ਕੰਮ ਕਿਥੇ ਕਰਦਾ ਹੋਊ! ਰਾਤ ਦੇਰ ਤੱਕ ਉਸ ਨੂੰ ਨੀਂਦ ਨਾ ਆਈ ਅਤੇ ਉਹ ਆਪਣੀ ਕਿਸਮਤ ਦੇ ਉਸ ਦਿਨ ਨੂੰ ਕੋਸਦੀ ਰਹੀ ਜਿਸ ਦਿਨ ਮਾਪਿਆਂ ਨੇ ਇੰਗਲੈਂਡ ਦੇ ਲਾਲਚ ਨੂੰ ਉਸ ਦਾ ਨਰੜ ਗੀਤੇ ਨਖੱਟੂ ਨਾਲ ਕਰ ਦਿਤਾ ਸੀ। ਇਹ ਤਾਂ ਅਮਰੋ ਹੀ ਸੀ ਜਿਸ ਨੇ ਬੱਚਿਆਂ ਨੂੰ ਪਾਲਣ ਲਈ ਲੱਕ ਬੰਨ੍ਹ ਕੇ ਕੰਮ ਕੀਤਾ ਸੀ ਅਤੇ ਕਿਸੇ ਤੋਂ ਉਂਗਲ ਵੀ ਨਹੀਂ ਧਰਾਈ ਸੀ। ਗੀਤੇ ਦਾ ਉਸ ਨੂੰ ਕਿਸੇ ਪੱਖੋਂ ਵੀ ਕੋਈ ਸੁਖ ਨਹੀਂ ਸੀ।

ਅਮਰੋ ਗੀਤੇ ਨੂੰ ਲੈ ਕੇ ਘਰ ਆ ਗਈ ਅਤੇ ਬਾਕੀ ਦੀ ਪਾਰਟੀ ਦੇਰ ਤੱਕ ਚਲਦੀ ਰਹੀ। ਗੀਤਾ ਉਹਨਾਂ ਦੀਆਂ ਗੱਲਾਂ ਦਾ ਕੇਂਦਰ ਬਣਿਆ ਰਿਹਾ। ਸਾਰਿਆਂ ਨੇ ਅਮਰੋ ਦੀ ਪਿੱਠ ਪਿੱਛੇ ਉਸ ਦੇ ਸਿਰੜ ਅਤੇ ਚੰਗੇ ਚਲਣ ਦੀ ਵਡਿਆਈ ਕੀਤੀ। ਕੁਝ ਦਿਨਾਂ ਬਾਅਦ ਜ਼ਿੰਦਗੀ ਆਮ ਵਰਗੀ ਚੱਲਣ ਲੱਗੀ। ਅਚਾਨਕ ਇਕ ਦਿਨ ਸਵੇਰੇ ਟੈਲੀਫੋਨ ਆਇਆ ਅਤੇ ਮੀਕੇ ਅਤੇ ਸੀਤੋ ਨੂੰ ਹੱਥਾਂ ਪੈਰਾਂ ਦੀ ਪੈ ਗਈ।

## ਸੋਲ੍ਹਵਾਂ

ਸੀਤੋ ਨੇ ਮੁੰਡੇ ਦਾ ਨਾਂ ਸਤਿਵੀਰ ਰੱਖਿਆ। ਉਹ ਮੁੰਡੇ ਨੂੰ ਲੈ ਕੇ ਗੁਰਦਵਾਰੇ ਗਈ ਅਤੇ ਭਾਈ ਜੀ ਨੂੰ ਉਸ ਦੀ ਚੰਗੀ ਸਿਹਤ ਅਤੇ ਲੰਬੀ ਉਮਰ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ। ਹੁਕਮਨਾਮਾ ਲੈ ਕੇ ਮੁੰਡੇ ਦਾ ਨਾਂ ਰੱਖਣ ਦੀ ਵਿਉਂਤ ਉਸ ਨੇ ਪਹਿਲਾਂ ਹੀ ਬਣਾਈ ਹੋਈ ਸੀ। ਮੀਕੇ ਨੇ ਉਸ ਨੂੰ ਬਥੇਰਾ ਸਮਝਾਇਆ।

“ਭਾਈ ਜੀ ਭਲਾ ਰੱਬ ਦਾ ਕੋਈ ਵਿਚੋਲਾ ਰੱਖਿਆ ਹੋਇਆ ਬਈ ਉਸ ਦੀ ਹੀ ਰੱਬ ਸੁਣੂਗਾ। ਤੂੰ ਆਪ ਕਿਉਂ ਨੀ ਆਪਣੀ ਮੁਰਾਦ ਆਪਣੇ ਸ਼ਬਦਾਂ ਵਿਚ ਅਤੇ ਆਪਣੇ ਦਿਲ ਨਾਲ ਰੱਬ ਅੱਗੇ ਰੱਖਦੀ। ਅਰਦਾਸ ਕਰਨਾ ਭਾਈਆਂ ਦਾ ਕਿੱਤਾ ਐ। ਤੇਰੇ ਮਨ ਦੀ ਸ਼ਰਧਾ ‘ਚੋਂ ਨਿਕਲਿਆ ਹਰ ਸ਼ਬਦ ਕਿਸੇ ਦੀ ਵੀ ਕੀਤੀ ਅਰਦਾਸ ਨਾਲੋਂ ਕਿਤੇ ਵੱਧ ਮਹੱਤਤਾ ਰਖਦਾ।” ਮੀਕੇ ਦੀ ਗੱਲ ਦਾ ਸੀਤੋ ਨੇ ਕੋਈ ਜਵਾਬ ਨਾ ਦਿੱਤਾ। ਉਸ ਨੂੰ ਗੱਲ ਠੀਕ ਵੀ ਲੱਗੀ ਪਰ ਉਸ ਨੂੰ ਭਾਈ ਜੀ ਰਾਹੀਂ ਕੀਤੀ ਅਰਦਾਸ ‘ਤੇ ਕਿਤੇ ਵੱਧ ਤਸੱਲੀ ਸੀ। ਮੀਕਾ

ਚੁੱਪ ਹੋ ਗਿਆ।

"ਗਿਆਰਾਂ ਪੌਂਡਾਂ ਦੀ ਦੇਗ ਕਰਵਾ ਦਿਉ।" ਸੀਤੋ ਨੇ ਮੀਕੇ ਨੂੰ ਫੈਸਲਾਕੁਨ ਅਵਾਜ਼ ਵਿਚ ਕਿਹਾ।

"ਦੇਗ ਕਰਵਾਉਣ ਦਾ ਮਤਲਬ ਐ ਸੰਗਤ ਵਿਚ ਨਾਂ ਬਲਾਇਆ ਜਾਵੇ। ਦਾਨ ਹਮੇਸ਼ਾਂ ਗੁੱਪਤ ਹੁੰਦਾ। ਨਾਂ ਬੁਲਾ ਕੇ ਤਾਂ ਵਪਾਰ ਤੇ ਮਸ਼ੂਰੀ( ਮਸ਼ਹੂਰੀ) ਕਰਨ ਵਾਲੀ ਗੱਲ ਐ। ਤੂੰ ਜਿਹੜੀ ਤੇਰੀ ਸ਼ਰਧਾ ਐ ਉਹ ਗੋਲਕ 'ਚ ਪਾ ਦੇ। ਹੋਰ ਵੀ ਚੰਗਾ ਕਰੇਂ ਤਾਂ ਪਿੰਡ ਕਿਸੇ ਗਰੀਬ ਗੁਰਬੇ ਦੀ ਮਦਦ ਕਰ ਦੇ।" ਸੀਤੋ ਨੇ ਮੀਕੇ ਵੱਲ ਵੇਖਿਆ ਅਤੇ ਬਿਨਾਂ ਕੁਝ ਕਹੇ ਤੋਂ ਗਿਆਰਾਂ ਪੌਂਡ ਕੱਢ ਕੇ ਸੇਵਾਦਾਰ ਨੂੰ ਫੜਾ ਦਿੱਤੇ।

"ਬੀਬਾ ਕੀਹਦੇ ਨਾਂ 'ਤੇ ਦੇਗ ਕਰਾਉਣੀ ਐ।"

"ਸਤਿਵੀਰ ਸਿੰਘ ਸਪੁੱਤਰ-------।" ਉਹ ਮੀਕੇ ਵੱਲ ਵੇਖਣ ਲੱਗੀ। ਉਹ ਉਸ ਤੋਂ ਉਮੀਦ ਰੱਖਦੀ ਸੀ ਕਿ ਮੀਕਾ ਆਪਣਾ ਨਾਂ ਆਪ ਦੱਸ ਦੇਵੇਗਾ। ਮੀਕੇ ਨੇ ਉਸ ਵੱਲ ਧਿਆਨ ਨਾ ਦਿੱਤਾ।

"ਸਰਦਾਰ ਜਗਦੇਵ ਸਿੰਘ।" ਸੀਤੋ ਦੇ ਥੋੜੇ ਰੁੱਖੇ ਜਵਾਬ ਨੇ ਸੇਵਾਦਰ ਨੂੰ ਉਸ ਵੱਲ ਘੋਖਵੀਂ ਨਜ਼ਰ ਨਾਲ ਵੇਖਣ ਲਈ ਮਜ਼ਬੂਰ ਕਰ ਦਿੱਤਾ। ਇਕ ਪਲ ਉਸ ਨੇ ਸੀਤੋ ਵੱਲ ਵੇਖਿਆ ਅਤੇ ਪਰਚੀ ਕੱਟ ਕੇ ਉਸ ਦੇ ਹੱਥ ਫੜਾ ਦਿੱਤੀ। ਪਰਚੀ ਫੜ ਕੇ ਸੀਤੋ ਨੇ ਕਹਿਰੀ ਅੱਖ ਮੀਕੇ ਨਾਲ ਮਿਲਾਈ ਅਤੇ ਅੱਗੇ ਹੋ ਕੇ ਤੁਰ ਪਈ।

ਐਤਵਾਰ ਹੋਣ ਕਰਕੇ ਲੰਗਰ ਹਾਲ ਵਿਚ ਕਾਫੀ ਭੀੜ ਸੀ। ਸੀਤੋ ਅਤੇ ਮੀਕਾ ਵੀ ਲਾਈਨ ਵਿਚ ਜਾ ਲੱਗੇ। ਮੀਕਾ ਉਹਨਾਂ ਦਿਨਾਂ ਬਾਰੇ ਸੋਚਣ ਲੱਗਾ ਜਦੋਂ ਲੰਗਰ ਹਾਲ ਵਿਚ ਕੁਰਸੀਆਂ 'ਤੇ ਬੈਠ ਕੇ ਲੋਕ ਲੰਗਰ ਛਕਦੇ ਸਨ। ਕੁਝ ਸਾਲ ਪਹਿਲਾਂ ਅਕਾਲ ਤਖਤ ਸਾਹਿਬ ਦੇ ਇਕ ਜਥੇਦਰ ਸਹਿਬ ਵੱਲੋਂ ਅਚਾਨਕ ਹੁਕਮ ਨਾਮਾ ਜਾਰੀ ਕੀਤਾ ਗਿਆ ਕਿ ਲੰਗਰ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਤੱਪੜਾਂ 'ਤੇ ਬੈਠ ਕੇ ਹੀ ਲੰਗਰ ਛਕਿਆ ਜਾਵੇ। ਕੁਝ ਲੋਕਾਂ ਨੇ ਇਸ ਵਿਚਾਰ ਨਾਲ ਅਸਹਿਮਤੀ ਪ੍ਰਗਟ ਕੀਤੀ ਅਤੇ ਕਿਹਾ ਕਿ ਲੰਗਰ ਦੀ ਮਰਿਆਦਾ ਬਰਾਬਰਤਾ ਦੀ ਹੈ ਨਾ ਕਿ ਭੁੰਜੇ ਬੈਠ ਕੇ ਖਾਣਾ ਖਾਣ ਦੀ।

ਬਹੁਤ ਸਾਰੇ ਗੁਰਦਵਾਰਿਆਂ ਵਿਚ ਇਸ ਅਸਹਿਮਤੀ ਅਤੇ ਸਹਿਮਤੀ ਵਿਚ ਲੜਾਈਆਂ ਝਗੜੇ ਹੋਏ। ਕੈਨੇਡਾ ਵਿਚ ਸਭ ਤੋਂ ਵੱਧ ਲੜਾਈਆਂ ਹੋਈਆਂ। ਇਕ ਧੜਾ ਕੁਰਸੀਆਂ ਵਾਲਾ ਅਤੇ ਦੂਜਾ ਤੱਪੜਾਂ ਵਾਲਾ ਸੱਦਿਆ ਜਾਣ ਲੱਗਾ। ਲੋਕਾਂ ਵਿਚ ਬਣੇ ਰਿਸ਼ਤੇ ਅਤੇ ਰਿਸ਼ਤੇਦਾਰੀਆਂ ਵਿਚ ਤਰੇੜਾਂ ਆਉਣ ਲੱਗੀਆਂ। ਲੋਕਾਂ ਦੀ ਰਾਇ ਲੈਣ ਅਤੇ ਉਹਨਾਂ ਦਾ ਮਨ ਬਨਾਉਣ ਤੋਂ ਬਿਨਾਂ ਹੀ ਇਸ ਅਚਾਨਕ ਹੁਕਨਾਮੇਂ ਨੇ ਜਿਥੇ ਲੋਕਾਂ ਵਿਚ ਲੜਾਈਆਂ ਕਰਵਾਈਆਂ ਉਥੇ ਹੁਕਮਨਾਮੇ ਦੀ ਬੇਅਦਬੀ ਵੀ ਹੋਈ। ਬਹੁਤੇ ਲੋਕਾਂ ਨੇ ਕਿਹਾ ਸਮੇਂ ਨਾਲ ਥੋੜਾ ਬਹੁਤ ਬਦਲਣਾ ਪੈਂਦਾ ਹੈ। ਧਰਮ ਦੀ ਰੂਹ ਨੂੰ ਕਾਇਮ ਰੱਖਦੇ ਹੋਏ ਹਾਲਾਤ ਅਨੁਸਾਰ ਜਿਹੜਾ ਧਰਮ ਰਹਿਣ ਸਹਿਣ ਵਿਚ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੰਦਾ ਉਹ ਧਰਮ ਲੋਕਾਂ ਨੂੰ ਅੰਧ ਵਿਸ਼ਵਾਸ਼ੀ ਅਤੇ ਲਕੀਰ ਦੇ ਫਕੀਰ ਬਣਾਉਂਦਾ ਹੈ। ਸਿੱਖ ਧਰਮ ਉਸਾਰੂ ਦਲੀਲ ਦਾ ਪੈਰੋਕਾਰ ਹੈ ਨਾ ਕਿ ਅੰਧ ਵਿਸ਼ਵਾਸ਼ ਦਾ। ਕੁਝ ਗੁਰਦਵਾਰਾ ਕਮੇਟੀਆਂ ਨੇ ਵਿਚਲਾ ਰਾਹ ਕੱਢ ਲਿਆ। ਉਹਨਾਂ ਨੇ ਤੱਪੜ ਅਤੇ ਮੇਜ਼ ਕੁਰਸੀਆਂ ਦੋਨੋ ਹੀ ਲੰਗਰ ਹਾਲ ਵਿਚ ਰੱਖ ਦਿੱਤੇ। ਲੋਕ ਆਪਣਾ ਫੈਸਲਾ ਲੈਣ ਕਿ ਉਹਨਾਂ ਨੇ ਤੱਪੜ ਤੇ ਬੈਠਣਾ ਹੈ ਜਾਂ ਕੁਰਸੀ 'ਤੇ।

ਮੀਕਾ ਅਤੇ ਸੀਤੋ ਦਾਲ, ਸਬਜੀ, ਦਹੀਂ, ਖੀਰ, ਜਲੇਬੀਆਂ ਅਤੇ ਫੁਲਕੇ ਲੈ ਕੇ ਕੁਰਸੀਆਂ 'ਤੇ ਆ ਬੈਠੇ। ਬਿਨਾਂ ਕੋਈ ਗੱਲ ਕਰਨ

ਦੇ ਉਹਨਾਂ ਨੇ ਆਪਣਾ ਲੰਗਰ ਛਕਿਆ। ਘਰ ਵਾਪਿਸ ਅਉਂਦਿਆਂ ਮੀਕੇ ਨੇ ਕਾਰ ਵਿਚ ਬੈਠਿਆਂ ਲੰਗਰ ਦੀ ਗੱਲ ਛੇੜੀ।

"ਐਥੇ ਰੱਜਿਆਂ ਨੂੰ ਰਜਾਉਣ ਲਈ ਵਿਆਹ ਅਰਗੀ ਰੋਟੀ ਮਿਲਦੀ ਐ ਲੰਗਰ 'ਚ। ਇੰਡੀਆ 'ਚ ਕਰੋੜਾਂ ਲੋਕ ਭੁੱਖੇ ਮਰਦੇ ਆ। ਇਹ ਲੰਗਰ ਦਾ ਕਰੋੜਾਂ ਰੁਪਿਆ ਉਹਨਾਂ ਦੇ ਭਲੇ ਲਈ ਵਰਤਿਆ ਜਾਵੇ ਤਾਂ ਕਿਸੇ ਅਰਥ ਲੱਗੇ।"

"ਗੁਰੂ ਦਾ ਲੰਗਰ ਕਿਸਮਤ ਆਲੇ ਨੂੰ ਮਿਲਦਾ। ਜੇ ਉਹਨਾਂ ਦੀ ਕਿਸਮਤ 'ਚ ਹੋਊ ਤਾਂ ਉਹਨਾਂ ਨੂੰ ਵੀ ਮਿਲ ਜੂ।" ਸੀਤੋ ਨੇ ਕੌੜੀ ਮਿਰਚ ਵਰਗੇ ਬੋਲਾਂ ਨਾਲ ਉੱਤਰ ਦਿੱਤਾ।

"ਲੰਗਰ ਜ਼ਰੂਰੀ ਨੀ ਬਈ ਪੰਜ ਤਾਰਾ ਹੋਟਲ ਦੇ ਖਾਣੇ ਵਰਗਾ ਹੋਵੇ। ਸ਼ਰਧਾ ਭਾਵਨਾਂ ਨਾਲ ਲੰਗਰ ਛਕਣਾ ਹੋਵੇ ਤਾਂ ਚਾਹ ਦਾ ਕੱਪ ਵੀ ਕਾਫੀ ਐ। ਬਾਕੀ ਦਾ ਖਾਣਾ ਭੁਖਿਆਂ ਦੇ ਮੂੰਹ ਪੈਣਾ ਚਾਹੀਦਾ ਐ।" ਮੀਕੇ ਦੀ ਦਲੀਲ ਸੁਣ ਕੇ ਸੀਤੋ ਨੇ ਇਸ ਦਲੀਲਬਾਜ਼ੀ ਵਿਚ ਪੈਣ ਤੋਂ ਗੁਰੇਜ ਕੀਤਾ।

"ਤੁਸੀਂ ਮੇਰੇ ਕੋਲ ਗੱਲ ਕਰਨ ਦੀ ਥਾਂ ਕਮੇਟੀ ਨੂੰ ਕਹਿਣਾ ਸੀ।"

"ਇਕ ਦਿਨ ਪ੍ਰਧਾਨ ਅਤੇ ਦੋ ਕੁ ਕਮੇਟੀ ਦੇ ਮੈਂਬਰ ਬੈਠੇ ਸੀ ਤੇ ਮੈਂ ਇਹੋ ਰਾਇ ਰੱਖੀ। ਹਾਂ ਜਾਂ ਨਾਂਹ ਕਰਨ ਦੀ ਥਾਂ ਉਹ ਕੌੜ ਗਾਂ ਆਂਗੂੰ ਮੇਰੇ ਵੱਲ ਵੇਖਣ ਲੱਗੇ। ਜਵਾਬ ਨੀ ਦਿੱਤਾ।"

"ਚੱਲ ਛੱਡੋ ਪਰਾਂਹ। ਹੁਣ ਤੁਸੀਂ ਕਿਸੇ ਦਿਨ ਗੁਰਦਵਾਰੇ ਜਾ ਕੇ ਅਖੰਡ ਪਾਠ ਸਾਹਿਬ ਘਰੇ ਰਖਾਉਣ ਲਈ ਤਰੀਕ ਦਾ ਪਤਾ ਕਰੋ। ਇਹ ਭਾਰ ਮੈਂ ਛੇਤੀ ਲਾਹ ਕੇ ਸੁਰਖਰੂ ਹੋਵਾਂ।" ਸੀਤੋ ਦੇ ਬੋਲ ਪਹਿਲਾਂ ਨਾਲੋਂ ਨਰਮ ਸਨ।

"ਭਾਰ ---ਕਾਹਦਾ ਭਾਰ!"

"ਮੈਂ ਸਤਿਵੀਰ ਦੇ ਜਨਮ ਲਈ ਅਖੰਡ ਪਾਠ ਦੀ ਸੁੱਖ ਸੁੱਖੀ ਸੀ।"

"ਅਜੇ ਤਾਂ ਪੈਸਿਆਂ ਵੱਲੋਂ ਆਪਣਾ ਹੱਥ ਤੰਗ ਆ। ਨਾਲੇ ਤੂੰ ਵੀ ਅਜੇ ਕੰਮ ਨੀ ਕਰ ਸਕਦੀ। ਇਹਦੇ ਪਹਿਲੇ ਜਨਮ ਦਿਨ 'ਤੇ ਆਪਾਂ ਪਾਠ ਰਖਵਾ ਲਾਂ ਗੇ।" ਮੀਕੇ ਨੂੰ ਪਤਾ ਸੀ ਕਿ ਜੇ ਸੀਤੋ ਕਹਿੰਦੀ ਹੈ ਤਾਂ ਪਾਠ ਤਾਂ ਕਰਾਉਣਾ ਪੈਣਾ ਸੀ। ਕਿਸੇ ਤੋਂ ਪੈਸੇ ਫੜ ਕੇ ਕਰਾਉਣ ਦੀ ਥਾਂ ਉਸ ਨੇ ਲੇਟ ਕਰਾਉਣ ਨੂੰ ਤਰਜੀਹ ਦਿੱਤੀ।

"ਕੋਈ ਨੀ ਗੁਰੂ ਆਪੇ ਪੈਸਿਆਂ ਦਾ ਬੰਦੋਬਸਤ ਵੀ ਕਰ ਦੂ। ਤੁਸੀਂ ਮਹੀਨੇ ਵੀਹਾਂ ਦਿਨਾਂ ਵਿਚ ਅਖੰਡ ਪਾਠ ਸਾਹਿਬ ਦੀ ਤਿਆਰੀ ਕਰੋ।" ਸੀਤੋ ਨੇ ਪੂਰੇ ਯਕੀਨ ਨਾਲ ਕਿਹਾ ਜਿਵੇਂ ਪੈਸੇ ਉਸ ਕੋਲ ਪਏ ਹੋਣ। ਮੀਕੇ ਨੂੰ ਪਤਾ ਸੀ ਕਿ ਕਿਸੇ ਦੋਸਤ ਮਿੱਤਰ ਤੋਂ ਉਧਾਰ ਲਏ ਬਿਨਾਂ ਸਰ ਨਹੀਂ ਸਕਣਾ। ਉਹ ਖਮੋਸ਼ ਸੋਚਾਂ ਵਿਚ ਪਿਆ ਗੱਡੀ ਚਲਾਉਂਦਾ ਰਿਹਾ।

ਮੀਕਾ ਸਾਰੀ ਰਾਤ ਉੱਸਲ ਵੱਟੇ ਲੈਂਦਾ ਰਿਹਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਸੀਤੋ ਦੀ ਹਰ ਗੱਲ ਅੱਗੇ ਉਸ ਨੂੰ ਝੁਕਣਾ ਕਿਉਂ ਪੈਂਦਾ ਹੈ! ਠੀਕ ਹੋਣ ਦੇ ਬਾਵਜੂਦ ਉਹ ਆਪਣੀ ਗੱਲ ਮਨਵਾ ਨਹੀਂ ਸਕਦਾ। ਗਲਤ ਹੋਣ 'ਤੇ ਵੀ ਸੀਤੋ ਆਪਣੀ ਮਰਜ਼ੀ ਕਰ ਲੈਂਦੀ ਹੈ। ਮੀਕੇ ਨੂੰ ਲੱਗਿਆ ਕਿ ਅਸਲ ਵਿਚ ਉਹ ਸੀਤੋ ਤੋਂ ਕਿਸੇ ਗੱਲੋਂ ਡਰਦਾ ਨਹੀਂ ਸੀ ਅਤੇ ਨਾ ਹੀ ਸੀਤੋ ਕੋਲ ਉਸਾਰੂ ਦਲੀਲਬਾਜ਼ੀ

ਦਾ ਹਥਿਆਰ ਸੀ। ਵੈਸੇ ਵੀ ਸੀਤੋ ਕੋਲ ਦਲੀਲ ਵਾਲਾ ਖਾਨਾ ਨਾ ਹੋਣ ਬਰਾਬਰ ਸੀ।

ਸੋਚ ਸੋਚ ਉਸ ਨੇ ਸਿੱਟਾ ਕੱਢਿਆ ਕਿ ਅਸਲ ਵਿਚ ਉਹ ਸੀਤੋ ਦੀ ਗੱਲ ਮੰਨ ਕੇ ਉਸ ਦੇ ਵਿਹਾਰ ਅਤੇ ਕੁੜ ਕੁੜ ਤੋਂ ਬਚਣ ਦੀ ਕੋਸ਼ਿਸ਼ ਕਰਦਾ ਸੀ। ਜੇ ਉਹ ਸੀਤੋ ਦੀ ਗੱਲ ਨਾ ਮੰਨੇ ਤਾਂ ਸੀਤੋ ਘਰ ਵਿਚ ਕਲੇਸ਼ ਖੜ੍ਹਾ ਕਰ ਦਿੰਦੀ। ਸਾਰਾ ਦਿਨ ਬੱਚਿਆਂ ‘ਤੇ ਕੁੱਟ ਕਟਾਪਾ ਚੜ੍ਹਦਾ। ਉੱਚੀ-ਉੱਚੀ ਰੌਲਾ ਪਾ ਕੇ ਸਾਰਾ ਘਰ ਸਿਰ ‘ਤੇ ਚੁੱਕ ਲੈਂਦੀ। ਭਾਂਡੇ ਭੰਨਣ ਤੱਕ ਜਾਂਦੀ। ਬਸ ਇਸ ਮਾੜੇ ਮਹੌਲ ਤੋਂ ਬਚਣ ਲਈ ਉਹ ਸਿਆਣਪ ਵਰਤਦਾ ਅਤੇ ਸਮਝੌਤਾ ਕਰ ਲੈਂਦਾ।

ਸੋਚ ਸੋਚ ਕੇ ਉਸ ਨੂੰ ਤਸੱਲੀ ਹੋਈ ਅਸਲ ਵਿਚ ਇਹ ਉਸ ਦੀ ਕਮਜ਼ੋਰੀ ਨਹੀਂ ਸਿਆਣਪ ਸੀ ਅਤੇ ਉਹ ਅਖੰਡ ਪਾਠ ਦਾ ਪ੍ਰਬੰਧ ਕਰਨ ਬਾਰੇ ਸੋਚਣ ਲੱਗਾ।

## ਸਤਾਰਵਾਂ

ਤਾਰੇ ਨੇ ਜ਼ਿੰਦਗੀ ਵਿਚ ਬਹੁਤ ਗਰੀਬੀ ਅਤੇ ਅੰਤਾਂ ਦੀ ਬੇਇੱਜ਼ਤੀ ਸਹਿਣ ਕੀਤੀ ਸੀ। ਬਚਪਨ ਵਿਚ ਲੋਕਾਂ ਤੋਂ ਸੁਣੇ ਤਾਹਨੇ ਮਿਹਣੇ ਅੱਜ ਭਾਂਵੇਂ ਉਸ ਨੂੰ ਯਾਦ ਨਹੀਂ ਸਨ ਪਰ ਉਸ ਦੇ ਅਚੇਤ ਵਿਚ ਅਜੇ ਵੀ ਜਿਉਂਦੇ ਸਨ। ਹੁਣ ਉਸ ਕੋਲ ਪੈਸਾ ਬਥੇਰਾ ਸੀ ਜਾਂ ਇਹ ਕਹਿ ਲਉ ਕਿ ਉਸ ਨੂੰ ਬਥੇਰਾ ਲਗਦਾ ਸੀ। ਛੋਟੇ ਭਾਂਡੇ ਵਿਚ ਜ਼ਿਆਦਾ ਪਾਣੀ ਪੈਣ ਨਾਲ ਭਾਂਡਾ ਉਛਲਣ ਵਾਲੀ ਗੱਲ ਸੀ। ਇਸ ਦਾ ਤਾਰੇ ਨੂੰ ਨਾ ਤਾਂ ਕਦੇ ਕੋਈ ਅਹਿਸਾਸ ਹੋਇਆ ਅਤੇ ਨਾ ਉਸ ਨੇ ਕਦੇ ਇਸ ਸਬੰਧੀ ਸੋਚਿਆ। ਹੁਣ ਉਸ ਨੂੰ ਲਗਦਾ ਜਿਵੇਂ ਉਸ ਨੇ ਅਕਾਸ਼ ਥੰਮਿਆ ਹੋਵੇ।

ਜੱਗੇ ਨੂੰ ਉਹ ਬਲੂੰਗੜਾ ਹੀ ਸਮਝਦਾ। ਜੱਗਾ ਕੁਝ ਦਿਨ ਜਿਹਲ ਵਿਚ ਰਹਿ ਕੇ ਇਸ ਸਕੂਲ ਦੀ ਵਾਹਵਾ ਪੜ੍ਹਾਈ ਪੜ੍ਹ ਗਿਆ ਸੀ। ਉਸ ਨੇ ਜਿਹਲ ਤੋਂ ਬਾਹਰ ਆ ਕੇ ਪਿੰਡ ਵਿਚ ਤਾਰੇ ਦੇ ਵਿਰੋਧੀਆਂ ਨਾਲ ਉਠਣਾ ਬੈਠਣਾ ਸ਼ੁਰੂ ਕਰ ਦਿੱਤਾ। ਮੀਕੇ ਨੂੰ ਵੀ ਇਹੋ ਖਤਰਾ ਸੀ ਕਿ ਬਾਪੂ ਜੀ ਹਮੇਸ਼ਾਂ ਤਾਰੇ ਦੇ ਖਿਲਾਫ ਰਹੇ ਸਨ। ਉਹਨਾਂ ਦੀ ਉਸ ਨਾਲ ਕੋਈ ਜਾਤੀ ਦੁਸ਼ਮਣੀ ਤਾਂ ਨਹੀਂ ਸੀ। ਉਸ ਦੇ ਬਦਮਾਸ਼ਾਂ ਵਾਲੇ ਕੰਮ ਉਹਨਾਂ ਨੂੰ ਪਸੰਦ ਨਹੀਂ ਸਨ। ਤਾਰੇ ਦੀ ਅੱਖ ਵਿਚ ਉਹ ਪੂਰੀ ਤਰ੍ਹਾਂ ਰੜਕਦੇ ਕਿਉਂਕਿ ਉਹ ਨਿੱਡਰਤਾ ਨਾਲ ਉਸ ਦਾ ਵਿਰੋਧ ਕਰਦੇ ਸਨ। ਤਾਰਾ ਵੀ ਉਹਨਾਂ ਤੋਂ ਕੰਨ ਭੰਨਦਾ। ਮੀਕਾ ਚਾਹੁੰਦਾ ਸੀ ਕਿਸੇ ਤਰ੍ਹਾਂ ਇਸ ਪਾਰਟੀ-ਬਾਜੀ ਤੋਂ ਬਚਿਆ ਜਾਵੇ। ਵੈਸੇ ਉਸ ਦੇ ਹੱਥ ਵੱਸ ਕੁਝ ਨਹੀਂ ਸੀ।

ਜੱਗੇ ਨੇ ਇਕ ਇਹ ਸਬਕ ਵੀ ਸਿਖਿਆ ਸੀ ਜੇ ਤਾਰੇ ਨਾਲ ਅੜਿਕਣਾ ਮੜਿਕਣਾ ਸੀ ਤਾਂ ਤਾਰੇ ਵਰਗੇ ਬਣ ਕੇ ਹੀ ਨਜਿਠਿਆ ਜਾ ਸਕਦਾ ਸੀ। ਦਿਹਾੜੀਆਂ ਕਰਕੇ ਤਾਰੇ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਉਸ ਨੇ ਵੀ ਤਾਰੇ ਵਾਂਗ ਨਜਾਇਜ ਸ਼ਰਾਬ ਵੇਚਣ ਦਾ ਧੰਦਾ ਕਰਨਾ ਸ਼ੁਰੂ ਕਰ ਦਿੱਤਾ। ਨਾਲ ਹੀ ਰਾਜਸਥਾਨ ਤੋਂ ਡੋਡੇ ਲਿਆ ਕੇ ਵੇਚਣੇ ਸ਼ੁਰੂ ਕਰ ਦਿੱਤੇ।

ਜੱਗੇ ਨੇ ਤਾਰੇ ਵਾਲੇ ਹੱਥ ਕੰਡੇ ਅਪਣਾ ਲਏ। ਆਪਣੇ ਘਰ ਉਸ ਨੇ ਕਦੇ ਕੋਈ ਨਜਾਇਜ਼ ਚੀਜ਼ ਨਹੀਂ ਰੱਖੀ ਅਤੇ ਆਪਣਾ ਮਾਲ ਵੇਚਣ ਲਈ ਕਮਿਸ਼ਨ ‘ਤੇ ਮੁੰਡੇ ਰੱਖ ਲਏ। ਸ਼ਰਾਬ ਤੇ ਡੋਡੇ ਵੇਚਣ ਦਾ ਕੰਮ ਮੁੰਡੇ ਕਰਦੇ। ਜੱਗਾ ਮਾਲ ਉਹਨਾਂ ਕੋਲ ਪਹੁੰਚਾ ਦਿੰਦਾ। ਦੂਸਰਾ ਉਸ ਨੇ ਡੋਡੇ ਵਰਤਣ ਵਾਲਿਆਂ ਨੂੰ ਪੈਕਟ ਉਹਨਾਂ ਦੇ ਘਰੀਂ ਪਹੁੰਚਾਉਣ ਦਾ ਢੰਗ ਵਰਤਣਾ ਸ਼ੁਰੂ ਕਰ ਲਿਆ। ਇੰਝ ਕਰਨ

ਨਾਲ ਸ਼ੱਕ ਦੀ ਗੁੰਜਾਇਸ਼ ਹੋਰ ਵੀ ਘੱਟ ਜਾਂਦੀ।

ਗੁੜ ਬੁੱਕਲ ਵਿਚ ਤਾਂ ਭਜਦਾ ਨਹੀਂ। ਜੱਗੇ ਦੀਆਂ ਗਤੀਵਿਧੀਆਂ ਦਾ ਤਾਰੇ ਨੂੰ ਪਤਾ ਲੱਗਣਾ ਕੁਦਰਤੀ ਗੱਲ ਸੀ। ਪਤਾ ਲੱਗਣ 'ਤੇ ਤਾਰਾ ਬਹੁਤ ਤੜਪਿਆ। ਉਹ ਤਾਂ ਕਦੋਂ ਦਾ ਬਹਾਨੇ ਭਾਲਦਾ ਸੀ ਜਿਵੇਂ ਕਿਵੇਂ ਜੱਗੇ ਨੂੰ ਫਸਾਇਆ ਜਾ ਸਕੇ। ਉਸ ਦਾ ਕੋਈ ਵਸੀਲਾ ਨਾ ਬਣਿਆ। ਤਾਰੇ ਨੂੰ ਸਭ ਤੋਂ ਵੱਡਾ ਖਤਰਾ ਜੱਗੇ ਤੋਂ ਸੀ। ਤਾਰੇ ਨੂੰ ਪਤਾ ਸੀ ਜੇ ਜੱਗੇ ਨੇ ਡਾਂਗ 'ਤੇ ਡੇਰਾ ਕਰ ਲਿਆ ਤਾਂ ਉਸ ਨੇ ਤਾਰੇ ਨੂੰ ਖੰਘਣ ਨੀ ਦੇਣਾ ਤੇ ਜਦ ਵੀ ਉਸ ਦਾ ਨੁਕਸਾਨ ਹੋਇਆ ਤਾਂ ਜੱਗਾ ਹੀ ਕਰੇਗਾ। ਆਪਣੇ ਵਿਰੋਧੀਆਂ ਦਾ ਜੱਗੇ ਨਾਲ ਬੈਠਣ ਉੱਠਣ ਉਸ ਨੂੰ ਹੋਰ ਵੀ ਖਟਕਣ ਲੱਗਾ।

ਤਾਰੇ ਨੇ ਜੱਗੇ ਨੂੰ ਮਰਵਾਉਣ ਦੀ ਵਿਉਂਤ ਵੀ ਬਣਾਈ। ਉਸ ਤੋਂ ਇਹ ਗੱਲ ਲੁਕੀ ਹੋਈ ਨਹੀਂ ਸੀ ਕਿ ਜੱਗੇ ਦੇ ਕਤਲ ਵਿਚ ਉਸ ਦਾ ਨਾਂ ਜ਼ਰੂਰ ਆਵੇਗਾ। ਉਸ ਨੂੰ ਕੈਦ ਤਾਂ ਬੇਸ਼ਕ ਨਾ ਵੀ ਹੋਵੇ ਪਰ ਚਲਦੇ ਕੇਸ ਵਿਚ ਜੇ ਜ਼ਮਾਨਤ ਨਾ ਹੋਈ ਤਾਂ ਡੇਢ ਦੋ ਸਾਲ ਜੇਹਲ ਦੀ ਹਵਾ ਖਾਣੀ ਪੈ ਸਕਦੀ ਸੀ। ਜਿਥੇ ਉਸ ਨੂੰ ਜੇਹਲ ਜਾਣ ਤੋਂ ਡਰ ਲੱਗਣ ਲੱਗਾ ਉਥੇ ਉਸ ਨੂੰ ਆਪਣਾ ਚਲਦਾ ਕੰਮ ਵੀ ਬੰਦ ਹੁੰਦਾ ਦਿਸਿਆ। ਦੋਹ ਸਾਲਾਂ ਵਿਚ ਤਾਂ ਪੈਸੇ ਦੇ ਨੁਕਸਾਨ ਨਾਲ ਉਸ ਦੀ ਬਣੀ ਭੱਲ ਅਤੇ ਸਿਆਸੀ ਅਸਰ ਰਸੂਖ ਵੀ ਖਤਮ ਹੋ ਸਕਦਾ ਸੀ। ਇਹੋ ਜਿਹੀਆਂ ਗਿਣਤੀਆਂ ਮਿਣਤੀਆਂ ਵਿਚ ਤਾਰਾ ਪਿਆ ਤਾਂ ਉਸ ਨੇ ਜੱਗੇ ਨੂੰ ਕਤਲ ਕਰਨ ਜਾਂ ਕਰਾਉਣ ਦਾ ਇਰਾਦਾ ਬਦਲ ਲਿਆ। ਉਹ ਠੀਕ ਸਮੇਂ ਅਤੇ ਸਹੀ ਢੰਗ ਦੀ ਉਡੀਕ ਕਰਨ ਲੱਗਾ।

ਜੱਗੇ ਦੇ ਸ਼ਰਾਬ ਅਤੇ ਪੋਸਤ ਵੇਚਣ ਦੀ ਉਸ ਨੂੰ ਤਸੱਲੀ ਹੋ ਗਈ ਸੀ। ਉਸ ਨੇ ਆਪਣੇ ਬੰਦੇ ਜੱਗੇ ਦੀ ਸੂੰਹ ਰੱਖਣ ਲਈ ਲਾ ਦਿੱਤੇ। ਇਕ ਦਿਨ ਉਸ ਨੂੰ ਜੱਗੇ ਕੋਲ ਪੋਸਤ ਆਉਣ ਦਾ ਪੱਕਾ ਪਤਾ ਲੱਗਿਆ ਤਾਂ ਉਹ ਸਿੱਧਾ ਥਾਣੇ ਪਹੁੰਚ ਗਿਆ ਅਤੇ ਥਾਣੇਦਾਰ ਨੂੰ ਉਸ ਦੇ ਕੁਆਟਰ ਵਿਚ ਜਾ ਮਿਲਿਆ। ਸਾਰਾ ਕੁਝ ਦੱਸ ਕੇ ਉਸ ਨੇ ਥਾਣੇਦਾਰ ਦੇ ਹੱਥ ਲਫਾਫਾ ਫੜਾ ਦਿੱਤਾ। ਨਾਂਹ ਨਾਂਹ ਕਰਦਿਆਂ ਥਾਣੇਦਾਰ ਨੇ ਲਿਫਾਫਾ ਜੇਬ ਵਿਚ ਪਾ ਲਿਆ ਅਤੇ ਤਿੰਨ ਸਿਪਾਹੀਆਂ ਨੂੰ ਨਾਲ ਲੈ ਕੇ ਰਾਤ ਦੇ ਅੱਠ ਨੌਂ ਵਜੇ ਜੱਗੇ ਦਾ ਦਰਵਾਜ਼ਾ ਜਾ ਖੜਕਾਇਆ। ਜੱਗੇ ਨੇ ਹੱਸਦਿਆਂ ਬਾਰ ਖੋਲ੍ਹ ਦਿੱਤਾ।

"ਆਉ ਜਨਾਬ ਆਉ। ਅੱਜ ਕੀੜੀ ਦੇ ਘਰ ਭਗਵਾਨ ਕਿਵੇਂ!" ਜੱਗੇ ਦੀਆਂ ਅੱਖਾਂ ਵਿਚ ਖਚਰੀ ਮੁਸਕਾਨ ਥਾਣੇਦਾਰ ਤੋਂ ਹਨ੍ਹੇਰੇ ਵਿਚ ਪੜ੍ਹੀ ਨਾ ਗਈ । ਉਸ ਨੇ ਜੱਗੇ ਨੂੰ ਮਮੂਲੀ ਜਿਹਾ ਧੱਕਾ ਮਾਰ ਕੇ ਪਾਸੇ ਕਰ ਦਿੱਤਾ ਅਤੇ ਵਿਹੜੇ ਵਿਚ ਜਾ ਖੜਾਕ ਹੋਇਆ।

"ਥਾਣੇਦਾਰ ਸਾਹਿਬ ਧੱਕੇ ਨਾ ਮਾਰੋ ਕੰਮ ਦੱਸੋ।" ਜੱਗੇ ਨੇ ਕਿਹਾ ਭਾਂਵੇਂ ਨਰਮੀ ਨਾਲ ਸੀ ਪਰ ਜਿਸ ਵਿਸ਼ਵਾਸ਼ ਨਾਲ ਉਸ ਨੇ ਕਿਹਾ ਉਸ ਨੇ ਥਾਣੇਦਾਰ ਦੇ ਕੰਨ ਖੜ੍ਹੇ ਕਰ ਦਿੱਤੇ। ਉਸ ਨੂੰ ਮਹਿਸੂਸ ਹੋਇਆ ਕਿ ਜੱਗੇ ਨਾਲ ਉਹ ਕੋਈ ਬਦਸਲੂਕੀ ਨਹੀਂ ਕਰ ਸਕਦਾ।

"ਅਸੀਂ ਤੇਰੇ ਘਰ ਦੀ ਤਲਾਸ਼ੀ ਲੈਣੀ ਆ। ਸਾਨੂੰ ਪਤਾ ਲੱਗਿਆ ਬਈ ਤੇਰੇ ਘਰ ਪੋਸਤ ਆਇਆ। ਜੇ ਤੂੰ ਆਪ ਈ ਦੇ ਦੇਵੇਂ ਤਾਂ ਤੇਰੇ ਨਾਲ ਨਰਮੀ ਵਰਤਣ ਦਾ ਮੈਂ ਵਾਅਦਾ ਕਰਦਾਂ।" ਥਾਣੇਦਾਰ ਨੇ ਜੱਗੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ। ਨਾਲੋ ਨਾਲ ਉਹ ਜੱਗੇ ਦੇ ਹਾਵ ਭਾਵ ਵੀ ਨਿਰਖਦਾ-ਪਰਖਦਾ ਰਿਹਾ।

"ਤਲਾਸ਼ੀ ਲਉ ਜੰਮ ਜੰਮ। ਇਹ ਕਿਹੜਾ ਤਾਰੇ ਬਲੈਕੀਏ ਦਾ ਦੁਮੰਜਲਾ ਬਈ ਚਿਰ ਲੱਗੂ। ਦੋ ਖੋਲੇ ਆ ਦੇਖ ਲੋ।" ਜੱਗੇ ਨੇ ਅਡੋਲ

ਦੋਹਾਂ ਕਮਰਿਆਂ ਵੱਲ ਹੱਥ ਕਰ ਦਿੱਤਾ। ਥਾਣੇਦਾਰ ਨੇ ਸਿਪਾਹੀਆਂ ਨੂੰ ਤਲਾਸ਼ੀ ਲੈਣ ਦਾ ਇਸ਼ਾਰਾ ਕਰ ਦਿੱਤਾ।

"ਜਨਾਬ ਐਨੀ ਕੁ ਮਿਹਰਬਾਨੀ ਰੱਖਿਉ ਬਈ ਕੋਲੋਂ 'ਫੀਮ ਦੀ ਡਲੀ ਰੱਖ ਕੇ ਨਾ ਗਰੀਬ ਮਾਰ ਕਰ ਦਿਉ।" ਜੱਗਾ ਹੱਸਿਆ ਤਾਂ ਸਿਪਾਹੀਆਂ ਦੇ ਨਾਲ ਥਾਣੇਦਾਰ ਨੂੰ ਤਸੱਲੀ ਹੋ ਗਈ ਕਿ ਜੱਗੇ ਕੋਲ ਕੁਝ ਨਹੀਂ। ਪੁਲਸ ਨੇ ਤਾਂ ਆਪਣਾ ਕੰਮ ਕਰਨਾ ਹੋਇਆ! ਤਲਾਸ਼ੀ ਦਾ ਢੌਂਗ ਜਾਰੀ ਰਿਹਾ। ਥਾਣੇਦਾਰ ਜੱਗੇ ਦੇ ਸਵੈ-ਵਿਸ਼ਵਾਸ਼ 'ਤੇ ਹੈਰਾਨ ਹੋਏ ਬਿਨਾਂ ਨਾ ਰਹਿ ਸਕਿਆ।

"ਜਨਾਬ ਆਹ ਸ਼ਰਾਬ ਦੀ ਠੇਕੇ ਦੀ ਬੋਤਲ ਤੋਂ ਬਿਨਾਂ ਹੋਰ ਕੁਸ਼ ਨੀ ਮਿਲਿਆ।" ਸੁਣ ਕੇ ਜੱਗਾ ਗਲਾਸ ਅਤੇ ਪਾਣੀ ਲੈ ਆਇਆ। ਉਸ ਨੇ ਪੈਗ ਪਾ ਕੇ ਥਾਣੇਦਾਰ ਨੂੰ ਫੜਾਇਆ ਜੋ ਉਸ ਨੇ ਸ਼ਸ਼ੋਪੰਜ ਜਿਹੇ ਨਾਲ ਫੜ ਲਿਆ।

"ਸਾਡਾ ਪਰੁਹਣਾ ਆਇਆ ਸੀ। ਮੈਂ ਤਾਂ ਨਸ਼ਾ ਕਰਦਾ ਨੀ ਜਨਾਬ। ਗਰੀਬ ਤੋਂ ਤਾਂ ਰੋਟੀ ਦਾ ਐਬ ਈ ਨੀ ਪੂਰਾ ਹੁੰਦਾ।" ਸਿਪਾਹੀਆਂ ਨੂੰ ਬੋਤਲ ਤੇ ਗਲਾਸ ਫੜਾਉਂਦਿਆਂ ਉਸ ਨੇ ਲੁੱਚੇ ਸਤਿਕਾਰ ਨਾਲ ਲੁਕਵੀਂ ਟਕੋਰ ਵੀ ਮਾਰੀ।

"ਜੱਗਿਆ ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ ਆ ਈ ਜਾਂਦਾ। ਅੱਜ ਬੱਚ ਗਿਆਂ ਤਾਂ ਇਹਦਾ ਮਤਲਬ ਇਹ ਨੀ ਬਈ ਕਿਸਮਤ ਹਮੇਸ਼ਾਂ ਤੇਰਾ ਸਾਥ ਦਿੰਦੀ ਰਹੂ।" ਥਾਣੇਦਾਰ ਨੂੰ ਆਪਣੀ ਹੇਠੀ ਮਹਿਸੂਸ ਹੋ ਰਹੀ ਸੀ।

"ਜਨਾਬ ਜੇ ਤਾਰੇ ਦੀ ਕਿਸਮਤ ਸਾਥ ਦਿੰਦੀ ਰਹੀ ਆ ਤਾਂ ਅਸੀਂ ਕਿਹੜਾ ਰੱਬ ਦਾ ਕੁਸ ਵਗਾੜਿਆ।!" ਤਾਰੇ ਦਾ ਨਾਂ ਲੈ ਕੇ ਅਸਲ ਵਿਚ ਜੱਗਾ ਥਾਣੇਦਾਰ ਨੂੰ ਤਾਰੇ ਦੇ ਕੰਮ ਅਤੇ ਉਸ ਦੀ ਕੀਤੀ ਮੁਖਬਰੀ ਦੇ ਭੇਦ ਸਬੰਧੀ ਜਾਣਕਾਰ ਹੋਣ ਦਾ ਅਹਿਸਾਸ ਕਰਵਾ ਰਿਹਾ ਸੀ। ਥਾਣੇਦਾਰ ਨੇ ਮੱਧਮ ਰੌਸ਼ਨੀ ਵਿਚ ਜੱਗੇ ਵੱਲ ਵੇਖਿਆ ਤਾਂ ਉਸ ਦੇ ਚਿਹਰੇ 'ਤੇ ਜੇਤੂ ਮੁਸਕਰਾਹਟ ਨੂੰ ਵੇਖ ਕੇ ਉਹਦਾ ਅਹੰਕਾਰ ਡੰਗਿਆ ਗਿਆ ਅਤੇ ਉਹ ਕੋਲ ਪਏ ਮੰਜੇ 'ਤੇ ਖਾਲੀ ਗਲਾਸ ਸੁੱਟ ਕੇ ਦਗੜ ਦਗੜ ਕਰਦਾ ਘਰੋਂ ਬਾਹਰ ਨਿਕਲ ਗਿਆ। ਸਿਪਾਹੀਆਂ ਨੇ ਥਾਣੇਦਾਰ ਦੇ ਪਿੱਛੇ ਬਾਹਰ ਨਿਕਲਦਿਆਂ ਜੱਗੇ ਨਾਲ ਗੁੱਝੀ ਤੱਕਣੀ ਵਿਚ ਗੱਲ ਕੀਤੀ। ਉਹਨਾਂ ਵਿਚੋਂ ਇਕ ਨੂੰ ਜੱਗੇ ਦਾ ਸਵੈ ਵਿਸ਼ਵਾਸ਼ ਪ੍ਰਭਾਵਤ ਕਰੇ ਬਿਨਾਂ ਨਾ ਰਹਿ ਸਕਿਆ। ਜੱਗੇ ਨੂੰ ਥਾਣੇਦਾਰ ਦੇ ਕੁਆਟਰ ਤੱਕ ਪਹੁੰਚਣ ਦਾ ਰਾਹ ਮਿਲ ਗਿਆ।

ਥਾਣੇਦਾਰ ਜੱਗੇ ਦੇ ਘਰੋਂ ਨਿਕਲ ਕੇ ਤਾਰੇ ਦੇ ਘਰ ਨੂੰ ਹੋ ਪਿਆ। ਵਗਾਰ 'ਤੇ ਲਿਆਂਦੀ ਕਾਰ ਦਾ ਡਰਾਇਵਰ ਅੰਦਰੇ ਅੰਦਰ ਵਿੱਸ ਘੋਲਦਾ ਥਾਣੇਦਾਰ ਨੂੰ ਗਾਹਲਾਂ ਕੱਢ ਰਿਹਾ ਸੀ ਅਤੇ ਬਾਹਰੋਂ ਉਸ ਨੂੰ ਜੀ ਹਜ਼ੂਰੀ ਕਰਨੀ ਪੈ ਰਹੀ ਸੀ।'ਪਤਾ ਨੀ ਸਾਲੇ ਜਮਦੂਤ ਕਿਥੋਂ ਮੱਥੇ ਲੱਗ ਗੇ। ਸਾਰੀ ਰਾਤ ਖਰਾਬ ਕਰ 'ਤੀ। ਕੰਜਰਾਂ ਨੇ ਤੇਲ ਦਾ ਤੁਪਕਾ ਵੀ ਨੀ ਪਆਉਣਾ ਉਤੋਂ ਪਤਾ ਨੀ ਹੋਰ ਵੀ ਕੋਈ ਖਰਚਾ ਕਰਨਾ ਪੈ ਜੇ।'

ਥਾਣੇਦਾਰ ਨੇ ਬੂਹਾ ਖੜਕਾਇਆ ਤਾਂ ਤਾਰੇ ਨੇ ਦਰਵਾਜ਼ਿਆਂ ਦੀਆਂ ਵਿਰਲਾ ਵਿਚੋਂ ਦੀ ਵੇਖਿਆ ਅਤੇ ਹੈਰਾਨੀ ਨਾਲ ਬੂਹਾ ਖੋਲ੍ਹ ਦਿੱਤਾ। ਉਸ ਨੂੰ ਥਾਣੇਦਾਰ ਦੇ ਆਉਣ ਦੀ ਉੱਕਾ ਉਮੀਦ ਨਹੀਂ ਸੀ। ਉਸ ਦਾ ਖਿਆਲ ਸੀ ਜੱਗੇ ਨੂੰ ਫੜ ਕੇ ਉਹ ਸਿੱਧਾ ਥਾਣੇ ਜਾਵੇਗਾ। ਬਿਜਲੀ ਦੇ ਥੱਕੇ ਜਿਹੇ ਬਲਬ ਦੇ ਬਿਮਾਰ ਚਾਨਣ ਵਿਚ ਉਸ ਨੇ ਖਾਲੀ ਕਾਰ ਵੱਲ ਵੇਖਿਆ ਅਤੇ ਨਾਲ ਥਾਣੇਦਾਰ 'ਤੇ ਸਵਾਲੀਆ ਨਜ਼ਰ ਸੁੱਟੀ।

"ਉਹਦੇ ਘਰੋਂ ਤਾਂ ਜੂੰਆਂ ਵੀ ਨੀ ਨਿਕਲੀਆਂ। ਮੁਖਬਰੀ ਕਰਨੀ ਸੀ ਤਾਂ ਪੂਰਾ ਪਤਾ ਕਰ ਕੇ ਕਰਦਾ। ਹੁਣ ਉਹਨੇ ਭੈਣ ----ਨੇ ਅਵੇਸਲਾ ਨੀ ਹੁਣਾ। ਲਿਆ ਭੋਰਾ---ਸਾਰਾ ਮੂਡ ਈ ਖਰਾਬ ਹੋ ਗਿਆ।" ਥਾਣੇਦਾਰ ਨੇ ਬੈਠਕ ਵਿਚ ਕੁਰਸੀ 'ਤੇ ਬੈਠਦਿਆਂ ਕਿਹਾ

ਜਿਵੇਂ ਉਸ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੋਵੇ।

ਤਾਰਾ ਨਿਮੋਝੂਣਾ ਜਿਹਾ ਗਲਾਸ ਤੇ ਬੋਤਲ ਲੈ ਆਇਆ। ਉਸ ਨੂੰ ਆਪਣੇ ਪੈਸੇ ਅਜਾਂਈ ਗਏ ਲੱਗੇ ਤੇ ਨਾਲ ਹੀ ਜੱਗੇ ਨਾਲ ਦੁਸ਼ਮਣੀ ਸੰਘਣੀ ਹੁੰਦੀ ਦਿਸੀ। ਘਰ ਆਲੀ ਨੂੰ ਉਹ ਰੋਟੀ ਤਿਆਰ ਕਰਨ ਲਈ ਕਹਿਣ ਚਲਾ ਗਿਆ। ਉਸ ਨੂੰ ਪਤਾ ਸੀ ਪੁਲਸ ਵਾਲੇ ਰੋਟੀ ਖਾਣ ਹੀ ਆਏ ਸਨ।

"ਅੱਧੀ ਰਾਤ ਇਹ ਦੱਸ ਬਈ ਕੀ ਵਿਆਹ ਦੀ ਗੰਢ ਲੈ ਕੇ ਆਏ ਐ। ਕਾਲੇ ਮੂੰਹ ਆਲਿਆਂ ਨੇ ਲੰਗਰ ਛੁਲਸਣਾ ਸੀ ਤਾਂ ਕਿਸੇ ਟੈਮ ਨਾਲ ਆਉਂਦੇ।" ਉਹ ਬੁੜ ਬੁੜ ਕਰਦੀ ਉੱਠੀ ਜਿਸ ਵੱਲ ਤਾਰੇ ਨੇ ਕੋਈ ਧਿਆਨ ਨਾ ਦਿੱਤਾ। ਉਸ ਦੇ ਦਿਮਾਗ ਵਿਚ ਤਾਂ ਹੋਰ ਈ ਬਥੇਰਾ ਕੁਝ ਚੱਲ ਰਿਹਾ ਸੀ।

"ਤਲਾਹ ਤਾਂ ਜੀ ਪੱਕੀ ਸੀ। ਕੁਸ ਘੰਟਿਆਂ 'ਚ ਈ ਐਨਾ ਮਾਲ ਕਿੱਧਰ ਗਿਆ। ਸਮਝ ਨੀ ਲਗਦੀ--।" ਤਾਰੇ ਦਾ ਦਿਮਾਗ ਸਰਪਟ ਦੌੜਨ ਲੱਗਾ। ਥਾਣੇਦਾਰ ਨੇ ਪੈਗ ਗੜੱਪ ਕਰਕੇ ਅੰਦਰ ਸੁੱਟਿਆ ਅਤੇ ਗਲਾਸ ਤਾਰੇ ਵੱਲ ਕੀਤਾ।

"ਨਹੀਂ ਜੀ ਮੈਂ ਤਾਂ ਹੁਣ ਰੋਟੀ ਖਾ ਲੀ। ਰੋਟੀ ਖਾ ਕੇ ਤਾਂ ਸਾਲੀ ਪੀਤੀ ਨੀ ਜਾਂਦੀ।" ਤਾਰਾ ਥਾਣੇਦਾਰ ਨਾਲ ਅੱਜ ਦੀ ਕਾਰਵਾਈ ਨੂੰ ਵਿਚਾਰਣ ਲੱਗਾ।

ਜੱਗੇ ਨੇ ਪੁਲਸ ਦੇ ਜਾਣ 'ਤੇ ਸੁੱਖ ਦਾ ਸਾਹ ਲਿਆ। ਬਾਕੀ ਦਾ ਸਾਰਾ ਮਾਲ ਤਾਂ ਉਸ ਨੇ ਆਪਣੇ ਕਰਿੰਦਿਆਂ ਵਿਚ ਵੰਡ ਦਿੱਤਾ ਅਤੇ ਉਹਨਾਂ ਨੇ ਪੈਕਟ ਬਣਾ ਕੇ ਬਹੁਤਾ ਅਮਲੀਆਂ ਦੇ ਹੱਥੀਂ ਦੇ ਦਿੱਤਾ ਸੀ। ਇੱਕ ਬੋਰੀ ਬਾਕੀ ਬਚਦੀ ਜੱਗੇ ਨੇ ਗੁਆਂਢੀਆਂ ਦੇ ਛਿਟੀਆਂ ਦੇ ਕੁਨੂੰ ਵਿਚ ਲਕੋ ਦਿੱਤੀ। ਇਹ ਕੁਨੂੰ ਜੱਟਾਂ ਦੇ ਬਾਹਰਲੇ ਘਰ ਵਿਚ ਲੱਗਾ ਹੋਇਆ ਸੀ ਜਿਹੜਾ ਜੱਗੇ ਦੇ ਘਰ ਦੇ ਸਾਹਮਣੇ ਸੀ। ਜੱਗੇ ਦੀ ਨਿਗਾਹ ਦੇ ਸਾਹਮਣੇ ਹੋਣ ਕਰਕੇ ਉਸ ਨੂੰ ਉਸ ਦੇ ਚੋਰੀ ਹੋਣ ਦਾ ਖਤਰਾ ਨਹੀਂ ਸੀ। ਘਰ ਦੇ ਮਾਲਕ ਜੱਟਾਂ ਨੂੰ ਇਸ ਕਾਰਵਾਈ ਬਾਰੇ ਕੁਝ ਪਤਾ ਨਹੀਂ ਸੀ।

ਪੁਲਸ ਨੇ ਜੱਗੇ ਦੇ ਘਰ ਦੀ ਹੀ ਤਲਾਸ਼ੀ ਲਈ। ਚੰਗੀ ਕਿਸਮਤ ਨੂੰ ਉਹਨਾਂ ਨੇ ਛਿਟੀਆਂ ਦੇ ਕੁਨੂੰ ਵੱਲ ਧਿਆਨ ਨਾ ਦਿੱਤਾ। ਜੱਗੇ ਨੇ ਆਪਣੇ ਆਪ ਨੂੰ ਬੁਰਾ ਭਲਾ ਕਿਹਾ।

'ਜੇ ਕਿਤੇ ਪੁਲਸ ਨੇ ਮਾਲ ਫੜ ਲਿਆ ਹੁੰਦਾ!' ਜੱਗੇ ਨੂੰ ਝੁਣਝੁਣੀ ਆਈ। ਉਸ ਨੂੰ ਪਤਾ ਸੀ ਕਿ ਉਸ ਨੂੰ ਮਾਲ ਦੀ ਜ਼ਿੰਮੇਵਾਰੀ ਲੈਣੀ ਪੈਣੀ ਸੀ ਅਤੇ ਨਾਲ ਹੀ ਉਹਨਾਂ ਸ਼ਰੀਫ ਬੰਦਿਆਂ ਦਾ ਮੱਕੂ ਠੱਪਿਆ ਜਾਣਾ ਸੀ। ਉਸ ਨੇ ਮਲਕੜੇ ਰੁਲਦੂ ਦਾ ਕੁੰਡਾ ਖੜਕਾਇਆ। ਰੁਲਦੂ ਉਸ ਦਾ ਕਮਾਂਡਰ ਸੀ। ਜੱਗੇ ਦਾ ਵਿਸ਼ਵਾਸ਼ ਪਾਤਰ ਅਤੇ ਨਿੱਡਰ। ਉਹ ਹੈਰਾਨੀ ਨਾਲ ਜੱਗੇ ਵੱਲ ਵੇਖਣ ਲੱਗਾ।

"ਐਸ ਵੇਲੇ ਸੁੱਖ ਆ!" ਜੱਗੇ ਨੇ ਉਸ ਦਾ ਹੱਥ ਘੁੱਟਿਆ ਅਤੇ ਉਸ ਨੂੰ ਨਾਲ ਆਉਣ ਦਾ ਇਸ਼ਾਰਾ ਕੀਤਾ। ਉਹ ਦਬਵੇਂ ਪੈਰੀਂ ਜੱਗੇ ਦੇ ਘਰ ਕੋਲ ਆ ਗਏ।

"ਪੁਲਸ ਨੇ ਛਾਪਾ ਮਾਰਿਆ ਸੀ। ਮਿਲਿਆ ਤਾਂ ਉਹਨਾਂ ਨੂੰ ਕੁਸ ਨੀ। ਮੈਨੂੰ ਲਗਦਾ ਬਈ ਪੁਲਸੀਏ ਤਾਰੇ ਦੇ ਘਰ ਵੱਲ ਗਏ ਹੋਣਗੇ। ਤੂੰ ਪਤਾ ਕਰਕੇ ਆ।" ਰੁਲਦੂ ਬਿਨਾਂ ਕੋਈ ਹੋਰ ਸਵਾਲ ਕੀਤੇ ਚਲਾ ਗਿਆ ਤੇ ਜੱਗਾ ਮੰਜੇ ਤੇ ਜਾ ਬੈਠਾ। ਦਰਵਾਜ਼ਾ ਉਸ ਨੇ ਭੀੜ ਦਿੱਤਾ ਪਰ ਕੁੰਡਾ ਨਾ ਲਾਇਆ। ਉਹ ਤਾਰੇ ਨੂੰ ਦਿਲ 'ਚ ਗਾਹਲਾਂ ਕੱਢਦਾ ਕਚੀਚੀਆਂ ਵੱਟੀ ਜਾ ਰਿਹਾ ਸੀ। ਉਸ ਨੂੰ ਕਿਸ਼ਨੇ ਦਾ

ਖੰਘੂਰਾ ਸੁਣਿਆ। ਕਿਸ਼ਨੇ ਨੂੰ ਪੁਲਸ ਦੀ ਬਿੜਕ ਲੱਗ ਗਈ ਸੀ। ਉਹ ਜੱਗੇ ਨਾਲ ਮੰਜੇ 'ਤੇ ਆ ਬੈਠਾ। ਜੱਗੇ ਨੂੰ ਪਤਾ ਸੀ ਕਿ ਉਸ ਨੇ ਕੀ ਕਹਿਣਾ ਸੀ।

"ਬਾਪੂ ਤੂੰ ਸੌਂ ਜਾਹ। ਪੁਲਸ ਆਪਦੀ ਡਿਊਟੀ ਵਜਾ ਕੇ ਚਲੀ ਗਈ ਆ। ਤੂੰ ਨਾ ਫਿਕਰ ਕਰ। ਮੈਂ ਤੜਕੇ ਤੈਨੂੰ ਸਾਰੀ ਗੱਲ ਦੱਸੂੰ।" ਉਹ ਚਾਹੁੰਦਾ ਸੀ ਕਿਸ਼ਨਾ ਕੁਝ ਨਾ ਬੋਲੇ। ਕਿਸ਼ਨਾ ਵੀ ਵਿਚਾਰਾ ਕੁਝ ਬੋਲੇ ਬਿਨਾਂ ਫਿਕਰਾਂ ਦੀ ਨੀਂਦ ਲੈ ਕੇ ਚਲਾ ਗਿਆ। ਜੱਗਾ ਬੇਸਬਰੀ ਨਾਲ ਰੁਲਦੂ ਦੀ ਉਡੀਕ ਕਰਦਾ ਰਿਹਾ।

"ਐਨਾ ਚਿਰ---!" ਰੁਲਦੂ ਨੂੰ ਕਾਹਲੀ ਨਾਲ ਘਰ ਵੜਦਿਆਂ ਵੇਖ ਜੱਗਾ ਮੰਜੇ 'ਤੇ ਉੱਠ ਬੈਠਾ।

"ਉਹਦੇ ਘਰ ਦੇ ਬਾਹਰ ਕਾਰ ਤਾਂ ਖੜੀ ਸੀ। ਮੈਨੂੰ ਪਤਾ ਨੀ ਸੀ ਬਈ ਇਹ ਪੁਲਸ ਦੀ ਕਾਰ ਈ ਐ। ਮੈਂ ਥੋੜਾ 'ਡੀਕਣਾਂ ਈ ਠੀਕ ਸਮਝਿਆ। ਤੇਰੀ ਗੱਲ ਸਹੀ ਸੀ। ਪੁਲਸ ਆਲੇ ਤਾਰੇ ਦੇ ਘਰ ਈ ਗਏ ਸੀ।"

"ਚਲੇ ਗਏ ਕੁ --।"

"ਆਹੋ ਕਾਰ ਗਈ ਤੋਂ ਪਿਛੋਂ ਈ ਮੈਂ ਆਇਆਂ।" ਰੁਲਦੂ ਮੰਜੇ 'ਤੇ ਬੈਠ ਗਿਆ।

"ਤਾਰੇ ਨੇ ਪੁੱਠੇ ਥਾਂ ਹੱਥ ਲਾ ਲਿਆ। ਕੋਈ ਨੀ ਪੁੱਤ ਨਾ ਬਣਾਇਆ ਤਾਂ ਚੈਨ ਮੈਨੂੰ ਵੀ ਨੀ ਆਉਣੀ।" ਜੱਗੇ ਨੇ ਨਫ਼ਰਤ ਨਾਲ ਥੁੱਕਿਆ। ਰੁਲਦੂ ਉਸ ਵੱਲ ਵੇਖਦਾ ਰਿਹਾ ਪਰ ਬੋਲਿਆ ਕੁਝ ਨਾ।

"ਹੁਣ ਫੇਰ---!" ਰੁਲਦੂ ਨੇ ਜੱਗੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ।

"ਹੁਣ ਤੂੰ ਆਏਂ ਕਰ ਬਈ ਔਹ ਛਿਟੀਆਂ ਦੇ ਕੁਨੂੰ 'ਚ ਇਕ ਬੋਰੀ ਪਈ ਆ ਉਹਨੂੰ ਬਿਲੇ ਲਾ ਕਿਤੇ। ਨਾਲੇ ਹੁਣ ਆਪਾਂ ਨੂੰ ਪੂਰਾ ਧਿਆਨ ਰੱਖਣਾ ਪਊ।" ਜੱਗੇ ਨੇ ਸੋਚਵਾਨ ਹੁੰਦਿਆਂ ਕਿਹਾ।

"ਤੂੰ ਬੋਰੀ ਦਾ ਫਿਕਰ ਨਾ ਕਰ। ਇਹਦਾ ਤਾਂ ਰਾਤੇ ਰਾਤ 'ਲਾਜ ਹੋ ਜੂ।" ਰੁਲਦੂ ਨੇ ਚੁਟਕੀ ਮਾਰੀ।

"ਠੀਕ ਆ ਤੂੰ ਇਹ ਕੰਮ ਕਰ ਤੇ ਬਾਕੀ ਦੀ ਗੱਲ ਬਾਤ ਬਾਰੇ ਵੀ ਸੋਚਦੇ ਆਂ। ਕੰਮ ਖਿਆਲ ਨਾ ਕਰੀਂ।" ਜੱਗੇ ਨੇ ਉਸ ਨੂੰ ਅਗਾਹ ਕਰਨਾ ਠੀਕ ਸਮਝਿਆ।

"ਚੰਗਾ ਤੜਕੇ ਮਿਲਦੇ ਆਂ ਫੇਰ--।" ਰੁਲਦੂ ਨੇ ਪਲ ਕੁ ਪੈਰ ਮਲਿਆ ਤੇ ਫਿਰ ਚੁੱਪ ਚਾਪ ਚਲਾ ਗਿਆ।

ਜੱਗੇ ਨੂੰ ਸਾਰੀ ਰਾਤ ਨੀਂਦ ਨਾ ਆਈ। ਉਸ ਨੇ ਤਾਰੇ ਦੇ ਸਬੰਧ ਵਿਚ ਕਈ ਸਕੀਮਾਂ ਬਣਾਈਆਂ ਤੇ ਢਾਈਆਂ। ਇਹਨਾਂ ਸਕੀਮਾਂ ਦੀ ਉਣਤੀ- ਬੁਣਤੀ ਕਰਦਿਆਂ ਪਤਾ ਨੀ ਕਦੋਂ ਉਸ ਦੀ ਅੱਖ ਲੱਗ ਗਈ। ਸਵੇਰੇ ਆਮ ਨਾਲੋਂ ਵੱਡੇ ਦਿਨ ਉਸ ਨੂੰ ਰੁਲਦੂ ਨੇ ਆ ਕੇ ਜਗਾਇਆ।

"ਗੋਡੇ ਗੋਡੇ ਸੂਰਜ ਚੜ੍ਹ ਗਿਆ ਤੂੰ ਅਜੇ ਵੀ ਲੰਮੀਆਂ ਤਾਣੀ ਪਿਆਂ।" ਸੁਣ ਕੇ ਜੱਗਾ ਅੱਬੜ ਵਾਹਾ ਉੱਠਿਆ ਅਤੇ ਰੁਲਦੂ ਵੱਲ ਅਨੀਂਦਰੀਆਂ ਅੱਖਾਂ ਨਾਲ ਵੇਖਣ ਲੱਗਾ। ਪਲ ਵਿਚ ਹੀ ਉਸ ਨੇ ਆਪਣੇ ਆਪ ਨੂੰ ਸੰਭਾਲ ਲਿਆ ਅਤੇ ਜਟੂਰੀਆਂ ਇਕੱਠੀਆਂ ਕਰ ਕੇ ਪੱਗ ਬੰਨਣ ਲੱਗਾ। ਚਾਹ ਦਾ ਗਲਾਸ ਪੀ ਕੇ ਉਹ ਦੋਵੇਂ ਘਰੋਂ ਬਾਹਰ ਆ ਗਏ ਅਤੇ ਖੇਤਾਂ ਵੱਲ ਨਿਕਲ ਗਏ। ਪਿੰਡੋਂ ਬਾਹਰ ਆ ਕੇ

ਉਹ ਸੂਏ ਦੇ ਪੁਲ ‘ਤੇ ਆ ਬੈਠੇ।

“ਮਾਲ ਕਿਨ੍ਹਾਂ ਕੁ ਪਿਆ!” ਆਸੇ ਪਾਸੇ ਵੇਖਦਿਆਂ ਜੱਗੇ ਨੇ ਗੱਲ ਤੋਰੀ।

“ਬੱਸ ਤੂੰ ਰਹਿੰਦ ਖੂੰਹਦ ਈ ਸਮਝ। ਅੱਜ ਆਥਣ ਨੂੰ ਸਭ ਕਲੀਰ (ਕਲੀਅਰ) ਹੋ ਜੂ।”

“ਆਪਾਂ ਨੂੰ ਬਹੁਤ ਸੋਘਮੀ ਨਾਲ ਚੱਲਣਾ ਪਊ। ਠਾਣੇਦਾਰ ਨਾਲ ਗੱਲ ਕਰਨ ਦੀ ਕੋਈ ਸਬੀਲ ਬਣਾਉਣੀ ਪਊ।” ਜੱਗੇ ਨੇ ਸੂਖਮ ਨਜ਼ਰਾਂ ਨਾਲ ਵਗਦੇ ਪਾਣੀ ਨੂੰ ਵੇਖਿਆ।

“ਠਾਣੇਦਾਰ ਨਾਲ ਤਾਂ ਬਾਪੂ ਜੀ ਦੀ ਲੋਟ ਆ। ਉਹਦੇ ਨਾਲ ਗੱਲ ਕਰ ਕੇ ਵੇਖ। ਤੇਰੀ ਨੀ ਗੱਲ ਉਹ ਮੋੜਦਾ।” ਰੁਲਦੂ ਨੇ ਉਤਸ਼ਾਹ ਨਾਲ ਰਾਇ ਦਿੱਤੀ।

“ਜਮ੍ਹਾਂ ਈ ਕਮਲੀ ਗੱਲ। ਬਾਪੂ ਜੀ ਨੇ ਪੁਲਸ ਨੂੰ ਪੈਸੇ ਲੈਣ ਦੇਣ ਦੇ ਮਾਮਲੇ ‘ਚ ਨੀ ਪੈਣਾ। ਉਹ ਵੀ ਸਮੱਗਲਿੰਗ ਦੇ ਕੇਸ ਵਿਚ। ਆਪਾਂ ਅੱਗੇ ਕਿਸੇ ਬਲੈਕੀਏ ਦੀ ਸਪਾਰਸ਼ ਕਰਦੇ ਸੁਣੇ ਐ। ਉਹਨੂੰ ਕਹਿਣ ਦਾ ਕੋਈ ਫੈਦਾ ਨੀ।” ਜੱਗੇ ਨੇ ਨਾਂਹ ਵਿਚ ਸਿਰ ਮਾਰਿਆ।

“ਫੇਰ ਤੇਰੀ ਕੀ ਰੈਅ ਆ!”

“ਮਾਲ ਵੇਚੇ ਬਿਨਾਂ ਤਾਂ ਨੀ ਸਰਨਾ। ਆਪਾਂ ਮਾਲ ਮੰਗਾਈਏ ਈ ਕਾਕੇ ਕੋਲ। ਨਾ ਚੋਰ ਲੱਗੇ ਨਾ ਕੁੱਤੀ ਭੌਂਕੇ।” ਜੱਗੇ ਨੇ ਰੁਲਦੂ ਦੀ ਸਹਿਮਤੀ ਜਾਂ ਅਸਹਿਮਤੀ ਨੂੰ ਉਸ ਦੇ ਚਿਹਰੇ ਤੋਂ ਪੜ੍ਹਨ ਦਾ ਯਤਨ ਕੀਤਾ।

“ਆਹ ਗੱਲ ਤਾਂ ਮੇਰੇ ਦਿਲ ‘ਚ ਜਾਣੀ ਖੁੱਭ ਈ ਗਈ। ਆਪਾਂ ਪਹਿਲਾਂ ਕਦੇ ਆਏਂ ਸੋਚਿਆ ਈ ਨੀ ।” ਰੁਲਦੂ ਨੂੰ ਲੱਗਿਆ ਜਿਵੇਂ ਸਾਰੀ ਸਮੱਸਿਆ ਦਾ ਹੱਲ ਲੱਭ ਗਿਆ ਹੋਵੇ। ਕਿਉਂਕਿ ਕਾਕੇ ਦਾ ਪਿੰਡ ਉਹਨਾਂ ਦੇ ਪਿੰਡ ਤੋਂ ਦਸ ਕਿਲੋਮੀਟਰ ਦੂਰ ਸੀ।

“ਫੇਰ ਵੀ ਧਿਆਨ ਨਾਲ ਈ ਚੱਲਣਾ। ਹੁਣ ਦੋਂਹ ਨੀ ਚੌਂਹ ਅੱਖਾਂ ਨਾਲ ਵੇਖਣਾ ਪਊ। ਨਾਲੇ ਇੱਕ ਗੱਲ ਹੋਰ---।” ਜੱਗੇ ਨੇ ਗੰਭੀਰਤਾ ਨਾਲ ਰੁਲਦੂ ਵੱਲ ਵੇਖਿਆ।

“ਤਾਰੇ ‘ਤੇ ਉੱਨੀ ਦੀ ਇੱਕੀ ਪਾਉਣੀ ਐ।”

“ਦੱਸ ਫੇਰ ਵਿਛਾ ਦੀਏ ਕਿਸੇ ਦਿਨ।” ਰੁਲਦੂ ਨੇ ਬਾਂਹਾਂ ਚੜ੍ਹਾਈਆਂ।

“ਤੱਤਾ ਨਾ ਵਗ। ਬੱਸ ਐਨਾ ਖਿਆਲ ਰੱਖਈਏ ਬਈ ਇਹਦਾ ਜਹਾਜ਼ ਕਦੋਂ ਉਤਰਦਾ!” ਰੁਲਦੂ ਨੇ ਜੱਗੇ ਵੱਲ ਇੰਞ ਵੇਖਿਆ ਜਿਵੇਂ ਉਸ ਦੀ ਸਕੀਮ ਰੁਲਦੂ ਨੂੰ ਪੂਰੀ ਦੀ ਪੂਰੀ ਸਮਝ ਆ ਗਈ ਹੋਵੇ। ਉਹ ਨਿੱਕੀਆਂ ਮੋਟੀਆਂ ਗੱਲਾਂ ਕਰਦੇ ਘਰ ਨੂੰ ਵਾਪਿਸ ਆ ਗਏ। ਫਿਰਨੀ ਦੇ ਮੋੜ ‘ਤੇ ਜੱਗਾ ਯੱਕ ਦਮ ਖੜ੍ਹ ਗਿਆ ਜਿਵੇਂ ਉਸ ਨੇ ਕੋਈ ਅਚਾਨਕ ਫੈਸਲਾ ਕੀਤਾ ਹੋਵੇ।

“ਰੁਲਦੂ ਚੱਲ ਆਪਾਂ ਬਾਪੂ ਜੀ ਕੋਲ ਹਾਜ਼ਰੀ ਈ ਲੁਆ ਚਲੀਏ। ਕਈ ਦਿਨ ਹੋ ਗੇ ਚੱਕਰ ਈ ਨੀ ਵੱਜਿਆ।” ਉਹ ਮੀਕੇ ਦੇ ਘਰ ਵੱਲ ਨੂੰ ਹੋ ਤੁਰੇ। ਬਾਪੂ ਜੀ ਕੁਰਸੀ ‘ਤੇ ਬੈਠੇ ਜਿਵੇਂ ਉਹਨਾਂ ਦੀ ਹੀ ਉਡੀਕ ਕਰ ਰਹੇ ਹੋਣ। ਭੂੰਡੋ ਉਹਨਾਂ ਨੂੰ ਰਾਤ ਦੇ ਛਾਪੇ ਬਾਰੇ

ਜਾਣਕਾਰੀ ਹੋ ਗਈ ਸੀ।

"ਸੁਣਿਆ ਰਾਤੀਂ ਮਹਿਮਾਨ ਆਏ ਸੀ!" ਉਹਨਾਂ ਨੇ ਮੁਸਕਰਾਉਂਦਿਆਂ ਸਵਾਲ ਕੀਤਾ। ਕੁਦਰਤੀ ਉਹਨਾਂ ਨੂੰ ਹੋਰ ਜਾਨਣ ਦੀ ਉੱਤਸੁਕਤਾ ਕੁਤਕਤਾਰੀਆਂ ਕੱਢ ਰਹੀ ਸੀ।

"ਮਹਿਮਾਨ ਆਏ ਤਾਂ ਕਾਅਦੇ ਸੀ ਤਾਰੇ ਨੇ ਭੇਜੇ ਸੀ। ਜਿਹੋ ਜੇ ਆਏ ਉਹੋ ਜੇ ਉਠ ਗੇ। ਬੱਸ ਬੋਤਲ ਨੂੰ ਜਾਂਦੇ ਜਾਂਦੇ ਫੂਕ ਮਾਰ ਗੇ!" ਜੱਗੇ ਨੇ ਹੱਸਦਿਆਂ ਆਪਣੀ ਜਿੱਤ ਦਾ ਫਖਰ ਕੀਤਾ।

"ਜੱਗਿਆ ਹੋ ਸਕਦਾ ਤਾਰੇ ਨੇ ਭੇਜੇ ਹੋਣ ਪਰ ਗਲਤ ਕੰਮ ਦਾ ਤਾਂ ਇਕ ਦਿਨ ਪਤਾ ਲੱਗਣਾ ਈ ਲੱਗਣਾ ਸੀ।" "ਬਾਪੂ ਜੀ ਗਲਤ ਬੰਦੇ ਨਾਲ ਨਜਿੱਠਣਾ ਹੋਵੇ ਤਾਂ ਗਲਤ ਵੀ ਹੁਣਾ ਪੈਂਦਾ।" ਜੱਗੇ ਨੇ ਤਾਰੇ ਦੇ ਗਲਤ ਕੰਮਾਂ ਵੱਲ ਇਸ਼ਾਰਾ ਕੀਤਾ।

"ਆਪਾਂ ਐਸ ਗੱਲ ਤੇ ਸਹਿਮਤ ਨੀ ਹੋ ਸਕਦੇ। ਪਹਿਲਾਂ ਵੀ ਕਿਨੀ ਵਾਰ ਗੱਲ ਹੋਈ ਐ। ਮੇਰੀ ਰਾਇ ਤਾਂ ਐਹੋ ਆ ਬਈ ਭਾਈ ਕੋਈ ਹੋਰ ਸੁੱਚਾ ਕੰਮ ਕਰ। ਸੁੱਚੇ ਕੰਮਾਂ 'ਚ ਕਿਹੜਾ ਪੈਸੇ ਨੀ ਬਣਦੇ!"

"ਗੱਲ ਤਾਂ ਥੋਡੀ ਠੀਕ ਆ ।" ਕੈਲੋ ਤੇ ਦੀਪੀ ਸਕੂਲ ਵਾਲਾ ਝੋਲਾ ਗਲਾਂ 'ਚ ਪਾਈ ਬਾਹਰ ਆਈਆਂ। ਬਾਪੂ ਜੀ ਨੇ ਦੀਪੀ ਨੂੰ ਬੁੱਕਲ ਵਿਚ ਲੈ ਕੇ ਪਿਆਰ ਦਿੱਤਾ ਅਤੇ ਜੱਗੇ ਨੇ ਕੈਲੋ ਦੇ ਸਿਰ 'ਤੇ ਹੱਥ ਫੇਰਿਆ। ਕੈਲੋ ਨੇ ਤੁਰ ਕੇ ਸਕੂਲ ਜਾਣਾ ਸੀ। ਉਹ ਆਪਣੇ ਰਾਹ ਪੈ ਗਈ ਅਤੇ ਦੀਪੀ ਨੂੰ ਸਕੂਲ ਛੱਡਣ ਲਈ ਬੇ ਜੀ ਨੇ ਉਸ ਨੂੰ ਉਂਗਲ ਲਾ ਲਿਆ।

"ਬਾਪੂ ਜੀ ਠਾਣੇਦਾਰ ਨਾਲ ਕੋਈ ਲਿਹਾਜ ਕੱਢੋ। ਆਏਂ ਤਾਂ ਕੰਮ ਖਰਾਬ ਹੋ ਜੂ।" ਜੱਗੇ ਨੂੰ ਪਤਾ ਸੀ ਕਿ ਬਾਪੂ ਜੀ ਨੇ ਲੱਤ ਨੀ ਲਾਹੁਣੀ। ਫਿਰ ਵੀ ਉਸ ਨੇ ਆਪਣੀ ਵਾਹ ਲਾਹੁਣ ਦੀ ਕੋਸ਼ਿਸ਼ ਕੀਤੀ।

"ਐਸ ਠਾਣੇਦਾਰ ਦੀ ਬਦਲੀ ਤਾਂ ਹਫ਼ਤੇ ਦਸ ਦਿਨਾਂ ਵਿਚ ਹੋ ਜੂ। ਮੈਨੂੰ ਪੱਕੀ 'ਤਲਾਹ ਮਿਲੀ ਆ। ਨਵੇਂ ਨੂੰ ਆਉਂਦੇ ਨੂੰ ਤੁਸੀਂ ਮਿਲ ਲਿਉ। ਮੈਂ ਤਾਂ ਥੋਨੂੰ ਪਤਾ ਵਿਚ ਨੀ ਆਉਣਾ।" ਜੱਗੇ ਦੀਆਂ ਅੱਖਾਂ ਵਿਚ ਚਮਕ ਆਈ ਅਤੇ ਉਸ ਨੇ ਤਸੱਲੀ ਲਈ ਫਿਰ ਪੁੱਛਿਆ।

"ਇਹ ਗੱਲ ਪੱਕੀ ਆ ਤਾਂ ਆਪਣਾ ਅੱਧਾ ਕੰਮ ਹੋ ਗਿਆ ਸਮਝੋ। ਆਹ ਠਾਣੇਦਾਰ ਤਾਰੇ ਦਾ ਕੁਸ ਜਾਦੇ ਈ ਆਖਾ ਮੰਨਦਾ।" ਜੱਗਾ ਤਸੱਲੀ ਨਾਲ ਬੀਤੀ ਰਾਤ ਦੀ ਕਹਾਣੀ ਸੁਨਾਉਣ ਲੱਗਿਆ। ਮਨ ਵਿਚ ਉਹ ਨਵੇਂ ਥਾਣੇਦਾਰ ਨਾਲ ਘਿਉ ਖਿਚੜੀ ਹੋਣ ਦੀਆਂ ਸਕੀਮਾਂ ਬਨਾਉਣ ਲੱਗਿਆ।

## ਅਠਾਰਵਾਂ

ਮੀਕੇ ਨੇ ਫੋਨ ਚੁੱਕਿਆ ਤਾਂ ਉਸ ਨੂੰ ਬਾਪੂ ਜੀ ਦੀ ਫਿਕਰਾਂਜੜੀ ਅਤੇ ਰੁੰਧੇ ਗਲੇ 'ਚੋਂ ਨਿਕਲੀ ਅਵਾਜ਼ ਸੁਣੀ। "ਕਿਵੇਂ ਆਂ ਪੁੱਤ ਠੀਕ ਆਂ ਸਾਰੇ।" ਧੀਮੀ ਅਵਾਜ਼ ਮੀਕੇ ਦੇ ਕੰਨੀ ਪਈ ਤਾਂ ਉਸ ਦਾ ਸਾਰਾ ਸਰੀਰ ਸੁੰਨ ਹੋ ਗਿਆ। ਕਿਸੇ ਮਾੜੀ ਕੀ ਅੱਤ ਮਾੜੀ ਘਟਨਾ ਦੇ ਵਾਪਰ ਜਾਣ ਦੇ ਫ਼ਿਕਰ ਨਾਲ ਉਸ ਦੀ ਸੋਚ ਸੰਭਵੀ ਕਾਰਨਾਂ ਨੂੰ ਲੱਭਣ ਦਾ ਯਤਨ ਕਰਨ ਲੱਗੀ। ਸਕਿੰਟਾਂ ਵਿਚ ਹੀ ਉਹ ਬਹੁਤ ਕੁਝ ਸੋਚ ਗਿਆ। ਸਭ ਤੋਂ ਪਹਿਲਾਂ ਉਸ ਨੂੰ ਸੁਝਿਆ ਕਿ ਬੀਜੀ ਨਾਲ ਕੋਈ ਮਾੜੀ ਘਟਨਾ ਵਾਪਰ ਗਈ ਹੋਵੇਗੀ।

“ਬਾਪੂ ਜੀ ਤੁਸੀਂ ਦੱਸੋ ਕਿਵੇਂ ਉਦਾਸ ਜੇ ਬੋਲਦੇ ਆਂ। ਕੀ ਗੱਲ ਆ?" ਮੀਕੇ ਦੀ ਅਵਾਜ਼ ਵੀ ਥਿੜਕ ਗਈ ਸੀ।

“ਉਹ ਪੁੱਤ ਦੀਪੀ----।” ਬਾਪੂ ਜੀ ਦੀ ਭੁੱਬ ਨਿੱਕਲ ਗਈ। ਉਹਨਾਂ ਨੇ ਆਪਣੇ ਆਪ ਨੂੰ ਕੰਟਰੋਲ ਕਰਨ ਦਾ ਯਤਨ ਕੀਤਾ ਵੀ ਪਰ ਮਨ ਕਾਬੂ ਨਾ ਰਿਹਾ।

“ਕੀ ਹੋਇਆ ਦੀਪੀ ਨੂੰ?" ਮੀਕੇ ਦੇ ਹੱਥੋਂ ਟੈਲੀਫੋਨ ਦਾ ਰਸੀਵਰ ਡਿਗਦਾ ਡਿਗਦਾ ਮਸੀਂ ਬਚਿਆ। ਸੀਤੋ ਵੀ ਹੈਰਾਨ ਪਰੇਸ਼ਾਨ ਹੋਈ ਉੱਠ ਬੈਠੀ। ਉਹ ਮੀਕੇ ਵੱਲ ਫ਼ਿਕਰਮੰਦ ਨਜ਼ਰਾਂ ਨਾਲ ਵੇਖਣ ਲੱਗੀ ਅਤੇ ਉਸ ਦੇ ਹੱਥ ਆਪਣੇ ਆਪ ਹੀ ਅਰਦਾਸ ਕਰਨ ਵਾਲਿਆਂ ਵਾਂਗ ਜੁੜ ਗਏ।

“ਉਂ ਤਾਂ ਠੀਕ ਆ ---।” ਮਨ ਨੂੰ ਤਕੜਾ ਕਰ ਕੇ ਬਾਪੂ ਜੀ ਨੇ ਕਹਿਣਾ ਸ਼ੁਰੂ ਕੀਤਾ।

“ਚੌਥੇ ਸਕੂਲ ਗਈ ਚੰਗੀ ਭਲੀ। ਬੱਸ ਸਕੂਲ ‘ਚ ਈ ਉਹਨੂੰ ਟੱਟੀਆਂ ਉਲਟੀਆਂ ਲਾਗੀਆਂ। ਅਸੀਂ ਪਿੰਡ ਆਲੇ ਡਾਕਟਰ ਤੋਂ ਦੁਆਈ ਲਈ ਪਰ ਕੋਈ ਫੈਦਾ ਨਾ ਹੋਇਆ। ਆਥਣ ਨੂੰ ਸ਼ਹਿਰ ਡਾਕਟਰ ਸ਼ਾਮ ਲਾਲ ਦੇ ਹਸਪਤਾਲ ਲੈ ਗੇ। ਉਲਟੀਆਂ ਤਾਂ ਕਰੀਬਨ ਹਟਗੀਆਂ ਅਜੇ ਟੱਟੀਆਂ ਨੂੰ ਖਾਸ਼ ਮੋੜ ਨੀ। ਨਾਲੇ ਹੁਣ ਉਹਨੂੰ ਤਾਪ ਵੀ ਬਹੁਤ ਆ। ਬੇਹੋਸ਼ੀ ਜਿਹੀ ‘ਚ ਪਈ ਐ। ਸਾਰਾ ਦਿਨ ਠੰਡੀਆਂ ਪੱਟੀਆਂ ਕਰੀ ਜਾਨੇ ਆਂ। ਤਾਪ ਅਜੇ ਘਟਿਆ ਈ ਨੀ।” ਬਾਪੂ ਜੀ ਪਹਿਲਾਂ ਨਾਲੋਂ ਘੱਟ ਭਾਵੁਕ ਸਨ। ਮੀਕੇ ਨੇ ਪਲਾਂ ਵਿਚ ਹੀ ਦੀਪੀ ਬਾਰੇ ਪਤਾ ਨੀ ਕੀ ਕੁਝ ਸੋਚ ਸਮਝ ਲਿਆ ਸੀ। ਉਸ ਨੂੰ ਲੱਗਿਆ ਜਿਵੇਂ ਦੀਪੀ ਉਸ ਨੂੰ ਕਦੇ ਫਿਰ ਨਹੀਂ ਮਿਲੇਗੀ। ਹੁਣ ਉਸ ਬੁਖਾਰ ਅਤੇ ਟੱਟੀਆਂ ਦਾ ਸੁਣ ਕੇ ਉਸ ਨੂੰ ਖ਼ਤਰਾ ਹੋਰ ਵੀ ਵੱਧ ਲੱਗਣ ਲੱਗਾ। ਉਸ ਨੇ ਸੀਤੋ ਵੱਲ ਵੇਖਿਆ ਜੋ ਹੈਰਾਨੀ ਅਤੇ ਡਰੇ ਮੂੰਹ ਨਾਲ ਉਸ ਵੱਲ ਵੇਖ ਰਹੀ ਸੀ ਅਤੇ ਜਲਦੀ ਤੋਂ ਜਲਦੀ ਸੱਚ ਜਾਣਨ ਲਈ ਕਾਹਲੀ ਸੀ। ਮੀਕੇ ਨੇ ਉਸ ਦਾ ਹੱਥ ਘੁੱਟਿਆ ਅਤੇ ਉਸ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ।

“ਡਾਕਟਰ ਕੀ ਕਹਿੰਦੇ ਆ?" ਮੀਕੇ ਨੇ ਉਦਾਸ ਅਵਾਜ਼ ਵਿਚ ਪੁੱਛਿਆ।

“ਡਾਕਟਰ ਤਾਂ ਕਹਿੰਦਾ ਠੀਕ ਹੋ ਜੂ। ਸਾਡਾ ਈ ਦਿਲ ਨੀ ਖੜ੍ਹਦਾ। ਤੇਰੀ ਬੇਜੀ ਤਾਂ ਰੋਣੋ ਈ ਨੀ ਹਟਦੀ। ਬੱਸ ਇਕ ਵਾਰ ਕੁੜੀ ਠੀਕ ਹੋ ਜੇ ਅਸੀਂ ਤਾਂ ਵਾਪਿਸ ਤੇਰੇ ਕੋਲ ਈ ਭੇਜ ਦੇਣੀ ਆ।” ਬਾਪੂ ਜੀ ਪਛਤਾਵੇ ਦੀ ਸੁਰ ਵਿਚ ਬੋਲ ਰਹੇ ਸਨ।

“ਕੋਈ ਨੀ ਤੁਸੀਂ ਫ਼ਿਕਰ ਨਾ ਕਰੋ। ਜੇ ਲੋੜ ਆ ਤਾਂ ਲੁਧਿਆਣੇ ਲੈ ਜੋ। ਮੈਂ ਵੀ ਦਫ਼ਤਰ ਖੁੱਲ੍ਹਣ ‘ਤੇ ਟਿਕਟ ਦਾ ਪਤਾ ਕਰਦਾਂ।” ਮੀਕੇ ਨੇ ਔਖੇ ਸੌਖੇ ਹੋ ਕੇ ਕੁੜੀ ਕੋਲ ਜਾਣ ਦਾ ਮਨ ਬਣਾ ਲਿਆ ਸੀ।

“ਤੂੰ ਫ਼ਿਕਰ ਨਾ ਕਰ ਪੁੱਤ। ਗੁਰੂ ਭਲੀ ਕਰੂ। ਬੱਸ ਉਹਦੀ ਨਿਗਾਹ ਸਵੱਲੀ ਹੋਵੇ। ਜੇ ਆਉਣਾ ਹੋਇਆ ਤਾਂ ਦੱਸ ਦੇਈਂ। ਆਹ ਹਸਪਤਾਲ ਦਾ ਲੰਬਰ ਲਿਖ ਲਾ। ਤੂੰ ਵੀ ਡਾਕਟਰ ਨੂੰ ਫੋਨ ਕਰ ਲੀਂ।” ਬਾਪੂ ਜੀ ਨੇ ਹਸਪਤਾਲ ਦਾ ਟੈਲੀਫੋਨ ਨੰਬਰ ਲਿਖਾ ਦਿੱਤਾ। ਉਹਨਾਂ ਦਾ ਮਨ ਮੀਕੇ ਨਾਲ ਗੱਲ ਕਰਕੇ ਅਤੇ ਉਸ ਦੇ ਆਉਣ ਦੇ ਸੁਪਨੇ ਨੇ ਥੋੜ੍ਹਾ ਹਲਕਾ ਕਰ ਦਿੱਤਾ।

“ਮੈਂ ਜ਼ਰੂਰ ਕੋਸ਼ਿਸ਼ ਕਰੂੰ। ਅੱਜ ਆਥਣ ਤੱਕ ਦੱਸੂੰ ਥੋਨੂੰ। ਤੁਸੀਂ ਡਾਕਟਰ ਨਾਲ ਰਾਇ ਜਰੂਰ ਕਰ ਲੈਣੀ।” ਮੀਕੇ ਨੇ ਤਸੱਲੀ ਦੇਣ ਦੇ ਰਉਂ ਵਿਚ ਗੱਲ ਕੀਤੀ।

“ਅਸਲ ਸਾਲੀ ਗਰਮੀ ਨੇ ਵੀ ਕਿੜ ਕੱਢੀ ਪਈ ਆ। ਬਿਜਲੀ ਆਉਂਦੀ ਨੀ। ਨਿਆਣੇ ਕਰਨ ਵੀ ਤਾਂ ਕੀ ਕਰਨ! ਚਲੋ, ਕੀ ਕਰ

ਸਕਦੇ ਆਂ? ਜੋ ਉਹਦੀ ਰਜ਼ਾ।" ਬਾਪੂ ਜੀ ਨੇ ਬੇਬਸੀ ਜ਼ਾਹਰ ਕਰਦਿਆਂ ਫੋਨ ਕੱਟ ਦਿੱਤਾ। ਮੀਕਾ ਇੰਡੀਆ ਜਾਣ ਬਾਰੇ ਕਾਹਲਾ ਸੀ ਅਤੇ ਨਾਲ ਹੀ ਗਰਮੀ ਬਾਰੇ ਸੋਚ ਕੇ ਡਰਦਾ ਵੀ ਸੀ। ਉਸ ਨੇ ਜਾਣ ਦਾ ਮਨ ਨਾਲ ਪੱਕਾ ਫੈਸਲਾ ਕਰ ਲਿਆ ਸੀ।

ਮੀਕੇ ਨੇ ਸੀਤੋ ਨੂੰ ਸਾਰੀ ਗੱਲ ਦੱਸੀ ਤਾਂ ਉਹ ਵੱਡੇ ਵੱਡੇ ਹੰਝੂ ਕੇਰਦੀ ਰੋਣ ਲੱਗ ਪਈ। ਮੀਕੇ ਨੇ ਬਹੁਤ ਮੁਸ਼ਕਲ ਨਾਲ ਉਸ ਨੂੰ ਚੁੱਪ ਕਰਾਇਆ। ਹੁਣ ਉਹਨਾਂ ਦੀ ਨੀਂਦ ਉੱਡ ਪੁੱਡ ਗਈ ਸੀ। ਉਹ ਜਾਗਦੇ ਵੀ ਦੀਪੀ ਬਾਰੇ ਗੱਲਾਂ ਨਾ ਕਰਦੇ ਹੋਏ ਵੀ ਉਸ ਬਾਰੇ ਹੀ ਸੋਚ ਰਹੇ ਸਨ। ਸੀਤੋ ਨੂੰ ਪਹਿਲੀ ਵਾਰ ਦੀਪੀ ਨੂੰ ਇੰਡੀਆ ਛੱਡ ਆਉਣ ਦਾ ਪਛਤਾਵਾ ਹੋਇਆ।

ਮੀਕੇ ਨੇ ਕਿਚਨ ਵਿਚ ਜਾ ਕੇ ਪਾਣੀ ਦਾ ਗਲਾਸ ਪੀਤਾ ਅਤੇ ਚਾਹ ਲਈ ਪਤੀਲੇ ਵਿਚ ਪਾਣੀ ਪਾ ਕੇ ਧਰ ਦਿੱਤਾ। ਉਹ ਸੀਤੋ ਕੋਲ ਆ ਕੇ ਉਸ ਦਾ ਹੱਥ ਫੜ ਕੇ ਬੈਠ ਗਿਆ। ਉਹ ਬੋਲਾਂ ਨਾਲੋਂ ਭਾਵਨਾਵਾਂ ਨਾਲ ਇਕ ਦੂਜੇ ਨਾਲ ਇਸ ਵਕਤ ਜ਼ਿਆਦਾ ਜੁੜੇ ਹੋਏ ਸਨ। ਮੀਕੇ ਲਈ ਮਸਾਂ ਦਿਨ ਚੜ੍ਹਿਆ। ਉਹ ਜਲਦੀ ਨਾਲ ਉੱਠ ਕੇ ਨਹਾ ਧੋ ਕੇ ਤਿਆਰ ਹੋ ਗਿਆ। ਵਕਤ ਕੱਟਣ ਲਈ ਉਸ ਨੇ ਨੌਂ ਵਜਣ ਤੱਕ ਚਾਰ ਵਾਰ ਚਾਹ ਬਣਾ ਕੇ ਪੀ ਲਈ ਸੀ। ਨਾ ਤਾਂ ਉਸ ਦਾ ਮਨ ਟੈਲੀ ਵੇਖਣ ਨੂੰ ਕਰਦਾ ਸੀ ਅਤੇ ਨਾ ਹੀ ਵਕਤ ਕਟੀ ਲਈ ਉਸ ਕੋਲ ਇਸ ਵੇਲੇ ਕੋਈ ਹੋਰ ਚਾਰਾ ਸੀ। ਜਿਉਂ ਹੀ ਨੌਂ ਵੱਜੇ ਉਸ ਨੇ ਟਰੈਵਲ ਏਜੰਟ ਨੂੰ ਫੋਨ ਕਰ ਲਿਆ। ਘੰਟੀ ਖੜਕਦੀ ਰਹੀ। ਕਾਫੀ ਦੇਰ ਕਿਸੇ ਨੇ ਫੋਨ ਦਾ ਜਵਾਬ ਨਾ ਦਿੱਤਾ।

"ਇੰਗਲੈਂਡ ਆ ਕੇ ਵੀ ਇੰਡੀਆ ਵਾਲੀਆਂ ਆਦਤਾਂ ਨੀ ਛੱਡਦੇ। ਬਈ ਦਫਤਰ ਤਾਂ ਟੈਮ ਨਾ ਖੋਲ੍ਹੋ।" ਉਹਨੇ ਕੜੱਕ ਕਰਦਾ ਰਿਸੀਵਰ ਰੱਖ ਦਿੱਤਾ। ਪੰਜ ਮਿੰਟ ਉਸ ਨੇ ਮਸਾਂ ਪਾਸ ਕੀਤੇ ਅਤੇ ਫਿਰ ਫੋਨ ਕੀਤਾ। ਜਵਾਬ ਉਸ ਨੂੰ ਅਜੇ ਵੀ ਨਾ ਮਿਲਿਆ। ਉਹ ਖਿਝਦਾ ਕ੍ਰਿਝਦਾ ਰਿਹਾ ਅਤੇ ਵਾਰ ਵਾਰ ਫੋਨ ਕਰਦਾ ਰਿਹਾ। ਅਖੀਰ ਸਾਢੇ ਨੌਂ ਵਜੇ ਤੋਂ ਬਾਅਦ ਉਸ ਦਾ ਫੋਨ ਕਿਸੇ ਨੇ ਚੁੱਕਿਆ।

"ਉਹ ਮਾਰ੍ਹਾਜ, ਦਫਤਰ ਤਾਂ ਟੈਮ ਨਾ ਆ ਜਿਆ ਕਰੋ। ਨੌ ਵਜੇ ਦਾ ਮੈਂ ਪੰਦਰਾਂ ਵਾਰੀਂ ਫੋਨ ਕਰ ਚੁਕਿਆਂ।" ਮੀਕੇ ਦੇ ਬੋਲਾਂ ਵਿਚਲਾ ਉਲਾਂਭਾ ਟਰੈਵਲ ਏਜੰਟ ਨੂੰ ਸਾਫ਼ ਅਤੇ ਸਪੱਸ਼ਟ ਸੁਣਾਈ ਦਿੱਤਾ।

"ਸਰ ਦਫਤਰ ਤਾਂ ਖੁੱਲ੍ਹਦਾ ਈ ਸਾਢੇ ਨੌਂ ਵਜੇ ਆ। ਥੋਨੂੰ ਭਲੇਖਾ ਲੱਗ ਗਿਆ।" ਟਰੈਵਲ ਏਜੰਟ ਨੇ ਨਰਮੀ ਨਾਲ ਜਵਾਬ ਦਿੱਤਾ।

"ਹੁਕਮ ਕਰੋ ਕੀ ਸੇਵਾ ਕਰੀਏ?" ਮੀਕੇ ਨੇ ਫੋਨ 'ਤੇ ਗੱਲ ਕਰਦਿਆਂ ਮਹਿਸੂਸ ਕੀਤਾ ਕਿ ਟਰੈਵਲ ਏਜੰਟ ਪੇਤਲਾ ਜਿਹਾ ਮੁਸਕਰਾ ਰਿਹਾ ਸੀ ਅਤੇ ਜ਼ਰੂਰ ਉਸ ਨੂੰ ਬੋਲ ਤੋਂ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਇਕ ਟਿਕਟ ਚਾਹੀਦੀ ਆ ਇੰਡੀਆ ਦੀ। ਜੇ ਅੱਜ ਦੀ ਮਿਲ ਜੇ ਤਾਂ। ਐਮਰਜੰਸੀ ਆ।" ਮੀਕੇ ਦੇ ਬੋਲਾਂ ਵਿਚਲੀ ਕਾਹਲ ਅਤੇ ਉਦਾਸੀ ਨੂੰ ਏਜੰਟ ਨੇ ਮਹਿਸੂਸ ਕੀਤਾ।

"ਆਪਾਂ ਹੁਣੇ ਟਰਾਈ ਕਰ ਲੈਨੇ ਆਂ। ਸੁੱਖ ਤਾਂ ਐ!"

"ਸੁੱਖ ਕਾਹਦੀ ਜੀ। ਬੇਬੀ ਸੀ ਇੰਡੀਆ ਗਈ ਵੀ। ਬਿਮਾਰ ਐ-ਜਾਦੇ।" ਮੀਕੇ ਦੇ ਬੋਲ ਇਕ ਵਾਰ ਫਿਰ ਕੰਬ ਗਏ।

"ਉਹ---ਆਈ ਐਮ ਸੌਰੀ। ਗੁਰੂ ਭਲੀ ਕਰੇ। ਮੈਨੂੰ ਟੈਲੀਫੋਨ ਨੰਬਰ ਲਿਖਾਉ। ਮੈਂ ਤੁਹਾਨੂੰ ਪੰਦਰਾਂ ਵੀਹ ਮਿੰਟਾਂ 'ਚ ਫੋਨ ਵਾਪਿਸ

ਕਰਦਾਂ।" ਮੀਕੇ ਨੇ ਉਸ ਨੂੰ ਫੋਨ ਲਿਖਾ ਦਿੱਤਾ ਅਤੇ ਬੇਸਬਰੀ ਨਾਲ ਉਸ ਦੇ ਫੋਨ ਦੀ ਉਡੀਕ ਕਰਨ ਲੱਗਾ।

"ਕਿਵੇਂ ਟਿਕਟ ਦੀ ਕੋਈ ਗੱਲ ਬਣੀ?" ਸੀਤੋ ਬੱਚਿਆਂ ਨੂੰ ਸਕੂਲ ਛੱਡ ਕੇ ਵਾਪਿਸ ਆਈ ਤਾਂ ਉਸ ਨੇ ਮੀਕੇ ਦੀ ਬੇਚੈਨੀ ਅਤੇ ਫਿਕਰ ਨੂੰ ਮਹਿਸੂਸ ਕੀਤਾ।

"ਕਿਹਾ ਤਾਂ ਐ। ਕਹਿੰਦਾ ਪੰਦਰਾਂ ਵੀਹ ਮਿੰਟਾਂ 'ਚ ਫੋਨ ਕਰਦਾਂ।" ਸੀਤੋ ਕਿਚਨ ਵਿਚ ਆਮਲੇਟ ਅਤੇ ਬਰੈਡ ਟੋਸਟ ਬਨਾਉਣ ਲੱਗ ਪਈ ਅਤੇ ਮੀਕਾ ਟੈਲੀਫੋਨ ਕੋਲ ਬੈਠਾ ਦੀਪੀ ਬਾਰੇ ਸੋਚਣ ਲੱਗਾ।

ਸੀਤੋ ਨੇ ਆਮਲੇਟ, ਟੋਸਟ ਅਤੇ ਬੀਨਜ਼ ਪਲੇਟ ਵਿਚ ਪਾ ਕੇ ਉਸ ਦੇ ਅੱਗੇ ਰੱਖ ਦਿੱਤੇ। ਮੀਕੇ ਨੇ ਛੁਰੀ ਕਾਂਟਾ ਅਜੇ ਚੁੱਕਿਆ ਹੀ ਸੀ ਕਿ ਟੈਲੀਫੋਨ ਦੀ ਘੰਟੀ ਵੱਜੀ। ਉਸ ਨੇ ਕਾਹਲੀ ਨਾਲ ਫੋਨ ਚੁੱਕਿਆ ਅਤੇ 'ਹੈਲੋ' ਕਿਹਾ।

"ਲਉ ਸਰ ਜੀ ਇਕ ਸੀਟ ਮਿਲਦੀ ਆ ਦਿਲੀ ਦੀ। ਅੱਜ ਸ਼ਾਮ ਨੂੰ ਅੱਠ ਵਜੇ ਜਾਣ ਦੀ ਅਤੇ ਤਿੰਨ ਹਫ਼ਤੇ ਬਾਅਦ ਵਾਪਿਸੀ। ਕਹੋ ਤਾਂ ਟਿਕਟ ਇਸ਼ੂ ਕਰਾ ਲੀਏ। ਚਾਰ ਵਜੇ ਦਫ਼ਤਰ 'ਚੋਂ ਆ ਕੇ ਟਿਕਟ ਲੈ ਜਿਉ।" ਉਸ ਨੇ ਟਿਕਟ ਦਾ ਕਿਰਾਇਆ ਅਤੇ ਬਾਕੀ ਜਾਣਕਾਰੀ ਉਸ ਨੂੰ ਦੇ ਦਿੱਤੀ।

"ਹਾਂ ਜੀ। ਇਸ਼ੂ ਕਰਾ ਲੋ। ਬੜੀ ਮਿਹਰਬਾਨੀ। ਮੈਂ ਥੋਨੂੰ ਚਾਰ ਵਜੇ ਮਿਲਦਾਂ। ਪੈਸੇ ਟਿਕਟ ਦੇ ਕੈਸ਼ ਲਿਆਵਾਂ ਕਿ ਚੈਕ ਚੱਲੂ।" ਮੀਕੇ ਦੇ ਮਨੋਂ ਜਾਣੀ ਅੱਧਾ ਭਾਰ ਲਹਿ ਗਿਆ ਸੀ।

"ਉਂ ਤਾਂ ਜੀ ਘਰ ਦੀ ਗੱਲ ਆ ਪਰ ਜੇ ਕੈਸ਼ ਲਿਆ ਦੇਵੋ ਤਾਂ ਬਹੁਤ ਮਿਹਰਬਾਨੀ ਹੋਵੇਗੀ। ਮੈਂ ਵੀ ਸਪੈਸ਼ਲ ਬੰਦਾ ਭੇਜਣਾ ਟਿਕਟ ਲਿਆਉਣ ਵਾਸਤੇ।" ਏਜੰਟ ਨੇ ਉਸ 'ਤੇ ਆਪਣਾ ਅਹਿਸਾਨ ਜਿਤਾਉਂਦਿਆਂ ਵੀ ਨਾ ਜਤਾਉਣ ਵਾਲੀ ਬੋਲੀ ਵਰਤਣ ਦੀ ਕੋਸ਼ਿਸ਼ ਕੀਤੀ।

ਮੀਕਾ ਜਲਦੀ ਜਲਦੀ ਟੋਸਟ ਅਤੇ ਆਮਲੇਟ ਛੁਰੀ ਕਾਂਟੇ ਨਾਲ ਕੱਟਦਾ ਅਤੇ ਹਾਬੜਿਆਂ ਵਾਂਗ ਮੂੰਹ ਵਿਚ ਪਾ ਲੈਂਦਾ। ਨਾਲੋ ਨਾਲ ਉਹ ਸੀਤੋ ਨਾਲ ਵੀ ਗੱਲਾਂ ਕਰੀ ਜਾਂਦਾ।

"ਤੂੰ ਵੀ ਤਿਆਰ ਹੋ ਜਾ। ਬੈਂਕ 'ਚੋਂ ਪੈਸੇ ਕਢਾਉਣੇ ਆ। ਨਾਲੇ ਗੁਰਪ੍ਰੀਤ ਵਾਸਤੇ ਕੋਈ ਲੀੜਾ ਕੱਪੜਾ ਜਾਂ ਹੋਰ ਕੋਈ ਗਿਫਟ ਖਰੀਦ ਲੀਏ।"

"ਤੁਸੀਂ ਕੰਮ 'ਤੇ ਫੋਨ ਕਰ 'ਤਾ।"

"ਆਹੋ। ਫੋਰਮੈਨ ਬਹੁਤਾ ਖੁਸ਼ ਨੀ ਸੀ ਲਗਦਾ। ਬਹੁਤੇ ਗੋਰੇ ਤਾਂ ਗਰਮੀਆਂ 'ਚ ਛੁੱਟੀਆਂ ਕੱਟਣ ਚਲੇ ਜਾਂਦੇ ਆ। ਉਹਦੇ ਕੋਲ ਵੀ ਬੰਦੇ ਘੱਟ ਆ। ਮੈਂ ਮਜਬੂਰੀ ਦੱਸੀ ਤਾਂ ਉਹ ਸਮਝ ਗਿਆ।" ਮੀਕੇ ਨੇ ਪਲੇਟ ਪਾਸੇ ਕਰਕੇ ਚਾਹ ਦਾ ਕੱਪ ਚੁੱਕ ਲਿਆ। ਫੂਕਾਂ ਮਾਰ ਮਾਰ ਉਹ ਚਾਹ ਨੂੰ ਜਲਦੀ ਠੰਡੀ ਕਰਨ ਦੀ ਕੋਸ਼ਿਸ਼ ਕਰਦਾ ਅਤੇ ਘੁੱਟਾਂ ਭਰਦਾ ਭਰਦਾ ਆਪਣੀਆਂ ਜਰਾਬਾਂ ਅਤੇ ਜੁਤੀ ਪਾਈ ਜਾਂਦਾ। ਉਸ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਸ ਕੋਲ ਸਮਾਂ ਬਹੁਤ ਥੋੜਾ ਹੋਵੇ ਅਤੇ ਕਰਨ ਵਾਲਾ ਕੰਮ ਬਹੁਤ।

ਸੀਤੋ ਨੇ ਜਲਦੀ ਜਲਦੀ ਤਿਆਰ ਹੋ ਕੇ ਸਤਿਵੀਰ ਨੂੰ ਵੀ ਤਿਆਰ ਕੀਤਾ। ਉਸ ਨੂੰ ਤਿਆਰ ਕਰਕੇ ਮੀਕੇ ਨੂੰ ਫੜਾਇਆ ਅਤੇ ਆਪ ਆਪਣਾ ਬੈਗ ਲੈ ਕੇ ਮੀਕੇ ਦੇ ਸਾਹਮਣੇ ਆ ਖੜ੍ਹੀ ਹੋਈ। ਮੀਕਾ ਤਾਂ ਪਹਿਲਾਂ ਹੀ ਕਦੇ ਉਸ ਪੈਰ 'ਤੇ ਅਤੇ ਕਦੇ ਉਸ ਪੈਰ 'ਤੇ ਭਾਰ

ਪਾਉਂਦਾ ਘਰੋਂ ਜਲਦੀ ਨਿਕਲਣ ਲਈ ਤਿਆਰ ਸੀ। ਉਹ ਕਾਰ ਵਿਚ ਬੈਠ ਕੇ ਸਿੱਧੇ ਬੈਂਕ ਗਏ। ਮੀਕੇ ਨੇ ਆਪਣੇ ਅਕਾਊਂਟ ਦਾ ਬੈਲੈਂਸ ਚੈਕ ਕੀਤਾ। ਉਸ ਨੇ ਅਗਲੇ ਮਹੀਨੇ ਦੇ ਬਿੱਲ ਅਤੇ ਕਿਸ਼ਤਾਂ ਜੋਗੇ ਪੈਸੇ ਛੱਡ ਕੇ ਬਾਕੀ ਦੇ ਸਾਰੇ ਪੈਸੇ ਕਢਾ ਲਏ ਜੋ ਉਸ ਨੂੰ ਪਤਾ ਸੀ ਕਿ ਕੋਈ ਬਹੁਤੇ ਨਹੀਂ ਸਨ। ਉਹ ਆਪਣੇ ਮਨ ਵਿਚ ਹਿਸਾਬ ਕਿਤਾਬ ਕਰਦਾ ਸੀਤੋ ਨਾਲ ਤੁਰਿਆ ਫਿਰਦਾ ਰਿਹਾ।

ਸੀਤੋ ਨੇ ਨਿੱਕੀਆਂ ਮੋਟੀਆਂ ਚੀਜ਼ਾਂ ਸਭ ਲਈ ਖਰੀਦੀਆਂ। ਉਸ ਨੇ ਮੀਕੇ ਨੂੰ ਗੁਰਦਵਾਰੇ ਜਾਣ ਲਈ ਕਿਹਾ ਤਾਂ ਮੀਕੇ ਨੇ ਘੜੀ ਵੇਖੀ।

"ਗੁਰਦਵਾਰੇ ਆਪਾਂ ਬਾਅਦ ਵਿਚ ਜਾ ਆਵਾਂਗੇ। ਬੱਚਿਆਂ ਨੂੰ ਸਕੂਲੋਂ ਲੈਣ ਦਾ ਟੈਮ ਹੋ ਗਿਆ ਐ। ਤੂੰ ਉਹਨਾਂ ਨੂੰ ਸਕੂਲੋਂ ਲੈ ਆਈਂ ਤੇ ਮੈਂ ਟਿਕਟ ਫੜ ਲਿਆਵਾਂ।" ਉਹਨਾਂ ਨੇ ਕਾਰ ਘਰ ਵੱਲ ਨੂੰ ਮੋੜ ਲਈ। ਘਰ ਆਕੇ ਸੀਤੋ ਨੇ ਚਾਹ ਦਾ ਕੱਪ ਬਣਾ ਲਿਆ ਅਤੇ ਨਾਲ ਹੀ ਸੈਂਡਵਿਚ ਬਣਾ ਕੇ ਮੀਕੇ ਨੂੰ ਦੇ ਦਿੱਤਾ। ਆਪ ਉਹ ਕਿਚਨ ਵਿਚ ਕੰਮ ਕਰਦੀ ਰਹੀ ਅਤੇ ਨਾਲ ਹੀ ਸੈਂਡਵਿਚ ਖਾਂਦੀ ਅਤੇ ਚਾਹ ਪੀਂਦੀ ਰਹੀ। ਮੀਕਾ ਚਾਹ ਪੀ ਕੇ ਟਰੈਵਲ ਏਜੰਟ ਤੋਂ ਟਿਕਟਾਂ ਲੈਣ ਚਲਾ ਗਿਆ ਅਤੇ ਸੀਤੋ ਬੱਚਿਆਂ ਨੂੰ ਸਕੂਲੋਂ ਲੈਣ ਲਈ ਤੁਰ ਗਈ।

"ਜਨਾਬ ਮੇਰੀ ਟਿਕਟ ਆ 'ਗੀ!" ਮੀਕੇ ਨੇ ਹੱਥ ਮਿਲਉਂਦਿਆਂ ਪੁੱਛਿਆ। ਏਜੰਟ ਨੇ ਉਸ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਟੈਲੀਫੋਨ 'ਤੇ ਨੰਬਰ ਘੁਮਾਉਣ ਲੱਗਾ। ਉਸ ਨੇ ਦੋ ਕੁ ਮਿੰਟ ਟੈਲੀਫੋਨ 'ਤੇ ਗੱਲ ਕੀਤੀ ਅਤੇ ਮੀਕੇ ਨੂੰ ਸੰਬੋਧਨ ਕਰਨ ਲਈ ਉਸ ਨਾਲ ਅੱਖ ਮਿਲਾਈ।

"ਬੱਸ ਜੀ ਬੰਦਾ ਟਿਕਟ ਲੈ ਕੇ ਤੁਰਿਆ ਹੋਇਆ। ਪੰਦਰਾਂ ਵੀਹ ਮਿੰਟਾਂ 'ਚ ਪਹੁੰਚਣ ਵਾਲਾ। ਤੁਸੀਂ ਕੋਈ ਕੰਮ ਬਰਾਡਵੇ 'ਤੇ ਕਰਨਾ ਤਾਂ ਕਰ ਲੋ।" ਮੀਕੇ ਨੇ ਘੜੀ 'ਤੇ ਸਮਾਂ ਵੇਖਿਆ ਤਾਂ ਚਾਰ ਵੱਜਣ ਵਾਲੇ ਸਨ। ਉਸ ਨੇ ਬੇਚੈਨੀ ਨਾਲ ਕੁਰਸੀ ਵਿਚ ਪਾਸਾ ਮਾਰਿਆ।

"ਚਾਰ ਤਾਂ ਵੱਜ 'ਗੇ। ਅੱਠ ਵਜੇ ਦੀ ਫ਼ਲਾਈਟ ਆ। ਤਿੰਨ ਘੰਟੇ ਪਹਿਲਾਂ ਜਾਣਾ ਪੈਂਦਾ ਤੇ ਟਿਕਟ ਅਜੇ ਆਈ ਨੀ। ਬੰਦਾ ਤੁਸੀਂ ਪਹਿਲਾਂ ਭੇਜ ਦਿੰਦੇ।" ਮੀਕੇ ਨੂੰ ਫਿਕਰ ਹੋਇਆ ਕਿ ਸ਼ਾਇਦ ਉਸ ਤੋਂ ਅੱਜ ਫਲਾਈਟ ਫੜ ਹੀ ਨਾ ਹੋਵੇ। ਘਬਰਾਹਟ ਦੇ ਚਿੰਨ੍ਹ ਸਾਫ਼ ਉਸ ਦੇ ਚਿਹਰੇ 'ਤੇ ਉੱਕਰੇ ਹੋਏ ਦਿਸ ਰਹੇ ਸਨ।

"ਤੁਸੀਂ ਫ਼ਿਕਰ ਨਾ ਕਰੋ। ਬੱਸ ਬੰਦਾ ਪਹੁੰਚਣ ਵਾਲਾ ਈ ਆ।"

"ਮੈਂ ਘਰੇ ਫੋਨ ਕਰ ਸਕਦਾਂ?"

"ਜ਼ਰੂਰ--।" ਏਜੰਟ ਨੇ ਫੋਨ ਉਸ ਵੱਲ ਕਰ ਦਿਤਾ। ਮੀਕੇ ਨੇ ਸੀਤੋ ਨੂੰ ਉਸ ਦਾ ਸਮਾਨ ਪੈਕ ਕਰਨ ਅਤੇ ਪਾਸਪੋਰਟ ਬਗੈਰਾ ਤਿਆਰ ਰੱਖਣ ਲਈ ਕਹਿ ਕੇ ਆਪ ਕੋਲ ਪਏ ਅਖਬਾਰ ਦੇ ਵਰਕੇ ਫਰੋਲਣ ਲੱਗਾ। ਉਸ ਦਾ ਦਿਲ ਅਖਬਾਰ ਵੇਖਣ ਨੂੰ ਵੀ ਨਹੀਂ ਕਰਦਾ ਸੀ। ਹਰ ਵਾਰ ਦਰਵਾਜ਼ਾ ਖੁਲ੍ਹਦਾ ਤਾਂ ਉਹ ਦਰਵਾਜ਼ੇ ਵੱਲ ਵੇਖਦਾ ਅਤੇ ਉਸ ਨੂੰ ਲਗਦਾ ਕਿ ਇਹੋ ਬੰਦਾ ਉਸ ਦੀ ਟਿਕਟ ਲੈ ਕੇ ਆ ਗਿਆ ਹੋਵੇ। ਇਸ ਵੇਲੇ ਦੁਨੀਆਂ ਦੇ ਸਾਰੇ ਕੰਮਾਂ ਨਾਲੋਂ ਉਸ ਨੂੰ ਉਸ ਦੀ ਟਿਕਟ ਦਾ ਮਹੱਤਵ ਜ਼ਿਆਦਾ ਲਗਦਾ ਸੀ।

ਸਾਢੇ ਚਾਰ ਵਜੇ ਉਸ ਦੀ ਟਿਕਟ ਆਈ ਅਤੇ ਉਸ ਨੇ ਕਾਹਲੀ ਨਾਲ ਆਪਣਾ ਨਾਂ ਚੈਕ ਕੀਤਾ। ਪੈਸੇ ਏਜੰਟ ਦੇ ਹੱਥ ਫੜਾ ਕੇ ਉਹ ਹਵਾ ਦੇ ਬੁੱਲੇ ਵਾਂਗ ਦਫ਼ਤਰ 'ਚੋਂ ਬਾਹਰ ਆ ਕੇ ਚੱਕਵੇਂ ਪੈਰੀ ਕਾਰ ਵੱਲ ਤੁਰ ਪਿਆ। ਇਸ ਵੇਲੇ ਸਾਊਥਾਲ ਵਿਚ ਟਰੈਫਕ ਦਾ

ਸਮਾਂ ਹੋਣ ਕਰਕੇ ਟਰੈਫਕ ਕਾਫੀ ਸੀ ਅਤੇ ਕਾਰਾਂ ਕੀੜੀ ਦੀ ਤੋਰ ਤੁਰ ਰਹੀਆਂ ਸਨ। ਕਾਰਾਂ ਦੇ ਹਾਰਨ ਵੱਜਦੇ ਅਤੇ ਹਰ ਕੋਈ ਦੂਸਰੇ ਤੋਂ ਅੱਗੇ ਲੰਘਣ ਦਾ ਯਤਨ ਕਰਦਾ ਇਹ ਜਾਣਦਿਆਂ ਹੋਇਆਂ ਅੱਗੇ ਲੰਘਣ ਲਈ ਕੋਈ ਥਾਂ ਨਹੀਂ ਸੀ।

ਕਾਰ ਦੇ ਚਾਰੇ ਸ਼ੀਸ਼ੇ ਖੁੱਲ੍ਹੇ ਹੋਣ ਦੇ ਬਾਵਜੂਦ ਮੀਕੇ ਦਾ ਗਰਮੀ ਨਾਲ ਬੁਰਾ ਹਾਲ ਹੋ ਗਿਆ। ਕੁਝ ਤਾਂ ਗਰਮੀ ਸੀ ਹੀ ਬਹੁਤੀ ਅਤੇ ਕੁਝ ਉਸ ਨੂੰ ਘਬਰਾਹਟ ਕਾਰਨ ਹੋਰ ਵੀ ਔਖ ਮਹਿਸੂਸ ਹੋਣ ਲੱਗੀ। ਮੀਕੇ ਦੀ ਫਲਾਈਟ ਫੜ ਸਕਣ ਦੀ ਉਮੀਦ ਧੁੰਧਲੀ ਹੋਣ ਲੱਗੀ। ਉਸ ਨੇ ਕਾਰ ਛੱਡ ਕੇ ਤੁਰ ਕੇ ਜਾਣ ਦਾ ਮਨ ਬਣਾਇਆ। ਫਿਰ ਉਸ ਨੇ ਏਰਪੋਰਟ ‘ਤੇ ਜਾਣ ਅਤੇ ਬਾਅਦ ਵਿਚ ਸੀਤੋ ਲਈ ਕਾਰ ਦੀ ਲੋੜ ਬਾਰੇ ਸੋਚਿਆ। ਕਾਰ ਪਾਰਕ ਕਰਨ ਦੀ ਸਮੱਸਿਆ ਵੀ ਸੀ। ਸੜਕ ‘ਤੇ ਟਰੈਫਕ ਨਾਲ ਬਣੇ ਕਾਰ ਪਾਰਕ ਵਿਚੋਂ ਨਿਕਲਣ ਅਤੇ ਕਿਸੇ ਨੇੜੇ ਦੀ ਸੜਕ ‘ਤੇ ਕਾਰ ਪਾਰਕ ਕਰਨ ਦਾ ਵੀ ਕੋਈ ਲੱਲ੍ਹ ਨਹੀਂ ਸੀ ਲਗਦਾ। ਖਿੱਝ ਵਿਚ ਉਸ ਨੇ ਜ਼ੋਰ ਨਾਲ ਆਪਣਾ ਹੱਥ ਸਟੇਰਿੰਗ 'ਤੇ ਮਾਰਿਆ ਜਿਸ ਨਾਲ ਅਚਾਨਕ ਹਾਰਨ ਵੱਜ ਗਿਆ। ਉਸ ਤੋਂ ਪਹਿਲੀ ਕਾਰ ਵਿਚੋਂ ਦੈਂਤ ਵਰਗਾ ਕਾਲਾ ਆਦਮੀ ਬਾਹਰ ਨਿਕਲ ਕੇ ਉਸ ਨੂੰ ਗਾਹਲਾਂ ਕੱਢਦਾ ਉਸ ਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਵੇਖਦਾ ਉਸ ਵੱਲ ਵਧਿਆ। ਮੀਕੇ ਨੇ ਇਸ ਨਵੇਂ ਪੁਆੜੇ ਬਾਰੇ ਸੋਚਿਆ ਤੱਕ ਨਹੀਂ ਸੀ।

ਮੀਕੇ ਦਾ ਦਿਮਾਗ ਤੇਜ਼ੀ ਨਾਲ ਇਸ ਸਮੱਸਿਆ ਬਾਰੇ ਸੋਚ ਰਿਹਾ ਸੀ ਕਿ ਲਾਈਟਾਂ ਲਾਲ ਤੋਂ ਹਰੀਆਂ ਹੋ ਗਈਆਂ। ਟਰੈਫਕ ਤੁਰ ਪਿਆ। ਕਾਲਾ ਗਾਲ੍ਹਾਂ ਕੱਢਦਾ ਅਤੇ ਉਸ ਵੱਲ ਉਂਗਲ ਦਾ ਪਸਤੌਲ ਵਰਗਾ ਨਿਸ਼ਾਨਾ ਬਣਾ ਕੇ ਡਰਾਵਾ ਦਿੰਦਾ ਰਿਹਾ। ਮੀਕੇ ਨੇ ਚੁੱਪ ਕਰਨ ਵਿਚ ਹੀ ਭਲਾ ਸਮਝਿਆ। ਟਰੈਫਕ ਤੁਰਨ ਕਰਕੇ ਪਿੱਛੇ ਖੜ੍ਹੀਆਂ ਕਾਰਾਂ ਦੇ ਡਰਾਈਵਰ ਕਾਹਲ ਵਿਚ ਸਨ ਅਤੇ ਉਹਨਾਂ ਨੇ ਹਾਰਨ ਵਜਾਉਣੇ ਸ਼ੁਰੂ ਕਰ ਦਿੱਤੇ। ਮੀਕੇ ਨੇ ਖੱਬੇ ਪਾਸੇ ਦੀ ਆਪਣੀ ਕਾਰ ਕੱਢ ਕੇ ਕਾਲੇ ਦੇ ਅੱਗੇ ਕਰ ਲਈ ਅਤੇ ਲਾਈਟਾਂ ਪਾਰ ਕਰ ਲਈਆਂ। ਇਸ ਮੱਲੋਮੱਲੀ ਦੀ ਖਿਚੋਤਾਣ ਤੋਂ ਛੁਟਕਾਰਾ ਹੋਣ ਨਾਲ ਉਸ ਨੂੰ ਸੁੱਖ ਦਾ ਸਾਹ ਆਇਆ।

ਸਵਾ ਪੰਜ ਵਜੇ ਮੀਕਾ ਘਰ ਪਹੁੰਚਿਆ। ਉਸ ਨੇ ਜਲਦੀ ਜਲਦੀ ਮੂੰਹ ਹੱਥ ਧੋਤਾ। ਕੱਪੜੇ ਬਦਲੇ ਅਤੇ ਸੀਤੋ ਨੂੰ ਜਲਦੀ ਉਸ ਨੂੰ ਏਅਰਪੋਰਟ ‘ਤੇ ਛੱਡਣ ਲਈ ਕਿਹਾ। ਸੀਤੋ ਵੀ ਸਮੇਂ ਦੀ ਘਾਟ ਨੂੰ ਸਮਝਦੀ ਜਲਦੀ ਕਾਰ ਵਿਚ ਆ ਬੈਠੀ।

“ਆਪਾਂ ਦੋ ਮਿੰਟ ਗੁਰਦਵਾਰੇ ਮੱਥਾ ਟੇਕ ਆਈਏ!” ਸੀਤੋ ਨੂੰ ਗੁਰਦਵਾਰੇ ਜਾਣਾ ਨਿਹਾਇਤ ਜ਼ਰੂਰੀ ਲੱਗਿਆ।

“ਮੈਂ ਤਾਂ ਮੱਥਾ ਟੇਕ ਆਇਆਂ। ਤੂੰ ਮੈਨੂੰ ਏਅਰਪੋਰਟ ‘ਤੇ ਛੱਡ ਕੇ ਮੱਥਾ ਟੇਕਣ ਚਲੀ ਜਾਂਈਂ। ਬਾਹਰ ਛੱਡ ਕੇ ਈ ਮੁੜ ਆਈਂ। ਅੰਦਰ ਜਾਣ ਦੀ ਲੋੜ ਨੀ।” ਮੀਕੇ ਨੇ ਸੀਤੋ ਦਾ ਮਨ ਰੱਖਣ ਲਈ ਮੱਥਾ ਟੇਕਣ ਵਾਲੀ ਗੱਲ ਝੂਠ ਕਹੀ। ਨਹੀਂ ਤਾਂ ਸੀਤੋ ਨੂੰ ਤਸੱਲੀ ਨਹੀਂ ਸੀ ਹੋਣੀ। ਮੀਕੇ ਨੂੰ ਫਲਾਈਟ ਫੜਨ ਲਈ ਸਮੇਂ ਦੀ ਘਾਟ ਦਾ ਅਹਿਸਾਸ ਸੀ।

ਸੀਤੋ ਨੇ ਉਸ ਨੂੰ ਟਰਮੀਨਲ ਬਿਲਡਿੰਗ ਦੇ ਬਾਹਰ ਛੱਡ ਦਿੱਤਾ। ਮੀਕੇ ਨੇ ਜਲਦੀ ਨਾਲ ਸਾਰੇ ਬੱਚਿਆਂ ਨੂੰ ਚੁੰਮਿਆ। ਸੀਤੋ ਨੇ ਉਸ ਨੂੰ ਵਿਦਾਇਗੀ ਜੱਫੀ ਪਾਈ ਅਤੇ ਦੀਪੀ ਦੀ ਸਿਹਤ ਬਾਰੇ ਜਲਦੀ ਤੋਂ ਜਲਦੀ ਖਬਰ ਕਰਨ ਦੀ ਤਕੀਦ ਕੀਤੀ। ਅੱਜ ਉਹਨਾਂ ਨੇ ਘਰ ਫੋਨ ਕੀਤਾ ਸੀ। ਉਹਨਾ ਦਾ ਫੋਨ ਕਿਸੇ ਨੇ ਚੁੱਕਿਆ ਹੀ ਨਹੀਂ ਸੀ। ਜ਼ਾਹਰ ਸੀ ਮਾਂ ਪਿਉ ਦੋਵੇਂ ਹੀ ਹਸਪਤਾਲ ਵਿਚ ਸਨ। ਇਸ ਗੱਲ ਨਾਲ ਉਹਨਾਂ ਨੂੰ ਕੁਝ ਰਾਹਤ ਜ਼ਰੂਰ ਮਿਲੀ। ਘੱਟੋ ਘੱਟ ਦੀਪੀ ਹਸਪਤਾਲ ਵਿਚ ਸੀ ਅਤੇ ਉਹਨਾਂ ਨੇ ਆਪਣੇ ਮਨ ਨੂੰ ਸਮਝਾਉਣ ਲਈ ਮੰਨ ਲਿਆ ਸੀ ਕਿ ਬੱਚੀ ਦੀ ਹਾਲਤ ਪਹਿਲਾਂ ਨਾਲੋਂ ਚੰਗੀ ਹੋਵੇਗੀ। ਸ਼ਾਇਦ ਇਸ ਲਈ ਹੀ ਇੰਡੀਆ ਤੋਂ ਕੋਈ ਫੋਨ

ਨਹੀਂ ਆਇਆ ਸੀ।

ਚੈਕ ਇਨ ਵਾਲੀ ਲੰਬੀ ਕਤਾਰ ਵੇਖ ਕੇ ਮੀਕੇ ਦਾ ਦਿਲ ਇਕ ਵਾਰ ਫਿਰ ਥਾਲੀ ਦੇ ਪਾਣੀ ਵਾਂਗ ਡੋਲਣ ਲੱਗਾ। ਕੁਝ ਮਿੰਟਾਂ ਬਾਅਦ ਹੀ ਹੋਰ ਮੁਸਾਫਰ ਉਸ ਦੇ ਪਿੱਛੇ ਆ ਕੇ ਖੜ੍ਹ ਗਏ ਤਾਂ ਉਸ ਦਾ ਦਿਲ ਥਾਂਵੇਂ ਆਇਆ। ਅੱਧੇ ਪੌਣੇ ਘੰਟੇ ਬਾਅਦ ਜਾ ਕੇ ਉਸ ਦੀ ਵਾਰੀ ਆਈ। ਚੈਕ ਇਨ ਕਰਕੇ ਉਸ ਨੇ ਸੁਖ ਦਾ ਸਾਹ ਲਿਆ ਅਤੇ ਡਿਪਾਰਚਰ ਗੇਟ ਵੱਲ ਚਲਾ ਗਿਆ।

ਉਸ ਨੇ ਸੀਤੋ ਨੂੰ ਘਰ ਫੋਨ ਕੀਤਾ ਤਾਂ ਉਹ ਅਜੇ ਘਰ ਪਹੁੰਚੀ ਹੀ ਨਹੀਂ ਸੀ। ਮੀਕੇ ਨੂੰ ਪਤਾ ਸੀ ਸੀਤੋ ਗੁਰਦਵਾਰੇ ਮੱਥਾ ਟੇਕਣ ਬਿਨਾਂ ਘਰ ਨਹੀਂ ਜਾਵੇਗੀ। ਕੁਝ ਮਿੰਟਾਂ ਬਾਅਦ ਉਸ ਨੇ ਫਿਰ ਫੋਨ ਕੀਤਾ ਤਾਂ ਸੀਤੋ ਨੇ ਫੋਨ ਚੁੱਕ ਲਿਆ। ਉਸ ਨੇ ਉਸ ਨੂੰ ਫਲਾਈਟ ਸਮੇਂ ਸਿਰ ਜਾਣ ਅਤੇ ਬੇਫਿਕਰ ਰਹਿਣ ਦੀ ਨਸੀਹਤ ਦੇ ਕੇ ਤਸੱਲੀ ਮਹਿਸੂਸ ਕੀਤੀ।

ਸਵੇਰੇ ਸਾਢੇ ਬਾਰਾਂ ਵਜੇ ਉਹ ਦਿੱਲੀ ਏਅਰਪੋਰਟ ਵਿਚੋਂ ਬਾਹਰ ਆਇਆ। ਉਹ ਸਾਰੇ ਰਾਹ ਜਾਂ ਤਾਂ ਦੀਪੀ ਬਾਰੇ ਸੋਚਦਾ ਰਿਹਾ ਸੀ ਅਤੇ ਜਾਂ ਫਿਰ ਪੰਜਾਬ ਕਿਵੇਂ ਜਲਦੀ ਪਹੁੰਚਿਆ ਜਾ ਸਕੇਗਾ, ਇਹ ਸੋਚਦਾ ਰਿਹਾ ਸੀ। ਉਸ ਨੂੰ ਕੋਈ ਸਮਝ ਨਹੀਂ ਲੱਗ ਰਹੀ ਸੀ ਪੰਜਾਬ ਜਾਣ ਲਈ ਕਿਸ ਟਰਾਂਸਪੋਰਟ ਦੀ ਵਰਤੋਂ ਕੀਤੀ ਜਾਵੇ। ਏਅਰਪੋਰਟ ਵਿਚੋਂ ਬਾਹਰ ਆ ਕੇ ਉਹ ਅਜੇ ਫੈਸਲਾ ਨਹੀਂ ਕਰ ਸਕਿਆ ਸੀ। ਇਕ ਹੋਰ ਅੱਧ-ਖੜ੍ਹ ਬੰਦਾ ਉਸ ਕੋਲ ਆ ਖੜ੍ਹਾ ਹੋਇਆ। ਟੈਕਸੀਆਂ ਵਾਲੇ ਉਹਨਾਂ ਦੁਆਲੇ ਝੁਰਮਟ ਪਾਈ ਖੜ੍ਹੇ ਸਨ।

"ਬਾਊ ਜੀ ਬੱਸ ਅੱਡੇ ਜਾਣਾ। ਆਉ ਬੈਠੋ। ਜਾਂ ਆ ਜੋ ਬਾਊ ਜੀ ਪੰਜਾਬ ਜਾਣਾ ਤਾਂ ਠੀਕ ਠੀਕ ਦੇ ਦੇਣਾ। ਨਵੀਂ ਗੱਡੀ ਆ।" ਕੁਝ ਕੁ ਉਹਨਾਂ ਨੂੰ ਛੱਡ ਕੇ ਦੂਸਰੇ ਮੁਸਾਫਰਾਂ ਕੋਲ ਚਲੇ ਗਏ ਅਤੇ ਕੋਈ ਹੋਰ ਨਵੇਂ ਆ ਕੇ ਆਪਣੀ ਕਿਸਮਤ ਅਜਮਾਉਣ ਲੱਗੇ।

"ਕਿਹੜੇ ਥਾਂ ਜਾਣਾ ਤੁਸੀਂ!" ਅੱਧਖੜ੍ਹ ਆਦਮੀ ਨੇ ਸਲੀਕੇ ਨਾਲ ਪੁੱਛਿਆ।

"ਮੋਗੇ ਤੇ ਤੁਸੀਂ!" ਮੀਕੇ ਨੂੰ ਜਿਵੇਂ ਉਸ ਦਾ ਸਹਾਰਾ ਮਿਲ ਗਿਆ ਹੋਵੇ।

"ਮੈਂ ਮੁਲਾਂ ਪੁਰ ਜਾਣਾ। ਆਪਾਂ ਸਾਂਝੀ ਟੈਕਸੀ ਕਰ ਲਈਏ। ਕਿਸੇ ਫਾਸਟ ਟਰੇਨ ਦਾ ਤਾਂ ਅਜੇ ਟੈਮ ਨੀ।" ਮੀਕੇ ਨੂੰ ਉਸ ਦੀ ਰਾਇ ਪਸੰਦ ਆਈ ਅਤੇ ਉਹ ਇਕ ਦਮ ਤਿਆਰ ਹੋ ਗਿਆ। ਉਹਨਾਂ ਨੇ ਇਕ ਚੰਗੀ ਟੈਕਸੀ ਵੇਖ ਕੇ ਉਸ ਨਾਲ ਭਾਅ ਕਰ ਲਿਆ ਅਤੇ ਪੰਜਾਬ ਨੂੰ ਚੱਲ ਪਏ।

ਰਸਤੇ ਵਿਚ ਐਧਰ ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਮੀਕੇ ਦਾ ਮਨ ਦੀਪੀ ਬਾਰੇ ਸੋਚਣ ਦੀ ਥਾਂ ਆਪਣੇ ਸਾਥੀ ਦੀਆਂ ਗੱਲਾਂ ਨਾਲ ਪਰਚ ਗਿਆ। ਉਸ ਨੇ ਜਾਣ ਬੁਝ ਕੇ ਦੀਪੀ ਦੇ ਬਿਮਾਰ ਹੋਣ ਵਾਲੀ ਗੱਲ ਉਸ ਨੂੰ ਨਹੀਂ ਦੱਸੀ ਸੀ। ਮੀਕੇ ਨੂੰ ਪਤਾ ਸੀ ਅਜਿਹੇ ਮੌਕੇ 'ਤੇ ਲੋਕ ਲੋੜੋਂ ਵੱਧ ਦੁਖ ਦਾ ਇਜ਼ਹਾਰ ਕਰਦੇ ਹਨ ਅਤੇ ਬਹੁਤ ਵੇਰ ਅਜਿਹੀ ਸ਼ਬਦੀ ਹਮਦਰਦੀ ਬਹੁਤ ਭਾਰੀ ਲਗਦੀ ਹੈ। ਮੀਕੇ ਨੂੰ ਅਜਿਹੇ ਮੌਕੇ ਲੋਕਾਂ ਦੇ ਦਿਲਾਂ ਨਾਲੋਂ ਮੂੰਹੋਂ ਬੋਲੇ ਸ਼ਬਦ ਜਿਹਨਾਂ ਵਿਚ ਸਿਰਫ਼ ਦਿਖਾਵਾ ਹੁੰਦਾ ਹੈ ਉਸ ਨੂੰ ਸਹਿਣ ਕਰਨਾ ਅਸਲ ਦੁੱਖ ਨੂੰ ਸਹਿਣ ਕਰਨ ਨਾਲੋਂ ਕਿਤੇ ਔਖਾ ਲਗਦਾ। ਉਸ ਨੂੰ ਯਕੀਨ ਸੀ ਹੁਣ ਵੀ ਅਜਿਹਾ ਹੀ ਹੋਵੇਗਾ। ਸੋ ਉਸ ਨੇ ਇਕ ਚੁੱਪ ਅਤੇ ਸੌ ਸੁਖ ਵਾਲੀ ਗੱਲ ਹੀ ਕੀਤੀ।

ਦਿੱਲੀ ਤੋਂ ਪੰਜਾਬ ਪਹੁੰਚਣ ਦਾ ਸਫ਼ਰ ਉਸ ਨੂੰ ਬਹੁਤ ਔਖਾ ਅਤੇ ਲੰਬਾ ਲਗਦਾ ਸੀ। ਉਹ ਚਾਹੁੰਦਾ ਸੀ ਕਿਵੇਂ ਨਾ ਕਿਵੇਂ ਉਹ ਉੱਡ ਕੇ ਦੀਪੀ ਕੋਲ ਪਹੁੰਚ ਜਾਵੇ। ਉਸ ਨੇ ਰਾਹ ਵਿਚ ਕਿਸੇ ਪੀ ਸੀ ਓ ਤੋਂ ਹਸਪਤਾਲ ਟੈਲੀਫੋਨ ਕਰਨ ਬਾਰੇ ਸੋਚਿਆ। ਫਿਰ ਨਾਲ

ਹੀ ਆਪਣਾ ਫੈਸਲਾ ਬਦਲ ਲਿਆ।

"ਜੇ ਕਿਤੇ-----ਤਾਂ ਪਿੰਡ ਪਹੁੰਚਣਾ ਦੂਭਰ ਹੋ ਜੂ।" ਉਸ ਤੋਂ ਦੀਪੀ ਬਾਰੇ ਸੋਚਣ ਲਈ ਵੀ ਹਿੰਮਤ ਦੂਰ ਭੱਜ ਗਈ ਸੀ। ਇਕ ਖਿਆਲ ਉਸ ਨੂੰ ਵਾਰ ਵਾਰ ਟੁੰਬਦਾ ' ਕਿਤੇ ਦੀਪੀ----।' ਉਹ ਕੰਬ ਜਾਂਦਾ। ਉਸ ਦਾ ਸਾਰਾ ਸਰੀਰ ਸੁੰਨ ਹੋ ਜਾਂਦਾ। ਉਸ ਨੇ ਸੁੱਤੇ ਹੋਣ ਦਾ ਬਹਾਨਾ ਕੀਤਾ ਤਾਂ ਕਿ ਉਸ ਦਾ ਸਾਥੀ ਉਸ ਨੂੰ ਕੁਝ ਨਾ ਪੁੱਛੇ। ਕੁਝ ਦੇਰ ਬਾਅਦ ਸੱਚੀਂ ਮੀਕੇ ਨੂੰ ਨੀਂਦ ਆ ਗਈ।

ਦਿਨ ਦੇ ਛਿਪਾ ਨਾਲ ਲੁਧਿਆਣੇ ਦੀ ਟਰੈਫਕ ਵਿਚ ਹਿਚਕੂੰ ਹਿਚਕੂੰ ਕਰਦੀ ਗੱਡੀ ਨੇ ਉਸ ਨੂੰ ਜਗਾ ਦਿੱਤਾ। ਬੱਸ ਡੇਢ ਘੰਟਾ ਹੋਰ---। ਉਸ ਦਾ ਦਿਲ ਫਿਰ ਜ਼ੋਰ ਨਾਲ ਧੜਕਿਆ।

ਮੁਲਾਂਪੁਰ ਪਹੁੰਚ ਕੇ ਉਸ ਦੇ ਸਾਥੀ ਦੇ ਘਰੋਂ ਜਿਹੜਾ ਮੇਨ ਸੜਕ ਤੋਂ ਬਹੁਤੀ ਦੂਰ ਨਹੀਂ ਸੀ, ਉਸ ਨੇ ਜਲਦੀ ਮੋਗੇ ਨੂੰ ਤੁਰਨ ਦੀ ਕੋਸ਼ਿਸ਼ ਕੀਤੀ। ਪੰਜਾਬੀ ਪਰੁਹਣਚਾਰੀ ਨੂੰ ਕਿਤੇ ਦਾਗ ਨਾ ਲੱਗ ਜਾਵੇ ਇਸ ਲਈ ਉਸ ਦੇ ਸਾਥੀ ਨੇ ਇਕ ਵਿਸਕੀ ਦਾ ਪੈਗ ਜ਼ਰੂਰ ਪੀ ਕੇ ਜਾਣ ਦੀ ਜ਼ਿਦ ਕੀਤੀ। ਸਮੇਂ ਦੀ ਬੱਚਤ ਇਸ ਵਿਚ ਹੀ ਸੀ ਕਿ ਮੀਕਾ ਖੜ੍ਹਾ ਖੜੋਤਾ ਪੈਗ ਪੀ ਲਵੇ। ਉਸ ਨੇ ਜਲਦੀ ਨਾਲ ਪੈਗ ਪੀਤਾ ਅਤੇ ਕਿਸੇ ਦਿਨ ਫਿਰ ਮਿਲਣ ਦਾ ਵਾਇਦਾ ਕਰਕੇ ਕਾਹਲੀ ਨਾਲ ਟੈਕਸੀ ਵਿਚ ਆ ਬੈਠਾ।

ਟੈਕਸੀ ਫਰਾਟੇ ਭਰਦੀ ਮੋਗੇ ਨੂੰ ਚੱਲ ਪਈ। ਮੀਕੇ ਦਾ ਦਿਲ ਟੈਕਸੀ ਤੋਂ ਵੀ ਤੇਜ਼ ਰਫਤਾਰ ਨਾਲ ਦੌੜ ਰਿਹਾ ਸੀ। ਇਸ ਵੇਲੇ ਦੀਪੀ ਬੇਹੋਸ਼ੀ ਦੀ ਹਾਲਤ ਵਿਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਨੂੰ ਜਿੱਤਣ ਦੀ ਉਮੀਦ ਵਿਚ ਕਿਸੇ ਹੋਰ ਟੈਕਸੀ ਵਿਚ ਲੁਧਿਆਣੇ ਨੂੰ ਲਜਾਈ ਜਾ ਰਹੀ ਸੀ। ਦੀਪੀ ਦੇ ਦਾਦਾ ਦਾਦੀ ਟੈਕਸੀ ਵਿਚ ਬੈਠੇ ਉਸ ਦੇ ਠੀਕ ਹੋਣ ਲਈ ਰੱਬ ਅੱਗੇ ਅਰਜੋਈਆਂ ਕਰਦੇ ਆਪਣੇ ਢਹਿੰਦੇ ਮਨ ਨੂੰ ਢਾਰਸ ਦੇਣ ਦੀ ਕੋਸ਼ਿਸ਼ ਕਰਦੇ ਉਸ ਲਈ ਆਪਣੀ ਜਾਨ ਦੇਣ ਲਈ ਵੀ ਤਿਆਰ ਬੈਠੇ ਸਨ। ਡਾਕਟਰ ਦੇ ਆਖਰੀ ਸ਼ਬਦ ਉਹਨਾਂ ਦੀ ਜਾਨ ਕੱਢ ਕੇ ਲੈ ਗਏ ਸਨ। "ਅਸੀਂ ਤਾਂ ਅਪਣੀ ਪੂਰੀ ਵਾਹ ਲਾ ਬੈਠੇ ਆਂ। ਹੈਰਾਨੀ ਦੀ ਗੱਲ ਆ ਬਈ ਕੁੜੀ ਨੂੰ ਕੋਈ ਫਰਕ ਨਹੀਂ ਪਿਆ। ਤੁਸੀਂ ਲੁਧਿਆਣੇ ਲੈ ਜੋ ਦਿਆ ਨੰਦ'ਚ। ਕੁੜੀ ਦੀ ਹਾਲਾਤ ਬਹੁਤੀ ਨਾਜ਼ੁਕ ਆ।"

## ਉਨੀਵਾਂ

ਜੱਗੇ ਦੀ ਨਵਾਂ ਥਾਣੇਦਾਰ ਆਉਣ 'ਤੇ ਉਸ ਨਾਲ ਜਾਣ ਪਛਾਣ ਕਰਨ ਲਈ ਭੱਜ ਦੌੜ ਵੱਧ ਗਈ। ਨਵੇਂ ਥਾਣੇਦਾਰ ਦੀ ਸਿਧਵਾਂ ਬੇਟ ਥਾਣੇ ਤੋਂ ਬਦਲੀ ਹੋਣ ਦੀ ਭਿਣਕ ਉਸ ਦੇ ਕੰਨੀ ਪੈ ਗਈ ਸੀ। ਜੱਗੇ ਨੇ ਸਿਧਵਾਂ ਬੇਟ ਵਿਚ ਆਪਣੀ ਜਾਣ ਪਹਿਚਾਣ ਵਾਲੇ ਲੋਕਾਂ ਰਾਹੀਂ ਥਾਣੇਦਾਰ ਨਾਲ ਦੋਸਤੀ ਗੰਢਣ ਲਈ ਕੋਈ ਰਾਹ ਕੱਢਣ ਦਾ ਯਤਨ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਅਗਲੇ ਦਿਨ ਸਵੇਰੇ ਸਾਝਰੇ ਸਿਧਵੀਂ ਜਾਣ ਦਾ ਮਨ ਬਣਾ ਲਿਆ।

ਸਵੇਰੇ ਅਜੇ ਜੱਗੇ ਨੇ ਚਾਹ ਪੀ ਕੇ ਖਾਲੀ ਗਲਾਸ ਰੱਖਿਆ ਹੀ ਸੀ ਇਕ ਸਿਪਾਹੀ ਉਸ ਦੇ ਘਰ ਆ ਗਿਆ। ਬਿਜਲੀ ਦੀ ਰੌਸ਼ਨੀ ਮਾਫਕ ਉਸ ਦੇ ਦਿਮਾਗ ਵਿਚ ਸਿਪਾਹੀ ਤੋਂ ਨਵੇਂ ਸਰਦਾਰ ਬਾਰੇ ਜਾਣਨ ਦਾ ਖਿਆਲ ਆਇਆ ਅਤੇ ਉਹ ਉੱਠ ਕੇ ਖਿੜੇ ਮੱਥੇ ਸਿਪਾਹੀ ਨੂੰ ਮਿਲਿਆ।

"ਆਉ ਬਾਈ ਜੀ, ਜੀ ਆਇਆਂ ਨੂੰ। ਬੈਠੋ ਮੈਂ ਚਾਹ ਲਿਆਉਣਾ।" ਜੱਗੇ ਨੇ ਅਪਣਤ ਨਾਲ ਉਸ ਦਾ ਹੱਥ ਘੁੱਟਿਆ।

"ਨਹੀਂ ਚਾਹ ਜੋਗਾ ਟੈਮ ਨੀ।" ਸਿਪਾਹੀ ਬਾਹਰ ਮੋਟਰ ਸਾਇਕਲ ਵਾਲੇ ਮੁੰਡੇ ਵੱਲ ਵੇਖਣ ਲੱਗਾ। ਜੱਗਾ ਸਮਝ ਗਿਆ ਸਿਪਾਹੀ

ਨੇ ਉਸ ਨੂੰ ਬਗਾਰ ਲਈ ਫੜ ਲਿਆਂਦਾ ਸੀ।

"ਫੇਰ ਹੁਕਮ!"

"ਤੈਨੂੰ ਨਵੇਂ ਸਰਦਾਰ ਨੇ ਨੌਂ ਵਜੇ ਠਾਣੇ ਸੱਦਿਆ।" ਸਿਪਾਹੀ ਨੇ ਭੇਦ ਭਰੀ ਮੁਸਕਰਾਹਟ ਨਾਲ ਸੁਨੇਹਾਂ ਦਿੱਤਾ ਅਤੇ ਜੱਗੇ ਦੇ ਮੂੰਹ ਵੱਲ ਵੇਖਣ ਲੱਗਾ।

"ਸਰਦਾਰ ਨੂੰ ਮੇਰੇ ਤਾਂਈ ਕੀ ਕੰਮ ਪੈ ਗਿਆ!" ਜੱਗੇ ਨੂੰ ਸੱਚੀਂ ਸਮਝ ਨਹੀਂ ਆ ਰਹੀ ਸੀ ਕਿ ਇਹ ਉਸ ਲਈ ਚੰਗੀ ਖ਼ਬਰ ਸੀ ਜਾਂ ਮਾੜੀ।

"ਚੰਗਾ ਫੇਰ ਬਾਅਦ 'ਚ' ਮਿਲਦੇ ਆਂ।" ਸਿਪਾਹੀ ਸ਼ਸ਼ੋਪੰਜ ਵਿਚ ਪਏ ਜੱਗੇ ਨੂੰ ਛੱਡ ਕੇ ਮੋਟਰ ਸਾਇਕਲ ਵੱਲ ਤੁਰ ਪਿਆ।

ਜੱਗਾ ਤਿਆਰ ਹੋ ਕੇ ਨੌਂ ਵਜੇ ਨੂੰ ਥਾਣੇ ਜਾ ਪਹੁੰਚਿਆ। ਮੁਨਸ਼ੀ ਨੇ ਦੱਸਿਆ ਸਰਦਾਰ ਕਿਸੇ ਨਾਲ ਗੱਲ ਰਿਹਾ ਸੀ ਅਤੇ ਉਸ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕਰ ਕੇ ਆਪ ਰੋਜ਼ਨਾਮਚੇ ਵਿਚ ਖੁੱਭ ਗਿਆ। ਜੱਗੇ ਨੇ ਮੁਨਸ਼ੀ ਨਾਲ ਗੱਲ ਕਰਨ ਲਈ ਖੰਗੂਰਾ ਮਾਰਿਆ ਅਤੇ ਮੁਨਸ਼ੀ ਨੇ ਸਿਰ ਉਪਰ ਚੁੱਕਿਆ।

"ਆ ਜੋ ਸਰਪੰਚ ਸਹਿਬ, ਬੱਸ ਥੋਡੀ ਈ ਘਾਟ ਸੀ।" ਜੱਗੇ ਨੇ ਸਿਰ ਘੁਮਾ ਕੇ ਵੇਖਿਆ ਤਾਂ ਤਾਰਾ ਚਿੱਟੇ ਕਪੜਿਆਂ ਵਿਚ ਸਜਿਆ ਸਜਾਇਆ ਅਤੇ ਮੁਸਕਰਾਉਂਦਾ, ਜੱਗੇ ਵੱਲ ਟੇਢੀ ਨਜ਼ਰ ਨਾਲ ਵੇਖਦਾ ਮੁਨਸ਼ੀ ਨਾਲ ਹੱਥ ਮਿਲਾਉਣ ਲੱਗਾ। ਇਸ ਵੇਲੇ ਤਾਰੇ ਅਤੇ ਜੱਗੇ ਦੋਵਾਂ ਦੇ ਮਨ ਵਿਚ ਇਕੋ ਸਵਾਲ ਸੀ ਥਾਣੇਦਾਰ ਨੇ ਉਹਨਾਂ ਦੋਵਾਂ ਨੂੰ ਕਿਉਂ ਬੁਲਾਇਆ ਸੀ?

ਕੁਝ ਮਿੰਟਾਂ ਵਿਚ ਹੀ ਮੂੰਹ ਲਟਕਾਈ ਨੰਗਲ ਵਾਲਾ ਭੋਲਾ ਬਾਹਰ ਆਉਂਦਾ ਦਿਸਿਆ। ਉਸ ਨੂੰ ਤਾਰਾ ਅਤੇ ਜੱਗਾ ਦੋਵੇਂ ਹੀ ਜਾਣਦੇ ਸਨ। ਉਸ ਦਾ ਵੀ ਬਲੈਕ ਕਰਨ ਦਾ ਧੰਦਾ ਸੀ। ਇਕੋ ਕਿੱਤੇ ਵਾਲੇ ਲੋਕਾਂ ਵਾਲਾ ਉਹਨਾਂ ਵਿਚ ਅਸਰ ਰਸੂਖ ਸੀ। ਉਸ ਨੇ ਕਾਹਲੀ ਨਾਲ ਦੋਵਾਂ ਨਾਲ ਹੱਥ ਮਿਲਾਇਆ ਅਤੇ ਤੁਰਨ ਦੀ ਕਾਹਲ ਜਿਹੀ ਕੀਤੀ ਜਿਵੇਂ ਉਹ ਥਾਣੇ ਵਿਚੋਂ ਬਾਹਰ ਭੱਜਣਾ ਚਾਹੁੰਦਾ ਹੋਵੇ।

"ਕਿਵੇਂ ਸੁੱਖ ਆ! ਲਗਦਾ ਸਰਦਾਰ 'ਲਾਕੇ ਦੇ ਸਾਰੇ ਸਾਊ ਬੰਦਿਆਂ ਨਾਲ ਜਾਣ ਪਛਾਣ ਕਰ ਰਿਹੈ।" ਤਾਰੇ ਨੇ ਭੋਲੇ ਨੂੰ ਸ਼ਰਾਰਤੀ ਅੱਖਾਂ ਨਾਲ ਅੱਧੇ ਸਵਾਲ ਅਤੇ ਅੱਧੇ ਜਵਾਬ ਵਿਚ ਗੱਲ ਕੀਤੀ।

"ਅਖੇ ਨਾਈਆ ਵਾਲ ਕਿੱਡੇ ਕਿੱਡੇ ਆ! ਜਜਮਾਨਾ ਸਾਹਮਣੇ ਈ ਆ ਜਾਣੇ ਆ।" ਕਹਿੰਦਾ ਭੋਲਾ ਸ਼ਰਾਰਤੀ ਮੁਸਕਾਣ ਨਾਲ ਬਾਹਰ ਵੱਲ ਚਲਾ ਗਿਆ।

ਮੁਨਸ਼ੀ ਸਰਦਾਰ ਨੂੰ ਤਾਰੇ ਅਤੇ ਜੱਗੇ ਦੇ ਆਉਣ ਦੀ ਇਤਲਾਹ ਕਰਕੇ ਵਾਪਿਸ ਆ ਗਿਆ। "ਜਾਉ ਸਰਦਾਰ ਨੇ ਥੋਨੂੰ ਸੱਦਿਆ।" ਤਾਰਾ ਅੰਦਰ ਨੂੰ ਚਲਾ ਗਿਆ ਅਤੇ ਜੱਗਾ ਬਾਹਰ ਹੀ ਖੜ੍ਹਾ ਰਿਹਾ। ਉਹ ਫੈਸਲਾ ਨਾ ਕਰ ਸਕਿਆ ਕਿ ਉਸ ਨੂੰ ਵੀ ਤਾਰੇ ਦੇ ਨਾਲ ਹੀ ਅੰਦਰ ਜਾਣਾ ਚਾਹੀਦਾ ਸੀ ਜਾਂ ਇਕੱਲਿਆਂ ਮਿਲਣਾ ਠੀਕ ਸੀ।

"ਤੂੰ ਵੀ ਚਲਾ ਜਾਹ ਨਾਲ ਈ।" ਮੁਨਸ਼ੀ ਨੇ ਜੱਗੇ ਦੀ ਜੱਕੋ ਤੱਕੀ ਦੂਰ ਕੀਤੀ। ਜੱਗਾ ਵੀ ਤਾਰੇ ਦੇ ਪਿੱਛੇ ਹੀ ਸਰਦਾਰ ਦੇ ਦਫ਼ਤਰ

ਵਿਚ ਚਲਾ ਗਿਆ।

ਥਾਣੇਦਾਰ ਕੁਰਸੀ 'ਤੇ ਢੋਅ ਲਾਈ ਉਹਨਾਂ ਨੂੰ ਆਉਂਦਿਆਂ ਪੜਚੋਲਵੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਉਹ ਆਮ ਥਾਣੇਦਾਰਾਂ ਦੇ ਉਲਟ ਦਰਮਿਆਨੀ ਡੀਲ ਡੌਲ ਅਤੇ ਚੁਸਤ ਸਰੀਰ ਦਾ ਤੀਹ ਕੁ ਸਾਲਾਂ ਦਾ ਗਭਰੂ ਸੀ। ਖਿਲਾੜੀਆਂ ਵਰਗਾ ਸਰੀਰ ਵੇਖ ਕੇ ਉਹ ਥਾਣੇਦਾਰ ਲਗਦਾ ਹੀ ਨਹੀਂ ਸੀ। ਉਸ ਦਾ ਚਿਹਰਾ ਸਿਆਣਪ ਦੀ ਭਾਅ ਮਾਰਦਾ ਅਤੇ ਅੱਖਾਂ ਵਿਚ ਨਰਮੀ ਅਤੇ ਸਖ਼ਤੀ ਦਾ ਅਜ਼ੀਬ ਜਿਹਾ ਮਿਸ਼ਰਣ ਮਹਿਸੂਸ ਹੁੰਦਾ ਸੀ।

ਤਾਰੇ ਨੇ ਹੱਸ ਕੇ ਉਸ ਨੂੰ ਸਤਿ ਸ੍ਰੀ ਅਕਾਲ ਕਹੀ ਅਤੇ ਆਪਣਾ ਹੱਥ ਮਿਲਾਉਣ ਲਈ ਅੱਗੇ ਕਰ ਦਿੱਤਾ। ਜੱਗਾ ਉਸ ਦੇ ਖੱਬੇ ਹੱਥ ਨਿਮਾਣਾ ਜਿਹਾ ਸਿਰ ਝੁਕਾਈ ਹੱਥ ਜੋੜੀ ਖੜ੍ਹਾ ਸੀ। ਥਾਣੇਦਾਰ ਨੇ ਉਹਨਾਂ ਨੂੰ ਬੈਠਣ ਦਾ ਇਸ਼ਾਰਾ ਕੀਤਾ ਅਤੇ ਆਪ ਉਹ ਉਸੇ ਮੁਦਰਾ ਵਿਚ ਬੈਠਾ ਉਹਨਾਂ ਨੂੰ ਵੇਖਦਾ ਰਿਹਾ ਜਿਵੇਂ ਉਹਨਾਂ ਬਾਰੇ ਅੰਦਾਜ਼ਾ ਲਾ ਰਿਹਾ ਹੋਵੇ। ਪਲ ਕੁ ਵਿਚ ਹੀ ਤਾਰੇ ਨੇ ਆਪਣਾ ਹੱਥ ਦੂਸਰੇ ਹੱਥ ਨਾਲ ਮਲਣਾ ਸ਼ੁਰੂ ਕਰ ਦਿੱਤਾ। ਉਸ ਦੀ ਉਮੀਦ ਦੇ ਉਲਟ ਥਾਣੇਦਾਰ ਨੇ ਉਸ ਨਾਲ ਹੱਥ ਨਹੀਂ ਮਿਲਾਇਆ ਸੀ।

"ਮੇਰਾ ਨਾਂ ਐ ਹਰਨੇਕ ਸਿੰਘ। ਮੈਂ ਆਪਣੇ ਇਲਾਕੇ ਵਿਚ ਸਮਗਲਿੰਗ ਜਾਂ ਬਦਮਾਸ਼ੀ ਨਹੀਂ ਚੱਲਣ ਦੇਣੀ। ਮੈਨੂੰ ਪਤਾ ਥੋਡੇ 'ਤੇ ਕਦੇ ਕੋਈ ਕੇਸ ਨੀ ਬਣਿਆ ਅਤੇ ਨਾ ਹੀ ਕਦੇ ਕੋਈ ਮਾਲ ਫੜਿਆ ਗਿਆ। ਮੈਂ ਥੋਨੂੰ ਤਿੰਨ ਦਿਨ ਦਿੰਨਾਂ ਆਪਣਾ ਸਮਾਨ ਵੇਚ ਲੋ ਜੇ ਕੋਈ ਕੋਲ ਹੈਗਾ। ਉਸ ਤੋਂ ਬਾਅਦ ਜੇ ਕੁਸ਼ ਫੜਿਆ ਗਿਆ ਤਾਂ ਜੇਲ੍ਹ ਦੀ ਹਵਾ ਖਾਣੀ ਪਊ।" ਥਾਣੇਦਾਰ ਨੇ ਉਹਨਾਂ ਨੂੰ ਜਾਣ ਦਾ ਇਸ਼ਾਰਾ ਕੀਤਾ ਅਤੇ ਆਪਣੇ ਅੱਗੇ ਪਈ ਫਾਈਲ ਨੂੰ ਪੜ੍ਹਨ ਲੱਗਾ। ਤਾਰੇ ਨੇ ਉਸ ਨੂੰ ਕੁਝ ਹੋਰ ਕਹਿਣਾ ਚਾਹਿਆ ਪਰ ਉਸ ਦਾ ਮੂਡ ਵੇਖ ਕੇ ਚੁੱਪ ਹੀ ਰਿਹਾ।

ਦਫ਼ਤਰ ਤੋਂ ਬਾਹਰ ਆ ਕੇ ਤਾਰੇ ਨੇ ਮੁਨਸ਼ੀ ਵੱਲ ਵੇਖਿਆ ਜੋ ਖਚਰੀਆਂ ਅੱਖਾਂ ਨਾਲ ਮੁਸਕਰਾ ਰਿਹਾ ਸੀ। ਤਾਰਾ ਵਿਸ਼ਵਾਸ਼ ਨਾਲ ਕਦਮ ਪੁੱਟਣ ਅਤੇ ਬੇਫ਼ਿਕਰੀ ਨਾਲ ਮੁਸਕਰਾਉਣ ਦਾ ਯਤਨ ਕਰ ਰਿਹਾ ਸੀ ਤਾਂ ਜੋ ਉਹ ਜੱਗੇ ਨੂੰ ਮਹਿਸੂਸ ਕਰਵਾ ਸਕੇ ਉਸ ਨੂੰ ਕੋਈ ਪ੍ਰਵਾਹ ਨਹੀਂ। ਪਰ ਉਸ ਦਾ ਇਹ ਯਤਨ ਮੁਨਸ਼ੀ ਨੂੰ ਖੋਖਲਾ ਜਿਹਾ ਲੱਗਿਆ। ਜੱਗਾ ਆਪਣੇ ਖਿਆਲਾਂ ਵਿਚ ਹੀ ਬਾਹਰ ਗੇਟ ਵੱਲ ਨੂੰ ਤੁਰ ਪਿਆ। ਤਾਰੇ ਦੀ ਐਕਟਿੰਗ ਉਸ ਨੇ ਵੇਖੀ ਹੀ ਨਹੀਂ ਸੀ।

ਜੱਗੇ ਨੂੰ ਸਭ ਤੋਂ ਵੱਡਾ ਸਦਮਾ ਇਸ ਕਰਕੇ ਲੱਗਾ ਕਿਉਂਕਿ ਉਹ ਤਾਂ ਨਵੇਂ ਥਾਣੇਦਾਰ ਨਾਲ ਜਾਣ ਪਹਿਚਾਣ ਵਧਾਉਣ ਲਈ ਯਤਨਸ਼ੀਲ ਸੀ। ਥਾਣੇਦਾਰ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ। ਉਹ ਉਸ ਹਾਲਤ ਵਿਚ ਹੀ ਚਾਹ ਦੇ ਢਾਬੇ ਵੱਲ ਤੁਰ ਪਿਆ ਜਿਥੇ ਉਸ ਨੇ ਆਪਣਾ ਮੋਟਰ ਸਾਇਕਲ ਖੜ੍ਹਾ ਕੀਤਾ ਹੋਇਆ ਸੀ।

ਚਾਹ ਪੀਣ ਦਾ ਉਸ ਦਾ ਮੂਡ ਨਹੀਂ ਸੀ। ਉਸ ਨੇ ਮੋਟਰਸਾਇਕਲ ਨੂੰ ਕਿੱਕ ਮਾਰੀ ਅਤੇ ਪਿੰਡ ਨੂੰ ਚੱਲ ਪਿਆ। ਰਸਤੇ ਵਿਚ ਉਸ ਦਾ ਦਿਮਾਗ ਤੇਜ਼ੀ ਨਾਲ ਸੋਚ ਰਿਹਾ ਸੀ। ਉਹ ਆਪਣੇ 'ਬਿਜਨਸ' ਨੂੰ ਇਸ ਨਵੀਂ ਹਾਲਤ ਦੀ ਰੌਸ਼ਨੀ ਵਿਚ ਵੇਖਣ ਦਾ ਯਤਨ ਕਰਨ ਲੱਗਾ। ਉਹ ਆਪਣੇ ਆਪ ਨੂੰ ਸਮਗਲਰ ਸਮਝਣ ਦੀ ਥਾਂ ਆਪਣੇ ਧੰਦੇ ਨੂੰ 'ਬਿਜਨਿਸ' ਹੀ ਸਮਝਦਾ ਸੀ। ਬਿਜਨਸ ਕਹਿ ਕੇ ਉਹ ਆਪਣੇ ਆਪ ਵਿਚ ਮਾਣ ਮਹਿਸੂਸ ਕਰਦਾ ਅਤੇ ਹੁਣ ਇਹ ਮਾਨ ਥਾਣੇਦਾਰ ਦੇ ਦਬਕੇ ਨਾਲ ਲੜਖੜਾ ਗਿਆ ਸੀ।

ਪਿੰਡ ਤੱਕ ਪਹੁੰਚਦਿਆਂ ਉਸ ਨੇ ਕਈ ਪੱਖਾਂ ਤੋਂ ਨਵੀਂ ਹਾਲਤ ਦਾ ਵਿਸ਼ਲੇਸ਼ਣ ਕੀਤਾ ਅਤੇ ਉਹ ਘਰ ਤੱਕ ਪਹੁੰਚਦਿਆਂ ਕਾਫੀ ਚੰਗੀ ਮਾਨਸਕ ਹਾਲਤ ਵਿਚ ਸੀ। ਉਸ ਨੇ ਸੋਚਿਆ ਚੰਗੇ ਅਤੇ ਮਾੜੇ ਹਾਲਤ ਸਦਾ ਨਹੀ ਰਹਿਣ ਲੱਗੇ ਅਤੇ ਇਹਨਾਂ ਹਾਲਤਾਂ ਵਿਚ

ਕੰਮ ਦੇ ਢੰਗ ਬਦਲਣੇ ਪੈਣਗੇ। ਸਭ ਤੋਂ ਵੱਧ ਉਸ ਨੂੰ ਅਜਿਹੇ ਹਾਲਾਤ ਵਿਚ ਕੋਈ ਹੋਰ ਵਧੀਆ ਮੌਕਾ ਮਿਲ ਸਕਣ ਦੀ ਆਸ ਨੇ ਖ਼ੁਸ਼ ਕੀਤਾ।

ਘਰ ਆਇਆ ਤਾਂ ਰੁਲਦੂ ਪਹਿਲਾਂ ਹੀ ਉਸ ਦੀ ਬਿੜਕ ਵਿਚ ਬੈਠਾ ਸੀ। ਮੋਟਰ ਸਾਇਕਲ ਦੀ ਅਵਾਜ਼ ਸੁਣ ਕੇ ਉਹ ਜੱਗੇ ਕੋਲ ਆ ਗਿਆ।

"ਕੀ ਗੱਲ ਹੋਈ---!" ਉਸ ਦੀ ਅਵਾਜ਼ ਅਤੇ ਚਿਹਰੇ 'ਤੇ ਫ਼ਿਕਰਾਂ ਨਾਲ ਅੱਟੀ ਉੱਤਸੁਕਤਾ ਸੀ।

"ਠਾਣੇਦਾਰ ਨੇ ਤਿੰਨ ਦਿਨਾਂ ਦੀ ਮੋਹਲਤ ਦਿੱਤੀ ਆ ਬਈ ਆਪਦਾ 'ਬਿਜਨਸ' ਸਮੇਟ ਲੋ। ਨਹੀਂ ਤਾਂ ਜੇਲ੍ਹ ਦੀ ਹਵਾ ਖਾਣ ਲਈ ਤਿਆਰ ਰਹੋ।"

"ਫੇਰ-।" ਰੁਲਦੂ ਨੂੰ ਜੱਗੇ ਦੇ ਸੁਭਾਵਕ ਬੋਲਾਂ ਵਿਚ ਮਖੌਲ ਹੋਣ ਦਾ ਸ਼ੱਕ ਪਿਆ। ਜੱਗੇ ਦੇ ਬੋਲਾਂ ਦੇ ਸੱਚ ਦਾ ਉਸ ਨੂੰ ਫੈਸਲਾ ਕਰਨਾ ਮੁਸ਼ਕਲ ਹੋ ਗਿਆ।

"ਫੇਰ ਆਪਾਂ ਨੂੰ ਕੋਈ ਹੋਰ ਢੰਗ ਸੋਚਣਾ ਪਊ।" ਜੱਗਾ ਇਕ ਦਮ ਗੰਭੀਰ ਹੋ ਗਿਆ। ਰੁਲਦੂ ਜਵਾਬ ਦੇਣ ਦੀ ਥਾਂ ਉਸ ਦੇ ਬੋਲਣ ਦੀ ਉਡੀਕ ਕਰਦਾ ਰਿਹਾ।

"ਰੁਲਦੂ ਪਹਿਲਾਂ ਤਾਂ ਤਿੰਨਾਂ ਦਿਨਾਂ ਵਾਲੀ ਸ਼ਰਤ ਪੂਰੀ ਕਰਨੀ ਜ਼ਰੂਰੀ ਆ।"

"ਥੋੜੀ ਕੋਸ਼ਟ ਕਰਨੀ ਪਊ ਪਰ ਕੋਈ ਫਿਕਰ ਆਲੀ ਗੱਲ ਨੀ।" ਰੁਲਦੂ ਨੇ ਤਸੱਲੀ ਨਾਲ ਕਿਹਾ।

"ਆਪਾਂ ਜੇ ਕੁਸ ਅੱਡੇ ਆਪਣੇ ਠਾਣੇ ਤੋਂ ਬਾਹਰ ਬਣਾਉਣ ਦੀ ਕੋਸ਼ਿਸ਼ ਕਰੀਏ।"

"ਹੂੰ----।" ਰੁਲਦੂ ਨੇ ਕੋਈ ਬਹੁਤਾ ਉਤਸ਼ਾਹ ਜਨਕ ਉੱਤਰ ਨਹੀਂ ਸੀ ਦਿੱਤਾ।

"ਸੁਣ -ਆਪਾਂ ਤਾਰੇ 'ਤੇ ਅੱਖ ਰੱਖੀਏ। ਮੈਨੂੰ ਲਗਦਾ ਉਹਤੋਂ ਬਹੁਤਾ ਚਿਰ ਨੀ ਰਹਿ ਹੁਣਾ। ਉਹ ਜ਼ਰੂਰ ਕੰਮ ਕਰੂ। ਉਹਨੂੰ ਆਪਦੀ ਸਰਕਾਰੇ ਦਰਬਾਰੇ ਜਾਣ ਪਛਾਣ ਦਾ ਮਾਣ ਆ। ਬੰਦਾ ਮਾਣ ਦੇ ਭਾਰ ਨਾਲ ਈ ਡਿਗਦਾ ਹੁੰਦਾ। ਉਹ ਕੰਮ ਜ਼ਰੂਰ ਕਰੂ। ਜਦੋਂ ਈ ਪਤਾ ਲੱਗੇ ਆਪਾਂ ਉਦੋਂ ਈ 'ਤਲਾਹ ਕਰ ਦੀਏ। ਉੱਨੀ ਦੀ ਇੱਕੀ ਤਾਂ ਪਾਈਏ।"

"ਤਾਰੇ ਦਾ ਸੀਰੀ ਨੇਕਾ ਕਿਸੇ ਗੱਲੋਂ ਉਹਦੇ ਨਾਲ ਔਖਾ ਆ। ਦੋ ਕੁ ਦਿਨ ਪਹਿਲਾਂ ਈ ਮੈਂ ਉਹਨੂੰ ਹਾਕ ਮਾਰ ਲੀ ਤੇ ਘੁੱਟ ਘੁੱਟ ਪੀਤੀ ਵੀ। ਵਿਚਲੀ ਗੱਲ ਤਾਂ ਨੀ ਦੱਸੀ ਉਹਨੇ ਪਰ ਉਹ ਤਾਰੇ ਨੂੰ ਗਾਲ੍ਹਾਂ ਜ਼ਰੂਰ ਕੱਢਦਾ ਸੀ।"

"ਗੌਰ ਰੱਖੀਂ ਕਿਤੇ ਆਪਣਾ ਭੇਤ ਨਾ ਲੈਂਦਾ ਹੋਵੇ!" ਜੱਗੇ ਨੇ ਰੁਲਦੂ ਨੂੰ ਅਗਾਹ ਕੀਤਾ। ਉਹਨਾਂ ਨੇ ਹੋਰ ਗੱਲਾਂ ਬਾਤਾਂ ਕੀਤੀਆਂ ਅਤੇ ਤਾਰੇ ਬਾਰੇ ਸੋਚਦੇ ਦੋਵੇਂ ਵੱਖ ਹੋ ਗਏ।

ਤਾਰਾ ਥਾਣੇ ਵਿਚੋਂ ਨਿਕਲਿਆ ਤਾਂ ਉਸ ਨੂੰ ਲੱਗਾ ਜਿਵੇਂ ਉਸ ਦਾ ਚਿੱਟਾ ਕੁੜਤਾ ਥਾਣੇਦਾਰ ਨੇ ਦਾਗੀ ਕਰ ਦਿੱਤਾ ਹੋਵੇ। ਜਿਵੇਂ ਸਾਰੇ ਸਿਪਾਹੀ ਜਿਹੜੇ ਉਸ ਨੂੰ ਸਲਾਮਾਂ ਕਰਦੇ ਸਨ, ਉਸ 'ਤੇ ਅੱਖਾਂ ਵਿਚ ਹੱਸ ਰਹੇ ਹੋਣ। ਉਹ ਸੰਤਰੀ ਵੱਲ ਵੇਖੇ ਬਿਨਾਂ ਹੀ ਥਾਣੇ

ਵਿਚੋਂ ਬਾਹਰ ਆ ਗਿਆ। ਵੈਸੇ ਤਾਰੇ ਨੇ ਆਪਣੇ ਕੰਮ ਵਿਚ ਹੰਢ ਵਰਤ ਜਾਣ ਨਾਲ ਸਿਪਾਹੀਆਂ ਅਤੇ ਹੌਲਦਾਰਾਂ ਨੂੰ ਖ਼ੁਸ਼ ਰੱਖਣ ਦੀ ਜ਼ਰੂਰਤ ਅਤੇ ਗੁਰ ਸਮਝ ਲਿਆ ਸੀ। ਉਹ ਸਾਰਿਆਂ ਨਾਲ ਬਹੁਤ ਨਰਮੀ ਅਤੇ ਅਪਣਤ ਭਰੀ ਚਾਪਲੂਸੀ ਨਾਲ ਮਿਲਦਾ। ਅੱਜ ਉਸ ਤੋਂ ਜਿਵੇਂ ਕਿਸੇ ਨੂੰ ਬਲਾਉਣ ਲਈ ਹਿੰਮਤ ਇਕੱਠੀ ਨਹੀਂ ਹੋ ਰਹੀ ਸੀ।

ਤਾਰੇ ਨੂੰ ਜਦ ਸਤਵੰਤ ਸਿਪਾਹੀ ਨੇ ਥਾਣੇਦਾਰ ਦਾ ਸੁਨੇਹਾ ਦਿੱਤਾ ਸੀ ਤਾਂ ਤਾਰੇ ਨੇ ਕਈ ਸੁਪਨੇ ਆਪਣੇ ਦਿਮਾਗ ਵਿਚ ਬਣਾ ਲਏ ਸਨ। ਉਹ ਥਾਣੇਦਾਰ ਨਾਲ ਦੋਸਤੀ ਬਨਾਉਣ ਦੀਆਂ ਪਹਿਲਾਂ ਵਰਤੀਆਂ ਸਕੀਮਾਂ ਬਾਰੇ ਸੋਚ ਰਿਹਾ ਸੀ। ਜੱਗੇ ਨੂੰ ਥਾਣੇ ਵਿਚ ਵੇਖ ਕੇ ਉਸ ਦਾ ਮੱਥਾ ਠਣਕਿਆ। ਉਸ ਨੂੰ ਸਮਝ ਹੀ ਨਾ ਆਈ ਕਿ ਜੱਗਾ ਥਾਣੇ ਵਿਚ ਕੀ ਕਰ ਰਿਹਾ ਸੀ। ਨੰਗਲ ਵਾਲੇ ਭੋਲੇ ਨੂੰ ਵੇਖ ਕੇ ਉਸ ਨੂੰ ਗੱਲ ਕੁਝ ਕੁਝ ਸਮਝ ਆਉਣ ਲੱਗੀ ਸੀ।

ਤਾਰਾ ਆਪਣੇ ਆਪ ਨੂੰ ਧਰਤੀ ‘ਤੇ ਘੱਟ ਅਤੇ ਅਸਮਾਨ ਵਿਚ ਬਹੁਤਾ ਉੱਡਦਾ ਸਮਝਦਾ ਸੀ। ਅੱਜ ਉਸ ਨੂੰ ਲੱਗਿਆ ਜਿਵੇਂ ਨਵੇਂ ਥਾਣੇਦਾਰ ਨੇ ਉਸ ਨੂੰ ਧਰਤੀ ‘ਤੇ ਪਟਕਾ ਮਾਰਿਆ ਹੋਵੇ। ਜੇ ਕਿਤੇ ਜੱਗੇ ਦੇ ਸਾਹਮਣੇ ਥਾਣੇਦਾਰ ਨੇ ਗੱਲ ਕਰਨ ਦੀ ਥਾਂ ਇਕੱਲੇ ਤਾਰੇ ਨਾਲ ਇਹੋ ਗੱਲ ਕੀਤੀ ਹੁੰਦੀ ਤਾਂ ਸ਼ਾਇਦ ਉਸ ਨੂੰ ਏਨਾ ਬੁਰਾ ਨਾ ਵੀ ਲਗਦਾ। ਥਾਣੇਦਾਰ ਨੇ ਤਾਂ ਜੱਗੇ ਅਤੇ ਤਾਰੇ ਵਿਚ ਕੋਈ ਫਰਕ ਹੀ ਨਹੀਂ ਰੱਖਿਆ ਸੀ। ਉਹ ਪਿੰਡ ਪਹੁੰਚਣ ਤੱਕ ਬੁਝਿਆ ਬੁਝਿਆ ਜਿਹਾ ਮਹਿਸੂਸ ਕਰਦਾ ਰਿਹਾ। ਪਿੰਡ ਆ ਕੇ ਉਸ ਨੇ ਘਰ ਵਿਚ ਰੱਖੇ ਨਜਾਇਜ਼ ਸਮਾਨ ਵੱਲ ਧਿਆਨ ਦਿੱਤਾ ਅਤੇ ਜਲਦੀ ਤੋਂ ਜਲਦੀ ਵੇਚਣ ਦਾ ਓਹੜ ਪੋਹੜ ਕਰਨ ਲੱਗਾ। ਗਿਆਨੀ ਥਾਣੇਦਾਰ ਤੋਂ ਬਾਅਦ ਇਹ ਹਰਨੇਕ ਸਿੰਘ ਥਾਣੇਦਾਰ ਉਸ ਦੇ ਗਲੇ ਦੀ ਹੱਡੀ ਬਣਿਆ ਸੀ ਅਤੇ ਤਾਰਾ ਜਲਦੀ ਹੀ ਇਸ ਦੀ ਬਦਲੀ ਕਰਾਉਣ ਲਈ ਹੱਥ ਪੈਰ ਮਾਰਨ ਲੱਗਾ।

## ਵੀਹਵਾਂ

ਮੀਕੇ ਨੇ ਜਿਵੇਂ ਮਸਾਂ ਮੋਗੇ ਤੱਕ ਦਾ ਪੰਧ ਪੂਰਾ ਕੀਤਾ। ਹਸਪਤਾਲ ਦਾ ਉਸ ਨੂੰ ਪਤਾ ਸੀ ਸੋ ਉਹ ਸਿੱਧਾ ਹਸਪਤਾਲ ਪਹੁੰਚ ਗਿਆ। ਇਸ ਵੇਲੇ ਸ਼ਹਿਰ ਦੀਆਂ ਬੱਤੀਆਂ ਜਗ ਪਈਆਂ ਸਨ। ਸ਼ਹਿਰ ਵਿੱਚੋਂ ਕੰਮ ਕਰਕੇ ਲੋਕ ਆਪਣੇ ਪਿੰਡਾਂ ਨੂੰ ਜਾ ਰਹੇ ਸਨ। ਸ਼ਾਮ ਦੇ ਸਮੇਂ ਸੜਕਾਂ ‘ਤੇ ਟਰੈਫਕ ਦੇ ਨਾਲ ਸ਼ਰਾਬੀ ਵੀਰਾਂ ਦਾ ਖਤਰਾ ਵੀ ਇਸ ਸਮੇਂ ਵੱਧ ਗਿਆ ਸੀ। ਮੀਕੇ ਨੇ ਡਰਾਇਵਰ ਨੂੰ ਕਾਰ ਹੌਲੀ ਅਤੇ ਧਿਆਨ ਨਾਲ ਚਲਾਉਣ ਲਈ ਕਿਹਾ। ਉਸ ਦਾ ਆਪਣਾ ਮਨ ਦੀਪੀ ਕੋਲ ਜਲਦੀ ਪਹੁੰਚਣ ਲਈ ਕਾਹਲਾ ਸੀ।

ਹਸਪਤਾਲ ਦੇ ਰਿਸੈਪਸ਼ਨ ‘ਤੇ ਮਾੜਕੂ ਜਿਹੀ ਕੁੜੀ ਇੰਝ ਖੜ੍ਹੀ ਸੀ ਜਿਵੇਂ ਆਪਣੀ ਮੁਸਕਰਾਹਟ ਘਰ ਭੁੱਲ ਆਈ ਹੋਵੇ। ਉਸ ਨੇ ਬਿਨਾਂ ਕਿਸੇ ਭਾਵ ਤੋਂ ਮੀਕੇ ਵੱਲ ਇੰਝ ਵੇਖਿਆ ਜਿਵੇਂ ਉਸ ਨੂੰ ਮੀਕੇ ਦਾ ਆਉਣਾ ਚੰਗਾ ਨਾ ਲੱਗਾ ਹੋਵੇ। ਮੀਕੇ ਨੇ ਬਿਨਾਂ ਉਸ ਵੱਲ ਬਹੁਤਾ ਧਿਆਨ ਦਿੱਤਿਆਂ ਉਸ ਨੂੰ ਦੀਪੀ ਦੇ ਕਮਰੇ ਬਾਰੇ ਪੁੱਛਿਆ।

“ਹਸਪਤਾਲ ਵਿਚ ਮਿਲਣ ਦਾ ਸਮਾਂ ਖਤਮ ਹੋ ਗਿਆ। ਸਵੇਰੇ ਆ ਜਾਣਾ।” ਕਹਿ ਕੇ ਉਹ ਆਪਣੀਆਂ ਫਾਈਲਾਂ ਵਿਚ ਗੁਆਚਣ ਦਾ ਯਤਨ ਕਰਨ ਲੱਗੀ। ਮੀਕੇ ਨੂੰ ਉਸ ਦੇ ਲਾਪ੍ਰਵਾਹ ਅਤੇ ਗੈਰਜ਼ਿੰਮੇਵਾਰ ਵਰਤਾਅ ‘ਤੇ ਬਹੁਤ ਗੁੱਸਾ ਆਇਆ।

“ਡਾਕਟਰ ਸ਼ਾਮ ਲਾਲ ਨਾਲ ਗੱਲ ਕਰਾਉ।” ਮੀਕੇ ਨੇ ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖਣ ਦਾ ਯਤਨ ਕੀਤ। ਮੀਕੇ ਦੇ ਗੁੱਸੇ

ਨਾਲ ਬੁੱਲ੍ਹ ਫਰਕਣ ਲੱਗੇ ਸਨ।

"ਡਾਕਟਰ ਸਾਹਿਬ ਇਸ ਵੇਲੇ ਕਿਸੇ ਨੂੰ ਨਹੀਂ ਮਿਲਦੇ।" ਕੁੜੀ ਨੇ ਰੁਖਾਈ ਨਾਲ ਜਵਾਬ ਦੇ ਕੇ ਆਪਣਾ ਖਹਿੜਾ ਛੁਡਾਉਣ ਦਾ ਯਤਨ ਕੀਤਾ।

"ਮੈਂ ਇਹ ਨੀ ਪੁੱਛਿਆ ਉਹ ਕਿਸ ਸਮੇਂ ਮਿਲਦੇ ਐ ਜਾਂ ਨਹੀਂ ਮਿਲਦੇ। ਮੈਂ ਉਹਨਾਂ ਨਾਲ ਗੱਲ ਕਰਨ ਲਈ ਕਿਹਾ।" ਮੀਕੇ ਦੀ ਸਖਤ ਅਵਾਜ਼ ਅਤੇ ਗੁਸੈਲੀ ਅੱਖ ਨੇ ਕੁੜੀ ਨੂੰ ਜਰਕਾ ਦਿੱਤਾ। ਉਸ ਨੇ ਜੱਕੋ ਤੱਕੀ ਵਿਚ ਡਾਕਟਰ ਨੂੰ ਫੋਨ ਮਿਲਾਇਆ। ਮੀਕੇ ਨੇ ਕੁੜੀ ਦੇ ਹੱਥੋਂ ਰਸੀਵਰ ਇਕ ਤਰ੍ਹਾਂ ਨਾਲ ਖੋਹ ਹੀ ਲਿਆ। ਕੁੜੀ ਹੱਕੀ ਬੱਕੀ ਜਿਹੀ ਮੀਕੇ ਵੱਲ ਵੇਖਦੀ ਰਹਿ ਗਈ। ਦੂਸਰੇ ਪਾਸਿਉਂ ਹੈਲੋ ਦੀ ਅਵਾਜ਼ ਆਈ।

"ਡਾਕਟਰ ਸਾਹਿਬ ਮੁਆਫ ਕਰਨਾ ਤੁਹਾਨੂੰ ਬੇਵਕਤ ਤਕਲੀਫ਼ ਦੇ ਰਿਹਾਂ। ਮੈਂ ਦੀਪੀ ਦਾ ਡੈਡ ਆਂ ਅਤੇ ਹੁਣੇ ਈ ਲੰਡਨ ਤੋਂ ਪਹੁੰਚਿਆਂ। ਮੈਂ ਉਸ ਨੂੰ ਫੌਰੀ ਤੌਰ 'ਤੇ ਮਿਲਣਾ ਚਹੁੰਨਾ। ਪਰ ਤੁਹਾਡੇ ਸਟਾਫ ਨੂੰ ਮਰੀਜ਼ਾਂ ਦੇ ਰਿਸ਼ਤੇਦਾਰਾਂ ਨਾਲ ਕੋਈ ਹਮਦਰਦੀ ਨੀ ਲਗਦੀ। ਪਤਾ ਨੀ ਕੀ ਮਿਰਚਾਂ ਖੁਆ ਕੇ ਇਥੇ ਖੜ੍ਹੇ ਕੀਤੇ ਆ।"

"ਦੀਪੀ ਤਾਂ ਜੀ ਅੱਜ ਸ਼ਾਮ ਨੂੰ ਲੁਧਿਆਣਾ ਭੇਜ ਦਿੱਤੀ ਆ। ਕਿਸੇ ਵੀ ਟਰੀਟਮੈਂਟ ਨੂੰ ਉਸ ਨੇ ਕੋਈ ਖਾਸ ਰਿਸਪੌਂਸ ਨਹੀਂ ਦਿੱਤਾ।" ਡਾਕਟਰ ਇੰਝ ਗੱਲ ਕਰ ਰਿਹਾ ਸੀ ਜਿਵੇਂ ਇਸ ਵਿਚ ਦੀਪੀ ਦਾ ਹੀ ਕਸੂਰ ਹੋਵੇ। ਮੀਕੇ ਦਾ ਦਿਲ ਜਿਵੇਂ ਗੋਡਿਆਂ ਤੋਂ ਵੀ ਥੱਲੇ ਆ ਗਿਆ ਹੋਵੇ। ਉਸ ਦਾ ਦਿਲ ਧੜਕਨ ਲੱਗਾ ਅਤੇ ਉਸ ਦਾ ਗੁੱਸਾ ਡਰ ਅਤੇ ਫਿਕਰ ਦੀ ਛਾਂ ਥੱਲੇ ਆ ਗਿਆ।

"ਕਿਹੜੇ ਹਸਪਤਾਲ ਵਿਚ ਲੁਧਿਆਣੇ!"

"ਮੈਂ ਉਹਨਾਂ ਨੂੰ ਦਯਾਨੰਦ ਦੇ ਜਾਣ ਲਈ ਕਿਹਾ ਸੀ।" ਡਾਕਟਰ ਨੇ ਅਜੇ ਗੱਲ ਪੂਰੀ ਹੀ ਕੀਤੀ ਸੀ ਕਿ ਮੀਕੇ ਨੇ ਅੱਧਾ ਕੁ ਧੰਨਵਾਦ ਕਰਦਿਆਂ ਰਸੀਵਰ ਰਿਸੈਪਸ਼ਨਿਸਟ ਕੁੜੀ ਦੇ ਅੱਗੇ ਸੁੱਟ ਦਿੱਤਾ। ਕੌੜੀ ਜਿਹੀ ਨਜ਼ਰ ਨਾਲ ਵੇਖਦਾ ਮੀਕਾ ਬਾਹਰ ਟੈਕਸੀ ਵਾਲੇ ਕੋਲ ਆ ਗਿਆ।

"ਚੱਲ ਬਈ ਲੁਧਿਆਣੇ ਨੂੰ ਜਾਣਾ ਪੈਣਾ। ਤੂੰ ਮੈਨੂੰ ਛੱਡ ਕੇ ਵਾਪਿਸ ਚਲਾ ਜਾਵੀਂ।" ਮੀਕਾ ਬਦਹਵਾਸ ਜਿਹਾ ਟੈਕਸੀ ਦੀ ਪਿਛਲੀ ਸੀਟ 'ਤੇ ਬੈਠ ਗਿਆ।

ਕਚਿਹਰੀ ਰੋਡ ਤੋਂ ਦੀ ਹੁੰਦੀ ਹੋਈ ਜਦ ਟੈਕਸੀ ਲੁਧਿਆਣਾ ਫਿਰੋਜ਼ਪੁਰ ਰੋਡ 'ਤੇ ਚੜ੍ਹੀ ਤਾਂ ਉਸ ਨੂੰ ਅਚਾਨਕ ਰਮੇਸ਼ ਦਾ ਖਿਆਲ ਆਇਆ। ਰਮੇਸ਼ ਉਸ ਦਾ ਕਲਾਸ ਫੈਲੋ ਸੀ। ਹੁਣ ਭਾਂਵੇਂ ਮੀਕੇ ਦਾ ਕਾਫ਼ੀ ਦੇਰ ਤੋਂ ਉਸ ਨਾਲ ਕੋਈ ਰਾਬਤਾ ਨਹੀਂ ਸੀ ਰਿਹਾ। ਉਸ ਦਾ ਘਰ ਦੱਤ ਰੋਡ 'ਤੇ ਸੀ ਅਤੇ ਮੀਕਾ ਉਸ ਦੀ ਗਲੀ ਦੇ ਕੋਲੋਂ ਦੀ ਲੰਘ ਰਿਹਾ ਸੀ। ਉਹਨਾਂ ਨੇ ਜਵਾਨੀ ਅਤੇ ਕਾਲਜ ਦੇ ਦਿਨਾਂ ਵਿਚ ਸਭ ਚੰਗੇ ਮਾੜੇ ਕੰਮ ਇਕੱਠਿਆਂ ਹੀ ਕੀਤੇ ਸਨ।

"ਆਹ ਯਾਰ ਗੱਡੀ ਮੋੜ ਪਿੱਛੇ ਮਾੜੀ ਜੀ।" ਡਰਾਇਵਰ ਨੇ ਅੱਗਾ ਪਿੱਛਾ ਵਿਚਾਰ ਕੇ ਗੱਡੀ ਵਾਪਿਸ ਮੋੜ ਲਈ। ਮੀਕੇ ਨੇ ਉਸ ਨੂੰ ਹੱਥ ਦੇ ਇਸ਼ਾਰੇ ਨਾਲ ਰਮੇਸ਼ ਦੇ ਘਰ ਵੱਲ ਮੁੜਨ ਦਾ ਅਦੇਸ਼ ਦਿੱਤਾ। ਰਮੇਸ਼ ਦੇ ਘਰ ਅੱਗੇ ਕਾਰ ਖੜ੍ਹੀ ਕਰਕੇ ਉਸ ਨੇ ਰਮੇਸ਼ ਦੇ ਘਰ ਦਾ ਦਰਵਾਜ਼ਾ ਖੜਕਾਇਆ। ਦਰਵਾਜ਼ਾ ਰਮੇਸ਼ ਨੇ ਹੀ ਖੋਲ੍ਹਿਆ। ਪਲ ਕੁ ਉਹ ਦੋਵੇਂ ਇਕ ਦੂਜੇ ਵੱਲ ਹੈਰਾਨੀ ਜਿਹੀ ਨਾਲ ਵੇਖਦੇ

ਰਹੇ ਅਤੇ ਫਿਰ ਅਚਾਨਕ ਇਕ ਦੂਜੇ ਦੁਆਲੇ ਉਹਨਾਂ ਦੀਆਂ ਬਾਂਹਾਂ ਜਕੜੀਆਂ ਗਈਆਂ।

"ਉਹ ਮੀਕੇ ਤੂੰ ਅਚਾਨਕ। ਵਾਹ ਵਾਹ ਯਾਰ ਆਹ ਤਾਂ ਹੱਦ ਈ ਹੋਗੀ। ਵੀਨਾ ਵੇਖ ਕੌਣ ਆਇਆ।" ਰਮੇਸ਼ ਖੁਸ਼ੀ ਨਾਲ ਆਪਣੀ ਪਤਨੀ ਨੂੰ ਦੱਸ ਰਿਹਾ ਸੀ ਜੋ ਖੁਦ ਹੈਰਾਨ ਜਿਹੀ ਹੋਈ ਸਾਰਾ ਨਜ਼ਾਰਾ ਦੇਖ ਰਹੀ ਸੀ।

"ਰਮੇਸ ਮੈਂ ਤਾਂ ਬਹੁਤ ਮੁਸ਼ਕਲ ਵਿਚ ਆਂ। ਬੇਟੀ ਐਥੇ ਪਿੰਡ ਰਹਿੰਦੀ ਸੀ। ਉਹ ਖਾਸੀ ਸੀਰੀਅਸ ਆ ਤੇ ਮੇਰੇ ਆਉਣ ਤੋਂ ਪਹਿਲਾਂ ਈ ਅੱਜ ਸ਼ਾਮ ਨੂੰ ਉਹਨੂੰ ਲੁਧਿਆਣੇ ਲੈ ਕੇ ਗਏ ਆ। ਮੇਰੇ ਕੋਲ ਸੂਟਕੇਸ ਆ ਮੈਂ ਸੋਚਿਆ ਤੇਰੇ ਕੋਲ ਰੱਖ ਦਿਆਂ। ਉਥੇ ਕਿਥੇ ਖਿੱਚੀ ਫਿਰੂੰ!" ਮੀਕੇ ਦੀ ਗੱਲ ਨੇ ਸਾਰਾ ਮਹੌਲ ਸੋਗਵਾਰ ਕਰ ਦਿੱਤਾ।

"ਸੂਟਕੇਸ ਤਾਂ ਰੱਖ ਦੇ ਪਰ ਕੁੜੀ ਨੂੰ ਹੋਇਆ ਕੀ ਆ? ਕਿਹੜੇ ਹਸਪਤਾਲ ਲੈ ਕੇ ਗਏ ਆ!" ਰਮੇਸ਼ ਦੇ ਚਿਹਰੇ 'ਤੇ ਆਈ ਖੁਸ਼ੀ ਹਾਲਾਤ ਦੀ ਗੰਭੀਰਤਾ ਨੇ ਹੜੱਪ ਲਈ।

"ਦਯਾਨੰਦ ਕਹਿੰਦਾ ਡਾਕਟਰ।"

"ਉਥੇ ਯਾਰ ਆਪਣਾ ਇਕ ਬੜਾ ਵਧੀਆ ਦੋਸਤ ਆ, ਡਾਕਟਰ ਹਰਦੀਪ। ਮੈਂ ਹੁਣੇ ਉਹਨੂੰ ਫੋਨ ਕਰਦਾਂ। ਵੀਨਾ ਸਾਨੂੰ ਰੋਟੀ ਪਾ ਦੇਹ ਜੋ ਵੀ ਬਣਿਆ ਜਲਦੀ।" ਰਮੇਸ਼ ਨੇ ਡਾਕਟਰ ਹਰਦੀਪ ਨੂੰ ਫੋਨ ਮਿਲਾ ਲਿਆ।

"ਭਾਬੀ ਜੀ ਨਮਸਤੇ। ਮੈਂ ਰਮੇਸ਼ ਬੋਲ ਰਿਹਾਂ ਮੋਗੇ ਤੋਂ। ਡਾਕਟਰ ਸਾਹਿਬ ਆ ਗੇ।"

"ਭਾਈ ਸਾਹਿਬ ਨਮਸਤੇ। ਬੱਸ ਕਾਰ ਖੜ੍ਹੀ ਕਰ ਰਹੇ ਆ। ਸਭ ਠੀਕ ਤਾਂ ਐ!"

"ਠੀਕ ਕਾਹਦਾ ਜੀ। ਮੇਰੇ ਦੋਸਤ ਦੀ ਬੱਚੀ ਕੁਝ ਸੀਰੀਅਸ ਐ। ਉਸ ਨੂੰ ਅੱਜ ਸ਼ਾਮ ਦਯਾਨੰਦ 'ਚ ਦਾਖਲ ਕਰਾਇਆ।"

"ਆਹ ਲਉ ਆ ਗੇ, ਤੁਸੀਂ ਗੱਲ ਕਰ ਲਉ।"

"ਹੈਲੋ , ਰਮੇਸ਼ ਕੀ ਹਾਲ ਚਾਲ ਐ।" ਡਾਕਟਰ ਹਰਦੀਪ ਦੀ ਪਤਨੀ ਨੇ ਉਸ ਨੂੰ ਰਮੇਸ਼ ਦੇ ਫੋਨ ਬਾਰੇ 'ਰਮੇਸ਼' ਕਹਿ ਕੇ ਜ਼ਿਕਰ ਕਰ ਦਿੱਤਾ ਸੀ।

"ਓਹ ਜੀ ਅੱਜ ਸ਼ਾਮ ਨੂੰ ਮੇਰੇ ਦੋਸਤ ਦੀ ਬੱਚੀ ਮੋਗੇ ਤੋਂ ਡਾਕਟਰ ਸ਼ਾਮ ਲਾਲ ਨੇ ਦਯਾਨੰਦ ਭੇਜੀ ਆ।" ਰਮੇਸ਼ ਨੇ ਬੱਚੀ ਦਾ ਨਾਂ ਮੀਕੇ ਤੋਂ ਪੁੱਛਿਆ ਅਤੇ ਆਪਣੀ ਗੱਲ ਜ਼ਾਰੀ ਰੱਖੀ।

"ਆਹੋ ਉਸ ਬੱਚੀ ਨੂੰ ਮੈਂ ਹੀ ਅਟੈਂਡ ਕੀਤਾ ਸੀ। ਹਾਲਤ ਕਾਫੀ ਨਾਜ਼ੁਕ ਐ।" ਡਾਕਟਰ ਦੀ ਅਵਾਜ਼ ਵੀ ਉਦਾਸ ਹੋ ਗਈ।

"ਡਾਕਟਰ ਸਾਹਿਬ ਅਸੀਂ ਹੁਣੇ ਮੋਗੇ ਤੋਂ ਨਿਕਲਣ ਲੱਗੇ ਆਂ। ਬੱਚੀ ਦਾ ਪਿਉ ਮੇਰਾ ਖਾਸ ਦੋਸਤ ਐ ਤੇ ਹੁਣੇ ਲੰਡਨ ਤੋਂ ਆਇਆ।

ਤੁਸੀਂ ਪਰਸਨਲ ਇੰਟਰੈਸਟ ਲੈ ਕੇ ਇਸ ਕੇਸ ਦਾ ਖਿਆਲ ਰੱਖੋ, ਪਲੀਜ਼।"

"ਹੁਣ ਉਥੇ ਡਾਕਟਰ ਬਾਂਸਲ ਦੀ ਡਿਊਟੀ ਐ। ਮੈਂ ਉਹਨਾਂ ਨੂੰ ਟੈਲੀਫੋਨ ਕਰ ਦਿੰਨਾ। ਵੈਸੇ ਤੁਸੀਂ ਕਦੋਂ ਕੁ ਤੱਕ ਪਹੁੰਚ ਰਹੇ ਹੋ।"

"ਅਸੀਂ ਗੱਡੀ 'ਚ ਬੈਠਣ ਲੱਗੇ ਆਂ। ਸਵਾ ਡੇਢ ਘੰਟਾ ਸਮਝੋ।" ਰਮੇਸ਼ ਨੇ ਘੜੀ ਵੇਖਦਿਆਂ ਕਿਹਾ।

"ਆ ਜੋ ਮੈਂ ਤੁਹਾਨੂੰ ਆਈ ਸੀ ਯੂ ਦੇ ਦਫ਼ਤਰ ਕੋਲ ਮਿਲਦਾਂ। ਬੱਚੀ ਇਸ ਵੇਲੇ ਆਈ ਸੀ ਯੂ 'ਚ ਈ ਦਾਖਲ ਐ। ਤੁਸੀਂ ਮੇਰੀ ਵੇਟਿੰਗ ਰੂਮ 'ਚ ਵੇਟ ਕਰਿਉ।"

"ਠੀਕ ਆ ਜੀ।" ਕਹਿ ਕੇ ਰਮੇਸ਼ ਨੇ ਫੋਨ ਰੱਖ ਦਿੱਤਾ।

"ਮੀਕੇ ਤੂੰ ਫਟਾ ਫਟ ਨਹਾ ਲਾ। ਤੇਰਾ ਅੱਧਾ ਥਕੇਵਾਂ ਲਹਿ ਜੂ। ਐਨੇ ਚਿਰ 'ਚ ਮੈਂ ਕੱਪੜੇ ਬਦਲ ਲੈਨਾ। ਤੌਲੀਆ ਮੈਂ ਬਾਥ 'ਚ ਰੱਖ ਦਿੰਨਾਂ।" ਮੀਕੇ ਦੀ ਗੱਲ ਸੁਣਨ ਤੋਂ ਪਹਿਲਾਂ ਹੀ ਰਮੇਸ਼ ਉੱਠ ਕੇ ਚਲਾ ਗਿਆ ਅਤੇ ਮੀਕਾ ਅਧਮੰਨੇ ਜਿਹੇ ਚਿੱਤ ਨਾਲ ਬਦਲਣ ਲਈ ਕੱਪੜੇ ਸੂਟਕੇਸ ਵਿਚੋਂ ਕੱਢਣ ਲੱਗਾ।

ਗਰਮੀ ਅਤੇ ਥਕੇਵੇਂ ਨਾਲ ਮੀਕੇ ਦਾ ਸਰੀਰ ਬੌਂਦਲਿਆ ਜਿਹਾ ਪਿਆ ਸੀ। ਉਹ ਜਲਦੀ ਜਲਦੀ ਨਹਾਤਾ ਅਤੇ ਕੁਝ ਹਲਕਾ ਜਿਹਾ ਮਹਿਸੂਸ ਕਰਨ ਲੱਗਾ। ਦਸ ਕੁ ਮਿੰਟ ਵਿਚ ਹੀ ਉਹ ਕਾਰ ਵਿਚ ਆ ਬੈਠੇ।

"ਰਮੇਸ਼ ਯਾਰ ਤੇਰਾ ਸ਼ੁਕਰੀਆ। ਮੈਨੂੰ 'ਕੱਲੇ ਨੂੰ ਬਹੁਤ ਔਖਾ ਹੁਣਾ ਸੀ।" ਮੀਕਾ ਦਿਲੋਂ ਰਮੇਸ਼ ਦਾ ਅਹਿਸਾਨਮੰਦ ਸੀ। ਉਸ ਨੇ ਰਮੇਸ਼ ਦੇ ਨਾਲ ਆਉਣ ਬਾਰੇ ਤਾਂ ਸੋਚਿਆ ਹੀ ਨਹੀਂ ਸੀ। ਹੁਣ ਉਸ ਨੂੰ ਮਾਨਸਕ ਤਸੱਲੀ ਦਾ ਅਹਿਸਾਸ ਹੋ ਰਿਹਾ ਸੀ। ਡਾਕਟਰ ਨਾਲ ਰਮੇਸ਼ ਦੀ ਗੱਲ ਬਾਤ ਅਤੇ ਉਸ ਦਾ ਖਾਸ ਤੌਰ 'ਤੇ ਹਸਪਤਾਲ ਆਉਣਾ, ਮੀਕੇ ਨੂੰ ਲੱਗਿਆ ਕਿ ਇਹ ਦੀਪੀ ਦੀ ਸਿਹਤ ਚੰਗੀ ਹੋਣ ਲਈ ਸਭ ਸ਼ੁਭ ਸ਼ਗਨ ਸੀ।

"ਇਹ ਸ਼ੁਕਰੀਆ ਤਾਂ ਤੂੰ ਆਪਦੇ ਕੋਲ ਰੱਖ। ਸਾਲਾ ਵੱਡਾ ਅੰਗਰੇਜ।" ਰਮੇਸ਼ ਨੇ ਮਹੌਲ ਨੂੰ ਬਦਲਣ ਲਈ ਥੋੜ੍ਹਾ ਯਾਰਾਂ ਵਾਲਾ ਮਹੌਲ ਬਣਾਉਣ ਲਈ ਜ਼ੁਬਾਨ 'ਤੇ ਲਗਾਮ ਢਿੱਲੀ ਕਰ ਦਿੱਤੀ। ਮੀਕਾ ਖਸਿਆਣੀ ਜਿਹੀ ਹਾਸੀ ਹੱਸਿਆ ਅਤੇ ਉਸ ਦੇ ਚਿਹਰੇ ਤੋਂ ਕੁਝ ਕੁ ਹੋਰ ਤਣਾਅ ਘਟ ਗਿਆ। ਗੱਲਾਂ ਬਾਤਾਂ ਕਰਦੇ ਉਹ ਦਯਾਨੰਦ ਹਸਪਤਾਲ ਪਹੁੰਚ ਗਏ। ਡਾਕਟਰ ਹਰਦੀਪ ਨੇ ਉਹਨਾਂ ਨੂੰ ਦਿਸ਼ਾ ਨਿਰਦੇਸ਼ਣ ਕਰ ਹੀ ਦਿੱਤਾ ਸੀ। ਟੈਕਸੀ ਵਾਲੇ ਨੂੰ ਵਿਹਲਾ ਕਰ ਕੇ ਉਹ ਆਈ ਸੀ ਯੂ ਵੱਲ ਨੂੰ ਤੁਰ ਪਏ। ਮੀਕੇ ਨੂੰ ਰਮੇਸ਼ ਨੇ ਪੁਰਾਣੇ ਨਵੇਂ ਸਮਿਆਂ ਦੀਆਂ ਗੱਲਾਂ ਵਿਚ ਲਗਾਈ ਰੱਖਿਆ ਸੀ। ਉਸ ਨੂੰ ਦੀਪੀ ਦੀ ਹਾਲਤ ਬਾਰੇ ਸੋਚਣ ਦਾ ਸਮਾਂ ਹੀ ਨਹੀਂ ਦਿੱਤਾ ਸੀ। ਹੁਣ ਹਸਪਤਾਲ ਵਿਚ ਆ ਕੇ ਮੀਕੇ ਦਾ ਚਿਹਰਾ ਫਿਰ ਤਣਾਅ ਪੂਰਨ ਹੋ ਗਿਆ।

ਵੇਟਿੰਗ ਰੂਮ ਵਿਚ ਹੀ ਉਹਨਾਂ ਨੂੰ ਬਾਪੂ ਜੀ ਅਤੇ ਬੇਜੀ ਉਦਾਸ ਅਤੇ ਥੱਕੇ ਥੱਕੇ ਜਿਹੇ ਬੈਠੇ ਦਿਸ ਪਏ। ਉਹ ਮੀਕੇ ਨੂੰ ਵੇਖ ਕੇ ਇਕ ਦਮ ਉਸ ਨੂੰ ਚਿੰਬੜ ਗਏ ਅਤੇ ਅੱਖਾਂ ਵਿਚੋਂ ਰੋਕੇ ਹੰਝੂ ਫਿਰ ਵਗ ਤੁਰੇ। ਰਮੇਸ਼ ਨੇ ਉਹਨਾਂ ਨੂੰ ਚੁੱਪ ਕਰਾਉਣ ਲਈ ਡਾਕਟਰ ਹਰਦੀਪ ਬਾਰੇ ਪੁੱਛਿਆ।

"ਪੁੱਤ ਆਹ ਚਿੱਟੇ ਜੇ ਚੋਲੇ ਪਾਈ ਫਿਰਦੇ ਤਾਂ ਬਥੇਰੇ ਆ। ਨਾਂ ਤਾਂ ਕਿਸੇ ਦਾ ਪਤਾ ਨੀ।" ਬਾਪੂ ਜੀ ਨੇ ਅਣਭੋਲ ਜਿਹਾ ਜਵਾਬ ਦਿੱਤਾ। ਉਹ ਦੀਪੀ ਦੀ ਹਾਲਤ ਬਾਰੇ ਗੱਲਾਂ ਕਰਦੇ ਰਹੇ। ਮੀਕੇ ਦੇ ਆਉਣ ਨਾਲ ਉਹਨਾਂ ਦੇ ਡਿਗਦੇ ਮਨ ਨੂੰ ਢਾਰਸ ਮਿਲ ਗਈ ਸੀ।

ਰਮੇਸ਼ ਨੂੰ ਉਹ ਜਾਣਦੇ ਤਾਂ ਸਨ ਪਰ ਐਨੇ ਸਾਲਾਂ ਬਾਅਦ ਪਛਾਣ ਨਹੀਂ ਸਕੇ ਸਨ। ਵੈਸੇ ਉਸ ਦਾ ਮੂੰਹ ਮੁਹਾਂਦਰਾ ਉਹਨਾਂ ਨੂੰ ਜਾਣਿਆ ਪਛਾਣਿਆ ਲਗਦਾ ਸੀ।

ਮੀਕਾ ਤੇ ਰਮੇਸ਼ ਆਈ ਸੀ ਯੂ ਦੀ ਰਿਸੈਪਸ਼ਨ 'ਤੇ ਡਾਕਟਰ ਹਰਦੀਪ ਦਾ ਪਤਾ ਕਰਨ ਗਏ ਤਾਂ ਉਹਨਾਂ ਨੂੰ ਪਤਾ ਲੱਗਾ ਡਾਕਟਰ ਹਰਦੀਪ ਦੋ ਹੋਰ ਡਾਕਟਰਾਂ ਨਾਲ ਦੀਪੀ ਦੇ ਰੂਮ ਵਿਚ ਹੀ ਸੀ। ਰਮੇਸ਼ ਨੂੰ ਆਪਣੇ ਡਾਕਟਰ ਯਾਰ 'ਤੇ ਮਾਣ ਹੋਇਆ ਜੋ ਖਾਸ ਤੌਰ 'ਤੇ ਇਸ ਔਖੀ ਘੜੀ ਆਇਆ ਸੀ ਅਤੇ ਬੱਚੀ ਦੀ ਜਾਨ ਬਚਾਉਣ ਦੇ ਉਪਰਾਲੇ ਵਜੋਂ ਹੋਰ ਡਾਕਟਰਾਂ ਨਾਲ ਵਿਚਾਰ ਕਰ ਰਿਹਾ ਸੀ। ਮੀਕੇ ਨੂੰ ਆਪਣੇ ਦੋਸਤ ਰਮੇਸ਼ 'ਤੇ ਮਾਣ ਹੋਇਆ ਜਿਸ ਨੇ ਇਸ ਔਖੀ ਘੜੀ ਉਸ ਦੀ ਬਾਂਹ ਫੜੀ ਸੀ।

ਮੀਕੇ ਨੇ ਵੇਟਿੰਗ ਰੂਮ ਵਿਚ ਨਜ਼ਰ ਮਾਰੀ। ਉਸ ਨੂੰ ਰਾਤ ਦੇ ਇਸ ਵੇਲੇ ਵੀ ਬਹੁਤ ਸਾਰੇ ਉਦਾਸ ਅਤੇ ਮਜ਼ਬੂਰੀ ਮਾਰੇ ਚਿਹਰੇ ਦਿਸੇ। ਮੀਕੇ ਨੇ ਸੋਚਿਆ ਸਾਰੇ ਉਸ ਵਾਂਗ ਹੀ ਆਪਣੇ ਕਿਸੇ ਪਿਆਰੇ ਦੀ ਕਿਸੇ ਨਾ ਕਿਸੇ ਖਤਰਨਾਕ ਬਿਮਾਰੀ ਦਾ ਦਰਦ ਹੰਢਾ ਰਹੇ ਸਨ। ਉਸ ਨੂੰ ਉਹ ਸਾਰੇ ਹੀ ਦਰਦ ਦੇ ਅਹਿਸਾਸ ਕਾਰਨ ਆਪਣੇ ਰਿਸ਼ਤੇਦਾਰ ਲੱਗੇ। ਪਤਾ ਨਹੀਂ ਕਿਸ ਨੂੰ ਕਦੋਂ ਖਬਰ ਮਿਲ ਜਾਵੇ ਕਿ ਉਸ ਦਾ ਪਿਆਰਾ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਹੈ।---ਤੇ ਕੀ ਪਤਾ ਕਿਹੜੇ ਪਲ ਡਾਕਟਰ ਉਸ ਨੂੰ ਹੀ ਦੀਪੀ ਬਾਰੇ ਕੋਈ ਮਾੜੀ ਅਤੇ ਅਣਹੋਣੀ ਖ਼ਬਰ ਸੁਣਾ ਜਾਣ! ਸੋਚ ਕੇ ਮੀਕੇ ਦਾ ਦਿਲ ਕੰਬ ਗਿਆ। ਉਸ ਨੇ ਫਿਰ ਇਕ ਵਾਰ ਸਭ 'ਤੇ ਨਜ਼ਰ ਮਾਰੀ ਅਤੇ ਤਰਸਵਾਨ ਨਜ਼ਰਾਂ ਨਾਲ ਵੇਖਿਆ।

ਕਾਫੀ ਲੰਬੇ ਸਮੇਂ ਬਾਅਦ ਡਾਕਟਰ ਹਰਦੀਪ ਆਇਆ ਅਤੇ ਰਮੇਸ਼ ਉਸ ਨੂੰ ਵੇਖ ਕੇ ਕੁਰਸੀ ਤੋਂ ਇੰਝ ਉੱਠਿਆ ਜਿਵੇਂ ਉਹ ਕਿਸੇ ਸਪਰਿੰਗ 'ਤੇ ਬੈਠਾ ਹੋਵੇ। ਉਸ ਦੇ ਨਾਲ ਹੀ ਮੀਕਾ ਅਤੇ ਉਸ ਨੂੰ ਵੇਖ ਕੇ ਬਜ਼ੁਰਗ ਜੋੜਾ ਵੀ ਉੱਠ ਪਿਆ। ਡਾਕਟਰ ਹਰਦੀਪ ਨੇ ਸਾਰਿਆਂ ਨਾਲ ਹੱਥ ਮਿਲਾਇਆ ਅਤੇ ਰਮੇਸ਼ ਨੇ ਕਾਹਲੀ ਨਾਲ ਉਸ ਦੀ ਸਾਰਿਆਂ ਨਾਲ ਜਾਣ ਪਹਿਚਾਣ ਕਰਾ ਦਿੱਤੀ। ਡਾਕਟਰ ਹਰਦੀਪ ਰਮੇਸ਼ ਅਤੇ ਮੀਕੇ ਨੂੰ ਨਾਲ ਲੈ ਕੇ ਦਫ਼ਤਰ ਵਿਚ ਚਲਾ ਗਿਆ।

"ਚਾਹ ਦਾ ਕੱਪ ਮੰਗਾਂਵਾਂ?" ਹਰਦੀਪ ਨੇ ਉਹਨਾਂ ਨੂੰ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਗੱਲ ਬਾਤ ਸ਼ੁਰੂ ਕਰਨ ਲਈ ਪੁੱਛਿਆ। ਵੈਸੇ ਉਸ ਨੂੰ ਪਤਾ ਸੀ ਚਾਹ ਨਾਲੋਂ ਇਸ ਵਕਤ ਉਹਨਾਂ ਨੂੰ ਦੀਪੀ ਦੀ ਸਿਹਤ ਬਾਰੇ ਜਾਣਨ ਦੀ ਜ਼ਿਆਦਾ ਉੱਤਸੁਕਤਾ ਸੀ।

"ਨਹੀਂ ਚਾਹ ਦੀ ਤਾਂ ਲੋੜ ਨੀ ਬੱਸ ਦੀਪੀ ਬਾਰੇ ਦੱਸੋ---ਸਹੀ ਸਹੀ।" ਮੀਕੇ ਨੇ ਰਮੇਸ਼ ਦੇ ਬੋਲਣ ਤੋਂ ਪਹਿਲਾਂ ਹੀ ਸਿੱਧਾ ਸਵਾਲ ਕਰ ਦਿੱਤਾ। ਡਾਕਟਰ ਹਰਦੀਪ ਨੇ ਥੋੜੀ ਬੇਚੈਨੀ ਨਾਲ ਕੁਰਸੀ ਵਿਚ ਪਾਸਾ ਮਾਰਿਆ ਅਤੇ ਟੇਬਲ 'ਤੇ ਪਏ ਪੇਪਰ ਵੇਟ ਨੂੰ ਹੌਲੀ ਹੌਲੀ ਆਪਣੇ ਅੰਗੂਠੇ ਅਤੇ ਦੋਂਹ ਉਂਗਲਾਂ ਵਿਚ ਫੜ ਕੇ ਘੁਮਾਉਣ ਲੱਗਾ। ਕੁਝ ਦੇਰ ਦੀ ਚੁੱਪ ਜਿਵੇਂ ਸਦੀਆਂ ਦਾ ਫਾਸਲਾ ਤਹਿ ਕਰ ਗਈ ਹੋਵੇ। ਸਾਰੇ ਆਪੋ ਆਪਣੀ ਥਾਂ 'ਤੇ ਵੱਖ ਵੱਖ ਕਾਰਨਾਂ ਕਰ ਕੇ ਆਪਣੇ ਆਪ ਨੂੰ ਕਿਸੇ ਅਣਹੋਣੀ ਗੱਲ ਸੁਣਨ ਜਾਂ ਕਹਿਣ ਲਈ ਤਿਆਰ ਹੋ ਰਹੇ ਸਨ। ਕੁਝ ਦੇਰ ਦੀ ਚੁੱਪ ਬਾਅਦ ਡਾਕਟਰ ਹਰਦੀਪ ਨੂੰ ਮਹਿਸੂਸ ਹੋਇਆ ਕਿ ਉਹ ਇਸ ਚੁੱਪ ਨੂੰ ਹੋਰ ਬਹੁਤੀ ਦੇਰ ਤੱਕ ਬਰਕਰਾਰ ਨਹੀਂ ਰੱਖ ਸਕਦਾ। ਉਸ ਨੂੰ ਕੌੜੀ ਅਤੇ ਦੁਖਦਾਈ ਸਚਾਈ ਨੂੰ ਬਿਆਨ ਕਰਨਾ ਹੀ ਪੈਣਾ ਸੀ।

ਡਾਕਟਰ ਹਰਦੀਪ ਦੀਆਂ ਉਂਗਲਾਂ ਨੇ ਪੇਪਰ ਵੇਟ ਨਾਲੋਂ ਰਿਸ਼ਤਾ ਤੋੜ ਲਿਆ। ਪੇਪਰ ਵੇਟ ਟੇਬਲ 'ਤੇ ਜਿਵੇਂ ਨਿਆਸਰਾ ਰਹਿ ਗਿਆ। ਉਸ ਨੇ ਅੱਖਾਂ ਦੀਆਂ ਪਲਕਾਂ ਨੂੰ ਕੋਸ਼ਿਸ਼ ਨਾਲ ਉੱਪਰ ਚੁੱਕਿਆ ਅਤੇ ਉਸ ਦੀਆਂ ਅੱਖਾਂ ਮੀਕੇ ਦੀਆਂ ਬੇਬਸ ਅਤੇ ਬੇਨਤੀ

ਕਰਦੀਆਂ ਅੱਖਾਂ ਨਾਲ ਮਿਲੀਆਂ। ਡਾਕਟਰ ਹਰਦੀਪ ਨੂੰ ਲੱਗਿਆ ਜਿਵੇਂ ਸਾਹਮਣੀਆਂ ਅੱਖਾਂ ਉਸ ਤੋਂ ਕੁੜੀ ਦੀ ਜ਼ਿੰਦਗੀ ਦੀ ਭੀਖ ਮੰਗ ਰਹੀਆਂ ਹੋਣ। ਡਾਕਟਰ ਹਰਦੀਪ ਨੇ ਮੀਕੇ ਵੱਲੋਂ ਨਜ਼ਰ ਹਟਾ ਕੇ ਰਮੇਸ਼ ਵੱਲ ਵੇਖਿਆ ਅਤੇ ਉਹੋ ਜਿਹੀ ਕੋਈ ਅਣਕਹੀ ਬੇਨਤੀ ਉਸ ਨੂੰ ਰਮੇਸ਼ ਦੀਆਂ ਅੱਖਾਂ ਵਿਚ ਤੈਰਦੀ ਦਿਖਾਈ ਦਿੱਤੀ। ਡਾਕਟਰ ਹਰਦੀਪ ਨੇ ਫਿਰ ਨੀਵੀਂ ਪਾ ਲਈ। ਡਾਕਟਰ ਹਰਦੀਪ ਨੂੰ ਮਹਿਸੂਸ ਹੋਇਆ ਕਿ ਔਖੇ ਵੇਲੇ ਦੋਸਤੀ ਨਿਭਾਉਣੀ ਕਿੰਨੀ ਔਖੀ ਹੁੰਦੀ ਹੈ!

"ਦੇਖੋ ਤੁਸੀਂ ਮੇਰੇ ਦੋਸਤ ਹੋਣ ਕਰਕੇ ਮੈਂ ਤੁਹਾਡੇ ਤੋਂ ਕੋਈ ਗੱਲ ਨਹੀਂ ਲੁਕਾਵਾਂਗਾ ਅਤੇ ਸਾਫ਼ ਸਾਫ਼ ਗੱਲ ਕਰਾਂਗਾ।" ਡਾਕਟਰ ਨੇ ਵਾਰੀ ਵਾਰੀ ਦੋਵਾਂ ਵੱਲ ਫਿਰ ਵੇਖਿਆ। ਉਹ ਪੱਥਰ ਦੇ ਬੁੱਤ ਵਾਂਗ ਉਸ ਨੂੰ ਵੇਖ ਰਹੇ ਸਨ। ਉਹਨਾਂ ਦੇ ਸਾਹਾਂ ਦੀ ਵੀ ਅਵਾਜ਼ ਨਹੀਂ ਆ ਰਹੀ ਸੀ।

"ਮੈਨੂੰ ਅਫ਼ਸੋਸ ਐ ਕੁੜੀ ਦੀ ਹਾਲਤ ਬਹੁਤ ਮਾੜੀ ਐ। ਅਸੀਂ ਪੂਰੀ ਤਰ੍ਹਾਂ ਨਾ-ਉਮੀਦ ਨਹੀਂ ਹੋਏ ਪਰ ਸਾਨੂੰ ਉਮੀਦ ਬਹੁਤ ਘੱਟ ਐ।" ਡਾਕਟਰ ਨੇ ਮਿਣਵੇਂ ਤੋਲਵੇਂ ਸ਼ਬਦ ਧੀਮੀ ਅਵਾਜ਼ ਵਿਚ ਉਹਨਾਂ ਅੱਗੇ ਟੁਟਦੀ ਉਮੀਦ ਵਾਂਗ ਖਿਲਾਰ ਦਿੱਤੇ। ਮੀਕੇ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਉਸ ਨੇ ਆਪਣੇ ਆਪ ਨੂੰ ਜ਼ਬਤ ਵਿਚ ਰੱਖਣ ਦੀ ਪੂਰੀ ਕੋਸਿਸ਼ ਕੀਤੀ। ਜ਼ਬਤ ਤਾਂ ਕਿਨਾਰੇ ਤੋੜਣ ਲਈ ਕਾਹਲਾ ਹੋਇਆ ਲਗਦਾ ਸੀ।

"ਅਸੀਂ ਉਸ ਦੇ ਟਰੀਟਮੈਂਟ ਵਿਚ ਕੁਝ ਕੁ ਤਬਦੀਲੀ ਕੀਤੀ ਐ। ਕੁਝ ਦਵਾਈਆਂ ਬਹੁਤ ਮਹਿੰਗੀਆਂ ਨੇ ਜੋ ਅਸੀਂ ਦੇਣ ਦਾ ਫੈਸਲਾ ਕੀਤਾ ਐ।"

"ਸਰ ਪੈਸਿਆਂ ਦਾ ਫ਼ਿਕਰ ਨਾ ਕਰੋ। ਜੇ ਲੋੜ ਪਈ ਤਾਂ ਮੈਂ ਆਪਣੇ ਆਪ ਨੂੰ ਵੀ ਵੇਚਣ ਲਈ ਤਿਆਰ ਆਂ। ਬੱਸ ਮੇਰੀ ਦੀਪੀ---।" ਭਾਵੁਕ ਹੋਏ ਮੀਕੇ ਤੋਂ ਰੋਕਿਆ ਰੋਣ ਥੰਮਿਆ ਨਹੀਂ ਗਿਆ ਅਤੇ ਉਸ ਦੀ ਭੁੱਬ ਨਿਕਲ ਗਈ। ਰਮੇਸ਼ ਨੇ ਉੱਠ ਕੇ ਉਸ ਦੇ ਸਿਰ ਨੂੰ ਆਪਣੀਆਂ ਬਾਂਹਾਂ ਵਿਚ ਘੁੱਟ ਲਿਆ।

"ਮੀਕੇ ਹੌਂਸਲਾ ਰੱਖ ਯਾਰ। ਤੂੰ ਈ ਦਿਲ ਛੱਡ ਗਿਆ ਤਾਂ ਅੰਕਲ ਅੰਟੀ ਦਾ ਕੀ ਬਣੂੰ।" ਹੁਬਕੀਂ ਰੋਂਦੇ ਮੀਕੇ ਨੇ ਆਪਣੇ ਆਪ 'ਤੇ ਫਿਰ ਜ਼ਬਤ ਕੀਤਾ ਅਤੇ ਡਾਕਟਰ ਵੱਲ ਧਿਆਨ ਦਿੱਤਾ।

"ਜੇ ਇਹਨਾਂ ਦਵਾਈਆਂ ਨਾਲ ਕੁੜੀ ਨੇ ਸਵੇਰ ਤੱਕ ਥੋੜਾ ਬਹੁਤ ਰਿਸਪੌਂਸ ਦਿੱਤਾ ਤਾਂ ਫਿਰ ਉਸ ਦੇ ਠੀਕ ਹੋਣ ਦੀ ਕਾਫੀ ਉਮੀਦ ਐ।" ਡਾਕਟਰ ਨੇ ਅਗਲੇ ਔਖੇ ਸ਼ਬਦ ਆਪਣੇ ਬੁੱਲ੍ਹਾਂ ਵਿਚ ਹੀ ਘੁੱਟ ਲਏ। ਉਸ ਦੇ ਦਿਮਾਗ ਵਿਚ ਆਇਆ ਕਿ ਸ਼ਾਇਦ ਉਹ ਸ਼ਬਦ ਉਸ ਨੂੰ ਕੱਲ੍ਹ ਸਵੇਰ ਤੱਕ ਕਿਸੇ ਵੇਲੇ ਵੀ ਕਹਿਣੇ ਪੈ ਸਕਦੇ ਹਨ।

"ਮੈਂ ਤੁਹਾਡੀ ਕੋਈ ਹੋਰ ਮਦਦ ਕਰ ਸਕਦਾਂ ਤਾਂ ਦੱਸੋ।"

"ਜੇ ਇਕ ਪਰਾਈਵੇਟ ਰੂਮ ਸਾਨੂੰ ਮਿਲ ਜਾਵੇ ਤਾਂ ਥੋੜੀ ਸੌਖ ਹੋ ਜਾਵੇ। ਅੰਕਲ ਅੰਟੀ ਕਈ ਦਿਨਾਂ ਤੋਂ ਹਸਪਤਾਲਾਂ ਦੇ ਧੱਕੇ ਖਾ ਰਹੇ ਐ ਅਤੇ ਮੀਕਾ ਵੀ ਦੋ ਦਿਨਾਂ ਦਾ ਸਫ਼ਰ 'ਚ ਈ ਰਿਹਾ ਐ।" ਰਮੇਸ਼ ਨੇ ਦੂਰ ਦੀ ਸੋਚ ਲਈ ਸੀ। ਡਾਕਟਰ ਨੇ ਫੋਨ ਚੁੱਕਿਆ ਅਤੇ ਸਬੰਧਤ ਨੰਬਰ 'ਤੇ ਫੋਨ ਕਰ ਦਿੱਤਾ। ਕੁਝ ਦੇਰ ਬਾਅਦ ਨਰਸ ਨੇ ਉਹਨਾਂ ਨੂੰ ਪਰਾਈਵੇਟ ਕਮਰੇ ਦੀ ਚਾਬੀ ਫੜਾ ਦਿੱਤੀ ਜੋ ਕੁਦਰਤੀ ਸ਼ਾਮ ਨੂੰ ਹੀ ਖਾਲੀ ਹੋਇਆ ਸੀ। ਰਮੇਸ਼ ਨਰਸ ਨਾਲ ਕਮਰੇ ਦੇ ਪੈਸੇ ਭਰਨ ਚਲਾ ਗਿਆ। ਡਾਕਟਰ ਨੇ ਮੀਕੇ ਨਾਲ ਆਪ ਜਾ ਕੇ

ਉਹਨਾਂ ਨੂੰ ਕਮਰਾ ਦਿਖਾ ਦਿੱਤਾ ਅਤੇ ਬਜ਼ੁਰਗਾਂ ਨੂੰ ਸੰਬੋਧਤ ਹੋਇਆ-

"ਤੁਸੀਂ ਅਰਾਮ ਕਰੋ। ਫ਼ਿਕਰ ਨੀ ਕਰਨਾ। ਸਭ ਠੀਕ ਹੋ ਜਾਵੇਗਾ।"ਇਸ ਵੇਲੇ ਇਕ ਦੋਸਤ ਦੀ ਥਾਂ ਡਾਕਟਰ ਬੋਲ ਰਿਹਾ ਸੀ। ਉਸ ਦੇ ਡਾਕਟਰੀ ਲਹਿਜੇ ਵਿਚ ਬੋਲੇ ਸ਼ਬਦਾਂ ਨੇ ਬਜ਼ੁਰਗਾਂ ਨੂੰ ਤਸੱਲੀ ਦਿੱਤੀ ਅਤੇ ਉਹ ਉਸ ਨੂੰ ਅਸੀਸਾਂ ਦਿੰਦੇ ਬੈਡ 'ਤੇ ਪੈ ਗਏ। ਉਹਨਾਂ ਨੂੰ ਸੱਚੀਂ ਯਕੀਨ ਹੋ ਗਿਆ ਸੀ ਕਿ ਹੁਣ ਦੀਪੀ ਜ਼ਰੂਰ ਠੀਕ ਹੋ ਜਾਵੇਗੀ। ਗੱਲਾਂ ਕਰਦਿਆਂ ਨੂੰ ਰਮੇਸ਼ ਆ ਗਿਆ।

"ਡਾਕਟਰ ਸਾਹਿਬ ਜੇ ਇਕ ਵੇਰ ਭਾਂਵੇਂ ਦੂਰੋਂ ਹੀ ਸਹੀ ਮੈਂ ਦੀਪੀ ਨੂੰ ਵੇਖ ਸਕਾਂ ਤਾਂ---।" ਮੀਕੇ ਦੇ ਹੱਥ ਜੋੜੇ ਹੋਏ ਸਨ ਜਿਸ ਦਾ ਉਸ ਨੂੰ ਖੁਦ ਨੂੰ ਸ਼ਾਇਦ ਅਹਿਸਾਸ ਹੀ ਨਹੀਂ ਸੀ। ਉਸ ਦੀ ਅਵਾਜ਼ ਵਿਚ ਦਿਲੀ ਵੇਦਨਾ ਅਤੇ ਅੱਖਾਂ ਵਿਚ ਟੁਟਦੇ ਸੁਪਨਿਆਂ ਦੀ ਬੇਬਸੀ ਡਾਕਟਰ ਨੂੰ ਇਕ ਵਾਰ ਫਿਰ ਹਲੂਣ ਗਈ।

"ਆਉ ਮੇਰੇ ਨਾਲ--।" ਡਾਕਟਰ ਉਸ ਨੂੰ ਨਾਲ ਲੈ ਕੇ ਆਈ ਸੀ ਯੂ ਦੇ ਵਾਰਡ ਵਿਚ ਲੈ ਗਿਆ। ਵਾਰਡ ਦੇ ਬਾਹਰ ਹੀ ਮੀਕੇ ਨੇ ਨਰਸ ਦੇ ਕਹਿਣ 'ਤੇ ਆਪਣੀ ਜੁੱਤੀ ਲਾਹੀ ਅਤੇ ਮੋਮ ਜਾਮੇ ਦਾ ਗਾਊਨ ਪਾ ਕੇ ਉਹ ਡਾਕਟਰ ਨਾਲ ਅੰਦਰ ਚਲਾ ਗਿਆ। ਦੀਪੀ ਦੇ ਮੂੰਹ 'ਤੇ ਆਕਸੀਜਨ ਦਾ ਮਾਸਕ ਲੱਗਾ ਹੋਇਆ ਸੀ। ਹੱਡੀਆਂ ਦੀ ਮੁੱਠ ਦੀਪੀ ਬੈਡ 'ਤੇ ਪਈ ਮਸਾਂ ਹੀ ਦਿਸਦੀ ਸੀ। ਮੀਕਾ ਦੀਪੀ ਦੇ ਬੈਡ ਕੋਲ ਸਿਰਹਾਣੇ ਵਾਲੇ ਪਾਸੇ ਬੈਠ ਗਿਆ। ਉਸ ਨੇ ਦੀਪੀ ਦੇ ਸਿਰ 'ਤੇ ਹੱਥ ਫੇਰਿਆ ਅਤੇ ਰੋਂਦੇ ਦਿਲ ਅਤੇ ਗੱਚ ਭਰੀ ਅਵਾਜ਼ ਵਿਚ ਐਨਾ ਹੀ ਕਹਿ ਸਕਿਆ-

"ਦੀਪੀ ਮੈਨੂੰ ਮੁਆਫ਼ ਕਰੀਂ ਮੇਰੀ ਬੱਚੀ ਭਾਂਵੇਂ ਮੈਂ ਮੁਆਫ਼ੀ ਦੇ ਕਾਬਲ ਨਹੀਂ।" ਉਹਦਾ ਮਨ ਸਭ ਹੱਦਾਂ ਬੰਨੇ ਤੋੜ ਕੇ ਅੱਖਾਂ ਰਾਂਹੀਂ ਬਾਹਰ ਆ ਗਿਆ। ਉਹ ਹੁਬਕੀਂ ਰੋਣ ਲੱਗਾ ਅਤੇ ਡਾਕਟਰ ਨੇ ਮਸਾਂ ਉਸ ਨੂੰ ਨਰਸ ਦੀ ਮਦਦ ਨਾਲ ਫੜ ਕੇ ਬਾਹਰ ਲਿਆਂਦਾ। ਕੁਝ ਪਲ ਡਾਕਟਰ ਨੇ ਮੀਕੇ ਦਾ ਹੱਥ ਫੜੀ ਰੱਖਿਆ। ਹੌਲੀ ਹੌਲੀ ਮੀਕੇ ਨੇ ਆਪਣੇ ਆਪ ਨੂੰ ਕੰਟਰੋਲ ਕੀਤਾ ਅਤੇ ਟੁੱਟੇ ਜਿਹੇ ਮਨ ਨਾਲ ਉੱਠ ਕੇ ਡਾਕਟਰ ਨੂੰ ਕਿਹਾ-

"ਮੈਂ ਠੀਕ ਆਂ। ਥੈਂਕ ਯੂ।" ਉਹ ਅੱਖਾਂ ਪੂੰਝਦਾ ਡਾਕਟਰ ਦੇ ਪਿੱਛੇ ਪਿੱਛੇ ਕਮਰੇ ਵਿਚੋਂ ਬਾਹਰ ਆ ਗਿਆ।

ਡਾਕਟਰ ਨੇ ਰਮੇਸ਼ ਨੂੰ ਇਸ਼ਾਰੇ ਨਾਲ ਬਾਹਰ ਸੱਦ ਲਿਆ ਅਤੇ ਬਾਕੀਆਂ ਨੂੰ ਸਵੇਰੇ ਮਿਲਣ ਦਾ ਵਾਇਦਾ ਕਰ ਕੇ ਬਾਹਰ ਚਲਾ ਗਿਆ। ਡਾਕਟਰ ਪੌੜੀਆਂ ਕੋਲ ਇਕ ਪਾਸੇ ਹੋ ਕੇ ਰੁਕ ਗਿਆ।

"ਰਮੇਸ਼ ਸੱਚੀ ਗੱਲ ਐ ਸਾਨੂੰ ਕਿਸੇ ਨੂੰ ਵੀ ਕੁੜੀ ਦੇ ਬਚਣ ਦੀ ਕੋਈ ਬਹੁਤੀ ਉਮੀਦ ਨੀ। ਕੋਸ਼ਿਸ਼ ਕਰਨਾ ਸਾਡਾ ਫਰਜ਼ ਐ। ਮੈਂ ਕਹਿ ਆਇਆਂ ਜੇ ਰਾਤ ਨੂੰ ਕੋਈ ਮਾੜੀ ਗੱਲ ਵਾਪਰ ਗਈ ਤਾਂ ਉਹ ਤੁਹਾਨੂੰ ਦੱਸਣ ਦੀ ਥਾਂ ਮੈਨੂੰ ਫੋਨ ਕਰਨ। ਮੈਂ ਉਸੇ ਵੇਲੇ ਆ ਜਾਵਾਂਗਾ। ਆਪਾਂ ਰਲ ਮਿਲ ਕੇ ਇਹਨਾਂ ਨੂੰ ਸਾਂਭਣ ਦੀ ਕੋਸ਼ਿਸ਼ ਕਰਾਂਗੇ। ਮੈਨੂੰ ਸ਼ਾਇਦ ਈ ਸਾਰੀ ਰਾਤ ਨੀਂਦ ਆਵੇ। ਤੂੰ ਖਿਆਲ ਰੱਖੀਂ ਤੇ ਕੋਸ਼ਿਸ਼ ਕਰੀਂ ਮੀਕਾ ਜ਼ਰੂਰ ਕੁਝ ਦੇਰ ਸੌਂ ਲਵੇ।" ਡਾਕਟਰ ਨੇ ਰਮੇਸ਼ ਦਾ ਮੋਢਾ ਘੁੱਟਿਆ ਅਤੇ ਤੇਜ਼ੀ ਨਾਲ ਪੌੜੀਆਂ ਉੱਤਰ ਗਿਆ। ਰਮੇਸ਼ ਨੂੰ ਅੱਜ ਦੀ ਰਾਤ ਹੋਰ ਵੀ ਭਾਰੀ ਲੱਗਣ ਲੱਗੀ। ਉਸ ਨੂੰ ਡਰ ਸੀ ਦੀਪੀ ਦੀ ਇਹ ਰਾਤ ਆਖ਼ਰੀ ਰਾਤ ਹੋਵੇਗੀ। ਉਹ ਆਪਣੇ ਪੈਰ ਘਸੀਟਦਾ ਕਮਰੇ ਵੱਲ ਨੂੰ ਤੁਰਨ ਲੱਗਾ।

ਮੀਕੇ ਦੇ ਮਾਤਾ ਪਿਤਾ ਵੱਖੋ ਵੱਖ ਮੰਜਿਆਂ 'ਤੇ ਸੁੱਤੇ ਪਏ ਸਨ। ਰਮੇਸ਼ ਨੇ ਉਹਨਾਂ ਵੱਲ ਵੇਖਦਿਆਂ ਸੋਚਿਆ 'ਪਤਾ ਨੀ ਵਿਚਾਰੇ ਕਿਨ੍ਹੇ ਦਿਨਾਂ ਬਾਅਦ ਚੈਨ ਨਾਲ ਸੁੱਤੇ ਹੋਣਗੇ ਤੇ ਪਤਾ ਨੀ ਇਹ ਰਾਤ ਉਹਨਾਂ ਦੇ ਚੈਨ ਦੀ ਆਖ਼ਰੀ ਰਾਤ ਹੋਵੇ।' ਰਮੇਸ਼ ਦਾ ਮਨ ਭਰ

ਆਇਆ। ਉਸ ਨੇ ਆਪਣਾ ਦਰਦ ਜ਼ਾਹਰ ਹੋਣ ਤੋਂ ਬਚਾਉਣ ਲਈ ਬਾਥ ਰੂਮ ਜਾਣਾ ਠੀਕ ਸਮਝਿਆ।

"ਮੀਕੇ ਤੂੰ ਸੌਂ ਜਾਹ। ਮੈਂ ਜਾਗਦਾ ਰਹੂੰਗਾ। ਤੇਰੇ ਲਈ ਥੋੜਾ ਅਰਾਮ ਕਰਨਾ ਜ਼ਰੂਰੀ ਐ।" ਕੁਰਸੀ ਦੀ ਢੋਅ 'ਤੇ ਸਿਰ ਸੁੱਟੀ ਬੈਠੇ ਮੀਕੇ ਨੂੰ ਉਸ ਨੇ ਕਿਹਾ।

"ਨਹੀਂ ਯਾਰ ਪਤਾ ਨੀ ਕਦੋਂ ਕੀ ਵਾਪਰ ਜੇ। ਆਹ ਨਾ ਹੋਵੇ ਮੈਂ ਸੁੱਤਾ ਈ ਰਹਿ ਜਾਂ।" ਮੀਕੇ ਨੇ ਧੀਮੀ ਅਵਾਜ਼ ਵਿਚ ਰਮੇਸ਼ ਵੱਲ ਆਜ਼ਜੀ ਜਿਹੀ ਨਜ਼ਰ ਨਾਲ ਵੇਖਦਿਆਂ ਕਿਹਾ।

"ਰੱਬ 'ਤੇ ਭਰੋਸਾ ਰੱਖ। ਕੁਸ਼ ਨੀ ਹੁੰਦਾ। ਨਾਲੇ ਆਪਾਂ ਹੁਣ ਵੀ ਤਾਂ ਦੂਰ ਈ ਬੈਠੇ ਆਂ।" ਰਮੇਸ਼ ਨੇ ਉਸ ਦਾ ਹੱਥ ਫੜਿਆ ਅਤੇ ਉਸ ਨੂੰ ਉਸ ਦੇ ਪਿਤਾ ਜੀ ਦੇ ਨਾਲ ਹੀ ਮੰਜੇ 'ਤੇ ਪਾ ਦਿੱਤਾ। ਥੱਕੇ ਮੀਕੇ ਨੂੰ ਪਲਾਂ ਵਿਚ ਹੀ ਨੀਂਦ ਨੇ ਆ ਘੇਰਿਆ।

## ਇੱਕੀਵਾਂ

ਤਾਰੇ ਨੇ ਥਾਣੇਦਾਰ ਹਰਨੇਕ ਸਿੰਘ ਦੀ ਬਦਲੀ ਕਰਾਉਣ ਲਈ ਬਥੇਰੀ ਭੱਜ ਨੱਠ ਕੀਤੀ। ਹਰਨੇਕ ਸਿੰਘ ਨੇ ਜਿਥੇ ਵੀ ਨੌਕਰੀ ਕੀਤੀ ਸੀ ਡਾਂਗ ਦੇ ਜ਼ੋਰ 'ਤੇ ਹੀ ਕੀਤੀ। ਆਪਣੀ ਜਵਾਨੀ ਵੇਲੇ ਉਹ ਕਾਮਰੇਡਾਂ ਦੇ ਪ੍ਰਭਾਵ ਹੇਠ ਆ ਗਿਆ ਅਤੇ ਉਸ ਨੇ ਆਦਰਸ਼ਕ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕੀਤੀ ਸੀ। ਪੁਲਸ ਦੀ ਜ਼ਿੰਦਗੀ ਕਿਵੇਂ ਵੀ ਆਦਰਸ਼ਕ ਨਹੀਂ ਰਹਿ ਸਕਦੀ। ਉਸ ਨੂੰ ਆਪਣੇ ਅਫ਼ਸਰਾਂ ਦੀ ਜੀ-ਹਜ਼ੂਰੀ ਨਾ-ਚਾਹੁੰਦਿਆਂ ਵੀ ਕਰਨੀ ਪੈਂਦੀ। ਕਿਸੇ ਮਨਿਸਟਰ ਨੇ ਆਉਣਾ ਹੁੰਦਾ ਤਾਂ ਇਲਾਕੇ ਵਿਚ ਉਪਰਲੀ ਥੱਲੇ ਹੋ ਜਾਂਦੀ ਅਤੇ ਪੁਲੀਸ ਨੂੰ ਵੱਖ ਵੰਝ 'ਤੇ ਚੜ੍ਹਨਾ ਪੈਂਦਾ। ਕੈਸ਼ ਖਰਚਾ ਕਰਨ ਲਈ ਤਸੀਲਦਾਰ, ਪਟਵਾਰੀ, ਡੀ ਸੀ, ਐਸ ਪੀ ਅਤੇ ਉਹਨਾਂ ਦੇ ਹੇਠ ਕੰਮ ਕਰਦੇ ਅਫ਼ਸਰਾਂ ਨੂੰ ਆਪਣੇ ਉਪਰਲੇ ਅਫ਼ਸਰਾਂ ਲਈ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕੱਢਣ ਲਈ ਮਜ਼ਬੂਰ ਹੋਣਾ ਪੈਂਦਾ। ਹਰਨੇਕ ਸਿੰਘ ਨੇ ਜਲਦੀ ਹੀ ਸਿਸਟਮ ਨੂੰ ਬਦਲਣ ਦਾ ਉਪਰਾਲਾ ਛੱਡ ਦਿੱਤਾ ਕਿਉਂਕਿ ਨਹੀਂ ਤਾਂ ਉਸ ਨੂੰ ਨੌਕਰੀ ਛੱਡਣੀ ਪੈਣੀ ਸੀ। ਉਸ ਨੇ ਗਰੀਬ ਅਤੇ ਬੇਗੁਨਾਹ ਨੂੰ ਇਨਸਾਫ ਦੇਣ ਅਤੇ ਉਹਨਾਂ ਨੂੰ ਨਜਾਇਜ਼ ਤੰਗ ਨਾ ਕਰਨ ਦਾ ਪਰਣ ਜ਼ਰੂਰ ਆਪਣੇ ਆਪ ਨਾਲ ਕੀਤਾ ਅਤੇ ਉਸ ਨੂੰ ਨਿਭਾਇਆ ਵੀ। ਬਲੈਕ ਕਰਨ ਵਾਲੇ ਅਤੇ ਬਦਮਾਸ਼ ਅਨਸਰ ਨਾਲ ਉਹ ਹਮੇਸ਼ਾਂ ਸਖ਼ਤੀ ਨਾਲ ਪੇਸ਼ ਆਉਂਦਾ। ਕਦੇ ਕਦੇ ਤਾਂ ਨੰਗ ਪੈਰੇ ਸ਼ਰਾਬੀਆਂ ਨੂੰ ਠੇਕੇ ਤੋਂ ਬੋਤਲ ਲੈਂਦੇ ਦੇਖਦਾ ਤਾਂ ਉਹਨਾਂ ਨੂੰ ਬੋਤਲ ਵਾਪਿਸ ਕਰ ਕੇ ਜੁੱਤੀ ਲੈਣ ਲਈ ਮਜ਼ਬੂਰ ਕਰਦਾ। ਕਈ ਲੋਕ ਉਸ ਨੂੰ ਚੰਗਾ ਸਮਝਦੇ। ਉਹ ਤਾਰੇ ਵਰਗੇ ਸਮਾਜਿਕ ਦੁਸ਼ਮਨਾਂ ਲਈ ਸਿਰ ਦਰਦੀ ਹੀ ਬਣਦਾ।

ਐਮ.ਐਲ. ਏ ਨੇ ਵੀ ਤਾਰੇ ਦੇ ਕਹਿਣ 'ਤੇ ਵਾਹਵਾ ਭੱਜ ਨੱਠ ਕੀਤੀ। ਹਰਨੇਕ ਸਿੰਘ ਨੂੰ ਪਤਾ ਲੱਗ ਗਿਆ ਅਤੇ ਉਸ ਨੇ ਐਸ ਪੀ ਸਾਹਿਬ ਨਾਲ ਗੱਲ ਕਰਕੇ ਆਪਣੀ ਬਦਲੀ ਨਾ ਹੋਣ ਦਿੱਤੀ। ਐਸ ਪੀ ਸਾਹਿਬ ਦੀ ਨਜ਼ਰ ਵਿਚ ਹਰਨੇਕ ਸਿੰਘ ਇਕ ਵਧੀਆਂ ਅਤੇ ਇਮਾਨਦਾਰ ਥਾਣੇਦਾਰ ਸੀ ਅਤੇ ਉਹਨਾਂ ਨੂੰ ਅਜਿਹਾ ਸਟਾਫ ਪਸੰਦ ਸੀ। ਉਹਨਾਂ ਨੇ ਹਰਨੇਕ ਸਿੰਘ ਨੂੰ ਬੇਫ਼ਿਕਰ ਹੋ ਜਾਣ ਦਾ ਇਸ਼ਾਰਾ ਕਰ ਦਿੱਤਾ। ਹਰਨੇਕ ਨੇ ਤਾਰੇ ਨੂੰ ਫਿਰ ਸੁਨੇਹਾ ਭੇਜ ਦਿੱਤਾ। ਤਾਰਾ ਭਿੱਜੀ ਬਿਲੀ ਵਾਂਗ ਆ ਹਾਜ਼ਰ ਹੋਇਆ।

"ਤਾਰਾ ਸਿਆਂ ਬਦਲੀ ਤਾਂ ਨੀ ਮੇਰੀ ਹੋਣੀ। ਤੂੰ ਭੱਜ ਲਾ ਜਿਥੋਂ ਤੱਕ ਭੱਜ ਹੁੰਦਾ। ਬਲੈਕ ਤੈਨੂੰ ਮੈਂ ਕਰਨ ਨੀ ਦੇਣੀ। ਨਜਾਇਜ਼ ਤੇਰੇ ਨਾਲ ਕਰਦਾ ਨੀ। ਜੇ ਤੂੰ ਫਸ ਗਿਆ ਤਾਂ ਮੈਂ ਛੱਡਣਾ ਨੀ।" ਹਰਨੇਕ ਸਿੰਘ ਨੇ ਬੈਂਤ ਦਾ ਡੰਡਾ ਟੇਬਲ 'ਤੇ ਹਲਕਾ ਜਿਹਾ ਮਾਰਿਆ ਤਾਂ ਤਾਰੇ ਦਾ ਉੱਪਰਲਾ ਸਾਹ ਉੱਪਰ 'ਤੇ ਹੇਠਲਾ ਹੇਠਾਂ ਹੀ ਰਹਿ ਗਿਆ। ਥਾਣੇਦਾਰ ਦਾ ਉੱਠ ਜਾਣ ਦਾ ਇਸ਼ਾਰਾ ਵੇਖ ਕੇ ਵੀ ਉਸ ਨੂੰ

ਉੱਠਣਾ ਔਖਾ ਲੱਗਾ। ਪੈਰ ਘਸੀਟਦਾ ਉਹ ਥਾਣੇ ‘ਚੋਂ ਬਾਹਰ ਆ ਗਿਆ।

ਤਾਰੇ ਨੇ ਜ਼ਿਦਗੀ ਵਿਚ ਬਲੈਕ ਤੋਂ ਬਿਨਾਂ ਹੋਰ ਕੋਈ ਕਮਾਈ ਦਾ ਸਾਧਨ ਬਣਾਇਆ ਹੀ ਨਹੀਂ ਸੀ ਅਤੇ ਨਾ ਹੀ ਉਸ ਨੂੰ ਹੋਰ ਕੁਝ ਆਉਂਦਾ ਸੀ। ਛੋਟੇ ਹੁੰਦੇ ਤੋਂ ਉਹ ਸ਼ਰਾਬ ਕੱਢ ਕੇ ਵੇਚਣ ਅਤੇ ਸ਼ਰਾਬ ਵਿਚ ਸਪਿਰਟ ਮਿਲਾਉਣ ਦਾ ਕੰਮ ਕਰਦਾ ਰਿਹਾ ਸੀ। ਇਸ ਬਲੈਕ ਦੇ ਕੰਮ ਕਰਦਿਆਂ ਉਸ ਦੇ ਨਾਲ ਕੰਮ ਕਰਦਾ ਇਕ ਗਰੀਬ ਵਰਗ ਦਾ ਮੁੰਡਾ ਸਪਿਰਟ ਨੂੰ ਅੱਗ ਲੱਗ ਜਾਣ ਕਰਕੇ ਅੱਗ ਦੀ ਲਪੇਟ ਵਿਚ ਆ ਗਿਆ ਅਤੇ ਉਸ ਦੀ ਮੌਤ ਹੋ ਗਈ ਸੀ। ਤਾਰੇ ਨੇ ਮੀਕੇ ਦੇ ਪਿਤਾ ਦੇ ਆ ਕੇ ਪੈਰ ਫੜ ਲਏ ਸਨ। ਉਹਨਾਂ ਨੇ ਮੁੰਡੇ ਦੇ ਪਰਿਵਾਰ ਦੀ ਆਰਥਕ ਮਦਦ ਕਰਨ ਲਈ ਦੋਹਾਂ ਧਿਰਾਂ ਨੂੰ ਸਹਿਮਤ ਕਰ ਲਿਆ। ਮੁੰਡੇ ਦੇ ਘਰਦਿਆਂ ਨੇ ਪੁਲੀਸ ਕੇਸ ਨਹੀਂ ਕੀਤਾ ਸੀ। ਤਾਰੇ ਨੇ ਕੁਝ ਪੈਸੇ ਦੇ ਦਿੱਤੇ ਅਤੇ ਬਾਅਦ ਵਿਚ ਉਹ ਹੋਰ ਪੈਸੇ ਦੇਣ ਤੋਂ ਟਾਲ ਮਟੋਲ ਕਰ ਗਿਆ। ਸਾਰੇ ਪਿੰਡ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਸੀ। ਵੈਸੇ ਲੋਕਾਂ ਦੀ ਯਾਦਦਾਸ਼ਤ ਬਹੁਤ ਛੋਟੀ ਹੁੰਦੀ ਹੈ। ਉਸੇ ਤਾਰੇ ਨੂੰ ਲੋਕਾਂ ਨੇ ਉਸ ਦੇ ਸਭ ਔਗੁਣਾਂ ਦੇ ਬਾਵਜੂਦ ਵੋਟਾਂ ਪਾ ਕੇ ਸਰਪੰਚ ਚੁਣ ਲਿਆ ਸੀ।

ਤਾਰੇ ਕੋਲ ਥੋੜੀ ਜਿਹੀ ਜ਼ਮੀਨ ਸੀ ਜਿਸ ‘ਤੇ ਉਹ ਆਪ ਖੇਤੀ ਕਰਦਾ ਸੀ। ਖੇਤੀ ਵਿਚੋਂ ਕੋਈ ਬਹੁਤੀ ਆਮਦਨ ਨਹੀਂ ਹੁੰਦੀ ਸੀ। ਤਾਰੇ ਦਾ ਮੁੱਖ ਕਿੱਤਾ ਕਦੇ ਵੀ ਨਾ ਖੇਤੀ ਸੀ ਅਤੇ ਨਾ ਹੀ ਉਸ ਨੇ ਇਸ ਕਿੱਤੇ ਨੂੰ ਦਿਲੋਂ ਅਪਣਾਇਆ ਹੀ। ਖੇਤੀ ਦਾ ਕਿੱਤਾ ਤਾਂ ਕੁਦਰਤ ਨਾਲ ਇੱਕ ਮਿੱਕ ਹੋਣ ਵਾਲੇ ਲੋਕਾਂ ਲਈ ਸੰਤੁਸ਼ਟਤਾ ਦਾ ਸਾਧਨ ਬਣ ਸਕਦਾ ਹੈ। ਤਾਰੇ ਵਰਗੇ ਖੁਦਗਰਜ਼ ਅਤੇ ਗੈਰ ਇਨਸਾਨੀ ਸੋਚ ਵਾਲੇ ਲੋਕਾਂ ਲਈ ਤਾਂ ਇਹ ਬੱਸ ਮਖੌਟੇ ਵਜੋਂ ਹੀ ਵਰਤਿਆ ਜਾਂਦਾ ਹੈ। ਤਾਰੇ ਨੇ ਮਖੌਟਾ ਖੇਤੀ ਦਾ ਪਾਇਆ ਸੀ ਅਤੇ ਕੰਮ ਸ਼ਰਾਬ ਅਤੇ ਅਫੀਮ ਦਾ ਕਰਦਾ ਰਿਹਾ ਸੀ। ਹੁਣ ਉਸ ਨੂੰ ਮਹਿਸੂਸ ਹੁੰਦਾ ਜਿਵੇਂ ਉਹ ਨਿਕੰਮਾ ਹੋ ਗਿਆ ਹੋਵੇ।

ਸੋਚ ਸੋਚ ਕੇ ਉਸ ਨੇ ਇੱਕ ਟਰੱਕ ਖਰੀਦ ਲਿਆ। ਉਸ ਨੇ ਪਿੰਡੋਂ ਦੂਰ ਰਹਿਣ ਦਾ ਮਨ ਬਣਾ ਕੇ ਟਰੱਕ ਨੂੰ ਜਗਰਾਵਾਂ ਦੀ ਟਰੱਕ ਯੂਨੀਅਨ ਵਿਚ ਪਾ ਦਿੱਤਾ। ਤਾਰੇ ਨੂੰ ਇਸ ਨਾਲ ਦੂਹਰਾ ਤੀਹਰਾ ਫ਼ਾਇਦਾ ਹੋਣ ਦੀ ਆਸ ਸੀ। ਆਮਦਨ ਤਾਂ ਜਿਹੜੀ ਹੋਣੀ ਸੀ ਉਹ ਵੱਖਰੀ ਗੱਲ ਸੀ। ਉਸ ਨੇ ਟਰੱਕ ਦਾ ਭਾੜਾ ਲਾਹੁਣ ਦੇ ਨਾਲ ਨਾਲ ਬਲੈਕ ਦਾ ਸਮਾਨ ਵੀ ਟਰੱਕ ਵਿਚ ਢੋਣ ਦਾ ਸੋਚ ਲਿਆ। ਚਾਰ ਬੰਦਿਆਂ ਨਾਲ ਮੇਲ ਮਿਲਾਪ ਵਧਾਉਣ ਦਾ ਵੀ ਇਹ ਇਕ ਸਾਧਨ ਸੀ। ਥਾਣੇਦਾਰ ਹਰਨੇਕ ਸਿੰਘ ਦੇ ਡਰ ਨੇ ਉਸ ਨੂੰ ਕੰਮ ਕਰਨ ਦੀ ਨਵੀਂ ਸੇਧ ਦਿੱਤੀ। ਤਾਰਾ ਹੁਣ ਪਹਿਲਾਂ ਨਾਲੋਂ ਕਿਤੇ ਖੁਸ਼ ਸੀ। ਇਕ ਦਿਨ ਥਾਣੇ ਦੇ ਅੱਗਿਉਂ ਲੰਘਦਾ ਤਾਰਾ ਹਰਨੇਕ ਸਿੰਘ ਨੂੰ ਮਿਲਣ ਚਲਾ ਗਿਆ।

“ਲਉ ਜਨਾਬ ਮੂੰਹ ਮਿੱਠਾ ਕਰੋ। ਤੁਸੀਂ ਤਾਂ ਮੇਰੀ ਜੂਨ ਸਧਾਰ ‘ਤੀ।” ਤਾਰੇ ਨੇ ਮਠਿਆਈ ਦਾ ਡੱਬਾ ਥਾਣੇਦਾਰ ਦੇ ਅੱਗੇ ਰੱਖ ਦਿੱਤਾ ਅਤੇ ਪੂਰੇ ਸਵੈ ਵਿਸ਼ਵਾਸ਼ ਨਾਲ ਸਾਹਮਣੀ ਕੁਰਸੀ ‘ਤੇ ਬੈਠ ਗਿਆ।

“ਇਹ ਕੀ ਆ?" ਹਰਨੇਕ ਸਿੰਘ ਨੂੰ ਅਸਲੀ ਗੱਲ ਦਾ ਪਤਾ ਨਹੀਂ ਲੱਗਿਆ ਸੀ ਅਤੇ ਉਸ ਨੇ ਰੁੱਖਾ ਜਿਹਾ ਉਸ ਵੱਲ ਵੇਖਿਆ।

“ਜਨਾਬ ਮੇਰਾ ਬਲੈਕ ਦੇ ਕੁੱਤੇ ਕੰਮ ਤੋਂ ਤੁਸੀਂ ਖਹਿੜਾ ਛੁੜਾ ‘ਤਾ। ਹੁਣ ਮੈਂ ਟਰੱਕ ਖਰੀਦ ਲਿਆ ਜਨਾਬ।”

“ਕੁੱਤੇ ਦੀ ਪੂਛ ਕਦੇ ਸਿੱਧੀ ਨੀ ਹੁੰਦੀ। ਤੂੰ ਮੈਨੂੰ ਚਾਰਦਾਂ! ਡੱਬਾ ਚੱਕ ਕੇ ਤੁਰਦਾ ਬਣ ਅਜੇ ਤੂੰ ਦੁੱਧ ਧੋਤਾ ਨੀ ਹੋਇਆ।” ਹਰਨੇਕ ਸਿੰਘ ਦੇ ਤੇਵਰ ਵੇਖ ਕੇ ਤਾਰੇ ਨੂੰ ਕੋਈ ਚੱਜ ਦਾ ਜਵਾਬ ਨਾ ਅਹੁੜਿਆ।

“ਹੋ ਸਕਦਾ ਹੁਣ ਵੀ ਤੇਰੇ ਟਰੱਕ ‘ਚ ਕੋਈ ਨਜ਼ਾਇਜ਼ ਚੀਜ਼ ਹੋਵੇ!” ਹਰਨੇਕ ਸਿੰਘ ਨੇ ਤਾਰੇ ਨੂੰ ਘੋਖਦਿਆਂ ਉੱਠ ਕੇ ਆਪਣੀ

ਸੱਜੀ ਲੱਤ ਨੂੰ ਆਪਣੀ ਬੈਂਤ ਨਾਲ ਹੌਲੀ ਹੌਲੀ ਠਕੋਰਿਆ। ਤਾਰੇ ਨੂੰ ਮਹਿਸੂਸ ਹੋਇਆ ਜਿਵੇਂ ਥਾਣੇਦਾਰ ਨੇ ਉਸ ਨੂੰ ਫੈਂਟਾ ਚਾੜ੍ਹਨ ਦਾ ਮਨ ਬਣਾ ਲਿਆ ਹੋਵੇ।

"ਨਾ ਜਨਾਬ ਨਾ। ਮੇਰੇ 'ਚ ਐਨੀ ਜੁਰਅਤ ਕਿਥੇ ਬਈ ਥੋਡੇ ਠਾਣੇ ਅੱਗੇ ਮੈਂ ਕੋਈ ਗਲਤ ਕੰਮ ਕਰਾਂ।" ਤਾਰਾ ਪਾਣੀ ਬਣਿਆ ਹੱਥ ਜੋੜੀ ਖੜ੍ਹਾ ਸੀ ਅਤੇ ਉਸ ਨੇ ਆਪਣੇ ਆਪ ਨੂੰ ਸੌ ਵਾਰ ਦੁਰਕਾਰਿਆ, 'ਮਨਾਂ ਕਾਹਨੂੰ ਆਉਣਾ ਸੀ।' ਹੱਥ ਜੋੜਦਾ ਉਹ ਥਾਣੇ 'ਚੋਂ ਮਸਾਂ ਬਾਹਰ ਨਿਕਲਿਆ।

ਤਾਰੇ ਨੂੰ ਸ਼ਹਿਰ ਰਹਿਣਾ ਰਾਸ ਆ ਗਿਆ ਅਤੇ ਉਸ ਨੇ ਪਿੰਡ ਆਉਣਾ ਜਾਣਾ ਘੱਟ ਕਰ ਦਿੱਤਾ। ਸ਼ਹਿਰ ਵਿਚ ਆਪਣੀ ਜਾਣ ਪਹਿਚਾਣ ਬਨਾਉਣ ਅਤੇ ਨੇੜੇ ਤੇੜੇ ਦੇ ਪਿੰਡਾਂ ਦੇ ਆਪਣੇ ਵਰਗੇ ਲੰਡੇ ਬਦਮਾਸ਼ਾਂ ਨਾਲ ਮੇਲ ਜੋਲ ਵਧਾਉਣ ਵੱਲ ਧਿਆਨ ਦੇਣ ਲੱਗਾ। ਉਸ ਨੂੰ ਇਹ ਪ੍ਰਬੰਧ ਹੋਰ ਵੀ ਰਾਸ ਆ ਗਿਆ। ਕੁਝ ਮਹੀਨਿਆਂ ਵਿਚ ਹੀ ਪੰਜਾਬ ਵਿਚ ਅੱਤਵਾਦੀ ਸਰਗਰਮੀਆਂ ਪੂਰੀ ਤੇਜ਼ੀ ਨਾਲ ਵਧ ਗਈਆਂ ਸਨ। ਪੰਜਾਬ ਪੂਰੀ ਤਰ੍ਹਾਂ ਨਾਲ ਬਲਦੀ ਦੇ ਬੂਥੇ ਆ ਗਿਆ ਸੀ।

ਪਿੰਡਾਂ ਵਿਚ ਇਸ ਅੱਗ ਦਾ ਜ਼ੋਰ ਕੁਝ ਜਿਆਦਾ ਹੀ ਸੀ। ਸ਼ਰੀਫ਼ ਲੋਕਾਂ ਨਾਲ ਨਜ਼ਾਇਜ਼ ਹੋ ਰਹੀ ਸੀ। ਧੀਆਂ ਧਿਆਣੀਆਂ ਦੀ ਇੱਜ਼ਤ ਆਬਰੂ ਵੀ ਮਹਿਫ਼ੂਜ਼ ਨਹੀਂ ਸੀ। ਖਾਲਿਸਤਾਨ ਦੇ ਨਾਂ ਹੇਠ ਲੁਟੇਰੇ ਗਰੁਪਾਂ ਨੇ ਲੁੱਟ ਖਸੁੱਟ ਨੂੰ ਆਪਣਾ ਧੰਦਾ ਬਣਾ ਲਿਆ। ਕਨੂੰਨ ਜਿਵੇਂ ਨਿਰਬਸਤਰ ਕਰ ਦਿੱਤਾ ਹੋਵੇ। ਲੋਕਾਂ ਦੀ ਰੱਖਿਆ ਲਈ ਕੋਈ ਠੋਸ ਕਦਮ ਚੁੱਕਣ ਦੀ ਥਾਂ ਮੰਤਰੀ ਲੋਕ ਬਿਆਨ ਬਾਜ਼ੀ ਨਾਲ ਡੰਗ ਟਪਾ ਰਹੇ ਸਨ। ਪਿੰਡਾਂ ਵਿਚੋਂ ਸਰਦੇ-ਪੁਜਦੇ ਲੋਕ ਸ਼ਹਿਰ ਵੱਲ ਨੂੰ ਜਾਣ ਲੱਗੇ।

ਤਾਰੇ ਨੇ ਇਕ ਘਰ ਕਿਰਾਏ 'ਤੇ ਸ਼ਹਿਰ ਵਿਚ ਲੈ ਲਿਆ ਸੀ। ਉਸ ਨੂੰ ਅੰਦਰੇ ਅੰਦਰ ਖੁਸ਼ੀ ਸੀ ਕਿ ਉਹ ਸਮੇਂ ਸਿਰ ਸ਼ਹਿਰ ਆ ਕੇ ਰਹਿਣ ਲੱਗ ਪਿਆ ਸੀ। ਅਜਿਹੇ ਮਹੌਲ ਵਿਚ ਤਾਂ ਲੋਕ ਅਤੱਵਦੀਆਂ ਦੇ ਨਾਂ 'ਤੇ ਬਥੇਰੀਆਂ ਦੁਸ਼ਮਣੀਆ ਕੱਢ ਰਹੇ ਸਨ। ਹਰ ਕਤਲ ਹੀ ਅੱਤਵਾਦ ਦੇ ਖਾਤੇ ਵਿਚ ਜਮ੍ਹਾ ਹੋ ਰਿਹਾ ਸੀ। ਤਾਰੇ ਵਰਗੇ ਬੰਦੇ ਦੇ ਤਾਂ ਪਤਾ ਨੀ ਕਿੰਨ੍ਹੇ ਕੁ ਦੁਸ਼ਮਣ ਸਨ ਜਿਹੜੇ ਉਸ ਤੋਂ ਬਦਲਾ ਲੈਣ ਲਈ ਮੁੱਠੀਆਂ ਵਿਚ ਥੁੱਕੀ ਬੈਠੇ ਸਨ। ਤਾਰਾ ਆਪਣੇ 'ਤੇ ਹੋਏ ਹਮਲੇ 'ਚੋਂ ਚੰਗੀ ਕਿਸਮਤ ਜਾਂ ਆਪਣੇ ਹੰਢੇ ਹੋਣ ਕਰਕੇ ਬਚ ਗਿਆ ਸੀ।

ਤਾਰੇ ਦੇ ਮਨ ਵਿਚ ਵਾਰ ਵਾਰ ਇਹ ਖਿਆਲ ਆਉਂਦਾ ਕਿ ਕਿਤੇ ਲੋਕ ਉਸ ਨੂੰ ਡਰਾਕਲ ਨਾ ਸਮਝ ਲੈਣ। ਅੱਤਵਾਦੀਆਂ ਵੱਲੋਂ ਉਸ 'ਤੇ ਹੋਏ ਜਾਨਲੇਵਾ ਹਮਲੇ ਨੇ ਉਸ ਨੂੰ ਹੱਡੀਆਂ ਤਾਈਂ ਕੰਬਾ ਦਿੱਤਾ ਸੀ ਅਤੇ ਉਹ ਹੱਡੀਆਂ ਤੱਕ ਠਰ ਗਿਆ ਮਹਿਸੂਸ ਕਰਦਾ। ਉਸ ਨੂੰ ਪਤਾ ਸੀ ਜੇ ਉਸ ਨੇ ਆਪਣੀ ਕਮਜ਼ੋਰੀ ਨੂੰ ਜ਼ਾਹਰ ਕਰ ਦਿੱਤਾ ਤਾਂ ਉਸ ਦਾ ਧੇਲਾ ਮੁੱਲ ਨੀ ਰਹਿਣਾ। ਜਦ ਵੀ ਉਹ ਪਿੰਡ ਆਉਂਦਾ ਤਾਂ ਉਹ ਕਹਿੰਦਾ-

'ਸ਼ਹਿਰ ਤਾ ਸਾਲਾ ਜੀ ਨੀ ਲਗਦਾ। ਪਿੰਡ ਅਰਗੀ ਰੀਸ ਕਿਥੇ। ਕੰਮ ਈ ਅਹੋ ਜਿਆ ਵਿੱਢ ਲਿਆ ਬਈ ਸ਼ਹਿਰ ਛੱਡ ਨੀ ਹੁੰਦਾ।' ਸੁਣ ਕੇ ਕੋਈ ਨਾ ਕੋਈ ਕਹਿ ਦਿੰਦਾ-' ਨਾ ਜੀ ਹੁਣ ਤਾਂ ਸ਼ਹਿਰ ਈ ਠੀਕ ਆ। ਪਿੰਡ ਵਿਚ ਤਾਂ ਰਾਤ ਨੂੰ ਦਿਲ ਮੁੱਠੀ 'ਚ ਆਇਆ ਰਹਿੰਦਾ। ਤਾਰਾ ਮੁਸਕੜੀਏਂ ਹਸਦਾ ਅਤੇ ਕਹਿਣ ਵਾਲੇ ਨੂੰ ਫੜ੍ਹਾਂ ਮਾਰ ਮਾਰ ਹੌਂਸਲਾ ਦਿੰਦਾ।

ਤਾਰੇ ਨੂੰ ਕਿਸੇ ਵਿਧਵਾ ਦੀ ਖਾਲੀ ਕੋਠੀ ਦਾ ਪਤਾ ਲੱਗਾ। ਉਹ ਕਿਰਾਏਦਾਰ ਬਣ ਕੇ ਉਸ ਕੋਠੀ ਵਿਚ ਚਲਾ ਗਿਆ। ਕੁਝ ਦੇਰ ਕਿਰਾਇਆ ਦਿੰਦਾ ਰਿਹਾ। ਫਿਰ ਉਸ ਨੇ ਕਿਰਾਇਆ ਬੰਦ ਕਰ ਦਿੱਤਾ। ਕੋਠੀ ਦੀ ਮਾਲਕਣ ਨੇ ਜਦ ਕੋਠੀ ਖਾਲੀ ਕਰਨ ਲਈ ਜ਼ੋਰ

ਪਾਇਆ ਤਾਂ ਤਾਰਾ ਬੰਦੂਕਾਂ ਵਾਲੇ ਪੰਜ ਚਾਰ ਬੰਦੇ ਨਾਲ ਲੈ ਕੇ ਉਸ ਨੂੰ ਮਿਲਣ ਚਲਾ ਗਿਆ ਅਤੇ ਮਿੱਠੀਆ ਚੋਪੜੀਆਂ ਨਾਲ ਉਸ ਤੋਂ ਕੋਠੀ ਖਰੀਦਣ ਬਾਰੇ ਗੱਲ ਕਰਨ ਲੱਗਾ। ਉਹ ਅੱਧੀ ਕੇ ਤਿਆਰ ਹੋ ਗਈ ਅਤੇ ਤਾਰੇ ਨੇ ਉਸ ਕੋਠੀ ਤੋਂ ਆਪਣਾ ਕਬਜ਼ਾ ਨਾ ਛੱਡਣ ਦਾ ਮਨ ਬਣਾ ਲਿਆ। ਅਸਲ ਵਿਚ ਉਸ ਦਾ ਮਕਸਦ ਵੀ ਇਹ ਪਤਾ ਲਾਹੁਣ ਦਾ ਸੀ ਕਿ ਉਸ ਔਰਤ ਦੀ ਪਹੁੰਚ ਕਿਹੋ ਜਿਹੀ ਸੀ। ਉਹ ਔਰਤ ਤਰਲੇ ਕਰਦੀ ਰਹੀ ਅਤੇ ਵਾਹ ਜਹਾਨ ਦੀ ਲਾਹੁਣ 'ਤੇ ਵੀ ਤਾਰਾ ਟੱਸ ਤੋਂ ਮੱਸ ਨਾ ਹੋਇਆ।

"ਭੈਣ ਜੀ ਮੈਂ ਕੋਠੀ ਦਾ ਮੁੱਲ ਪੁਆਇਆ ਤੇ ਆਹ ਲਉ ਸਾਈ। ਰਜਿਸਟਰੀ ਦੱਸੋ ਕਿਸ ਦਿਨ ਕਰਾਈਏ।" ਔਰਤ ਦਾ ਰੰਗ ਪੀਲਾ ਫੱਕ ਹੋ ਗਿਆ। ਉਸ ਨੂੰ ਇਹ ਵੀ ਡਰ ਮਾਰਨ ਲੱਗਾ ਜੇ ਉਸ ਨੇ ਤਾਰੇ ਦੀ ਗੱਲ ਨਾ ਮੰਨੀ ਤਾਂ ਸ਼ਾਇਦ ਉਸ ਨੂੰ ਜਾਨ ਤੋਂ ਵੀ ਹੱਥ ਧੋਣੇ ਪੈਣ। ਤਾਰੇ ਨੇ ਕੋਠੀ ਮੁਫਤ ਵਾਂਗ ਆਪਣੇ ਨਾਂ ਕਰਵਾ ਲਈ।

ਇਨਸਾਨ ਬਣ ਕੇ ਮਸ਼ਹੂਰ ਹੋਣ ਲਈ ਬੰਦੇ ਨੂੰ ਚੰਗੇ ਕੰਮ ਅਤੇ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਸਿਰਫ਼ ਮਸ਼ਹੂਰ ਹੋਣ ਲਈ ਤਾਂ ਮਾੜੇ ਕੰਮ ਕਰਕੇ ਅੱਜ ਕੱਲ ਲੋਕ ਜਲਦੀ ਮਸ਼ਹੂਰ ਹੋ ਜਾਂਦੇ ਹਨ। ਤਾਰਾ ਵੀ ਦਿਨਾਂ ਵਿਚ ਆਪਣੇ ਮਾੜੇ ਅਤੇ ਸਮਾਜ ਵਿਰੋਧੀ ਕੰਮਾਂ ਕਾਰਣ ਮਸ਼ਹੂਰ ਹੋ ਗਿਆ। ਸ਼ਹਿਰ ਦੀ ਟਰੱਕ ਯੂਨੀਅਨ ਦੇ ਪ੍ਰਧਾਨ ਨਾਲ ਤਾਰੇ ਨੇ ਆਪਣੀ ਨੇੜਤਾ ਬਣਾ ਲਈ। ਕਹਿੰਦੇ ਨੇ ਲੰਡੇ ਨੂੰ ਮੀਣਾ ਦੂਰੋਂ ਹੋ ਕੇ ਮਿਲਦਾ। ਪ੍ਰਧਾਨ ਨੂੰ ਵੀ ਤਾਰੇ ਵਰਗੇ ਬੰਦਿਆਂ ਦੀ ਲੋੜ ਸੀ। ਉਸ ਨੂੰ ਸ਼ਾਇਦ ਉਸ ਵਕਤ ਇਹ ਨਹੀਂ ਪਤਾ ਸੀ ਕਿ ਅਸਲ ਵਿਚ ਉਹ ਸੱਪ ਪਾਲ ਰਿਹਾ ਸੀ। ਤਾਰੇ ਨੇ ਮੌਕਾ ਪਾ ਕੇ ਪ੍ਰਧਾਨ ਨੂੰ ਆਪਣੇ ਰਸਤੇ 'ਚੋਂ ਹਟਾ ਦਿੱਤਾ ਅਤੇ ਆਪ ਪ੍ਰਧਾਨ ਬਣ ਗਿਆ। ਸ਼ਹਿਰ ਦੇ ਬਾਣੀਆਂ ਲੋਕ ਤਾਂ ਡਰਦੇ ਮਾਰੇ ਉਸ ਦੀ ਜੀ ਹਜ਼ੂਰੀ ਕਰਨ ਲੱਗੇ। ਪਿੰਡਾਂ ਵਿਚ ਉਸ ਨੇ ਆਪਣੇ ਦੋਸਤ ਮਿੱਤਰ ਸ਼ਰਾਬ ਦੀ ਘੁੱਟ ਪਿਲਾ ਕੇ ਬਣਾ ਲਏ। ਉਸ ਦੇ ਨਾਂ ਨਾਲ 'ਪ੍ਰਧਾਨ' ਦੀ ਲੱਗੀ ਪੂਛ ਨੇ ਉਸ ਦੀ ਜਾਣ ਪਹਿਚਾਣ ਵਧਾਉਣ ਦਾ ਕੰਮ ਹੋਰ ਵੀ ਅਸਾਨ ਕਰ ਦਿੱਤਾ। ਕਿਸੇ ਦੇ ਵੀ ਅਖੰਡ ਪਾਠ ਜਾਂ ਮਰਨੇ ਪਰਨੇ ਦਾ ਭੋਗ ਹੁੰਦਾ ਤਾਂ ਤਾਰਾ ਬਿਨਾਂ ਬਲਾਏ ਸੱਦੇ ਹੀ ਜਾ ਹਾਜ਼ਰ ਹੁੰਦਾ। ਤਾਰੇ ਵਿਚ ਪੜ੍ਹਾਈ ਲਿਖਾਈ ਵਰਗਾ ਕੋਈ ਕਾਰਗਾਰ ਗੁਣ ਤਾਂ ਨਹੀਂ ਸੀ। ਉਸ ਨੇ ਆਪਣੇ ਆਪ ਵਿਚ ਇਹ ਭੋਗਾਂ 'ਤੇ ਜਾਂ ਮਰਨਿਆਂ ਪਰਨਿਆਂ 'ਤੇ ਜਾਣ ਵਾਲਾ ਗੁਣ ਜ਼ਰੂਰ ਪੈਦਾ ਕਰ ਲਿਆ ਸੀ। ਸਿਰਫ਼ ਇਸ ਇਕ ਗੁਣ ਦੇ ਸਹਾਰੇ ਹੀ ਉਹ ਅਣਪੜ੍ਹ ਅਤੇ ਸਾਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੇ ਸਮਰੱਥ ਹੋ ਗਿਆ ਸੀ।

ਟਰੱਕ ਯੂਨੀਅਨ ਦਾ ਮੁਫ਼ਤ ਦਾ ਪੈਸਾ ਉਸ ਨੇ ਬੇਕਿਰਕੀ ਨਾਲ ਲੋਕਾਂ ਨੂੰ ਖੁਸ਼ ਕਰਨ ਲਈ ਵਰਤਿਆ। ਇੰਝ ਤਾਰੇ ਦੀ ਉਸ ਇਲਾਕੇ ਵਿਚ ਬੱਲੇ ਬੱਲੇ ਹੋ ਗਈ। ਲੋਕਾਂ ਦੇ ਨਿੱਕੇ ਮੋਟੇ ਕੰਮ ਉਸ ਨੇ ਪੁਲਸ ਆਦਿ ਵਰਗੇ ਮਹਿਕਮਿਆਂ ਵਿਚੋਂ ਕਰਵਾ ਦੇਣੇ। ਕਦੇ ਕਿਸੇ ਨੂੰ ਫੜਾ ਦਿੱਤਾ ਕਦੇ ਕਿਸੇ ਨੂੰ ਛੁੜਾ ਦਿੱਤਾ। ਪੁਲਸ ਵਰਗੇ ਮਹਿਕਮੇ ਹੀ ਬਦਨਾਮ ਹਨ ਅਤੇ ਬਦਨਾਮ ਲੋਕਾਂ ਨਾਲ ਹੀ ਇਹਨਾਂ ਦੇ ਅਫ਼ਸਰਾਂ ਦੀ ਜ਼ਿਆਦਾ ਲਿਹਾਜ ਬਣ ਜਾਂਦੀ ਹੈ। ਤਾਰੇ ਦੀ ਪੁਲਸ ਦੇ ਜ਼ਰੀਏ ਅਤੇ ਪੈਸੇ ਦੇ ਜ਼ੋਰ ਨਾਲ ਆਮ ਕੰਮ ਧੰਦੇ ਵਾਲੇ ਅਫ਼ਸਰਾਂ ਨਾਲ ਵੀ ਜਾਣ ਪਹਿਚਾਣ ਬਣ ਗਈ। ਇਹੋ ਜਾਣ ਪਹਿਚਾਣ ਨਾਲ ਉਹਦਾ ਕੰਮ ਹੋਰ ਵੀ ਰਾਸ ਆ ਗਿਆ।

ਤਾਰੇ ਨੇ ਆਪਣਾ ਜਮਾਂਦਰੂ ਕੰਮ ਸ਼ਰਾਬ ਵੇਚਣ ਦਾ ਧੰਦਾ ਅਜੇ ਵੀ ਨਹੀਂ ਛੱਡਿਆ ਸੀ। ਥਾਣੇਦਾਰ ਹਰਨੇਕ ਸਿੰਘ ਦਾ ਖਿਆਲ ਬਿਲਕੁਲ ਠੀਕ ਸੀ। ਉਸ ਨੇ ਦੇਸੀ ਸ਼ਰਾਬ ਬਣਾ ਕੇ ਵੇਚਣ ਦੀ ਥਾਂ ਠੇਕੇ ਦੀ ਸ਼ਰਾਬ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ।

ਤਾਰੇ ਨੇ ਕਿਸੇ ਨਾਲ ਸਾਂਝ ਭਿਆਲੀ ਕਰ ਕੇ ਸ਼ਹਿਰ ਦੇ ਨੇੜੇ ਹੀ ਇੱਕ ਦੇਸੀ ਸ਼ਰਾਬ ਦਾ ਠੇਕਾ ਲਿਆ ਸੀ। ਠੇਕੇ ਦੇ ਜ਼ਰੀਏ ਉਸ ਦੀ ਜਾਣ ਪਹਿਚਾਣ ਡਿਸਟਿਲਰੀ ਦੇ ਮੈਨੇਜਰ ਨਾਲ ਹੋ ਗਈ। ਮਾੜੇ ਕੰਮਾਂ ਦੇ ਮਾਹਰ ਤਾਰੇ ਨੂੰ ਉਸ ਮੈਨੇਜਰ ਨੇ ਇਕ ਵਾਰ ਕੁਝ ਸ਼ਰਾਬ ਦੀਆਂ ਬੋਰੀਆਂ(ਉਹਨਾਂ ਦਿਨਾਂ ਵਿਚ ਸ਼ਰਾਬ ਦੀਆਂ ਬੋਤਲਾਂ ਡੱਬਿਆਂ ਦੀ ਥਾਂ ਬੋਰੀਆਂ ਵਿਚ ਠੇਕਿਆਂ 'ਤੇ ਭੇਜੀਆਂ ਜਾਂਦੀਆਂ

ਸਨ) ਬਾਹਰੋਂ ਬਾਹਰ ਬਿਨਾਂ ਕਿਸੇ ਕਾਗਜ਼ ਪੱਤਰ ਦੇ ਤਾਰੇ ਨੂੰ ਦੇ ਦਿੱਤੀਆਂ। ਤਾਰੇ ਨੂੰ ਆਪਣੇ ਕੰਮ ਦੇ ਵਾਧੇ ਵਿਚ ਇਕ ਹੋਰ ਮੌਕਾ ਦਿਸਿਆ ਜਿਸ ਵਿਚ ਆਮਦਨ ਬਹੁਤੀ ਅਤੇ ਘੱਟ ਖਤਰਾ ਸੀ। ਉਸ ਨੇ ਮੈਨੇਜਰ ਨਾਲ ਗੱਲ ਕਰ ਕੇ ਸ਼ਰਾਬ ਬਿਨਾਂ ਐਕਸਾਈਜ਼ ਅਤੇ ਟੈਕਸ ਤੋਂ ਲੈ ਕੇ ਪਿੰਡਾਂ ਵਿਚ ਸਸਤੀ ਵੇਚਣੀ ਸ਼ੁਰੂ ਕਰ ਦਿੱਤੀ। ਸ਼ਰਾਬ ਦੀ ਕੀਮਤ ਤਾਂ ਮਮੂਲੀ ਹੀ ਹੁੰਦੀ ਹੈ। ਸਰਕਾਰੀ ਟੈਕਸ ਹੀ ਉਸ ਨੂੰ ਜਿਆਦਾ ਮਹਿੰਗੀ ਕਰਦੇ ਹਨ। ਤਾਰੇ ਨੂੰ ਸ਼ਰਾਬ ਕੌਡੀਆਂ ਭਾਅ ਮਿਲਦੀ ਅਤੇ ਉਹ ਠੇਕੇ ਦੇ ਮੁਕਾਬਲੇ ਸਸਤੀ ਵੇਚ ਕੇ ਢੇਰ ਸਾਰੇ ਪੈਸੇ ਕਮਾਉਂਦਾ।

ਤਾਰੇ ਨੇ ਆਪਣਾ ਕੰਮ ਵਧਾਉਣ ਲਈ ਬਹੁਤ ਸਾਰੇ ਪਿੰਡਾਂ ਵਿਚ ਆਪਣੇ ਸ਼ਰਾਬ ਦੇ ਗੈਰ ਕਨੂੰਨੀ ਅੱਡੇ ਬਣਾ ਲਏ ਸਨ। ਪਿੰਡਾਂ ਵਿਚੋਂ ਚੜ੍ਹਦੀ ਉਮਰ ਦੇ ਮੁੰਡੇ ਉਸ ਨੇ ਵਰਗਲਾ ਲੈਣੇ ਅਤੇ ਉਹਨਾਂ ਨੂੰ ਆਪਣੇ ਕਿੱਤੇ ਵਿਚ ਸ਼ਾਮਲ ਕਰ ਲੈਣਾ। ਤਾਰਾ ਆਪ ਹੁਣ ਸਿੱਧੇ ਤੌਰ 'ਤੇ ਤਾਂ ਸ਼ਰਾਬ ਨੂੰ ਹੱਥ ਵੀ ਨਹੀਂ ਲਾਉਂਦਾ ਸੀ। ਉਸ ਦੇ ਚੇਲੇ ਬਾਲਕੇ ਹੀ ਉਸ ਨੂੰ ਕਮਾਈ ਕਰ ਕੇ ਦੇਈ ਜਾਂਦੇ ਸਨ। ਪੰਜਾਬ ਕੀ ਭਾਰਤ ਦੀ ਹੀ ਸਭਿਅੱਤਾ ਅਜਿਹੀ ਹੈ ਕਿ ਬਹੁਤੇ ਲੋਕ ਇਹ ਨਹੀਂ ਸੋਚਦੇ ਪੈਸਾ ਕਿਸੇ ਨੇ ਕਿਵੇਂ ਬਣਾਇਆ ਹੈ! ਬੱਸ ਪੈਸੇ ਵਾਲੇ ਦੀ ਜੀ ਹਜ਼ੂਰੀ ਪੂਰੇ ਦਿਲ ਨਾਲ ਕਰਦੇ ਹਨ। ਤਾਰੇ ਦੀ ਵੀ ਪੈਸੇ ਅਤੇ ਲੁੱਚੇ ਕੰਮਾਂ ਸਦਕੇ ਕੁਝ ਲੋਕਾਂ ਵਿਚ 'ਇੱਜ਼ਤ' ਬਣ ਗਈ। ਹੁਣ ਤਾਰੇ ਦੀਆਂ ਅੱਖਾਂ ਐਮ ਐਲ ਏ ਬਣਨ ਦਾ ਸੁਪਨਾ ਵੇਖਣ ਲੱਗੀਆਂ।

ਜੱਗਾ ਤਾਰੇ ਦੇ ਗਲ ਵਿਚ ਹੱਡੀ ਫਸੀ ਹੋਈ ਸੀ। ਜੱਗੇ ਦੇ ਹੁੰਦਿਆਂ ਤਾਰੇ ਨੂੰ ਪਿੰਡ ਵਿਚ ਹਮੇਸ਼ਾਂ ਖਤਰਾ ਮਹਿਸੂਸ ਹੁੰਦਾ ਰਹਿੰਦਾ। ਉਹ ਕਿਸੇ ਨਾ ਕਿਸੇ ਢੰਗ ਨਾਲ ਉਸ ਦਾ ਫਸਤਾ ਵੱਢਣਾ ਚਾਹੁੰਦਾ ਸੀ ਅਤੇ ਆਪ ਸਿੱਧੇ ਤੌਰ 'ਤੇ ਕੁਝ ਕਰਨ ਦੀ ਥਾਂ ਕਿਸੇ ਦੇ ਮੋਢੇ 'ਤੇ ਰੱਖ ਕੇ ਚਲਾਉਣੀ ਚਾਹੁੰਦਾ ਸੀ। ਜੇਲ੍ਹ ਦੀਆਂ ਰੋਟੀਆਂ ਖਾਣ ਜੋਗੀ ਉਸ ਵਿਚ ਹੁਣ ਹਿੰਮਤ ਨਹੀਂ ਰਹੀ ਸੀ। ਸਰੀਰ ਨੇ ਬਹੁਤ ਅਰਾਮ ਅਤੇ ਐਸ਼ ਵਾਲੀ ਜ਼ਿੰਦਗੀ ਹੰਢਾਈ ਸੀ। ਹੁਣ ਦਾ ਤਾਰਾ ਪਹਿਲਾਂ ਵਾਲੇ ਸਖ਼ਤ ਮਿਹਨਤ ਕਰਨ ਵਾਲੇ ਤਾਰੇ ਨਾਲੋਂ ਕਿਤੇ ਬਹੁਤਾ ਸੋਹਲ ਹੋ ਗਿਆ ਸੀ।

ਤਾਰੇ ਦਾ ਸੁਭਾਅ ਲੋੜ ਅਤੇ ਖੁਦਗਰਜ਼ੀ ਨੇ ਬਹੁਤ ਮੀਸਣਾ ਬਣਾ ਦਿੱਤਾ ਸੀ। ਉਸ ਨੂੰ ਕਿਸੇ ਨਾਲ ਗੱਲ ਕਰਦਿਆਂ ਕੋਈ ਬਹੁਤ ਹੰਢਿਆ ਵਰਤਿਆ ਆਦਮੀ ਜਾਂ ਮਨੋਵਿਗਿਆਨਕ ਹੀ ਉਸ ਦੇ ਢਿੱਡ ਵਿਚਲੀ ਗੱਲ ਦਾ ਅੰਦਾਜ਼ਾ ਲਗਾ ਸਕਦਾ ਸੀ। ਉਸ ਦੀਆਂ ਅੱਖਾਂ ਕੁਝ ਹੋਰ ਕਹਿੰਦੀਆਂ। ਉਸ ਦੀ ਜ਼ੁਬਾਨ ਕੁਝ ਹੋਰ ਕਹਿੰਦੀ ਅਤੇ ਉਸ ਦੀਆਂ ਭਾਵਨਾਵਾਂ ਵਿਚ ਕੁਝ ਹੋਰ ਵਾਪਰ ਰਿਹਾ ਹੁੰਦਾ। ਆਪਣੇ ਮਕਸਦ ਨੂੰ ਪੂਰਾ ਕਰਨ ਲਈ ਉਹ ਕਿਸੇ ਵੀ ਹੱਦ ਤੱਕ ਗਿਰ ਸਕਦਾ ਸੀ। ਉਸ ਨੂੰ ਇਕ ਦਿਨ ਅਚਾਨਕ ਇਕ ਸਕੀਮ ਸੁੱਝੀ।

"ਉਹ ਬਿਕਿਆ ਜਾਹ ਰੁਲਦੂ ਨੂੰ ਤਾਂ ਸੱਦ ਕੇ ਲਿਆ। ਕੋਈ ਜ਼ਰੂਰੀ ਗੱਲ ਕਰਨੀ ਆ ਉਹਦੇ ਨਾਲ।" ਤਾਰੇ ਦੀ ਗੱਲ ਸੁਣ ਕੇ ਬਿੱਕੇ ਨੂੰ ਆਪਣੇ ਕੰਨਾਂ 'ਤੇ ਯਕੀਨ ਨਾ ਆਇਆ। ਜੱਗੇ ਦੀ ਸੱਜੀ ਬਾਂਹ ਰੁਲਦੂ ਨੂੰ ਤਾਰਾ ਬੁਲਾਵੇ ਉਸ ਦੀ ਸਮਝ ਵਿਚ ਕੁਝ ਨਾ ਆਇਆ ਅਤੇ ਉਹ ਹੈਰਾਨੀ ਨਾਲ ਮੂੰਹ ਖੋਲ੍ਹੀ ਤਾਰੇ ਵੱਲ ਵੇਖਦਾ ਰਿਹਾ।

"ਉਹ ਮੈਂ ਕੋਈ 'ਗਰੇਜੀ ਬੋਲਦਾਂ। ਜਾਹ ਉਹਨੂੰ ਮੇਰਾ ਸਨੇਹਾਂ ਦੇ ਕੇ ਆ।" ਤਾਰੇ ਨੇ ਬਿੱਕੇ ਨੂੰ ਜਿਵੇਂ ਨੀਂਦ 'ਚੋਂ ਜਗਾਇਆ ਹੋਵੇ। ਬਿੱਕਾ ਹੈਰਾਨ ਹੋਇਆ ਮਾਲਕ ਦਾ ਹੁਕਮ ਵਜਾਉਣ ਲਈ ਘਰੋਂ ਨਿੱਕਲ ਗਿਆ ਅਤੇ ਉਸ ਨੂੰ ਜਾਂਦਿਆਂ ਵੇਖ ਕੇ ਤਾਰੇ ਦੇ ਬੁੱਲ੍ਹਾਂ 'ਤੇ ਗੁੱਝੀ ਮੁਸਕਰਾਹਟ ਫੈਲ ਗਈ।

ਬਿੱਕੇ ਦਾ ਸਨੇਹਾਂ ਰੁਲਦੂ ਨੂੰ ਪਹਿਲਾਂ ਤਾਂ ਸਮਝ ਨਾ ਆਇਆ। ਤਾਰੇ ਨੂੰ ਉਸ ਤਾਂਈ ਕੀ ਕੰਮ ਹੋ ਸਕਦਾ! ਉਸ ਨੇ ਬਿੱਕੇ ਨੂੰ

'ਚੰਗਾ ਜਾਹ' ਕਹਿ ਕੇ ਤੋਰ ਦਿੱਤਾ। ਉਸ ਬਿੱਕੇ ਨੂੰ ਕੋਈ ਲੜ ਪੱਲਾ ਨਾ ਫੜਾਇਆ। ਜੱਗਾ ਕਿਸੇ ਰਿਸ਼ਤੇਦਾਰੀ ਵਿਚ ਗਿਆ ਹੋਇਆ ਸੀ ਅਤੇ ਉਸ ਨੇ ਸ਼ਾਮ ਤੋਂ ਪਹਿਲਾਂ ਨਹੀਂ ਸੀ ਮੁੜਨਾ। ਰੁਲਦੂ ਨੂੰ ਬੇਚੈਨੀ ਐਨੀ ਹੋਈ ਕਿ ਉਹ ਤਿੰਨ ਚਾਰ ਚੱਕਰ ਜੱਗੇ ਦੇ ਘਰ ਮਾਰ ਆਇਆ। ਸਾਰਾ ਦਿਨ ਉਸ ਦਾ ਦਿਮਾਗ ਤਾਰੇ ਦੇ ਸੁਨੇਹੇਂ ਨੂੰ ਸਮਝਣ ਲਈ ਦੌੜਦਾ ਰਿਹਾ। ਉਸ ਦੇ ਪਿੜ ਪੱਲੇ ਕੁਝ ਨਾ ਪਿਆ। ਸ਼ਾਮ ਨੂੰ ਜੱਗੇ ਦੇ ਮੋਟਰ ਸਾਇਕਲ ਦੀ ਅਵਾਜ਼ ਸੁਣ ਕੇ ਉਹ ਧਾ ਕੇ ਉਸ ਕੋਲ ਚਲਾ ਗਿਆ।

"ਤੇਰੇ ਮੂੰਹ ਨੂੰ ਕੀ ਬਿੱਲੀ ਚੱਟ 'ਗੀ।" ਜੱਗੇ ਨੇ ਮਖੌਲੀਆ ਅੰਦਾਜ਼ ਵਿਚ ਅਜੇ ਗੱਲ ਸ਼ੁਰੂ ਕੀਤੀ ਹੀ ਸੀ ਕਿ ਰੁਲਦੂ ਨੇ ਫੱਟ ਜਵਾਬ ਦੇ ਦਿੱਤਾ।

"ਤੂੰ ਸੁਣੇਂਗਾ ਤਾਂ ਤੇਰਾ ਮੂੰਹ ਵੀ ਮੇਰੇ ਵਰਗਾ ਬਣਜੂ।" ਜੱਗੇ ਦਾ ਮੂੰਹ ਯੱਕ ਦੱਮ ਗੰਭੀਰ ਹੋ ਗਿਆ।

"ਗੱਲ ਤਾਂ ਦੱਸ।" ਮੰਜੇ 'ਤੇ ਬੈਠਦਿਆਂ ਜੱਗੇ ਨੇ ਕਾਹਲ ਨਾਲ ਅੱਖਾਂ ਝਪਕੀਆਂ ਅਤੇ ਗੱਲ ਸੁਣਨ ਲਈ ਕਾਹਲਾ ਪੈ ਗਿਆ।

"ਤਾਰੇ ਦਾ ਸੀਰੀ ਬਿੱਕਾ ਆਇਆ ਸੀ ਕਹਿੰਦਾ ਤਾਰੇ ਨੇ ਸੱਦਿਆ ਅਖੇ ਕੁਸ਼ ਕੰਮ ਆ।"

"ਉਹਨੇ ਕੀ ਤੈਨੂੰ ਭੈਣ -----।" ਜੱਗੇ ਨੇ ਵੱਡੀ ਸਾਰੀ ਗੰਦੀ ਗਾਲ੍ਹ ਕੱਢੀ ਅਤੇ ਨਫ਼ਰਤ ਨਾਲ ਥੁੱਕਿਆ।

"ਆਹੀ ਤਾਂ ਪਤਾ ਨੀ ਬਈ ਉਹਨੇ ਕੀ ਭਮਾਲੀਆਂ ਦੇਣੀਆਂ!"

"ਉਹਦੀ ਫੇਰੇ ਦੇਣੇ ਦੀ ਕੋਈ ਨਾ ਕੋਈ ਚਾਲ ਜ਼ਰੂਰ ਆ। ਇਕ ਪਾਸੇ ਸਾਲਾ ਆਪਣਾ ਲਹੂ ਪੀਣ ਨੂੰ ਤਿਆਰ ਬੈਠਾ ਤੇ ਦੂਜੇ ਪਾਸੇ।" ਜੱਗੇ ਨੇ ਮੱਥਾ ਖੁਰਕਿਆ।

"ਮੈਨੂੰ ਸਮਝ ਨੀ ਆਉਂਦੀ। ਸਾਲੇ ਮੇਰੇ ਨੇ ਮੱਤ ਈ ਮਾਰਤੀ।" ਰੁਲਦੂ ਪੈਰ ਦੇ ਅੰਗੂਠੇ ਨਾਲ ਮਿੱਟੀ ਖੁਰਚਦਾ ਰਿਹਾ।

"ਤੈਂ ਕੀ ਸੋਚਿਆ ਫੇਰ!"

"ਇਕ ਜੀ ਤਾਂ ਕਰਦਾ ਬਈ ਸੁਣ ਲੀਏ ਕੀ ਕਹਿੰਦਾ!" ਰੁਲਦੂ ਨੇ ਜਕਦੇ ਜਕੌਂਦੇ ਆਪਣੇ ਦਿਲ ਦੀ ਗੱਲ ਕੀਤੀ।

"ਠੀਕ ਆ ਪਰ ਕਿਤੇ ਨੰਬਰਦਾਰਾਂ ਆਲੀ ਨਾ ਹੋਵੇ।" ਜੱਗੇ ਦੀ ਗੱਲ ਨੇ ਰੁਲਦੂ ਨੂੰ ਨੰਬਰਦਾਰਾਂ ਵਾਲੀ ਸਾਰੀ ਕਹਾਣੀ ਯਾਦ ਕਰਵਾ ਦਿੱਤੀ। ਨੰਬਰਦਾਰ ਤਾਰੇ ਦੇ ਸਿਰ ਕੱਢ ਵਿਰੋਧੀਆਂ ਵਿਚੋਂ ਇਕ ਸਨ। ਉਹ ਹਿੱਕ ਠੋਕ ਕੇ ਤਾਰੇ ਦਾ ਵਿਰੋਧ ਕਰਦੇ ਅਤੇ ਨੰਗੇ ਚਿੱਟੇ ਉਸ ਨੂੰ ਭੰਡਦੇ। ਮੁੰਡੇ ਦੀ ਛਿਟੀ ਵੇਲੇ ਉਹਨਾਂ ਨੇ ਅਖੰਡ ਪਾਠ ਕਰਵਾਇਆ ਅਤੇ ਤਾਰੇ ਨੂੰ ਜਾਣ ਬੁੱਝ ਕੇ ਉਹਨਾਂ ਨੇ ਨਾ ਸੱਦਿਆ। ਤਾਰਾ ਭੋਗ ਵਾਲੇ ਦਿਨ ਬਿਨਾਂ ਬੁਲਾਏ ਹੀ ਉਹਨਾਂ ਦੇ ਘਰ ਮੱਥਾ ਟੇਕਣ ਚਲਾ ਗਿਆ। ਉਸ ਨੇ ਨੰਬਰਦਾਰ ਨਾਲ ਹੱਥ ਮਿਲਾਇਆ ਅਤੇ ਮੁੰਡਿਆਂ ਨੂੰ ਵੀ ਮਜ਼ਬੂਰੀ ਵੱਸ ਉਸ ਨੂੰ ਚਾਹ ਪਾਣੀ ਪੁੱਛਣਾ ਪਿਆ। ਤਾਰਾ ਅੱਧੇ ਘੰਟੇ ਵਿਚ ਢਿੱਡ ਵਿਚ ਹਸਦਾ ਵਾਪਿਸ ਚਲਾ ਗਿਆ।

ਨੰਬਰਦਾਰਾਂ ਦੇ ਗੁੱਟ ਦੇ ਬੰਦਿਆਂ ਨੇ ਉਹਨਾਂ 'ਤੇ ਦੋਸ਼ ਲਾਹੁਣੇ ਸ਼ੁਰੂ ਕਰ ਦਿੱਤੇ। ਕੋਈ ਕਹੇ ਨੰਬਰਦਾਰਾਂ ਦਾ ਅੰਦਰੇ ਅੰਦਰ ਸਮਝੌਤਾ ਹੋ ਗਿਆ ਤਾਰੇ ਨਾਲ ਅਤੇ ਕੋਈ ਉਹਨਾਂ 'ਤੇ ਦੋਗਲੇ ਹੋਣ ਦਾ ਦੋਸ਼ ਲਾਹੁਣ ਲੱਗਾ। ਨੰਬਰਦਾਰਾਂ ਨੇ ਆਪਣੇ ਵੱਲੋਂ ਬਥੇਰੀ ਸਫ਼ਾਈ ਪੇਸ਼ ਕੀਤੀ ਪਰ ਉਹਨਾਂ 'ਤੇ ਲੱਗੇ ਦੋਸ਼ ਧੋਤੇ ਨਾ ਗਏ। ਬਾਪੂ ਜੀ ਨੇ ਬਥੇਰਾ ਸਮਝਾਇਆ ਬਈ ਜੇ ਤਾਰਾ ਬੇਸ਼ਰਮੀ ਨਾਲ ਚਲਾ ਗਿਆ ਤਾਂ ਇਸ ਵਿਚ ਨੰਬਰਦਾਰਾਂ ਦਾ ਕੋਈ ਦੋਸ਼ ਨਹੀਂ। ਇਹ ਤਾਰੇ ਦੀ ਚਾਲ ਐ। ਤੁਸੀਂ ਆਪ ਉਸ ਦੀ ਚਾਲ ਵਿਚ ਫਸੀ ਜਾਂਨੇ ਐਂ।

ਕੁਝ ਕੁ ਬੰਦੇ ਸਮਝ ਗਏ। ਕੁਝ ਕੁ ਨੇ ਉਹਨਾਂ ਦਾ ਗੁੱਡਾ ਬੰਨ੍ਹੀ ਰੱਖਿਆ। ਤਾਰਾ ਨੰਬਰਦਾਰਾਂ ਦੇ ਹੋਰ ਵੀ ਆਉਣ ਜਾਣ ਲੱਗ ਪਿਆ। ਨੰਬਰਦਾਰਾਂ 'ਤੇ ਕੀਤੀ ਜਾਂਦੀ ਨੁੱਕਤਾਚੀਨੀ ਨੇ ਉਹਨਾਂ ਦਾ ਦਿਲ ਆਪਣੀ ਪਾਰਟੀ ਨਾਲੋਂ ਥੋੜਾ ਦੂਰ ਕਰ ਦਿੱਤਾ ਅਤੇ ਤਾਰੇ ਨੇ ਇਸ ਦਾ ਫਾਇਦਾ ਉਠਾਇਆ। ਉਹ ਜਾ ਕੇ ਨੰਬਰਦਾਰ ਦੀ ਮਿੰਨਤ ਕਰ ਆਇਆ ਅਤੇ ਗੁਰੂ ਗਰੰਥ ਸਾਹਿਬ ਦੀਆਂ ਕਸਮਾਂ ਖਾ ਆਇਆ ਕਿ ਉਹ ਪੂਰੀ ਇਮਾਨਦਾਰੀ ਨਾਲ ਉਹਨਾਂ ਦਾ ਬਣ ਕੇ ਰਹੇਗਾ। ਹੌਲੀ ਹੌਲੀ ਨੰਬਰਦਾਰ ਨੰਗੇ ਚਿੱਟੇ ਤਾਰੇ ਨਾਲ ਹੋ ਗਏ।

ਜਦੋਂ ਤਾਰੇ ਨੂੰ ਸਾਫ਼ ਹੋ ਗਿਆ ਨੰਬਰਦਾਰ ਪੂਰੀ ਤਰ੍ਹਾਂ ਦੂਜੇ ਪਾਸਿਉਂ ਟੁੱਟ ਗਏ ਹਨ ਤਾਂ ਤਾਰੇ ਨੇ ਉਹਨਾਂ ਦੀ ਨਿੱਕੀ ਨਿੱਕੀ ਗੱਲ 'ਤੇ ਬੇਇੱਜ਼ਤੀ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਤੋਂ ਪੈਸੇ ਲੈ ਕੇ ਵਰਤ ਲਏ ਪਰ ਮੋੜਨ ਦਾ ਨਾਂ ਹੀ ਨਾ ਲਿਆ। ਨੰਬਰਦਾਰਾਂ ਕੋਲ ਚੁੱਪ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਉਹਨਾਂ ਨਾਲ ਧੋਬੀ ਦੇ ਕੁੱਤੇ ਵਾਲੀ ਹੋਈ।

"ਹਾਂ ਜਾਰ ਆਹ ਤਾਂ ਮੇਰੇ ਖਿਆਲ 'ਚ ਈ ਨੀ ਸੀ।" ਰੁਲਦੂ ਖਸਿਆਨੀ ਜਿਹੀ ਹਾਸੀ ਹੱਸਿਆ।

"ਮੈਂ ਤਾਂ ਕਹਿੰਨਾ ਮੇਰੇ ਆਰ ਤੂੰ ਖੁਸ਼ੀ ਜਾਹ। ਦੇਖ ਭਲਾ ਉਹ ਤੇਰੇ ਘਰ ਵੀ ਆਉਂਦਾ!" ਜੱਗੇ ਨੇ ਫੈਸਲੇ ਵਾਂਗ ਰਾਇ ਦਿੱਤੀ ਅਤੇ ਰੁਲਦੂ ਨੇ ਮੰਨ ਲਈ। ਰੁਲਦੂ ਨੂੰ ਮਹਿਸੂਸ ਹੋਇਆ ਜਿਵੇਂ ਕਿਸੇ ਬਹੁਤ ਵੱਡੀ ਸਮੱਸਿਆ ਦਾ ਹੱਲ ਮਿਲ ਗਿਆ ਹੋਵੇ।

## ਬਾਈਵਾਂ

ਡਾਕਟਰ ਹਰਦੀਪ ਲਈ ਇਹ ਰਾਤ ਸ਼ਾਇਦ ਸਭ ਨਾਲੋਂ ਔਖੀ ਰਾਤ ਸੀ। ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਸਾਰੀ ਰਾਤ ਉਸ ਨੂੰ ਟੈਲੀਫੋਨ ਦੀ ਘੰਟੀ ਵੱਜਣ ਦੇ ਖਿਆਲ ਆਉਂਦੇ ਰਹੇ। ਦੀਪੀ ਨਾਲ ਉਸ ਦਾ ਕੋਈ ਰਿਸ਼ਤਾ ਨਹੀਂ ਸੀ। ਪਤਾ ਨਹੀਂ ਕਿੰਨ੍ਹੇ ਮਰੀਜ਼ ਹਰ ਰੋਜ਼ ਉਸ ਦੀ ਦੇਖ ਰੇਖ ਵਿਚ ਮਰਦੇ ਸਨ ਅਤੇ ਪਤਾ ਨਹੀਂ ਕਿੰਨ੍ਹੇ ਉਸ ਦੀ ਦੇਖ ਰੇਖ ਵਿਚ ਠੀਕ ਹੋ ਕੇ ਘਰ ਚਲੇ ਜਾਂਦੇ ਸਨ। ਠੀਕ ਹੋਏ ਮਰੀਜ਼ਾਂ ਨੂੰ ਛੁੱਟੀ ਦੇਣ ਲੱਗਿਆਂ ਉਸ ਨੂੰ ਤਸੱਲੀ ਅਤੇ ਖੁਸ਼ੀ ਦਾ ਅਹਿਸਾਸ ਹੁੰਦਾ। ਤੁਰ ਗਿਆਂ ਲਈ ਅਫਸੋਸ ਜ਼ਰੂਰ ਹੁੰਦਾ। ਸਾਲਾਂ ਦੀ ਪਰੈਕਟਸ ਨਾਲ ਉਸ ਲਈ ਇਹ ਜ਼ਿੰਦਗੀ ਦਾ ਹਿੱਸਾ ਬਣ ਗਿਆ ਸੀ। ਮਰੀਜ਼ ਠੀਕ ਹੋ ਕੇ ਚਲੇ ਜਾਂਦੇ। ਲਾਸ਼ਾਂ ਵੀ ਚਲੀਆਂ ਜਾਂਦੀਆਂ ਅਤੇ ਉਹ ਭੁਲ ਭੁਲਾ ਕੇ ਆਪਣੇ ਕਿੱਤੇ ਲੱਗਿਆ ਰਹਿੰਦਾ।

ਦੀਪੀ ਲਈ ਉਸ ਦੀ ਤੜਪ ਐਨੀ ਕਿਉਂ ਸੀ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ। ਉਹ ਰਮੇਸ਼ ਦੇ ਕਿਸੇ ਦੋਸਤ ਦੀ ਬੱਚੀ ਜਿਸ ਨੂੰ ਉਹ ਅੱਜ ਪਹਿਲੀ ਵੇਰ ਮਿਲਿਆ ਸੀ। ਰਮੇਸ਼ ਦੀ ਬੱਚੀ ਹੁੰਦੀ ਤਾਂ ਉਸ ਨੂੰ ਸਮਝ ਆ ਸਕਦੀ ਸੀ। ਸ਼ਾਇਦ ਬਜ਼ੁਰਗਾਂ ਦੀਆਂ ਅੱਖਾਂ ਵਿਚਲੀ ਬੇਬਸੀ ਸੀ ਜਾਂ ਮੀਕੇ ਦੇ ਖਿਲਰਦੇ ਅਤੇ ਫਿਰ ਇਕੱਠੇ ਹੁੰਦੇ ਸਬਰ ਵਿਚਲੀ ਹੂਕ ਕਿਸੇ ਤਰ੍ਹਾਂ ਡਾਕਟਰ ਹਰਦੀਪ ਦੇ ਦਿਲ ਵਿਚ ਘਰ ਕਰ ਗਈ ਸੀ। ਸ਼ਾਇਦ ਦੀਪੀ ਦੇ ਮਾਸੂਮ ਪਿਆਰੇ ਅਤੇ ਸਿਆਣਪ ਦੀ ਭਾਅ ਮਾਰਦੇ ਚਿਹਰੇ ਨੇ ਉਸ ਨੂੰ ਕੀਲ ਲਿਆ ਸੀ। ਕੁਝ ਵੀ ਸੀ ਹਰਦੀਪ ਨੂੰ ਚੈਨ ਦੀ ਨੀਂਦ ਨਾ ਆਈ। ਜਾਗਦੀਆਂ ਸੌਂਦੀਆਂ ਅੱਖਾਂ ਅਤੇ ਹਸਪਤਾਲ ਦੇ ਖਿਆਲਾਂ ਵਿਚ ਜਗਦੇ ਬੁਝਦੇ ਹਰਦੀਪ ਨੂੰ ਸਵੇਰ ਵੇਲੇ ਘੂਕ ਨੀਂਦ ਆ ਗਈ ਅਤੇ ਪੰਜ ਵਜੇ ਅਲਾਰਮ ਦੀ ਕੰਨ ਪਾੜਵੀਂ ਅਵਾਜ਼ ਨੂੰ ਸੁਣਦਿਆਂ ਉਹ ਤ੍ਰਬਕ ਕੇ ਬੈਡ ਵਿਚੋਂ ਉੱਠਿਆ। ਉਸ ਦੀ ਸਵੇਰ ਦੀ ਸ਼ਿਫਟ ਸੀ ਅਤੇ ਛੇ ਵਜੇ ਉਸ ਨੇ ਡਿਊਟੀ 'ਤੇ ਪਹੁੰਚਣਾ ਸੀ। ਫਟਾ ਫਟ ਉਹ ਬਾਥ ਰੂਮ ਗਿਆ ਅਤੇ ਪਿੰਡੇ ਪਾਣੀ ਪਾ ਕੇ ਜਲਦੀ ਜਲਦੀ ਤਿਆਰ ਹੋ ਗਿਆ। ਉਸ ਦੀ ਪਤਨੀ ਨੇ ਦਲੀਏ ਦੀ ਕੌਲੀ ਅਤੇ ਚਾਹ ਉਸ ਲਈ ਟੇਬਲ ਉਤੇ ਲਿਆ ਰੱਖੀ। ਡਾਕਟਰ ਹਰਦੀਪ ਜਿਵੇਂ ਕੁਝ ਸੁਣ ਹੀ ਨਹੀਂ ਰਿਹਾ ਸੀ। ਪਤਨੀ ਦੇ ਕਹਿਣ 'ਤੇ ਉਸ ਨੇ ਚਾਹ ਦੀ ਘੁੱਟ ਭਰੀ ਅਤੇ ਬਾਕੀ ਦੀ ਚਾਹ ਛੱਡ ਕੇ ਉਹ ਬਿਨਾਂ ਕੁਝ ਕਹੇ ਜਲਦੀ ਨਾਲ ਕਾਰ ਵਿਚ ਜਾ ਬੈਠਾ। ਉਸ ਦੀ ਪਤਨੀ ਹੈਰਾਨ ਹੋਈ ਉਸ ਨੂੰ ਵੇਖਦੀ

ਰਹਿ ਗਈ।

ਸਾਰਾ ਸਮਾਂ ਡਾਕਟਰ ਦੇ ਮਨ 'ਤੇ ਦੀਪੀ ਛਾਈ ਰਹੀ। ਉਸ ਦਾ ਦਿਲ ਕੀਤਾ ਹਸਪਤਾਲ ਫ਼ੂਨ ਕਰਕੇ ਉਹ ਉਸ ਦੇ ਬਾਰੇ ਪਤਾ ਕਰੇ। ਉਸ ਕੋਲ ਫੋਨ ਕਰਨ ਦਾ ਸਮਾਂ ਹੀ ਕਿੱਥੇ ਸੀ! ਉਹ ਉੱਡ ਕੇ ਹਸਪਤਾਲ ਪਹੁੰਚਣਾ ਚਾਹੁੰਦਾ ਸੀ। ਏਨੀ ਜਲਦੀ ਤਿਆਰ ਹੋ ਕੇ ਹਸਪਤਾਲ ਜਾਣ ਦਾ ਉਸ ਨੇ ਅੱਜ ਰਿਕਾਰਡ ਤੋੜ ਦਿੱਤਾ। ਉਸ ਦੇ ਮਨ ਵਿਚ ਆਸ ਦੀ ਕਿਰਨ ਜਗਦੀ ਬੁਝਦੀ ਰਹੀ ਕਿ ਸ਼ਾਇਦ ਦੀਪੀ ਅਜੇ ਠੀਕ ਸੀ। ਨਾ ਤਾਂ ਰਮੇਸ਼ ਦਾ ਫੋਨ ਆਇਆ ਸੀ ਅਤੇ ਨਾ ਹੀ ਨਰਸ ਦਾ। ਅਣ-ਮਿਊਂਦੀ ਆਸ ਨਾਲ ਉਹ ਗੱਡੀ ਭਜਾਈ ਜਲਦੀ ਤੋਂ ਜਲਦੀ ਹਸਪਤਸਲ ਪਹੁੰਚਣਾ ਚਾਹੁੰਦਾ ਸੀ।

ਹਸਪਤਾਲ ਪਹੁੰਚ ਕੇ ਲਿਫ਼ਟ ਦੀ ਉਡੀਕ ਕਰਨ ਦੀ ਥਾਂ ਉਹ ਦੋ ਦੋ ਪੌੜੀਆਂ ਦੇ ਛੜੱਪੇ ਮਾਰਦਾ ਭਜਦਿਆਂ ਪੌੜੀਆਂ ਚੜ੍ਹ ਗਿਆ ਅਤੇ ਹਵਾ ਦੇ ਬੁੱਲੇ ਵਾਂਗ ਵਾਰਡ ਵਿਚ ਚਲਾ ਗਿਆ। ਨਰਸ ਨੂੰ ਉਸ ਦੀ ਸ਼ੁਭ-ਸਵੇਰ ਦਾ ਜਵਾਬ ਦਿੱਤੇ ਬਿਨਾਂ ਉਸ ਨੇ ਦੀਪੀ ਬਾਰੇ ਪੁੱਛਿਆ।

"ਸਰ ਸਟੇਬਲ ਐ--।" ਨਰਸ ਨੇ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਹਰਦੀਪ ਤਕਰੀਬਨ ਭਜਦਿਆਂ ਦੀਪੀ ਦੇ ਬੈਡ ਕੋਲ ਪਹੁੰਚ ਗਿਆ। ਰਾਤ ਦੀ ਡਿਊਟੀ ਵਾਲਾ ਡਾਕਟਰ ਵੀ ਹਰਦੀਪ ਕੋਲ ਆ ਗਿਆ। ਹਰਦੀਪ ਕੁੜੀ ਦੀ ਰਿਪੋਰਟ ਵੇਖ ਰਿਹਾ ਸੀ। ਸਾਰੀ ਰਾਤ ਦੀ ਰਿਪੋਰਟ ਵਿਚ ਦੀਪੀ ਦੇ ਬਲੱਡ ਪਰੈਸ਼ਰ, ਉਸ ਦਾ ਸਰੀਰਕ ਤਾਪਮਾਨ, ਉਸ ਨੂੰ ਦਿੱਤੀਆਂ ਦਵਾਈਆਂ ਆਦਿ ਬਾਰੇ ਉਸ ਦੀਆਂ ਅੱਖਾਂ ਕਾਹਲੀ ਨਾਲ ਸਭ ਪੜ੍ਹ ਰਹੀਆਂ ਸਨ। ਰਿਪੋਰਟ ਪੜ੍ਹਦਿਆਂ ਡਾਕਟਰ ਹਰਦੀਪ ਦੇ ਚਿਹਰੇ 'ਤੇ ਕੁਝ ਤਸੱਲੀ ਦੇ ਭਾਵ ਆ ਜਾ ਰਹੇ ਸਨ।

"ਡਾਕਟਰ ਹਰਦੀਪ ਕੁੜੀ ਨੇ ਕੁਝ ਇੰਪਰੂਵ ਕੀਤਾ ਐ।" ਹਰਦੀਪ ਨੇ ਉਸ ਦੀ ਗੱਲ ਸੁਣੀ ਅਤੇ ਉਸ ਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਡਾਕਟਰ ਹਰਦੀਪ ਨੇ ਨਰਸ ਨੂੰ ਬੁਲਇਆ। ਉਸ ਨੂੰ ਕੁਝ ਕਹਿਣ ਦੀ ਥਾਂ ਡਾਕਟਰ ਨੇ ਆਪ ਹੀ ਕੁੜੀ ਦੀਆਂ ਅੱਖਾ ਦਾ ਰੰਗ, ਉਸ ਦੀ ਨਬਜ਼, ਉਸ ਦਾ ਬਲੱਡ ਪਰੈਸ਼ਰ ਅਤੇ ਤਾਪਮਾਨ ਆਦਿ ਚੈਕ ਕੀਤਾ। ਉਸ ਨੂੰ ਤਸੱਲੀ ਹੋ ਗਈ ਦੀਪੀ ਦੇ ਬਚ ਜਾਣ ਦੀ ਉਮੀਦ ਕਾਫੀ ਵੱਧ ਗਈ ਸੀ ਭਾਂਵੇਂ ਉਹ ਖਤਰੇ ਤੋਂ ਬਾਹਰ ਨਹੀਂ ਸੀ। ਅਸਲ 'ਚ ਖਤਰਾ ਅਜੇ ਵੀ ਸਿਰ 'ਤੇ ਮੰਡਲਾ ਰਿਹਾ ਸੀ। ਹੁਣ ਉਹਦੀ ਆਸ ਪਹਿਲਾਂ ਵਾਂਗ ਲੜਖੜਾ ਨਹੀਂ ਰਹੀ ਸੀ। ਉਸ ਨੇ ਰਾਤ ਦੀ ਡਿਊਟੀ ਵਾਲੇ ਡਾਕਟਰ ਦਾ ਧੰਨਵਾਦ ਕੀਤਾ ਅਤੇ ਬਾਕੀ ਮਰੀਜ਼ਾਂ ਸਬੰਧੀ ਜਾਣਕਾਰੀ ਲਈ। ਉਹ ਜਲਦੀ ਨਾਲ ਮੀਕੇ ਅਤੇ ਰਮੇਸ਼ ਨੂੰ ਮਿਲ ਕੇ ਇਹ ਖ਼ੁਸ਼ੀ ਉਹਨਾਂ ਨਾਲ ਸਾਂਝੀ ਕਰਨ ਲਈ ਉਤਾਵਲਾ ਸੀ। ਸਿਰ 'ਤੇ ਖੜ੍ਹੇ ਖਤਰੇ ਦੇ ਬਾਵਜੂਦ ਉਸ ਨੂੰ ਐਨਾ ਚਾਅ ਸੀ ਜਿਵੇਂ ਦੀਪੀ ਬਿਲਕੁਲ ਠੀਕ ਹੋ ਗਈ ਹੋਵੇ।

ਡਾਕਟਰ ਹਰਦੀਪ ਜਦ ਵਾਰਡ ਵਿਚ ਗਿਆ ਸੀ ਉਦੋਂ ਵੀ ਮੀਕਾ ਅਤੇ ਰਮੇਸ਼ ਵਾਰਡ ਦੇ ਬਾਹਰ ਬੈਠੇ ਸਨ। ਡਾਕਟਰ ਐਨੀ ਕਾਹਲੀ ਵਿਚ ਸੀ ਉਸ ਨੇ ਮੀਕੇ ਅਤੇ ਰਮੇਸ਼ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਮੀਕਾ ਉਸ ਨੂੰ ਵੇਖ ਕੇ ਕੁਰਸੀ ਤੋਂ ਉੱਠਿਆ ਵੀ ਪਰ ਡਾਕਟਰ ਆਪਣੇ ਧਿਆਨ ਤੇਜ਼ੀ ਨਾਲ ਅੰਦਰ ਚਲਾ ਗਿਆ। ਰਮੇਸ਼ ਕੁਰਸੀ 'ਤੇ ਬੈਠਾ ਊਂਘ ਰਿਹਾ ਸੀ। ਮੀਕੇ ਨੇ ਉਸ ਨੂੰ ਜਗਾਇਆ

ਤਾਂ ਉਹ ਅੱਬੜ ਵਾਹੇ ਉੱਠ ਖਲੋਤਾ।

"ਖ਼ਬਰ ਮਾੜੀ ਲਗਦੀ ਆ--।" ਮੀਕੇ ਦੇ ਗੱਚ ਭਰੇ ਬੋਲ ਕੰਬ ਗਏ।

"ਕੀ -ਕੀ ਮਤਲਬ!" ਰਮੇਸ਼ ਦੀਆਂ ਅੱਖਾਂ ਵਿਚੋਂ ਨੀਂਦ ਉੱਡ ਗਈ। ਉਸ ਨੂੰ ਅਸਲ ਗੱਲ ਅਜੇ ਸਮਝ ਨਹੀਂ ਸੀ ਲੱਗੀ।

"ਡਾਕਟਰ ਹਰਦੀਪ ਹੁਣੇ ਭੱਜਿਆ ਭੱਜਿਆ ਅੰਦਰ ਗਿਆ। ਪਤਾ ਨੀ ਦੀਪੀ ਬਾਰੇ ---।" ਤੇ ਅੱਗੇ ਉਸ ਤੋਂ ਬੋਲ ਨਾ ਹੋਇਆ। ਉਹ ਦਰੱਖਤ ਨਾਲੋਂ ਟੁੱਟੇ ਸੁੱਕੇ ਪੱਤੇ ਵਾਂਗ ਕੁਰਸੀ 'ਤੇ ਡਿੱਗ ਪਿਆ। ਰਮੇਸ਼ ਉਸ ਨੂੰ ਹੌਂਸਲਾ ਦੇਣਾ ਚਾਹੁੰਦਾ ਸੀ। ਉਸ ਨੂੰ ਹਰਦੀਪ ਦੇ ਰਾਤ ਵਾਲੇ ਬੋਲ ਯਾਦ ਆ ਗਏ। ਉਹ ਚਾਹੁੰਦਾ ਹੋਇਆ ਵੀ ਕੁਝ ਬੋਲ ਨਾ ਸਕਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਨੂੰ ਖੁਦ ਨੂੰ ਵੀ ਕਿਸੇ ਦੇ ਸਹਾਰੇ ਦੀ ਲੋੜ ਸੀ। ਉਸ ਨੇ ਮੀਕੇ ਦਾ ਹੱਥ ਆਪਣੇ ਹੱਥ ਵਿਚ ਮਾੜਾ ਜਿਹਾ ਘੁੱਟਿਆ।

"ਮੀਕੇ ਜੇ ਬੁਰੀ ਖਬਰ ਹੋਈ ਤਾਂ ਉਹਦੇ ਲਈ ਵੀ ਤਿਆਰ ਹੋਣਾ ਈ ਪੈਣਾ।" ਰਮੇਸ਼ ਦੇ ਰੁੰਧੇ ਗਲੇ 'ਚੋਂ ਲੜਖੜਾਂਉਂਦੇ ਬੋਲ ਮਸਾਂ ਹੀ ਮੀਕੇ ਦੇ ਕੰਨਾਂ ਤੱਕ ਪਹੁੰਚੇ। ਰਮੇਸ਼ ਮੀਕੇ ਦੇ ਅਹਿਸਾਸਾਂ ਨੂੰ ਤਸੱਲੀ ਦੇਣ ਲਈ ਅਤੇ ਆਪਣੇ ਡੁਬਦੇ ਮਨ ਨੂੰ ਸਹਾਰਾ ਦੇਣ ਲਈ ਮੀਕੇ ਦਾ ਹੱਥ ਘੁਟਦਾ ਰਿਹਾ। ਉਹਨਾਂ ਦੀਆਂ ਹੰਝੂਆਂ ਨਾਲ ਧੁੰਧਲੀਆਂ ਹੋਈਆਂ ਅੱਖਾਂ ਵਾਰਡ ਦੇ ਦਰਵਾਜ਼ੇ 'ਤੇ ਲੱਗੀਆਂ ਹੋਈਆਂ ਸਨ। ਉਹ ਕਦੇ ਖੜ੍ਹੇ ਹੋ ਜਾਂਦੇ ਅਤੇ ਕਦੇ ਬੈਠ ਜਾਂਦੇ। ਉਹਨਾਂ ਨੂੰ ਕਿਵੇਂ ਵੀ ਚੈਨ ਨਹੀਂ ਆ ਰਿਹਾ ਸੀ।

ਪੰਦਰਾਂ ਕੁ ਮਿੰਟ ਬਾਅਦ ਡਾਕਟਰ ਹਰਦੀਪ ਦੀ ਮਾੜੀ ਜਿਹੀ ਮੁਸਕਰਾਉਂਦੀ ਸੂਰਤ ਉਹਨਾਂ ਨੂੰ ਦਰਵਾਜ਼ੇ ਵਿਚੋਂ ਬਾਹਰ ਆਉਂਦੀ ਦਿਸੀ। ਉਹਨਾਂ ਦੇ ਚਿਹਰਿਆਂ ਤੋਂ ਵੀ ਉਦਾਸੀ ਦਾ ਪ੍ਰਛਾਵਾਂ ਵਿਰਲਾ ਹੋ ਗਿਆ। ਉਹ ਕਾਹਲੀ ਨਾਲ ਡਾਕਟਰ ਹਰਦੀਪ ਕੋਲ ਗਏ। ਉਹਨਾਂ ਨਾਲ ਉਸ ਨੇ ਹੱਸਦਿਆਂ ਹੱਥ ਮਿਲਾਏ। ਦੀਪੀ ਵਿਚ ਆਈ ਥੋੜੀ ਪਰ ਸਿਹਤਮੰਦ ਤਬਦੀਲੀ ਬਾਰੇ ਉਸ ਨੇ ਉਹਨਾਂ ਨੂੰ ਜਾਣਕਾਰੀ ਦਿੱਤੀ।

"ਕੱਲ੍ਹ ਨਾਲੋਂ ਅੱਜ ਮੈਂ ਕਿਤੇ ਵੱਧ ਆਸਮੰਦ ਆਂ ਪਰ ਖਤਰਾ ਅਜੇ ਟਲਿਆ ਨਹੀਂ। ਸ਼ਾਮ ਤੱਕ ਹੋਰ ਵੀ ਹਾਲਤ ਬਾਰੇ ਪਤਾ ਚੱਲ ਜਾਵੇਗਾ। ਫਿਕਰ ਨਾ ਕਰੋ।" ਡਾਕਟਰ ਨੇ ਦੋਵਾਂ ਨਾਲ ਹੱਥ ਮਿਲਾਇਆ ਅਤੇ ਵਾਰਡ ਵੱਲ ਤੁਰ ਪਿਆ। ਉਹਨਾਂ ਦੇ ਚਿਹਰੇ ਵੀ ਖੁਸ਼ੀ ਦੀ ਭਾਅ ਨਾਲ ਮਾੜੇ ਮੋਟੇ ਖਿਲ ਗਏ। ਡਾਕਟਰ ਹਰਦੀਪ ਅਜੇ ਚਾਰ ਕੁ ਕਦਮ ਹੀ ਅੱਗੇ ਗਿਆ ਸੀ ਉਹ ਫਿਰ ਵਾਪਿਸ ਆ ਗਿਆ।

"ਰਮੇਸ਼ ਮੈਂ ਘਰ ਫੋਨ ਕਰ ਦਿਨਾਂ ਤੂੰ ਜਾ ਕੇ ਖਾਣਾ ਫੜ ਲਿਆ।"

"ਨਹੀਂ ਨਹੀਂ ਇਹਦੀ ਤੁਸੀਂ ਫਿਕਰ ਨਾ ਕਰੋ। ਅਸੀਂ ਸਾਰਾ ਬੰਦੋਬਸਤ ਕੀਤਾ ਹੋਇਆ।" ਰਮੇਸ਼ ਦੀ ਥਾਂ ਮੀਕੇ ਨੇ ਜਵਾਬ ਦਿੱਤਾ।

"ਠੀਕ ਆ ਜੇ ਕਿਸੇ ਚੀਜ਼ ਦੀ ਲੋੜ ਹੋਈ ਤਾਂ ਦੱਸ ਦੇਣਾ। ਮੈਂ ਤੁਹਾਨੂੰ ਬਾਅਦ ਵਿਚ ਮਿਲਦਾਂ।" ਡਾਕਟਰ ਜਲਦੀ ਨਾਲ ਵਾਰਡ ਵਿਚ ਚਲਾ ਗਿਆ। ਮੀਕਾ ਅਤੇ ਰਮੇਸ਼ ਆਪਣੇ ਚਿਹਰਿਆਂ 'ਤੇ ਆਸ ਭਰੀ ਖੁਸ਼ੀ ਦਾ ਖੇੜਾ ਲਈ ਕਮਰੇ ਵਿਚ ਚਲੇ ਗਏ। ਉਹਨਾਂ ਨੇ ਬਜ਼ੁਰਗਾਂ ਨੂੰ ਖਬਰ ਦਿੱਤੀ ਅਤੇ ਉਹਨਾਂ ਦੀਆਂ ਅੱਖਾਂ ਵਿਚ ਵੀ ਚਮਕ ਆ ਗਈ। ਬੀ ਜੀ ਦੇ ਹੱਥ ਆਪਣੇ ਆਪ ਜੁੜ ਗਏ ਅਤੇ ਉਹਨਾਂ ਨੇ ਅੱਖਾਂ ਬੰਦ ਕਰਕੇ ਰੱਬ ਤੋਂ ਕੁਝ ਮੰਗਣ ਦੀ ਮੁਦਰਾ ਵਿਚ ਮੂੰਹ ਉਪਰ ਨੂੰ ਕਰ ਲਿਆ।

"ਪ੍ਰਮਾਤਮਾਂ ਤੇਰਾ ਲੱਖ ਲੱਖ ਸ਼ੁਕਰ ਆ। ਕੁੜੀ 'ਤੇ ਮਿਹਰ ਕਰ। ਸਾਡੇ ਕੱਖ ਰੱਖ ਲੈ। ਤੇਰੇ ਦਰ 'ਤੇ ਕੀਤੀ ਅਰਦਾਸ ਮੰਨਜ਼ੂਰ ਕਰ।" ਫਿਰ ਬੀਜੀ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ। ਮੀਕਾ ਅਤੇ ਰਮੇਸ਼ ਚਾਹ ਅਤੇ ਨਾਸ਼ਤੇ ਦਾ ਬੰਦੋਬਸਤ

ਕਰਨ ਲਈ ਚਲੇ ਗਏ।

ਦੁਪਹਿਰ ਨੂੰ ਡਾਕਟਰ ਫਿਰ ਉਹਨਾਂ ਨੂੰ ਮਿਲਿਆ। ਉਸ ਦੀਆਂ ਹਰਕਤਾਂ ਵਿਚ ਸਵੇਰ ਨਾਲੋਂ ਵੀ ਜ਼ਿਆਦਾ ਤਸੱਲੀ ਸੀ।

"ਹੁਣੇ ਈ ਮੈਂ ਦੀਪੀ ਨੂੰ ਫਿਰ ਚੈਕ ਕੀਤਾ ਐ। ਉਸ ਦੀ ਤਾਜ਼ਾ ਬਲੱਡ ਰਿਪੋਰਟ ਵੀ ਹੁਣੇ ਆਈ ਐ। ਉਸ ਦਾ ਬਲੱਡ ਪਰੈਸ਼ਰ, ਨਬਜ਼, ਉਸ ਦੀਆਂ ਅੱਖਾਂ, ਗੱਲ ਕੀ ਮੋਟੇ ਤੌਰ 'ਤੇ ਉਸ ਦੀ ਹਾਲਤ ਵਿਚ ਕਾਫੀ ਮੋੜ ਪਿਆ।" ਡਾਕਟਰ ਦੀ ਤਸੱਲੀ ਨੇ ਉਹਨਾਂ ਨੂੰ ਮਣਾਂ ਮੂੰਹ ਹੌਂਸਲਾ ਦਿੱਤਾ। ਉਹਨਾਂ ਵਿਚ ਜਿਵੇਂ ਜ਼ਿੰਦਗੀ ਨੇ ਨਵੀਂ ਰੂਹ ਫੂਕ ਦਿੱਤੀ ਹੋਵੇ।

ਮੀਕੇ ਨੇ ਸੀਤੋ ਨੂੰ ਅਜੇ ਤੱਕ ਫੋਨ ਨਹੀਂ ਕੀਤਾ ਸੀ। ਉਸ ਦਾ ਮਨ ਹੀ ਨਾ ਮੰਨਿਆ ਕਿ ਸੀਤੋ ਨੂੰ ਉਹ ਦੀਪੀ ਬਾਰੇ ਮਾੜੀ ਖਬਰ ਦੇਵੇ। ਉਹ ਦਿਲ ਢਾਹੂ ਭਾਵਨਾਵਾਂ ਦਾ ਸ਼ਿਕਾਰ ਸੀ। ਅਜੇ ਤਾਂ ਉਸ ਨੂੰ ਰਮੇਸ਼ ਦਾ ਵਾਹਵਾ ਸਹਾਰਾ ਸੀ ਅਤੇ ਉਸ ਨੇ ਇਕ ਦੋ ਵੇਰ ਉਸ ਨੂੰ ਸੀਤੋ ਨੂੰ ਫੋਨ ਕਰਨ ਦੀ ਰਾਇ ਵੀ ਦਿੱਤੀ ਸੀ। ਉਹ ਇਕੱਲੀ ਸੀ ਅਤੇ ਉਸ ਨੂੰ ਅਜਿਹੀ ਦਿਲ ਤੋੜਵੀਂ ਖਬਰ ਦੇ ਕੇ ਉਹ ਉਸ ਨੂੰ ਦੁਖੀ ਨਹੀਂ ਕਰਨਾ ਚਾਹੁੰਦਾ ਸੀ। ਹੁਣ ਡਾਕਟਰ ਹਰਦੀਪ ਦੀ ਦਿੱਤੀ ਖਬਰ ਨਾਲ ਉਸ ਨੂੰ ਫੋਨ ਕਰਨ ਦਾ ਖਿਆਲ ਆਇਆ ਅਤੇ ਉਸ ਨੇ ਪੀ ਸੀ ਓ ਤੋਂ ਉਸ ਨੂੰ ਫੋਨ ਕੀਤਾ।

"ਐਨੇ ਦਿਨ ਹੋ 'ਗੇ ਤੁਸੀਂ ਫੋਨ ਨੀ ਕੀਤਾ। ਪ੍ਰੀਤ ਬਾਰੇ ਕੁਸ ਤਾਂ ਦੱਸਣਾ ਸੀ। ਮੈਂ ਪਿੰਡ ਫੋਨ ਕਰ ਕਰ ਕੇ ਪਾਗਲ ਹੋਈ ਪਈ ਆਂ।" ਸੀਤੋ ਭਰੀ ਪੀਤੀ ਫੋਨ 'ਤੇ ਮੀਕੇ ਦੇ ਗਲ ਪੈ ਗਈ। ਮੀਕਾ ਚੁੱਪ ਉਸ ਦੀ ਸ਼ਕਾਇਤ ਸੁਣਦਾ ਰਿਹਾ। ਉਹ ਜਾਣਦਾ ਸੀ ਕਿ ਸੀਤੋ ਨੂੰ ਠੰਡੀ ਕਰਨ ਦਾ ਇਸ ਤੋਂ ਬੇਹਤਰ ਕੋਈ ਵੀ ਹੋਰ ਢੰਗ ਨਹੀਂ ਸੀ।

"ਮੈਂ ਤਾਂ ਆਪ ਈ ਬੇਸੁਰਤ ਜਿਹਾ ਹੋਇਆ ਪਿਆਂ। ਮੋਗੇ ਆਥਣ ਨੂੰ ਪਹੁੰਚਿਆ ਤਾਂ ਪਤਾ ਲੱਗਿਆ ਬਈ ਦੀਪੀ ਨੂੰ ਲੁਧਿਆਣੇ ਲੈ ਗਏ। ਉਹਨੀਂ ਪੈਰੀਂ ਵਾਪਸ ਲੁਧਿਆਣੇ ਨੂੰ ਚੱਲ ਪਿਆ। ਚੰਗਾ ਹੋਇਆ ਰਮੇਸ਼ ਮੇਰੇ ਨਾਲ ਆ ਗਿਆ।" ਮੀਕੇ ਨੇ ਥੋੜ੍ਹਾ ਚੁੱਪ ਕਰਕੇ ਅਗਲੀ ਗੱਲ ਕਰਨ ਲਈ ਸੀਤੋ ਅਤੇ ਆਪਣੇ ਆਪ ਨੂੰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ।

"ਫੇਰ----।" ਸੀਤੋ ਦੀ ਅਵਾਜ਼ ਕੰਬੀ ਅਤੇ ਉਸ ਕੰਬਣੀ ਨੂੰ ਮਹਿਸੂਸ ਕਰਕੇ ਮੀਕੇ ਦੇ ਸਰੀਰ ਵਿਚ ਝਰਨਾਹਟ ਫਿਰ ਗਈ।

"ਬੱਸ ਤੂੰ ਸਮਝ ਲਾ ਬਈ ਕਿਸਮਤ ਮਿਹਰਬਾਨ ਐ। ਦੀਪੀ ਨੂੰ ਨਵਾਂ ਜਨਮ ---।" ਅੱਗੇ ਮੀਕੇ ਦਾ ਮਨ ਭਰ ਆਇਆ ਅਤੇ ਉਸ ਤੋਂ ਕੁਝ ਪਲ ਹੋਰ ਕੁਝ ਵੀ ਬੋਲਿਆ ਨਾ ਗਿਆ।

"ਪ੍ਰੀਤ ਹੁਣ ਕਿਵੇਂ ਆ?"

"ਹੁਣ ਡਾਕਟਰ ਨੇ ਕੁਸ ਤਸੱਲੀ ਦਿੱਤੀ ਆ। ਨਹੀਂ ਤਾਂ ਬੱਸ ਜਿਉਂਦੇ ਈ ਮਰੇ ਪਏ ਸੀ।" ਮੀਕੇ ਨੇ ਸੀਤੋ ਨੂੰ ਸਾਰੀ ਗੱਲ ਬਾਤ ਦਿਲ ਕਰੜਾ ਕਰਕੇ ਸੁਣਾ ਦਿੱਤੀ। ਸੀਤੋ ਦੇ ਸੁੱਕੇ ਸਾਹਾਂ 'ਚੋਂ ਮਸਾਂ ਅਵਾਜ਼ ਨਿਕਲਦੀ। ਮੀਕੇ ਨੂੰ ਉਸ ਦੀ ਉਦਾਸੀ ਭਿੱਜੀ ਹਾਂ ਹੂੰ ਸੁਣਦੀ।

"ਹੁਣ ਨਾ ਤੂੰ ਫਿਕਰ ਕਰ। ਮੈਂ ਕੱਲ੍ਹ ਨੂੰ ਫੋਨ ਕਰੂੰ। ਗੁਰੂ ਭਲੀ ਕਰੂ।" ਮੀਕੇ ਨੇ ਗੱਲਾਂ ਦਾ ਰੁਖ ਬਦਲ ਕੇ ਬਾਕੀ ਬੱਚਿਆਂ ਦੀ ਸੁੱਖ ਸਾਂਦ ਅਤੇ ਘਰ ਦੇ ਹਾਲ ਚਾਲ ਵੱਲ ਕਰ ਲਿਆ। ਰਮੇਸ਼ ਨੂੰ ਫੋਨ ਤੋਂ ਵਿਹਲਾ ਹੋਇਆ ਵੇਖ ਕੇ ਮੀਕੇ ਨੇ ਵੀ ਫੋਨ ਕੱਟ ਦਿੱਤਾ

ਅਤੇ ਉਹ ਹਸਪਤਾਲ ਵੱਲ ਤੁਰ ਪਏ।

"ਰਮੇਸ਼ ਮੇਰਾ ਖਿਆਲ ਆ ਬਈ ਤੂੰ ਅੱਜ ਵਾਪਿਸ ਚਲਾ ਜਾਹ। ਹੁਣ ਦੀਪੀ ਅੱਗੇ ਨਾਲੋਂ ਠੀਕ ਆ। ਨਾਲ ਈ ਬੇਜੀ ਤੇ ਬਾਪੂ ਜੀ ਨੂੰ ਲੈ ਜਾ। ਬਹੁਤ ਦਿਨਾਂ ਤੋਂ ਵਿਚਾਰੇ ਨਰਕ ਭੋਗਦੇ ਆ।"

"ਪਰ ਤੂੰ 'ਕੱਲਾ। ਮੈਂ ਅੱਜ ਜਾਂ ਸਵੇਰੇ ਜਾ ਕੇ ਦੂਜੇ ਦਿਨ ਵਾਪਸ ਆ ਜੂੰ।"

"ਨਈਂ ਯਾਰ ਲੋੜ ਹੋਈ ਤਾਂ ਮੈਂ ਆਪ ਈ ਤੈਨੂੰ ਫੋਨ ਕਰ ਲੂੰ।" ਮੀਕੇ ਨੂੰ ਰਮੇਸ਼ ਦੇ ਕੰਮ ਅਤੇ ਪਰਿਵਾਰ ਦਾ ਖਿਆਲ ਸੀ।

ਗੱਲਾਂ ਕਰਦੇ ਉਹ ਹਸਪਤਾਲ ਪਹੁੰਚ ਗਏ। ਮੀਕੇ ਨੇ ਆਪਣੀ ਰਾਇ ਮਾਂ ਪਿਉ ਕੋਲ ਰੱਖੀ। ਬਾਪੂ ਜੀ ਤਾਂ ਅਜੇ ਸੋਚ ਈ ਰਹੇ ਸੀ ਕਿ ਬੀਜੀ ਨੇ ਆਪਣਾ ਫੈਸਲਾ ਸੁਣਾ ਦਿੱਤਾ।

"ਆਪਦੇ ਬਾਪੂ ਜੀ ਨੂੰ ਪਿੰਡ ਭੇਜ ਦੇ। ਮੈਂ ਤਾਂ ਦੀਪੀ ਦੇ ਨਾਲ ਈ ਜਾਊਂ। ਉਹਦੇ ਬਿਨਾਂ ---।" ਬੀਜੀ ਤੋਂ ਗੱਲ ਪੂਰੀ ਨਾ ਹੋਈ ਅਤੇ ਉਹ ਰੋਣ ਲੱਗੇ। ਮੀਕੇ ਨੇ ਅਤੇ ਰਮੇਸ਼ ਨੇ ਉਹਨਾਂ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ।

"ਅਸੀਂ ਚਾਰ ਕੁ ਵਜੇ ਤੱਕ ਵੇਖਦੇ ਆਂ। ਡਾਕਟਰ ਹਰਦੀਪ ਨੂੰ ਇਕ ਵਾਰ ਮਿਲ ਕੇ ਤਸੱਲੀ ਕਰ ਲਈਏ। ਜੇ ਕੁੜੀ ਠੀਕ ਹੋਈ ਤਾਂ ਮੈਂ ਬਾਪੂ ਜੀ ਨੂੰ ਨਾਲ ਲੈ ਕੇ ਚਲਾ ਜਾਊਂ। ਜੇ ਲੇਟ ਹੋਗੇ ਤਾਂ ਬਾਪੂ ਜੀ ਮੋਗੇ ਰਹਿ ਪੈਣਗੇ ਤੇ ਸਵੇਰੇ ਮੈਂ ਬੱਸ ਬਠਾ ਦੂੰ।" ਰਮੇਸ਼ ਦੀ ਰਾਇ ਸਾਰਿਆਂ ਨੂੰ ਜੱਚ ਗਈ। ਮੀਕੇ ਨੇ ਘੜੀ ਦੇਖੀ। ਦੁਪਹਿਰ ਦੇ ਦੋ ਵੱਜੇ ਸਨ ਅਤੇ ਉਸ ਨੂੰ ਬਾਹਰ ਦੀ ਕੜਕਦੀ ਧੁੱਪ ਯਾਦ ਆਈ।

ਰਮੇਸ਼ ਨੇ ਬਜ਼ੁਰਗਾਂ ਤੋਂ ਅੱਖ ਬਚਾ ਕੇ ਮੀਕੇ ਦੇ ਹੱਥ ਵਿਚ ਨੋਟਾਂ ਦੀ ਗੁੱਟੀ ਥਮਾ ਦਿੱਤੀ ਅਤੇ ਆਪਣੇ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਮੀਕੇ ਦੇ ਮਨ ਵਿਚ ਰਮੇਸ਼ ਦਾ ਹੋਰ ਵੀ ਸਤਿਕਾਰ ਵੱਧ ਗਿਆ। ਕੁਝ ਮਿੰਟਾਂ ਬਾਅਦ ਮੀਕੇ ਨੇ ਰਮੇਸ਼ ਨੂੰ ਇਸ਼ਾਰੇ ਨਾਲ ਬਾਹਰ ਸੱਦ ਲਿਆ।

"ਆਹ ਕੀ ਯਾਰ। ਪੈਸੇ ਮੇਰੇ ਕੋਲ ਹੈਗੇ। ਬੱਸ ਤੁੜਾਉਣੇ ਆ। ਤੇਰੀ ਮਿਹਰਬਾਨੀ ਬਈ ਤੂੰ ਐਨਾ ਸੋਚਿਆ।" ਮੀਕੇ ਨੇ ਆਜਜੀ ਨਾਲ ਕਿਹਾ।

"ਮਿਹਰਬਾਨੀ ਤਾਂ ਰੱਖ ਤੂੰ ਆਵਦੇ ਕੋਲ। ਪੈਸੇ ਤੜਾਉਣ ਦੀ ਅਜੇ ਲੋੜ ਨੀ। ਮੇਰੇ ਕੋਲ ਜਿੰਨੇ ਘਰ ਪਏ ਸੀ ਮੈਂ ਲੈ ਆਇਆ ਸੀ। ਕੱਲ੍ਹ ਨੂੰ ਹੋਰ ਵੀ ਲੈ ਆਊਂ। ਨਾਲੇ ਪੌਂਡ ਦੇ ਭਾਅ ਦਾ ਪਤਾ ਕਰ ਲਾਂ ਗੇ।" ਰਮੇਸ਼ ਨੇ ਮੀਕੇ ਦਾ ਪੈਸਿਆਂ ਵਾਲਾ ਆਪਣੇ ਵੱਲ ਵਧਿਆ ਹੱਥ ਆਪਣੇ ਹੱਥ ਨਾਲ ਪਿਆਰ ਨਾਲ ਝਟਕ ਦਿੱਤਾ। ਮੀਕਾ ਦਿਲੋਂ ਰਮੇਸ਼ ਦਾ ਹੋਰ ਵੀ ਅਹਿਸਾਨਮੰਦ ਮਹਿਸੂਸ ਕਰਨ ਲੱਗਾ। ਰਮੇਸ਼ ਬਿਨਾਂ ਮੀਕੇ ਨੂੰ ਸੱਚੀਂ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਣਾ ਸੀ। ਇਸ ਦਾ ਮੀਕੇ ਨੂੰ ਚੰਗੀ ਤਰ੍ਹਾਂ ਪਤਾ ਸੀ।

ਚਾਰ ਕੁ ਵਜੇ ਡਾਕਟਰ ਹਰਦੀਪ ਆਇਆ ਅਤੇ ਉਸ ਨੇ ਉਹਨਾਂ ਨੂੰ ਦੀਪੀ ਦੀ ਸਿਹਤ ਬਾਰੇ ਦੱਸਿਆ।

"ਦੀਪੀ ਨੇ ਇਕ ਦੋ ਵਾਰ ਅੱਖਾਂ ਖੋਲ੍ਹੀਆਂ ਵੈਸੇ ਅਜੇ ਕਮਜ਼ੋਰੀ ਬਹੁਤ ਐ। ਅਸੀਂ ਚਾਹੁੰਦੇ ਆਂ ਕਿ ਉਹ ਅਰਾਮ ਕਰੇ। ਖਤਰਾ ਪਹਿਲਾਂ ਨਾਲੋਂ ਬਹੁਤ ਘੱਟ ਐ। ਕਈ ਵਾਰ ਇੰਨਫੈਕਸ਼ਨ ਦਾ ਵੀ ਡਰ ਰਹਿੰਦਾ। ਇਸੇ ਕਰਕੇ ਤੁਹਾਨੂੰ ਉਸ ਕੋਲ ਘੱਟ ਜਾਣ ਦੀ

ਆਗਿਆ ਹੈ।"

"ਭਾਈ ਅਸੀਂ ਤਾਂ ਜਾਂਦੇ ਈ ਨੀ। ਹਿੱਕ 'ਤੇ ਪੱਥਰ ਰੱਖ ਲਿਆ। ਅੰਦਰਲਾ ਬਥੇਰਾ ਔਹਲਦਾ ਉਹਨੂੰ ਦੇਖਣ ਨੂੰ। ਬੱਸ ਉਹ ਠੀਕ ਹੋ ਜੇ।" ਬੀਜੀ ਨੇ ਆਪਣੇ ਦਿਲ ਦੀ ਕਹਿ ਦਿੱਤੀ। ਡਾਕਟਰ ਹਰਦੀਪ ਨੂੰ ਉਸ 'ਤੇ ਤਰਸ ਆਇਆ। ਉਸ ਨੇ ਪੇਸ਼ਾਵਰ ਫੈਸਲਾ ਲੈਣਾ ਹੀ ਠੀਕ ਸਮਝਿਆ।

"ਕੋਈ ਨੀ ਮਾਤਾ ਜੀ ਬੱਸ ਇਕ ਦੋ ਦਿਨ ਦੀ ਗੱਲ ਐ। ਸਭ ਠੀਕ ਹੋ ਜਾਏਗਾ।" ਉਸ ਨੇ ਮਾਤਾ ਨੂੰ ਤਸੱਲੀ ਦੇਣ ਦੀ ਕੋਸ਼ਸ਼ ਕੀਤੀ। ਡਾਕਟਰ ਹਰਦੀਪ ਕੁਝ ਹੋਰ ਗੱਲਾਂ ਬਾਤਾਂ ਕਰਕੇ ਚਲਾ ਗਿਆ। ਨਾਲ ਹੀ ਉਸ ਨੇ ਕੁਝ ਪੈਸੇ ਜਮ੍ਹਾਂ ਕਰਾਉਣ ਦਾ ਸੁਝਾਅ ਦਿੱਤਾ ਜੋ ਮੀਕੇ ਨੇ ਜਲਦੀ ਹੀ ਜਮ੍ਹਾਂ ਕਰਾਉਣ ਦਾ ਵਾਇਦਾ ਦੇ ਦਿੱਤਾ।

"ਬਾਪੂ ਜੀ ਤੁਸੀਂ ਤਾਂ ਜਾਉ ਪਿੰਡ। ਰਮੇਸ਼ ਤੁਹਾਨੂੰ ਬੱਸ'ਤੇ ਬਿਠਾ ਦੇਊਗਾ ਮੋਗੇ ਤੋਂ। ਘਰ ਦਾ ਪਤਾ ਸੁਤਾ ਵੀ ਲਉ। ਮੈਂ ਤੁਹਾਨੂੰ ਫੋਨ ਕਰਦਾ ਰਹੂੰ।"

"ਆਹ ਲੈ ਪੁੱਤ ਪੈਸੇ ਰੱਖ ਲਾ। ਕੁਸ ਤੇਰੀ ਬੇਬੇ ਜੀ ਕੋਲ ਵੀ ਹੈਗੇ ਆ।" ਮੀਕੇ ਨੇ ਰਮੇਸ਼ ਵੱਲ ਵੇਖਿਆ ਜਿਵੇਂ ਪੁੱਛ ਰਿਹਾ ਹੋਵੇ ਹੁਣ ਤਾਂ ਤੂੰ ਆਵਦੇ ਪੈਸੇ ਵਾਪਿਸ ਲੈ ਜਾ। ਪਰ ਉਸ ਦੀ ਹਿੰਮਤ ਨਾ ਪਈ ਕਿ ਰਮੇਸ਼ ਨੂੰ ਪੈਸੇ ਵਾਪਿਸ ਕਰ ਸਕੇ।

"ਰਮੇਸ਼ ਯਾਰ ਇਕ ਦੋ ਕੁੜਤੇ ਪਜਾਮੇ ਜੇ ਬਣਵਾ ਲਵੇਂ ਤਾਂ ਚੰਗਾ। ਕੁੜਤੇ ਪਜਾਮੇ ਵਿਚ ਗਰਮੀ ਵਿਚ ਬੰਦਾ ਸੌਖਾ ਰਹਿੰਦਾ।"

"ਮੈਂ ਕੱਲ੍ਹ ਨੂੰ ਈ ਬਣਵਾ ਲੂੰ। ਪਰਸੋਂ ਨੂੰ ਨਾਲੇ ਤੈਨੂੰ ਮਿਲ ਜਾਊਂ, ਨਾਲੇ ਕਪੜੇ ਫੜਾ ਜੂੰ।"

"ਚਲੋ ਫਿਰ ਦੇਰ ਨਾ ਕਰੋ। ਤੁਸੀਂ ਜਾਉ। ਮੈਂ ਸਵੇਰੇ ਫੋਨ ਕਰੂੰ ਕਿਸੇ ਵੇਲੇ।" ਰਮੇਸ਼ ਅਤੇ ਬਾਪੂ ਜੀ ਦੋਵੇਂ ਹਸਪਤਾਲ ਵਿਚੋਂ ਚਲੇ ਗਏ ਅਤੇ ਮੀਕਾ ਕਦੇ ਆਈ ਸੀ ਯੂ ਦੇ ਗੇਟ ਵੱਲ ਅਤੇ ਕਦੇ ਪੌੜੀਆਂ ਵੱਲ ਵੇਖਦਾ ਕਮਰੇ ਦੇ ਬਾਹਰ ਖੜ੍ਹਾ ਰਿਹਾ। ਉਸ ਨੂੰ ਲੱਗਿਆ ਜਿਵੇਂ ਉਹ ਰਮੇਸ਼ ਬਿਨਾਂ ਇਕੱਲਾ ਰਹਿ ਗਿਆ ਹੋਵੇ।

ਮੀਕਾ ਅਤੇ ਮਾਤਾ ਦੋਵੇਂ ਹੀ ਇਕੱਲੇ ਜਿਹੇ ਰਹਿ ਗਏ ਸਨ। ਉਹਨਾਂ ਕੋਲ ਕਰਨ ਲਈ ਕੋਈ ਕੰਮ ਨਹੀਂ ਸੀ। ਉਹ ਕਦੇ ਕਮਰੇ ਵਿਚ ਚਲੇ ਜਾਂਦੇ। ਕਦੇ ਉਹ ਵੇਟਿੰਗ ਹਾਲ ਵਿਚ ਹੋਰ ਲੋਕਾਂ ਵਿਚ ਬੈਠ ਜਾਂਦੇ ਅਤੇ ਦੂਸਰਿਆਂ ਨਾਲ ਗੱਲਾਂ ਕਰਦੇ ਰਹਿੰਦੇ। ਕਦੇ ਉਹ ਵਾਰਡ ਦੇ ਗੇਟ 'ਤੇ ਲੱਗੇ ਸ਼ੀਸ਼ੇ ਵਿਚੋਂ ਦੀ ਦੀਪੀ ਦੇ ਮੰਜੇ ਵੱਲ ਵੇਖਣ ਦੀ ਕੋਸ਼ਿਸ਼ ਕਰਦੇ। ਉਹਨਾਂ ਨੂੰ ਦਿਸਦਾ ਤਾਂ ਕੁਝ ਨਾ ਬੱਸ ਇਕ ਫੋਕੀ ਤਸੱਲੀ ਹੋ ਜਾਂਦੀ। ਥੱਕ ਟੁੱਟ ਕੇ ਉਹ ਫਿਰ ਵੇਟਿੰਗ ਰੂਮ ਵਿਚ ਆ ਜਾਂਦੇ। ਮੀਕੇ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਦੂਸਰਿਆਂ ਦੇ ਦੁਖ ਵਿਚ ਸ਼ਾਮਲ ਹੋਣ ਨਾਲ ਆਪਦਾ ਦੁਖ ਵੀ ਘੱਟ ਮਹਿਸੂਸ ਹੁੰਦਾ ਹੈ। ਹਰ ਕਿਸੇ ਨੂੰ ਆਪਣਾ ਦੁੱਖ ਵੱਡਾ ਲਗਦਾ ਹੈ। ਜਦ ਮੀਕੇ ਨੇ ਦੂਸਰਿਆਂ ਨਾਲ ਗੱਲਾਂ ਕੀਤੀਆਂ ਤਾਂ ਉਸ ਨੂੰ ਪਤਾ ਲੱਗਿਆ ਹੋਰ ਲੋਕ ਤਾਂ ਉਸ ਤੋਂ ਵੀ ਦੁਖੀ ਸਨ। ਕੋਈ ਆਪਣੇ ਇਕਲੌਤੇ ਬੱਚੇ ਦੀ ਜ਼ਿੰਦਗੀ ਦੀ ਰੱਬ ਤੋਂ ਭੀਖ ਮੰਗ ਰਿਹਾ ਸੀ। ਕੋਈ ਮੁਟਿਆਰ ਕੁੜੀ ਆਪਣੀ ਮਾਂ ਲਈ ਪ੍ਰੇਸ਼ਾਨ ਸੀ ਜਿਸ ਦਾ ਦੁਨੀਆਂ ਵਿਚ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਮੀਕੇ ਨੂੰ ਲੋਕਾਂ ਨੂੰ ਮਿਲ ਕੇ ਜ਼ਿੰਦਗੀ ਦੇ ਕਰੂਪ ਚਿਹਰੇ ਦੇ ਦਰਸ਼ਨ ਹੋਏ ਜੋ ਬਹੁਤ ਦੁਖਦਾਈ ਸਨ।

ਉਸ ਨੂੰ ਇਕ ਬਜ਼ੁਰਗ ਦੀ ਕਹੀ ਗੱਲ ਬਹੁਤ ਸਿੱਖਿਆ ਭਰਪੂਰ ਲੱਗੀ। ਇਕ ਆਦਮੀ ਕੋਲ ਦਸ ਪੈਸੇ ਸਨ ਅਤੇ ਉਹ ਬਹੁਤ ਭੁੱਖਾ ਸੀ। ਉਹ ਐਨੇ ਕੁ ਪੈਸਿਆਂ ਨਾਲ ਰੋਟੀ ਖਰੀਦਣ ਬਾਰੇ ਤਾਂ ਸੋਚ ਵੀ ਨਹੀਂ ਸਕਦਾ ਸੀ। ਉਸ ਦੇ ਮਨ ਵਿਚ ਆਤਮ ਹੱਤਿਆ ਦਾ

ਖਿਆਲ ਵਾਰ ਵਾਰ ਆ ਰਿਹਾ ਸੀ। ਸੋਚ ਸੋਚ ਕੇ ਉਸ ਨੇ ਕੇਲੇ ਵੇਚਣ ਵਾਲੇ ਦੀ ਰੇੜ੍ਹੀ ਤੋਂ ਇਕ ਕੇਲਾ ਲੈ ਲਿਆ ਅਤੇ ਖਾ ਕੇ ਛਿਲਕਾ ਉਸ ਨੇ ਸੁੱਟ ਦਿੱਤਾ। ਕਿਸੇ ਦੂਸਰੇ ਨੇ ਛਿਲਕਾ ਚੁੱਕ ਕੇ ਹੀ ਖਾ ਲਿਆ। ਉਸ ਵਿਚਾਰੇ ਕੋਲ ਕੇਲਾ ਖਰੀਦਣ ਜੋਗੇ ਵੀ ਪੈਸੇ ਨਹੀਂ ਸਨ। ਕੇਲਾ ਖਾਣ ਵਾਲੇ ਬੰਦੇ ਦਾ ਮਨ ਇਕ ਦਮ ਬਦਲ ਗਿਆ। ਉਸ ਨੇ ਸੋਚਿਆ ਕਿ ਉਹ ਉਹਨਾਂ ਲੋਕਾਂ ਨਾਲੋਂ ਕਿਤੇ ਚੰਗਾ ਹੈ ਜਿਹਨਾਂ ਕੋਲ ਕੇਲਾ ਖਰੀਦਣ ਜੋਗੇ ਵੀ ਪੈਸੇ ਨਹੀਂ ਹਨ। ਉਸ ਨੇ ਮਰਨ ਦਾ ਖਿਆਲ ਤਿਆਗ ਦਿੱਤਾ। ਮੀਕੇ ਦਾ ਮਨ ਵੀ ਅਜਿਹੀਆਂ ਗੱਲਾਂ ਸੁਣ ਕੇ ਕਾਫ਼ੀ ਚੰਗਾ ਚੰਗਾ ਮਹਿਸੂਸ ਕਰਨ ਲੱਗਾ।

ਡਾਕਟਰ ਹਰਦੀਪ ਨੇ ਇਕ ਸਵੇਰ ਮੁਸਕਰਾਉਂਦਿਆਂ ਉਹਨਾਂ ਨੂੰ ਦੀਪੀ ਨੂੰ ਮਿਲਣ ਦੀ ਇਜ਼ਾਜ਼ਤ ਦੇ ਦਿੱਤੀ। ਉਹਨਾਂ ਨੂੰ ਆਪਣੇ ਮੂੰਹਾਂ ‘ਤੇ ਮਾਸਕ ਪਾਉਣੇ ਪਏ ਜੋ ਬੀਜੀ ਨੇ ਖੁਸ਼ੀ ਖੁਸ਼ੀ ਪਾ ਲਿਆ। ਕਿਸੇ ਹੋਰ ਵੇਲੇ ਤਾਂ ਸ਼ਾਇਦ ਉਹਨਾਂ ਨੇ ਕਹਿਣਾ ਸੀ ‘ਆਹ ਕੀ ਛਿਕਲੀਆਂ ਜੀਆਂ ਪਾ ‘ਤੀਆਂ’। ਅੱਜ ਉਹਨਾਂ ਨੂੰ ਇਹ ਸੋਚਣ ਦੀ ਵਿਹਲ ਹੀ ਕਿਥੇ ਸੀ! ਉਹ ਡਾਕਟਰ ਦੇ ਪਿੱਛੇ ਤੁਰੇ ਜਾ ਰਹੇ ਸਨ ਅਤੇ ਬੀਜੀ ਨੂੰ ਲਗਦਾ ਸੀ ਡਾਕਟਰ ਬਹੁਤ ਹੌਲੀ ਹੌਲੀ ਤੁਰ ਰਿਹਾ ਸੀ।

ਦੀਪੀ ਬੈਡ ਵਿਚ ਅਹਿਲ ਪਈ ਸੀ। ਉਸ ਨੇ ਅੱਖਾਂ ਖੋਲ੍ਹੀਆਂ ਹੋਈਆਂ ਸਨ ਅਤੇ ਉਹ ਉੱਤਸੁਕਤਾ ਨਾਲ ਬੀਜੀ ਵੱਲ ਵੇਖ ਰਹੀ ਸੀ। ਬੀ ਜੀ ਨੇ ਬੈਡ ਕੋਲ ਜਾ ਕੇ ਉਸ ਦੇ ਮੱਥੇ ‘ਤੇ ਹੱਥ ਰੱਖ ਕੇ ਉਸ ਨੂੰ ਵਾਰ ਵਾਰ ਪਲੋਸਿਆ। ਰੋਕਦਿਆਂ ਵੀ ਉਹਨਾਂ ਦੇ ਹੰਝੂ ਮੱਲੋ ਮੱਲੀ ਅੱਖਾਂ ਵਿਚੋਂ ਬਾਹਰ ਡੁੱਲ੍ਹ ਗਏ। ਜਲਦੀ ਹੀ ਬੀਜੀ ਨੇ ਆਪਣੇ ਆਪ ਨੂੰ ਕੰਟਰੋਲ ਕਰ ਲਿਆ। ਦੀਪੀ ਮੀਕੇ ਨੂੰ ਸੰਗਾਲੂ ਜਿਹੀ ਨਜ਼ਰ ਨਾਲ ਵੇਖ ਰਹੀ ਸੀ।

“ਪੁੱਤ ਤੇਰਾ ਡੈਡੀ---।” ਬੀਜੀ ਦੀ ਵੇਦਨਾ ਉਹਨਾਂ ਦੀ ਅਵਾਜ਼ ਵਿਚੋਂ ਸਾਫ਼ ਝਲਕ ਰਹੀ ਸੀ।

ਕੁੜੀ ਨੇ ਨੀਝ ਨਾਲ ਮੀਕੇ ਵੱਲ ਵੇਖਿਆ ਜਿਵੇਂ ਉਸ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਫਿਰ ਉਸ ਨੇ ਆਪਣਾ ਧਿਆਨ ਦਾਦੀ ਵੱਲ ਮੋੜਿਆ। ਦਾਦੀ ਨੇ ਉਸ ਨੂੰ ਚੁੰਮਣਾ ਚਾਹਿਆ। ਆਕਸੀਜਨ ਮਾਸਕ ਕਾਰਣ ਉਹ ਅਜਿਹਾ ਨਾ ਕਰ ਸਕੀ। ਉਸ ਨੂੰ ਆਪਣੀ ਹਿੱਕ ਨਾਲ ਲਾਹੁਣਾ ਚਾਹਿਆ। ਡਾਕਟਰੀ ਟੂਟੀਆਂ ਲੱਗੀਆਂ ਵੇਖ ਕੇ ਉਹ ਇਹ ਵੀ ਨਾ ਕਰ ਸਕੀ। ਉਸ ਨੂੰ ਕੁੜੀ ਦੇ ਸਿਰ ਅਤੇ ਮੱਥੇ ਨੂੰ ਸਹਿਲਾ ਕੇ ਹੀ ਤਸੱਲੀ ਕਰਨੀ ਪਈ।

“ਦਾਦੀ ਆਪਾਂ ਘਰ ਕਦੋਂ ਚੱਲਾਂਗੇ।” ਕੁੜੀ ਦੀ ਕਮਜ਼ੋਰ ਅਵਾਜ਼ ਬੀਜੀ ਦੇ ਕਾਲਜੇ ਦਾ ਰੁੱਗ ਭਰ ਕੇ ਲੈ ਗਈ।

“ਬੱਸ ਡੱਡੀਏ ਇਕ ਦੋ ਦਿਨ ਹੋਰ। ਤੂੰ ਥੋੜੀ ਜੀ ਤਕੜੀ ਹੋ ਜਾ।” ਬੀਜੀ ਨੇ ਕੁੜੀ ਦਾ ਹੱਥ ਪੋਲਾ ਜਿਹਾ ਘੁੱਟਿਆ। ਰੋਂਦਾ ਦਿਲ ਅੱਖਾਂ ਨੂੰ ਸੁੱਕਾ ਰੱਖਣ ਦਾ ਪੂਰਾ ਯਤਨ ਕਰ ਰਿਹਾ ਸੀ। ਮੀਕਾ ਵੀ ਪੋਲਾ ਜਿਹਾ ਹੱਥ ਦੀਪੀ ਦੇ ਸਿਰ ‘ਤੇ ਫੇਰਨ ਲੱਗਾ। ਅਸਲ ਭਾਵਨਾਵਾਂ ਦੀ ਵਾਰਤਾ ਦਾਦੀ ਪੋਤੀ ਵਿਚ ਹੋ ਰਹੀ ਸੀ। ਮੀਕਾ ਤਾਂ ਵਿਚਾਰਾ ਆਪਣੇ ਆਪ ਨੂੰ ਮਹਿਜ਼ ਇੱਕ ਦਰਸ਼ਕ ਹੀ ਸਮਝ ਰਿਹਾ ਸੀ। ਉਸ ਨੂੰ ਪਹਿਲੀ ਵਾਰ ਸ਼ਿੱਦਤ ਨਾਲ ਅਹਿਸਾਸ ਹੋਇਆ ਕਿ ਉਸ ਨੂੰ ਅਜੇ ਦੀਪੀ ਦਾ ਪਿਉ ਬਣਨ ਲਈ ਕਾਫ਼ੀ ਘਾਲਣਾ ਘਾਲਣੀ ਪਵੇਗੀ। ਮੀਕੇ ਦਾ ਦਿਲ ਇਕ ਵਾਰ ਫਿਰ ਉਦਾਸੀ ਦੀ ਘੁੱਮਣ ਘੇਰੀ ਵਿਚ ਫਸ ਗਿਆ।

ਕੁਝ ਦਿਨਾਂ ਬਾਅਦ ਸਵੇਰੇ ਸਾਢੇ ਅੱਠ ਵਜੇ ਮੀਕਾ ਹੱਥ ਵਿਚ ਫੁੱਲਾਂ ਦਾ ਗੁਲਦਸਤਾ ਅਤੇ ਮਿਠਿਆਈ ਦਾ ਡੱਬਾ ਫੜੀ ਡਾਕਟਰ ਹਰਦੀਪ ਦੇ ਘਰ ਦੀ ਡੋਰ ਬੈਲ ਵਜਾ ਰਿਹਾ ਸੀ। ਦਰਵਾਜ਼ਾ ਡਾਕਟਰ ਹਰਦੀਪ ਨੇ ਖੋਲ੍ਹਿਆ ਅਤੇ ਉਹ ਮੀਕੇ ਨੂੰ ਵੇਖ ਕੇ ਹੈਰਾਨ ਵੀ ਹੋਇਆ ਅਤੇ ਖੁਸ਼ ਵੀ। ਉਹ ਗਰਮ ਜੋਸ਼ੀ ਨਾਲ ਹੱਥ ਮਿਲਾ ਕੇ ਮੀਕੇ ਨੂੰ ਅੰਦਰ ਲੈ ਗਿਆ। ਮੀਕੇ ਨੇ ਧੰਨਵਾਦ ਕਰਦਿਆਂ ਫੁੱਲ ਅਤੇ

ਮਿਠਿਆਈ ਉਸ ਨੂੰ ਫੜਾ ਦਿੱਤੀ।

"ਡਾਕਟਰ ਸਾਹਿਬ ਬਹੁਤ ਮਿਹਰਬਾਨੀ ਤੁਹਾਡੀ ਮਿਹਨਤ ਅਤੇ ਖਾਸ ਖਿਆਲ ਨਾਲ ਕੁੜੀ ਦੀ ਜਾਨ ਬਚ ਗਈ। ਮੈਂ ਜ਼ਿੰਦਗੀ ਭਰ ਲਈ ਤੁਹਾਡਾ ਅਹਿਸਾਨਮੰਦ ਆਂ।" ਮੀਕੇ ਦੇ ਬੋਲਾਂ ਦੀ ਨਿਮਰਤਾ ਧੁਰ ਉਸ ਦੇ ਦਿਲ ਵਿਚੋਂ ਨਿਕਲ ਰਹੀ ਸੀ।

"ਇਹ ਤਾਂ ਮੇਰਾ ਫਰਜ਼ ਈ ਸੀ। ਡਾਕਟਰ ਨੇ ਤਾਂ ਹਰ ਹਾਲਤ ਵਿਚ ਮਰੀਜ਼ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰਨੀ ਹੁੰਦੀ ਆ। ਆਉ ਬੈਠੋ ਆਪਾਂ ਨਾਸ਼ਤਾ ਕਰਦੇ ਆਂ।" ਡਾਕਟਰ ਨੇ ਫੁੱਲ 'ਤੇ ਮਠਿਆਈ ਆਪਣੀ ਪਤਨੀ ਨੂੰ ਫੜਾ ਦਿੱਤੇ। ਡਾਕਟਰ ਹਰਦੀਪ ਉਹਨਾਂ ਲੋਕਾਂ ਵਿਚੋਂ ਸੀ ਜਿਹਨਾਂ ਨੂੰ ਆਪਣੀ ਵਡਿਆਈ ਸੁਣਨੀ ਬਹੁਤ ਔਖੀ ਲਗਦੀ ਹੈ। ਉਹ ਨਹੀਂ ਚਾਹੁੰਦਾ ਸੀ ਮੀਕਾ ਕੋਈ ਹੋਰ ਅਜਿਹੀ ਗੱਲ ਕਰੇ। ਸੋ ਉਸ ਨੇ ਗੱਲ ਬਾਤ ਆਪਣੇ ਹੱਥ ਲੈ ਲਈ।

"ਅੱਜ ਤੁਹਾਨੂੰ ਛੁਟੀ ਮਿਲ ਜਾਏਗੀ। ਮੇਰੀ ਤਾਂ ਅੱਜ ਛੁੱਟੀ ਆ। ਜੇ ਕੋਈ ਪਰਾਬਲਮ ਹੋਈ ਤਾਂ ਮੈਨੂੰ ਫੋਨ ਕਰ ਦੇਣਾ।"

"ਜੀ ਮਿਹਰਬਾਨੀ। ਮੈਨੂੰ ਇਜ਼ਾਜ਼ਤ ਦਿਉ। ਨਾਸ਼ਤੇ ਦੀ ਬਿਲਕੁਲ ਕੋਈ ਲੋੜ ਨੀ।"

"ਤੁਕੱਲਫ ਨਾ ਕਰੋ। ਤੁਹਾਡੇ ਲਈ ਕੋਈ ਖਾਸ ਨੀ ਬਣਾਇਆ।" ਡਾਕਟਰ ਨੇ ਮੀਕੇ ਨੂੰ ਬੈਠਣ ਲਈ ਮਜ਼ਬੂਰ ਕਰ ਦਿੱਤਾ।

"ਮੁਆਫ ਕਰਨਾ ਤੁਹਾਡਾ ਨਾਂ---।" ਡਾਕਟਰ ਨੇ ਸਵਾਲ ਪੂਰਾ ਕਰਨ ਦੀ ਥਾਂ ਨਾਂ ਸ਼ਬਦ ਨੂੰ ਲਮਕਾ ਕੇ ਮੀਕੇ ਵੱਲ ਵੇਖਿਆ।

"ਜੀ ਮੈਨੂੰ ਸਾਰੇ ਮੀਕਾ ਕਹਿੰਦੇ ਆ।"

"ਪਰ ਤੁਹਾਡਾ ਅਸਲੀ ਨਾਂ।"

"ਬੱਸ ਜੀ ਤੁਸੀਂ ਮੀਕਾ ਈ ਮੇਰਾ ਅਸਲੀ ਨਾਂ ਸਮਝੋ।" ਮੀਕੇ ਨੇ ਹੱਸਦਿਆਂ ਡਾਕਟਰ ਨੂੰ ਆਪਣੇ ਨਾਂ ਦੀ ਕਹਾਣੀ ਸੁਣਾ ਦਿੱਤੀ ਜੋ ਉਸ ਨੇ ਪਹਿਲਾਂ ਵੀ ਕਈ ਵੇਰ ਹੋਰ ਲੋਕਾਂ ਨੂੰ ਸੁਣਾਈ ਸੀ। ਸੁਣ ਕੇ ਡਾਕਟਰ ਹੈਰਾਨੀ ਭਰੀ ਖੁਸ਼ੀ ਨਾਲ ਹੱਸਦਾ ਰਿਹਾ। ਡਾਕਟਰ ਦੀ ਪਤਨੀ ਨੇ ਉਹਨਾਂ ਅੱਗੇ ਮਿੱਸੀਆਂ ਰੋਟੀਆਂ ਅਤੇ ਦਹੀਂ ਕੌਲੀਆਂ ਵਿਚ ਪਾ ਕੇ ਲਿਆ ਰੱਖਿਆ। ਮੀਕੇ ਨੂੰ ਅੱਜ ਪਹਿਲੇ ਦਿਨ ਚੱਜ ਦੀ ਰੋਟੀ ਮਿਲ ਰਹੀ ਸੀ ਅਤੇ ਉਸ ਦਾ ਮਨ ਬਾਗੋ-ਬਾਗ ਹੋ ਗਿਆ।

"ਡਾਕਟਰ ਸਾਹਿਬ ਤੁਸੀਂ ਜ਼ਰੂਰ ਇੰਗਲੈਂਡ ਸਾਡੇ ਕੋਲ ਆਉ। ਸਾਨੂੰ ਬਹੁਤ ਖੁਸ਼ੀ ਹੋਵੇਗੀ।" ਮੀਕੇ ਨੇ ਰੋਟੀ ਖਾ ਕੇ ਜਾਣ ਤੋਂ ਪਹਿਲਾਂ ਡਾਕਟਰ ਨੂੰ ਦਿਲੋਂ ਸੱਦਾ ਦਿੱਤਾ। ਉਸ ਨੂੰ ਡਾਕਟਰ ਦੀ ਸਾਦਗੀ ਅਤੇ ਖੁੱਲ੍ਹ ਦਿਲੀ ਨੇ ਬਹੁਤ ਪ੍ਰਭਾਵਤ ਕੀਤਾ ਸੀ।

"ਪਹਿਲਾਂ ਤਾਂ ਤੁਸੀਂ ਭੈਣ ਜੀ ਹੋਰਾਂ ਨੂੰ ਲੈ ਕੇ ਆਉਣਾ।" ਡਾਕਟਰ ਦੀ ਪਤਨੀ ਨੇ ਚਾਹ ਫੜਾਉਂਦਿਆਂ ਸੱਦੇ ਦੇ ਜਵਾਬ ਵਿਚ ਸੱਦਾ ਦਿੱਤਾ।

ਚਾਹ ਪੀਂਦਿਆਂ ਉਹਨਾਂ ਨੇ ਕੁਝ ਹੋਰ ਗੱਲਾਂ ਕੀਤੀਆਂ। ਮੀਕੇ ਨੂੰ ਕਾਫੀ ਦੇਰ ਹੋ ਗਈ ਸੀ। ਉਸ ਨੇ ਉੱਠ ਕੇ ਡਾਕਟਰ ਨਾਲ ਹੱਥ ਮਿਲਾਇਆ ਅਤੇ ਉਸ ਦੀ ਪਤਨੀ ਨੂੰ ਸਤਿ ਸ੍ਰੀ ਅਕਾਲ ਕਹੀ।

"ਜਿਸ ਦਿਨ ਦੀਪੀ ਨੂੰ ਫਿਰ ਚੈਕ ਕਰਵਾਉਣ ਆਏ ਜ਼ਰੂਰ ਮਿਲ ਕੇ ਜਾਣਾ।" ਕਹਿੰਦਿਆਂ ਡਾਕਟਰ ਨੇ ਉਸ ਦਾ ਹੱਥ ਅਪਣਤ

ਅਤੇ ਨਿੱਘ ਨਾਲ ਘੁੱਟਿਆ ਅਤੇ ਮੀਕੇ ਨੇ ਹਾਂ ਕਹਿੰਦਿਆਂ ਉਹਨਾਂ ਤੋਂ ਛੁੱਟੀ ਲਈ। ਸ਼ਾਮ ਤੱਕ ਉਹ ਪਿੰਡ ਪਹੁੰਚ ਗਏ ਸਨ। ਮੀਕੇ ਲਈ ਅਗਲਾ ਵੱਡਾ ਕਾਰਜ ਦੀਪੀ ਨੂੰ ਵਾਪਿਸ ਇੰਗਲੈਂਡ ਲਿਜਾਣ ਦੀ ਤਿਆਰੀ ਕਰਨਾ ਅਤੇ ਉਸ ਨੂੰ ਮਾਨਸਕ ਤੌਰ ਤੇ ਤਿਆਰ ਕਰਨਾ ਸੀ।

## ਤੇਈਵਾਂ

ਸ਼ਹਿਰ ਦਾ ਐਮ ਐਲ ਏ ਮੰਤਰੀ ਪੱਧਰ ਦਾ ਵਿਅੱਕਤੀ ਸੀ। ਉਸ ਦੀ ਪਾਰਟੀ ਦੀ ਸਰਕਾਰ ਹੋਣ ਕਰਕੇ ਸ਼ਹਿਰ ਤਾਂ ਕੀ ਇਲਾਕੇ ਵਿਚ ਹਰ ਕੰਮ ਉਸ ਦੀ ਇੱਛਾ ਨਾਲ ਹੁੰਦਾ। ਉਸ ਦੇ ਨੇੜੇ ਹੋਣਾ ਤਾਰੇ ਦੀ ਲੋੜ ਸੀ ਅਤੇ ਉਸ ਨੇ ਆਪਣੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਇਕ ਦੋ ਇਕੱਠਾਂ ਵਿਚ ਉਸ ਨੂੰ ਰਸਮੀ ਮਿਲਣ ਤੋਂ ਬਾਅਦ ਤਾਰਾ ਉਸ ਦੀ ਕੋਠੀ ਚਲਾ ਗਿਆ। ਉਸ ਨੇ ਆਪਣੀ ਜਾਣ-ਪਛਾਣ ਕਰਵਾਈ। ਤਾਰੇ ਨੇ ਵੇਖਿਆ ਕੋਠੀ ਦੀ ਮੁਰੰਮਤ ਅਤੇ ਕੁਝ ਨਵੀਂ ਬਿਲਡਿੰਗ ਬਣਨ ਦਾ ਕੰਮ ਚੱਲ ਰਿਹਾ ਸੀ। ਤਾਰੇ ਨੇ ਉਸ ਵੇਲੇ ਹੀ ਸਕੀਮ ਲਾ ਲਈ ਅਤੇ ਦੂਜੇ ਦਿਨ ਇਕ ਇੱਟਾਂ ਅਤੇ ਇਕ ਰੇਤੇ ਦਾ ਟਰੱਕ ਉਸ ਨੇ ਕੋਠੀ ਭੇਜ ਦਿੱਤਾ। ਡਰਾਇਵਰ ਨੇ ਭੇਜਣ ਵਾਲੇ ਦਾ ਨਾਂ ਦੱਸ ਦਿੱਤਾ ਅਤੇ ਵਾਪਿਸ ਚਲਾ ਗਿਆ।

ਕੁਝ ਦਿਨਾਂ ਬਾਅਦ ਤਾਰਾ ਫਿਰ ਐਮ ਐਲ ਏ ਸਾਹਿਬ ਨੂੰ ਮਿਲਣ ਚਲਾ ਗਿਆ। ਇਸ ਵਾਰ ਐਮ ਐਲ ਏ ਸਾਹਿਬ ਦਾ ਵਰਤਾਅ ਤਾਰੇ ਨਾਲ ਜ਼ਿਆਦਾ ਚੰਗਾ ਅਤੇ ਨਜ਼ਦੀਕੀ ਦੋਸਤਾਂ ਵਰਗਾ ਸੀ। ਤਾਰੇ ਦੇ ਮਨ ਵਿਚ ਲੱਡੂ ਭੁਰ ਰਹੇ ਸਨ ਕਿਉਂਕਿ ਉਸ ਦਾ ਤੀਰ ਟਿਕਾਣੇ ਲੱਗਾ ਸੀ। ਹੁਣ ਤਾਰੇ ਲਈ ਸਰਕਾਰੀ ਅਫਸਰਾਂ ਤੋਂ ਕੰਮ ਕਰਵਾਉਣੇ ਹੋਰ ਵੀ ਸੌਖੇ ਹੋ ਗਏ। ਤਾਰੇ ਨੇ ਇਕ ਗੱਲ ਹੋਰ ਵੀ ਸਮਝ ਲਈ ਸੀ ਲੋਕਾਂ ਦੇ ਕੰਮ ਕਰਨਾ ਜ਼ਰੂਰੀ ਨਹੀਂ ਹੁੰਦਾ ਸਿਰਫ਼ ਲੋਕਾਂ ਵਿਚ ਪ੍ਰਭਾਵ ਹੋਣਾ ਚਾਹੀਦਾ ਹੈ ਕਿ ਇਸ ਬੰਦੇ ਦੀ ਕੰਮ ਕਰਵਾਉਣ ਦੀ ਪਹੁੰਚ ਹੈ। ਬੱਸ ਐਨੇ ਨਾਲ ਲੋਕਾਂ ਵਿਚ ਬੰਦੇ ਦੀ ਠੁੱਕ ਬਣ ਜਾਂਦੀ ਹੈ। ਐਮ ਐਲ ਏ ਨਾਲ ਦੋਸਤੀ ਉਸ ਦਾ ਇਹ ਮਕਸਦ ਪੂਰਾ ਕਰਦੀ ਸੀ।

ਅੱਜ ਕੱਲ੍ਹ ਦੇ ਐਮ ਐਲ ਏ ਤਾਂ ਸਿਰਫ ਚੋਣਾਂ ਜਿੱਤਣ ਦਾ ਕੰਮ ਕਰਦੇ ਹਨ। ਜਾਇਜ਼ ਨਜ਼ਾਇਜ਼ ਕੰਮ ਉਹਨਾਂ ਦੇ ਕਾਕੇ ਕਰਦੇ ਅਤੇ ਕਰਵਾਉਂਦੇ । ਲੋਕਾਂ ਦੇ ਕੰਮ ਕਰਵਾ ਕੇ ਉਹਨਾਂ ਤੋਂ ਵੱਢੀ ਵੀ ਕਾਕੇ ਹੀ ਲੈਂਦੇ। ਐਮ ਐਲ ਏ ਸਾਹਿਬ ਤਾਂ ਸਿਰਫ ਇਮਾਨਦਾਰੀ ਅਤੇ ਦਿਆਨਤਦਾਰੀ ਦਾ ਅਲਾਪ ਰਾਗਦੇ ਸਨ। ਦੋਵੇਂ ਧਿਰਾਂ ਹੀ ਆਪਣੇ ਆਪਣੇ ਕੰਮ ਵਿਚ ਮਸਰੂਫ ਰਹਿੰਦੀਆਂ। ਐਮ ਐਲ ਏ ਆਪਣੀ ਇਮਾਨਦਾਰੀ ਨੂੰ ਬਚਾਈ ਰੱਖਣ ਦਾ ਭਰਮ ਬਣਾਉਂਦਾ ਰਹਿੰਦਾ। ਭਾਂਵੇਂ ਲੋਕਾਂ ਵਿਚ ਉਸ ਦਾ ਭਰਮ ਖੇਰੂੰ ਖੇਰੂੰ ਹੋ ਜਾਵੇ। ਕਾਕਿਆਂ ਦਾ ਪਾਲਣ ਪੋਸਣ ਹੀ ਇਸ ਢੰਗ ਨਾਲ ਹੋਇਆ ਹੁੰਦਾ ਹੈ ਕਿ ਉਹ ਸਿਆਸਤ ਤੋਂ ਬਿਨਾਂ ਹੋਰ ਕਿਸੇ ਕੰਮ ਵਿਚ ਸਫ਼ਲ ਹੋਣ ਦੇ ਲਾਇਕ ਹੀ ਨਹੀਂ ਹੁੰਦੇ। ਵੈਸੇ ਵੀ ਭਾਰਤ ਵਰਸ਼ ਵਿਚ ਸਿਆਸਤ ਤੋਂ ਵੱਧ ਲਾਹੇਬੰਦ ਕਿੱਤਾ ਹੋਰ ਕੋਈ ਨਹੀਂ।

ਐਮ ਐਲ ਏ ਸਾਹਿਬ ਦਾ ਕਾਕਾ ਵੀ ਆਪਣੇ ਕੰਮ ਵਿਚ ਪੂਰਾ ਨਿਪੁੰਨ ਸੀ। ਉਸ ਦੀ ਤਾਰੇ ਨਾਲ ਬਣਨ ਲੱਗ ਪਈ। ਹੁਣ ਤੱਕ ਤਾਰਾ ਵੀ ਚੰਗੀ ਤਰ੍ਹਾਂ ਸਮਝਣ ਲੱਗ ਪਿਆ ਸੀ ਅੱਜ ਕੱਲ੍ਹ ਸਿਆਸਤ ਵਿਚ ਦੋਸਤੀ ਨਾਂ ਦੀ ਕੋਈ ਚੀਜ਼ ਨਹੀਂ ਬੱਸ ਪੜਤਾ ਹੈ। ਜਦ ਤੱਕ ਕੋਈ ਬੰਦਾ ਲਾਹੇਬੰਦ ਹੈ ਦੋਸਤ ਹੈ ਉਸ ਤੋਂ ਬਾਅਦ ਮੈ ਕੌਣ ਅਤੇ ਤੂੰ ਕੌਣ! ਤਾਰੇ ਨੇ ਕਾਕਾ ਜੀ ਅਤੇ ਐਮ ਐਲ ਏ ਨੂੰ ਵਰਤਣ ਦਾ ਕੋਈ ਮੌਕਾ ਨਾ ਖੁੰਝਣ ਦਿੱਤਾ ਅਤੇ ਐਮ ਐਲ ਏ ਸਾਹਿਬ ਅਤੇ ਕਾਕਾ ਜੀ ਨੇ ਤਾਰੇ ਨੂੰ ਵਰਤਣ ਦਾ ਪੂਰਾ ਤਾਣ ਲਾਇਆ।

ਸਭ ਤੋਂ ਵੱਡਾ ਕੰਮ ਤਾ ਸਿਆਸਤ ਵਿਚ ਆਪਣੇ ਵਿਰੋਧੀਆਂ ਨੂੰ ਖੂੰਜੇ ਲਾਉਣ ਦਾ ਹੀ ਕੀਤਾ ਜਾਂਦਾ ਹੈ। ਤਾਰੇ ਨੇ ਪਹਿਲੇ ਹੱਲੇ ਹੀ ਜੱਗੇ ਵਾਲਾ ਕੰਮ ਨਿਪਟਾਉਣ ਦਾ ਮਨ ਬਣਾ ਲਿਆ। ਉਹ ਚਾਹੁੰਦਾ ਸੀ ਸੱਪ ਵੀ ਮਰ ਜਾਵੇ ਅਤੇ ਸੋਟੀ ਵੀ ਨਾ ਟੁੱਟੇ। ਸੋ ਉਸ ਨੇ

ਕਾਹਲ ਕਰਨ ਦੀ ਥਾਂ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਹੀ ਸਕੀਮ ਅਤੇ ਠੀਕ ਮੌਕੇ ਦਾ ਲਾਭ ਲੈਣ ਦੀ ਠਾਣ ਲਈ। ਕੁਦਰਤੀ ਉਸ ਨੂੰ ਬਹੁਤਾ ਲੰਬਾ ਸਮਾਂ ਉਡੀਕ ਕਰਨ ਦੀ ਲੋੜ ਨਾ ਪਈ। ਇਸ ਕੰਮ ਲਈ ਉਸ ਨੇ ਸੀ ਆਈ ਏ ਦੇ ਸਟਾਫ ਦੇ ਥਾਣੇਦਾਰ ਨਾਲ ਅੱਟੀ ਸੱਟੀ ਕਰ ਲਈ।

ਕੁਝ ਦਿਨਾਂ ਵਿਚ ਉਸ ਦੇ ਨੇੜਲੇ ਪਿੰਡ ਅੱਤਵਾਦੀਆਂ ਨੇ ਇਕ ਕਤਲ ਕਰ ਦਿੱਤਾ। ਕਤਲ ਹੋਣ ਵਾਲਾ ਸਧਾਰਨ ਜਿਹਾ ਵਿਅੱਕਤੀ ਸੀ। ਉਸ ਨੂੰ ਕਤਲ ਕਰ ਕੇ ਅੱਤਵਾਦੀਆਂ ਨੂੰ ਕੋਈ ਫਾਇਦਾ ਨਹੀਂ ਹੋ ਸਕਦਾ ਸੀ। ਕਤਲ ਤੋਂ ਬਾਅਦ ਲਾਸ਼ ‘ਤੇ ਅੱਤਵਾਦੀਆਂ ਦੀ ਇਕ ਜਥੇਬੰਦੀ ਦੇ ਨਾਂ ਥੱਲੇ ਪੋਸਟਰ ਸੁੱਟ ਦਿੱਤੇ ਗਏ। ਲੋਕਾਂ ਵਿਚ ਸਹਿਮ ਛਾ ਗਿਆ ਅਤੇ ਅੰਦਰੇ ਅੰਦਰ ਲੋਕਾਂ ਵਿਚ ਕਾਨਾਫੂਸੀ ਵੀ ਹੋਣ ਲੱਗੀ ਕਿ ਮਰਨ ਵਾਲੇ ਨੂੰ ਮਾਰ ਕੇ ਅੱਤਵਾਦੀਆਂ ਨੂੰ ਕੀ ਫਾਇਦਾ ਹੋਇਆ! ਕੁਝ ਦਿਨਾਂ ਵਿਚ ਹੀ ਸ਼ੱਕ ਦੀ ਅੱਗ ਧੁਖਦੀ ਧੁਖਦੀ ਇਸ ਕਤਲ ਨੂੰ ਨਿੱਜੀ ਕਤਲ ਹੋਣ ਦਾ ਇਸ਼ਾਰਾ ਕਰਨ ਲੱਗੀ।

ਤਾਰੇ ਨੇ ਕਤਲ ਹੋਣ ਤੋਂ ਜਲਦੀ ਬਾਅਦ ਹੀ ਸੀ ਆਈ ਏ ਸਟਾਫ ਦੇ ਥਾਣੇਦਾਰ ਦੇ ਕੰਨ ਵਿਚ ਫੂਕ ਮਾਰ ਦਿੱਤੀ ਅੱਤਵਾਦੀ ਜੱਗੇ ਕੋਲ ਆਉਂਦੇ ਸਨ। ਇਹ ਤਕਰੀਬਨ ਪੱਕੀ ਗੱਲ ਸੀ ਕਿ ਇਸ ਕਤਲ ਨੂੰ ਕਰਨ ਵਾਲੇ ਬੰਦੇ ਜੱਗੇ ਕੋਲ ਰਹੇ ਹੋਣਗੇ। ਥਾਣੇਦਾਰ ਦੇ ਮੂੰਹ ‘ਤੇ ਲਾਲੀ ਆ ਗਈ। ਉਸ ਨੂੰ ਪਤਾ ਸੀ ਜੇ ਕਤਲ ਨਾ ਵੀ ਨਿਕਲਿਆ ਤਾਂ ਜੇਬ ਤਾਂ ਭਾਰੀ ਜ਼ਰੂਰ ਹੋਊ। ਥਾਣੇਦਾਰ ਨੇ ਆਪਣੇ ਅਫਸਰਾਂ ਨੂੰ ਇਤਲਾਹ ਦੇਣ ਵੇਲੇ ਗੱਲ ਨੂੰ ਥੋੜੀ ਵਧਾ ਚੜ੍ਹਾ ਕੇ ਦੱਸਿਆ ਅਤੇ ਅਫਸਰਾਂ ਨੇ ਰਾਤੋ ਰਾਤ ਜੱਗੇ ਨੂੰ ਚੁੱਕ ਲਿਆਉਣ ਲਈ ਕਮਰ ਕਸੇ ਕਰਨ ਦੀ ਹਰੀ ਝੰਡੀ ਦੇ ਦਿੱਤੀ। ਸਵੇਰ ਦੇ ਚਾਰ ਵਜੇ ਥਾਣੇਦਾਰ ਨੇ ਜੱਗੇ ਨੂੰ ਜੀਪ ਵਿਚ ਸੁੱਟ ਲਿਆਂਦਾ। ਕਿਸ਼ਨਾ ਕੁਰਲਾਉਂਦਾ ਰਹਿ ਗਿਆ।

“ਉਹ ਜਾਲਮੋ ਦੱਸ ਤਾਂ ਦਿਉ ਇਹਨੂੰ ਕਿਥੇ ਲੈ ‘ਚੱਲੇ ਆਂ। ਇਹਦਾ ਕਸੂਰ ਤਾਂ ਦੱਸੋ--।” ਕਿਸ਼ਨੇ ਦਾ ਰੌਲਾ ਸੁਣ ਕੇ ਆਂਢੀ ਗੁਆਂਢੀ ਵੀ ਜਾਗ ਪਏ ਸਨ। ਕਿਸੇ ਨੇ ਘਰੋਂ ਬਾਹਰ ਨਿਕਲਣ ਦੀ ਜ਼ੁਰਅੱਤ ਨਾ ਕੀਤੀ। ਰੁਲਦੂ ਗਲੀ ਦੇ ਮੋੜ ਦੇ ਉਹਲੇ ‘ਚੋਂ ਜੀਪ ਵਿਚ ਸੁਟੇ ਜਾਂਦੇ ਜੱਗੇ ਨੂੰ ਵੇਖ ਰਿਹਾ ਸੀ। ਉਸ ਨੇ ਸੀ ਆ ਈ ਏ ਦੇ ਥਾਣੇਦਾਰ ਨੂੰ ਪਹਿਚਾਣ ਲਿਆ। ਉਸ ਨੂੰ ਉਹਨੇ ਜਗਰਾਵਾਂ ਦੀ ਕਚਿਹਰੀ ਵਿਚ ਵੇਖਿਆ ਸੀ। ਰੁਲਦੂ ਨੂੰ ਪਤਾ ਲੱਗ ਗਿਆ ਜੱਗੇ ਨੂੰ ਜਗਰਾਵੀਂ ਲੈ ਕੇ ਗਏ ਸਨ।

ਰੁਲਦੂ ਨੇ ਕਿਸ਼ਨੇ ਨੂੰ ਨਾਲ ਲੈ ਕੇ ਬਾਪੂ ਜੀ ਦਾ ਦਰਵਾਜ਼ਾ ਆ ਖੜਕਾਇਆ। ਕਿਸ਼ਨੇ ਦੀ ਅਵਾਜ਼ ਪਹਿਚਾਣ ਕੇ ਮੀਕੇ ਨੇ ਦਰਵਾਜ਼ਾ ਖੋਲ੍ਹ ਦਿੱਤਾ। ਕਿਸ਼ਨੇ ਅਤੇ ਰੁਲਦੂ ਦੀ ਘਬਰਾਹਟ ਅਤੇ ਬੱਗੇ ਮੂੰਹ ਵੇਖ ਕੇ ਅੰਦਾਜ਼ਾ ਲੱਗ ਗਿਆ ਕਿ ਕੋਈ ਮਾੜੀ ਘਟਨਾ ਵਾਪਰ ਗਈ ਸੀ। ਬਾਪੂ ਜੀ ਨੇ ਉਹਨਾਂ ਨੂੰ ਚਾਹ ਦਾ ਕੱਪ ਪਿਲਾਇਆ ਅਤੇ ਚਾਹ ਪੀਂਦਿਆਂ ਸਾਰੀ ਗੱਲ ਰੁਲਦੂ ਅਤੇ ਕਿਸ਼ਨੇ ਨੇ ਦੱਸ ਦਿੱਤੀ।

“ਦੇਖੋ ਜੀ ਸਾਰੀ ਕਹਾਨੀ ਤਾਰੇ ਨੇ ਬਣਾਈ ਲਗਦੀ ਆ। ਜੱਗੇ ਨੂੰ ਉਹ ਜ਼ਰੂਰ ਕਿਸੇ ਨਾ ਕਿਸੇ ਕਸੂਤੇ ਪੰਗੇ ‘ਚ ਫਸਾਊ।” ਰੁਲਦੂ ਨੇ ਆਪਣੇ ਦਿਲ ਦਾ ਧੁੜਕੂ ਦੱਸਿਆ। ਗੱਲ ਸਾਰਿਆਂ ਦੇ ਮਨ ਲੱਗ ਗਈ ਅਤੇ ਵਿਚਾਰਾਂ ਸ਼ੁਰੂ ਹੋ ਗਈਆਂ ਕਿਸ ਬੰਦੇ ਨੂੰ ਲਿਜਾਇਆ ਜਾਵੇ ਅਤੇ ਪੁਲਸ ਦੇ ਮੱਥੇ ਲਾ ਕੇ ਜੱਗੇ ਨੂੰ ਬਚਾਇਆ ਜਾਵੇ। ਆਪਣੇ ਇਲਾਕੇ ਵਿਚ ਹੁੰਦਾ ਤਾਂ ਗੱਲ ਕੁਝ ਹੋਰ ਸੀ।

ਸੋਚ ਵਿਚਾਰ ਕਰਕੇ ਉਹਨਾਂ ਨੇ ਆਪਣੇ ਹਲਕੇ ਦੇ ਹੀ ਐਮ ਐਲ ਏ ਨੂੰ ਨਾਲ ਲਿਜਾਣ ਦਾ ਫੈਸਲਾ ਕੀਤਾ। ਸਾਰਿਆਂ ਦੇ ਦਿਲਾਂ ਦੀ ਧੜਕਨ ਤੇਜ਼ ਸੀ। ਅੱਜ ਕੱਲ੍ਹ ਦੇ ਹਾਲਾਤ ਹੀ ਅਜਿਹੇ ਸਨ ਕਿਸੇ ਨੂੰ ਵੀ ਝੂਠਾ ਪੁਲਸ ਮੁਕਾਬਲਾ ਬਣਾ ਕੇ ਮਾਰਿਆ ਜਾ ਸਕਦਾ ਸੀ।

ਸਭ ਤੋਂ ਪਹਿਲਾਂ ਇਹ ਮੁਕਾਬਲਿਆਂ ਦਾ ਸਿਤਮ ਪੰਜਾਬ ਵਿਚ ਅਕਾਲੀ ਸਰਕਾਰ ਦੇ ਸਮੇਂ ਨਕਸਲੀਆਂ ਨੇ ਸਹਿਣ ਕੀਤਾ ਸੀ। ਅੱਜ ਉਸ ਹਥਿਆਰ ਨੂੰ ਕਾਂਗਰਸ ਸਰਕਾਰ ਵੱਲੋਂ ਖਾਲਸਤਾਨੀਆਂ ‘ਤੇ ਪੂਰੇ ਜਬਰ ਨਾਲ ਵਰਤਿਆ ਜਾ ਰਿਹਾ ਸੀ। ਤਾਰੇ ਦਾ ਹੱਥ ਹੋਣ ਕਰਕੇ ਇਹ ਪੱਕ ਸੀ ਕਿ ਜੱਗੇ ਦਾ ਪੁਲਸ ਮੁਕਾਬਲਾ ਜ਼ਰੂਰ ਬਣਾਇਆ ਜਾਵੇਗਾ। ਪਿੰਡ ਦੇ ਲੋਕਾਂ ਨੂੰ ਪਤਾ ਸੀ ਜੱਗੇ ਦੇ ਖਾਲਸਤਾਨੀਆਂ ਜਾਂ ਅੱਤਵਾਦੀਆਂ ਨਾਲ ਕੋਈ ਸਬੰਧ ਨਹੀਂ ਸਨ। ਕਹਿੰਦੇ ਐ ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਆਇਆ ਅਤੇ ਅੱਜ ਵੀ ਹੈ।

ਸਵੇਰੇ ਸੱਤ ਵਜਦੇ ਨੂੰ ਬਾਪੂ ਜੀ ਅਤੇ ਰੁਲਦੂ ਪਿੰਡ ਦੇ ਦੋ ਹੋਰ ਮੋਹਤਬਰ ਬੰਦਿਆਂ ਨੂੰ ਨਾਲ ਲੈ ਕੇ ਐਮ ਐਲ ਏ ਸਾਹਿਬ ਕੋਲ ਚਲੇ ਗਏ। ਪਿੰਡ ਦੇ ਮੁੰਡੇ ਦੀ ਕਾਰ ਉਹਨਾਂ ਨੇ ਪਹਿਲਾਂ ਹੀ ਕਿਰਾਏ 'ਤੇ ਕਰ ਲਈ ਸੀ। ਐਮ ਐਲ ਏ ਨੇ ਉਹਨਾਂ ਨੂੰ ਚਾਹ ਪਿਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੇ ਨਾਂਹ ਕਰ ਦਿੱਤੀ। ਉਹਨਾਂ ਨੂੰ ਖਤਰਾ ਸੀ ਕਿਤੇ ਉਹਨਾਂ ਦੇ ਜਾਣ ਤੋਂ ਪਹਿਲਾਂ ਹੀ ਭਾਣਾ ਨਾ ਵਰਤ ਜਾਵੇ। ਉਹਨਾਂ ਨੇ ਕਾਹਲੀ ਨਾਲ ਐਮ ਐਲ ਏ ਸਾਹਿਬ ਨੂੰ ਕਾਰ ਵਿਚ ਬਿਠਾਇਆ। ਸਵੇਰ ਦੇ ਅੱਠ ਵਜਦੇ ਨੂੰ ਹੀ ਸੂਰਜ ਦੀ ਤਪਸ਼ ਨੇ ਉਹਨਾਂ ਨੂੰ ਮੁੜਕੋ ਮੁੜਕੀ ਕਰ ਦਿੱਤਾ ਸੀ। ਕਾਰ ਵਿਚ ਏਅਰ ਕੰਡੀਸ਼ਨ ਨਾ ਹੋਣ ਕਰਕੇ ਉਹਨਾਂ ਨੂੰ ਹੋਰ ਵੀ ਗਰਮੀ ਲੱਗ ਰਹੀ ਸੀ। ਪੂਰੀ ਜਲਦੀ ਕਰਨ ਦੇ ਬਾਵਜੂਦ ਉਹ ਮਸਾਂ ਹੀ ਸਵਾ ਕੁ ਨੌਂ ਵਜਦੇ ਨੂੰ ਸੀ ਆਈ ਏ ਸਟਾਫ ਦੇ ਹੈਡ ਕੁਆਟਰ ਪਹੁੰਚੇ।

ਸਾਰਿਆਂ ਨੇ ਜਾ ਕੇ ਫਤਹਿ ਬੁਲਾਈ। ਥਾਣੇਦਾਰ ਨੇ ਉਹਨਾਂ ਵੱਲ ਚੰਗੀ ਤਰ੍ਹਾਂ ਵੇਖਿਆ ਵੀ ਨਾ। ਐਮ ਐਲ ਏ ਦੀ ਗੱਲ ਬਾਤ ‘ਤੇ ਕੰਨ ਧਰਨ ਦੀ ਥਾਂ ਉਹ ਉੱਠ ਕੇ ਅੰਦਰ ਚਲਾ ਗਿਆ। ਸਾਰੇ ਹੀ ਹੱਕੇ ਬੱਕੇ ਜਿਹੇ ਇਕ ਦੂਜੇ ਵੱਲ ਵੇਖਣ ਲੱਗੇ। ਥਾਣੇਦਾਰ ਦੇ ਰਵਈਏ ਨੇ ਉਹਨਾਂ ਨੂੰ ਮਸਲੇ ਦੀ ਨਾਜ਼ੁਕਤਾ ਦਾ ਹੋਰ ਵੀ ਡੂੰਘਾ ਅਹਿਸਾਸ ਕਰਵਾ ਦਿੱਤਾ। ਉਹ ਅਜੇ ਬੈਠੇ ਸੋਚ ਵਿਚਾਰ ਹੀ ਕਰ ਰਹੇ ਸਨ ਕਿ ਮੁਨਸ਼ੀ ਨੇ ਉਹਨਾਂ ਨੂੰ ਸੁਨੇਹਾ ਦਿੱਤਾ ਅੱਜ ਸਾਹਿਬ ਨਹੀਂ ਮਿਲ ਸਕਦੇ ਤੁਸੀਂ ਕੱਲ੍ਹ ਸਵੇਰੇ ਆਉਣਾ। ਉਸ ਦੀ ਗੱਲ ਸੁਣ ਕੇ ਉਹਨਾਂ ਦੇ ਚਿਹਰੇ ਤੋਂ ਮੱਖੀ ਵੀ ਨਾ ਉੱਡ ਸਕੀ। ਅਣਹੋਣੀ ਉਹਨਾਂ ਦੀਆਂ ਅੱਖਾਂ ਅੱਗੇ ਨੰਗਾ ਨਾਚ ਕਰਨ ਲੱਗੀ। ਉਹਨਾਂ ਨੇ ਫੈਸਲਾ ਕੀਤਾ ਜੋ ਮਰਜ਼ੀ ਹੋਵੇ ਉਹ ਸੀ ਆਈ ਏ ਸਟਾਫ ਦੀ ਬਿਲਡਿੰਗ ਦੇ ਅੱਗੇ ਖੜ੍ਹੇ ਰਹਿਣਗੇ। ਸ਼ਾਇਦ ਜੱਗੇ ਦੀ ਬੱਚਤ ਹੋ ਸਕੇ ਅਤੇ ਹੋਰ ਵੀ ਭੱਜ ਨੱਠ ਕੀਤੀ ਜਾਵੇ। ਉਹ ਸਾਰੇ ਬਿਲਡਿੰਗ ਦੇ ਬਾਹਰ ਟਾਹਲੀ ਦੇ ਥੱਲੇ ਆ ਬੈਠੇ।

ਮੀਕੇ ਨੇ ਸੁਭਾਵਕ ਹੀ ਰਮੇਸ਼ ਨੂੰ ਫੋਨ ਕੀਤਾ ਅਤੇ ਗੱਲ ਬਾਤ ਵਿਚ ਉਸ ਨੇ ਜੱਗੇ ਨੂੰ ਪੁਲਸ ਵੱਲੋਂ ਚੁੱਕੇ ਜਾਣ ਅਤੇ ਉਸ ਦੀ ਜਾਨ ਨੂੰ ਖਤਰਾ ਹੋਣ ਦੀ ਵਾਰਤਾ ਵੀ ਕਹਿ ਸੁਣਾਈ।

“ਜਗਰਾਵੀਂ ਸੀ ਆਈ ਏ ਸਟਾਫ ਦਾ ਐਸ ਪੀ ਤਾਂ ਮੇਰੇ ਸਾਂਢੂ ਦਾ ਭਰਾ ਲੱਗਾ ਹੋਇਆ। ਤੂੰ ਆ ਜਾ ਹੁਣੇ ਈ ਆਪਾਂ ਤਲਵੰਡੀ ਤੋਂ ਸਾਂਢੂ ਨੂੰ ਨਾਲ ਲੈ ਕੇ ਉਹਦੇ ਕੋਲ ਚੱਲਦੇ ਆਂ।” ਰਮੇਸ਼ ਦੀ ਗੱਲ ਸੁਣ ਕੇ ਮੀਕੇ ਨੇ ਗੱਡੀ ਕਿਰਾਏ ‘ਤੇ ਲਈ ਅਤੇ ਮੋਗੇ ਨੂੰ ਚੱਲ ਪਿਆ। ਉਸ ਦੇ ਪਹੁੰਚਦੇ ਨੂੰ ਰਮੇਸ਼ ਤਿਆਰ ਹੀ ਸੀ ਅਤੇ ਉਹ ਬਿਨਾਂ ਦੇਰੀ ਦੇ ਤਲਵੰਡੀ ਨੂੰ ਚੱਲ ਪਏ।

“ਤੂੰ ਯਾਰ ਆਪਦੇ ਸਾਂਢੂ ਨੂੰ ਫੋਨ ਕਰ ਲੈਣਾ ਸੀ। ਆਹ ਨਾ ਹੋਵੇ ਬਈ ਕਿਤੇ ਉਹ ਬਾਹਰ ਨਿਕਲ ਜੇ।” ਮੀਕੇ ਨੇ ਫਿਕਰਮੰਦ ਹੁੰਦਿਆਂ ਕਿਹਾ।

“ਅੱਜ ਉਹਦੀ ਕੋਈ ਤਰੀਕ ਆ ਫਿਰੋਜ਼ਪੁਰ। ਉਹ ਉਥੇ ਨੂੰ ਗਿਆ ਹੋਇਆ। ਜਦੋਂ ਆ ਗਿਆ ਆਪਾਂ ਨਾਲ ਲੈ ਕੇ ਜਗਰਾਵਾਂ ਨੂੰ ਚਲੇ ਚੱਲਾਂਗੇ।”

“ਆਪਾਂ ਸਿੱਧੇ ਫਿਰੋਜ਼ਪੁਰ ਚਲੀਏ ਕਚਿਹਰੀਆਂ'ਚ। ਉਥੋਂ ਉਹਨੂੰ ਨਾਲ ਲੈ ਕੇ ਸਿੱਧੇ ਜਗਰਾਵਾਂ ਨੂੰ। ਆਪਣਾ ਟੈਮ ਬਚ ਜੂ।

ਮਾਮਲਾ ਬੜਾ ਗੰਭੀਰ ਆ।"

"ਆਹੋ ਗੱਲ ਤਾਂ ਤੇਰੀ ਠੀਕ ਆ। ਆਈਂ ਕਰਦੇ ਆਂ।" ਰਮੇਸ਼ ਨੂੰ ਮੀਕੇ ਦੀ ਸਲਾਹ ਪਸੰਦ ਆ ਗਈ ਸੀ। ਉਹ ਸਿੱਧੇ ਫਿਰੋਜ਼ਪੁਰ ਚਲੇ ਗਏ।

ਕਚਿਹਰੀ ਵਿਚ ਉਹਨਾਂ ਨੇ ਰਮੇਸ਼ ਦੇ ਸਾਂਢੂ ਚੰਨੇ ਦੀ ਭਾਲ ਕੀਤੀ। ਉਹ ਅੱਧੇ ਘੰਟੇ ਬਾਅਦ ਉਹਨਾਂ ਨੂੰ ਲੱਭਿਆ। ਰਮੇਸ਼ ਨੂੰ ਵੇਖ ਕੇ ਉਹ ਹੈਰਾਨ ਅਤੇ ਪਰੇਸ਼ਾਨ ਜਿਹਾ ਦਿਖਾਈ ਦਿੱਤਾ ਮਤੇ ਕੋਈ ਮਾੜੀ ਘਟਨਾ ਵਾਪਰ ਗਈ ਹੋਵੇ। ਰਮੇਸ਼ ਦੇ ਮੁਸਕਰਾ ਕੇ ਹੱਥ ਮਿਲਾਉਣ ਨਾਲ ਉਸ ਦੇ ਭਾਵ ਸਾਂਵੇਂ ਹੋ ਗਏ। ਰਮੇਸ਼ ਨੇ ਉਸ ਨੂੰ ਸਾਰੀ ਗੱਲ ਸੁਣਾਈ ਅਤੇ ਨਾਲ ਚੱਲਣ ਲਈ ਕਿਹਾ।

"ਮੈਂ ਰੀਡਰ ਦਾ ਮੱਥਾ ਡੰਮ ਕੇ ਤਰੀਕ ਲੈ ਲਾਂ। ਬੱਸ ਆਪਾਂ ਚਲਦੇ ਆਂ।" ਉਹ ਉਹਨਾਂ ਨੂੰ ਲਿਮਕੇ ਦੀਆਂ ਬੋਤਲਾਂ ਖਰੀਦ ਕੇ ਕਚਹਿਰੀ ਦੇ ਬਾਹਰ ਬਣੇ ਖਸਤਾ ਜਿਹੇ ਢਾਬੇ ਵਿਚ ਬਿਠਾ ਗਿਆ ਅਤੇ ਆਪ ਤਰੀਕ ਲੈਣ ਚਲਾ ਗਿਆ।

ਚੰਨਾ ਵੀਹ ਮਿੰਟ ਅੱਧੇ ਘੰਟੇ ਬਾਅਦ ਆਇਆ ਅਤੇ ਉਹ ਕਾਰ ਵਿਚ ਬੈਠ ਕੇ ਜਗਰਾਵਾਂ ਨੂੰ ਚੱਲ ਪਏ। ਉਹਨਾਂ ਨੇ ਪੀ ਸੀ ਓ ਤੋਂ ਐਸ ਪੀ ਨੂੰ ਫੋਨ ਕੀਤਾ ਤਾਂ ਪਤਾ ਲੱਗਾ ਉਹ ਮੀਟਿੰਗ ਵਿਚ ਸੀ। ਉਹਨਾਂ ਨੇ ਸਮਾਂ ਬਰਬਾਦ ਕਰਨ ਦੀ ਥਾਂ ਜਾਣਾ ਹੀ ਠੀਕ ਸਮਝਿਆ। ਉਹ ਸਿੱਧੇ ਐਸ ਪੀ ਸਾਹਿਬ ਦੇ ਦਫ਼ਤਰ ਪਹੁੰਚ ਗਏ। ਉਹ ਅਜੇ ਵੀ ਮਟਿੰਗ ਵਿਚ ਸੀ। ਚਿਟ ਲਿਖ ਕੇ ਚੰਨੇ ਨੇ ਐਸ ਪੀ ਨੂੰ ਭੇਜ ਦਿੱਤੀ ਕਿ ਉਹ ਉਸ ਦੀ ਬਾਹਰ ਉਡੀਕ ਕਰ ਰਹੇ ਸਨ ਅਤੇ ਜ਼ਰੂਰੀ ਕੰਮ ਸੀ।

ਘੰਟੇ ਭਰ ਦੀ ਉਡੀਕ ਪਿਛੋਂ ਐਸ ਪੀ ਬਾਹਰ ਆਇਆ। ਉਹਨਾਂ ਨੂੰ ਨਾਲ ਲੈ ਕੇ ਉਹ ਆਪਣੇ ਦਫ਼ਤਰ ਵਿਚ ਜਾ ਬੈਠਾ। ਰਮੇਸ਼ ਨੂੰ ਤਾਂ ਉਹ ਜਾਣਦਾ ਹੀ ਸੀ। ਰਮੇਸ਼ ਨੇ ਮੀਕੇ ਦੀ ਜਾਣ ਪਹਿਚਾਣ ਕਰਵਾਈ। ਜਦ ਰਮੇਸ਼ ਨੇ ਉਸ ਨੂੰ ਮੀਕੇ ਦਾ ਪਿੰਡ ਦੱਸਿਆ ਤਾਂ ਐਸ ਪੀ ਸਾਹਿਬ ਦੇ ਚਿਹਰੇ ਦੇ ਭਾਵ ਬਦਲਦੇ ਸਭ ਨੂੰ ਮਹਿਸੂਸ ਹੋਏ।

"ਮੀਕੇ ਦੇ ਪਿੰਡੋਂ ਇਕ ਬੰਦਾ ਫੜਿਆ ਤੁਸੀਂ ਜੱਗਾ। ਅਸੀਂ ਉਹਦੇ ਸਬੰਧ 'ਚ ਆਏ ਸੀ।" ਚੰਨੇ ਨੇ ਗੱਲ ਸ਼ੁਰੂ ਕਰ ਕੇ ਐਸ ਪੀ ਵੱਲ ਵੇਖਿਆ ਜੋ ਬੇਮਤਲਬ ਮੇਜ਼ 'ਤੇ ਪਏ ਪੇਪਰ ਇੱਧਰ ਉੱਧਰ ਕਰ ਰਿਹਾ ਸੀ ਜਿਵੇਂ ਉਲਝਨ ਵਿਚ ਕਿਸੇ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਦੇਖੋ ਜੀ ਜੱਗਾ ਦੋ ਨੰਬਰ ਦਾ ਧੰਦਾ ਤਾਂ ਜ਼ਰੂਰ ਕਰਦਾ ਪਰ ਉਸ ਦੇ ਅੱਤਵਾਦੀਆਂ ਨਾਲ ਸਬੰਧ ਬਿਲਕੁਲ ਨਹੀਂ।" ਮੀਕੇ ਨੇ ਗੱਲ ਆਪਣੇ ਹੱਥ ਵਿਚ ਲੈ ਲਈ ਅਤੇ ਤਾਰੇ ਅਤੇ ਜੱਗੇ ਵਿਚਲੀ ਦੁਸ਼ਮਣੀ ਸਬੰਧੀ ਸਾਰੀ ਕਹਾਣੀ ਸੁਣਾ ਦਿੱਤੀ। ਮੀਕੇ ਨੇ ਇਥੋਂ ਤੱਕ ਕਹਿ ਦਿੱਤਾ ਕਿ ਪਹਿਲਾਂ ਇਸ ਗੱਲ ਦੀ ਜਾਂਚ ਪੜਤਾਲ ਕੀਤੀ ਜਾਵੇ ਜੇ ਜੱਗਾ ਗਲਤ ਹੋਇਆ ਤਾਂ ਉਸ ਨੂੰ ਬਿਲਕੁਲ ਨਾ ਛੱਡਿਆ ਜਾਵੇ। ਪਰ ਜੇ ਤਾਰੇ ਨੇ ਆਪਣੀ ਦੁਸ਼ਮਣੀ ਕੱਢਣ ਦਾ ਕੋਝਾ ਯਤਨ ਕੀਤਾ ਹੋਵੇ ਤਾਂ ਗਲਤ ਬੰਦੇ ਨੂੰ ਸਜ਼ਾ ਦਿੱਤੀ ਜਾਵੇ।

ਮੀਕੇ ਦੀ ਗੱਲ ਬਾਤ ਐਸ ਪੀ ਸਾਹਿਬ ਦੇ ਦਿਲ ਲੱਗ ਗਈ। ਉਹਨਾਂ ਨੂੰ ਪਤਾ ਸੀ ਬਥੇਰੇ ਕਤਲ ਅਤੇ ਝੂਠੇ ਪੁਲਸ ਮੁਕਾਬਲੇ ਦੁਸ਼ਮਣੀਆਂ ਕੱਢਣ ਕਾਰਨ ਹੀ ਬਣਾਏ ਜਾ ਰਹੇ ਸਨ। ਵੈਸੇ ਵੀ ਹੁਣ ਤੱਕ ਅੰਤਾਂ ਦੀ ਕੁੱਟ ਖਾ ਕੇ ਵੀ ਜੱਗੇ ਨੇ ਅੱਤਵਾਦੀਆਂ ਨਾਲ ਆਪਣੇ ਸਬੰਧਾਂ ਨੂੰ ਕਬੂਲ ਨਹੀਂ ਕੀਤਾ ਸੀ। ਤਾਰੇ ਬਾਰੇ ਵੀ ਐਸ ਪੀ ਸਾਹਿਬ ਨੂੰ ਪਤਾ ਸੀ ਅਤੇ ਥਾਣੇਦਾਰਾਂ ਅਤੇ ਹੋਰ ਮੁਲਾਜ਼ਮਾਂ ਨੂੰ ਤਰੱਕੀਆਂ ਅਤੇ ਪੈਸਿਆਂ ਦੀ ਗਰਜ਼ ਨੇ ਅਜਿਹੇ ਨਾਮੁਰਾਦ ਕਾਰੇ ਕਰਵਾਉਣ ਲਈ ਮਜ਼ਬੂਰ ਕੀਤਾ ਸੀ। ਅੱਜ ਦਾ ਸਮਾਂ ਹੀ ਅਜਿਹਾ

ਸੀ ਕਿ ਸੱਚ ਝੂਠ ਦਾ ਨਿਤਾਰਾ ਅਦਾਲਤਾਂ ਦੀ ਥਾਂ ਪੁਲਸ ਕਰਦੀ ਅਤੇ ਸਜ਼ਾ ਵੀ ਪੁਲਸ ਹੀ ਦਿੰਦੀ।

"ਤੁਸੀਂ ਮੌਕੇ ਨਾਲ ਆ ਗੇ। ਬੰਦਾ ਤੁਹਾਡਾ ਬਚ ਜੂ। ਹੁਣ ਤੱਕ ਜੋ ਵੀ ਉਸ ਨਾਲ ਹੋ ਗਿਆ ਉਸ ਬਾਰੇ ਤਾਂ ਮੈਂ ਨੀ ਕੁਝ ਕਰ ਸਕਦਾ। ਹੁਣ ਤੋਂ ਬਾਅਦ ਉਸ ਨੂੰ ਫੁੱਲ ਦੀ ਨੀ ਲਗਦੀ। ਦੋ ਚਾਰ ਦਿਨਾਂ ਤੱਕ ਉਸ ਨੂੰ ਛੱਡ ਦਿਆਂਗੇ। ਹੁਣ ਤੁਸੀਂ ਜਾਉ ਤੇ ਜਿਹੜੇ ਬੰਦੇ ਦਫ਼ਤਰ ਦੇ ਬਾਹਰ ਬੈਠੇ ਆ ਉਹਨਾਂ ਨੂੰ ਵੀ ਲੈ ਜੋ।" ਐਸ ਪੀ ਨੇ ਉਸੇ ਵਕਤ ਫੋਨ ਕਰਕੇ ਥਾਣੇਦਾਰ ਨੂੰ ਜੱਗੇ ਨੂੰ ਕੁਝ ਵੀ ਨਾ ਕਹਿਣ ਦੀ ਹਦਾਇਤ ਕਰ ਦਿੱਤੀ। ਮੀਕੇ ਨੂੰ ਤਸੱਲੀ ਹੋ ਗਈ ਸੀ ਕਿ ਭਾਂਵੇਂ ਇੰਡੀਆਂ ਦੀ ਪੁਲਸ ਦਾ ਕੋਈ ਵਸਾਹ ਨਹੀਂ ਫਿਰ ਵੀ ਇਸ ਕੇਸ ਵਿਚ ਐਸ ਪੀ ਉਹਨਾਂ ਦੀ ਜ਼ਰੂਰ ਮਦਦ ਕਰ ਗਿਆ ਸੀ।

"ਸਰ ਜੇ ਜੱਗੇ ਨੂੰ ਮਿਲਣ ਦੀ ਇਜ਼ਾਜ਼ਤ ਦੇ ਸਕੋ!" ਮੀਕੇ ਨੇ ਬੇਨਤੀ ਕੀਤੀ।

"ਨਹੀਂ--। ਇਹ ਸੰਭਵ ਨਹੀਂ। ਉਸ ਦੀ ਜਾਨ ਬਖਸ਼ੀ ਸਿਰਫ਼ ਤੁਹਾਡੇ ਕਰ ਕੇ ਹੋਈ ਆ। ਉਹ ਤੁਹਾਨੂੰ ਮਿਲਾ ਸਕਣ ਵਾਲੀ ਹਾਲਤ ਵਿਚ ਨੀ। ਹਾਂ ਇਕ ਗੱਲ ਹੋਰ ਉਸ ਨੂੰ ਦੋ ਚਾਰ ਦਿਨਾਂ ਵਿਚ ਛੱਡਣ ਤੋਂ ਬਿਨਾਂ ਹੋਰ ਕੋਈ ਗੱਲ ਬਾਹਰ ਜਾ ਕੇ ਤੁਸੀਂ ਨੀ ਕਰਨੀ।" ਉਹਨਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਜੱਗੇ ਨੂੰ ਕੁੱਟ ਮਾਰ ਲੋੜ ਤੋਂ ਵਾਧੂ ਹੋ ਗਈ ਲਗਦੀ ਸੀ ਅਤੇ ਐਸ ਪੀ ਉਸ ਨੂੰ ਅਜਿਹੀ ਹਾਲਤ ਵਿਚ ਛੱਡਣ ਦੇ ਅਸਮਰੱਥ ਸੀ। ਮੀਕੇ ਨੇ ਐਸ ਪੀ ਨਾਲ ਹੱਥ ਮਿਲਾਉਂਦਿਆਂ ਉਸ ਨੂੰ ਭੇਦ ਸਾਂਭ ਕੇ ਰੱਖਣ ਦਾ ਵਾਇਦਾ ਦਿੱਤਾ ਅਤੇ ਉਹ ਬਾਹਰ ਆ ਗਏ।

ਉਹਨਾਂ ਨੂੰ ਵੇਖ ਕੇ ਪਿੰਡ ਦੇ ਮੋਹਤਬਾਰ ਬੰਦੇ ਅਤੇ ਹੈਰਾਨ ਜਿਹੇ ਹੋ ਗਏ। ਮੀਕੇ ਨੇ ਚੰਨੇ ਅਤੇ ਰਮੇਸ਼ ਦੀ ਉਹਨਾਂ ਨਾਲ ਸੀਮਤ ਜਿਹੀ ਜਾਣ ਪਹਿਚਾਣ ਕਰਵਾਈ ਅਤੇ ਉਹਨਾਂ ਨੂੰ ਦੱਸਿਆ ਕਿ ਐਸ ਪੀ ਸਾਹਿਬ ਜੱਗੇ ਨੂੰ ਦੋ ਚਾਰ ਦਿਨਾਂ ਵਿਚ ਛੱਡ ਦੇਣਗੇ। ਉਹਨਾਂ ਨੇ ਜੱਗੇ ਦਾ ਕੋਈ ਵੀ ਨੁਕਸਾਨ ਨਾ ਹੋਣ ਦੀ ਉਹਨਾਂ ਨੂੰ ਤਸੱਲੀ ਦਿੱਤੀ। ਉਹ ਸਾਰੇ ਉਥੋਂ ਇਕੱਠੇ ਹੀ ਪਿੰਡ ਨੂੰ ਆ ਗਏ।

ਜੱਗੇ ਨੂੰ ਫੜ ਕੇ ਥਾਣੇਦਾਰ ਸਿੱਧਾ ਡੱਲੇ ਦੀ ਕੋਠੀ ਲੈ ਗਿਆ। ਡੱਲੇ ਦੀ ਕੋਠੀ ਨੂੰ ਪੁਲਸ ਦਾ ਬੁੱਚੜਖਾਨਾ ਕਹਿੰਦੇ ਸਨ। ਇਥੇ ਬੇ-ਕਿਰਕੀ ਨਾਲ ਹਰ ਉਸ ਤਸੀਹੇ ਨੂੰ ਅੰਜਾਮ ਦਿੱਤਾ ਜਾਂਦਾ ਸੀ ਜਿਸ ਨੂੰ ਆਮ ਲੋਕ ਸੋਚ ਕੇ ਹੀ ਕੰਬ ਜਾਂਦੇ ਸਨ। ਇਥੇ ਪਹੁੰਚਦਿਆਂ ਹੀ ਜੱਗੇ ਨੂੰ ਅਹਿਸਾਸ ਹੋ ਗਿਆ ਕਿ ਆਉਣ ਵਾਲਾ ਸਮਾਂ ਬਦ ਤੋਂ ਵੀ ਬਦਤਰ ਸੀ। ਥਾਣੇਦਾਰ ਦਾ ਵਰਤਾਅ ਅਤੇ ਉਸ ਦਾ ਕਸਿਆ ਮੂੰਹ ਬਹੁਤ ਕੁਝ ਕਹਿ ਗਿਆ ਸੀ। ਡੱਲੇ ਦੀ ਕੋਠੀ ਪਹੁੰਚਣ ਤੱਕ ਜੱਗੇ ਨੂੰ ਪਤਾ ਲੱਗ ਗਿਆ ਕਿ ਉਸ ਨਾਲ ਬਹੁਤ ਬੁਰੀ ਹੋਣ ਵਾਲੀ ਸੀ ਅਤੇ ਸੰਭਵ ਮੌਤ ਵੀ ਸੀ।

ਉਸ ਨੂੰ ਇਸ ਚਾਲ ਦੇ ਪਿੱਛੇ ਤਾਰੇ ਦਾ ਹੱਥ ਹੋਣ ਦਾ ਪੱਕਾ ਯਕੀਨ ਸੀ। ਤਾਰੇ ਦਾ ਖਿਆਲ ਆਉਂਦਿਆਂ ਹੀ ਜੱਗੇ ਦੇ ਦਿਲ ਵਿਚ ਉਸ ਪ੍ਰਤੀ ਨਫ਼ਰਤ ਦੀ ਅੱਗ ਦਾ ਭਾਂਬੜ ਬਲ ਉੱਠਿਆ। ਉਸ ਦੇ ਅੰਦਰ ਲੜਨ ਦੀ ਸ਼ਕਤੀਸ਼ਾਲੀ ਇੱਛਾ ਉੱਠੀ। ਉਸਨੇ ਮਨ ਨਾਲ ਫੈਸਲਾ ਕੀਤਾ ਉਹ ਮਰ ਕੇ ਵੀ ਤਾਰੇ ਦੀਆਂ ਅੱਖਾਂ ਵਿਚ ਕਮਜ਼ੋਰ,ਗੀਦੀ ਜਾਂ ਡਰੂ ਸਾਬਤ ਨਹੀਂ ਹੋ ਸਕਦਾ ਸੀ। ਜੱਗੇ ਨੇ ਆਪਣੇ ਅੰਦਰਲੇ ਮਰਦ ਨੂੰ ਝੰਜੋੜਿਆ। ਉਸ ਦੇ ਖਿਆਲ ਵਿਚ ਪੁਲਸ ਦਾ ਹਰ ਉਹ ਤਸੀਹਾ ਆਇਆ ਜੋ ਉਸ ਨੇ ਲੋਕਾਂ ਤੋਂ ਸੁਣਿਆ ਸੀ। ਆਪਣੇ ਗੀਦੀ ਹੋਣ ਦੀ ਸ਼ਕਲ ਵਿਚ ਤਾਰੇ ਦੇ ਮੂੰਹ 'ਤੇ ਉਸ ਨੂੰ ਜਿੱਤ ਦੀ ਕੋਝੀ ਖੁਸ਼ੀ ਦਿਸੀ। ਪੁਲਸੀਆਂ ਦੇ ਤਾਹਨੇ ਮਿਹਣੇ ਸੁਣੇ। ਤਾਰੇ ਨਾਲ ਹੁੰਦੀ ਥਾਣੇਦਾਰ ਦੀ ਗੱਲ ਬਾਤ ਨੂੰ ਉਸ ਨੇ ਤਸੱਵਰ ਕੀਤਾ। ਆਪਣੀ ਕਮਜ਼ੋਰੀ ਦਾ ਮਖੌਲ ਉਡਾਉਂਦਾ ਹਾਸਾ ਉਸ ਨੂੰ ਸੁਣਾਈ ਦਿੱਤਾ ਜਿਸ ਨੂੰ ਉਹ ਸੁਪਨੇ ਵਿਚ ਵੀ ਸੁਣਨ ਨੂੰ ਤਿਆਰ ਨਹੀਂ ਸੀ। ਜੱਗੇ ਦੇ ਅੰਦਰਲੇ ਵਿਸ਼ਵਾਸ਼ ਨੇ ਉਸ ਨੂੰ ਮਰਦ ਬਣਕੇ ਹੋਣੀ ਨਾਲ

ਟਕਰਾਉਣ ਦੀ ਤਾਕਤ ਦਿੱਤੀ। ਉਸ ਨੇ ਝੁਕਣ ਦੀ ਥਾਂ ਸਰੀਰਕ ਤੌਰ 'ਤੇ ਟੁੱਟਣ ਦਾ ਫੈਸਲਾ ਲੈ ਲਿਆ। ਇਸ ਫੈਸਲੇ ਨੇ ਉਸ ਦਾ ਡਰ ਭੈ ਇਕ ਦਮ ਖਤਮ ਕਰ ਦਿੱਤਾ। ਜੀਪ ਵਿਚੋਂ ਉਹ ਮੁਸਕਰਾਉਂਦਾ ਉੱਤਰਿਆ ਅਤੇ ਨਿੱਡਰ ਹੋ ਕੇ ਸਾਬਤ ਕਦਮੀ ਆਪਣੀ ਹੋਣੀ ਦਾ ਮੁਕਾਬਲਾ ਕਰਨ ਲਈ ਅੱਗੇ ਵਧਿਆ।

"ਆ ਜਾ ਬਈ ਤੇਰਾ ਅੱਤਵਾਦ ਕੱਢੀਏ।" ਛੋਟੇ ਥਾਣੇਦਾਰ ਨੇ ਉਸ ਨੂੰ ਧੱਕਾ ਦਿੱਤਾ। ਜੱਗਾ ਦੋਵੇਂ ਲੱਤਾਂ ਚੌੜੀਆਂ ਕਰਕੇ ਖੜ੍ਹ ਗਿਆ ਅਤੇ ਉਸ ਨੇ ਸਖ਼ਤ ਨਜ਼ਰ ਨਾਲ ਛੋਟੇ ਥਾਣੇਦਾਰ ਵੱਲ ਵੇਖਿਆ।

"ਮੈਂ ਕੋਈ ਅੱਤਵਾਦੀ ਨੀ ਤੇ ਨਾ ਈ ਮੈਂ ਕੋਈ ਗੁਨਾਹ ਕੀਤਾ। ਜੇ ਕੋਈ ਥੋਨੂੰ ਸ਼ੱਕ ਆ ਤਾਂ ਮੈਨੂੰ ਸਾਫ਼ ਸਾਫ਼ ਪੁੱਛੋ।" ਜੱਗੇ ਦੇ ਬੋਲਾਂ ਵਿਚਲੀ ਨਿਡਰਤਾ ਨੇ ਵੱਡੇ ਥਾਣੇਦਾਰ ਨੂੰ ਉਸ ਦੀ ਤਾਰੇ ਨਾਲ ਹੋਈ ਗੰਢ ਤੁੱਪ ਯਾਦ ਕਰਵਾ ਦਿੱਤੀ। ਉਸ ਦਾ ਮਨ ਕੀਤਾ ਉਹ ਜੱਗੇ ਨਾਲ ਸਖ਼ਤੀ ਵਰਤਣ ਦੀ ਥਾਂ ਗੱਲ ਬਾਤ ਕਰੇ। ਉਸ ਨੂੰ ਮਹਿਸੂਸ ਹੋਇਆ ਜੱਗਾ ਨਿਰਦੋਸ਼ ਸੀ। ਦੂਜੇ ਹੀ ਪਲ ਉਸ ਨੂੰ ਲੱਗਿਆ ਜਿਵੇਂ ਜੱਗੇ ਨੇ ਉਸ ਨੂੰ ਚੈਲਿੰਜ ਕੀਤਾ ਹੋਵੇ ਅਤੇ ਉਸ ਦੀ ਅਤੇ ਉਸ ਦੇ ਰੁਤਬੇ ਦੀ ਬੇਇਜ਼ਤੀ ਕੀਤੀ ਹੋਵੇ। ਆਪਣੇ ਗੁਨਾਹ ਨੂੰ ਛੁਪਾਉਣ ਲਈ ਉਸ ਨੇ ਅਚੇਤ ਹੀ ਜੱਗੇ ਨੂੰ ਗਾਲ੍ਹ ਕੱਢ ਦਿੱਤੀ ਅਤੇ ਡੰਡਾ ਉਸ ਦੇ ਮੌਰਾਂ ਵਿਚ ਮਾਰਿਆ।

"ਭੈਣ ਦਿਆ ਖਸਮਾਂ ਜਬਾਨ ਚਲਾਉਣੈ। ਐਥੈ ਵਿਆਹ ਨੀ ਆਇਆ ਵਾ। ਭੈਣ ਚੋ----ਮੁਤਰ ਮੁਤਰ ਕੀ ਝਾਖਦਾ ਐਂ। ਲਾਉ ਤੌਣੀ ਸਾਲੇ ਦੀ ਆਕੜ ਢੈਲੀ ਕਰੀਏ।" ਥਾਣੇਦਾਰ ਨੇ ਕੋਲ ਖੜ੍ਹੇ ਸਿਪਾਹੀਆਂ ਨੂੰ ਵੀ ਆਦਤਨ ਗਾਲ੍ਹ ਕੱਢ ਦਿੱਤੀ। ਗਾਲ੍ਹ ਸੁਣਕੇ ਸਿਪਾਹੀਆਂ ਵਿਚ ਜਿਵੇਂ ਗੁੱਸੇ ਦਾ ਕਰੰਟ ਲੱਗਾ ਹੋਵੇ। ਉਹਨਾਂ ਨੇ ਜੱਗੇ ਨੂੰ ਭੁੰਜੇ ਸੁੱਟ ਲਿਆ ਅਤੇ ਉਸ ਨੂੰ ਮੂਧੇ ਮੂੰਹ ਕਰਕੇ ਇਕ ਜਾਣੇ ਨੇ ਉਸ ਦੀਆਂ ਬਾਂਹਾਂ ਫੜ ਲਈਆਂ ਅਤੇ ਦੂਸਰੇ ਨੇ ਉਸ ਦੀਆਂ ਦੋਵਾਂ ਲੱਤਾਂ ਨੂੰ ਮੋੜ ਕੇ ਉਸ ਦੇ ਪੈਰਾਂ ਦੀਆਂ ਤਲੀਆਂ ਉਪਰ ਨੂੰ ਕਰ ਲਈਆਂ। ਤੀਜੇ ਨੇ ਵੀ ਲੱਤਾਂ ਨੂੰ ਜੱਫਾ ਆ ਪਾਇਆ। ਚੌਥੇ ਨੇ ਜੱਗੇ ਦੀਆਂ ਤਲੀਆਂ ਨੂੰ ਡਾਂਗ ਨਾਲ ਛੱਲੀਆਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ। ਥਾਣੇਦਾਰ ਸਾਹਮਣੇ ਕਮਰੇ ਵਿਚ ਪੱਖੇ ਥੱਲੇ ਜਾ ਖੜ੍ਹਾ ਹੋਇਆ ਅਤੇ ਸਿਪਾਹੀਆਂ ਦੀ ਕਾਰਗੁਜ਼ਾਰੀ ਵੇਖਣ ਲੱਗਾ। ਥਾਣੇ ਦੇ ਵਿਹੜੇ ਵਿਚ ਢਾਹਿਆ ਜੱਗਾ ਅਤੇ ਸਾਰੇ ਦੇ ਸਾਰੇ ਸਿਪਾਹੀ ਮਿੰਟਾਂ ਵਿਚ ਪਸੀਨੇ ਨਾਲ ਗੜੁੱਚ ਹੋ ਗਏ।

ਬਾਂਸ ਦੀ ਡਾਂਗ ਦੀ ਸੱਟ ਨਾਲ ਜੱਗੇ ਦੇ ਪੈਰਾਂ ਦੀਆਂ ਤਲੀਆਂ ਵਿਚੋਂ ਅੱਗ ਨਿਕਲਣ ਲੱਗੀ। ਉਸ ਨੇ ਆਪਣੇ ਹੱਥਾਂ ਦੀਆਂ ਮੁੱਠੀਆਂ ਪੂਰੇ ਜ਼ੋਰ ਨਾਲ ਘੁੱਟ ਲਈਆਂ। ਕੁਝ ਵੀ ਬੋਲਣ ਜਾਂ ਹੀਲ-ਹੁੱਜਤ ਬਿਨਾਂ ਅਤੇ ਖਾਸ ਕਰਕੇ ਰੋਏ ਕੁਰਲਾਏ ਬਿਨਾਂ ਉਸ ਨੇ ਜ਼ਬਰ ਨੂੰ ਸਹਿਣ ਦੀ ਪੂਰੀ ਵਾਹ ਲਾਈ। ਉਸ ਦੇ ਨੌਂਹ ਹੱਥਾਂ ਦੀਆਂ ਤਲੀਆਂ ਵਿਚ ਖੁੱਭ ਗਏ। ਉਸ ਦੇ ਜਬਾੜੇ ਏਨੇ ਕੱਸੇ ਗਏ ਜਿਵੇਂ ਉਸ ਦੇ ਦੰਦ ਟੁੱਟਣ ਵਾਲੇ ਹੋ ਗਏ ਹੋਣ। ਉਸ ਦਾ ਸਰੀਰ ਤਣ ਗਿਆ। ਪਹਿਲੀਆਂ ਕੁਝ ਕੁ ਡਾਂਗਾਂ ਵੱਜਣ ਬਾਅਦ ਉਸ ਨੂੰ ਡਾਂਗ ਦੀ ਸੱਟ ਘੱਟ ਅਤੇ ਜਲਣ ਬਹੁਤੀ ਮਹਿਸੂਸ ਹੋਣ ਲੱਗੀ। ਹਫੇ ਅਤੇ ਮੁੜ੍ਹਕੋ ਮੁੜ੍ਹਕੀ ਹੋਏ ਸਿਪਾਹੀ ਨੇ ਡਾਂਗ ਪਰ੍ਹੇ ਸੁੱਟ ਦਿੱਤੀ ਅਤੇ ਪੱਖੇ ਹੇਠ ਬੈਠੇ ਥਾਣੇਦਾਰ ਵੱਲ ਵੇਖਿਆ ਜਿਵੇਂ ਉਸ ਦੇ ਅਗਲੇ ਹੁਕਮ ਦੀ ਉਡੀਕ ਕਰ ਰਿਹਾ ਹੋਵੇ।

ਥਾਣੇਦਾਰ ਨੇ ਸਾਹ ਲੈ ਲੈਣ ਦਾ ਇਸ਼ਾਰਾ ਕੀਤਾ। ਹੰਢੇ ਵਰਤੇ ਸਿਪਾਹੀਆਂ ਨੇ ਜੱਗੇ ਨੂੰ ਉੱਠਾ ਕੇ ਪੈਰਾਂ ਭਾਰ ਬਿਠਾ ਦਿੱਤਾ। ਜੱਗੇ ਦੇ ਪੈਰਾਂ ਦੀ ਜਲਣ ਬੈਠਣ ਨਾਲ ਕੁਝ ਘੱਟ ਹੋਈ। ਇਸ ਸਮੇਂ ਸਰੀਰਕ ਤਕਲੀਫ਼ ਦੀ ਥਾਂ ਆਪਣੇ ਨਾਲ ਨਜ਼ਾਇਜ਼ ਹੋ ਰਹੀ ਵਧੀਕੀ ਕਾਰਨ ਉਸ ਦਾ ਵਿਰੋਧ ਅਤੇ ਗੁੱਸਾ ਸਾਰੇ ਤਨ ਮਨ 'ਤੇ ਭਾਰੂ ਹੋ ਗਿਆ ਸੀ। ਜਿਥੇ ਉਸ ਦੇ ਪੈਰਾਂ ਦੀਆਂ ਤਲੀਆਂ ਸਰੀਰਕ ਸੱਟ ਕਾਰਨ ਸੜ ਭੁੱਜ ਰਹੀਆਂ ਸਨ ਉਥੇ ਉਸ ਦੇ ਮਨ ਦੇ ਗੁੱਸੇ ਕਾਰਨ ਅੱਖਾਂ ਵੀ ਅੱਗ ਨਾਲ ਤੱਪ ਰਹੀਆਂ ਸਨ। ਜਿਸ ਵੀ ਮੁਲਾਜਮ ਨੇ

ਉਹਨਾਂ ਅੱਖਾਂ ਨੂੰ ਵੇਖਿਆ ਉਸ ਦੇ ਮਨ ਨੇ ਜੱਗੇ ਦੇ ਡਰ ਦਾ ਪ੍ਰਛਾਵਾਂ ਜ਼ਰੂਰ ਮਹਿਸੂਸ ਕੀਤਾ।

ਜੱਗੇ ਨੇ ਪੈਰਾਂ ‘ਤੇ ਖੜ੍ਹੇ ਹੋਣ ਦਾ ਯਤਨ ਕਰਦਿਆਂ ਥਾਣੇਦਾਰ ਵੱਲ ਵੇਖਿਆ। ਦੋਵਾਂ ਦੀਆਂ ਅੱਖਾਂ ਮਿਲੀਆਂ। ਜੱਗੇ ਦੀਆਂ ਅੱਖਾਂ ਦੀ ਵਾਰਤਾ ਥਾਣੇਦਾਰ ਤੋਂ ਗੁੱਝੀ ਨਾ ਰਹੀ। ਉਸ ਨੇ ਆਪਣੀ ਨੌਕਰੀ ਵਿਚ ਬਹੁਤ ਸਾਰੇ ਲੋਕਾਂ ਨਾਲ ਜਾਇਜ਼ ਨਜ਼ਾਇਜ਼ ਕੀਤੀ ਸੀ। ਪਹਿਲੀ ਤੌਣੀ ਲੱਗਣ ਤੋਂ ਬਾਅਦ ਆਮ ਤੌਰ ‘ਤੇ ਉਸ ਨੂੰ ਆਦਮੀ ਦੀ ਜਰਨ-ਸ਼ਕਤੀ ਅਤੇ ਉਸ ਦੇ ਵਰਤਾਅ ਦਾ ਅੰਦਾਜ਼ਾ ਹੋ ਜਾਂਦਾ ਸੀ। ਜੱਗੇ ਦੀਆਂ ਅੱਖਾਂ ਵਿਚ ਉਸ ਨੇ ਵਿਰੋਧ, ਰੰਜਸ਼,ਸਿਰੜ,ਦਾ ਅਟੁੱਟ ਫੈਸਲਾ ਪੜ੍ਹ ਲਿਆ। ਉਸ ਨੇ ਸਮਝ ਲਿਆ ਜੱਗੇ ਨਾਲ ਉਸ ਨੂੰ ਦੋ ਹੱਥ ਕਰਨ ਲਈ ਕਾਫੀ ਸ਼ਕਤੀ ਦੀ ਲੋੜ ਸੀ। ਇਸ ਦੇ ਬਾਵਜੂਦ ਉਸ ਨੂੰ ਵਿਸ਼ਵਾਸ਼ ਨਹੀਂ ਸੀ ਉਹ ਜੱਗੇ ਨੂੰ ਤੋੜਨ ਵਿਚ ਸਫ਼ਲ ਹੋ ਜਾਵੇਗਾ।

ਵੈਸੇ ਵੀ ਜੱਗੇ ਦੀ ਹੋਣੀ ਦਾ ਫੈਸਲਾ ਪਹਿਲਾਂ ਹੋ ਚੁੱਕਿਆ ਸੀ। ਆਪਣੇ ਅਫਸਰਾਂ ਨਾਲ ਗੱਲ ਬਾਤ ਕਰਕੇ ਉਸ ਨੇ ਅੰਤਮ ਫੈਸਲਾ ਲੈ ਲਿਆ ਸੀ ਅਤੇ ਅੱਜ ਰਾਤ ਨੂੰ ਜੱਗੇ ਦੇ ਝੂਠੇ ਪੁਲਸ ਮੁਕਾਬਲੇ ਦਾ ਇੰਤਜਾਮ ਹੋ ਰਿਹਾ ਸੀ। ਸੋ ਉਸ ਨੂੰ ਜੱਗੇ ਤੋਂ ਬਹੁਤਾ ਖ਼ਤਰਾ ਕੋਈ ਨਹੀਂ ਸੀ। ਜੇ ਜੱਗੇ ਨੇ ਕੋਈ ਜਾਣਕਾਰੀ ਦੇ ਦਿੱਤੀ ਤਾਂ ਬਹੁਤ ਵਧੀਆ। ਜੇ ਨਾ ਵੀ ਦਿੱਤੀ ਤਾਂ ਝੂਠੇ ਮੁਕਾਬਲੇ ਨਾਲ ਇਕ ਸਟਾਰ ਵੱਧ ਲੱਗਣ ਦੀ ਪੂਰੀ ਉਮੀਦ ਸੀ। ਥਾਣੇਦਾਰ ਦੇ ਬੁੱਲ੍ਹਾਂ ‘ਤੇ ਕਰੂਰ ਮੁਸਕਰਾਹਟ ਫੈਲ ਗਈ।

ਹਫੇ ਸਿਪਾਹੀਆਂ ਨੇ ਪਾਣੀ ਪੀਤਾ ਅਤੇ ਥਾਣੇਦਾਰ ਚਾਹ ਪੀਂਦਾ ਸੋਚ ਰਿਹਾ ਸੀ ਕਿ ਜੱਗੇ ਨੂੰ ਤੋੜਨ ਦਾ ਅਗਲਾ ਢੰਗ ਤਰੀਕਾ ਕਿਹੜਾ ਵਰਤਿਆ ਜਾਵੇ। ਕੁਝ ਦੇਰ ਲਈ ਜੱਗੇ ਨੂੰ ਸਰੀਰਕ ਅਰਾਮ ਵੀ ਦੇਣਾ ਜ਼ਰੂਰੀ ਸੀ। ਉਸ ਨੂੰ ਮਾਨਸਕ ਪੱਖੋਂ ਨਿਰਾਸ਼ ਕਰਨਾ ਵੀ ਅਤਿ ਲੋੜੀਂਦਾ ਸੀ।

“ਦਸ ਵੀਹ ਮਿੰਟ ਦੀ ਛੁੱਟੀ ਆ ਤੈਨੂੰ। ਫੇਰ ਤੈਨੂੰ ਨਵਾਂ ਟਰੇਲਰ ਦਿਖਾਂਵਾਂਗੇ।” ਚਾਹ ਦਾ ਖਾਲੀ ਕੱਪ ਮੇਜ਼ ‘ਤੇ ਰਖਦਿਆਂ ਥਾਣੇਦਾਰ ਨੇ ਤਾਅਨੇ ਭਰੀ ਬੋਲੀ ਵਿਚ ਉਸ ਨੂੰ ਡਰਾਵਾ ਦਿੱਤਾ।

“ਤੂੰ ਜਿਹੜੀ ਆਪਦੀ ਭੈਣ ਦਾ ਰਿਸਤਾ ਕਰਨਾ ਕਰ ਲਾ। ਮੈਂ ‘ਨੰਦ ਲੈਣ ਨੂੰ ਤਿਆਰ ਆਂ।” ਜੱਗੇ ਨੇ ਲਾਲ ਅੱਖਾਂ ਨਾਲ ਵੇਖਦਿਆਂ ਚੀਕਦਿਆਂ ਉਸ ਨੂੰ ਚੈਲਿੰਜ ਕੀਤਾ।

ਥਾਣੇਦਾਰ ਨੂੰ ਇਕ ਦਮ ਗੁੱਸਾ ਆਇਆ ਅਤੇ ਉਹ ਆਪਣਾ ਡੰਡਾ ਚੁੱਕ ਕੇ ਜੱਗੇ ਵੱਲ ਤਕਰੀਬਨ ਭੱਜ ਕੇ ਅਹੁਲਿਆ। ਬਿਨਾਂ ਅੱਗਾ ਤੱਗਾ ਵੇਖੇ ਉਸ ਨੇ ਜੱਗੇ ‘ਤੇ ਡੱਡਿਆਂ ਦਾ ਮੀਂਹ ਵਰ੍ਹਾ ਦਿੱਤਾ। ਜੱਗੇ ਨੇ ਆਪਣੇ ਸਿਰ ਨੂੰ ਥੋੜਾ ਝੁਕਾ ਕੇ ਅਤੇ ਆਪਣੇ ਹੱਥ ਨਾਲ ਸਿਰ ਨੂੰ ਢੱਕਣ ਦਾ ਯਤਨ ਕੀਤਾ। ਇਸ ਕੁਦਰਤੀ ਬਚਾਅ ਦੇ ਵਰਤਾਰੇ ਬਾਰੇ ਉਸ ਨੂੰ ਸੋਚਣ ਦਾ ਭੋਰਾ ਵੀ ਸਮਾਂ ਨਹੀਂ ਮਿਲਿਆ ਸੀ ਸਗੋਂ ਉਸ ਦੇ ਅਚੇਤ ਮਨ ਨੇ ਉਸ ਕੋਲੋਂ ਅਜਿਹਾ ਕਰਵਾਇਆ ਸੀ। ਥਾਣੇਦਾਰ ਉਸ ਨੂੰ ਕੁਟਦਾ ਰਿਹਾ ਅਤੇ ਜੱਗਾ ਉਸ ਨੂੰ ਮੂੰਹ ਆਈਆਂ ਗਾਹਲਾਂ ਦਿੰਦਾ ਰਿਹਾ। ਇਸ ਵੇਲੇ ਜੱਗੇ ਨੂੰ ਚੀਕਣ ਨਾਲੋਂ ਗਾਹਲਾਂ ਕੱਢਣ ਨਾਲ ਵੀ ਪੂਰਨ ਤਸੱਲੀ ਹੋ ਰਹੀ ਸੀ। ਹੁਣ ਜੱਗੇ ਨੂੰ ਮਹਿਸੂਸ ਹੋਇਆ ਕਿ ਚੁੱਪ ਰਹਿਣ ਨਾਲੋਂ ਗਾਹਲਾਂ ਕੱਢਣ ਜਾਂ ਚੀਕਣ ਨਾਲ ਲੜਨ ਲਈ ਸ਼ਕਤੀ ਮਿਲਦੀ ਸੀ। ਸੋ ਉਸ ਨੇ ਗਾਹਲਾਂ ਕੱਢਣ ਦਾ ਸਿਲਸਿਲਾ ਉਦੋਂ ਤੱਕ ਜ਼ਾਰੀ ਰੱਖਿਆ ਜਦ ਤੱਕ ਥਾਣੇਦਾਰ ਹੰਭ-ਹੁੱਟ ਕੇ ਕੁਰਸੀ ‘ਤੇ ਨਾ ਜਾ ਬੈਠਾ।

ਮਨੁੱਖ ਉਦੋਂ ਤੱਕ ਪੀੜ ਸਹਿ ਸਕਦਾ ਹੈ ਜਦੋਂ ਤੱਕ ਉਹ ਹੋਸ਼ ਵਿਚ ਹੁੰਦਾ ਹੈ। ਜਦ ਪੀੜ ਨਾਲ ਬੇਹੋਸ਼ ਹੋ ਜਾਂਦਾ ਹੈ ਤਾਂ ਉਸ ਨੂੰ ਪੀੜ ਦੀ ਸੁਰਤ ਨਹੀਂ ਰਹਿ ਜਾਂਦੀ। ਜੱਗਾ ਪੂਰੀ ਤਰ੍ਹਾਂ ਨਾਲ ਬੇਹੋਸ਼ ਨਹੀਂ ਸੀ ਹੋਇਆ। ਹੋਸ਼ ਉਸ ਦਾ ਸਾਥ ਛਡਦੀ ਜਾ ਰਹੀ ਸੀ।

ਸਿਪਾਹੀ ਨੇ ਉਸ ਦੇ ਸਰੀਰ ਨੂੰ ਮਾਲਸ਼ ਕੀਤੀ ਅਤੇ ਪਾਣੀ ਪਿਲਾਇਆ। ਜੱਗੇ ਦੀਆਂ ਗਾਹਲਾਂ ਦੀ ਸਪੀਡ ਧੀਮੀ ਹੁੰਦੀ ਹੁੰਦੀ ਬੰਦ ਹੋ ਗਈ। ਉਸ ਨੂੰ ਇਕ ਕਮਰੇ ਵਿਚ ਸੁੱਟ ਕੇ ਸਿਪਾਹੀ ਬਾਹਰ ਚਲੇ ਗਏ। ਉਸ ਦੇ ਸਰੀਰ ਵਿਚੋਂ ਚਿਣਗਾਂ ਨਿਕਲ ਰਹੀਆਂ ਸਨ। ਭੱਜੇ ਟੁੱਟੇ ਜੱਗੇ ਨੇ ਫਿਰ ਆਪਣੇ ਆਪ ਨਾਲ ਵਾਇਦਾ ਕੀਤਾ ਕਿ ਇਸ ਲੜਾਈ ਵਿਚ ਉਹ ਕਿਸੇ ਵੀ ਕੀਮਤ ‘ਤੇ ਹਾਰ ਨਹੀਂ ਮੰਨੇਗਾ। ਉਸ ਨੂੰ ਆਪਣੇ ਆਪ ‘ਤੇ ਹੋਰ ਵੀ ਦ੍ਰਿੜ ਭਰੋਸਾ ਹੋ ਗਿਆ।

ਸਾਰੇ ਸਰੀਰ ਨਾਲੋਂ ਖੱਬੇ ਹੱਥ ਦੀ ਵਿਚਾਲੜੀ ਉਂਗਲ ਉਸ ਨੂੰ ਜ਼ਿਆਦਾ ਤਕਲੀਫ਼ ਦੇ ਰਹੀ ਸੀ। ਸ਼ਾਇਦ ਮਾਰ ਨਾਲ ਟੁੱਟ ਗਈ ਸੀ। ਜੱਗੇ ਨੇ ਸੱਜੇ ਹੱਥ ਨਾਲ ਉਂਗਲ ਨੂੰ ਘੁੱਟਿਆ ਤਾਂ ਉਸ ਨੂੰ ਮਾੜਾ ਜਿਹਾ ਅਰਾਮ ਮਿਲਿਆ। ਆਪਣੀ ਜੇਬ ਵਿਚੋਂ ਰੁਮਾਲ ਕੱਢ ਕੇ ਉਸ ਨੇ ਘੁੱਟ ਕੇ ਉਂਗਲ ਨੂੰ ਬੰਨ੍ਹ ਲਿਆ। ਅਜਿਹੇ ਹਾਲਾਤ ਵਿਚ ਇਹੋ ਉਸ ਨੂੰ ਕਾਫ਼ੀ ਅਰਾਮ ਦੇਹ ਮਹਿਸੂਸ ਹੋਇਆ।

ਘੰਟੇ ਡੇਢ ਘੰਟੇ ਬਾਅਦ ਸਿਪਾਹੀ ਫਿਰ ਉਸ ਦੇ ਦੁਆਲੇ ਹੋ ਗਏ ਅਤੇ ਉਸ ਨੂੰ ਧੂਹ ਕੇ ਪਿਛਲੇ ਕਮਰੇ ਵਿਚ ਲੈ ਗਏ। ਜੱਗਾ ਸੋਚ ਰਿਹਾ ਸੀ ਪੁਲਸ ਆਲੇ ਬੰਦਿਆਂ ਕੋਲ ਤਰਸ ਭਾਵਨਾ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਹ ਇਨਸਾਨਾ ਦੇ ਚੋਲੇ ਵਿਚ ਹੈਵਾਨਾ ਵਰਗੇ ਬੇਕਿਰਕ ਅਤੇ ਜ਼ਾਲਮ ਬੰਦੇ ਸਨ।

ਬਹੁਤਾ ਸੋਚਣ ਦਾ ਸਮਾਂ ਕਿੱਥੇ ਸੀ! ਉਸਦੀਆਂ ਲੱਤਾਂ ਚੌੜੀਆਂ ਕਰਕੇ ਦੋਵੇਂ ਪੈਰ ਕੰਧ ਨਾਲ ਖੜ੍ਹੇ ਮੰਜੇ ਦੇ ਪਾਵਿਆਂ ਨਾਲ ਬੰਨ੍ਹ ਦਿੱਤੇ ਅਤੇ ਹੱਥ ਉਪਰਲੇ ਪਾਵਿਆਂ ਨਾਲ।

“ਲੈ ਬਈ ਜੁਆਨਾ ਹੁਣ ਤੂੰ ਅਰਾਮ ਫਰਮਾ ਤੇ ਮੈਂ ਤੇਰੇ ਸਾਹਮਣੇ ਬਹਿਨਾਂ। ਸ਼ਾਇਦ ਕਿਸੇ ਖਾਤਰਦਾਰੀ ਦੀ ਲੋੜ ਪੈ ਜਾਵੇ।” ਸਿਪਾਹੀ ਨੇ ਕੁਰਸੀ ‘ਤੇ ਬੈਠ ਕੇ ਲੱਤਾਂ ਨਿਸਾਲ ਲਈਆਂ ਅਤੇ ਸਿਰ ਕੁਰਸੀ ਦੀ ਢੋਅ 'ਤੇ ਰੱਖ ਕੇ ਅੱਖਾਂ ਬੰਦ ਕਰ ਲਈਆਂ। ਕੁਝ ਦੇਰ ਬਾਅਦ ਉਸ ਦੇ ਘੁਰਾੜੇ ਚੱਲਣ ਲੱਗੇ।

ਥੋੜੀ ਦੇਰ ਤਾਂ ਜੱਗੇ ਨੂੰ ਖੜ੍ਹਨ ਦੀ ਖਾਸ ਤਕਲੀਫ਼ ਨਾ ਹੋਈ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਉਸ ਦੀਆਂ ਲੱਤਾਂ ਅਤੇ ਬਾਂਹਾਂ ਵਿਚ ਅਕੜਾ ਪੈਦਾ ਹੁੰਦਾ ਗਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਸਾਰੇ ਦਾ ਸਾਰਾ ਲਹੂ ਉਸ ਦੀਆਂ ਲੱਤਾਂ ਵਿਚ ਉੱਤਰ ਆਇਆ ਹੋਵੇ। ਲੱਤਾਂ ਬਾਹਾਂ ਨੂੰ ਮਾੜਾ ਮੋਟਾ ਹਿਲਾਉਣ ਦਾ ਯਤਨ ਵੀ ਨਾ ਕਾਮਯਾਬ ਹੋ ਗਿਆ ਅਤੇ ਉਸ ਦੀਆਂ ਲੱਤਾਂ ਦੇ ਨਾਲ ਨਾਲ ਸਾਰਾ ਸਰੀਰ ਹੀ ਲੱਕੜ ਵਰਗਾ ਨਿਰਜੀਵ ਅਤੇ ਸਖ਼ਤ ਮਹਿਸੂਸ ਹੋਣ ਲੱਗਾ। ਇਸ ਵੇਲੇ ਉਸ ਕੋਲ ਗਾਹਲਾਂ ਕੱਢਣ ਦਾ ਵੀ ਕੋਈ ਕਾਰਣ ਨਹੀਂ ਸੀ। ਨਾ ਤਾਂ ਥਾਣੇਦਾਰ ਹੀ ਸਾਹਮਣੇ ਸੀ ਅਤੇ ਨਾ ਹੀ ਕੁੱਟ ਮਾਰ ਨੂੰ ਸਹਿਣ ਦਾ ਜੀ ਤੋੜ ਮੁਕਾਬਲਾ ਹੋ ਰਿਹਾ ਸੀ। ਇਹ ਲੜਾਈ ਜਿਸਮਾਨੀ ਹੋਣ ਦੇ ਨਾਲ ਨਾਲ ਮਾਨਸਕ ਵੀ ਸੀ।

ਇਸ ਵੇਲੇ ਜੱਗੇ ਦਾ ਮਨ ਡੋਲਿਆ ਅਤੇ ਉਸ ਦਾ ਦਿਲ ਕੀਤਾ ਥਾਣੇਦਾਰ ਨਾਲ ਸੁਲਾਹ ਸਫ਼ਾਈ ਕੀਤੀ ਜਾਵੇ। ਉਸ ਦੇ ਕੁੱਟੇ-ਟੁੱਟੇ ਭੱਜੇ ਅੰਗਾਂ ਨੇ ਜਿਵੇਂ ਉਸ ਦੇ ਮਨ ਦੇ ਖਿਲਾਫ ਨਾ ਲੜਨ ਅਤੇ ਨਾ ਜਰਨ ਦੀ ਲੜਾਈ ਵਿਚ ਸਾਥ ਛੱਡਣ ਦਾ ਫੈਸਲਾ ਲੈ ਲਿਆ ਹੋਵੇ। ਜੱਗੇ ਨੇ ਡੁਬਦੀਆਂ ਅੱਖਾਂ ਨਾਲ ਕੁਰਸੀ ‘ਤੇ ਬੇਫਿਕਰੀ ਨਾਲ ਸੁੱਤੇ ਸਿਪਾਹੀ ਵੱਲ ਵੇਖਿਆ।

“ਸੰਤਰੀ ਸਾਅਬ ਪਾਣੀ ਦਾ ਘੁੱਟ ਤਾਂ ਪਿਲਾਉ।” ਬੇਨਤੀ ਕਰਦੀ ਅਵਾਜ਼ ਸਿਪਾਹੀ ਦੇ ਕੰਨਾਂ ਵਿਚ ਪਈ। ਉਸ ਨੇ ਅਨੀਂਦਰੀਆਂ ਭਾਰੀਆਂ ਅੱਖਾਂ ਖੋਲ੍ਹੀਆਂ। ਗੁਸੈਲੀ ਨਜ਼ਰ ਨਾਲ ਭਿਆਨਕ ਦਿਉ ਵਾਂਗ ਉਹ ਕੁਰਸੀ ਤੋਂ ਉੱਠਿਆਂ ਅਤੇ ਤਕੜਾ ਘਸੁੰਨ ਉਸ ਨੇ ਜੱਗੇ

ਦੇ ਜਬਾੜੇ 'ਤੇ ਠੋਕ ਦਿੱਤਾ।

"ਭੈਣ ਦਿਆ------ ਐਥੇ ਨਾਨਕੀ ਆਇਆਂ। ਸਾਲੇ ਭੋਰਾ ਚੈਨ ਵੀ ਨੀ ਕਰਨ ਦਿੰਦੇ।"

ਜੱਗੇ ਦੇ ਡੋਲਦੇ ਇਰਾਦੇ ਨੂੰ ਥਾਂ ਸਿਰ ਲਿਆਉਣ ਲਈ ਉਸ ਨੂੰ ਇਸ ਘਸੁੰਨ ਦੀ ਹੀ ਸ਼ਾਇਦ ਜ਼ਰੂਰਤ ਸੀ। ਜੱਗੇ ਦੇ ਬਾਗੀ ਹੋਏ ਅੰਗਾਂ ਨੇ ਫਿਰ ਤੋਂ ਉਸ ਦੇ ਮਨ ਦੀ ਆਗਿਆ ਵਿਚ ਰਹਿਣ ਦਾ ਫੈਸਲਾ ਕਰ ਲਿਆ। ਜੱਗਾ ਫਿਰ ਭਬਕਿਆ।

"ਨਾਨਕੀ ਨਾ ਸਹੀ ਸਹੁਰੀਂ ਤਾਂ ਆਇਆਂ ਈ ਆਂ। ਸਾਲਿਉ ਭਨੋਈਏ ਦੀ ਸੇਵਾ ਤਾਂ ਚੱਜ ਨਾ ਕਰੋ।" ਅਜੇ ਜੱਗੇ ਨੇ ਫਿਕਰਾ ਪੂਰਾ ਵੀ ਨਹੀਂ ਕੀਤਾ ਸੀ ਸਿਪਾਹੀ ਨੇ ਲੱਤ ਜੱਗੇ ਦੇ ਢਿੱਡ ਵਿਚ ਮਾਰਨੀ ਚਾਹੀ। ਪਤਾ ਨਹੀਂ ਕਿਵੇਂ ਉਸ ਦਾ ਨਿਸ਼ਨਾ ਖੁੰਝ ਗਿਆ ਅਤੇ ਲੱਤ ਮੰਜੇ ਦੀ ਬਾਹੀ ਵਿਚ ਵੱਜੀ।

ਮੰਜੇ ਦੀ ਬਾਹੀ ਟੁੱਟ ਗਈ ਅਤੇ ਸਿਪਾਹੀ ਲੜਖੜਾ ਕੇ ਡਿਗਦਾ ਡਿਗਦਾ ਮਸਾਂ ਬਚਿਆ। ਮੰਜੇ ਦੀ ਬਾਹੀ ਟੁੱਟਣ ਨਾਲ ਜੱਗੇ ਦੇ ਮਨ ਦੀ ਇੱਛਾ ਪੂਰੀ ਹੋ ਗਈ ਅਤੇ ਉਸ ਦੀ ਇਸ ਇਮਤਿਹਾਨ ਵਿਚੋਂ ਵੀ ਬੰਦਖਲਾਸੀ ਹੋ ਗਈ। ਬੁੜ ਬੁੜ ਕਰਦਾ ਸਿਪਾਹੀ ਉਸ ਦੀਆਂ ਲੱਤਾਂ ਬਾਂਹਾਂ ਖੋਲਣ ਲੱਗਾ ਅਤੇ ਜੱਗਾ ਹੱਸਦੀਆਂ ਅੱਖਾਂ ਨਾਲ ਉਸ ਨੂੰ ਵੇਖਦਾ ਰਿਹਾ।

ਇਸ ਸੀਨ ਨੂੰ ਵੇਖ ਕੇ ਥਾਣੇਦਾਰ ਆ ਭਬਕਿਆ- "ਕਿਉਂ ਕਿਸੇ ਅੱਤਵਾਦੀ ਦਾ ਨਾਂ ਥੇਹ ਯਾਦ ਆਇਆ ਕਿ ਅਜੇ ਹੋਰ ਕੁੱਤੇ ਖਾਨੀ ਕਰਾਉਣੀ ਆ!"

"ਮੈਂ ਤੈਨੂੰ ਪਹਿਲਾਂ ਈ ਦੱਸ 'ਤਾ ਬਈ ਮੇਰੇ ਕਿਸੇ ਅੱਤਵਾਦੀ ਨਾਲ ਕੋਈ ਸਬੰਧ ਨੀ। ਯਾਦ ਤਾਂ ਈ ਆਊ ਜੇ ਕਿਸੇ ਨੂੰ ਜਾਣਦਾ ਹੋਊਂ।" ਜੱਗੇ ਦੇ ਬੋਲਾਂ ਵਿਚ ਪਹਿਲਾਂ ਵਾਲੀ ਅੱਗ ਨਹੀਂ ਸੀ। ਉਸ ਨੂੰ ਉਮੀਦ ਸੀ ਸ਼ਾਇਦ ਥਾਣੇਦਾਰ ਉਸ ਦੀ ਗੱਲ 'ਤੇ ਯਕੀਨ ਕਰ ਲਵੇ!

"ਲਿਆਉ ਉਹ ਇਹਨੂੰ ਪੁੱਠਾ ਟੰਗੀਏ। ਮੇਰੀ ਕੁਰਸੀ 'ਤੇ ਘੜੀ ਲਿਆ ਐਥੇ।" ਥਾਣੇਦਾਰ ਨੇ ਘੜੀ ਲਾਹ ਕੇ ਮੇਜ਼ 'ਤੇ ਰੱਖੀ ਹੋਈ ਸੀ। ਉਸ ਨੇ ਆਪਣੇ ਤਜ਼ਰਬੇ ਨਾਲ ਜਾਣ ਲਿਆ ਸੀ ਵੱਧ ਤੋਂ ਵੱਧ ਕਿਸੇ ਨੂੰ ਕਿੰਨ੍ਹਾਂ ਸਮਾਂ ਪੁੱਠਾ ਲਟਕਾਇਆ ਜਾ ਸਕਦਾ ਹੈ। ਇਸ ਲਈ ਉਸ ਨੂੰ ਘੜੀ ਦੀ ਜ਼ਰੂਰਤ ਸੀ। ਸਿਪਾਹੀ ਭੱਜ ਨੱਠ ਜਿਹੀ ਕਰਨ ਲੱਗੇ। ਜੱਗੇ ਦੇ ਅਗਲੇ ਇਮਤਿਹਾਨ ਦੀ ਤਿਆਰੀ ਹੋਣ ਲੱਗੀ ਸੀ।

ਜੱਗੇ ਨੇ ਕਾਫੀ ਕੁਝ ਸਹਿ ਲਿਆ ਸੀ। ਇਸ ਵਾਰ ਉਸ ਨੂੰ ਆਪਣੇ ਸਿਦਕ 'ਤੇ ਹੋਰ ਵੀ ਯਕੀਨ ਬੱਝ ਗਿਆ ਸੀ। ਉਹ ਜਾਣਦਾ ਸੀ ਕਿ ਹੁਣ ਉਸ ਨੂੰ ਤਕਲੀਫ਼ ਨੇ ਤੋੜ ਨਹੀਂ ਸਕਣਾ। ਜਦੋਂ ਸਿਪਾਹੀ ਰੱਸੇ ਆਦਿ ਦਾ ਪ੍ਰਬੰਧ ਕਰ ਰਹੇ ਸਨ ਤਾਂ ਉਦੋਂ ਜੱਗਾ ਆਪਣੇ ਮਨ ਨੂੰ ਅਗਲੀ ਲੜਾਈ ਲਈ ਤਿਆਰ ਕਰ ਰਿਹਾ ਸੀ।

"ਉਹ ਇਕ ਜਮੂਰ ਵੀ ਚੱਕੀ ਆਇਉ। ਪੁੱਠਾ ਲਟਕਾ ਕੇ ਇਹਦੇ ਨੌਂਹ ਵੀ ਖਿਚਣੇ ਆ। ਮੇਰੇ ਸਾਹਮਣੇ ਤਾਂ ਕੰਧਾਂ ਬੋਲਣ ਲੱਗ ਜਾਂਦੀਆਂ। ਫੇਰ ਇਹਦੇ ਪਜਾਮੇ 'ਚ ਚੂਹੇ ਵੀ ਛੱਡਣੇ ਆ। ਦੇਖਦਾਂ ਕਦੋਂ ਤੱਕ ਇਹ ----।" ਗੱਲ ਅਜੇ ਥਾਣੇਦਾਰ ਦੇ ਮੂੰਹ 'ਚ ਹੀ ਸੀ ਜਦੋਂ ਟੈਲੀਫੋਨ ਦੀ ਘੰਟੀ ਵੱਜੀ। ਥਾਣੇਦਾਰ ਟੈਲੀਫੋਨ ਸੁਣਨ ਲਈ ਆਪਣੇ ਦਫ਼ਤਰ ਵਿਚ ਚਲਾ ਗਿਆ। ਰਾਹ ਵਿਚ ਉਹ ਸੋਚ ਰਿਹਾ ਸੀ ਸ਼ਾਇਦ ਰਾਤ ਦੇ ਮੁਕਾਬਲੇ ਸਬੰਧੀ ਸਾਅਬ ਨੇ ਕੋਈ ਗੱਲ ਕਰਨੀ ਹੋਵੇ। ਥਾਣੇਦਾਰ ਨੂੰ ਆਪਣੇ ਮੋਢੇ 'ਤੇ ਹੋਰ ਸਟਾਰ ਲੱਗਿਆ

ਮਹਿਸੂਸ ਹੋਇਆ ਅਤੇ ਕੁਦਰਤੀ ਹੀ ਉਸ ਦੀ ਤੋਰ ਅਫਸਰੀ ਹੋ ਗਈ।

"ਹੈਲੋ--।" ਥਾਣੇਦਾਰ ਨੇ ਆਦਤਨ ਲਮਕਾ ਕੇ 'ਹੈਲੋ' ਕਿਹਾ।

"ਐਸ ਪੀ ਸਾਅਬ ਨਾਲ ਗੱਲ ਕਰੋ।" ਥਾਣੇਦਾਰ ਟੈਲੀਫੋਨ 'ਤੇ ਹੀ ਅਟੈਨਸ਼ਨ ਹੋ ਗਿਆ ਜਿਵੇਂ ਐਸ ਪੀ ਸਾਹਿਬ ਉਸ ਦੇ ਸਾਹਮਣੇ ਖੜ੍ਹੇ ਹੋਣ।

"ਉਏ ਤੁਸੀਂ ਗਲਤ ਬੰਦਾ ਚੱਕਣ ਤੋਂ ਪਹਿਲਾਂ ਉਹਦੇ ਬਾਰੇ ਤਫਤੀਸ਼ ਨੀ ਕਰਦੇ ਹੁੰਦੇ। ਜੱਗੇ ਨੂੰ ਹੱਥ ਨੀਂ ਲਾਹੁਣਾ ਤੇ ਤੂੰ ਮੇਰੇ ਦਫਤਰ ਆ ਹੁਣੇ।" ਥਾਣੇਦਾਰ ਦੇ ਕੰਨ ਨੂੰ ਅਜੇ ਟੈਲੀਫੋਨ ਲੱਗਿਆ ਹੋਇਆ ਸੀ ਪਰ ਦੂਜੇ ਪਾਸੇ ਤੋਂ ਟੈਲੀਫੋਨ ਕੱਟ ਹੋ ਗਿਆ। ਥਾਣੇਦਾਰ ਦੇ ਚਿਹਰੇ 'ਤੇ ਮਾਨਸਕ ਗੁੰਝਲ ਨੇ ਵੱਟ ਪਾ ਦਿੱਤੇ। ਉਸ ਨੂੰ ਹੋਰ ਵੀ ਮੁੜ੍ਹਕਾ ਆ ਗਿਆ ਅਤੇ ਪਾਣੀ ਦਾ ਗਲਾਸ ਉਸ ਨੇ ਜੱਗ ਵਿਚੋਂ ਭਰ ਕੇ ਪੀ ਲਿਆ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਸਾਰੀ ਸਕੀਮ ਕਿਵੇਂ ਬਦਲ ਗਈ ਅਤੇ ਸਾਅਬ ਨੂੰ ਜੱਗੇ ਬਾਰੇ ਕੀ ਪਤਾ ਲੱਗਿਆ! ਉਸ ਨੂੰ ਸਾਅਬ ਤੋਂ ਝਿੜਕਾਂ ਤਾਂ ਪੈਣੀਆਂ ਹੀ ਸਨ ਇਹ ਉਸ ਨੂੰ ਪਤਾ ਸੀ। ਉਸ ਨੂੰ ਵੱਡਾ ਡਰ ਸੀ ਕਿਤੇ ਉਸ ਨੂੰ ਲਾਇਨ ਹਾਜ਼ਰ ਨਾ ਕਰ ਦਿੱਤਾ ਜਾਵੇ। ਉਸ ਨੇ ਮਨੋ ਮਨ ਤਾਰੇ ਨੂੰ ਗਾਹਲ ਕੱਢੀ।

ਉਸ ਨੇ ਹੌਲਦਾਰ ਨੂੰ ਸੱਦਿਆ ਅਤੇ ਜੱਗੇ ਨੂੰ ਖਾਣ ਪੀਣ ਲਈ ਕੁਝ ਦੇਣ ਦੀ ਹਦਾਇਤ ਦਿੱਤੀ। ਉਸ ਨੂੰ ਕੁੱਟਣ ਮਾਰਨ ਦੀ ਮਨਾਹੀ ਕਰ ਦਿੱਤੀ। ਹੌਲਦਾਰ ਵੀ ਹੈਰਾਨ ਜਿਹਾ ਹੋ ਗਿਆ। ਥਾਣੇਦਾਰ ਦੇ ਉੱਤਰੇ ਮੂੰਹ ਤੋਂ ਉਸ ਨੇ ਅੰਦਾਜ਼ਾ ਲਾ ਲਿਆ ਕਿ ਸਭ ਹੱਛਾ ਨਹੀਂ ਸੀ। ਕਿਸੇ ਸਵਾਲ ਕਰਨ ਦਾ ਮਤਲਬ ਸੀ ਗਾਹਲਾਂ ਅਤੇ ਝਿੜਕਾਂ। ਸੋ ਉਸ ਨੇ ਆਪਣਾ ਮੂੰਹ ਬੰਦ ਰੱਖਿਆ ਅਤੇ ਥਾਣੇਦਾਰ ਨੂੰ ਥੱਕੀ ਤੋਰ ਜੀਪ ਵੱਲ ਜਾਂਦਿਆਂ ਵੇਖਦਾ ਰਿਹਾ।

ਚੌਥੇ ਦਿਨ ਜੱਗੇ ਨੂੰ ਘਰ ਭੇਜ ਦਿੱਤਾ ਗਿਆ। ਤਾਰੇ ਨੂੰ ਕਤਲ ਕਰਨ ਦੀਆਂ ਸਕੀਮਾਂ ਬਣਾਉਂਦਾ ਢਹੁੰਦਾ ਜੱਗਾ ਪਿੰਡ ਆ ਗਿਆ। ਉਸ ਨੂੰ ਤਾਰੇ ਦੇ ਮੁਕਾਬਲੇ ਆਪਣੀ ਆਰਥਕ ਅਤੇ ਸਿਆਸੀ ਪਹੁੰਚ ਦੀ ਕਮਜ਼ੋਰੀ ਦਾ ਸ਼ਿਦਤ ਨਾਲ ਅਹਿਸਾਸ ਹੋਇਆ। ਤਾਰੇ ਤੋਂ ਬਦਲਾ ਲੈਣ ਦੀਆਂ ਵਿਉਂਤਾਂ ਬਣਾਉਂਦਿਆਂ ਉਸ ਨੇ ਠੰਡਾ ਸਾਹ ਭਰ ਕੇ ਸੋਚਿਆ ' ਰੱਬ ਦੇ ਘਰ ਦੇਰ ਆ ਹਨ੍ਹੇਰ ਨੀ।

## (ਭਾਗ ਦੂਜਾ) ਚੌਵੀਵਾਂ

ਪ੍ਰੀਤ ਬੱਸ ਸਟਾਪ 'ਤੇ ਖੜ੍ਹੀ ਆਪਣੀਆਂ ਸੋਚਾਂ ਵਿਚ ਉਲਝੀ ਹੋਈ ਸੀ। ਉਸ ਦੇ ਕੋਲੋਂ ਦੀ ਕਦੋਂ ਇਕ ਚਮਕਦੀ ਦਮਕਦੀ ਸਪੋਰਟਸ ਬੀ ਐਮ ਡਬਲਯੂ ਲੰਘ ਗਈ ਅਤੇ ਕਦੋਂ ਉਸ ਦੇ ਸਵਾਰ ਨੇ ਪ੍ਰੀਤ 'ਤੇ ਝਾਤ ਮਾਰੀ ਉਸ ਨੂੰ ਕੋਈ ਖਬਰ ਨਹੀਂ ਸੀ। ਅੱਜ ਸ਼ਾਇਦ ਪਹਿਲੀ ਵਾਰ ਉਸ ਨੂੰ ਸਕੂਲ ਵਿਚੋਂ ਲੇਟ ਨਿਕਲਣਾ ਪਿਆ ਸੀ। ਉਸ ਦੇ ਜ਼ਿਹਨ ਵਿਚ ਉਸ ਨੇ ਜ਼ਿੰਦਗੀ ਵਿਚ ਕੀ ਕਰਨਾ ਸੀ, ਬਾਰੇ ਧੁੰਧਲਾ ਜਿਹਾ ਖਿਆਲ ਸੀ। ਕੋਸ਼ਿਸ਼ ਕਰਨ 'ਤੇ ਵੀ ਉਸ ਨੂੰ ਆਪਣੀ ਲਾਈਨ ਸਾਫ਼ ਨਜ਼ਰ ਨਹੀਂ ਆ ਰਹੀ ਸੀ।

ਪ੍ਰੀਤ ਪੜ੍ਹਨ ਲਿਖਣ ਵਿਚ ਬਹੁਤ ਹੁਸ਼ਿਆਰ ਕੁੜੀ ਸੀ। ਉਸ ਦੇ ਅਧਿਆਪਕਾਂ ਦਾ ਖਿਆਲ ਸੀ ਉਹ ਸਾਰੇ ਸਕੂਲ ਵਿਚੋਂ ਹੀ ਨਹੀਂ ਸਗੋਂ ਕਾਊਂਟੀ ਦੇ ਸਕੂਲਾਂ ਵਿਚੋਂ ਵੀ ਵੱਧ ਨੰਬਰ ਲਵੇਗੀ। ਇਸ ਦਾ ਪ੍ਰੀਤ ਨੂੰ ਵਿਸ਼ਵਾਸ਼ ਸੀ। ਉਸ ਦੀ ਲਿਆਕਤ ਨੂੰ ਵੇਖਦਿਆਂ ਉਸ ਦੇ ਮਾਤਾ ਪਿਤਾ ਦੀਆਂ ਉਮੀਦਾਂ ਨੂੰ ਵੀ ਖੰਭ ਲੱਗ ਗਏ ਸਨ। ਸੀਤੋ ਦਾ ਕਹਿਣਾ ਸੀ ਕੁੜੀ ਨੂੰ ਡਾਕਟਰ ਬਣਨਾ ਚਾਹੀਦਾ। ਪ੍ਰੀਤ ਨੂੰ ਡਾਕਟਰੀ ਵਿਚ ਭੋਰਾ ਵੀ ਦਿਲਚਸਪੀ ਨਹੀਂ ਸੀ। ਸੀਤੋ ਆਪਣੇ ਸੁਭਾਅ ਮੁਤਾਬਕ ਉਸ ਨਾਲ ਕਈ ਵੇਰ ਗੁੱਸੇ ਨਰਾਜ਼ ਵੀ ਹੋ ਚੁੱਕੀ

ਸੀ। ਸੀਤੋ ਆਪਣੀ ਥਾਂ ਸਮਝਦੀ ਕਿ ਡਾਕਟਰੀ ਕਰਕੇ ਉਸ ਦੀ ਕੁੜੀ ਦੇ ਨਾਲ ਨਾਲ ਉਸ ਦੀ ਆਪਣੀ ਇੱਜ਼ਤ ਵੀ ਸਮਾਜ ਵਿਚ ਉੱਚੀ ਹੋ ਜਾਵੇਗੀ। ਉਸ ਦੇ ਖਿਆਲ ਵਿਚ ਡਾਕਟਰੀ ਹੀ ਇਕ ਮਿਆਰੀ ਪੜ੍ਹਾਈ ਸੀ। ਪ੍ਰੀਤ ਨੇ ਉਸ ਨੂੰ ਆਪਣਾ ਪੱਖ ਸਮਝਾਉਣ ਦੀ ਕੋਸ਼ਿਸ਼ ਕੀਤੀ। ਸੀਤੋ ਨੂੰ ਸਮਝ ਨਾਂ ਪਈ ਅਤੇ ਉਹ ਆਪਣੀ ਥਾਂ ‘ਤੇ ਅੜੀ ਰਹੀ। ਅਖੀਰ ਪ੍ਰੀਤ ਨੇ ਉਸ ਦੀ ਹਾਂ ਵਿਚ ਹਾਂ ਮਿਲਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਸੋਚ ਲਿਆ ਹਰ ਰੋਜ਼ ਲੜਨ ਦੀ ਥਾਂ ਅਤੇ ਬਹਿਸ ਕਰਨ ਨਾਲੋਂ ਚੁੱਪ ਰਹਿਣਾ ਲੱਖ ਦਰਜੇ ਚੰਗਾ ਸੀ।

ਮੀਕੇ ਨੇ ਕਦੇ ਉਸ ਨੂੰ ਜ਼ੋਰ ਨਾਲ ਕੁਝ ਨਹੀਂ ਕਿਹਾ ਸੀ। ਉਸ ਨੇ ਉਸ ਨੂੰ ਅੱਖਾਂ ਦੀ ਸਪੈਸ਼ਲਿਸਟ ਬਣਨ ਦੀ ਰਾਇ ਦਿੱਤੀ। ਉਸ ਦੇ ਖਿਆਲ ਅਨੁਸਾਰ ਇਹ ਸਤਿਕਾਰ ਯੋਗ ਅਤੇ ਚੰਗੇ ਪੈਸੇ ਕਮਾਉਣ ਦੇ ਨਾਲ ਨਾਲ ਸਾਫ਼ ਕਿੱਤਾ ਸੀ। ਪ੍ਰੀਤੀ ਨੇ ਉਸ ਨੂੰ ਸਾਫ਼ ਸਾਫ਼ ਦੱਸ ਦਿੱਤਾ ਕਿ ਉਸ ਦਾ ਅਜਿਹਾ ਕਿੱਤਾ ਅਪਨਾਉਣ ਦਾ ਕੋਈ ਖਿਆਲ ਨਹੀਂ ਸੀ। ਉਹ ਕੁਝ ਵਖਰਾ ਕਰਨ ਬਾਰੇ ਸੋਚ ਰਹੀ ਸੀ ਜੋ ਉਸ ਨੂੰ ਦਿਲਚਸਪ ਵੀ ਲੱਗੇ ਅਤੇ ਚੈਲਿੰਜ ਭਰਿਆ ਵੀ ਹੋਵੇ।

ਉਸ ਦੇ ਟੀਚਰ ਉਸ ਨੂੰ ਹਰ ਹਾਲਤ ਵਿਚ ਔਕਸਫੋਰਡ ਜਾਂ ਕਿਸੇ ਹੋਰ ਸਤਿਕਾਰਤ ਯੂਨੀਵਰਸਟੀ ਜਾਣ ਦੀ ਸਲਾਹ ਦੇ ਰਹੇ ਸਨ ਜਿਸ ਦੀ ਦੁਨੀਆਂ ਭਰ ਵਿਚ ਧਾਂਕ ਹੋਵੇ। ਇਸ ਲਈ ਤਾਂ ਪ੍ਰੀਤ ਬਿਲਕੁਲ ਤਿਆਰ ਸੀ। ਕੋਰਸ ਕਿਹੜਾ ਚੁਣਿਆ ਜਾਵੇ ਇਸ ਸਬੰਧੀ ਉਹ ਅਜੇ ਸਾਫ਼ ਨਹੀਂ ਸੀ। ਇਸ ਕਾਰਣ ਹੀ ਉਸ ਨੇ ਆਪਣੇ ਕਰੀਅਰ ਟੀਚਰ ਨਾਲ ਮੀਟਿੰਗ ਰੱਖੀ ਸੀ ਜੋ ਲੋੜ ਤੋਂ ਵੱਧ ਲੰਬੀ ਹੋ ਗਈ। ਸਾਰੇ ਬੱਚੇ ਘਰਾਂ ਨੂੰ ਚਲੇ ਗਏ ਸਨ। ਸੁੰਨੇ ਬੱਸ ਸਟਾਪ ‘ਤੇ ਇਕੱਲੀ ਪ੍ਰੀਤ ਖੜੀ ਬੱਸ ਦੀ ਉਡੀਕ ਕਰ ਰਹੀ ਸੀ।

ਕਾਰ ਦੇ ਅਚਾਨਕ ਲੱਗੇ ਬਰੇਕਾਂ ਨੇ ਉਸ ਚੌਂਕਾ ਦਿੱਤਾ। ਡਰਾਈਵਰ ਨੇ ਸ਼ੀਸ਼ਾ ਨੀਵਾਂ ਕੀਤਾ ਅਤੇ ਬਹੁਤ ਨਿਮਰਤਾ ਨਾਲ ਉਸ ਨੂੰ ਸੰਬੋਧਨ ਕੀਤਾ-

“ਮੁਆਫ ਕਰਨਾ ਮਿੱਸ ਮੈਂ ਆਪਣੇ ਰਾਹ ਤੋਂ ਭਟਕ ਗਿਆਂ। ਮੈਂ ਨਾਰਵੁਡ ਗਰੀਨ ਜਾਣਾ ਐ।” ਪ੍ਰੀਤ ਨੇ ਉਸ ਦੀ ਗੱਲ ਸੁਣਦਿਆਂ ਉਸ ਦੀ ਕਾਰ, ਉਸ ਦੇ ਮਹਿੰਗੇ ਕੱਪੜੇ, ਉਸ ਦੇ ਗਲ ਵਿਚ ਪਾਈ ਹਿੱਕ ‘ਤੇ ਲਟਕਦੀ ਸੋਨੇ ਦੀ ਚੇਨੀ ਅਤੇ ਉਸ ਦੀ ਕਾਰ ਵਿਚੋਂ ਆਉਂਦੇ ਮਹਿੰਗੇ ਪਰਫਿਊਮ ਦੀ ਖੁਸ਼ਬੋ ਵੱਲ ਬਹੁਤਾ ਧਿਆਨ ਨਾ ਦੇਣ ਦੀ ਕੋਸ਼ਿਸ਼ ਕੀਤੀ। ਇੱਕੀ ਬਾਈ ਸਾਲ ਦੇ ਮੁੰਡੇ ਦਾ ਅਜਿਹਾ ਟੌਅਰ ਟੱਪਾ ਉਸ ਨੂੰ ਹੈਰਾਨ ਕਰ ਗਿਆ ਅਤੇ ਉਸ ਹੈਰਾਨੀ ਨੂੰ ਚਾਹੁੰਦਿਆਂ ਹੋਇਆਂ ਵੀ ਉਸ ਦੇ ਚਿਹਰੇ ਦੇ ਭਾਵ ਉਸ ਤੋਂ ਲੁਕਾ ਨਾ ਹੋਏ।

“ਸਿੱਧੇ ਚਲੇ ਜਾਉ। ਸਾਰੀਆਂ ਟਰੈਫਿਕ ਲਾਈਟਾਂ ਲੰਘ ਜਾਣਾ। ਟੀ ਜੰਕਸ਼ਨ ਤੋਂ ਖੱਬੇ ਮੁੜ ਜਾਣਾ ਅਤੇ ਮੋਟਰ ਵੇਅ ਦੇ ਪੁਲ ਦੇ ਹੇਠਾਂ ਦੀ ਲੰਘਣ ਸਾਰ ਨਾਰਵੁਡ ਗਰੀਨ ਦਾ ਇਲਾਕਾ ਸ਼ੁਰੂ ਹੋ ਜਾਂਦਾ।” ਉਸ ਨੇ ਰਾਹ ਦਸਦਿਆਂ ਮੁੰਡੇ ਵੱਲ ਨਾ ਵੇਖਣ ਦਾ ਯਤਨ ਕੀਤਾ। ਉਸ ਨੂੰ ਮਹਿਸੂਸ ਹੋਇਆ ਮੁੰਡਾ ਅਸਲ ਵਿਚ ਉਸ ਨੂੰ ਹੀ ਵੇਖ ਰਿਹਾ ਸੀ। ਰਾਹ ਪੁੱਛਣ ਦਾ ਤਾਂ ਉਸ ਦਾ ਬਹਾਨਾ ਸੀ। ਪ੍ਰੀਤ ਦੇ ਲਗਰ ਵਰਗੇ ਕੱਦ, ਗੁਲਾਬੀ ਗੁਲਾਬ ਰੰਗੇ ਚਿਹਰੇ ‘ਤੇ ਢੁਕਵੇਂ ਨਕਸ਼ ਅਤੇ ਕਾਲੇ ਵਾਲਾਂ ਦੀ ਮਿਹਲਦੀ ਲੰਬੀ ਗੁੱਤ ਨੇ ਉਸ ਨੂੰ ਕੀਲ ਲਿਆ। ਹਲਕੇ ਨਸ਼ੇ ਨਾਲ ਨਸ਼ਈ ਅੱਖਾਂ ਵਿਚ ਪ੍ਰੀਤ ਦੇ ਹੁਸਨ ਨੇ ਹੋਰ ਵੀ ਨਸ਼ਾ ਘੋਲ ਦਿੱਤਾ ਸੀ।

“ਲਗਦਾ ਮਿਸ ਤੁਸੀਂ ਵੀ ਉੱਧਰ ਈ ਜਾਣਾ ਐ। ਮੈਨੂੰ ਰਾਹ ਦੱਸ ਦਿਉ ਤੇ ਮੈਂ ਤੁਹਾਨੂੰ ਲਿਫਟ ਦੇ ਦਿਨਾਂ।” ਮੁੰਡੇ ਨੇ ਲੋੜੋਂ ਵੱਧ ਸਾਊ ਲੱਗਣ ਦੀ ਕੋਸ਼ਿਸ਼ ਕੀਤੀ।

“ਨਹੀਂ ਮਿਹਰਬਾਨੀ।” ਕਹਿ ਕੇ ਪ੍ਰੀਤ ਨੇ ਆਪਣਾ ਮੂੰਹ ਭੁਆ ਲਿਆ। ਪਿਛੋਂ ਲੰਘਦੀ ਕਾਰ ਵਾਲੇ ਨੇ ਜ਼ੋਰ ਨਾਲ ਹਾਰਨ ਵਜਾਇਆ।

ਸ਼ਾਇਦ ਮੁੰਡੇ ਤੇ ਕੁੜੀ ਨੂੰ ਗੱਲਾਂ ਕਰਦਿਆਂ ਵੇਖ ਕੇ ਜਾਂ ਸ਼ਾਇਦ ਇਸ ਲਈ ਕਿ ਮੁੰਡੇ ਦੀ ਕਾਰ ਲੰਘਣ ਵਾਲੇ ਦੇ ਰਾਹ ਵਿਚ ਖੜ੍ਹੀ ਸੀ। ਸ਼ਾਇਦ ਕਾਰ ਦੀ ਚਮਕ ਦਮਕ ਨੇ ਲੰਘਣ ਵਾਲੇ ਨੂੰ ਥੋੜੀ ਬਹੁਤ ਈਰਖਾ ਪੈਦਾ ਕਰ ਦਿੱਤੀ ਹੋਵੇ। ਪ੍ਰੀਤ ਦੇ ਮਨ ਵਿਚ ਇਸ ਹਾਰਨ ਨੇ ਡੂੰਘੀ ਹਲਚੱਲ ਪੈਦਾ ਕਰ ਦਿੱਤੀ। ਕਾਰ ਵਾਲੇ ਮੁੰਡੇ ਨੇ ਮਜ਼ਬੂਰਨ ਆਪਣੀ ਤੇਜ਼ ਰਫਤਾਰ ਕਾਰ ਨੂੰ ਸੁਸਤੀ ਨਾਲ ਤੋਰ ਲਿਆ।

ਪ੍ਰੀਤ ਨੂੰ ਇਕੱਲੀ ਨੂੰ ਡਰ ਜਿਹਾ ਮਹਿਸੂਸ ਹੋਇਆ। ਉਸ ਦੇ ਸਕੂਲ ਵਿਚੋਂ ਦੋ ਕੁੜੀਆਂ ਇਸ ਸਾਲ ਗਾਇਬ ਹੋ ਗਈਆਂ ਸਨ ਅਤੇ ਇਕ ਮੁੰਡਾ ਡਰੱਗ ਮਾਫੀਏ ਵਿਚ ਅਜਿਹਾ ਫਸਿਆ ਕਿ ਉਸ ਨੂੰ ਬੱਚਿਆਂ ਦੀ ਜੇਲ੍ਹ ਵਿਚ ਜਾਣਾ ਪਿਆ। ਕੁਝ ਹੋਰ ਮੁੰਡੇ ਕੁੜੀਆਂ ਡਰੱਗ ਦੀ ਲੁਕ ਛਿਪ ਕੇ ਵਰਤੋਂ ਕਰਦੇ ਸਨ, ਪ੍ਰੀਤ ਨੂੰ ਪਤਾ ਸੀ। ਗਾਇਬ ਹੋਈਆਂ ਕੁੜੀਆਂ ਬਾਰੇ ਪ੍ਰੀਤ ਨੇ ਸੁਣਿਆ ਸੀ ਅਜਿਹੀਆਂ ਹੀ ਮਹਿੰਗੀਆਂ ਕਾਰਾਂ ਅਤੇ ਅਮੀਰੀ ਦੀ ਦਿਖਾਵਟ ਵਾਲੇ ਮੁੰਡਿਆਂ ਦੇ ਚੁੰਗਲ ਵਿਚ ਫਸੀਆਂ ਅਤੇ ਉਹਨਾਂ ਨੂੰ ਝੂਠੇ ਪਿਆਰ ਦੇ ਲਾਰੇ ਅਤੇ ਸੁਪਨੇ ਵਿਖਾ ਕੇ ਡਰੱਗਾਂ ‘ਤੇ ਲਾ ਲਿਆ। ਇਕ ਵਾਰ ਡਰੱਗ ਮਾਫੀਏ ਦੀ ਦਲਦਲ ਵਿਚ ਫਸੀਆਂ ਤਾਂ ਨਿਕਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹਨਾਂ ਨੂੰ ਮਾਫੀਏ ਦੇ ਇਸ਼ਾਰਿਆਂ ‘ਤੇ ਨੱਚਣਾ ਪੈਣਾ ਸੀ। ਇਸ ਮੁੰਡੇ ਬਾਰੇ ਸ਼ੱਕ ਦਾ ਕੰਡਾ ਪ੍ਰੀਤ ਦੇ ਮਨ ਵਿਚ ਚੁਭ ਗਿਆ ਸੀ। ਇਸ ਵੇਲੇ ਉਸ ਦੀ ਇੱਛਾ ਸੀ ਜਲਦੀ ਤੋਂ ਜਲਦੀ ਬੱਸ ਆ ਜਾਵੇ। ਉਸ ਨੇ ਸੜਕ ‘ਤੇ ਬੱਸ ਨੂੰ ਵੇਖਣ ਲਈ ਨਿਗਾਹ ਮਾਰੀ ਤਾਂ ਬਜ਼ੁਰਗ ਜੋੜਾ ਹੱਥ ਵਿਚ ਹੱਥ ਪਾਈ ਨੇੜੇ ਦੀ ਸਾਈਡ ਰੋਡ ਵਿਚੋਂ ਨਿਕਲਦਾ ਦਿਸਿਆ। ਉਸ ਨੂੰ ਮਾੜੀ ਜਿਹੀ ਤਸੱਲੀ ਹੋਈ।

ਅਜੇ ਬਜ਼ੁਰਗ ਜੋੜਾ ਬੱਸ ਸਟਾਪ ਤੋਂ ਕੁਝ ਦੂਰੀ ‘ਤੇ ਸੀ ਕਿ ਮੁੰਡਾ ਆਪਣੀ ਕਾਰ ਘੁਮਾ ਕੇ ਵਾਪਿਸ ਆ ਗਿਆ। ਕੁੜੀ ਦਾ ਦਿਲ ਧੜਕਿਆ। ਬਜ਼ੁਰਗ ਜੋੜੇ ਨੂੰ ਵੇਖ ਕੇ ਉਸ ਨੂੰ ਕੁਝ ਤਸੱਲੀ ਹੋਈ। ਮੁੰਡੇ ਨੇ ਪਹਿਲਾਂ ਵਾਂਗ ਹੀ ਕਾਰ ਦਾ ਸ਼ੀਸ਼ਾ ਨੀਵਾਂ ਕੀਤਾ ਅਤੇ ਪ੍ਰੀਤ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ। ਪ੍ਰੀਤ ਨੇ ਆਪਣਾ ਮੂੰਹ ਦੂਜੇ ਪਾਸੇ ਨੂੰ ਫੇਰ ਲਿਆ।

“ਪਲੀਜ਼, ਮੈਨੂੰ ਤੁਹਾਡੀ ਮਦਦ ਦੀ ਲੋੜ ਆ।” ਮੁੰਡੇ ਨੇ ਆਜ਼ਜ਼ੀ ਜਤਾਉਣ ਦੀ ਕੋਸ਼ਿਸ਼ ਕੀਤੀ। ਕੁੜੀ ਨੇ ਉਸ ਵੱਲ ਵੇਖਣ ਦੀ ਵੀ ਲੋੜ ਨਾ ਸਮਝੀ। ਐਨੇ ਚਿਰ ਨੂੰ ਬਜ਼ੁਰਗ ਜੋੜਾ ਵੀ ਪਹੁੰਚ ਗਿਆ। ਬਜ਼ੁਰਗ ਆਦਮੀ ਨੇ ਮੁੰਡੇ ਵੱਲ ਕੌੜੀਆਂ ਨਜ਼ਰਾਂ ਨਾਲ ਵੇਖਿਆ ਅਤੇ ਮੁੰਡਾ ਨਾ-ਚਾਹੁੰਦਿਆਂ ਆਪਣੀ ਕਾਰ ਨੂੰ ਭਜਾ ਕੇ ਲੈ ਗਿਆ।

ਡਰੀ ਜਿਹੀ ਕੁੜੀ ਨੂੰ ਜੋੜੇ ਨੇ ਵੇਖਿਆ ਅਤੇ ਉਹਨਾਂ ਦੀਆਂ ਇਕ ਦੂਜੇ ਨਾਲ ਨਜ਼ਰਾਂ ਮਿਲਾਈਆਂ।

“ਭੋਰਾ ਭਰ ਛੋਕਰਾ ਐਨੀ ਮਹਿੰਗੀ ਕਾਰ ਲਈ ਫਿਰਦਾ ਤੇ ਕੰਮ ਕਰਦਾ ਨੀ ਲਗਦਾ। ਮਾੜੇ ਧੰਦੇ ਤੋਂ ਬਿਨਾਂ ਹੋਰ ਇਸ ਤੋਂ ਕੀ ਆਸ ਹੋ ਸਕਦੀ ਐ। ਸਰਕਾਰ ਫੜ ਕੇ ਅੰਦਰ ਨੀ ਕਰਦੀ ਇਹੋ ਜਿਹਿਆਂ ਨੂੰ।” ਬਜ਼ੁਰਗ ਗੋਰੇ ਆਦਮੀ ਦੇ ਮੂੰਹੋਂ ਕੁੜਤੱਣ ਭਰੇ ਸ਼ਬਦ ਨਿਕਲੇ ਅਤੇ ਉਸ ਨੇ ਆਪਣੇ ਮੂੰਹ 'ਤੇ ਹੱਥ ਫੇਰਿਆ ਜਿਵੇਂ ਆਪਣੇ ਗੁੱਸੇ ਨੂੰ ਲਾਹ ਕੇ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਉਸ ਦੇ ਸ਼ਬਦਾਂ ਦੀ ਕੁੜੱਤਣ ਨੇ ਪ੍ਰੀਤ ਨੂੰ ਉਸ ਵੱਲ ਵੇਖਣ ਲਈ ਮਜ਼ਬੂਰ ਕਰ ਦਿੱਤਾ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਆਦਮੀ ਨੇ ਕੁਝ ਕੌੜਾ ਅਤੇ ਕੋਝਾ ਜ਼ਿੰਦਗੀ ਵਿਚ ਹੱਡੀਂ ਹੰਢਾਇਆ ਹੋਵੇ। ਉਸ ਦੀ ਬਣਦੀ ਤਣਦੀ ਪਤਨੀ ਨੇ ਉਸ ਦਾ ਹੱਥ ਘੁੱਟ ਕੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੀਤ ਵੱਲ ਵੇਖ ਕੇ ਉਹ ਚੰਗੇ ਰੌਂਅ ਨਾਲ ਮੁਸਕਰਾਈ। ਕੁੜੀ ਨੂੰ ਉਸ ਦੀ ਮੁਸਕਰਾਹਟ ਵਿਚ ਅਪਣਤ ਅਤੇ ਪਿਆਰ ਦੀ ਝਲਕ ਮਹਿਸੂਸ ਹੋਈ।

“ਸਕੂਲੋਂ ਲੇਟ ਹੋ ਗਈ ਲਗਦੀ ਏਂ!” ਔਰਤ ਨੇ ਨਰਮੀ ਨਾਲ ਪ੍ਰੀਤ ਵੱਲ ਵੇਖਦਿਆਂ ਪੁੱਛਿਆ।

“ਹਾਂ ਮੇਰੀ ਟੀਚਰ ਨਾਲ ਮੀਟਿੰਗ ਸੀ।” ਕੁੜੀ ਨੇ ਔਰਤ ਨੂੰ ਆਪਣੇ ਵੱਲ ਮਾੜਾ ਜਿਹਾ ਸਰਕਦਿਆਂ ਤੱਕਿਆ। ਫਿਰ ਵੀ ਉਹਨਾਂ

ਵਿਚ ਪਹਿਲਾਂ ਜਿੰਨੀ ਹੀ ਵਿੱਥ ਬਣੀ ਰਹੀ ਕਿਉਂਕਿ ਉਹ ਮੁੜ ਕੇ ਆਪਣੇ ਪਤੀ ਦਾ ਹੱਥ ਫੜ ਕੇ ਆਪਣੀ ਪਹਿਲੀ ਥਾਂ 'ਤੇ ਹੀ ਖੜ੍ਹ ਗਈ ਸੀ।

"ਅੱਜ ਕੱਲ੍ਹ ਬੱਸਾਂ ਦਾ ਹਾਲ ਵੀ ਮਾੜਾ ਈ ਆ। ਜਾਂ ਤਾਂ ਦੋ ਦੋ 'ਕੱਠੀਆਂ ਆ ਜਾਂਦੀਆਂ ਜਾਂ ਖੜ੍ਹੇ ਉਡੀਕਦੇ ਰਹੋ 'ਤੇ ਘੰਟਾ ਘੰਟਾ ਆਉਣ ਦਾ ਨਾਂ ਨੀ ਲੈਂਦੀਆਂ।"

"ਪੰਦਰਾਂ ਕੁ ਮਿੰਟ ਤਾਂ ਮੈਨੂੰ ਵੀ ਖੜ੍ਹੀ ਨੂੰ ਹੋ 'ਗੇ ਹੋਣਗੇ।" ਪ੍ਰੀਤ ਨੇ ਉਦਾਸ ਜਿਹੀ ਮੁਸਕਰਾਹਟ ਨਾਲ ਕਹਿੰਦਿਆਂ ਬੱਸ ਵੇਖਣ ਲਈ ਦੂਰ ਤੱਕ ਨਿਗਾਹ ਮਾਰੀ।

"ਤੂੰ ਕਿਥੇ ਜਾਣਾ ਐ!" ਔਰਤ ਨੇ ਉਸੇ ਪਿਆਰ ਨਾਲ ਪ੍ਰੀਤ ਨੂੰ ਪੁੱਛਿਆ।

"ਹੈਸਟਨ, ਲਾਇਬਰੇਰੀ ਕੋਲ।"

"ਫੇਰ ਤਾਂ ਤੂੰ ਸਾਡੇ ਨੇੜ ਈ ਰਹਿੰਦੀ ਐਂ। ਅਸੀਂ ਵੀ ਹੈਸਟਨ ਰੋਡ 'ਤੇ ਰਹਿੰਦੇ ਆਂ। ਦੁਕਾਨਾਂ ਦੇ ਕੋਲ ਕਰਕੇ।" ਆਦਮੀ ਮੁਸਕਰਾਇਆ ਅਤੇ ਉਸ ਨੇ ਆਪਣੀ ਪਤਨੀ ਵੱਲ ਪਿਆਰ ਨਾਲ ਵੇਖਿਆ।

"ਉਸ ਬੱਸ ਸਟਾਪ 'ਤੇ ਈ ਮੈਂ ਹਰ ਰੋਜ਼ ਉਤਰਦੀ ਆਂ।"

"ਉਹ ਬੱਸ ਸਟਾਪ ਤਕਰੀਬਨ ਸਾਡੇ ਘਰ ਦੇ ਸਾਹਮਣੇ ਈ ਆ।" ਆਦਮੀ ਦਾ ਗੁੱਸਾ ਜਿਵੇਂ ਖਤਮ ਹੋ ਗਿਆ ਸੀ ਅਤੇ ਹੁਣ ਉਹ ਮੁਸਕਰਾ ਕੇ ਪ੍ਰੀਤ ਨਾਲ ਗੱਲਾਂ ਕਰ ਰਿਹਾ ਸੀ। ਪ੍ਰੀਤ ਨੂੰ ਉਹ ਦੋਵੇਂ ਹੀ ਬਜ਼ੁਰਗ ਚੰਗੇ ਲੱਗੇ ਅਤੇ ਉਸ ਨੂੰ ਆਪਣੇ ਦਾਦਾ ਦਾਦੀ ਦੀ ਯਾਦ ਆ ਗਈ। ਉਹਨਾਂ ਨੂੰ ਯਾਦ ਕਰਕੇ ਉਹ ਅਚਾਨਕ ਉਦਾਸ ਹੋ ਗਈ।

"ਇਹ ਕੁੜੀ ਆਪਣੀ ਲਿਜ਼ਾ ਨਾਲ ਕਿੰਨੀ ਮਿਲਦੀ ਐ।" ਔਰਤ ਨੇ ਆਪਣੇ ਪਤੀ ਨੂੰ ਧੀਮੀ ਅਵਾਜ਼ ਵਿਚ ਸੰਬੋਧਨ ਕੀਤਾ।

"ਮੈਂ ਤੈਨੂੰ ਇਹੋ ਗੱਲ ਕਹਿਣ ਵਾਲਾ ਸੀ ਪਰ ਤੂੰ ਹਮੇਸ਼ਾਂ ਵਾਂਗ ਪਹਿਲ ਕਰ ਗਈ।" ਬੰਦਾ ਕਹਿ ਕੇ ਖੁੱਲ੍ਹ ਕੇ ਹੱਸਿਆ।

"ਲਿਜ਼ਾ ਮੇਰੀ ਪੋਤੀ ਆ ਤੇ ਹੁਣ ਤਿੰਨ ਸਾਲ ਤੋਂ ਉਹ ਆਪਣੇ ਮਾਂ ਬਾਪ ਨਾਲ ਸਿਡਨੀ ਰਹਿ ਰਹੀ ਆ। ਸਾਨੂੰ ਉਹਦੀ ਬਹੁਤ ਯਾਦ ਆਉਂਦੀ ਐ। ਪਰ--।" ਆਦਮੀ ਨੇ ਆਪਣੇ ਮੋਢੇ ਛੰਡੇ ਅਤੇ ਉਦਾਸੀ ਨਾਲ ਲੰਬੀ ਖਾਲੀ ਸੜਕ ਵੇਖਣ ਲੱਗਾ। ਪ੍ਰੀਤ ਨੂੰ ਆਪਣੇ ਦਾਦਾ ਦਾਦੀ ਦਾ ਖਿਆਲ ਆਇਆ। ਉਸ ਨੂੰ ਮਹਿਸੂਸ ਹੋਇਆ ਉਹ ਵੀ ਜ਼ਰੂਰ ਇਹਨਾਂ ਵਾਂਗ ਉਸ ਨੂੰ ਯਾਦ ਕਰਕੇ ਉਦਾਸ ਹੁੰਦੇ ਹੋਣਗੇ। ਇਸ ਖਿਆਲ ਨਾਲ ਉਸ ਦੀਆਂ ਅੱਖਾਂ ਵਿਚ ਹੰਝੂ ਆਉਣ ਵਾਲੇ ਸਨ ਜਿਹਨਾਂ ਨੂੰ ਉਸ ਨੇ ਬਹੁਤ ਕੋਸ਼ਿਸ਼ ਨਾਲ ਰੋਕਿਆ। ਬੱਸ ਆਉਂਦੀ ਦਿਸੀ ਅਤੇ ਉਹ ਸਰਕ ਕੇ ਸੜਕ ਦੇ ਨੇੜੇ ਹੋ ਗਏ। ਪਹਿਲਾਂ ਵੀ ਭਾਂਵੇਂ ਉਹ ਸੜਕ ਦੇ ਨਜ਼ਦੀਕ ਹੀ ਖੜ੍ਹੇ ਸਨ। ਫਿਰ ਵੀ ਉਹਨਾਂ ਦੇ ਪੈਰਾਂ ਵਿਚ ਸਰਸਰਾਹਟ ਜਿਹੀ ਹੋਈ ਅਤੇ ਇਸ ਸਰਸਰਾਹਟ ਵਿਚ ਹੀ ਬੱਸ ਆਉਣ ਦੀ ਖੁਸ਼ੀ ਦਾ ਇਜ਼ਹਾਰ ਸੀ। ਬੱਸ ਆਈ ਤਾਂ ਪਹਿਲਾਂ ਪ੍ਰੀਤ ਬੱਸ ਚੜ੍ਹ ਗਈ। ਉਸ ਦੇ ਪਿੱਛੇ ਹੀ ਔਰਤ ਅਤੇ ਆਦਮੀ ਚੜ੍ਹ ਗਏ ਅਤੇ ਉਸ ਦੇ ਖੱਬੇ ਹੱਥ ਬਰਾਬਰ ਵਾਲੀ ਸੀਟ 'ਤੇ ਆ ਬੈਠੇ। ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਉਹ ਹੈਸਟਨ ਰੋਡ 'ਤੇ ਪਹੁੰਚ ਗਏ ਅਤੇ ਅੱਗੜ ਪਿੱਛੜ ਬੱਸ ਵਿਚੋਂ

ਉੱਤਰ ਗਏ।

"ਆਹ ਸਾਡਾ ਘਰ ਐ। ਕੀ ਅਸੀਂ ਤੇਰਾ ਨਾਂ ਪੁੱਛ ਸਕਦੇ ਆਂ।" ਔਰਤ ਨੇ ਪਿਆਰ ਨਾਲ ਬੇਨਤੀ ਵਾਂਗ ਕਿਹਾ।

"ਪ੍ਰੀਤ, ਸਾਰੇ ਮੈਨੂੰ ਪ੍ਰੀਤ ਕਹਿੰਦੇ ਆ।" ਕੁੜੀ ਨੇ ਆਪਣਾ ਹੱਥ ਉਸ ਵੱਲ ਵਧਾਇਆ।

"ਮੈਂ ਗਰੀਟਾ ਤੇ ਮੇਰਾ ਪਤੀ ਡੈਨਿਸ ਥਾਮਸਨ। ਤੈਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਸਾਡੀ ਲਿਜ਼ਾ ਵੀ ਤੇਰੇ ਵਰਗੀ ਲੰਬੀ, ਪਤਲੀ, ਭਖਵੇਂ ਨੈਣਾਂ ਵਾਲੀ ਅਤੇ ਤੇਰੇ ਵਰਗੇ ਕਾਲੇ ਵਾਂਲਾਂ ਵਾਲੀ ਕੁੜੀ ਆ। ਤੁਸੀਂ ਤਾਂ ਜਿਵੇਂ ਜੌੜੀਆਂ ਭੈਣਾਂ ਹੋਵੋਂ।" ਔਰਤ ਨਿਰਛਲ ਹਾਸਾ ਹੱਸੀ ਅਤੇ ਉਸ ਨੇ ਪ੍ਰੀਤ ਦਾ ਹੱਥ ਪਿਆਰ ਨਾਲ ਘੁੱਟਿਆ। ਕੁਝ ਦੇਰ ਉਹ ਉਸ ਦੇ ਹੱਥ ਨੂੰ ਆਪਣੇ ਹੱਥ ਵਿਚ ਲੈ ਕੇ ਖੜ੍ਹੀ ਰਹੀ ਜਿਵੇਂ ਉਸ ਨੂੰ ਛੱਡਣ ਦਾ ਉਸ ਦਾ ਮਨ ਨਾ ਹੋਵੇ।

"ਤੂੰ ਕਿਥੇ ਕੁ ਜਾਣਾ ਐ!"

"ਆਹ ਨਾਲ ਈ ਵਾਲਨੱਟ ਟਰੀ ਰੋਡ 'ਤੇ।" ਕਹਿ ਕੇ ਪ੍ਰੀਤ ਨੇ ਹੌਲੀ ਹੌਲੀ ਆਪਣਾ ਹੱਥ ਮਮੂਲੀ ਜਿਹਾ ਖਿੱਚਿਆ ਅਤੇ ਗਰੀਟਾ ਨੇ ਨਾ ਚਾਹੁੰਦਿਆਂ ਵਾਂਗ ਉਸ ਦਾ ਹੱਥ ਛੱਡ ਦਿੱਤਾ। ਪ੍ਰੀਤ ਨੇ ਹੱਥ ਹਿਲਾ ਕੇ ਬਾਇ ਕੀਤੀ ਅਤੇ ਆਪਣੇ ਘਰ ਨੂੰ ਚੱਲ ਪਈ। ਉਸ ਨੂੰ ਮਹਿਸੂਸ ਹੋਇਆ ਜਿਵੇਂ ਡੈਨਿਸ ਅਤੇ ਗਰੀਟਾ ਅਜੇ ਵੀ ਉਸ ਨੂੰ ਖੜ੍ਹੇ ਵੇਖ ਰਹੇ ਸਨ। ਉਸ ਦਾ ਪਿੱਛੇ ਮੁੜ ਕੇ ਵੇਖਣ ਨੂੰ ਦਿਲ ਕੀਤਾ। ਮਜ਼ਬੂਰਨ ਉਹ ਆਪਣੇ ਆਪ ਨੂੰ ਰੋਕਦੀ ਰਹੀ। ਕੁਝ ਦੂਰ ਜਾ ਕੇ ਉਸ ਤੋਂ ਰਹਿ ਨਾ ਹੋਇਆ ਅਤੇ ਉਸ ਨੇ ਤੁਰੀ ਜਾਂਦੀ ਨੇ ਪਿੱਛੇ ਮੁੜ ਕੇ ਵੇਖਿਆ। ਉਹ ਦੋਵੇਂ ਅਜੇ ਵੀ ਘਰ ਦੇ ਬਾਹਰ ਖੜ੍ਹੇ ਸਨ। ਉਹਨਾਂ ਨੇ ਉਸ ਨੂੰ ਫਿਰ ਹੱਥ ਹਿਲਾਏ ਅਤੇ ਜਵਾਬ ਵਿਚ ਪ੍ਰੀਤ ਨੇ ਵੀ ਹੱਥ ਹਿਲਾਇਆ। ਉਹਨਾਂ ਵੱਲ ਹੱਥ ਹਿਲਾ ਕੇ ਅਤੇ ਉਹਨਾਂ ਨੂੰ ਉਸ ਦੀ ਉਡੀਕ ਕਰਨਾ ਵੇਖ ਕੇ ਪ੍ਰੀਤ ਨੂੰ ਡੂੰਘੀ ਤਸੱਲੀ ਹੋਈ।

ਕਈ ਦਿਨਾਂ ਤੱਕ ਪ੍ਰੀਤ ਨੂੰ ਡੈਨਿਸ ਅਤੇ ਗਰੀਟਾ ਯਾਦ ਆਉਂਦੇ ਰਹੇ। ਹਰ ਰੋਜ਼ ਜਦ ਉਹ ਬੱਸ ਤੋਂ ਉੱਤਰਦੀ ਜਾਂ ਬੱਸ ਚੜ੍ਹਦੀ ਉਹਨਾਂ ਦੇ ਘਰ ਨੂੰ ਜ਼ਰੂਰ ਨਿਹਾਰਦੀ। ਕੁਝ ਦਿਨਾਂ ਬਾਅਦ ਉਸ ਦੇ ਜ਼ਿਹਨ 'ਚੋਂ ਉਹਨਾਂ ਦੀ ਯਾਦ ਕੁਝ ਕੁ ਧੁੰਧਲੀ ਹੋ ਗਈ। ਉਸ ਵੇਲੇ ਉਸ ਦੇ ਯਾਦ ਚਿੱਤ ਵੀ ਨਹੀਂ ਸੀ ਡੈਨਿਸ ਅਤੇ ਗਰੀਟਾ ਉਸ ਲਈ ਜ਼ਿੰਦਗੀ ਵਿਚ ਬਹੁਤ ਹੀ ਸਤਿਕਾਰ ਯੋਗ ਲੋਕ ਬਣਕੇ ਉਸ ਦੀ ਜ਼ਿੰਦਗੀ ਦਾ ਮਹੱਤਵ ਪੂਰਨ ਅੰਗ ਬਣ ਜਾਣਗੇ।

ਕਈ ਦਿਨਾਂ ਤੱਕ ਡੈਨਿਸ ਅਤੇ ਗਰੀਟਾ ਪ੍ਰੀਤ ਨੂੰ ਯਾਦ ਆਉਂਦੇ ਰਹੇ ਅਤੇ ਉਸ ਤੋਂ ਵੀ ਜ਼ਿਆਦਾ ਉਸ ਨੂੰ ਉਸ ਦੇ ਦਾਦਾ ਅਤੇ ਦਾਦੀ ਦੀ ਯਾਦ ਕਰਵਾਉਂਦੇ ਰਹੇ। ਪ੍ਰੀਤ ਦਾ ਮਨ ਆਪਣੀ ਦਾਦੀ ਦੀ ਨਿੱਘੀ ਗੋਦ ਵਿਚ ਮਚਲਣ ਲਈ ਤੜਪਦਾ ਰਿਹਾ ਅਤੇ ਦਾਦੇ ਦੇ ਮੋਢਿਆਂ 'ਤੇ ਬੈਠ ਕੇ ਖੇਡਣ ਦੇ ਪਲ ਉਸ ਨੂੰ ਅਸੀਮ ਖੁਸ਼ੀ ਦਿੰਦੇ ਰਹੇ। ਉਸ ਦੇ ਬੱਸ ਹੁੰਦਾ ਤਾਂ ਉਹ ਉੱਡ ਕੇ ਆਪਣੇ ਦਾਦਾ ਦਾਦੀ ਕੋਲ ਪਹੁੰਚ ਜਾਂਦੀ। ਬਚਪਨ ਤੋਂ ਜਵਾਨੀ ਵੱਲ ਵਧਦਿਆਂ ਉਸ ਦੀਆਂ ਜ਼ਿੰਮੇਵਾਰੀਆਂ ਵੀ ਵੱਧ ਗਈਆਂ ਸਨ ਅਤੇ ਉਹ ਬਚਪਨ ਦੀ ਅਜ਼ਾਦੀ ਦਾ ਨਿੱਘ ਮਾਨਣ ਦੇ ਅਸਮਰੱਥ ਸੀ। ਉਸ ਨੂੰ ਗਰਮੀਆਂ ਵਿਚ ਹੀ ਲੰਬੀਆਂ ਛੁੱਟੀਆਂ ਹੁੰਦੀਆਂ। ਉਹ ਜਦ ਵੀ ਗਰਮੀ ਵਿਚ ਪਿੰਡ ਜਾਣ ਦੀ ਜ਼ਿਦ ਕਰਦੀ ਤਾਂ ਮੀਕੇ ਅਤੇ ਸੀਤੋ ਤੋਂ ਬਿਨਾਂ ਦਾਦਾ ਦਾਦੀ ਵੀ ਉਸ ਨੂੰ ਰੋਕ ਦਿੰਦੇ। ਉਹਨਾਂ ਦੇ ਦਿਲਾਂ ਵਿਚੋਂ ਉਸ ਦਾ ਬਚਪਨ ਵਿਚ ਬਿਮਾਰ ਹੋਣ ਵਾਲਾ ਡਰ ਅਜੇ ਵੀ ਨਹੀਂ ਨਿਕਲਿਆ ਸੀ।

ਮੀਕੇ ਲਈ ਬੱਚੀ ਦੀਪੀ ਜੋ ਹੁਣ ਸਭ ਲਈ ਪੱਕੇ ਤੌਰ 'ਤੇ ਪ੍ਰੀਤ ਬਣ ਗਈ ਸੀ, ਉਸ ਨੂੰ ਇੰਡੀਆ ਤੋਂ ਲੈ ਕੇ ਆਉਣ ਵਾਲਾ ਸਫ਼ਰ ਅਜੇ ਤੱਕ ਵੀ ਨਹੀਂ ਭੁੱਲਿਆ ਸੀ ਅਤੇ ਸ਼ਾਇਦ ਕਦੇ ਭੁੱਲੇ ਵੀ ਨਾ। ਦਿੱਲੀ ਤੱਕ ਦਾਦੀ ਦੀ ਬੁੱਕਲ ਵਿਚ ਬੈਠੀ ਪ੍ਰੀਤ ਨੂੰ ਰੱਬ ਯਾਦ ਨਹੀਂ

ਸੀ ਅਤੇ ਦਾਦੀ ਨੇ ਵੀ ਉਸ ਨੂੰ ਘੁੱਟ ਕੇ ਆਪਣੇ ਹਿਰਦੇ ਨਾਲ ਲਾਇਆ ਹੋਇਆ ਸੀ। ਏਅਰਪੋਰਟ ਦੇ ਅੰਦਰ ਜਾਣ ਵੇਲੇ ਦਾ ਦ੍ਰਿਸ਼ ਤਾਂ ਸਾਰਿਆਂ ਲਈ ਮਾਰਮਕ ਬਣ ਗਿਆ। ਵਿਲਕਦੀ ਪ੍ਰੀਤ ਦਾਦੀ ਤੋਂ ਸਹਾਰੀ ਨਹੀਂ ਗਈ ਸੀ ਅਤੇ ਉਹ ਆਪ ਵੀ ਕਾਲਜੇ 'ਤੇ ਹੱਥ ਰੱਖ ਕੇ ਪਰਲ ਪਰਲ ਹੰਝੂ ਵਹਾਉਂਦੀ ਕਾਰ ਵਿਚ ਆ ਬੈਠੀ। ਉਸ ਤੋਂ ਡਰਾਇਵਰ ਨੂੰ ਕਾਰ ਚਲਾਉਣ ਲਈ ਵੀ ਨਾ ਕਹਿ ਹੋਇਆ। ਡਰਾਇਵਰ ਮੁੰਡੇ ਨੇ ਪਾਣੀ ਪਿਲਾਇਆ ਅਤੇ ਕਾਰ ਤੋਰਨ ਦੀ ਆਗਿਆ ਲਈ ਜਿਸ ਦਾ ਦਾਦੀ ਨੇ ਸਿਰ ਹਿਲਾ ਕੇ ਸਮਰੱਥਨ ਕਰ ਦਿੱਤਾ।

ਮੀਕੇ ਲਈ ਤਾਂ ਇਹ ਹੋਰ ਵੀ ਔਖਾ ਸੀ। ਉਸ ਨੂੰ ਘੰਟਾ ਭਰ ਪ੍ਰੀਤ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦਿਆਂ ਗੁਜ਼ਾਰਨਾ ਪਿਆ ਸੀ। ਉਸ ਨੂੰ ਚੁੱਪ ਕਰਾਉਣ ਲਈ ਮੀਕੇ ਨੇ ਪਿਆਰ ਵੀ ਕੀਤਾ ਅਤੇ ਝਿੜਕਿਆ ਵੀ। ਸਵੀਟਾਂ ਅਤੇ ਖਿਡਾਉਣਿਆਂ ਦਾ ਲਾਲਚ ਵੀ ਦਿੱਤਾ ਪਰ ਪ੍ਰੀਤ ਲਈ ਦਾਦੀ ਤੋਂ ਵੱਧ ਕੇ ਕੋਈ ਵੀ ਲਾਲਚ ਉਸ ਨੂੰ ਲਲਚਾਉਣ ਦੇ ਕਾਬਲ ਨਹੀਂ ਸੀ। ਰੋ ਧੋ ਕੇ, ਥੱਕ ਚੂਰ ਹੋ ਕੇ ਆਖਰ ਮੀਕੇ ਦੇ ਮੋਢੇ 'ਤੇ ਪ੍ਰੀਤ ਸੌਂ ਗਈ ਤਾਂ ਮੀਕੇ ਨੂੰ ਕੁਝ ਸ਼ਾਂਤੀ ਹੋਈ। ਉਹ ਬੁਰੀ ਤਰ੍ਹਾਂ ਨਾਲ ਪ੍ਰੀਤ ਨੂੰ ਇੰਡੀਆ ਛੱਡਣ ਦੇ ਫੈਸਲੇ 'ਤੇ ਪਛਤਾ ਰਿਹਾ ਸੀ।

ਲੰਡਨ ਪਹੁੰਚ ਕੇ ਵੀ ਪ੍ਰੀਤ ਆਪਣੇ ਬਾਕੀ ਦੇ ਭਰਾ ਭੈਣਾਂ ਨਾਲ ਬਹੁਤਾ ਹੇਲ ਮੇਲ ਨਹੀਂ ਕਰ ਰਹੀ ਸੀ। ਉਸ ਨੂੰ ਕੈਲੋ ਦੀ ਯਾਦ ਆਉਂਦੀ। ਉਸ ਤੋਂ ਵੀ ਵੱਧ ਦਾਦੀ ਲਈ ਤੜਪਦੀ। ਸੀਤੋ ਨੂੰ ਤਾਂ ਉਸ ਨੇ ਕਈ ਦਿਨਾਂ ਤੱਕ ਨੇੜੇ ਵੀ ਨਾ ਲੱਗਣ ਦਿੱਤਾ। ਹੌਲੀ ਹੌਲੀ ਉਹ ਬੱਚਿਆਂ ਨਾਲ ਪਰਚਣ ਲੱਗੀ ਅਤੇ ਅਕਸਰ ਦਾਦੀ ਕੋਲ ਜਾਣ ਲਈ ਜ਼ਿਦ ਕਰਦੀ। ਉਸ ਹਾਲਤ ਵਿਚ ਰੋਣ ਲਗਦੀ। ਉਸ ਨੂੰ ਚੁੱਪ ਕਰਾਉਣ ਲਈ ਜੇ ਉਹ ਦਾਦੀ ਦੀ ਬਣਾਈ ਵੀਡੀਉ ਫਿਲਮ ਲਾ ਦਿੰਦੇ ਤਾਂ ਪ੍ਰੀਤ ਦਾਦੀ ਨੂੰ ਟੈਲੀਵਿਯਨ ਵਿਚੋਂ ਕੱਢਣ ਦੀ ਜ਼ਿਦ ਕਰਦੀ। ਹਫ਼ਤਿਆਂ ਬਾਅਦ ਉਹ ਥੋੜ੍ਹਾ ਥੋੜ੍ਹਾ ਦੂਸਰਿਆਂ ਬੱਚਿਆਂ ਅਤੇ ਸੀਤੋ ਨਾਲ ਘੁਲਣ ਮਿਲਣ ਲੱਗੀ।

ਪ੍ਰੀਤ ਲਈ ਲੰਡਨ ਵਿਚ ਸਭ ਤੋਂ ਵੱਧ ਖੁਸ਼ੀ ਵਾਲੇ ਦਿਨ ਉਹ ਸਨ ਜਦ ਉਸ ਦੇ ਦਾਦਾ ਦਾਦੀ ਲੰਡਨ ਆਏ ਹੋਏ ਸਨ। ਉਹ ਬਹੁਤ ਚਾਅ ਨਾਲ ਆਏ ਅਤੇ ਪ੍ਰੀਤ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਕੁਝ ਦਿਨਾਂ ਵਿਚ ਹੀ ਇਹ ਥਾਂ ਉਹਨਾਂ ਲਈ ਕੈਦ ਵਰਗੀ ਲੱਗਣ ਲੱਗੀ।

"ਭਾਈ ਸਾਨੂੰ ਤਾਂ ਹੁਣ ਵਾਪਸ ਜਾਣ ਦਿਉ। ਐਥੇ ਤਾਂ ਭੋਰਾ ਜੀ ਨੀ ਲਗਦਾ। ਨਾ ਕੋਈ ਆਵੇ ਨਾ ਜਾਵੇ। ਅੰਦਰ ਵੜਨ ਸਾਰ ਜੇਲ੍ਹ ਅੰਗੂੰ ਬਾਰ ਲਾ ਦਿੰਦੇ ਆ।" ਇਕ ਦਿਨ ਬੇਜੀ ਨੇ ਮੀਕੇ ਨੂੰ ਰੋਟੀ ਖਾਂਦੇ ਨੂੰ ਕਿਹਾ। ਮੀਕੇ ਦੇ ਨਾਲ ਨਾਲ ਸੀਤੋ ਨੂੰ ਬਹੁਤ ਹੈਰਾਨੀ ਹੋਈ । ਉਹਨਾਂ ਨੂੰ ਉਮੀਦ ਸੀ ਉਹ ਪ੍ਰੀਤ ਦੀ ਖਾਤਰ ਵਾਹਵਾ ਦੇਰ ਰਹਿਣਗੇ, ਘੱਟੋ ਘੱਟ ਗਰਮੀਆਂ ਗਰਮੀਆਂ।

"ਹੈਂ ਐਡੀ ਜਲਦੀ ਕੀ ਆ! ਅਜੇ ਤਾਂ ਥੋਨੂੰ ਤਿੰਨ ਹਫਤੇ ਵੀ ਨੀ ਹੋਏ ਆਇਆਂ ਨੂੰ। ਗਰਮੀਆਂ 'ਚ ਜਾ ਕੇ ਜ਼ਰੂਰ ਸੜਨਾ ਉਥੇ।" ਮੀਕੇ ਨੇ ਹੈਰਾਨੀ ਨਾਲ ਵੇਖਦਿਆਂ ਆਪਣੀ ਦਲੀਲ ਦਿੱਤੀ।

"ਸਾਰੀ ਉਮਰ ਉਥੇ ਈ ਗਰਮੀ ਕੱਟੀ ਆ। ਸਾਨੂੰ ਨੀ ਕੋਈ ਫ਼ਰਕ ਪੈਂਦਾ। ਐਥੇ ਬੱਸ ਥੋਨੂੰ ਮਿਲਣਾ ਸੀ ਮਿਲ ਲਿਆ। ਹੋਰ ਐਥੇ ਰਹਿ ਕੇ ਕੀ ਕਰਨਾ। ਨਾ ਤਾਂ ਸਾਡੇ ਰੋਟੀ ਹਜ਼ਮ ਹੁੰਦੀ ਆ, ਨਾ ਈ ਭੁੱਖ ਲਗਦੀ ਆ। ਵਿਹਲਿਆਂ ਦਾ ਟੈਮ ਈ ਨੀ ਲੰਘਦਾ। ਜਿਵੇਂ ਬਮਾਰ ਹੋਈਏ।" ਐਤਕੀਂ ਬੇਜੀ ਨਾਲ ਬਾਪੂ ਜੀ ਨੇ ਵੀ ਆਪਣੀ ਰਾਇ ਰੱਖ ਦਿੱਤੀ।

"ਚਲੋ ਦੇਖਦੇ ਆਂ ਕਦੋਂ ਕੋਈ ਸੀਟ ਮਿਲਦੀ ਆ। ਅਜੇ ਤਾਂ ਆਪਾਂ ਕਿੰਨ੍ਹੇ ਘਰੀਂ ਰੋਟੀ ਦਾ ਨਿਉਂਦਾ ਵੀ ਪੂਰਾ ਕਰਨਾ।" ਮੀਕੇ ਨੂੰ ਬਜ਼ੁਰਗਾਂ ਦੀ ਸਮੱਸਿਆ ਜਾਇਜ਼ ਲੱਗੀ। ਉਹ ਦੋਵੇਂ ਜੀਅ ਕੰਮਾਂ 'ਤੇ ਚਲੇ ਜਾਂਦੇ ਸਨ। ਬੱਚੇ ਸਕੂਲ ਚਲੇ ਜਾਂਦੇ ਅਤੇ ਬੁੱਢਾ ਜੋੜਾ ਘਰ

ਵਿਚ ਬੋਰ ਨਾ ਹੋਵੇ ਤਾਂ ਕੀ ਕਰੇ! ਮੀਕੇ ਨੇ ਉਹਨਾਂ ਦਾ ਦਿਲ ਲਗਵਾਉਣ ਲਈ ਕੋਈ ਸਾਧਨ ਸੋਚਣ ਦੀ ਕੋਸ਼ਿਸ਼ ਕੀਤੀ। ਉਸ ਨੇ ਪਾਰਕ ਵਿਚ ਸੈਰ ਕਰਨ ਦੀ ਸਲਾਹ ਦੇਣੀ ਚਾਹੀ। ਪਾਰਕ ਘਰ ਦੇ ਬਹੁਤਾ ਨੇੜੇ ਨਾ ਹੋਣ ਕਰਕੇ ਉਸ ਨੂੰ ਇਕੱਲਿਆਂ ਬਜ਼ੁਰਗਾਂ ਦਾ ਬਾਹਰ ਜਾਣਾ ਠੀਕ ਨਾ ਲੱਗਾ। ਉਸ ਨੇ ਗੁਰਦਵਾਰੇ ਬਾਰੇ ਸੋਚਿਆ ਉਹ ਵੀ ਦੋ ਬੱਸਾਂ ਬਦਲ ਕੇ ਜਾਣਾ ਪੈਣਾ ਸੀ ਜੋ ਉਹਨਾਂ ਲਈ ਔਖਾ ਸੀ। ਸੋ ਮੀਕੇ ਨੇ ਇਹ ਖਿਆਲ ਵੀ ਤਿਆਗ ਦਿੱਤਾ। ਉਹ ਬਾਪੂ ਜੀ ਨੂੰ ਪੱਬ ਬਗੈਰਾ ਲਿਜਾ ਸਕਦਾ ਸੀ ਜੋ ਉਹ ਪਹਿਲਾਂ ਹੀ ਲਿਜਾ ਰਿਹਾ ਸੀ। ਸ਼ਾਮ ਨੂੰ ਘਰ ਵਿਚ ਵੀ ਬੱਚਿਆਂ ਦੀ ਰੌਣਕ ਹੋ ਜਾਂਦੀ ਸੀ। ਦਿਨ ਵੇਲੇ ਨਾ ਤਾਂ ਮੀਕਾ ਹੀ ਸਮਾਂ ਕੱਢ ਸਕਦਾ ਸੀ ਅਤੇ ਨਾ ਹੀ ਬੱਚੇ ਘਰ ਰਹਿ ਸਕਦੇ ਸਨ। ਉਹ ਸਮਾਂ ਬਜ਼ੁਰਗਾਂ ਲਈ ਕੱਟਣਾ ਔਖਾ ਸੀ। ਉਹ ਸਾਰਾ ਦਿਨ ਬੈਠੇ ਦਿਨ ਢਲਣ ਦਾ ਇੰਤਜ਼ਾਰ ਕਰਦੇ ਅਤੇ ਬੱਚਿਆਂ ਨੂੰ ਉਡੀਕਦੇ ਰਹਿੰਦੇ।

ਬੱਚਿਆਂ ਨਾਲ ਵੀ ਉਹਨਾਂ ਦੀ ਇਕ ਸਮੱਸਿਆ ਸੀ। ਪ੍ਰੀਤ ਦਾ ਤਾਂ ਉਹਨਾਂ ਨੂੰ ਵੈਸੇ ਹੀ ਬਹੁਤ ਮੋਹ ਸੀ ਅਤੇ ਪ੍ਰੀਤ ਵੀ ਉਹਨਾਂ ਦਾ ਬਹੁਤ ਪਿਆਰ ਕਰਦੀ। ਉਹਨਾਂ ਨੂੰ ਚੁੰਬੜ ਕੇ ਮਿਲਦੀ ਤਾਂ ਉਹਨਾਂ ਦੇ ਮਨ ਨੂੰ ਸ਼ਾਂਤੀ ਆ ਜਾਂਦੀ। ਉਸ ਤੋਂ ਵੀ ਵੱਡੀ ਗੱਲ ਉਹ ਉਹਨਾਂ ਨਾਲ ਪੰਜਾਬੀ ਵਿਚ ਗੱਲ ਕਰਦੀ। ਦੂਸਰੇ ਬੱਚਿਆਂ ਨਾਲ ਉਹਨਾਂ ਨੂੰ ਗੱਲ ਕਰਨ ਵਿਚ ਤਕਲੀਫ਼ ਹੁੰਦੀ। ਉਹ ਚਾਹੁੰਦਿਆਂ ਹੋਇਆਂ ਵੀ ਪੰਜਾਬੀ ਜ਼ੁਬਾਨ ਨੂੰ ਬਹੁਤੀ ਚੰਗੀ ਤਰ੍ਹਾਂ ਨਾ ਵਰਤ ਸਕਦੇ ਅਤੇ ਗੱਲ ਕਰਦੇ ਕਰਦੇ ਸ਼ਬਦਾਂ ਦੀ ਭਾਲ ਵਿਚ ਗੱਲ ਹੀ ਭੁੱਲ ਜਾਂਦੇ। ਆਪਸ ਵਿਚ ਬੱਚੇ ਸਦਾ ਹੀ ਅੰਗਰੇਜ਼ੀ ਬੋਲਦੇ। ਦੋਵੇਂ ਬਜ਼ੁਰਗ ਉਹਨਾਂ ਵੱਲ ਮੁਤਰ ਮੁਤਰ ਵੇਖੀ ਜਾਂਦੇ ਅਤੇ ਆਪਣੇ ਆਪ ਨੂੰ ਬੇ-ਮਾਅਨੇ ਜਿਹੇ ਸਮਝਦੇ।

ਮੀਕੇ ਨੇ ਉਹਨਾਂ ਨੂੰ ਲੇਲੇ ਪੇਪੇ ਕਰਕੇ ਮਸਾਂ ਦੋ ਮਹੀਨੇ ਪੂਰੇ ਕਰਵਾਏ ਅਤੇ ਉਹਨਾਂ ਦੇ ਵਾਪਸ ਜਾਣ ਲਈ ਸੀਟ ਬੁੱਕ ਕਰਵਾ ਦਿੱਤੀ। ਤੁਰਨ ਵੇਲੇ ਸਭ ਤੋਂ ਵੱਧ ਉਹ ਪ੍ਰੀਤ ਨੂੰ ਬੁਕਲ ਵਿਚ ਲੈ ਕੇ ਰੋਏ। ਪ੍ਰੀਤ ਦਾ ਮਨ ਹੁਣ ਲੰਡਨ ਵਿਚ ਅਤੇ ਆਪਣੇ ਪ੍ਰੀਵਾਰ ਵਿਚ ਚੰਗੀ ਤਰ੍ਹਾਂ ਪਰਚ ਗਿਆ ਸੀ। ਫਿਰ ਵੀ ਉਸ ਨੂੰ ਦਾਦੀ ਦਾਦੇ ਦੇ ਵਾਪਿਸ ਜਾਣ ਦਾ ਅਫਸੋਸ ਹੋਇਆ। ਉਹਨਾਂ ਨਾਲ ਸਰਦੀਆਂ ਵਿਚ ਇੰਡੀਆ ਆਉਣ ਦਾ ਵਾਇਦਾ ਕਰਦਿਆਂ ਉਸ ਨੇ ਭਰੇ ਮਨ ਨਾਲ ਉਹਨਾਂ ਨੂੰ ਅਲਵਿਦਾ ਕੀਤਾ।

ਹੁਣ ਡੈਨਿਸ ਅਤੇ ਗਰੀਟਾ ਨੇ ਉਸ ਨੂੰ ਦਾਦਾ ਦਾਦੀ ਦੀ ਐਨੀ ਯਾਦ ਕਰਵਾਈ ਕਿ ਉਸ ਦਾ ਮਨ ਉੱਡ ਕੇ ਉਹਨਾਂ ਕੋਲ ਪਹੁੰਚ ਜਾਣ ਨੂੰ ਕਰਨ ਲੱਗਿਆ ਜੋ ਸੰਭਵ ਨਹੀਂ ਸੀ। ਇਕ ਦਿਨ ਸਵੇਰੇ ਉਸ ਨੇ ਮੀਕੇ ਨੂੰ ਜਲਦੀ ਜਗਾ ਲਿਆ ਅਤੇ ਦਾਦੀ ਨਾਲ ਫੋਨ ਮਿਲਾਉਣ ਦੀ ਬੇਨਤੀ ਕੀਤੀ। ਉਹ ਕਾਫੀ ਦੇਰ ਤੱਕ ਦਾਦਾ ਦਾਦੀ ਨਾਲ ਗੱਲਾਂ ਕਰਦੀ ਰਹੀ ਅਤੇ ਉਸ ਨੇ ਡੈਨਿਸ ਅਤੇ ਗਰੀਟਾ ਦਾ ਜ਼ਿਕਰ ਵੀ ਕੀਤਾ। ਉਹਨਾਂ ਨੂੰ ਇਕ ਵਾਰ ਫਿਰ ਲੰਡਨ ਆਉਣ ਦਾ ਸੱਦਾ ਦਿੱਤਾ ਜਿਸ ਨੂੰ ਉਹਨਾਂ ਨੇ ਪਿਆਰ ਨਾਲ ਟਾਲ ਦਿੱਤਾ। ਉਸ ਨੇ ਮਨ ਬਣਾਇਆ ਕਿ ਜਦ ਵੀ ਚਾਨਸ ਲੱਗਿਆ ਉਹ ਜ਼ਰੂਰ ਇੰਡੀਆ ਜਾਵੇਗੀ। ਗੱਲਾਂ ਕਰ ਕੇ ਉਸ ਦਾ ਮਨ ਹਲਕਾ ਜ਼ਰੂਰ ਹੋ ਗਿਆ। ਫਿਰ ਵੀ ਇਕ ਖੁਤਖੁਤੀ ਜਿਹੀ ਉਸ ਨੂੰ ਚੈਨ ਨਾ ਲੈਣ ਦਿੰਦੀ।

ਸੁਹਣਾ ਧੁੱਪੀਲਾ ਅਤੇ ਨਿੱਘਾ ਦਿਨ। ਲੋਕਾਂ ਦੇ ਚਿਹਰਿਆਂ ‘ਤੇ ਵੀ ਨਿੱਘੇ ਦਿਨ ਵਰਗਾ ਨਿੱਘ ਮਹਿਸੂਸ ਹੁੰਦਾ ਸੀ। ਬੱਸ ਵਿਚ ਬੱਚਿਆਂ ਦੀ ਭੀੜ ਹੌਲੀ ਹੌਲੀ ਹਰੇਕ ਬੱਸ ਸਟਾਪ ਤੋਂ ਹਲਕੀ ਹੁੰਦੀ ਗਈ। ਪ੍ਰੀਤ ਬੱਸ ਵਿਚੋਂ ਉੱਤਰੀ ਤਾਂ ਡੈਨਿਸ ਫਰੰਟ ਗਾਰਡਨ ਵਿਚ ਕੰਮ ਕਰ ਰਿਹਾ ਸੀ। ਉਸ ਦੇ ਹੱਥਾਂ ਵਿਚ ਕੰਮ ਕਰਨ ਵਾਲੇ ਦਸਤਾਨੇ ਪਾਏ ਹੋਏ ਸਨ ਅਤੇ ਉਹ ਬਾਗਬਾਨੀ ਕਰਨ ਵਾਲੀ ਕੈਂਚੀ ਨਾਲ ਹਰੀ ਕਚਾਰ ਵਾੜ ਨੂੰ ਬਹੁਤ ਸੁਘੜਤਾ ਅਤੇ ਧਿਆਨ ਨਾਲ ਵਧੀਆਂ ਹੋਈਆਂ ਟਾਹਣੀਆਂ ਕੱਟ ਕੇ ਇਕਸਾਰ ਕਰ ਰਿਹਾ ਸੀ। ਗਰੀਟਾ ਧੁੱਪ ਵਾਲੀਆਂ ਐਨਕਾਂ ਲਾਈ ਉਸ ਦੇ ਕੋਲ ਖੜ੍ਹੀ ਮੁਸਕਰਾ ਕੇ ਗੱਲਾਂ ਕਰਦੀ ਅਤੇ ਜਦ ਕੁਝ ਕੁ ਟਾਹਣੀਆਂ ਕੱਟੀਆਂ

ਜਾਂਦੀਆਂ ਤਾਂ ਉਹ ਉਹਨਾਂ ਨੂੰ ਚੁੱਕ ਕੇ ਕਾਲੇ ਬੈਗ ਵਿਚ ਪਾਈ ਜਾਂਦੀ। ਬੱਸੋਂ ਉੱਤਰਦੀ ਪ੍ਰੀਤ ਦੀ ਨਿਗਾਹ ਕੁਦਰਤੀ ਉਹਨਾਂ ਦੇ ਘਰ ਵੱਲ ਗਈ। ਗਰੀਟਾ ਨੇ ਉਸ ਨੂੰ ਬੱਸ ਵਿਚੋਂ ਉਤਰਦੀ ਨੂੰ ਵੇਖ ਲਿਆ ਸੀ ਅਤੇ ਉਸ ਨੂੰ ਵੇਖ ਕੇ ਉਸ ਵੱਲ ਉੱਤਸੁਕਤਾ ਭਰੀ ਖੁਸ਼ੀ ਨਾਲ ਹੱਥ ਹਿਲਾਇਆ। ਪ੍ਰੀਤ ਨੂੰ ਵੀ ਉਹਨਾਂ ਨੂੰ ਵੇਖ ਕੇ ਦਿਲੀ ਖੁਸ਼ੀ ਹੋਈ। ਉਸ ਦੇ ਪੈਰ ਆਪ ਮੁਹਾਰੇ ਗਰੀਟਾ ਵੱਲ ਨੂੰ ਵਧੇ।

ਗਰੀਟਾ ਨੇ ਅੱਗੇ ਵੱਧ ਕੇ ਉਸ ਦਾ ਹੱਥ ਫੜ ਲਿਆ ਅਤੇ ਉਸ ਦੀ ਗੱਲ੍ਹ ਨਾਲ ਗੱਲ੍ਹ ਲਗਾ ਪ੍ਰੀਤ ਨੂੰ ਮੋਹ ਨਾਲ ਚੁੰਮਿਆ। ਡੈਨਿਸ ਨੇ ਕੈਂਚੀ ਪਾਸੇ ਰੱਖ ਦਿੱਤੀ ਅਤੇ ਆਪਣੇ ਦਸਤਾਨੇ ਲਹੁੰਦਿਆਂ ਮੋਹ ਭਰੀਆਂ ਨਜ਼ਰਾਂ ਨਾਲ ਪ੍ਰੀਤ ਨੂੰ ਤੱਕਿਆ।

"ਪ੍ਰੀਟ (ਪ੍ਰੀਤ) ਤੈਨੂੰ ਵੇਖ ਕੇ ਸੱਚੀਂ ਹੈਰਾਨੀ ਭਰੀ ਖੁਸ਼ੀ ਹੋਈ। ਤੂੰ ਠੀਕ ਐਂ ਨਾ!" ਡੈਨਿਸ ਵੀ ਉਹਨਾਂ ਕੋਲ ਆ ਗਿਆ। ਉਹ ਉਲਝਿਆ ਜਿਹਾ ਖੜ੍ਹਾ ਰਿਹਾ ਜਿਵੇਂ ਸੋਚ ਰਿਹਾ ਹੋਵੇ ਕਿ ਪ੍ਰੀਤ ਦਾ ਸਵਾਗਤ ਕਿਵੇਂ ਕੀਤਾ ਜਾਵੇ! ਏਸ਼ੀਅਨ ਲੋਕਾਂ ਨਾਲ ਉਸ ਦਾ ਵਾਹਵਾ ਵਾਹ ਵਾਸਤਾ ਰਿਹਾ ਸੀ। ਏਸ਼ੀਅਨ ਲੋਕਾਂ ਦਾ ਸਵਗਤ ਕਰਨ ਅਤੇ ਮਿਲਣ ਦਾ ਰਿਵਾਜ ਪੱਛਮੀ ਲੋਕਾਂ ਨਾਲੋਂ ਵੱਖਰਾ ਹੋਣ ਕਰੇ ਉਸ ਨੂੰ ਉਲਝਣ ਮਹਿਸੂਸ ਹੋਈ।

"ਆ ਜਾ ਅੰਦਰ ਜੂਸ ਦਾ ਗਲਾਸ ਪੀ ਕੇ ਜਾਈਂ। ਅੱਜ ਦਿਨ ਤਾਂ ਬਹੁਤਾ ਈ ਵਧੀਆ। ਨਹੀਂ!" ਗਰੀਟਾ ਨੇ ਉਸ ਦਾ ਹੱਥ ਫੜ ਕੇ ਪੋਲਾ ਜਿਹਾ ਖਿੱਚਿਆ।

"ਹਾਂ ਬਹੁਤ ਸੁਹਣਾ ਦਿਨ ਐ। ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਤੁਹਾਨੂੰ ਮਿਲ ਕੇ ਸੱਚੀਂ ਖੁਸ਼ੀ ਹੋਈ।" ਪ੍ਰੀਤ ਨੇ ਜਾਣ ਦੀ ਇੱਛਾ ਪ੍ਰਗਟਾਈ। ਉਸ ਪਰਗਟਾਵੇ ਵਿਚ ਉਸ ਦੀ ਉਹਨਾਂ ਨਾਲ ਗੱਲ ਕਰਨ ਦੀ ਇੱਛਾ ਦੀ ਵੀ ਮਿਲਾਵਟ ਸੀ। ਕਈ ਦਿਨਾਂ ਤੋਂ ਉਹ ਉਹਨਾਂ ਦੇ ਘਰ ਵੱਲ ਚੋਰੀ ਵੇਖਦੀ ਅਤੇ ਉਹਨਾਂ ਨੂੰ ਮਿਲਣ ਦੀ ਉਸ ਦੀ ਤਮੰਨਾ ਹੁੰਦੀ। ਪ੍ਰੀਤ ਆਪਣੀ ਤੀਬਰ ਇੱਛਾ ਨੂੰ ਦਬਾਉਂਦੀ ਆਪਣੇ ਘਰ ਨੂੰ ਤੁਰ ਜਾਂਦੀ। ਉਸ ਵਿਚ ਉਹਨਾਂ ਦੇ ਘਰ ਜਾਣ ਦਾ ਹੀਆ ਨਹੀਂ ਸੀ ਪਿਆ। 'ਖਬਰੇ ਉਹ ਕੀ ਸੋਚਣ। ਫਿਰ ਵੀ ਗੋਰੇ ਲੋਕਾਂ ਦਾ ਸਾਡੇ ਨਾਲੋਂ ਵੱਖਰਾ ਵਿਹਾਰ ਐ।' ਅੱਜ ਉਸ ਦੀ ਇੱਛਾ ਪੂਰੀ ਹੋਈ ਸੀ। ਓਪਰੇ ਪਨ ਦਾ ਅਹਿਸਾਸ ਹੋਣ ਕਰਕੇ ਉਸ ਨੂੰ ਰਸਮੀ ਨਾਂਹ ਨੁੱਕਰ ਕਰਨੀ ਪਈ ਜਿਸ ਬਾਰੇ ਉਸ ਨੇ ਸੋਚਿਆ ਵੀ ਨਹੀਂ ਸੀ।

"ਅਸੀਂ ਆਸਟਰੇਲੀਆ ਗਏ ਹੋਏ ਸੀ। ਪਰਸੋਂ ਈ ਆਏ ਆਂ।" ਗਰੀਟਾ ਨੇ ਜਿਵੇਂ ਉਸ ਦੀ ਅੰਦਰਲੀ ਤਾਂਘ ਨੂੰ ਸਮਝ ਲਿਆ ਸੀ। ਉਸ ਨੇ ਉਸ ਦਾ ਹੱਥ ਫੜੀ ਰੱਖਿਆ ਅਤੇ ਦਰਵਾਜ਼ੇ ਵੱਲ ਨੂੰ ਤੁਰ ਪਈ। ਪ੍ਰੀਤ ਵੀ ਉਸ ਦੇ ਮਗਰੇ ਮਗਰ ਅੰਦਰ ਚਲੀ ਗਈ। ਡੈਨਿਸ ਨੇ ਕਿਚਨ ਵਿਚੋਂ ਜੂਸ ਦੇ ਤਿੰਨ ਗਲਾਸ ਟਰੇਅ ਵਿਚ ਰੱਖ ਲਿਆਂਦੇ।

"ਆਸਟੇਰਲੀਆ ਜਾਣ ਦੀ ਖੁਸ਼ੀ ਬਹੁਤ ਸੀ ਪਰ ਸਮਾਂ ਬਹੁਤ ਜਲਦੀ ਨਿਕਲ ਗਿਆ।" ਗਰੀਟਾ ਨੇ ਡੈਨਿਸ ਦਾ ਧੰਨਵਾਦ ਕਰਦਿਆਂ ਪ੍ਰੀਤ ਨਾਲ ਗੱਲ ਬਾਤ ਜ਼ਾਰੀ ਰੱਖੀ।

ਪ੍ਰੀਤ ਨੇ ਉਡਦੀ ਨਜ਼ਰੇ ਬੈਠਣ ਵਾਲੇ ਕਮਰੇ ਦਾ ਨਰੀਖਣ ਕੀਤਾ। ਉਸ ਨੂੰ ਬਾਕੀ ਆਮ ਜਿਹੀਆਂ ਚੀਜ਼ਾਂ ਜਿਵੇਂ ਟੀ ਵੀ ਬਗੈਰਾ ਤੋਂ ਬਿਨਾਂ ਕਿਤਾਬਾਂ ਦੀ ਅਲਮਾਰੀ ਬਹੁਤ ਦਿਲਚਸਪ ਲੱਗੀ। ਕਿਤਾਬਾਂ ਸਲੀਕੇ ਨਾਲ ਟਿਕਾਈਆਂ ਹੋਈਆਂ ਸਨ। ਪ੍ਰੀਤ ਸਮਝਣ ਦੀ ਕੋਸ਼ਿਸ਼ ਕਰਨ ਲੱਗੀ ਕਿ ਪੜ੍ਹਨ ਦਾ ਸ਼ੌਕ ਦੋਵਾਂ ਵਿਚੋਂ ਕਿਸ ਨੂੰ ਹੋਵੇਗਾ! ਟੀ ਵੀ ਦੇ ਕੋਲ ਇਕ ਛੋਟੇ ਮੇਜ਼ 'ਤੇ ਕੁਝ ਕੁ ਫੋਟੋ ਟਿਕਾਈਆਂ ਹੋਈਆਂ ਸਨ ਜਿਹੜੀਆਂ ਪ੍ਰੀਵਾਰਕ ਫੋਟੋ ਲਗਦੀਆਂ ਸਨ।

"ਆਹ ਦੇਖ ਸਾਡੀ ਲਿਜ਼ਾ। ਮੈਂ ਤੇਰੇ ਬਾਰੇ ਉਸ ਨੂੰ ਦੱਸਿਆ ਤਾਂ ਸੁਣ ਕੇ ਉਸ ਨੇ ਤੈਨੂੰ ਮਿਲਣ ਦੀ ਤਮੰਨਾ ਜ਼ਾਹਰ ਕੀਤੀ ਸੀ।

ਜਦ ਵੀ ਉਹ ਏਥੇ ਆਈ ਤੈਨੂੰ ਜ਼ਰੂਰ ਮਿਲੂਗੀ।" ਗਰੀਟਾ ਨੇ ਫੋਟੋ ਵਿਚ ਸਾਰਿਆਂ ਦੀ ਜਾਣ ਪਹਿਚਾਣ ਕਰਾਈ। ਨਾਲ ਹੀ ਇਕ ਹੋਰ ਫੋਟੋ ਸੀ ਜੋ ਇਕੱਲੀ ਮੁਸਕਰਾਉਂਦੀ ਪਿਆਰੀ ਜਿਹੀ ਕਿਸੇ ਕੁੜੀ ਦੀ ਸੀ। ਉਸ ਬਾਰੇ ਗਰੀਟਾ ਨੇ ਕੁਝ ਵੀ ਨਹੀਂ ਕਿਹਾ ਸੀ।

"ਆਹ ਨਾਲ ਦੀ ਫੋਟੋ ਕਿਸ ਦੀ ਆ!"

"ਸਾਡੀ ਧੀ---।" ਗਰੀਟਾ ਦਾ ਚਿਹਰਾ ਇਕ ਦਮ ਉੱਤਰ ਗਿਆ ਅਤੇ ਉਸ ਦੇ ਲੰਬੂਤਰੇ ਹੋਏ ਚਿਹਰੇ 'ਤੇ ਕਿਸੇ ਗੁੱਝੇ ਦੁੱਖ ਦੀ ਪੀੜ ਸੀ ਜਿਸ ਨੂੰ ਦਬਾਉਣ ਦਾ ਯਤਨ ਕਰਦਿਆਂ ਉਸ ਨੇ ਮੁਸਕਰਾਉਂਦਿਆਂ ਗੱਲ ਬਦਲ ਲਈ। ਪ੍ਰੀਤ ਨੇ ਵੀ ਗੱਲ 'ਤੇ ਹੋਰ ਜਾਣਨ ਲਈ ਜ਼ੋਰ ਦੇਣਾ ਠੀਕ ਨਾ ਸਮਝਿਆ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕੋਈ ਗੱਲ ਗਰੀਟਾ ਉਸ ਤੋਂ ਛੁਪਾਉਣਾ ਚਾਹੁੰਦੀ ਸੀ।

"ਤੈਨੂੰ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਆ! ਮੇਰੇ ਕੋਲ ਕੁਝ ਤੇਰੇ ਕੰਮ ਦੀਆਂ ਚੰਗੀਆਂ ਕਿਤਾਬਾਂ ਐ।" ਡੈਨਿਸ ਨੇ ਕਿਤਾਬਾਂ ਦੀ ਸ਼ੈਲਫ ਵੱਲ ਵੇਖਦਿਆਂ ਪੁੱਛਿਆ। ਪ੍ਰੀਤ ਨੇ ਮੁਸਕਰਾ ਕੇ ਉਸ ਨੂੰ ਜਵਾਬ ਦਿੱਤਾ---

"ਕਿਤਾਬਾਂ ਪੜ੍ਹਨਾ ਮੇਰਾ ਪਿਆਰਾ ਸ਼ੌਕ ਆ।" ਪ੍ਰੀਤ ਨੇ ਮਹਿਸੂਸ ਕੀਤਾ ਡੈਨਿਸ ਨੇ ਗੱਲ ਬਦਲਣ ਲਈ ਹੀ ਉਸ ਨੂੰ ਕਿਤਾਬਾਂ ਬਾਰੇ ਪੁੱਛਿਆ ਸੀ। ਉਸ ਨੇ ਡੈਨਿਸ ਵੱਲ ਨੀਝ ਨਾਲ ਵੇਖਿਆ। ਅਸਲ ਵਿਚ ਉਹ ਗੰਭੀਰਤਾ ਨਾਲ ਕਿਤਾਬਾਂ ਨੂੰ ਵੇਖ ਰਿਹਾ ਸੀ। ਕੁਝ ਦੇਰ ਬਾਅਦ ਉਸ ਨੇ ਇਕ ਕਿਤਾਬ ਸ਼ੈਲਫ ਵਿਚੋਂ ਚੁੱਕੀ ਅਤੇ ਪ੍ਰੀਤ ਨੂੰ ਫੜਾਈ।

"ਠੀਕ ਫੈਸਲੇ ਕਿਵੇਂ ਕਰੀਏ?' ਇਹ ਕਿਤਾਬ ਪ੍ਰੀਤ ਨੇ ਫੜ ਲਈ ਅਤੇ ਉਸ ਨੂੰ ਖੁਸ਼ੀ ਹੋਈ ਕਿ ਆਪਣੇ ਆਉਣ ਵਾਲੇ ਭਵਿੱਖ ਬਾਰੇ ਉਸ ਨੂੰ ਫੈਸਲਾ ਕਰਨ ਵਿਚ ਸ਼ਾਇਦ ਇਹ ਕਿਤਾਬ ਉਸ ਦੀ ਮਦਦ ਕਰੇ।

"ਕੀ ਮੈਂ ਇਹ ਕਿਤਾਬ ਪੜ੍ਹਨ ਲਈ ਲੈ ਸਕਦੀ ਆਂ!"

"ਤਾਂ ਈ ਮੈਂ ਤੈਨੂੰ ਦਿੱਤੀ ਆ। ਇਹ ਪੜ੍ਹ ਲੈ ਜੇ ਚੰਗੀ ਲੱਗੀ ਤਾਂ ਹੋਰ ਵੀ ਲੈ ਜਾਂਈਂ।" ਡੈਨਿਸ ਨੇ ਤਸੱਲੀ ਭਰੀ ਮੁਸਕਰਾਹਟ ਨਾਲ ਜਵਾਬ ਦਿੱਤਾ।

ਪ੍ਰੀਤ ਨੇ ਕਿਤਾਬ ਲੈ ਕੇ ਉਹਨਾਂ ਤੋਂ ਇਜ਼ਾਜ਼ਤ ਲਈ। ਉਹ ਵਾਰ ਵਾਰ ਇਹੋ ਸੋਚਦੀ ਰਹੀ ਗੋਰਿਆਂ ਨਾਲ ਨਾ ਕੋਈ ਜਾਣ ਪਹਿਚਾਣ ਅਤੇ ਨਾ ਈ ਕੋਈ ਗੁਆਂਢ ਮੱਥਾ। ਇਹ ਫਿਰ ਵੀ ਐਨਾ ਭਲਾ ਮੇਰਾ ਕਿਉਂ ਲਗਾਉ ਮਹਿਸੂਸ ਕਰਦੇ ਆ! ਲਿਜ਼ਾ ਨਾਲ ਮੇਰੀ ਕੋਈ ਬਹੁਤੀ ਸ਼ਕਲ ਵੀ ਨੀ ਮਿਲਦੀ ਲਗਦੀ। ਉਹਨਾਂ ਨੂੰ ਲਿਜ਼ਾ ਮੇਰੇ ਵਿਚੋਂ ਪਤਾ ਨੀ ਕਿਵੇਂ ਦਿਸ ਪਈ! ਉਂਝ ਉਹਨਾਂ ਨੇ ਮੇਰੇ ਕੋਲੋਂ ਲੈਣਾ ਵੀ ਕੀ ਆ! ਮੇਰਾ ਉਹ ਕਿਤੇ ਕੋਈ ਨੁਕਸਾਨ ਤਾਂ ਨੀ ਕਰਨਾ ਚਾਹੁੰਦੇ!

ਉਸ ਦੇ ਮਨ ਵਿਚ ਕਈ ਕਿਸਮ ਦੇ ਸ਼ੰਕੇ ਜੰਮਦੇ ਮਰਦੇ ਰਹੇ। ਉਸ ਨੂੰ ਡੈਨਿਸ ਜਾਂ ਗਰੀਟਾ ਵਿਚ ਕੋਈ ਵੀ ਸ਼ੱਕੀ ਕਿਸਮ ਦਾ ਕਿਰਦਾਰ ਨਾ ਲੱਗਿਆ। ਸਿਰਫ਼ ਉਹਨਾਂ ਦਾ ਵੱਖਰੇ ਧਰਮ,ਨਸਲ, ਅਤੇ ਸਭਿਆਚਾਰ ਵਾਲੀ ਕੁੜੀ ਨਾਲ ਐਨੀ ਨੇੜਤਾ ਕਰਨ ਦਾ ਕਾਰਨ ਸਮਝ ਨਹੀਂ ਆ ਰਿਹਾ ਸੀ। ਉਹ ਕਿਤਾਬ ਦੇ ਵਰਕੇ ਪੜ੍ਹਦੀ ਅਤੇ ਉਸ ਨੂੰ ਕਿਤਾਬ ਵਿਚ ਬਹੁਤ ਸਾਰੀ ਕੀਮਤੀ ਸਮਗਰੀ ਮਿਲੀ। ਉਸ ਨੇ ਕਿਤਾਬ ਨੂੰ ਹੋਰ ਵੀ ਧਿਆਨ ਨਾਲ ਪੜ੍ਹਿਆ। ਉਸ ਨੇ ਕਿਤਾਬ ਖਤਮ ਕਰਨ ਤੱਕ ਆਪਣੇ ਭਵਿੱਖ ਬਾਰੇ ਫੈਸਲਾ ਕਰ

ਲਿਆ ਅਤੇ ਇਸ ਫੈਸਲੇ ਨੇ ਉਸ ਨੂੰ ਬਹੁਤ ਖੁਸ਼ੀ ਅਤੇ ਉੱਤਸੁਕਤਾ ਨਾਲ ਭਰਪੂਰ ਕਰ ਦਿੱਤਾ।

ਉਸ ਨੇ ਮੀਕੇ ਨਾਲ ਗੋਰਿਆਂ ਬਾਰੇ ਗੱਲ ਕੀਤੀ। ਉਸ ਨੂੰ ਵਿਸਥਾਰ ਨਾਲ ਉਹਨਾਂ ਦੀ ਮਿਲਣੀ ਬਾਰੇ ਜ਼ਿਕਰ ਕੀਤਾ। ਸੀਤੋ ਨੂੰ ਅਜੇ ਕੁਝ ਵੀ ਨਾ ਕਹਿਣ ਵਿਚ ਹੀ ਉਸ ਨੇ ਭਲਾ ਸਮਝਿਆ। ਮੀਕੇ ਨੇ ਸਾਰੀ ਗੱਲ ਸੁਹਿਰਦਤਾ ਨਾਲ ਸੁਣੀ ਅਤੇ ਉਸ ਨੂੰ ਖੁਦ ਨੂੰ ਵੀ ਭਾਰੀ ਹੈਰਾਨੀ ਹੋਈ। ਭਾਂਵੇਂ ਖਤਰੇ ਵਾਲੀ ਕੋਈ ਗੱਲ ਮਹਿਸੂਸ ਨਹੀਂ ਸੀ ਹੋਈ। ਬਜ਼ੁਰਗ ਅਤੇ ਸਤਿਕਾਰ ਯੋਗ ਜੋੜੇ ਤੋਂ ਕਿਸੇ ਮਾੜੇ ਕਿਰਦਾਰ ਦੀ ਉਮੀਦ ਕਰਨੀ ਔਖੀ ਸੀ।

“ਇਹ ਡੈਨਿਸ ਕੰਮ ਕੀ ਕਰਦਾ ਸੀ!” ਮੀਕੇ ਨੇ ਉਸ ਬਾਰੇ ਹੋਰ ਡੂੰਘਾਈ ਨਾਲ ਜਾਨਣਾ ਚਾਹਿਆ।

“ਡੈਨਿਸ ਮਾਰਕਸ ਐਂਡ ਸਪੈਂਸਰ ਵਿਚ ਪਰਚੇਜ਼ ਮੈਨੇਜਰ ਸੀ। ਗਰੀਟਾ ਬਰਕਲੇ ਬੈਂਕ ਵਿਚ ਕੈਸ਼ੀਅਰ।”

ਮੀਕੇ ਨੂੰ ਤਸੱਲੀ ਹੋ ਗਈ। ਫਿਰ ਵੀ ਉਸ ਨੇ ਪ੍ਰੀਤ ਨੂੰ ਇਕ ਦੱਮ ਬਹੁਤਾ ਘੁਲਣ ਮਿਲਣ ਦੀ ਥਾਂ ਸੰਕੋਚ ਨਾਲ ਅੱਗੇ ਵਧਣ ਦੀ ਰਾਇ ਦਿੱਤੀ। ਕੁਝ ਦਿਨਾਂ ਬਾਅਦ ਮੀਕਾ ਅਤੇ ਡੈਨਿਸ ਮੀਕੇ ਦੇ ਘਰ ਬੈਠੇ ਵਾਈਨ ਦੀਆਂ ਚੁਸਕੀਆਂ ਲੈ ਰਹੇ ਸਨ। ਸੀਤੋ ਗਰੀਟਾ ਨਾਲ ਆਪਣੀ ਦੇਸੀ ਅੰਗਰੇਜ਼ੀ ਵਿਚ ਹੱਸ ਹੱਸ ਕੇ ਗੱਲਾਂ ਕਰ ਰਹੀ ਸੀ ਅਤੇ ਗਰੀਟਾ ਦੀ ਦੇਸੀ ਖਾਣਿਆਂ ਸਬੰਧੀ ਜਾਣਕਾਰੀ ‘ਤੇ ਹੈਰਾਨ ਹੋ ਰਹੀ ਸੀ।

## ਪੱਚੀਵਾਂ

ਡੈਨਿਸ ਅਤੇ ਗਰੀਟਾ ਨਾਲ ਪਹਿਲੀ ਮਿਲਣੀ ਮੀਕੇ ਦੀ ਚੰਗੀ ਰਹੀ ਸੀ। ਉਸ ਨੂੰ ਬਜ਼ੁਰਗ ਜੋੜਾ ਪਸੰਦ ਆ ਗਿਆ। ਉਹਨਾਂ ਦੇ ਸੁਭਾਅ ਵਿਚ ਨਸਲੀ ਬੂ ਵੀ ਮਹਿਸੂਸ ਨਹੀਂ ਹੋਈ ਸੀ। ਉਹਨਾਂ ਦਾ ਪ੍ਰੀਤ ਪ੍ਰਤੀ ਨਿਘਾ ਮੋਹ ਅਤੇ ਲਗਾਉ ਉਸ ਨੂੰ ਓਪਰਾ ਜ਼ਰੂਰ ਲਗਦਾ ਸੀ ਪਰ ਮਾੜਾ ਨਹੀਂ। ਡੈਨਿਸ ਨਾਲ ਉਸ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਡੈਨਿਸ ਕੋਲ ਉਮਰ ਦਾ ਤਜ਼ਰਬਾ ਸੀ ਅਤੇ ਮੀਕੇ ਨੇ ਮਹਿਸੂਸ ਕੀਤਾ ਇਹ ਤਜ਼ਰਬਾ ਬਹੁਤ ਅਮੀਰ ਸੀ। ਗਰੀਟਾ ਵੀ ਉਸ ਨੂੰ ਸੁਭਾਅ ਦੀ ਹੱਸ ਮੁਖ ਅਤੇ ਪਿਆਰੀ ਜਨਾਨੀ ਲੱਗੀ।

ਸੀਤੋ ਦਾ ਅੰਦਾਜ਼ ਵੱਖਰਾ ਸੀ। ਉਸ ਨੇ ਭਾਂਵੇਂ ਉਹਨਾਂ ਨਾਲ ਦਿਖਾਵੇ ਵਜੋਂ ਚੰਗਾ ਵਿਹਾਰ ਕੀਤਾ। ਪੰਜਾਬੀ ਵਿਚ ਉਸ ਦੇ ਸੰਵਾਦ ਨਾਂਹ ਵਾਚਕ ਸਨ। ਉਹਦੇ ਖਿਆਲ ਵਿਚ ਗੋਰਿਆਂ ਨਾਲ ਨਿਭਾਅ ਕਰਨਾ ਸੰਭਵ ਨਹੀਂ ਸੀ। ਉਹਨਾਂ ਦੇ ਵੱਖਰੇ ਸੁਭਾਅ ਅਤੇ ਕਲਚਰ ਕਾਰਨ ਨੇੜਤਾ ਬਹੁਤੀ ਪੁਗਣੀ ਅਸੰਭਵ ਸੀ। ਮੀਕੇ ਅਤੇ ਪ੍ਰੀਤ ਤੋਂ ਬਿਨਾਂ ਬਾਕੀ ਬੱਚਿਆਂ ਦੀ ਰਾਇ ਵੀ ਹਾਂ ਵਾਚਕ ਹੋਣ ਕਰਕੇ ਸੀਤੋ ਨੂੰ ਚੁੱਪ ਕਰਨਾ ਪਿਆ। ਗੋਰਿਆਂ ਦੇ ਕਲਚਰ ਨੂੰ ਦਿਨ ਰਾਤ ਟੀ ਵੀ, ਸਕੂਲਾਂ, ਕਾਲਜਾਂ ਅਤੇ ਰੋਜ਼ਮਰਾਂ ਦੀ ਜ਼ਿੰਦਗੀ ਵਿਚ ਵੇਖਦਿਆਂ ਉਹਨਾਂ ਦੇ ਵਿਚਾਰਾਂ ਵਿਚ ਸੀਤੋ ਨਾਲੋਂ ਅੰਤਰ ਹੋਣਾ ਕੁਦਰਤੀ ਸੀ। ਬੱਚੇ ਆਪ ਭਾਵੇਂ ਗੋਰਿਆਂ ਦਾ ਕਲਚਰ ਅਮਲੀ ਤੌਰ 'ਤੇ ਹੰਢਾ ਨਹੀਂ ਰਹੇ ਸਨ। ਉਹ ਮਨਾਂ ਵਿਚ ਬਹੁਤ ਹੱਦ ਤੱਕ ਉਸ ਕਲਚਰ ਨੂੰ ਅਚੇਤ ਹੀ ਅਪਣਾ ਰਹੇ ਸਨ। ਜੇ ਪੂਰਾ ਸੂਰਾ ਨਾ ਸਹੀ ਉਸ ਦਾ ਕਾਫੀ ਹਿੱਸਾ ਉਹ ਜ਼ਰੂਰ ਗ੍ਰਹਿਣ ਕਰ ਰਹੇ ਸਨ।

ਦੋਵੇਂ ਪਰਿਵਾਰ ਹੁਣ ਪਹਿਲਾਂ ਨਾਲੋਂ ਬਹੁਤਾ ਮਿਲਦਾ ਜੁਲਦੇ। ਇਕ ਦੂਸਰੇ ਨਾਲ ਉਹਨਾਂ ਦਾ ਵਿਹਾਰ ਦਿਨੋ ਦਿਨ ਸੁਖਾਂਵਾਂ ਹੁੰਦਾ ਗਿਆ ਅਤੇ ਓਪਰੇ ਪਨ ਦੀਆਂ ਕੰਧਾਂ ਢਹਿ ਢੇਰੀ ਹੁੰਦੀਆਂ ਗਈਆਂ। ਉਹ ਰੰਗ, ਧਰਮ, ਨਸਲ ਅਤੇ ਕਲਚਰ ਦੀਆਂ ਦੀਵਾਰਾਂ ਤੋਂ

ਦਿਨੋ ਦਿਨ ਉਪਰ ਉਠਦੇ ਗਏ। ਉਹਨਾਂ ਦਾ ਮਿਲਵਰਤਨ ਪਿਆਰ ਅਤੇ ਸਮਝ ਦੇ ਅਧਾਰ 'ਤੇ ਫਲਦਾ ਫੂਲਦਾ ਰਿਹਾ। ਕਦੇ ਉਹਨਾਂ ਨੂੰ ਮਹਿਸੂਸ ਹੁੰਦਾ ਜਿਵੇਂ ਉਹ ਇਕ ਪ੍ਰੀਵਾਰ ਹੋਣ ਜਾਂ ਉਹਨਾਂ ਦਾ ਸਾਥ ਕਿਸੇ ਪਿਛਲੇ ਜਨਮ ਦਾ ਹੋਵੇ। ਵੈਸੇ ਡੈਨਿਸ ਅਤੇ ਮੀਕਾ ਦੋਵੇਂ ਹੀ ਕਿਸੇ ਹੋਰ ਜਨਮ ਵਿਚ ਯਕੀਨ ਨਹੀਂ ਰੱਖਦੇ ਸਨ।

ਮੀਂਹ ਅਤੇ ਹਵਾ ਨੇ ਗਰਮੀਆਂ ਦੇ ਮੌਸਮ ਨੂੰ ਸਰਦੀਆਂ ਵਿਚ ਬਦਲਿਆ ਹੋਇਆ ਸੀ। ਅੱਜ ਸਵੇਰ ਤੋਂ ਹੀ ਬੱਦਲ ਬਾਈ ਸੀ ਅਤੇ ਬਾਅਦ ਵਿਚ ਮੌਸਮ ਹੋਰ ਵੀ ਖਰਾਬ ਹੋ ਗਿਆ। ਡੈਨਿਸ ਅਤੇ ਗਰੀਟਾ ਦੇ ਮਨ ਵਿਚਲਾ ਮੌਸਮ ਹੋਰ ਵੀ ਉਦਾਸ ਸੀ। ਅੱਜ ਉਹਨਾਂ ਦੀ ਧੀ ਦਾ ਜਨਮ ਦਿਨ ਸੀ ਜੋ ਵਰ੍ਹਿਆਂ ਤੋਂ ਇਸ ਦੁਨੀਆਂ ਨਾਲੋਂ ਨਾਤਾ ਤੋੜ ਚੁੱਕੀ ਸੀ। ਅੱਜ ਦੇ ਦਿਨ ਹਰੇਕ ਸਾਲ ਵਾਂਗ ਉਹ ਆਪਣੇ ਮਨ ਦੇ ਹਨ੍ਹੇਰੇ ਨੂੰ ਦੂਰ ਕਰਨ ਲਈ ਲੰਬੀ ਸੈਰ ਲਈ ਚਲੇ ਜਾਂਦੇ ਜਾਂ ਐਂਵੇ ਦੁਕਾਨਾਂ ਵਿਚ ਤੁਰੇ ਫਿਰਦੇ। ਘਰ ਵਿਚ ਉਹਨਾਂ ਦਾ ਮਨ ਨਾ ਲਗਦਾ।

ਅੱਜ ਉਹਨਾਂ ਨੂੰ ਮੌਸਮ ਨੇ ਘਰ ਵਿਚ ਡੱਕ ਲਿਆ ਸੀ। ਡੈਨਿਸ ਨੇ ਕੁਝ ਪੜ੍ਹਨ ਨਾਲ ਆਪਣਾ ਮਨ ਦੂਸਰੇ ਪਾਸੇ ਲਾਹੁਣ ਦਾ ਯਤਨ ਕੀਤਾ ਅਤੇ ਗਰੀਟਾ ਨੇ ਵੀਡੀਓ 'ਤੇ ਕੋਈ ਫਿਲਮ ਲਾ ਕੇ ਸਮਾਂ ਪਾਸ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੀਤ ਦੇ ਆਉਣ ਦਾ ਸਮਾਂ ਹੋਇਆ ਤਾਂ ਉਹ ਜਦ ਵੀ ਕੋਈ ਬੱਸ, ਬੱਸ ਸਟਾਪ 'ਤੇ ਰੁਕਦੀ ਤਾਂ ਖਿੜਕੀ ਵਿਚੋਂ ਬਾਹਰ ਦੇਖਣ ਲਗਦੀ। ਆਖਰ ਪ੍ਰੀਤ ਬੱਸ ਵਿਚੋਂ ਉੱਤਰੀ ਅਤੇ ਭੱਜ ਕੇ ਗਰੀਟਾ ਦੇ ਦਰਵਾਜ਼ੇ ਵੱਲ ਆਈ। ਗਰੀਟਾ ਨੇ ਉਸ ਨੂੰ ਪਹਿਲਾਂ ਹੀ ਦਰਵਾਜ਼ਾ ਖੋਲ੍ਹ ਦਿੱਤਾ ਸੀ।

"ਤੂੰ ਛਤਰੀ ਨੀ ਲੈ ਕੇ ਗਈ। ਕਿਹੋ ਜਿਹਾ ਤੂਫਾਨ ਆਇਆ ਹੋਇਆ ਅੱਜ।" ਗਰੀਟਾ ਮੁਸਕਰਾਉਂਦੀ ਹੋਈ ਨਰਮੀ ਨਾਲ ਉਸ ਨੂੰ ਵੇਖ ਰਹੀ ਸੀ। ਡੈਨਿਸ ਵੀ ਕਿਤਾਬ ਰੱਖ ਕੇ ਉਹਨਾਂ ਕੋਲ ਆ ਗਿਆ। ਉਸ ਨੇ ਪ੍ਰੀਤ ਦੇ ਭਿੱਜੇ ਮੱਥੇ ਨੂੰ ਚੁੰਮਿਆ ਅਤੇ ਮੂੰਹ ਸਾਫ਼ ਕਰਨ ਲਈ ਤੌਲੀਆ ਲਿਆ ਕੇ ਪ੍ਰੀਤ ਨੂੰ ਦਿੱਤਾ। ਪ੍ਰੀਤ ਨੇ 'ਥੈਂਕਸ' ਕਹਿ ਕੇ ਤੌਲੀਆ ਲੈ ਲਿਆ ਅਤੇ ਆਪਣੇ ਪਾਣੀ ਨਾਲ ਭਿੱਜੇ ਹੋਏ ਚਿਹਰੇ ਅਤੇ ਵਾਲਾਂ ਨੂੰ ਸਾਫ਼ ਕੀਤਾ। ਡੈਨਿਸ ਨੇ ਚਾਹ ਬਨਾਉਣ ਲਈ ਕੇਟਲ ਆਨ ਕਰ ਦਿੱਤੀ।

ਉਹ ਚੁੱਪ ਜਿਹੇ ਗਰਮ ਚਾਹ ਦੀਆਂ ਘੁੱਟਾਂ ਭਰਦੇ ਰਹੇ। ਨਿੱਕੀਆਂ ਗੱਲਾਂ ਕਰਦੇ ਪਰ ਉਹਨਾਂ ਵਿਚ ਗੱਲ ਅੱਗੇ ਨਾ ਤੁਰਦੀ। ਪ੍ਰੀਤ ਨੂੰ ਵੇਖ ਕੇ ਉਹ ਬਹੁਤ ਖੁਸ਼ ਹੋਏ ਸਨ। ਪ੍ਰੀਤ ਦੀ ਹਾਜ਼ਰੀ ਵਿਚ ਵੀ ਧੀ ਦਾ ਗਮ ਉਹਨਾਂ ਲਈ ਭੁਲਣਾ ਔਖਾ ਸੀ।

"ਸਭ ਠੀਕ ਠਾਕ ਐ। ਤੁਸੀਂ ਦੋਵੇਂ ਉਦਾਸ ਜਿਹੇ ਕਿਉਂ ਲਗਦੇ ਓ !" ਪ੍ਰੀਤ ਨੇ ਮਹੌਲ ਨੂੰ ਮਹਿਸੂਸ ਕਰਦਿਆਂ ਪੁੱਛਿਆ।

"ਅੱਜ ਸਾਡੀ ਧੀ ਸ਼ਰਲੀ ਦਾ ਜਨਮ ਦਿਨ ਐ ਤੇ ਉਹ ਇਸ ਦੁਨੀਆਂ 'ਚ ਨਹੀਂ।" ਕੁਝ ਦੇਰ ਦੀ ਚੁੱਪ ਬਾਅਦ ਡੈਨਿਸ ਨੇ ਜਵਾਬ ਦਿੱਤਾ।

"ਮੈਨੂੰ ਅਫ਼ਸੋਸ ਐ।" ਪ੍ਰੀਤ ਦਾ ਮੂੰਹ ਵੀ ਢਿਲਕ ਗਿਆ ਸੀ।

ਸ਼ਰਲੀ ਉਹਨਾਂ ਦੀ ਬਹੁਤ ਪਿਆਰੀ ਕੁੜੀ ਸੀ। ਪੜ੍ਹਨ ਵਿਚ ਹੁਸ਼ਿਆਰ, ਹਮੇਸ਼ਾਂ ਹੱਸਦੀ ਅਤੇ ਮਾਪਿਆਂ ਨੂੰ ਪਿਆਰਦੀ ਘਰ ਵਿਚ ਰੌਣਕ ਲਾਈ ਰੱਖਦੀ। ਸੋਲ੍ਹਾਂ ਸਾਲਾਂ ਦੀ ਉਮਰ ਵਿਚ ਉਹ ਲਗਰ ਵਰਗੀ ਮੁਟਿਆਰ ਹਰ ਕਿਸੇ ਦਾ ਦਿਲ ਖਿੱਚ ਲੈਂਦੀ। ਉਸ ਦੀ ਸੁੰਦਰਤਾ 'ਤੇ ਉਹ ਮਾਣ ਕਰਦੇ। ਉਹਨਾਂ ਨੂੰ ਲਗਦਾ ਜਿਵੇਂ ਉਹਨਾਂ ਦੀ ਧੀ ਵਰਗੀ ਸੁਨੱਖੀ ਕੁੜੀ ਸਾਰੀ ਦੁਨੀਆਂ ਵਿਚ ਸ਼ਾਇਦ ਹੀ

ਕੋਈ ਹੋਰ ਹੋਵੇ।

ਉਹ ਆਪਣੇ ਲਈ ਸੁਪਨੇ ਉਣਦੀ ਅਤੇ ਉਹ ਉਸ ਦੇ ਸੁਪਨਿਆਂ ਵਿਚ ਸ਼ਰੀਕ ਹੁੰਦੇ। ਸ਼ਰਲੀ ਨੂੰ ਪਹਿਨਣ ਪੱਚਰਨ ਦਾ ਬਹੁਤ ਸ਼ੌਕ ਸੀ। ਉਹ ਸਾਦੇ ਕੱਪੜਿਆਂ ਨੂੰ ਵੀ ਕੁਝ ਇਸ ਤਰ੍ਹਾਂ ਪਹਿਣਦੀ ਕਿ ਉਹ ਬਹੁਤ ਖਾਸ ਲਗਦੇ। ਇੰਝ ਲਗਦਾ ਜਿਵੇਂ ਕੱਪੜੇ ਵੀ ਸ਼ਰਲੀ ਦੇ ਸਰੀਰ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰਦੇ ਹੋਣ। ਹਲਕਾ ਮੇਕ ਅੱਪ ਉਸ ਦੇ ਰੂਪ ਨੂੰ ਚਾਰ ਚੰਨ ਲਾ ਦਿੰਦਾ।

ਜਦੋਂ ਤੱਕ ਸ਼ਰਲੀ ਸਤਾਰ੍ਹਵੇਂ ਸਾਲ ਵਿਚ ਹੋਈ ਤਾਂ ਗਰੀਟਾ ਨੂੰ ਫਿਕਰ ਲੱਗ ਗਿਆ ਕਿ ਸ਼ਰਲੀ ਨੇ ਅਜੇ ਤੱਕ ਕੋਈ ਬੁਆਏ ਫਰਿੰਡ ਨਹੀਂ ਬਣਾਇਆ ਸੀ। ਉਹ ਕੁੜੀਆਂ ਦੇ ਝੁੰਡ ਵਿਚ ਘਿਰੀ ਰਹਿੰਦੀ। ਉਸ ਦੀਆਂ ਸਹੇਲੀਆਂ ਉਸ ਨੂੰ ਪਿਆਰ ਕਰਦੀਆਂ ਅਤੇ ਉਹ ਉਹਨਾਂ ਦੀ ਕੰਪਨੀ ਵਿਚ ਖੁਸ਼ ਰਹਿੰਦੀ। ਗਰੀਟਾ ਨੇ ਡੈਨਿਸ ਨਾਲ ਗੱਲ ਸਾਂਝੀ ਕੀਤੀ। ਉਸ ਨੂੰ ਵੀ ਫਿਕਰ ਲੱਗ ਗਿਆ।

"ਅੱਜ ਕੱਲ੍ਹ ਦੇ ਬੱਚਿਆਂ ਦਾ ਕੋਈ ਪਤਾ ਨੀ ਲਗਦਾ। ਕਿਤੇ ਕਿਸੇ ਕੁੜੀ ਨਾਲ ਈ ਤਾਂ--।" ਅੱਜ ਕੱਲ੍ਹ ਸਮਾਜ ਵਿਚ ਗੈਰ ਕੁਦਰਤੀ ਰਿਸ਼ਤਿਆਂ ਨਾਲ ਉਹਨਾਂ ਨੂੰ ਪੁੱਜ ਜੇ ਨਫ਼ਰਤ ਸੀ। ਮੁੰਡੇ ਮੁੰਡਿਆਂ ਨਾਲ ਅਤੇ ਕੁੜੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਰਹਿ ਰਹੇ ਸਨ।

ਗਰੀਟਾ ਨੇ ਸ਼ਰਲੀ ਤੋਂ ਪੁੱਛਣਾ ਚਾਹਿਆ ਪਰ ਪੁੱਛ ਨਾ ਸਕੀ। ਉਸ ਨੂੰ ਖਤਰਾ ਸੀ ਕਿਤੇ ਸ਼ਰਲੀ ਨਰਾਜ਼ ਹੀ ਨਾ ਹੋ ਜਾਵੇ। ਉਸ ਨੇ ਕੁੜੀਆਂ ਨਾਲ ਉਸ ਦੇ ਵਰਤਾਅ ਦਾ ਖਿਆਲ ਰੱਖਣਾ ਸ਼ੁਰੂ ਕਰ ਦਿੱਤਾ। ਸ਼ਰਲੀ ਨੂੰ ਉਸ ਨੇ ਕਿਸੇ ਵੀ ਕੁੜੀ ਨੂੰ ਚੁੰਮਦਿਆਂ ਚੱਟਦਿਆਂ ਨਾ ਵੇਖਿਆ ਤਾਂ ਉਸ ਦਾ ਮਨ ਇਸ ਪਾਸਿਉਂ ਕੁਝ ਸਾਂਵਾਂ ਹੋ ਗਿਆ।

ਸ਼ਰਲੀ ਦੀ ਕਿਸੇ ਸਹੇਲੀ ਨੇ ਇਕ ਰੈਸਟੋਰੈਂਟ ਵਿਚ ਆਪਣੇ ਜਨਮ ਦਿਨ ਦੀ ਪਾਰਟੀ ਦਿੱਤੀ। ਸਾਰੀਆਂ ਕੁੜੀਆਂ ਮੁੰਡਿਆਂ ਨੇ ਆਪਣਾ ਆਪਣਾ ਹਿੱਸਾ ਪਾ ਕੇ ਪੈਸੇ ਇਕੱਠੇ ਕੀਤੇ। ਸ਼ਰਲੀ ਵੀ ਬਣ ਤਣ ਕੇ ਉਸ ਪਾਰਟੀ ਵਿਚ ਗਈ। ਰੈਸਟੋਰੈਂਟ ਵਿਚ ਇਹਨਾਂ ਤੋਂ ਬਿਨਾਂ ਆਮ ਗਾਹਕ ਵੀ ਸਨ। ਪੱਚੀ ਸਾਲਾਂ ਦੇ ਮਾਈਕਲ ਨੂੰ ਸ਼ਰਲੀ ਦੇ ਹੁਸਨ ਨੇ ਡੰਗ ਲਿਆ।

ਮਾਈਕਲ ਹੋਰ ਕੁੜੀਆਂ ਨਾਲ ਵੀ ਗੱਲਾਂ ਕਰਦਾ ਰਿਹਾ। ਬਹੁਤੀ ਗੱਲ ਬਾਤ ਦਾ ਝੁਕਾਅ ਉਸ ਦਾ ਸ਼ਰਲੀ ਵੱਲ ਹੀ ਰਿਹਾ। ਉਹ ਪਾਰਟੀ ਦਾ ਹਿੱਸਾ ਨਹੀਂ ਸੀ। ਉਸ ਦੇ ਕਹਿਣ ਅਨੁਸਾਰ ਉਹ ਕਿਸੇ ਦੋਸਤ ਨੂੰ ਮਿਲਣ ਆਇਆ ਸੀ ਅਤੇ ਉਹ ਬੰਦਾ ਕਿਸੇ ਕਾਰਨ ਪਹੁੰਚ ਨਹੀਂ ਸਕਿਆ। ਮਾਈਕਲ ਸ਼ਰਲੀ ਦੇ ਦੁਆਲੇ ਮੰਡਲਾਉਂਦਾ ਰਿਹਾ।

ਲੰਬਾ, ਪਤਲਾ ਅਤੇ ਕਾਲੇ ਵਾਲ਼ਾਂ ਵਾਲਾ ਮਾਈਕਲ ਸ਼ਰਲੀ ਨੂੰ ਪਸੰਦ ਆ ਗਿਆ। ਉਸ ਦੀ ਹਲੀਮੀ ਭਰੀ ਗੱਲ ਬਾਤ, ਅਰਧ ਮਦਹੋਸ਼ ਅੱਖਾਂ, ਉਸ ਦੀ ਪ੍ਰੋਫੈਸ਼ਨਲ ਲੋਕਾਂ ਵਰਗੀ ਪੁਸ਼ਾਕ ਜਿਸ ਵਿਚ ਉਹ ਸ਼ਰੀਫ ਲਗਦਾ ਸੀ, ਨੇ ਸ਼ਰਲੀ ਨੂੰ ਕੀਲ ਲਿਆ। ਸ਼ਰਲੀ ਆਮ ਕੁੜੀਆਂ ਵਰਗੀ ਕੁੜੀ ਨਹੀਂ ਸੀ ਜੋ ਫਟਾ ਫਟ ਕਿਸੇ ਦੀਆਂ ਬਾਂਹਾਂ ਵਿਚ ਡਿਗ ਪੈਂਦੀ। ਮਾਈਕਲ ਦੇ ਤਰਲੇ ਉਸ ਨੂੰ ਡਿਨਰ 'ਤੇ ਜਾਣ ਲਈ ਤਾਂ ਨਾ ਮਨਾ ਸਕੇ। ਸਨਿਚਰਵਾਰ ਨੂੰ ਚਾਹ'ਤੇ ਜਾਣ ਲਈ ਉਹ ਜ਼ਰੂਰ ਮੰਨ ਗਈ। ਮਾਈਕਲ ਤੇਰ੍ਹਵੇਂ ਅਸਮਾਨ 'ਤੇ ਉਡਣ ਲੱਗਾ।

ਸਨਿਚਰਵਾਰ ਨੂੰ ਸ਼ਰਲੀ ਉਚੇਚ ਨਾਲ ਤਿਆਰ ਹੋਈ। ਗਰੀਟਾ ਨੇ ਵੇਖਿਆ ਤਾਂ ਹੈਰਾਨ ਰਹਿ ਗਈ। ਉਹ ਮਨੋ ਮਨ ਖੁਸ਼ ਵੀ ਹੋਈ। ਗਰੀਟਾ ਨੇ ਮਹਿਸੂਸ ਕੀਤਾ ਸ਼ਰਲੀ ਜ਼ਰੂਰ ਕਿਸੇ ਮੁੰਡੇ ਵੱਲ ਖਿੱਚੀ ਗਈ ਸੀ ਅਤੇ ਉਸ ਨੂੰ ਮਿਲਣ ਜਾਣ ਲਈ ਹੀ ਉਚੇਚ ਨਾਲ

ਤਿਆਰ ਹੋਈ ਸੀ। ਜਾਣ ਤੋਂ ਪਹਿਲਾਂ ਸ਼ਰਲੀ ਨੇ ਆਪਣੇ ਆਪ ਨੂੰ ਆਦਮ ਕੱਦ ਸ਼ੀਸ਼ੇ ਵਿਚ ਵੇਖਿਆ ਅਤੇ ਤਸੱਲੀ ਨਾਲ ਮੁਸਕਰਾਈ।

"ਕਿਸੇ ਖਾਸ ਨੂੰ ਮਿਲਣ ਚੱਲੀ ਐਂ ਮੈਨੂੰ ਵੀ ਦੱਸ ਉਹ ਕੌਣ ਐ ਅਤੇ ਕੀ ਕਰਦਾ!" ਗਰੀਟਾ ਨੇ ਆਪਣੀ ਖੁਸ਼ੀ ਨੂੰ ਲਕਾਉਂਦਆਂ ਪੁੱਛਿਆ।

"ਉਹਦਾ ਨਾਂ ਮਾਈਕਲ ਐ। ਕਿਸੇ ਅਮਰੀਕਨ ਬੈਂਕ ਲਈ ਸਿਟੀ ਵਿਚ ਕੰਮ ਕਰਦਾ। ਹੋਰ ਤਾਂ ਅਜੇ ਮੈਨੂੰ ਬਹੁਤਾ ਪਤਾ ਨੀ।" ਸ਼ਰਲੀ ਨੇ ਸੰਖੇਪ ਜਿਹੀ ਜਾਣਕਾਰੀ ਦਿੱਤੀ।

ਦੋ ਘੰਟੇ ਕਹਿ ਕੇ ਸ਼ਰਲੀ ਤਾਂ ਪੰਜ ਘੰਟੇ ਵਾਪਿਸ ਨਾ ਆਈ। ਗਰੀਟਾ ਨੂੰ ਖੁਸ਼ੀ ਵੀ ਸੀ ਅਤੇ ਫਿਕਰ ਵੀ। ਸ਼ਰਲੀ ਸਮੇਂ ਦੀ ਬਹੁਤ ਪਾਬੰਦ ਸੀ। ਜਦ ਆਖਿਰ ਸ਼ਰਲੀ ਆਈ ਤਾਂ ਗਰੀਟਾ ਅਤੇ ਡੈਨਿਸ ਉਸ ਵੱਲ ਉਤੱਸੁਕਤਾ ਭਰੀਆਂ ਨਜ਼ਰਾਂ ਨਾਲ ਵੇਖਣ ਲੱਗੇ। ਸ਼ਰਲੀ ਨੇ ਬੱਸ ਐਨਾ ਈ ਕਿਹਾ ਕਿ ਉਹ ਖਾਣਾ ਖਾ ਕੇ ਆਈ ਸੀ ਅਤੇ ਸੌਣ ਚੱਲੀ ਗਈ।

ਉਹ ਮਾਈਕਲ ਨੂੰ ਦਿਨੋ ਦਿਨ ਜ਼ਿਆਦਾ ਮਿਲਣ ਲੱਗੀ। ਆਮ ਹੀ ਲੇਟ ਆਉਂਦੀ ਅਤੇ ਸਿੱਧੀ ਆਪਣੇ ਬੈਡ ਰੂਮ ਵਿਚ ਚਲੀ ਜਾਂਦੀ। ਗਰੀਟਾ ਅਤੇ ਡੈਨਿਸ ਨੂੰ ਕੁਝ ਵੀ ਨਾ ਦਸਦੀ। ਸ਼ਰਲੀ ਨੇ ਕਦੇ ਸ਼ਰਾਬ ਦਾ ਸੇਵਨ ਨਹੀਂ ਕੀਤਾ ਸੀ। ਹੁਣ ਉਹਨਾਂ ਨੂੰ ਲਗਦਾ ਜਿਵੇਂ ਸ਼ਰਲੀ ਨੇ ਸ਼ਰਾਬ ਪੀਤੀ ਹੋਵੇ। ਉਸ ਤੋਂ ਵੀ ਵੱਧ ਉਹਨਾਂ ਨੂੰ ਸ਼ਰਲੀ ਦੇ ਚੁੱਪ ਚੁੱਪ ਰਹਿਣ ਅਤੇ ਉਹਨਾਂ ਤੋਂ ਦੂਰ ਦੂਰ ਰਹਿਣ ਦਾ ਫਿਕਰ ਸੀ। ਹੁਣ ਉਸ ਦੇ ਹਾਸੇ ਗੁਆਚ ਗਏ ਸਨ ਅਤੇ ਉਸ ਦੇ ਚਿਹਰੇ ਤੋਂ ਰੌਣਕ ਉੱਡ ਗਈ। ਉਹ ਆਪਣੇ ਮਾਪਿਆਂ ਨੂੰ ਕਿਸੇ ਗੱਲ ਦਾ ਜਵਾਬ ਨਾ ਦਿੰਦੀ।

## ਛੱਬੀਵਾਂ

ਮਾਈਕਲ ਦਾ ਬਾਪ ਭਾਰਤੀ ਉਪ ਮਹਾਂ ਦੀਪ ਦਾ ਸੀ ਅਤੇ ਮਾਂ ਗੋਰੀ। ਮਾਈਕਲ ਦੇ ਗੋਰੇ ਰੰਗ ਵਿਚ ਬਦਾਮੀ ਭਾਅ ਮਾਰਦੀ। ਗੋਰਿਆਂ ਦੇ ਖੁਸ਼ਕ ਅਤੇ ਪੀਲੇ ਰੰਗ ਦੇ ਉਲਟ ਮਾਈਕਲ ਦਾ ਰੰਗ ਉਸ ਦੇ ਕਾਲੇ ਵਾਲਾਂ ਨਾਲ ਹੋਰ ਵੀ ਦਿਲਕਸ਼ ਲਗਦਾ। ਪੜ੍ਹਾਈ ਵਿਚ ਮਾਈਕਲ ਨਕੰਮਾ ਹੀ ਸੀ। ਸਕੂਲ ਦੇ ਦਿਨਾਂ ਵਿਚ ਹੀ ਉਸ ਨੂੰ ਡਰੱਗ ਮਾਫੀਏ ਨੇ ਟਰੇਂਡ ਕਰ ਕੇ ਡਰੱਗ ਵੇਚਣ ਲਾ ਲਿਆ। ਸਕੂਲ ਛੱਡ ਕੇ ਉਸ ਨੇ ਪੂਰੇ ਸਮੇ ਲਈ ਇਹੋ ਕਿੱਤਾ ਕਰਨਾ ਸ਼ੁਰੂ ਕਰ ਦਿੱਤਾ। ਜਵਾਨੀ ਦੀ ਬੇਫ਼ਿਕਰੀ ਅਤੇ ਹਾਲਾਤ ਨੇ ਉਸ ਨੂੰ ਨਿੱਡਰ ਅਤੇ ਆਪਣੇ ਕੰਮ ਵਿਚ ਜਲਦੀ ਹੀ ਨਿਪੁੰਨ ਕਰ ਦਿੱਤਾ। ਉਸ ਦੀ ਬਹੁਤ ਜਲਦੀ ਮੁਲਾਕਾਤ ਕਾਲੇ ਮੋਟੇ ਡੈਨੀ ਨਾਲ ਹੋ ਗਈ ਜੋ ਕਿਸੇ ਡਰੱਗ ਮਾਫੀਏ ਦਾ ਸਰਦਾਰ ਸੀ।

ਮਾਈਕਲ ਨੇ ਕੰਮ ਦੇ ਗੁਰ ਵੀ ਸਿੱਖ ਲਏ ਅਤੇ ਡਰੱਗ ਸਿੱਧੇ ਮੰਗਵਾਉਣ ਲਈ ਆਪਣੇ ਵਸੀਲੇ ਵੀ ਪੈਦਾ ਕਰ ਲਏ। ਡੈਨੀ ਨੂੰ ਮਾਈਕਲ ਤੋਂ ਖਤਰਾ ਮਹਿਸੂਸ ਹੋਇਆ। ਉਸ ਦੇ ਆਪਣੇ ਗਰੋਹ ਦਾ ਕੱਲ੍ਹ ਦਾ ਸ਼ੋਕਰਾ ਉਸ ਦਾ ਸ਼ਰੀਕ ਬਣ ਬੈਠਾ ਸੀ। ਡੈਨੀ ਨੇ ਮਾਈਕਲ 'ਤੇ ਹਮਲਾ ਕਰਵਾ ਦਿੱਤਾ। ਕਾਰ ਵਿਚ ਬੈਠਣ ਲੱਗੇ ਮਾਈਕਲ ਦੇ ਐਨ ਕੰਨ ਕੋਲੋਂ ਦੀ ਗੋਲੀ ਸ਼ੂਕਦੀ ਲੰਘ ਗਈ। ਮਾਈਕਲ ਬਚ ਗਿਆ। ਇਸ ਹਮਲੇ ਨੇ ਉਸ ਨੂੰ ਹੋਰ ਵੀ ਚੌਕੰਨਾ ਕਰ ਦਿੱਤਾ। ਉਸ ਨੇ ਹਮਲਾ ਕਰਨ ਵਾਲਿਆਂ ਦੀ ਕਾਰ ਦਾ ਨੰਬਰ ਨੋਟ ਕਰ ਲਿਆ। ਹਫ਼ਤੇ ਕੁ ਬਾਅਦ ਉਹੀ ਕਾਰ ਉਸ ਨੂੰ ਮਿਲ ਗਈ ਅਤੇ ਉਸ ਦਾ ਪਿੱਛਾ ਕਰ ਕੇ ਉਸ ਨੇ ਸੁੰਨ ਜਿਹੀ ਸੜਕ 'ਤੇ ਆਪਣੀ ਕਾਰ ਅੱਗੇ ਕਰਕੇ ਕਾਰ ਰੋਕ ਲਈ। ਕਾਰ ਦੇ ਡਰਾਇਵਰ ਦੇ ਸੰਭਲਣ ਤੋਂ ਪਹਿਲਾਂ ਹੀ ਮਾਈਕਲ ਨੇ ਡੇਢ ਕੁ ਫੁਟ ਦੇ ਲੋਹੇ ਦੇ ਡੰਡੇ ਨਾਲ ਕਾਰ ਦਾ ਸ਼ੀਸ਼ਾ ਤੋੜ ਦਿੱਤਾ। ਡਰਾਈਵਰ ਦੇ ਸਿਰ ਵਿਚ ਲੋਹੇ ਦਾ ਡੰਡਾ ਮਾਰ ਕੇ ਉਸ ਨੂੰ ਸ਼ੱਕੀ ਅਤੇ ਜ਼ਖਮੀ ਕਰ ਦਿੱਤਾ ਅਤੇ ਧੂਹ

ਕੇ ਕਾਰ ਵਿਚੋਂ ਬਾਹਰ ਕੱਢ ਲਿਆ।

"ਕੁੱਤੀ ਦਿਆ ਪੁੱਤਾ ਤੇਰੇ ਕੋਲ ਇਕ ਮਿੰਟ ਐ। ਦੱਸ ਉਸ ਦਿਨ ਮੇਰੇ 'ਤੇ ਹਮਲਾ ਕਿਸ ਦੇ ਕਹਿਣ 'ਤੇ ਕੀਤਾ ਸੀ!" ਮਾਈਕਲ ਨੇ ਜ਼ਖਮੀ ਹੋਏ ਹਲਕੇ ਸਰੀਰ ਦੇ ਕਾਲੇ ਦੀ ਸੰਘੀ ਘੁੱਟ ਦਿੱਤੀ ਅਤੇ ਉਸ ਦੀਆਂ ਅੱਖਾਂ ਦੇ ਡੇਲੇ ਬਾਹਰ ਨੂੰ ਆਉਣ ਲੱਗੇ। ਉਹ ਦੋਵੇਂ ਹੱਥ ਉਪਰ ਕਰਕੇ ਇਸ਼ਾਰਿਆਂ ਨਾਲ ਛੱਡਣ ਦੀ ਅਪੀਲ ਕਰਨ ਲੱਗਾ। ਮਾਈਕਲ ਨੇ ਹੱਥ ਢਿੱਲਾ ਕਰ ਦਿੱਤਾ।

"ਡੈਨੀ ਦੇ ਕਹਿਣ 'ਤੇ।" ਕਾਲੇ ਨੇ ਅਜੇ ਵਾਕ ਵੀ ਪੂਰਾ ਨਹੀਂ ਕੀਤਾ ਸੀ ਕਿ ਮਾਈਕਲ ਨੇ ਲੋਹੇ ਦਾ ਡੰਡਾ ਐਨੇ ਜ਼ੋਰ ਨਾਲ ਉਸ ਦੇ ਸਿਰ ਵਿਚ ਮਾਰਿਆ ਕਾਲਾ ਮੁੰਡਾ ਹਾਏ ਕਹਿਣ ਤੋਂ ਪਹਿਲਾਂ ਹੀ ਲੁੜ੍ਹਕ ਗਿਆ। ਉਸ ਦੀ ਦੇਹ ਨੂੰ ਕਾਰ ਵਿਚ ਰੱਖ ਕੇ ਮਾਈਕਲ ਨੇ ਕਾਰ ਨੂੰ ਸੜਕ ਨਾਲ ਪੈਂਦੀ ਖੱਡ ਵਿਚ ਧੱਕਾ ਦੇ ਦਿੱਤਾ।

ਮਾਈਕਲ ਨੇ ਇਕ ਪੁਰਾਣੀ ਜਿਹੀ ਕਾਰ ਲੈ ਲਈ ਅਤੇ ਆਪਣੀ ਦਾਹੜੀ ਵਧਾ ਲਈ। ਕੁਝ ਕਪੜਿਆਂ ਵਿਚ ਤਬਦੀਲੀ ਕਰਕੇ ਜਿਤਨਾ ਵੀ ਸੰਭਵ ਸੀ ਆਪਦਾ ਭੇਸ ਵਟਾ ਲਿਆ। ਡੈਨੀ ਦੇ ਕਾਫੀ ਸਾਰੇ ਅੱਡਿਆਂ ਦਾ ਉਸ ਨੂੰ ਪਤਾ ਸੀ ਅਤੇ ਉਸ ਨੇ ਡੈਨੀ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਇਰਾਦੇ ਦਾ ਪੱਕਾ ਅਤੇ ਡੈਨੀ ਨੂੰ ਮਾਰ ਕੇ ਉਸ ਦੀ ਜਗਾਹ ਲੈਣ ਦਾ ਇੱਛੁਕ ਮਾਈਕਲ ਹਰ ਖਤਰਾ ਮੁੱਲ ਲੈਣ ਲਈ ਤਿਆਰ ਹੋ ਗਿਆ।

ਈਲਿੰਗ ਸ਼ਹਿਰ ਦੇ ਦੱਖ਼ਣੀ ਇਲਾਕੇ ਵਿਚ ਡੈਨੀ ਦਾ ਇਕ ਖਾਸ ਅੱਡਾ ਸੀ। ਇਹ ਪੱਬ ਡੈਨੀ ਨੇ ਆਪਣੇ ਲਈ ਕਿਸੇ ਹੋਰ ਦੇ ਨਾਮ 'ਤੇ ਖਰੀਦ ਰੱਖਿਆ ਸੀ। ਡੈਨੀ ਅਕਸਰ ਇਸ ਅੱਡੇ 'ਤੇ ਆਉਂਦਾ ਜਾਂਦਾ ਰਹਿੰਦਾ। ਡੈਨੀ ਇਸ ਪੱਬ ਨੂੰ ਡਰੱਗ ਵੇਚਣ ਦੇ ਨਾਲ ਨਾਲ ਵੇਸਵਾਪੁਣੇ ਵਾਸਤੇ ਵੀ ਵਰਤਦਾ ਸੀ। ਇਸ ਪੱਬ ਦੀ ਪਹਿਲੀ ਮੰਜ਼ਿਲ 'ਤੇ ਕੁਝ ਕਮਰੇ ਸਨ ਜਿਹਨਾਂ ਵਿਚ ਕੁੜੀਆਂ ਰਹਿੰਦੀਆਂ ਸਨ ਅਤੇ ਆਪਣੇ ਗਾਹਕਾਂ ਨੂੰ ਪੁੱਟਦੀਆਂ। ਗਾਹਕਾਂ ਲਈ ਡਰੱਗ ਦੀ ਵਿਕਰੀ ਕਰਦੀਆਂ। ਡੈਨੀ ਲਈ ਦੋਵੇਂ ਹੱਥੀਂ ਲੱਡੂ ਸਨ ਕੁੜੀਆਂ ਦੀ ਕਮਾਈ ਅਤੇ ਕੁੜੀਆਂ ਲਈ ਅਤੇ ਉਹਨਾਂ ਦੇ ਗਾਹਕਾਂ ਲਈ ਡਰੱਗ ਦੀ ਵਿਕਰੀ।ਇਹ ਸਭ ਡੈਨੀ ਦੀ ਕਮਾਨ ਹੇਠ ਹੁੰਦਾ ਸੀ। ਇਸ ਬਿਜਨਸ ਵਿਚ ਪੈਸਿਆਂ ਦੇ ਨਾਲੋ-ਨਾਲ ਡੈਨੀ ਨੂੰ ਮਾਨਸਕ ਤਸੱਲੀ ਵੀ ਹੁੰਦੀ।

ਡੈਨੀ ਦਾ ਆਪਣਾ ਬਚਪਨ ਬਹੁਤ ਉਘੜਾ ਦੁਗੜਾ ਲੰਘਿਆ ਸੀ। ਉਸ ਦੇ ਮਾਂ ਬਾਪ ਦੀ ਕਦੇ ਇਕ ਦੂਜੇ ਨਾਲ ਬਣੀ ਨਹੀਂ ਸੀ ਅਤੇ ਉਹ ਚਾਮਚੜਿਕਾਂ ਵਾਂਗ ਲੜਦੇ ਝਗੜਦੇ ਇਕ ਦੂਜੇ ਤੋਂ ਵੱਖ ਹੋ ਗਏ ਸਨ। ਡੈਨੀ ਨਾਂ ਤਾਂ ਵਿਹਲੜ ਅਤੇ ਅਵੈੜ ਪਿਉ ਨੂੰ ਪਸੰਦ ਕਰਦਾ ਸੀ ਅਤੇ ਨਾਂ ਹੀ ਮਾਂ ਨੂੰ ਜੋ ਸ਼ਰਾਬ ਪੀਣ ਦੇ ਨਾਲ ਨਾਲ ਸਿਗਰਟਾਂ ਵੀ ਬੁਝਣ ਨਾ ਦਿੰਦੀ। ਡੈਨੀ ਕਿਥੇ ਜਾਂਦਾ ਅਤੇ ਕੀ ਕਰਦਾ ਸੀ ਉਹਨਾਂ ਨੇ ਕਦੇ ਫ਼ਿਕਰ ਨਹੀਂ ਕੀਤੀ ਸੀ। ਕਈ ਵਾਰ ਅੱਠ ਸਾਲ ਦੇ ਡੈਨੀ ਨੂੰ ਇਕੱਲਾ ਛੱਡ ਕੇ ਉਹ ਪੱਬਾਂ ਕਲੱਬਾਂ ਵਿਚ ਚਲੇ ਜਾਂਦੇ। ਕਿਸੇ ਗੁਆਂਢੀ ਦੀ ਸ਼ਿਕਾਇਤ 'ਤੇ ਡੈਨੀ ਨੂੰ ਸੋਸ਼ਲ ਸਰਵਿਸਜ਼ ਵਾਲੇ ਲੈ ਗਏ ਅਤੇ ਬਾਕੀ ਦਾ ਬਚਪਨ ਉਸ ਦਾ ਉਸ ਮਹੌਲ ਵਿਚ ਬੀਤਿਆ। ਡੈਨੀ ਵਰਗੇ ਹੀ ਹੋਰ ਬੱਚੇ ਉਸ ਦੇ ਸਾਥੀ ਸਨ। ਛੋਟੇ ਮੋਟੇ ਲੜਾਈ ਝਗੜੇ ਅਤੇ ਕੁਟ ਮਾਰ ਕਰਨ ਲਈ ਤਾਂ ਡੈਨੀ ਨੇ ਆਪਣਾ ਗੈਂਗ ਉਥੇ ਛੋਟੀ ਉਮਰ ਵਿਚ ਹੀ ਤਿਆਰ ਕਰ ਲਿਆ ਸੀ। ਹੌਲੀ ਹੌਲੀ ਡੈਨੀ ਮੰਨਿਆ ਪ੍ਰਮੰਨਿਆ ਡੌਨ ਬਣ ਗਿਆ।

ਡੈਨੀ ਕੁੜੀਆਂ ਨੂੰ ਫਸਾ ਲੈਂਦਾ ਅਤੇ ਹੌਲੀ ਹੌਲੀ ਉਹਨਾਂ ਨੂੰ ਡਰੱਗ ਦੀ ਆਦਤ ਪਾ ਦਿੰਦਾ। ਫਿਰ ਉਹਨਾਂ ਤੋਂ ਮਨ ਮਰਜ਼ੀ ਕਰਾਉਂਦਾ। ਪਹਿਲਾਂ ਪਹਿਲਾਂ ਉਹ ਫੱਟੜ ਪੰਛੀ ਵਾਂਗ ਫੜਫੜਾਉਂਦੀਆਂ। ਉਹਨਾਂ ਦੇ ਪਰ ਕੱਟੇ ਹੋਣ ਕਰਕੇ ਉਹ ਡੈਨੀ ਦੇ ਪਿੰਜਰੇ ਵਿਚ ਮਜ਼ਬੂਰਨ ਕੈਦ ਹੋ ਜਾਂਦੀਆਂ। ਮਾਈਕਲ ਨੂੰ ਇਹ ਧੰਦਾ ਵੀ ਪਸੰਦ ਆਇਆ ਜਿਸ ਵੱਲ ਅੱਜ ਤੱਕ ਉਸ ਨੇ ਕਦੇ ਧਿਆਨ ਨਹੀਂ

ਦਿੱਤਾ ਸੀ।

ਕੁਝ ਦਿਨਾਂ ਦੀ ਭੱਜ ਨੱਠ ਬਾਅਦ ਮਾਈਕਲ ਨੇ ਪਿੱਛਾ ਕਰਕੇ ਡੈਨੀ ਦੇ ਰਹਿਣ ਦੀ ਥਾਂ ਲੱਭ ਲਈ। ਉਸ ਦਾ ਫਲੈਟ ਚੈਲਸੀ ਬਰਿਜ ਦੇ ਨੇੜੇ ਇਕ ਸਤਿਕਾਰਤ ਥਾਂ ‘ਤੇ ਸੀ ਜਿਥੇ ਪ੍ਰਾਪਰਟੀ ਦੀਆਂ ਬਹੁਤ ਮਹਿੰਗੀਆਂ ਕੀਮਤਾਂ ਸਨ। ਇਹ ਅਪਾਰਟਮੈਂਟ ਸਕਿਊਰਟੀ ਨੂੰ ਮੁੱਖ ਰੱਖ ਕੇ ਬਣਾਏ ਗਏ ਸਨ। ਇਸ ਕੰਪਾਊਂਡ ਵਿਚ ਦਾਖ਼ਲ ਹੋਣ ਲਈ ਆਪਣੇ ਆਪਣੇ ਕੋਡ ਨੰਬਰਾਂ ਦੀ ਮਦਦ ਨਾਲ ਵੱਡੇ ਮਜ਼ਬੂਤ ਲੋਹੇ ਦੇ ਗੇਟ ਖੋਲ੍ਹੇ ਜਾਂਦੇ ਸਨ। ਆਪਣੇ ਵਿਅੱਕਤੀਗਤ ਕੋਡ ਨੰਬਰ ਬਿਨਾਂ ਕੰਪਾਊਂਡ ਵਿਚ ਦਾਖਲ ਹੋਣਾ ਅਸੰਭਵ ਸੀ। ਕਾਰ ਪਾਰਕ ਫਲੈਟਾਂ ਦੇ ਥੱਲੇ ਸੀ। ਉਸ ਵਿਚ ਕਈ ਸਾਰੇ ਥੰਮ ਬਣੇ ਹੋਏ ਸਨ। ਮਾਈਕਲ ਨੇ ਸਾਰੀ ਵਿਉਂਤ ਬੰਦੀ ਕਰਨ ਲਈ ਦੋ ਦਿਨ ਲਗਾਏ। ਵੱਡੀ ਸਮੱਸਿਆ ਕਾਰ ਪਾਰਕ ਤੱਕ ਪਹੁੰਚਣ ਦੀ ਸੀ। ਲੋਹੇ ਦੇ ਗੇਟ ਸਾਧਾਂ ਲਈ ਟੱਪਣੇ ਔਖੇ ਹੋ ਸਕਦੇ ਹਨ, ਚੋਰਾਂ ਲਈ ਨਹੀਂ।

ਡੈਨੀ ਦੇ ਆਉਣ ਦਾ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਹੁੰਦਾ। ਕਦੀ ਕਦੀ ਤਾਂ ਉਹ ਸਵੇਰ ਦੇ ਚਾਰ ਪੰਜ ਵਜੇ ਤੱਕ ਆਉਂਦਾ। ਉਸ ਦਾ ਡਰਾਈਵਰ ਜੋ ਉਸ ਦਾ ਗੰਨ ਮੈਨ ਵੀ ਸੀ, ਉਸ ਨੂੰ ਫਲੈਟਾਂ ਦੇ ਅੱਗਲੇ ਹਿੱਸੇ ਵਿਚ ਬਣੀ ਲਿਫਟ ਕੋਲ ਉਤਾਰ ਦਿੰਦਾ ਅਤੇ ਆਪ ਕਾਰ ਖੜ੍ਹੀ ਕਰਨ ਲਈ ਕਾਰ ਪਾਰਕ ਵਿਚ ਚਲਾ ਜਾਂਦਾ। ਡੈਨੀ ਆਪਣੇ ਫਲੈਟ ਵਿਚ ਬਿਲਡਿੰਗ ਦੇ ਅਗਲੇ ਹਿੱਸੇ ਵਿਚ ਲੱਗੀ ਲਿਫ਼ਟ ਰਾਹੀਂ ਚਲਾ ਜਾਂਦਾ ਅਤੇ ਡਰਾਈਵਰ ਕਾਰ ਪਾਰਕ ਵਿਚੋਂ ਪੌੜੀਆਂ ਜਾਂ ਲਿਫਟ ਰਾਹੀਂ ਫਲੈਟ ਵਿਚ ਜਾਂਦਾ। ਮਾਈਕਲ ਨੇ ਸਭ ਕੁਝ ਨੋਟ ਕਰ ਲਿਆ।

ਮਾਈਕਲ ਨੇ ਸਾਢੇ ਗਿਆਰਾਂ ਰਾਤ ਦੇ ਸਮੇਂ ਗੇਟ ਦੇ ਉਪਰ ਚੜ੍ਹ ਕੇ ਦੂਸਰੇ ਪਾਸੇ ਛਾਲ ਮਾਰ ਦਿੱਤੀ ਅਤੇ ਜਿੰਨੀ ਜਲਦੀ ਹੋ ਸਕਦਾ ਸੀ ਦੌੜ ਕੇ ਕਾਰ ਪਾਰਕ ਵਿਚ ਚਲਾ ਗਿਆ। ਲਿਫ਼ਟ ਦੇ ਐਨ ਨੇੜੇ ਇਕ ਵੱਡੇ ਥਮਲੇ ਦੇ ਉਹਲੇ ਆਪਣੇ ਮਨ ਪਸੰਦ ਹਥਿਆਰ ਲੋਹੇ ਦੇ ਦੋ ਕੁ ਫੁੱਟ ਡੰਡੇ ਨੂੰ ਹੱਥ ਵਿਚ ਮਜਬੂਤੀ ਨਾਲ ਫੜੀ ਲੁਕ ਗਿਆ। ਕੋਈ ਘੰਟੇ ਕੁ ਬਾਅਦ ਡਰਾਈਵਰ ਕਾਰ ਖੜ੍ਹੀ ਕਰ ਕੇ ਲਿਫਟ ਵੱਲ ਆਉਂਦਾ ਦਿਸਿਆ। ਜਿਉਂ ਹੀ ਉਹ ਮਾਈਕਲ ਕੋਲ ਦੀ ਲੰਘਿਆ ਤਾਂ ਮਾਈਕਲ ਨੇ ਉਸ ਦੇ ਸਿਰ ‘ਤੇ ਵਾਰ ਕਰ ਦਿੱਤਾ। ਉਹ ਸਿਰ ‘ਤੇ ਹੱਥ ਰੱਖ ਕੇ ਧਰਤੀ ‘ਤੇ ਗੋਡਿਆਂ ਭਾਰ ਬੈਠ ਗਿਆ। ਇਸ ਤੋਂ ਪਹਿਲਾਂ ਕਿ ਉਸ ਦੀ ਚੀਕ ਨਿਕਲਦੀ ਮਾਈਕਲ ਨੇ ਉਸ ਦੇ ਮੂੰਹ ‘ਤੇ ਮਜ਼ਬੂਤੀ ਨਾਲ ਹੱਥ ਰੱਖ ਦਿੱਤਾ।

“ਡੈਨੀ ਦੇ ਫਲੈਟ ਦਾ ਨੰਬਰ ਦੱਸ ਜਾਂ ਮੌਤ ।” ਮਾਈਕਲ ਨੂੰ ਉਸ ਬੰਦੇ ਦੀਆਂ ਨਜ਼ਰਾਂ ਵਿਚ ਮੌਤ ਦਾ ਡਰ ਦਿਸਿਆ। ਉਸ ਦੀਆਂ ਅੱਖਾਂ ਵਿਚ ਮੌਤ ਦੇ ਡਰ ਦੇ ਪ੍ਰਛਾਵੇਂ ਨੂੰ ਵੇਖ ਕੇ ਮਾਈਕਲ ਨੂੰ ਖੁਸ਼ੀ ਭਰੀ ਤਸੱਲੀ ਹੋਈ। ਹੁਣ ਤੱਕ ਲੋਹੇ ਦਾ ਡੰਡਾ ਬੰਦੇ ਦੀ ਸੰਘੀ ‘ਤੇ ਪਹੁੰਚ ਚੁੱਕਾ ਸੀ।

“ਗਿਆਰਾਂ--।” ਅਜੇ ਉਸ ਦੇ ਮੂੰਹ ‘ਚੋਂ ਅਵਾਜ਼ ਨਿਕਲੀ ਹੀ ਸੀ ਕਿ ਮਾਈਕਲ ਨੇ ਦੂਸਰਾ ਜਾਨ ਲੇਵਾ ਵਾਰ ਕਰ ਦਿੱਤਾ ਅਤੇ ਉਸ ਦੇ ਸਿਰ ਵਿਚੋਂ ਨਿਕਲਦੇ ਖ਼ੂਨ ਨੂੰ ਉਸ ਦੇ ਲੰਬੇ ਕੋਟ ਨਾਲ ਢਕ ਦਿੱਤਾ ਤਾਂ ਜੋ ਲਿਫਟ ਕੋਲ ਕੋਈ ਖ਼ੂਨ ਦਾ ਨਿਸ਼ਾਨ ਨਾ ਹੋਵੇ। ਉਸ ਨੂੰ ਧੂਹ ਕੇ ਖੂੰਜੇ ਵਾਲੇ ਥਮਲੇ ਦੇ ਉਹਲੇ ਕਰ ਦਿੱਤਾ। ਉਸ ਦੀ ਜੇਬ ਵਿਚੋਂ ਚਾਬੀਆਂ ਅਤੇ ਉਸ ਦਾ ਰਿਵਾਲਵਰ ਕੱਢ ਕੇ ਜੇਬ ਵਿਚ ਪਾਇਆ ਅਤੇ ਲਿਫਟ ਵਿਚ ਵੜ ਗਿਆ।

ਡੈਨੀ ਨੇ ਫਲੈਟ ਵਿਚ ਜਾ ਕੇ ਵਿਸਕੀ ਦਾ ਪੈਗ ਬਣਾਇਆ ਅਤੇ ਬੋਤਲ ਟੇਬਲ ‘ਤੇ ਰੱਖ ਕੇ ਟੀ ਵੀ ਵੇਖਣ ਲੱਗਾ। ਉਸ ਦੇ

ਦਿਮਾਗ ਵਿਚ ਆਪਣੇ ਧੰਦੇ ਸਬੰਧੀ ਅਨੇਕਾਂ ਸਵਾਲ ਪਰੇਸ਼ਾਨੀ ਦਾ ਕਾਰਨ ਬਣੇ ਹੋਏ ਸਨ। ਦਿਨ ਵੇਲੇ ਉਹ ਬੱਝਵੀਂ ਮਾਤਰਾ ਵਿਚ ਕੋਕੀਨ ਦੀ ਵਰਤੋਂ ਕਰਦਾ ਜੋ ਉਸ ਦੇ ਮਨੋਬਲ ਨੂੰ ਉੱਚਾ ਰਖਦੀ। ਰਾਤ ਨੂੰ ਉਹ ਹਮੇਸ਼ਾਂ ਵਿਸਕੀ ਦੀ ਵਰਤੋਂ ਕਰਦਾ। ਵਿਸਕੀ ਦਾ ਸੁਆਦ, ਨਸ਼ਾ ਅਤੇ ਸਰੂਰ ਉਸ ਨੂੰ ਬਹੁਤ ਪਸੰਦ ਸੀ।

ਮਾਈਕਲ ਨੇ ਬਿਨਾਂ ਖੜਾਕ ਫਲੈਟ ਦਾ ਦਰਵਾਜ਼ਾ ਖੋਲ੍ਹਿਆ। ਡੈਨੀ ਨੇ ਸ਼ਾਇਦ ਸੁਣਿਆ ਵੀ ਹੋਵੇ। ਉਸ ਨੇ ਮਹਿਸੂਸ ਕੀਤਾ ਉਸ ਦਾ ਗੰਨ ਮੈਨ ਆਇਆ ਸੀ। ਡੈਨੀ ਅਰਾਮ ਨਾਲ ਵਿਸਕੀ ਦਾ ਗਲਾਸ ਟੇਬਲ ‘ਤੇ ਰੱਖੀ ਬੈਠਾ ਸੀ। ਬਿਜਲੀ ਦੀ ਚਾਲ ਅਤੇ ਚੀਤੇ ਦੀ ਫੁਰਤੀ ਨਾਲ ਮਾਈਕਲ ਨੇ ਡੈਨੀ ਦੇ ਸਿਰ ‘ਤੇ ਲਗਾਤਾਰ ਵਾਰ ਕੀਤੇ। ਡੈਨੀ ਨੂੰ ਹਾਇ ਕਹਿਣ ਦਾ ਮੌਕਾ ਵੀ ਨਾ ਮਿਲਿਆ। ਲੰਬੇ ਚੌੜੇ ਚੁਗਾਠੇ ਦਾ ਡੈਨੀ ਪਲਾਂ ਵਿਚ ਰੱਬ ਨੂੰ ਪਿਆਰਾ ਹੋ ਗਿਆ। ਮਾਈਕਲ ਨੇ ਉਸ ਦੀ ਕਾਰ ਦੀਆਂ ਚਾਬੀਆਂ,ਫਲੈਟ ਦੀਆਂ ਚਾਬੀਆਂ, ਰਿਵਾਲਵਰ ਬਗੈਰਾ ਸਭ ਕੁਝ ਉਸ ਦੇ ਕੌਫੀ ਟੇਬਲ ‘ਤੇ ਰੱਖ ਦਿੱਤਾ। ਬੋਤਲ ਵਿਚੋਂ ਦੋ ਕੁ ਘੁੱਟ ਸ਼ਰਾਬ ਦੇ ਪੀਤੇ। ਉਸ ਨੂੰ ਉਸ ਦੇ ਫਲੈਟ ਦੀ ਤਲਾਸ਼ੀ ਲੈਣ ਦਾ ਖਿਆਲ ਆਇਆ ਜਿਥੇ ਕਾਫੀ ਪੈਸਾ ਹੋਣ ਦੀ ਉਮੀਦ ਵੀ ਸੀ। ਉਸ ਨੇ ਖਿਆਲ ਬਦਲ ਲਿਆ ਅਤੇ ਬਿਨਾਂ ਖੜਾਕ ਕੀਤੇ ਬਾਹਰ ਆ ਗਿਆ। ਨਕਲੀ ਨੰਬਰ ਪਲੇਟਾਂ ਵਾਲੀ ਕਾਰ ਦੀ ਥਾਂ ਉਹ ਟੈਕਸੀ ਲੈ ਕੇ ਸੈਂਟਰ ਲੰਡਨ ਚਲਾ ਗਿਆ ਅਤੇ ਉਥੋਂ ਟੈਕਸੀ ਲੈ ਕੇ ਈਲਿੰਗ।

ਦੂਸਰੇ ਦਿਨ ਸਵੇਰੇ ਉਸ ਨੇ ਟੀ ਵੀ ‘ਤੇ ਖਬਰਾਂ ਦੇਖੀਆਂ ਪਰ ਡੈਨੀ ਜਾਂ ਉਸ ਦੇ ਗੰਨ ਮੈਨ ਸਬੰਧੀ ਕੋਈ ਖ਼ਬਰ ਨਹੀਂ ਸੀ। ਦੁਪਹਿਰ ਤੱਕ ਰੇਡੀਉ ‘ਤੇ ਕਾਰ ਪਾਰਕ ਵਿਚੋਂ ਲਾਸ਼ ਮਿਲਣ ਦੀ ਖ਼ਬਰ ਆਉਣ ਲੱਗੀ। ਪਰ ਡੈਨੀ ਬਾਰੇ ਕੋਈ ਖ਼ਬਰ ਨਹੀਂ ਸੀ। ਪੁਲੀਸ ਉਸ ਕਤਲ ਦੀ ਗੁੱਥੀ ਸੁਲਝਾਉਣ ਵਿਚ ਲੱਗੀ ਹੋਈ ਸੀ ਅਤੇ ਮਾਈਕਲ ਆਪਣੀ ਅਗਲੀ ਚਾਲ ਚੱਲਣ ਬਾਰੇ ਪਲੈਨ ਬਣਾ ਰਿਹਾ ਸੀ। ਤਿੰਨ ਚਾਰ ਦਿਨਾਂ ਬਾਅਦ ਕਿਸੇ ਗੁਆਂਢੀ ਨੇ ਡੈਨੀ ਦੇ ਫਲੈਟ ਵਿਚੋਂ ਮੁਸ਼ਕ ਆਉਣ ਦੀ ਸ਼ਕਾਇਤ ਪੁਲੀਸ ਨੂੰ ਕੀਤੀ ਤਾਂ ਪੁਲੀਸ ਨੂੰ ਡੈਨੀ ਦੇ ਕਤਲ ਦਾ ਪਤਾ ਲੱਗਿਆ। ਸਾਰੀ ਦੀ ਸਾਰੀ ਵਾਰਦਾਤ ਨੂੰ ਪੁਲੀਸ ਨੇ ਡਰੱਗ ਮਾਫੀਏ ਦੀ ਅੰਦਰੂਨੀ ਲੜਾਈ ਦਾ ਕਾਰਨ ਦੱਸਿਆ। ਪੁਲੀਸ ਕਤਲ ਦੀ ਅਸਲੀ ਗੁਥੀ ਸੁਲਝਾਉਣ ਵਿਚ ਨਾਕਾਮ ਰਹੀ। ਡੈਨੀ ਦੇ ਅਪਾਰਟਮੈਂਟ ਵਿਚੋਂ ਵੀ ਪੁਲੀਸ ਨੂੰ ਕੋਈ ਸੁਰਾਗ ਜਾਂ ਸਬੂਤ ਹੱਥ ਨਾ ਲੱਗ ਸਕਿਆ। ਤਿੰਨੇ ਕਤਲ ਇਕੋ ਹੀ ਹਥਿਆਰ ਨਾਲ ਹੋਏ ਸਨ ਅਤੇ ਇਕੋ ਆਦਮੀ ਨੇ ਕੀਤੇ ਲਗਦੇ ਸਨ। ਪੁਲੀਸ ਭੰਵਲਭੂਸੇ ਵਿਚ ਪਈ ਰਹੀ।

ਕਤਲ ਕਰਨ ਤੋਂ ਦੂਜੇ ਦਿਨ ਹੀ ਮਾਈਕਲ ਸੂਟ ਬੂਟ ਪਹਿਣ ਕੇ ਡੈਨੀ ਦੇ ਪੱਬ ਵਿਚ ਚਲਾ ਗਿਆ। ਮਾਈਕਲ ਨੂੰ ਪਤਾ ਸੀ ਆਇਰਸ਼ ਪੈਟਰਿਕ ਡੈਨੀ ਦਾ ਸੈਕਿੰਡ ਇਨ ਕਮਾਂਡ ਸੀ। ਮਾਈਕਲ ਇਹ ਵੀ ਜਾਣਦਾ ਸੀ ਡੈਨੀ ਆਪਣੇ ਬੰਦਿਆਂ ਨਾਲ ਚੰਗਾ ਵਿਹਾਰ ਨਹੀਂ ਕਰਦਾ ਸੀ। ਡੈਨੀ ਤੋਂ ਸਭ ਡਰਦੇ ਸਨ। ਉਸ ਨੂੰ ਅੰਦਰੋਂ ਕੋਈ ਪਸੰਦ ਨਹੀਂ ਕਰਦਾ ਸੀ। ਇਹ ਗੱਲ ਮਾਈਕਲ ਦੇ ਹੱਕ ਵਿਚ ਜਾਂਦੀ ਸੀ। ਮਾਈਕਲ ਇਹ ਵੀ ਜਾਣਦਾ ਸੀ ਕਿ ਹੁਕਮ ਮੰਨਣ ਦੇ ਆਦੀ ਜਲਦੀ ਕੀਤਿਆਂ ਹੁਕਮ ਦੇਣ ਦੇ ਕਾਬਲ ਨਹੀਂ ਹੁੰਦੇ। ਡੈਨੀ ਦੀ ਮੌਤ ਤੋਂ ਬਾਅਦ ਉਹ ਕਿਸੇ ਨਾ ਕਿਸੇ ਹੁਕਮਰਾਨ ਦੀ ਲੋੜ ਜ਼ਰੂਰ ਮਹਿਸੂਸ ਕਰਨਗੇ। ਉਸ ਨੇ ਸਮਾਂ ਗਵਾਉਣਾ ਠੀਕ ਨਾ ਸਮਝਿਆ।

ਬਿਨਾਂ ਕਿਸੇ ਨੂੰ ਪੁੱਛੇ ਦੱਸੇ ਮਾਈਕਲ ਮਾਲਕਾਂ ਵਾਂਗ ਪਹਿਲੀ ਮੰਜ਼ਿਲ ‘ਤੇ ਬਣੇ ਦਫ਼ਤਰ ਵਿਚ ਦਾਖਲ ਹੋਇਆ। ਪੈਟਰਕ ਆਪਣੀ ਕੁਰਸੀ ‘ਤੇ ਬੈਠਾ ਕਿਸੇ ਨਾਲ ਟੈਲੀਫੋਨ ‘ਤੇ ਗੱਲ ਕਰ ਰਿਹਾ ਸੀ। ਮਾਈਕਲ ਡੈਨੀ ਦੀ ਖਾਲੀ ਪਈ ਕੁਰਸੀ ‘ਤੇ ਠਾਠ ਨਾਲ ਜਾ ਬੈਠਾ। ਪੈਟਰਿਕ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਸ ਦਾ ਮੂੰਹ ਅਵਾਕ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਮਾਈਕਲ ਨੇ ਪੈਟਰਿਕ ਵੱਲ ਆਪਣਾ ਹੱਥ ਵਧਾਇਆ। “ਹੈਲੋ ਪੈਟਰਿਕ।” ਮਾਈਕਲ ਦੀਆਂ ਅੱਖਾਂ ਵਿਚ ਸਖ਼ਤੀ ਅਤੇ ਬੁੱਲ੍ਹਾਂ ‘ਤੇ ਕੂਲੀ ਮੁਸਕਰਾਹਟ ਸੀ।

ਪੈਟਰਿਕ ਦਾ ਬੁੱਤ ਹਿਲਿਆ। ਉਸ ਨੇ ਵੀ ਆਪਣਾ ਹੱਥ ਮਾਈਕਲ ਵੱਲ ਵਧਾਇਆ।

"ਹੈਰਾਨ ਨਾ ਹੋ। ਮੈਂ ਡੈਨੀ ਦਾ ਸਾਰਾ ਬਿਜਨਸ ਖਰੀਦ ਲਿਐ। ਮੈਨੂੰ ਖੁਸ਼ੀ ਹੋਊ ਜੇ ਤੂੰ ਮੇਰੇ ਨਾਲ ਪਹਿਲਾਂ ਵਾਂਗ ਹੀ ਕੰਮ ਕਰੇਂ।" ਹੁਣ ਤੱਕ ਪੈਟਰਿਕ ਨੂੰ ਕੁਝ ਕੁਝ ਅੰਦਾਜ਼ਾ ਹੋਣ ਲੱਗਿਆ ਸੀ। ਰਾਤੀਂ ਹੋਏ ਲੂਈ ਦੇ ਕਤਲ ਦਾ ਸ਼ੱਕ ਉਸ ਨੂੰ ਮਾਈਕਲ 'ਤੇ ਹੋਇਆ। ਉਸ ਨੂੰ ਪਤਾ ਸੀ ਡੈਨੀ ਨਾ ਆਪਣਾ ਬਿਜਨਸ ਵੇਚ ਸਕਦਾ ਅਤੇ ਨਾ ਹੀ ਮਾਈਕਲ ਨਾਲ ਉਹ ਕੋਈ ਸਾਂਝ ਕਰ ਸਕਦਾ। ਮਾਈਕਲ 'ਤੇ ਹੋਏ ਹਮਲੇ ਦਾ ਪੈਟਰਿਕ ਨੂੰ ਪਤਾ ਸੀ। ਹੁਣ ਤੱਕ ਉਸ ਨੂੰ ਸਮਝ ਆ ਚੁੱਕੀ ਸੀ ਅਸਲ ਵਿਚ ਡੈਨੀ ਵੀ ਇਸ ਦੁਨੀਆਂ 'ਤੇ ਨਹੀਂ ਰਿਹਾ ਜਿਸ ਦਾ ਉਸ ਨੂੰ ਕੋਈ ਬਹੁਤਾ ਅਫ਼ਸੋਸ ਨਹੀਂ ਸੀ। ਇਸ ਸਾਰੀ ਸਮਝ ਨੇ ਪੈਟਰਕ ਨੂੰ ਹੋਰ ਵੀ ਡਰਾ ਦਿੱਤਾ।

"ਹਾਂ-ਹਾਂ ਮੈਨੂੰ ਕੋਈ ਇਤਰਾਜ ਨੀ।" ਪੈਟਰਿਕ ਨੇ ਥਥਲਾਉਂਦਿਆਂ ਜਵਾਬ ਦਿੱਤਾ। ਮਾਈਕਲ ਨੇ ਆਪਣਾ ਤੀਰ ਨਿਸ਼ਾਨੇ 'ਅਤੇ ਲੱਗਿਆ ਵੇਖ ਕੇ ਆਪਣੇ ਆਪ ਨੂੰ ਮਨੋ ਮਨ ਥਾਪੀ ਦਿੱਤੀ।

"ਖਾਸ ਖਾਸ ਬੰਦਿਆਂ ਦੀ ਅੱਜ ਸ਼ਾਮ ਨੂੰ ਮੀਟਿੰਗ ਕਰਨੀ ਐ। ਥਾਂ ਟਿਕਾਣਾ ਮੈਂ ਤੈਨੂੰ ਸ਼ਾਮ ਤੱਕ ਦੱਸ ਦੂੰ।" ਮਾਈਕਲ ਨੇ ਪੈਟਰਿਕ ਨਾਲ ਡੈਨੀ ਦੇ ਸਾਰੇ ਬਿਜਨਸ ਸਬੰਧੀ ਗੱਲ ਬਾਤ ਕੀਤੀ। ਉਸ ਨੂੰ ਖੁਸ਼ੀ ਹੋਈ ਪੈਟਰਿਕ ਨੇ ਸਾਰਾ ਕੁਝ ਸਾਫ਼ ਸਾਫ਼ ਉਸ ਨੂੰ ਦੱਸ ਦਿੱਤਾ। ਮਾਈਕਲ ਨੂੰ ਭਰੋਸਾ ਹੋ ਗਿਆ ਜੇ ਹੁਣ ਡੈਨੀ ਜਿੰਦਾ ਹੋ ਕੇ ਵੀ ਆ ਜਾਵੇ ਤਾਂ ਵੀ ਪੈਟਰਿਕ ਉਸ ਦਾ ਸਾਥ ਨਹੀਂ ਦੇਣ ਲੱਗਾ।

"ਪੈਟਰਿਕ ਬੇਵਫਾ ਨੂੰ ਆਪਾਂ ਬਖਸ਼ਣਾ ਨੀ ਤੇ ਵਫ਼ਾਦਾਰ ਨੂੰ ਇਨਾਮ ਦੇਣਾ ਨੀ ਭੁਲਣਾ।" ਜਾਣ ਤੋਂ ਪਹਿਲਾਂ ਮਾਈਕਲ ਨੇ 'ਆਪਾਂ' ਸ਼ਬਦ ਵਰਤ ਕੇ ਪੈਟਰਿਕ ਨੂੰ ਆਪਣਾ ਵਿਸ਼ਵਾਸ਼ ਪਾਤਰ ਹੋਣ ਦਾ ਅਹਿਸਾਸ ਕਰਵਾਇਆ।

ਸ਼ਾਮ ਦੀ ਮੀਟਿੰਗ ਮਾਈਕਲ ਨੇ ਆਪਣੇ ਖਾਸ ਅੱਡੇ 'ਤੇ ਕੀਤੀ। ਆਪਣੇ ਬੰਦਿਆਂ ਨੂੰ ਵੀ ਸੱਦਿਆ ਅਤੇ ਪੂਰੀ ਚੌਕਸੀ ਨਾਲ ਮੀਟਿੰਗ ਦਾ ਪ੍ਰਬੰਧ ਕੀਤਾ। ਪੈਟਰਿਕ ਨੂੰ ਆਪਣੇ ਨਾਲ ਬੈਠਾ ਕੇ ਉਸ ਨੇ ਡੈਨੀ ਦੇ ਪੁਰਾਣੇ ਬੰਦਿਆਂ ਨੂੰ ਆਪਣੇ ਹੱਕ ਵਿਚ ਕਰਨ ਦੀ ਕੋਸ਼ਿਸ਼ ਕੀਤੀ। ਇਕ ਦੋ ਨਵੇਂ ਬੰਦਿਆਂ ਨੂੰ ਛੱਡ ਕੇ ਬਾਕੀ ਨਾਲ ਮਾਈਕਲ ਪਹਿਲਾਂ ਹੀ ਕੰਮ ਕਰ ਚੁੱਕਾ ਸੀ। ਡੈਨੀ ਦੇ ਉਹ ਅੱਡੇ ਵੀ ਮਾਈਕਲ ਦੀ ਸਰਦਾਰੀ ਥੱਲੇ ਆ ਗਏ ਜਿਹਨਾਂ ਬਾਰੇ ਉਸ ਨੂੰ ਪਤਾ ਵੀ ਨਹੀਂ ਸੀ। ਡੈਨੀ ਦੇ ਬੰਦਿਆਂ ਨੂੰ ਉਸ ਨੇ ਲਾਲਚ ਵੀ ਦਿੱਤੇ ਅਤੇ ਉਹਨਾਂ 'ਤੇ ਆਪਣੇ ਬੰਦਿਆਂ ਰਾਹੀਂ ਵਕਤੀ ਤੌਰ 'ਤੇ ਨਜ਼ਰ ਰੱਖਣ ਦਾ ਪ੍ਰਬੰਧ ਵੀ ਕਰ ਲਿਆ। ਹੌਲੀ ਹੌਲੀ ਮਾਈਕਲ ਦਾ ਪੂਰਾ ਕੰਟਰੋਲ ਹੋ ਗਿਆ ਅਤੇ ਡੈਨੀ ਨੂੰ ਸਭ ਭੁੱਲ ਭੁਲਾ ਗਏ।

ਸ਼ਰਲੀ ਮਾਈਕਲ ਦੀ ਛੇਵੀਂ ਸ਼ਿਕਾਰ ਸੀ। ਮਾਈਕਲ ਨੇ ਜਦ ਡੈਨੀ ਦਾ ਸਫਾਇਆ ਕਰ ਕੇ ਉਸ ਦੇ ਅੱਡੇ ਕਾਬੂ ਕੀਤੇ ਤਾਂ ਉਸ ਨੂੰ ਡੈਨੀ ਦੇ ਚਕਲਿਆਂ ਦਾ ਪਤਾ ਲੱਗਿਆ। ਜੇਨ ਨਾਂ ਦੀ ਲੇਡੀ ਡੈਨੀ ਦੇ ਚਕਲਿਆਂ ਦਾ ਪ੍ਰਬੰਧ ਕਰਦੀ। ਜੇਨ ਹੀ ਬਹੁਤੀਆਂ ਕੁੜੀਆਂ ਨੂੰ ਧੰਦੇ ਵਿਚ ਲਿਆਉਂਦੀ ਅਤੇ ਆਪਣਾ ਹਿੱਸਾ ਲੈ ਲੈਂਦੀ। ਇਸ ਹਿੱਸੇ ਦੇ ਬਹੁਤੇ ਪੈਸੇ ਡਰੱਗ ਅਤੇ ਐਸ਼ ਪ੍ਰਸਤੀ ਵਿਚ ਖਰਚ ਕਰ ਦਿੰਦੀ।ਮਾਈਕਲ ਨੇ ਜੇਨ ਤੋਂ ਕੁੜੀਆਂ ਨੂੰ ਇਸ ਧੰਦੇ ਵਿਚ ਲਿਆਉਣ ਦੇ ਗੁਰ ਸਿੱਖੇ। ਉਹਨਾਂ ਗੁਰਾਂ ਨੂੰ ਮਾਈਕਲ ਨੇ ਪੂਰੀ ਸਫ਼ਲਤਾ ਨਾਲ ਵਰਤਿਆ। ਸ਼ਰਲੀ ਦੇ ਮਾਮਲੇ ਵਿਚ ਮਾਈਕਲ ਨੂੰ ਬਹੁਤ ਖਿਆਲ ਨਾਲ ਅੱਗੇ ਵਧਣਾ ਪਿਆ। ਸ਼ਰਲੀ ਦੀ ਕੋਈ ਵੀ ਕਮਜ਼ੋਰੀ ਉਸ ਦੇ ਹੱਥ ਨਹੀਂ ਆਈ ਸੀ। ਬਾਕੀ ਕੁੜੀਆਂ ਵਿਚੋਂ ਕੁਝ ਕੁ ਤਾਂ ਸੌਖੀਆਂ ਹੀ ਇਸ ਧੰਦੇ ਵਿਚ ਧਕੇਲੀਆਂ ਗਈਆਂ ਸਨ। ਇਕ ਦੋ 'ਤੇ ਜ਼ਿਆਦਾ ਮਿਹਨਤ ਕਰਨੀ ਪਈ ਸੀ। ਸ਼ਰਲੀ ਉਹਨਾਂ ਸਾਰੀਆਂ ਤੋਂ ਅਲੱਗ ਸੀ। ਗੁਰ ਤਕਰੀਬਨ ਉਹੀ ਸਨ। ਸਿਰਫ਼ ਫੂਕ ਫੂਕ ਕੇ

ਪੈਰ ਰੱਖਣੇ ਪਏ ਸਨ।

ਸ਼ਰਲੀ ਨੂੰ ਮਾਈਕਲ ਨੇ ਲਗਾਤਾਰ ਮਿਲਣ ਦਾ ਸਿਲਸਿਲਾ ਜਾਰੀ ਰੱਖਿਆ। ਉਸ ਨੂੰ ਸ਼ਰੀਫ ਬੰਦੇ ਵਾਂਗ ਬਹੁਤ ਸਤਿਕਾਰ ਨਾਲ ਬਲਾਉਣ ਅਤੇ ਕੋਈ ਵੀ ਖੁਨਾਮੀ ਨਾ ਕਰਨ ਦਾ ਉਸ ਨੇ ਪੂਰਾ ਖਿਆਲ ਰੱਖਿਆ। ਉਸ ਦੇ ਇਸ ਤਰ੍ਹਾਂ ਦੇ ਵਰਤਾਅ ਨੇ ਸ਼ਰਲੀ ਦੇ ਦਿਲ ਵਿਚ ਉਸ ਦਾ ਵਿਸ਼ਵਾਸ਼ ਪੈਦਾ ਕੀਤਾ। ਮਾਈਕਲ ਤਜ਼ਰਬੇ ਕਾਰਨ ਜਾਣਦਾ ਸੀ ਕਿ ਵਿਸ਼ਵਾਸ਼ ਹੀ ਉਸ ਦੀ ਸਫ਼ਲਤਾ ਦੀ ਕੁੰਜੀ ਸੀ।

ਕੁਝ ਦਿਨਾਂ ਬਾਅਦ ਉਹ ਉਸ ਨੂੰ ਆਪਣੇ ਫਲੈਟ ਵਿਚ ਲੈ ਗਿਆ। ਬਹੁਤ ਵਧੀਆ ਭੋਜਨ ਅਤੇ ਚੰਗੀ ਵਾਈਨ ਉਸ ਨੂੰ ਪੇਸ਼ ਕੀਤੀ। ਧੀਰੇ ਧੀਰੇ ਸ਼ਰਲੀ ਨੂੰ ਉਤੇਜਤ ਕਰਨ ਵਿਚ ਸਫ਼ਲ ਹੋ ਗਿਆ ਅਤੇ ਉਸ ਨੇ ਮੰਜ਼ਿਲ ਦਾ ਪਹਿਲਾ ਪੜਾਅ ਪੂਰਾ ਕਰ ਲਿਆ। ਉਸ ਤੋਂ ਬਾਅਦ ਤਾਂ ਉਹ ਆਮ ਮਿਲਦੇ। ਵਾਈਨ ਪੀਂਦੇ ਅਤੇ ਮਾਈਕਲ ਨੇ ਉਸ ਨੂੰ ਵਾਈਨ ਤੋਂ ਅੱਗੇ ਡਰੱਗ ਵੱਲ ਲਿਜਾਣ ਦਾ ਯਤਨ ਕਰਨਾ ਸ਼ੁਰੂ ਕੀਤਾ। ਵਾਈਨ ਦੇ ਨਸ਼ੇ ਵਿਚ ਸ਼ਰਲੀ ਨੂੰ ਉਸ ਨੇ ਡਰੱਗ ਦਾ ਸੁਆਦ ਦੇਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੂੰ 'ਸ਼ੁਗਲ' ਦੇ ਨਾਂ 'ਤੇ ਕਸ਼ ਦੀ ਆਦਤ ਪਾ ਦਿੱਤੀ। ਹੌਲੀ ਹੌਲੀ ਸ਼ਰਲੀ ਡਰੱਗ ਦੀ ਆਦੀ ਹੁੰਦੀ ਗਈ। ਉਸ ਨੂੰ ਅਜੇ ਤੱਕ ਡਰੱਗ ਦੀ ਮਹਿੰਗਾਈ ਸਬੰਧੀ ਕੋਈ ਗਿਆਨ ਨਹੀਂ ਸੀ। ਮਾਈਕਲ ਨੂੰ ਉਹ ਦਿਲੋ ਜਾਨ ਨਾਲ ਪਿਆਰ ਕਰਦੀ। ਉਸ ਨੂੰ ਕਦੇ ਭੋਰਾ ਵੀ ਸ਼ੱਕ ਨਹੀਂ ਸੀ ਹੋਇਆ ਕਿ ਮਾਈਕਲ ਉਸ ਨੂੰ ਬਰਬਾਦ ਕਰ ਰਿਹਾ ਸੀ। ਉਹ ਅਕਸਰ ਕਹਿੰਦੀ- "ਮਾਈਕਲ ਜੇ ਡੈਡ ਨੂੰ ਪਤਾ ਲੱਗ ਗਿਆ ਬਈ ਮੈਂ ਤੇਰੇ ਨਾਲ ਮਿਲ ਕੇ ਕੋਕੀਨ ਦੀ ਵਰਤੋਂ ਕਰਦੀ ਆਂ ਤਾਂ ਮੇਰਾ ਸ਼ਾਇਦ ਉਹ ਗਲਾ ਦਬਾ ਦੇਵੇ।" ਮਾਈਕਲ ਉਸ ਨੂੰ ਪਿਆਰ ਨਾਲ ਚੁੰਮਦਾ ਅਤੇ ਹੌਂਸਲਾ ਦਿੰਦਾ।

"ਸ਼ਰਲੀ ਡੈਡ ਨੂੰ ਜ਼ਰੂਰ ਦੱਸਣਾ। ਆਪਾਂ ਤਾਂ ਸ਼ੁਗਲ ਕਰਦੇ ਆਂ। ਤੇਰੇ ਗਲਾ ਦਬਾਏ ਜਾਣ ਤੋਂ ਪਹਿਲਾਂ ਮੈਂ ਆਪਦਾ ਗਲਾ ਦਬਾ ਲੂੰ।" ਸ਼ਰਲੀ ਉਹਦੇ ਨਾਲ ਚੁੰਬੜ ਜਾਂਦੀ। ਉਸ ਨੂੰ ਮਾਈਕਲ ਵਿਚ ਕੋਈ ਨੁਕਸ ਨਾ ਦਿਸਦਾ।

ਫਿਰ ਵਕਤ ਆਇਆ ਸ਼ਰਲੀ ਨੂੰ ਤੋੜ ਮਹਿਸੂਸ ਹੋਣ ਲੱਗੀ। ਨਸ਼ੇ ਬਿਨਾਂ ਉਸ ਦਾ ਸਰੀਰ ਮਿੱਟੀ ਲਗਦਾ। ਉਸ ਨੂੰ ਖਿੱਝ ਚੜ੍ਹਦੀ। ਉਹਦਾ ਦਿਲ ਕਿਸੇ ਨਾ ਕਿਸੇ ਤਰ੍ਹਾਂ ਨਸ਼ਾ ਪਾਉਣ ਲਈ ਕਾਹਲਾ ਹੋ ਜਾਂਦਾ। ਮਾਈਕਲ ਉਸ ਨੂੰ ਨਸ਼ਾ ਦਿੰਦਾ। ਉਸ ਨੂੰ ਤਸੱਲੀ ਸੀ ਕਿ ਉਹ ਆਪਣੀ ਮੰਜ਼ਿਲ ਦੇ ਦਿਨੋ ਦਿਨ ਨੇੜੇ ਪਹੁੰਚ ਰਿਹਾ ਸੀ। ਉਸ ਨੇ ਸ਼ਰਲੀ ਨੂੰ ਉੱਚੀ ਕਲਾਸ ਦੀ ਵੇਸਵਾ ਬਨਾਉਣ ਦਾ ਫੈਸਲਾ ਕੀਤਾ। ਉਹ ਆਈ ਵੀ ਅਜਿਹੇ ਪ੍ਰੀਵਾਰ ਵਿਚੋਂ ਸੀ। ਉਸ ਕਲਾਸ ਵਿਚ ਸਹਿਜੇ ਫਿੱਟ ਹੋ ਸਕਦੀ ਸੀ। ਮਾਈਕਲ ਨੂੰ ਸ਼ਰਲੀ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਦਿਸਦੀ। ਬੱਸ ਅਜੇ ਅੰਡੇ ਦੇਣ ਨਹੀਂ ਲੱਗੀ ਸੀ। ਹੁਣ ਸ਼ਰਲੀ ਮਾਈਕਲ ਨਾਲ ਹੀ ਬਹੁਤਾ ਉਸ ਦੇ ਫਲੈਟ ਵਿਚ ਰਹਿਣ ਲੱਗੀ ਸੀ।

ਜਦੋਂ ਸ਼ਰਲੀ ਪੂਰੀ ਤਰ੍ਹਾਂ ਡਰੱਗ ਦੀ ਜਕੜ ਵਿਚ ਆ ਗਈ ਤਾਂ ਉਸ ਨੂੰ ਆਪਣੇ ਪਤਨ ਵੱਲ ਜਾਣ ਦਾ ਅਹਿਸਾਸ ਹੋਇਆ। ਉਹ ਡਰੱਗ ਤੋਂ ਛੁਟਕਾਰਾ ਪਾਉਣ ਬਾਰੇ ਸੋਚਣ ਲੱਗੀ। ਇਸੇ ਦੌਰਾਨ ਮਾਈਕਲ ਨੇ ਜੇਨ ਨਾਲ ਉਸ ਦੀ ਮੁਲਾਕਾਤ ਕਰਵਾਈ। ਹੰਢੀ ਵਰਤੀ ਜੇਨ ਨੇ ਸ਼ਰਲੀ ਨੂੰ ਹੋਰ ਵੀ ਨਸ਼ੇ ਵੱਲ ਧਕੇਲ ਦਿੱਤਾ। ਜੇਨ ਨੇ ਮਾਈਕਲ ਨੂੰ ਅਗਲਾ ਸਟੈਪ ਲੈਣ ਦਾ ਸਿਗਨਲ ਦਿੱਤਾ ਤਾਂ ਮਾਈਕਲ ਦੀਆਂ ਖੁਸ਼ੀ ਨਾਲ ਅੱਖਾਂ ਨੱਚਣ ਲੱਗੀਆਂ।

"ਡਾਰਲਿੰਗ ਮੈਨੂੰ ਇਕ ਹਫ਼ਤੇ ਵਾਸਤੇ ਟਰੇਨਿੰਗ ਲਈ ਮਾਨਚੈਸਟਰ ਜਾਣਾ ਪੈਣਾ। ਤੈਨੂੰ ਛੱਡ ਕੇ ਜਾਣ ਨੂੰ ਦਿਲ ਤਾਂ ਨੀ ਮੰਨਦਾ

ਪਰ ਮਜ਼ਬੂਰੀ ਆ।" ਮਾਈਕਲ ਬਹੁਤ ਪਿਆਰ ਨਾਲ ਸ਼ਰਲੀ ਤੋਂ ਜਿਵੇਂ ਇਜ਼ਾਜ਼ਤ ਮੰਗ ਰਿਹਾ ਸੀ।

"ਕਦੋਂ ਜਾਣਾ!" ਸ਼ਰਲੀ ਨੇ ਫਿਕਰਮੰਦ ਅਵਾਜ਼ ਵਿਚ ਪੁੱਛਿਆ। ਉਸ ਨੂੰ ਸਭ ਤੋਂ ਵੱਧ ਨਸ਼ੇ ਦਾ ਫਿਕਰ ਹੋਣ ਲੱਗਾ।

"ਐਤਵਾਰ ਨੂੰ ਜਾਣਾ ਪੈਣਾ। ਤੂੰ ਫ਼ਿਕਰ ਨਾ ਕਰ ਜੇਨ ਨੂੰ ਬੁਲਾ ਲਿਆ ਕਰੀਂ। ਜਾਂ ਆਪਣੇ ਡੈਡ ਵੱਲ ਚਲੀ ਜਾਈਂ।" ਮਾਈਕਲ ਨੂੰ ਪਤਾ ਸੀ ਸ਼ਰਲੀ ਪਿਉ ਦੇ ਘਰ ਹੁਣ ਰਹਿ ਨਹੀਂ ਸਕਦੀ। ਨਸ਼ਾ ਜਿਉਂ ਉਥੇ ਨਹੀਂ ਮਿਲਣਾ। ਸ਼ਰਲੀ ਨੂੰ ਪਰੇਸ਼ਾਨ ਦੇਖ ਮਾਈਕਲ ਦੇ ਮਨ ਵਿਚ ਲੱਡੂ ਭੁਰਨ ਲੱਗੇ।

"ਡਾਰਲਿੰਗ ਤੂੰ ਫ਼ਿਕਰ ਨਾ ਕਰ ਤੈਨੂੰ ਕੋਈ ਤਕਲੀਫ਼ ਨਹੀਂ ਹੋਣ ਲੱਗੀ।" ਮਾਈਕਲ ਨੇ ਸ਼ਰਲੀ ਨੂੰ ਨਸ਼ੇ ਦਾ ਕਸ਼ ਦਿੱਤਾ। ਨਸ਼ੇ ਨੇ ਸ਼ਰਲੀ ਨੂੰ ਜਿਵੇਂ ਹਵਾ ਵਿਚ ਉੱਡਣ ਲਾ ਦਿੱਤਾ। ਉਸ ਦਾ ਸਾਰਾ ਫ਼ਿਕਰ ਖੰਭ ਲਾ ਕੇ ਉੱਡ ਗਿਆ। ਉਸ ਨੂੰ ਯਕੀਨ ਹੋ ਗਿਆ ਮਾਈਕਲ ਉਸ ਲਈ ਸਾਰਾ ਬੰਦੋਬਸਤ ਕਰ ਕੇ ਜਾਵੇਗਾ।

ਮਾਈਕਲ ਨੇ ਉਸ ਲਈ ਥੋੜ੍ਹਾ ਜਿਹਾ ਬੰਦੋਬਸਤ ਵੀ ਨਾ ਕੀਤਾ। ਸ਼ਾਮ ਨੂੰ ਫੋਨ ਕਰ ਦਿੱਤਾ।

"ਡਾਰਲਿੰਗ ਮੈਂ ਤਾਂ ਕੰਮ ਵਿਚ ਐਨਾ ਉਲਝ ਗਿਆ ਕਿਸੇ ਗੱਲ ਦਾ ਵੀ ਖਿਆਲ ਨਾ ਰਿਹਾ। ਤੈਨੂੰ ਵੀ ਮਿਲ ਨਾ ਸਕਿਆ। ਮੈਨੂੰ ਬਹੁਤ ਅਫ਼ਸੋਸ ਐ। ਅੱਜ ਤੇਰੇ ਕੋਲ ਮੇਰਾ ਦੋਸਤ ਬਰਨੀ ਆਊ। ਤੂੰ ਫ਼ਿਕਰ ਨਾ ਕਰ। ਤੇਰਾ ਪੂਰਾ ਖਿਆਲ ਰੱਖੂ। ਬੱਸ ਵਾਈਨ ਦਾ ਸ਼ੁਕੀਨ ਐ। ਉਹ ਉਸ ਨੂੰ ਜ਼ਰੂਰ ਪੇਸ਼ ਕਰ ਦੇਵੀਂ।" ਮਾਈਕਲ ਨੇ ਸ਼ਰਲੀ ਨੂੰ ਤਸੱਲੀ ਦਿੰਦਿਆਂ ਅਗਲੇ ਐਕਟ ਲਈ ਰਸਤਾ ਸਾਫ਼ ਕਰ ਲਿਆ।

ਸ਼ਾਮ ਨੂੰ ਬਰਨੀ ਆਇਆ। ਸੁਲਝਿਆ ਅਤੇ ਲਿਆਕਤ ਨਾਲ ਗੱਲ ਕਰਨ ਵਾਲਾ। ਚੰਗਾ ਲੀੜਾ ਕੱਪੜਾ ਪਹਿਨਿਆ ਹੋਇਆ। ਬਰਨੀ ਸ਼ਰਲੀ ਨੂੰ ਚੰਗਾ ਲੱਗਿਆ। ਸ਼ਰਲੀ ਦੇ ਨਸ਼ੇ ਬਿਨਾਂ ਮਿੱਟੀ ਹੋਏ ਸਰੀਰ ਵਿਚ ਮਾੜੀ ਜਿਹੀ ਸ਼ਕਤੀ ਆਈ। ਬਰਨੀ ਨਾਲ ਹੱਥ ਮਿਲਾਇਆ ਅਤੇ ਹਸਰਤ ਭਰੀਆਂ ਅੱਖਾਂ ਨਾਲ ਉਸ ਵੱਲ ਵੇਖਣ ਲੱਗੀ। ਬਰਨੀ ਨੂੰ ਸਭ ਪਤਾ ਸੀ। ਉਸ ਨੇ ਛੋਟਾ ਜਿਹਾ ਲਫਾਫਾ ਸ਼ਰਲੀ ਵੱਲ ਵਧਾਇਆ। ਲਫਾਫਾ ਫੜਦਿਆਂ ਸ਼ਰਲੀ ਦੀਆਂ ਅੱਖਾਂ ਚਮਕੀਆਂ। ਉਸ ਨੇ ਆਪਣੀ ਖੁਰਾਕ ਲਈ ਅਤੇ ਉਸ ਦੀਆਂ ਬੇਜਾਨ ਹਰਕਤਾਂ ਵਿਚ ਜਾਨ ਆਈ।

ਸ਼ਾਮ ਦਾ ਵਕਤ ਸੀ । ਸ਼ਰਲੀ ਨੇ ਵਾਈਨ ਦੀ ਬੋਤਲ ਅਤੇ ਦੋ ਗਲਾਸ ਲਿਆ ਕੇ ਟੇਬਲ 'ਤੇ ਰੱਖ ਦਿੱਤੇ। ਬਰਨੀ ਵਾਈਨ ਦੀਆਂ ਚੁਸਕੀਆ ਦੇ ਨਾਲ ਨਾਲ ਆਪਣੀ ਕਿਸਮਤ 'ਤੇ ਵੀ ਰਸ਼ਕ ਕਰਨ ਲੱਗਾ। ਐਨੀ ਸੁਹਣੀ ਕੁੜੀ ਉਸ ਨੇ ਪਹਿਲੀ ਵਾਰ ਵੇਖੀ ਸੀ ਜਿਹੜੀ ਥੋੜ੍ਹੇ ਚਿਰ ਤੱਕ ਉਸ ਦੀਆਂ ਬਾਂਹਾਂ ਵਿਚ ਹੋਵੇਗੀ। ਉਸ ਨੂੰ ਵਾਈਨ ਦਾ ਦੁਗਣਾ ਨਸ਼ਾ ਹੋਣ ਲੱਗਾ। ਸ਼ਰਲੀ ਲਈ ਸਾਰੇ ਦਿਨ ਦੀ ਬੋਰੀਅਤ ਅਤੇ ਟੁੱਟੇ ਭੱਜੇ ਬੇਜਾਨ ਸਰੀਰ ਨਾਲ ਦਿਨ ਗੁਜ਼ਾਰਨ ਪਿਛੋਂ ਹੁਣ ਉਸ ਨੂੰ ਚੰਗੀ ਕੰਪਨੀ ਮਿਲੀ ਸੀ। ਮਾਈਕਲ ਨੇ ਬਰਨੀ ਦੇ ਵਾਹਵਾ ਨੰਬਰ ਬਣਾਏ ਸਨ। ਸ਼ਰਲੀ ਬੇਫਿਕਰ ਬੈਠੀ ਬਰਨੀ ਨਾਲ ਗੱਲਾਂ ਮਾਰਨ ਲੱਗੀ।

ਬਰਨੀ ਨੇ ਆਪਣੇ ਆਪ ਨੂੰ ਮਾਈਕਲ ਦਾ ਸਹਿਕਰਨੀ ਦੱਸਿਆ। ਬਰਨੀ ਮਾਈਕਲ ਨਾਲ ਕਾਲੇ ਧੰਦੇ ਵਿਚ ਸ਼ਾਮਲ ਸੀ। ਬਰਨੀ ਨੇ ਆਪਣੇ ਆਪ ਬਾਰੇ ਕਾਫੀ ਵਧਾ ਚੜ੍ਹਾ ਕੇ ਦੱਸਿਆ। ਬਰਨੀ ਬੈਂਕ ਦੀ ਨੌਕਰੀ ਅਤੇ ਕੰਮ ਦੀਆਂ ਪ੍ਰੇਸ਼ਾਨੀਆਂ ਸਬੰਧੀ ਮਨਘੜਤ ਗੱਲਾਂ ਕਰਦਾ ਰਿਹਾ। "ਬੈਂਕ ਦੀ ਨੌਕਰੀ ਐਨੀ ਪ੍ਰੇਸ਼ਾਨੀ ਅਤੇ ਮਾਨਸਕ ਬੋਝ ਵਾਲੀ ਐ ਕਿ ਮਾੜੇ ਮੋਟ ਨਸ਼ੇ ਬਿਨਾਂ ਗੁਜ਼ਾਰਾ ਨਹੀਂ ਹੁੰਦਾ। ਨੌਕਰੀ ਛੱਡ ਵੀ ਨਹੀਂ ਹੁੰਦੀ। ਇਹੋ ਜਿਹੀ ਚੰਗੀ ਤਨਖਾਹ ਅਤੇ ਮਾਣ ਸਨਮਾਨ ਵਾਲੀ ਨੌਕਰੀ ਸੌਖੀ ਨਹੀਂ ਮਿਲਦੀ।"

ਬਰਨੀ ਨੇ ਆਪਣੇ ਨਾਲ ਨਾਲ ਮਾਈਕਲ ਦੀ ਨਸ਼ੇ ਦੀ ਆਦਤ ਨੂੰ ਮਜ਼ਬੂਰੀ ਬਣਾ ਕੇ ਪੇਸ਼ ਕੀਤਾ। ਸ਼ਰਲੀ ਨੂੰ ਮਾਈਕਲ ‘ਤੇ ਹੁਣ ਕੋਈ ਗੁੱਸਾ ਨਹੀਂ ਸੀ। ਉਸ ਨੂੰ ਮਾਈਕਲ ‘ਤੇ ਸਗੋਂ ਮਾਣ ਹੋਣ ਲੱਗਾ ਜਿਸ ਨੇ ਉਸ ਦਾ ਪੂਰਾ ਖਿਆਲ ਰੱਖਿਆ ਅਤੇ ਕੰਮ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਵੀ ਕੁਤਾਹੀ ਨਹੀਂ ਕੀਤੀ ਸੀ।

ਬਰਨੀ ਨੇ ਸ਼ਰਲੀ ਨੂੰ ਵਾਹਵਾ ਡਰਿੰਕ ਪਿਲਾ ਦਿੱਤੀ। ਸ਼ਰਲੀ ਚੰਗੀ ਹਵਾ ਪਿਆਜ਼ੀ ਜਿਹੀ ਹੋ ਗਈ। ਬਰਨੀ ਨੇ ਉੱਠ ਕੇ ਸੰਗੀਤ ਲਾ ਦਿੱਤਾ ਅਤੇ ਸ਼ਰਲੀ ਨੂੰ ਡਾਂਸ ਕਰਨ ਦੀ ਪੇਸ਼ਕਸ਼ ਕੀਤੀ। ਸ਼ਰਲੀ ਹਿਚਕਚਾਈ ਪਰ ਉਸ ਨੂੰ ਨਾਂਹ ਨਾ ਕਰ ਸਕੀ।

“ਸ਼ਰਲੀ ਜੇ ਤੂੰ ਮਾਈਕਲ ਦੀ ਗਰਲ ਫਰਿੰਡ ਨਾ ਹੁੰਦੀ ਤਾਂ ਮੈਂ ਤੇਰੇ ‘ਤੇ ਮਰ ਮਿਟਣਾ ਸੀ। ਵੈਸੇ ਹਾਲਤ ਮੇਰੀ ਹੁਣ ਵੀ ਐਸੀ ਵੈਸੀ ਆ।” ਬਰਨੀ ਨੇ ਵਿਸ਼ਈ ਤੱਕਣੀ ਨਾਲ ਸ਼ਰਲੀ ਨੂੰ ਵੇਖਿਆ। ਸ਼ਰਲੀ ਨੂੰ ਆਪਣੀ ਤਾਰੀਫ਼ ਸੁਣ ਕੇ ਖੁਸ਼ੀ ਹੋਈ। ਉਹ ਜਵਾਬ ਦਿੱਤੇ ਬਿਨਾਂ ਮੁਸਕਰਾਈ।

“ਸ਼ਰਲੀ ਆਖਰੀ ਜਾਮ। ਮੈਨੂੰ ਨਾ-ਚਾਹੁੰਦਿਆਂ ਵੀ ਜਾਣਾ ਪੈਣਾ।” ਸ਼ਰਲੀ ਨੂੰ ਬਰਨੀ ਨੇ ਗਲਾਸ ਫੜਾਇਆ। ਸ਼ਰਲੀ ਨੇ ਐਨੀ ਕੁ ਪੀ ਲਈ ਸੀ ਕਿ ਉਸ ਨੂੰ ਵੱਧ ਜਾਂ ਘੱਟ ਨਸ਼ੇ ਦਾ ਹੁਣ ਕੋਈ ਖਿਆਲ ਨਹੀਂ ਸੀ। ਉਸ ਨੇ ਗਲਾਸ ਫੜਿਆ ਅਤੇ ਘੁਟਾਂ ਭਰਨ ਲੱਗੀ। ਸੋਫੇ ‘ਤੇ ਬੈਠੀ ਬੈਠੀ ਉਹ ਲੁੜ੍ਹਕ ਗਈ।

ਬਰਨੀ ਨੇ ਸ਼ਰਲੀ ਨੂੰ ਬਾਂਹਾਂ ਵਿਚ ਚੁੱਕਿਆ ਅਤੇ ਉਸ ਨੂੰ ਬੈਡ ਰੂਮ ਵਿਚ ਲੈ ਗਿਆ। ਬੈਡ 'ਤੇ ਪਾ ਕੇ ਉਸ ਨੂੰ ਨਿਰਵਸਤਰ ਕੀਤਾ ਅਤੇ ਆਪਣੇ ਕੱਪੜੇ ਉਤਾਰ ਦਿੱਤੇ। ਨਜ਼ਰ ਭਰ ਕੇ ਸ਼ਰਲੀ ਦੇ ਨਪੇ ਤੁਲੇ ਜਿਸਮ ਤੋਂ ਉਸ ਦੀਆਂ ਅੱਖਾਂ ਤਿਲਕਦੀਆਂ ਜਾਂਦੀਆਂ ਸਨ। ਮਾਈਕਲ ਨੂੰ ਉਸ ਨੇ ਭਰਵੀਂ ਗਾਲੀ ਦਿੱਤੀ। 'ਸਾਲੇ ਤੋਂ ਪਰੀ ਸਾਂਭੀ ਨੀ ਗਈ। ਧੰਦੇ ਵਾਸਤੇ ਹੋਰ ਥੋੜੀਆਂ ਸੀ।' ਇਕ ਗੱਲੋਂ ਉਹ ਮਾਈਕਲ ਦਾ ਧੰਨਵਾਦੀ ਸੀ। ‘ਜੇ ਮਾਈਕਲ ਨੇ ਆਪਦੇ ਵਾਸਤੇ ਰੱਖੀ ਹੁੰਦੀ ਤਾਂ ਅੱਜ ਮੇਰੇ ਕਰਮ ਕਿਵੇਂ ਖੁਲ੍ਹਦੇ!’ ਬਰਨੀ ਨੇ ਮਾਈਕਲ ਦੇ ਦੱਸਣ ਅਨੁਸਾਰ ਵੀਡੀਉ ਕੈਮਰਾ ਆਨ ਕੀਤਾ ਜੋ ਮਾਈਕਲ ਨੇ ਲੁਕਾ ਕੇ ਸੈਟ ਕੀਤਾ ਹੋਇਆ ਸੀ। ਸ਼ਰਲੀ ਦੇ ਪਤਨ ਦਾ ਦੂਜਾ ਪਾਰਟ ਸ਼ੁਰੂ ਹੋ ਗਿਆ ਸੀ।

ਨਸ਼ਾ ਕੁਝ ਘੱਟ ਹੋਇਆ ਤਾਂ ਸ਼ਰਲੀ ਨੂੰ ਆਪਣੇ ਜਿਸਮ ਨਾਲ ਹੋਰ ਜਿਸਮ ਦਾ ਅਹਿਸਾਸ ਹੋਇਆ। ਨਸ਼ੇ ਦੇ ਲੋਰ ਵਿਚ ਉਸ ਨੂੰ ਮਾਈਕਲ ਦੇ ਜਿਸਮ ਦਾ ਹੀ ਭੁਲੇਖਾ ਲੱਗਾ। ਉਸ ਨੇ ਬਰਨੀ ਨੂੰ ਆਪਣੇ ਨਾਲ ਘੁੱਟ ਲਿਆ। ਕੁਝ ਦੇਰ ਇਕ ਦੂਜੇ ਦੇ ਗਰਮ ਸਾਹ ਟਕਰਾਉਂਦੇ ਰਹੇ ਅਤੇ ਉਹ ਪਸੀਨੋ ਪਸੀਨਾ ਹੋਣ ਬਾਅਦ ਦੋਵੇਂ ਸੌਂ ਗਏ। ਸਵੇਰੇ ਸ਼ਰਲੀ ਨੂੰ ਜਾਗ ਆਈ ਤਾਂ ਨਸ਼ੇ ਨਾਲ ਉਸ ਦਾ ਸਿਰ ਭਾਰਾ ਸੀ। ਉਸ ਨੂੰ ਬਰਨੀ ਨਾਲ ਸ਼ਾਮ ਦਾ ਗੁਜ਼ਾਰਿਆ ਸਮਾਂ ਤਾਂ ਯਾਦ ਸੀ। ਬਰਨੀ ਰਾਤ ਉਸ ਦੇ ਬਿਸਤਰ ਵਿਚ ਰਿਹਾ ਇਸਦਾ ਉਸ ਨੂੰ ਸਵੇਰੇ ਪਤਾ ਲੱਗਾ। ਉਸ ਨੇ ਬਿਜਲੀ ਦੇ ਝਟਕੇ ਨਾਲ ਆਪਣੇ ਸਰੀਰ ਨੂੰ ਗਾਊਨ ਨਾਲ ਢਕਿਆ ਅਤੇ ਲਾਊਂਜ ਵਿਚ ਆ ਬੈਠੀ। ਸ਼ਰਲੀ ਨੂੰ ਆਪਣਾ ਆਪ ਮੈਲਾ ਲੱਗਿਆ। ਬਰਨੀ ਵੀ ਉੱਠ ਕੇ ਉਸ ਕੋਲ ਆ ਗਿਆ। “ਸ਼ਰਲੀ ਰਾਤ ਰੱਖਣ ਲਈ ਮਿਹਰਬਾਨੀ। ਮੇਰਾ ਵੀ ਜਾਣ ਨੂੰ ਦਿਲ ਨੀ ਸੀ ਕਰਦਾ। ਤੇਰੇ ਕਹਿਣ ਨਾਲ ਤਾਂ ਮੈਨੂੰ ਰਹਿਣਾ ਚੰਗਾ ਲੱਗਾ। ਅੱਜ ਸ਼ਾਮ ਨੂੰ ਮੈਂ ਫਿਰ ਆਊਂਗਾ।” ਬਰਨੀ ਨੇ ਸ਼ਰਲੀ ਨੂੰ ਹੋਰ ਵੀ ਘੁੰਮਣ ਘੇਰੀ ਵਿਚ ਪਾ ਦਿੱਤਾ। ਉਸ ਨੇ ਸ਼ਰਲੀ ਦੀ ਗੱਲ੍ਹ ‘ਤੇ ਚੁੰਮਣ ਦਿੱਤਾ ਅਤੇ ਚਲਿਆ ਗਿਆ। ਸ਼ਰਲੀ ਨੂੰ ਸਭ ਕੁਝ ਯਾਦ ਨਹੀਂ ਸੀ ਆ ਰਿਹਾ। ਬਰਨੀ ਦੇ ਚਲੇ ਜਾਣ ਬਾਅਦ ਉਹ ਮਾਈਕਲ ਬਾਰੇ ਸੋਚਣ ਲੱਗੀ। ਐਨ ਇਸੇ ਵਕਤ ਬਰਨੀ

ਮਾਈਕਲ ਨੂੰ ਰਾਤ ਦੀ ਰਿਪੋਰਟ ਦੇ ਰਿਹਾ ਸੀ।

ਸਾਰਾ ਦਿਨ ਮਾਨਸਕ ਉਲਝਨ ਅਤੇ ਨਸ਼ੇ ਦੀ ਤੋਟ ਦਾ ਸ਼ਿਕਾਰ ਸ਼ਰਲੀ ਅੱਧ ਮਰੀ ਜਿਹੀ ਡਿਗੀ ਰਹੀ। ਉਸ ਦਾ ਨਾ ਤਾਂ ਕੁਝ ਖਾਣ ਨੂੰ ਦਿਲ ਕੀਤਾ ਅਤੇ ਨਾ ਹੀ ਕਿਧਰੇ ਜਾਣ ਨੂੰ। ਰਾਤ ਵਾਲੀ ਘਟਨਾ ਨੇ ਉਸ ਨੂੰ ਹੋਰ ਵੀ ਪ੍ਰੇਸ਼ਾਨ ਕੀਤਾ ਹੋਇਆ ਸੀ। ਜੇ ਕਿਤੇ ਇਕ 'ਕਸ਼' ਹੀ ਮਿਲ ਜਾਂਦਾ ਤਾਂ ਉਹ ਹੁਣ ਨਾਲੋਂ ਚੰਗੀ ਤਰ੍ਹਾਂ ਸੋਚ ਸਕਦੀ ਸੀ। ਹੁਣ ਤਾਂ ਉਸ ਦਾ ਦਿਮਾਗ ਸਾਥ ਹੀ ਨਹੀਂ ਦੇ ਰਿਹਾ ਸੀ। ਮਾਈਕਲ ਨੂੰ ਉਹ ਪੂਰੇ ਮਨ ਨਾਲ ਪਿਆਰ ਕਰਦੀ ਸੀ। ਉਸ ਨਾਲ ਬੇਵਫਾਈ ਕਰਨ ਬਾਰੇ ਤਾਂ ਉਸ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਰਾਤ ਉਸ ਨੇ ਬਰਨੀ ਨੂੰ ਸੌਣ ਲਈ ਕਿਵੇਂ ਕਹਿ ਦਿੱਤਾ! ਉਸ ਦੀ ਸਮਝ ਵਿਚ ਕੁਝ ਵੀ ਨਹੀਂ ਆ ਰਿਹਾ ਸੀ।

ਦੂਸਰਾ ਸਵਾਲ ਉਸ ਨੂੰ ਸਤਾ ਰਿਹਾ ਸੀ ਕਿ ਇਸ ਘਟਨਾ ਜਾਂ ਦੁਰਘਟਨਾ ਦਾ ਵਿਸਥਾਰ ਉਹ ਮਾਈਕਲ ਨੂੰ ਦੇਵੇ ਜਾਂ ਨਾ ਦੇਵੇ! ਉਸ ਨੇ ਸੋਚਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਦੋਵੇਂ ਪਾਸੀਂ ਫਾਇਦਾ ਤੇ ਨੁਕਸਾਨ ਨਜ਼ਰ ਆਇਆ। ਦੱਸ ਦੇਣ ਦੀ ਹਾਲਤ ਵਿਚ ਮਾਈਕਲ ਦੀ ਕੀ ਪ੍ਰਤੀਕਿਰਿਆ ਹੋਵੇਗੀ! ਜੇ ਨਾ ਦੱਸਿਆ ਤੇ ਬਰਨੀ ਨੇ ਬਕ ਦਿੱਤਾ ਤਾਂ ਕੰਮ ਹੋਰ ਵੀ ਗਲਤ ਹੋ ਸਕਦਾ ਸੀ। ਉਸ ਨੂੰ ਬਹੁਤੀ ਉਮੀਦ ਸੀ ਬਰਨੀ ਨੇ ਉਸ ਤੋਂ ਨਸ਼ੇ ਦਾ ਫਾਇਦਾ ਉਠਾਇਆ ਹੋਵੇਗਾ। ਉਹ ਮਾਈਕਲ ਬਿਨਾਂ ਕਿਸੇ ਹੋਰ ਦੀ ਹੋ ਹੀ ਨਹੀਂ ਸਕਦੀ। ਅਨੇਕਾਂ ਸਵਾਲ ਸਨ ਅਤੇ ਅਨੇਕਾਂ ਸਵਾਲਾਂ ਵਿਚੋਂ ਹੋਰ ਸਵਾਲ ਉੱਠ ਰਹੇ ਸਨ। ਸ਼ਰਲੀ ਕੋਲ ਕਿਸੇ ਦਾ ਸਹੀ ਅਤੇ ਤਸੱਲੀ ਬਖਸ਼ ਉੱਤਰ ਨਹੀਂ ਸੀ।

ਇਸ ਘੁੰਮਣ ਘੇਰੀ ਵਿਚੋਂ ਉਸ ਨੂੰ ਕੱਢਿਆ ਜੇਨ ਨੇ। ਜੇਨ ਨਾਲ ਉਸ ਦੀ ਵਾਹਵਾ ਨੇੜਤਾ ਸੀ। ਜੇਨ ਉਹਦਾ ਵਾਹਵਾ ਧਿਆਨ ਰਖਦੀ। ਨਸ਼ੇ ਦੀ ਕਮਜ਼ੋਰੀ ਵੀ ਉਸ ਨੇ ਜੇਨ ਨਾਲ ਸਾਂਝੀ ਕੀਤੀ ਹੋਈ ਸੀ। ਬਰਨੀ ਨੂੰ ਉਹ ਅੱਜ ਤਾਂ ਕੀ ਕਦੇ ਵੀ ਮਿਲਣਾ ਨਹੀਂ ਚਾਹੁੰਦੀ ਸੀ। ਨਸ਼ੇ ਦੀ ਤੋਟ ਕਾਰਨ ਉਸ ਨੂੰ ਗੁੱਸੇ ਦੇ ਦੌਰੇ ਪੈ ਰਹੇ ਸਨ। ਉਹ ਆਪਣੇ ਵਾਲ ਨੋਚਦੀ। ਕੰਧਾਂ ਨਾਲ ਟੱਕਰਾਂ ਮਾਰਨ ਨੂੰ ਦਿਲ ਕਰਦਾ। ਸੋਫੇ ਤੇ ਬੈਠੀ ਕਿੰਨੀ ਵਾਰ ਸੋਫੇ 'ਤੇ ਹਤਾਸ਼ ਮੁੱਕੀਆਂ ਮਾਰਦਿਆਂ ਆਪਣੀ ਬੇਬਸੀ 'ਤੇ ਝੂਰਦੀ ਰਹੀ। ਆਖ਼ਰ ਜਦ ਬੇਵਾਹ ਹੋ ਗਈ ਤਾਂ ਉਸ ਨੇ ਜੇਨ ਨੂੰ ਫੋਨ ਕੀਤਾ।

ਜੇਨ ਆਈ ਅਤੇ ਨਾਲ ਹੀ ਉਸ ਨੇ 'ਖੁਰਾਕ' ਵੀ ਲਿਆਂਦੀ। ਫਟਾ ਫਟ ਸ਼ਰਲੀ ਨੇ ਨਸ਼ਾ ਲਿਆ ਅਤੇ ਮਿੰਟਾਂ ਵਿਚ ਉਸ ਦੇ ਚਿਹਰੇ 'ਤੇ ਰੌਣਕ ਆ ਗਈ। ਹੁਣ ਉਹ ਕੁਝ ਸੋਚਣ ਅਤੇ ਸਮਝਣ ਦੇ ਕਾਬਲ ਹੋਈ ਸੀ। ਜੇਨ ਬਹੁਤ ਧਿਆਨ ਨਾਲ ਉਸ ਦੀਆਂ ਭਾਵਨਾਵਾਂ ਦਾ ਵਿਸ਼ਲੇਸ਼ਣ ਕਰਦੀ ਸੋਚ ਰਹੀ ਸੀ ਸ਼ਰਲੀ ਕਿੰਨ੍ਹਾ ਕੁ ਡਰੱਗ 'ਤੇ ਨਿਰਭਰ ਹੋ ਚੁੱਕੀ ਸੀ। ਰਾਤ ਵਾਲਾ ਕਿੱਸਾ ਜੇਨ ਨੂੰ ਪਤਾ ਸੀ। ਅਗਲਾ ਸਟੈਪ ਲੈਣ ਲਈ ਉਸ ਨੂੰ ਕਾਹਲੀ ਦੀ ਥਾਂ ਸਹੀ ਹਾਲਾਤ ਦਾ ਜ਼ਾਇਜ਼ਾ ਲੈਣਾ ਚਾਹੀਦਾ ਸੀ ਅਤੇ ਇਹੋ ਉਹ ਕਰ ਰਹੀ ਸੀ। ਆਪਣੇ ਤਜ਼ਰਬੇ 'ਤੇ ਉਸ ਨੂੰ ਮਾਣ ਸੀ। ਹੁਣ ਤੱਕ ਸਾਰੀਆਂ ਕੁੜੀਆਂ ਦੇ ਸਬੰਧ ਵਿਚ ਉਹ ਸਫ਼ਲ ਰਹੀ ਸੀ। ਕੋਈ ਕਾਰਨ ਨਹੀਂ ਜੇਨ ਸ਼ਰਲੀ ਦੇ ਮਾਮਲੇ ਵਿਚ ਸਫ਼ਲ ਨਾ ਹੋਵੇ।

"ਸ਼ਰਲੀ ਤੂੰ ਤਾਂ ਘਰ 'ਚ ਈ ਬੈਠੀ ਬੋਰ ਹੋਈ ਜਾਨੀ ਐਂ। ਚੱਲ ਕਿਧਰੇ ਬਾਹਰ ਚੱਲੀਏ। ਬਾਹਰ ਈ ਖਾਣਾ ਖਾ ਆਵਾਂਗੀਆਂ।" ਸ਼ਰਲੀ ਨੂੰ ਜੇਨ ਦਾ ਵਿਚਾਰ ਪਸੰਦ ਆਇਆ।

"ਮੈਂ ਮਿੰਟ ਵਿਚ ਸ਼ਾਵਰ ਲੈ ਕੇ ਤਿਆਰ ਹੋ ਜਾਂਵਾਂ।" ਸ਼ਰਲੀ ਨੇ ਸਵੇਰ ਤੋਂ ਅਜੇ ਤੱਕ ਆਪਣਾ ਨਾਈਟ ਗਾਊਨ ਵੀ ਨਹੀਂ ਸੀ

ਬਦਲਿਆ। ਬਦਲਣ ਜੋਗੀ ਸੱਤਿਆ ਹੀ ਨਹੀਂ ਸੀ।

ਸ਼ਰਲੀ ਤਿਆਰ ਹੋ ਗਈ। ਇਕ ਵਾਰ ਤਾਂ ਉਹ ਰਾਤ ਦੀ ਘਟਨਾ ਨੂੰ ਵੀ ਭੁੱਲ ਗਈ। ਜੇਨ ਦਾ ਸਾਥ ਅਤੇ ਨਸ਼ੇ ਦਾ ਆਲਮ ਦੋਵੇਂ ਹੀ ਉਸ ਨੂੰ ਸੁਰਗ ਦਾ ਝੂਟਾ ਲਗਦੇ ਸਨ। ਉਸ ਨੇ ਵਧੀਆ ਢੰਗ ਨਾਲ ਆਪਣੇ ਆਪ ਨੂੰ ਤਿਆਰ ਕੀਤਾ। ਅੱਜ ਉਸ ਦਾ ਮਨ ਮਾਂ ਦੇ ਘਰ ਜਾਣ ਦਾ ਸੀ। ਹੁਣ ਤੱਕ ਤਾਂ ਉਹ ਜਾਣ ਜੋਗੀ ਹੀ ਨਹੀਂ ਸੀ। ਮਾਂ ਨੂੰ ਉਸ ਨੇ ਪਿਛਲੇ ਚਾਰ ਦਿਨਾਂ ਤੋਂ ਫੋਨ ਵੀ ਨਹੀਂ ਕੀਤਾ ਸੀ। ਉਸ ਨੂੰ ਆਪਣੇ ਆਪ 'ਤੇ ਗੁੱਸਾ ਆਇਆ। ਉਹ ਐਨੀ ਲਾਪ੍ਰਵਾਹ ਅਤੇ ਨਿਰਮੋਹੀ ਕਿਵੇਂ ਹੋ ਗਈ! ਸ਼ਰਲੀ ਨੂੰ ਆਪਣੇ ਆਪ 'ਤੇ ਸ਼ਰਮ ਆਈ। ਉਹ ਤਿਆਰ ਹੋ ਕੇ ਬਾਹਰ ਆਈ।

"ਸ਼ਰਲੀ ਤੂੰ ਤਾਂ ਅਪਸਰਾ ਲਗਦੀ ਐਂ। ਤੇਰੇ 'ਤੇ ਕੋਈ ਵੀ ਫਿਦਾ ਹੋ ਸਕਦਾ।" ਜੇਨ ਨੇ ਅੱਖਾਂ ਮਟਕਾਈਆਂ ਅਤੇ ਸ਼ਰਲੀ ਦੀ ਤਾਰੀਫ਼ ਕੀਤੀ। ਤਾਰੀਫ਼ ਦੇ ਜਾਦੂ ਦਾ ਜੇਨ ਨੂੰ ਪਤਾ ਸੀ।

"ਮਿਹਰਬਾਨੀ ਜੇਨ। ਮੈਂ ਮਾਂ ਨੂੰ ਫੋਨ ਕਰ ਲਵਾਂ। ਬੱਸ ਦੋ ਮਿੰਟ।" ਸ਼ਰਲੀ ਫੋਨ ਵੱਲ ਨੂੰ ਲਪਕੀ ਅਤੇ ਜੇਨ ਨੂੰ ਬੱਸ ਆਹ ਮਾਂ ਨਾਲ ਨੇੜਤਾ ਵਾਲੀ ਗੱਲ ਚੰਗੀ ਨਾ ਲੱਗੀ। ਉਸ ਨੇ ਸ਼ਰਲੀ ਨੂੰ ਖੁਸ਼ੀ ਖੁਸ਼ੀ ਕਿਹਾ – "ਜ਼ਰੂਰ। ਮੈਂ ਬਾਹਰ ਕਾਰ ਵਿਚ ਤੇਰੀ ਉਡੀਕ ਕਰਾਂ!"

"ਨਹੀਂ ਬੱਸ ਤੂੰ ਬੈਠ। ਆਪਾਂ 'ਕੱਠੀਆਂ ਚਲਦੀਆਂ।" ਜੇਨ ਇਹੋ ਚਾਹੁੰਦੀ ਸੀ। ਉਸ ਨੇ ਧਿਆਨ ਨਾਲ ਸ਼ਰਲੀ ਦੀਆਂ ਗੱਲਾ ਸੁਣੀਆਂ ਭਾਂਵੇਂ ਦਿਖਾਵੇ ਲਈ ਉਹ ਇਕ ਮੈਗਜ਼ੀਨ ਦੇ ਵਰਕੇ ਫਰੋਲ ਰਹੀ ਸੀ। ਬੱਸ ਆਮ ਜਿਹੀ ਵਾਰਤਾਲਾਪ ਸੀ। ਮਾਂ ਦਾ ਘਰ ਆਉਣ ਦਾ ਸੱਦਾ, ਸ਼ਰਲੀ ਦੇ ਅਖੌਤੀ ਕੰਮ ਵਿਚ ਮਸਰੂਫ ਹੋਣ ਦਾ ਬਹਾਨਾ ਆਦਿ। ਜੇਨ ਨੂੰ ਤਸੱਲੀ ਹੋਈ। ਕੋਈ ਖਤਰੇ ਵਾਲੀ ਗੱਲ ਨਹੀਂ ਲਗਦੀ ਸੀ।

ਉਹ ਜੇਨ ਦੀ ਕਾਰ ਵਿਚ ਆ ਬੈਠੀਆਂ। ਕਦੇ ਕਦੇ ਬਰਨੀ ਉਸ ਦੇ ਦਿਮਾਗ ਵਿਚ ਘੁੰਮ ਜਾਂਦਾ ਅਤੇ ਸ਼ਰਲੀ ਉਸ ਨੂੰ ਬਾਹਰ ਰੱਖਣ ਦਾ ਯਤਨ ਕਰਦੀ। ਜੇਨ ਨਾਲ ਹੋਰ ਵੀ ਗੱਲਾਂ ਵਿਚ ਦਿਲਚਸਪੀ ਲੈਂਦੀ। ਉਹ ਜੇਨ ਨਾਲ ਬਰਨੀ ਵਾਲੀ ਘਟਨਾ ਸਾਂਝੀ ਕਰਕੇ ਜੇਨ ਤੋਂ ਉਸ ਦੀ ਰਾਇ ਲੈਣ ਬਾਰੇ ਸੋਚਣ ਲੱਗੀ। ਉਸ ਨੂੰ ਅਚਾਨਕ ਮਹਿਸੂਸ ਹੋਇਆ ਕਿ ਉਹ ਜੇਨ 'ਤੇ ਵਿਸ਼ਵਾਸ਼ ਕਰ ਸਕਦੀ ਸੀ ਅਤੇ ਜੇਨ ਉਸ ਦੀ ਚੰਗੀ ਦੋਸਤ ਸੀ। ਉਸ ਨੇ ਜੇਨ ਬਾਰੇ ਹੋਰ ਵੀ ਸੋਚਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਜੇਨ ਦੀ ਬੱਸ ਕਦੇ ਕਦੇ ਲੁੱਚੀ ਅਤੇ ਅਸੱਭਿਆ ਗਾਲ ਕੱਢਣ ਦੀ ਆਦਤ ਪਸੰਦ ਨਹੀਂ ਸੀ। ਜੇਨ ਬਥੇਰਾ ਖਿਆਲ ਰਖਦੀ। ਆਦਤ ਤੋਂ ਮਜ਼ਬੂਰ ਉਸ ਤੋਂ ਕੋਈ ਨਾ ਕੋਈ ਕਮੀਨੀ ਗੱਲ ਜ਼ਰੂਰ ਹੋ ਜਾਂਦੀ। ਉਹ ਸ਼ਰਲੀ ਤੋਂ ਮੁਆਫੀ ਮੰਗਦੀ ਅਤੇ ਸ਼ਰਮਸਾਰ ਹੋਣ ਦਾ ਬਹਾਨਾ ਕਰਦੀ। ਹੋਰ ਜੇਨ ਵਿਚ ਸ਼ਰਲੀ ਨੂੰ ਕੋਈ ਖਾਸ ਨੁਕਸ ਨਹੀਂ ਲਗਦਾ ਸੀ।

"ਕਿਥੇ ਜਾਣਾ ਪਸੰਦ ਕਰੇਂਗੀ!" ਜੇਨ ਨੇ ਸ਼ਰਲੀ ਨੂੰ ਪੁੱਛਿਆ।

"ਕਿਸੇ ਇਕਾਂਤ ਜਿਹੀ ਥਾਂ ਬੈਠ ਕੇ ਗੱਲਾਂ ਕਰੀਏ।" ਜੇਨ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਸ਼ਰਲੀ ਰਾਤ ਦੀ ਘਟਨਾ ਬਾਰੇ ਗੱਲ ਕਰਨੀ ਚਾਹੁੰਦੀ ਸੀ। ਜੇਨ ਉਸ ਨੂੰ ਕਿੰਗਸਟਨ ਦੇ ਇਲਾਕੇ ਵਿਚ ਪੰਜ ਸਤਾਰਾ ਹੋਟਲ ਹਾਲੀਡੇ ਇਨ ਦੀ ਬਾਰ ਵਿਚ ਲੈ ਗਈ। ਅਜੇ ਸ਼ਾਮ ਦੇ ਪੰਜ ਵੱਜੇ ਸਨ ਅਤੇ ਬਾਰ ਤਕਰੀਬਨ ਖਾਲੀ ਸੀ। ਉਹ ਇਕ ਖਿੜਕੀ ਕੋਲ ਜਾ ਬੈਠੀਆਂ ਜਿਥੋਂ ਲੰਡਨ ਦੀਆਂ ਕਾਰਾਂ ਨਾਲ ਲੱਦੀਆਂ ਸੜਕਾਂ ਦਾ ਨਜ਼ਾਰਾ ਦਿਸ ਰਿਹਾ ਸੀ। ਬਹਿਰਾ ਆਇਆ ਤਾਂ ਜੇਨ ਨੇ ਦੋਵਾਂ ਲਈ ਵਾਈਨ ਦਾ ਆਰਡਰ ਕਰ ਦਿੱਤਾ।

ਵਾਈਨ ਦੇ ਘੁੱਟ ਭਰਦੀ ਸ਼ਰਲੀ ਟੇਬਲ 'ਤੇ ਉਗਲਾਂ ਨਾਲ ਤਬਲਾ ਜਿਹਾ ਵਜਾਉਣ ਲੱਗੀ। ਉਹ ਗੱਲ ਕਰਨ ਦਾ ਬਹਾਨਾ

ਢੂੰਡ ਰਹੀ ਸੀ।

"ਕੀ ਸੋਚ ਰਹੀਂ ਐਂ! ਕੋਈ ਤਕਲੀਫ ਐ ਤਾਂ ਦੱਸ ਮੈਨੂੰ ।" ਜੇਨ ਨੇ ਇੰਝ ਕਿਹਾ ਜਿਵੇਂ ਹਰ ਸਮੱਸਿਆ ਦਾ ਸਮਾਧਾਨ ਉਸ ਕੋਲ ਹੋਵੇ।

"ਜੇਨ ਤੂੰ ਮੇਰੀ ਚੰਗੀ ਦੋਸਤ ਐਂ ਤੇ ਮੈਂ ਤੇਰੇ ਨਾਲ ਕੋਈ ਖਾਸ ਗੱਲ ਸਾਂਝੀ ਕਰਨ ਲੱਗੀ ਆਂ।" ਸ਼ਰਲੀ ਨੇ ਜੇਨ ਦੀਆਂ ਅੱਖਾਂ ਵਿਚ ਵੇਖਿਆ ਜਿਵੇਂ ਆਪਣੇ ਵਿਸ਼ਵਾਸ਼ ਦੀ ਤਸੱਲੀ ਕਰ ਰਹੀ ਹੋਵੇ।

"ਤੂੰ ਬੇਫਿਕਰ ਹੋ ਕੇ ਗੱਲ ਕਰ।" ਜੇਨ ਨੇ ਵਾਈਨ ਦਾ ਦੂਸਰਾ ਗਲਾਸ ਆਰਡਰ ਕਰ ਦਿੱਤਾ।

"ਰਾਤੀਂ ਮਾਈਕਲ ਦਾ ਦੋਸਤ ਬਰਨੀ ਆਇਆ ਸੀ। ਮਾਈਕਲ ਨੇ ਮੈਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹ ਆਵੇਗਾ। ਅਸੀਂ ਵਾਈਨ ਪੀਤੀ ਅਤੇ ਮੈਂ ਜ਼ਿਆਦਾ ਹੋ ਗਈ। ਸਵੇਰੇ ਜਾ ਕੇ ਮੈਨੂੰ ਪਤਾ ਲੱਗਿਆ ਬਰਨੀ ਮੇਰੇ ਨਾਲ ਸੁੱਤਾ ਪਿਆ ਸੀ। ਮੈਨੂੰ ਸਮਝ ਨੀ ਆਉਂਦੀ ਇਹ ਕਿਵੇਂ ਹੋ ਗਿਆ! ਮੇਰਾ ਤਾਂ ਖਿਆਲ ਆ ਬਈ ਬਰਨੀ ਨੇ ਮੇਰੀ ਡਰਿੰਕ ਦਾ ਫਾਇਦਾ ਉਠਾਇਆ।"

"ਤੂੰ ਤਾਂ ਆਏਂ ਗੱਲ ਕਰਦੀ ਐਂ ਜਿਵੇਂ ਕਿਸੇ ਦਾ ਕਤਲ ਕਰ ਕੇ ਆਈ ਹੋਵੇਂ। ਜੇ ਬਰਨੀ ਨਾਲ ਤੂੰ ਸੌਂ ਲਿਆ ਤਾਂ ਕੀ ਪਹਾੜ ਢਹਿ ਪਿਆ।" ਜੇਨ ਨੇ ਲਾਪਰਵਾਹੀ ਨਾਲ ਜਵਾਬ ਦਿੱਤਾ।

"ਪਰ ਜੇ ਮਾਈਕਲ ਨੂੰ ਪਤਾ ਲੱਗ ਗਿਆ ਫੇਰ।"

"ਤੂੰ ਦੱਸ ਮਾਈਕਲ ਨਾ ਵਿਆਹੀ ਹੋਈ ਐਂ! ਅੱਜ ਕੱਲ੍ਹ ਤਾਂ ਵਿਆਹੀਆਂ ਜਨਾਨੀਆਂ ਤੇ ਬੰਦੇ ਦੋਸਤਾਂ ਨਾਲ ਪਾਰਟਨਰ ਬਦਲ ਲੈਂਦੇ ਐ। ਸੈਕਸ ਤਾਂ ਆਤਮਕ ਅਨੰਦ ਵਾਸਤੇ ਐ। ਅਨੰਦ ਲਿਆ ਸੁਆਦ ਲਿਆ ਤੇ ਪਤੀ ਪਤਨੀ ਹੱਸਦੇ ਖੇੜ੍ਹਦੇ ਫੇਰ ਘਰ ਚਲੇ ਜਾਂਦੇ ਐ। ਤੂੰ ਤਾਂ ਆਏਂ ਗੱਲਾਂ ਕਰਦੀ ਐਂ ਜਿਵੇਂ ਅਫਗਾਨਸਤਾਨ ਦੇ ਕਿਸੇ ਪਛੜੇ ਇਲਾਕੇ 'ਚ' ਰਹਿ ਰਹੀ ਹੋਵੇਂ।" ਜੇਨ ਨੇ ਇਕ ਮਜ਼ਾਕੀਆ ਜਿਹੀ ਹਾਸੀ ਹੱਸੀ ਅਤੇ ਹੱਥ ਨਾਲ ਇੰਝ ਇਸ਼ਾਰਾ ਕੀਤਾ ਜਿਵੇਂ ਇਹ ਗੱਲ ਮਮੂਲੀ ਤੋਂ ਵੀ ਮਮੂਲੀ ਹੋਵੇ ਅਤੇ ਸਿਰਫ਼ ਸਮਾਂ ਬਰਬਾਦ ਕਰਨ ਵਾਲੀ ਗੱਲ ਹੋਵੇ। ਸ਼ਰਲੀ ਨੂੰ ਜੇਨ ਦੀ ਗੱਲ ਬਾਤ ਨਾਲ ਥੋੜੀ ਤਸੱਲੀ ਹੋਈ ਪਰ ਮਨ ਉਸ ਦਾ ਜੇਨ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਸੀ।

"ਸ਼ਰਲੀ ਬੱਸ ਇਕ ਗੱਲ ਦਾ ਧਿਆਨ ਰੱਖਣ ਦੀ ਲੋੜ ਆ ਕਿ ਨਵੇਂ ਪਾਰਟਨਰ ਨਾਲ ਇਹਤਿਆਤ ਵਰਤਣੀ ਚਾਹੀਦੀ ਐ। ਵੈਸੇ ਇਕੋ ਈ ਫੂਡ ਹਰ ਰੋਜ਼ ਖਾਣ ਨਾਲ ਬੋਰ ਹੋ ਜਾਈਦਾ।" ਜੇਨ ਨੇ ਸ਼ਰਲੀ ਨੂੰ ਅੱਖ ਮਾਰੀ। ਗੱਲਾਂ ਕਰਦੀਆਂ ਨੂੰ ਸੱਤ ਵੱਜ ਗਏ ਸਨ।

"ਡਰਿੰਕ ਹੋਰ ਲੈਣੀ ਆ ਕਿਧਰੇ ਹੋਰ ਚੱਲੀਏ। ਮੈਂ ਕਿਸੇ ਨੂੰ ਥੋੜਾ ਮਿਲਣਾ ਵੀ ਸੀ।" ਜੇਨ ਨੇ ਚੁੱਪ ਬੈਠੀ ਸ਼ਰਲੀ ਨੂੰ ਵੇਖਦਿਆਂ ਗਲਾਸ ਖਾਲੀ ਕੀਤਾ।

"ਚੱਲ ਚਲੀਏ।" ਸ਼ਰਲੀ ਨੇ ਵੀ ਆਪਣਾ ਗਲਾਸ ਖਾਲੀ ਕਰ ਦਿੱਤਾ।

ਜੇਨ ਉਸ ਨੂੰ ਨਾਈਟਸਬਰਿਜ ਲੈ ਗਈ। ਬਿਲਡਿੰਗ ਦੀ ਚੌਥੀ ਮੰਜ਼ਿਲ 'ਤੇ ਪਹੁੰਚ ਕੇ ਉਸ ਨੇ ਇਕ ਅਪਾਰਟਮੈਂਟ ਦੀ ਡੋਰ ਕੀਤੀ ਅਤੇ ਇਕ ਜਵਾਨ ਮੁੰਡੇ ਨੇ ਉਹਨਾਂ ਨੂੰ ਦਰਵਾਜ਼ਾ ਖੋਲ੍ਹਿਆ। ਉਸ ਨੇ ਜੇਨ ਨੂੰ ਚੁੰਮਿਆ ਅਤੇ ਸ਼ਰਲੀ ਵੱਲ ਘੋਖਵੀਆਂ ਲਲਚਾਈਆਂ

ਨਜ਼ਰਾਂ ਨਾਲ ਵੇਖਿਆ। ਸ਼ਰਲੀ ਨੇ ਉਸ ਨਾਲ ਹੱਥ ਮਿਲਾਇਆ ਅਤੇ ਆਪਣਾ ਨਾਂ ਦੱਸਿਆ।

"ਡੈਰਿਕ ਤੇਰਾ ਸਵਾਗਤ ਕਰਦਾ।" ਮੁੰਡੇ ਨੇ ਸ਼ਰਲੀ ਦਾ ਹੱਥ ਕੁਝ ਦੇਰ ਫੜੀ ਰੱਖਿਆ। ਜੇਨ ਸੋਫੇ 'ਤੇ ਬੈਠ ਗਈ ਅਤੇ ਉਹਨਾਂ ਦੀ ਜਾਣ ਪਹਿਚਾਣ ਕਰਾਉਣ ਲੱਗੀ। ਡੈਰਿਕ ਨੂੰ ਉਸ ਨੇ ਕਿਸੇ ਕੰਪਨੀ ਦਾ ਸੀਨੀਅਰ ਮੈਨੇਜਰ ਦੱਸਿਆ ਜਿਸ ਵਿਚ ਸ਼ਰਲੀ ਨੇ ਬਹੁਤੀ ਦਿਲਚਸਪੀ ਨਾ ਲਈ। ਡੈਰਿਕ ਨੇ ਬਿਨਾਂ ਉਚੇਚ ਦੇ ਵਾਈਨ ਗਲਾਸਾਂ ਵਿਚ ਪਾਈ ਅਤੇ ਸਾਰੇ 'ਚੀਅਰਜ਼' ਕਹਿੰਦਿਆਂ ਸਿੱਪ ਕਰਨ ਲੱਗੇ। ਗੱਲਾਂ ਦਾ ਸਿਲਸਲਾ ਚਲਦਾ ਰਿਹਾ ਅਤੇ ਇਕ ਹੋਰ ਜੋੜਾ ਅਤੇ ਇਕ ਇਕੱਲਾ ਬੰਦਾ ਵੀ ਮਹਿਫਲ ਵਿਚ ਸ਼ਮਲ ਹੋ ਗਏ।

ਦਸ ਗਿਆਰਾਂ ਵਜੇ ਤੱਕ ਸਾਰੇ ਵਾਹਵਾ 'ਟਿਪਸੀ'ਹੋ ਗਏ ਸਨ। ਡੈਰਿਕ ਨੇ ਸੰਗੀਤ ਲਾ ਦਿੱਤਾ ਅਤੇ ਸਾਰੇ ਹੀ ਡਾਨਸ ਕਰਨ ਲੱਗੇ। ਜੋੜਾ ਤਾਂ ਇਕ ਦੂਜੇ ਦੀਆਂ ਬਾਂਹਾਂ ਵਿਚ ਖੋਅ ਗਿਆ ਅਤੇ ਜੇਨ ਨੇ ਉਸ ਦੂਸਰੇ ਬੰਦੇ ਨਾਲ ਡਾਨਸ ਕਰਨਾ ਸ਼ੁਰੂ ਕਰ ਦਿੱਤਾ। ਡੈਰਿਕ ਨੇ ਸ਼ਰਲੀ ਵੱਲ ਵੇਖਿਆ ਅਤੇ ਡਾਨਸ ਲਈ ਬੇਨਤੀ ਕੀਤੀ। ਸ਼ਰਲੀ ਵੀ ਤਿਆਰ ਹੋ ਗਈ। ਮਹੌਲ ਹੀ ਅਜਿਹਾ ਬਣ ਗਿਆ ਸੀ।

ਜਲਦੀ ਹੀ ਜੋੜਾ ਤਾਂ ਉਤੇਜਤ ਹੋਇਆ ਕਿਚਨ ਵਿਚ ਚਲਾ ਗਿਆ ਅਤੇ ਉਹਨਾਂ ਦੀਆਂ ਕਾਮੁਕ ਅਵਾਜ਼ਾਂ ਸਭ ਨੂੰ ਸੁਣਨ ਲੱਗੀਆਂ। ਜੇਨ ਨੇ ਦੂਸਰੇ ਬੰਦੇ ਨੂੰ ਖਿੱਚ ਕੇ ਉਸ ਦੀ ਪੈਂਟ ਅਤੇ ਸ਼ਰਟ ਲਾਹ ਦਿੱਤੀ। ਉਸ ਨੂੰ ਚੁੰਮਦੀ ਚਟਦੀ ਨਾਲ ਦੇ ਕਮਰੇ ਵਿਚ ਲੈ ਗਈ। ਡੈਰਿਕ ਨੇ ਸ਼ਰਲੀ ਨੂੰ ਹੁਣ ਤੱਕ ਚੰਗੀ ਪਿਲਾ ਦਿੱਤੀ ਸੀ। ਉਹ ਸ਼ਰਲੀ ਨੂੰ ਚੁੰਮਣ ਲੱਗਾ ਅਤੇ ਉਸ ਦੀ ਸਕਰਟ ਲਾਹ ਦਿੱਤੀ। ਨਸ਼ੇ ਅਤੇ ਮਹੌਲ ਨੇ ਸ਼ਰਲੀ ਨੂੰ ਕੁਝ ਵੀ ਸੋਚਣ ਸਮਝਣ ਜਾਂ ਇਤਰਾਜ਼ ਕਰਨ ਦੇ ਸਮਰੱਥ ਨਹੀਂ ਰਹਿਣ ਦਿੱਤਾ ਸੀ। ਸਾਰੀ ਰਾਤ ਉਹ ਡੈਰਿਕ ਨਾਲ ਲਾਊਂਜ ਵਿਚ ਸੁੱਤੀ ਰਹੀ ਅਤੇ ਡੈਰਿਕ ਨਾਲ ਨੰਗੀ ਸ਼ਰਲੀ ਦੀ ਫਿਲਮ ਬਣਦੀ ਰਹੀ।

"ਰਾਤੀਂ ਪਾਰਟੀ ਦਾ ਬਹੁਤ ਮਜ਼ਾ ਆਇਆ।" ਜੇਨ ਨੇ ਦੂਸਰੀ ਸਵੇਰ ਘਰ ਨੂੰ ਪਰਤਦਿਆਂ ਸ਼ਰਲੀ ਨੂੰ ਕਿਹਾ ਜਿਸ ਦਾ ਸ਼ਰਲੀ ਨੇ ਕੋਈ ਜਵਾਬ ਨਾ ਦਿੱਤਾ। ਜੇਨ ਦਾ ਮਕਸਦ ਪੂਰਾ ਹੋ ਗਿਆ ਸੀ ਅਤੇ ਮਾਈਕਲ ਤੱਕ ਖਬਰ ਪਹੁੰਚ ਚੁੱਕੀ ਸੀ।

ਹਫ਼ਤੇ ਬਾਅਦ ਮਾਈਕਲ ਆਇਆ ਤਾਂ ਉਖੜਿਆ ਉਖੜਿਆ ਜਿਹਾ ਲੱਗਿਆ। ਸ਼ਰਲੀ ਨੂੰ ਉਸ ਨੇ ਰਸਮੀ ਜਿਹਾ ਚੁੰਮਣ ਦਿੱਤਾ ਭਾਵਨਾਵਾਂ ਰਹਿਤ। ਸ਼ਰਲੀ ਮਾਈਕਲ ਦੀ ਬਗਲ ਵਿਚ ਉਸ ਨੂੰ ਜੱਫ਼ੀ ਪਾ ਕੇ ਬੈਠ ਗਈ।

"ਮਾਈਕਲ ਤੂੰ ਠੀਕ ਤਾਂ ਐਂ!"

"ਖਬਰ ਕੰਮ 'ਤੇ ਕੋਈ ਚੰਗੀ ਨੀ। ਇਹ ਪੱਕ ਐ ਕਾਫੀ ਸਾਰੀ ਛਾਂਟੀ ਹੋਣ ਲੱਗੀ ਐ। ਬਦਕਿਸਮਤੀ ਨਾਲ ਮੇਰਾ ਵੀ ਪੱਤਾ ਕੱਟਿਆ ਗਿਆ।" ਮਾਈਕਲ ਨੇ ਉਦਾਸੀ ਨਾਲ ਕਿਹਾ।

"ਪਰ ਤੈਨੂੰ ਤਾਂ ਕੰਪਨੀ ਨੇ ਟਰੇਨਿੰਗ ਲਈ ਭੇਜਿਆ ਸੀ।" ਸ਼ਰਲੀ ਨੂੰ ਮਾਮਲਾ ਸਮਝ ਨਹੀ ਆਇਆ ਸੀ।

"ਇਸ ਹਫਤੇ ਦੇ ਸ਼ੁਰੂ ਵਿਚ ਹੀ ਕੰਪਨੀ ਨੂੰ ਅਮਰੀਕਾ ਵਿਚ ਵੱਡਾ ਝਟਕਾ ਲੱਗਿਆ। ਮੰਦੇ ਦੀ ਸ਼ਿਕਾਰ ਕੰਪਨੀ ਦਾ ਪਹਿਲਾ ਟੋਕਾ ਵਰਕਰਾਂ 'ਤੇ ਈ ਚਲਦਾ।" ਮਾਈਕਲ ਨੂੰ ਉਮੀਦ ਨਹੀਂ ਸੀ ਸ਼ਰਲੀ ਕੋਈ ਬਹੁਤਾ ਸਵਾਲ ਜਵਾਬ ਕਰੇਗੀ। ਉਹ ਹੋਰ ਵੀ ਸੁਚੇਤ ਹੋ ਗਿਆ।

"ਫੇਰ--।" ਸ਼ਰਲੀ ਨੂੰ ਅਜਿਹੀ ਕੋਈ ਉਮੀਦ ਨਹੀਂ ਸੀ। ਉਹ ਤਾਂ ਮਾਈਕਲ ਨੂੰ ਉਭਰਦੇ ਸਿਤਾਰੇ ਵਾਂਗ ਵੇਖ ਰਹੀ ਸੀ। ਮਾਈਕਲ

ਨੇ ਆਪਣੇ ਆਪ ਨੂੰ ਇਸੇ ਤਰ੍ਹਾਂ ਪੇਸ਼ ਕੀਤਾ ਸੀ।

"ਫੇਰ ਕੀ ਪਹਿਲਾਂ ਤਾਂ ਆਹ ਫਲੈਟ ਖਾਲੀ ਕਰਨਾ ਪੈਣਾ।" ਮਾਈਕਲ ਨੇ ਡਰਿੰਕ ਬਣਾ ਕੇ ਸ਼ਰਲੀ ਨੂੰ ਦਿੱਤੀ ਅਤੇ ਆਪ ਵੀ ਲੈ ਲਈ।

"ਆਪਾਂ ਫੇਰ ਕਿਥੇ ਰਹਾਂਗੇ!" ਸ਼ਰਲੀ ਅੱਗੇ ਰਹਿਣ ਦੇ ਨਾਲ ਨਾਲ ਡਰੱਗ ਦੀ ਸਮੱਸਿਆ ਵੀ ਸੀ ਜਿਸ ਨੂੰ ਉਸ ਨੇ ਮਾਈਕਲ ਅੱਗੇ ਨਹੀਂ ਰੱਖਿਆ ਸੀ। ਹੁਣ ਤੱਕ ਤਾਂ ਮਾਈਕਲ ਹੀ ਸਾਰਾ ਬੰਦੋਬਸਤ ਕਰਦਾ ਸੀ। ਪਿਛਲਾ ਹਫਤਾ ਉਸ ਨੇ ਕਿਵੇਂ ਕੱਟਿਆ ਸ਼ਰਲੀ ਨੂੰ ਹੀ ਪਤਾ ਸੀ। ਮਾਈਕਲ ਕੋਲ ਜੇ ਕੰਮ ਨਹੀਂ ਤਾਂ ਉਹ ਸ਼ਰਲੀ ਦਾ ਬੋਝ ਕਿਵੇਂ ਉਠਾ ਸਕਦਾ ਸੀ!

"ਮੈਂ ਤਾਂ ਅਗਲੇ ਹਫਤੇ ਆਪਣੇ ਇਕ ਦੋਸਤ ਨਾਲ ਮੂਵ ਹੋ ਜਾਣਾ। ਤੂੰ----।" ਮਾਈਕਲ ਨੇ ਗੱਲ ਅਧੂਰੀ ਛੱਡ ਦਿੱਤੀ ਅਤੇ ਸ਼ਰਲੀ ਦਾ ਪ੍ਰਤੀ ਕਰਮ ਜਾਨਣ ਲਈ ਉੱਤਸੁਕਤਾ ਨਾਲ ਉਸ ਨੂੰ ਵੇਖਣ ਲੱਗਾ।

"ਮੈਂ----।" ਸ਼ਰਲੀ ਇਸ ਵੇਲੇ ਮਾਪਿਆਂ ਬਾਰੇ ਸੋਚ ਰਹੀ ਸੀ ਜਿਥੇ ਮੌਜ ਨਾਲ ਜਾ ਸਕਦੀ ਸੀ ਅਤੇ ਅਰਾਮ ਨਾਲ ਰਹਿ ਸਕਦੀ ਸੀ। ਡਰੱਗ ਦੀ ਸਮੱਸਿਆ ਕਾਰਨ ਜਾ ਨਹੀਂ ਸਕਦੀ ਸੀ। ਹੋਰ ਉਸ ਸਾਹਮਣੇ ਕੋਈ ਰਸਤਾ ਨਹੀਂ ਸੀ। ਅੱਜ ਪਹਿਲੀ ਵਾਰ ਉਸ ਨੂੰ ਆਪਣੀ ਇਸ ਬੁਰੀ ਆਦਤ ਦੀ ਬੁਰਾਈ ਦਾ ਅਹਿਸਾਸ ਹੋਇਆ। ਉਹ ਸਿਰ ਫੜ ਕੇ ਬੈਠ ਗਈ। ਮਾਈਕਲ ਨੇ ਉਸ ਨੂੰ ਇਕ ਹੋਰ ਡਰਿੰਕ ਤਿਆਰ ਕਰ ਕੇ ਦਿੱਤੀ ਅਤੇ ਉਸ ਦੀ ਠੋਡੀ ਨੂੰ ਉਂਗਲ ਨਾਲ ਉੱਪਰ ਨੂੰ ਚੁੱਕਿਆ।

"ਐਨਾ ਵੀ ਉਦਾਸ ਹੋਣ ਦੀ ਲੋੜ ਨੀ। ਕੋਈ ਨਾ ਕੋਈ ਰਸਤਾ ਜ਼ਰੂਰ ਨਿਕਲ ਆਊ। ਮੈਂ ਜੇਨ ਨਾਲ ਗੱਲ ਕਰਦਾਂ।" ਉਹ ਜੇਨ ਨੂੰ ਫੋਨ ਕਰਨ ਲੱਗਿਆ। ਥੋੜੀ ਦੇਰ ਬਾਅਦ ਜੇਨ ਆ ਗਈ। ਮਾਈਕਲ ਨੇ ਆਪਣੀ ਸਮੱਸਿਆ ਉਸ ਅੱਗੇ ਰੱਖੀ।

"ਲੈ ਆਹ ਵੀ ਕੋਈ ਗੱਲ ਆ। ਸ਼ਰਲੀ ਮੇਰੇ 'ਤੇ ਬਰੈਂਡਾ ਨਾਲ ਰਹਿ ਸਕਦੀ ਐ। ਆਹ ਅਰਾਮ ਤਾਂ ਨੀ ਮਿਲਣਾ ਪਰ ਕਮਰਾ ਜ਼ਰੂਰ ਮਿਲ ਜੂ। ਮਾਈਕਲ ਵੀ ਆ ਜਾ ਸਕਦਾ।" ਜੇਨ ਨੇ ਚੁਟਕੀ ਮਾਰਦਿਆਂ ਸਾਰੀ ਸਮੱਸਿਆ ਦਾ ਹੱਲ ਕੱਢ ਦਿੱਤਾ ਸੀ। ਮਾਈਕਲ ਨੇ ਉਸ ਦੀ ਪ੍ਰੋੜ੍ਹਤਾ ਕੀਤੀ ਅਤੇ ਸ਼ਰਲੀ ਨੂੰ ਵੀ ਇਹ ਵਿਚਾਰ ਚੰਗਾ ਲੱਗਿਆ। ਅਗਲੇ ਹਫਤੇ ਸ਼ਰਲੀ ਜੇਨ ਨਾਲ ਉਸ ਦੇ ਫਲੈਟ ਵਿਚ ਸ਼ਿਫਟ ਹੋ ਗਈ।

ਸ਼ਰਲੀ ਬੇਖਬਰ ਹੀ ਅਸਲੀ ਕੈਦ ਵਿਚ ਪਹੁੰਚ ਗਈ ਸੀ। ਮਾਈਕਲ ਦਾ ਦੋ ਦਿਨ ਤੋਂ ਕੋਈ ਪਤਾ ਨਹੀਂ ਸੀ। ਜੇਨ ਨੇ ਹੀ ਉਸ ਦੀ ਕੁਝ ਮਦਦ ਕੀਤੀ ਅਤੇ ਨਸ਼ੇ ਦਾ ਕੋਟਾ ਪੂਰਾ ਕੀਤਾ ਸੀ। ਨਾਲ ਹੀ ਆਪਣੀ ਆਰਥਕ ਮਜ਼ਬੂਰੀ ਵੀ ਮਲਵੀਂ ਜਿਹੀ ਜ਼ੁਬਾਨ ਨਾਲ ਕਹਿ ਦਿੱਤੀ। ਅਗਲੀ ਸ਼ਾਮ ਢਲਣ ਤਕ ਸ਼ਰਲੀ ਦਾ ਬੁਰਾ ਹਾਲ ਸੀ। ਉਸ ਨੂੰ ਮਹਿਸੂਸ ਹੋਇਆ ਕਿ ਜਾਂ ਤਾਂ ਉਹ ਆਪਣਾ ਕਤਲ ਕਰ ਦੇਵੇਗੀ ਜਾਂ ਜਿਸੇ ਹੋਰ ਦਾ। ਜੇਨ ਕੋਲੋਂ ਮਦਦ ਦੀ ਉਸ ਨੂੰ ਕੋਈ ਆਸ ਨਹੀਂ ਸੀ। ਅਚਾਨਕ ਬਰਨੀ ਆ ਗਿਆ। ਉਸ ਨੂੰ ਵੇਖ ਕੇ ਸ਼ਰਲੀ ਦਾ ਪਹਿਲਾਂ ਤਾਂ ਮੂੰਹ ਬਣ ਗਿਆ ਜਿਸ ਵੱਲ ਬਰਨੀ ਨੇ ਕੋਈ ਧਿਆਨ ਨਾ ਦਿੱਤਾ। ਉਸ ਨੇ ਛੋਟਾ ਲਫਾਫਾ ਮੇਜ਼ 'ਤੇ ਰੱਖ ਦਿੱਤਾ। ਵੇਖ ਕੇ ਸ਼ਰਲੀ ਦੀਆਂ ਅੱਖਾਂ ਵਿਚ ਚਮਕ ਆ ਗਈ। ਜਦ ਉਹ ਲਫਾਫਾ ਚੁੱਕਣ ਲੱਗੀ ਤਾਂ ਬਰਨੀ ਨੇ ਰੋਕ ਦਿੱਤਾ।

"ਸ਼ਰਲੀ ਇਹ ਚੀਜ਼ਾਂ ਮੁਫਤ ਨੀ ਆਉਂਦੀਆਂ। ਇਸ ਦੀ ਕੀਮਤ ਚੁਕਾਉਣੀ ਪਊ।" ਬਰਨੀ ਨੇ ਲਫਾਫੇ 'ਤੇ ਆਪਣਾ ਹੱਥ ਰੱਖ

ਦਿੱਤਾ।

“ਮੇਰੇ ਕੋਲ ਕੋਈ ਪੈਸਾ ਨੀ ਬਰਨੀ।” ਸ਼ਰਲੀ ਬਹੁਤ ਵਿਚਾਰਗੀ ਨਾਲ ਫੁਸਫੁਸਾਈ।

ਬਰਨੀ ਨੇ ਕੁਝ ਮੋੜੇ ਤਰੋੜੇ ਨੋਟ ਮੇਜ਼ ‘ਤੇ ਰੱਖ ਦਿੱਤੇ ਅਤੇ ਆਪਣੀ ਪੈਂਟ ਲਾਹ ਕੇ ਸ਼ਰਲੀ ਨਾਲ ਬੈਡ ਵਿਚ ਘੁਸ ਗਿਆ। ਸ਼ਰਲੀ ਕੋਲ ਉਸ ਨੂੰ ਰੋਕਣ ਦੀ ਹਿੰਮਤ ਖਤਮ ਹੋ ਚੁੱਕੀ ਸੀ। ਉਸ ਦਾ ਬਹੁਤਾ ਧਿਆਨ ਉਸ ਛੋਟੇ ਜਿਹੇ ਲਫਾਫੇ ਵੱਲ ਸੀ ਜਿਸ ਨੂੰ ਉਹ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੀ ਸੀ। ਬਰਨੀ ਕੁਝ ਦੇਰ ਬਾਅਦ ਚਲਾ ਗਿਆ ਅਤੇ ਸ਼ਰਲੀ ਲਈ ਇਕ ਨਵਾਂ ਅਧਿਆਏ ਸ਼ੁਰੂ ਹੋ ਗਿਆ। ਦੂਸਰੇ ਦਿਨ ਡੈਰਿਕ ਆਇਆ ਅਤੇ ਬਰਨੀ ਵਾਲਾ ਐਕਟ ਦੁਹਰਾ ਕੇ ਚਲਾ ਗਿਆ।

ਸ਼ਰਲੀ ਨੂੰ ਆਪਣੇ ਆਪ ਨਾਲ ਨਫ਼ਰਤ ਹੋਣ ਲੱਗੀ। ਉਸ ਨੂੰ ਆਪਣੀ ਬੇਬਸੀ ‘ਤੇ ਗੁੱਸਾ ਆ ਰਿਹਾ ਸੀ। ਸਾਰੀ ਰਾਤ ਉਹ ਸੌਂ ਨਾ ਸਕੀ। ਦੋਵੇਂ ਦਿਨ ਉਸ ਨੇ ਬਰੈਂਡਾ ਕੋਲ ਹੋਰ ਆਦਮੀਆਂ ਨੂੰ ਆਉਂਦੇ ਜਾਂਦੇ ਵੇਖਿਆ। ਉਸ ਨੂੰ ਹੁਣ ਕੋਈ ਸ਼ੱਕ ਨਹੀਂ ਸੀ ਕਿ ਅਸਲ ਵਿਚ ਬਰੈਂਡਾ ਇਕ ਵੇਸਵਾ ਸੀ।

'ਤੇ ਮੈਂ ਵੀ ਵੇਸਵਾ ਈ ਹੋਈ। ਬਰਨੀ , ਡੈਰਿਕ ਦੋਵੇਂ ਈ ਮੇਰੀ ਕੀਮਤ ਦੇ ਕੇ ਗਏ ਆ।' ਸ਼ਰਲੀ ਨੂੰ ਆਪਣਾ ਆਪ ਗੰਦਾ ਲੱਗਿਆ। ਉਸ ਨੇ ਫੈਸਲਾ ਕੀਤਾ ਕਿ ਉਹ ਘਰ ਜਾਵੇਗੀ ਅਤੇ ਡਰੱਗ ਤੋਂ ਖਹਿੜਾ ਛੁਡਾਉਣ ਲਈ ਡੈਡੀ ਦੀ ਮਦਦ ਲਵੇਗੀ।

ਸ਼ਾਮ ਨੂੰ ਮਾਈਕਲ ਆ ਗਿਆ। ਉਸ ਨਾਲ ਇਕ ਹੋਰ ਬੰਦਾ ਸੀ। ਮਾਈਕਲ ਸ਼ਰਲੀ ਕੋਲ ਆ ਗਿਆ ਅਤੇ ਉਹ ਬੰਦਾ ਲਾਊਂਜ ਵਿਚ ਸੋਫੇ ‘ਤੇ ਬੈਠ ਗਿਆ। ਸ਼ਰਲੀ ਧਾਅ ਕੇ ਮਾਈਕਲ ਨੂੰ ਮਿਲੀ। ਉਸ ਨੇ ਮਾਈਕਲ ਨੂੰ ਘਰ ਜਾਣ ਦਾ ਆਪਣਾ ਇਰਾਦਾ ਦੱਸਣਾ ਸੀ।

“ਸ਼ਰਲੀ ਮੇਰਾ ਇਕ ਕੰਮ ਤੈਨੂੰ ਕਰਨਾ ਪੈਣਾ। ਆਹ ਬੰਦਾ ਮੇਰਾ ਬੌਸ ਆ। ਇਹ ਤੇਰੇ ‘ਤੇ ਲੱਟੂ ਹੋਇਆ ਪਿਆ। ਤੂੰ ਇਹਨੂੰ ਖੁਸ਼ ਕਰ ਦੇਵੇਂ ਤਾਂ ਮੈਨੂੰ ਮੇਰੀ ਜਾਬ ਮਿਲ ਜੂ।” ਮਾਈਕਲ ਨੇ ਵਿਉਪਾਰਕ ਢੰਗ ਨਾਲ ਗੱਲ ਕੀਤੀ। ਸੁਣ ਕੇ ਸ਼ਰਲੀ ਸਕਤੇ ਵਿਚ ਆ ਗਈ। ਉਸ ਨੂੰ ਮਾਈਕਲ ਤੋਂ ਅਜਿਹੀ ਆਸ ਨਹੀਂ ਸੀ।

“ਮਾਈਕਲ ਤੈਨੂੰ ਸ਼ਰਮ ਨੀ ਆਉਂਦੀ।” ਸ਼ਰਲੀ ਦੇ ਅੱਗੇ ਕੁਝ ਕਹਿਣ ਤੋਂ ਪਹਿਲਾਂ ਹੀ ਇਕ ਤਕੜਾ ਥੱਪੜ ਮਾਈਕਲ ਨੇ ਸ਼ਰਲੀ ਦੇ ਮੂੰਹ ‘ਤੇ ਮਾਰਿਆ ਅਤੇ ਸ਼ਰਲੀ ਮੰਜੇ ‘ਤੇ ਜਾ ਡਿੱਗੀ। ਉਸ ਨੇ ਮਾਈਕਲ ਵੱਲ ਇਕੋ ਸਮੇਂ ਡਰੀਆਂ, ਗੁਸੈਲ ਤੇ ਹੱਕੀਆਂ ਬੱਕੀਆਂ ਨਜ਼ਰਾਂ ਨਾਲ ਵੇਖਿਆ। ਮਾਈਕਲ ਦਾ ਚਿਹਰਾ ਕਰੂਰ ਤੇ ਡਰਾਉਣਾ ਸੀ। ਪਹਿਲੀ ਵਾਰ ਮਾਈਕਲ ਉਸ ਨੂੰ ਖੂੰਖਾਰ ਜਾਨਵਰ ਲੱਗਿਆ।

“ਬਰਨੀ ਤੇ ਡੈਰਿਕ ਨਾਲੋਂ ਇਹ ਤੈਨੂੰ ਘੱਟ ਪੈਸੇ ਨੀ ਦੇਣ ਲੱਗਾ। ਦੂਜੀ ਗੱਲ ਅੱਜ ਤੋਂ ਬਾਅਦ ਪੰਜ ਤਿੰਨ ਕੀਤੀ ਆ ਤਾਂ--।” ਮਾਈਕਲ ਨੇ ਆਪਣੀ ਗਰਦਨ ‘ਤੇ ਤਲਵਾਰ ਨਾਲ ਕੱਟੇ ਜਾਣ ਵਾਂਗ ਹੱਥ ਫੇਰਿਆ ਅਤੇ ਬਾਹਰ ਨਿਕਲ ਗਿਆ। ਜੇਨ ਦਰਵਾਜ਼ੇ ਵਿਚ ਖੜ੍ਹੀ ਸਭ ਵੇਖ ਰਹੀ ਸੀ।

“ਸ਼ਰਲੀ ਬੇਵਕੂਫ ਨਾ ਬਣ। ਪੈਸੇ ਤਾਂ ਚਾਹੀਦੇ ਈ ਆ। ਜੋ ਮਾਈਕਲ ਕਹਿ ਰਿਹਾ ਉਹੋ ਕਰ। ਮੈਂ ਅੱਜ ਤੱਕ ਇਹੋ ਕਰ ਰਹੀ ਆਂ। ਬਰੈਂਡਾ ਦੇ ਦੋ ਬੱਚੇ ਆ। ਹਸਬੈਂਡ ਆ। ਉਹ ਵੀ ਇਹੋ ਕਰਦੀ ਆ।” ਸੁਣ ਕੇ ਸ਼ਰਲੀ ਨੂੰ ਹੈਰਾਨੀ ਹੋਈ। ਐਨੇ ਨੂੰ ਉਹ ਬੰਦਾ ਅੰਦਰ ਆ ਗਿਆ। ਜੇਨ ਦਰਵਾਜ਼ਾ ਬੰਦ ਕਰਕੇ ਚਲੀ ਗਈ।

ਬਾਹਰ ਖੜ੍ਹੀ ਜੇਨ ਅਤੇ ਮਾਈਕਲ ਨੂੰ ਪਹਿਲਾਂ ਸ਼ਰਲੀ ਦੀ ਗੁੱਸੇ ਭਰੀ ਅਵਾਜ਼ ਸੁਣੀ। ਬਾਅਦ ਵਿਚ ਉਸ ਦੇ ਥੱਪੜ ਪੈਣ ਦੀ।

ਕੁਝ ਕੁ ਜੱਦੋਜਹਿਦ ਬਾਅਦ ਉਹ ਬੰਦਾ ਪੈਂਟ ਦੇ ਬਟਨ ਬੰਦ ਕਰਦਾ ਬਾਹਰ ਆਇਆ ਅਤੇ ਸ਼ਰਲੀ ਮੂਧੇ ਮੂੰਹ ਨੰਗੀ ਬੈਡ ‘ਤੇ ਪਈ ਰਹੀ। ਮਾਈਕਲ ਨੇ ਤਿਰਸਕਾਰ ਭਰੀ ਨਜ਼ਰ ਨਾਲ ਉਸ ਵੱਲ ਵੇਖਿਆ ਅਤੇ ਚਲਾ ਗਿਆ।

ਮਾਈਕਲ ਦੀ ਅਸਲੀਅਤ ਸ਼ਰਲੀ ਦੇ ਸਾਹਮਣੇ ਹੁਣ ਸਾਫ਼ ਸੀ। ਸ਼ਰਲੀ ਲਈ ਮਾਈਕਲ ਇਕ ਖੂੰਖਾਰ ਜਾਨਵਰ ਸੀ। ਉਸ ਦੇ ਬੁਟੀਕ ਖੋਲ੍ਹਣ ਦੇ ਸੁਪਨੇ, ਸਫ਼ਲ ਬਿਜ਼ਨਸ ਵੋਮਨ ਬਣਨ ਦੇ ਸੁਪਨੇ ਅਤੇ ਖੁਸ਼ੀ ਪ੍ਰੀਵਾਰ ਜਿਸ ਵਿਚ ਪਿਆਰ ਕਰਨ ਵਾਲਾ ਪਤੀ ਅਤੇ ਪਿਆਰੇ ਬੱਚਿਆਂ ਦੀ ਉਸ ਨੇ ਕਲਪਨਾ ਕੀਤੀ, ਉਹ ਸਭ ਢਹਿ ਢੇਰੀ ਹੋ ਗਿਆ ਸੀ। ਇਸ ਸਭ ਕੁਝ ਦਾ ਜ਼ਿੰਮੇਵਾਰ ਮਾਈਕਲ ਸੀ। ਮਾਈਕਲ, ਜਿਸ ਨੂੰ ਸ਼ਰਲੀ ਨੇ ਪਿਆਰ ਕੀਤਾ ਅਤੇ ਵਿਸ਼ਵਸ਼ ਕੀਤਾ। ਉਸੇ ਮਾਈਕਲ ਨੇ ਉਸ ਨੂੰ ਗੰਦੀ ਅਤੇ ਹਨ੍ਹੇਰੀ ਖੱਡ ਵਿਚ ਧਕੇਲ ਦਿੱਤਾ। ਉਸ ਨੂੰ ਇਸ ਗੰਦਗੀ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੀ ਦਿਸ ਰਿਹਾ।

ਮਾਈਕਲ ਨੇ ਪਤਾ ਨਹੀਂ ਕਿੰਨੀਆਂ ਸ਼ਰਲੀਆਂ ਦੀ ਜ਼ਿੰਦਗੀ ਤਬਾਹ ਕੀਤੀ ਹੋਵੇਗੀ ਅਤੇ ਪਤਾ ਨਹੀਂ ਕਿੰਨ੍ਹੀਆਂ ਹੋਰ ਦੀ ਅਜੇ ਹੋਰ ਕਰੂਗਾ! ਸ਼ਰਲੀ ਨੇ ਉਥੋਂ ਭੱਜ ਜਾਣ ਬਾਰੇ ਸੋਚਿਆ। ਪੁਲੀਸ ਨੂੰ ਖਬਰ ਕਰਨ ਦਾ ਮਨ ਬਣਾਇਆ, ਡੈਡ ਨੂੰ ਫੋਨ ਕਰਨ ਦਾ ਵਿਚਾਰ ਬਣਾਇਆ। ਕਿਸੇ ਵੀ ਤਰ੍ਹਾਂ ਉਸ ਨੂੰ ਇਸ ਜਿਲ੍ਹਣ ਚੋਂ ਨਿਲਕਣ ਦਾ ਰਾਹ ਨਹੀਂ ਦਿਸ ਰਿਹਾ ਸੀ। ਹਰ ਹਾਲਤ ਵਿਚ ਮਾਈਕਲ ਸ਼ਰਲੀ ਨੂੰ ਹੀ ਨਹੀਂ ਉਸ ਦੇ ਮਾਂ ਬਾਪ ਨੂੰ ਵੀ ਜਾਨੀ ਨੁਕਸਾਨ ਪਹੁੰਚਾ ਸਕਦਾ ਸੀ। ਆਪਣੇ ਆਪ ਦਾ ਤਾਂ ਉਸ ਨੂੰ ਬਹੁਤਾ ਫਿਕਰ ਨਹੀਂ ਸੀ। ਮਾਂ ਜਾਂ ਬਾਪ ਨੂੰ ਪਹੁੰਚੀ ਚੋਟ ਨੂੰ ਉਸ ਤੋਂ ਬਰਦਾਸ਼ਤ ਨਹੀਂ ਸੀ ਹੋ ਸਕਣਾ।

ਮੇਜ਼ 'ਤੇ ਮੋੜੇ ਤਰੋੜੇ ਨੋਟਾਂ ਵੱਲ ਉਸ ਨੇ ਵੇਖਿਆ ਤਾਂ ਉਸ ਨੂੰ ਆਪਣੇ ਆਪ ‘ਤੇ ਗਿਲਾਨੀ ਹੋਈ। ਉਸ ਨੂੰ ਮਾਈਕਲ ਪ੍ਰਤੀ ਹੋਰ ਵੀ ਨਫ਼ਰਤ,ਅੰਤਾਂ ਦਾ ਗੁੱਸਾ ਅਤੇ ਬਦਲੇ ਦੀ ਭਾਵਨਾ ਦਾ ਝੱਖੜ ਆਪਣੇ ਅੰਦਰ ਉੱਠਦਾ ਮਹਿਸੂਸ ਹੋਇਆ। ਉਸ ਨੇ ਪਾਸਾ ਪਰਤਿਆ ਅਤੇ ਬੈਡ ‘ਤੇ ਉੱਠ ਕੇ ਬੈਠ ਗਈ। ਆਪਣੇ ਕੱਪੜੇ ਪਾਏ ਅਤੇ ਬਾਹਰ ਖਿੜਕੀ ਵਿਚੋਂ ਦੀ ਬਾਹਰ ਵੇਖਿਆ। ਉਸ ਦੀਆਂ ਅੱਖਾਂ ਵਿਚ ਕਿਸੇ ਫੈਸਲੇ ਨੂੰ ਅੰਜ਼ਾਮ ਦੇਣ ਦੀ ਦ੍ਰਿੜਤਾ ਸੀ।

ਜੇਨ ਅੰਦਰ ਆਈ ਤਾਂ ਉਸ ਨੇ ਮਾੜਾ ਜਿਹਾ ਮੁਸਕਰਾ ਕੇ ਉਸ ਦਾ ਸਵਾਗਤ ਕੀਤਾ। ਜੇਨ ਨੂੰ ਹੈਰਾਨੀ ਹੋਈ। ਉਸ ਦੀ ਮੁਸਕਰਾਹਟ ਦਾ ਅਸਲੀ ਮਤਲਬ ਜੇਨ ਨੂੰ ਸਮਝ ਨਾ ਆਇਆ। ਉਹ ਸ਼ਸ਼ੋਪੰਜ ਜਿਹੇ ਵਿਚ ਸ਼ਰਲੀ ਨੂੰ ਵੇਖਣ ਲੱਗੀ।

“ਸ਼ਰਲੀ ਮੈਨੂੰ ਅਫਸੋਸ ਆ ਪਰ ਤੈਨੂੰ ਸਮਝ ਲੈਣਾ ਚਾਹੀਦਾ ਮਾਈਕਲ ਦੇ ਚੁੰਗਲ ‘ਚੋਂ ਬਚਣਾ ਸੰਭਵ ਨਹੀਂ। ਉਸ ਲਈ ਹਰ ਗੁਨਾਹ ਬਹੁਤ ਛੋਟਾ ਐ। ਹੁਣ ਜਦੋਂ ਤੂੰ ਫਸ ਈ ਗਈ ਐਂ ਤਾਂ ਫਟਕਣ ਦਾ ਬਹੁਤਾ ਫਾਇਦਾ ਨੀ। ਹਾਲਾਤ ਨਾਲ ਸਮਝੌਤਾ ਕਰਨਾ ਈ ਚੰਗਾ।” ਜੇਨ ਨੂੰ ਕਿਤੇ ਨਾ ਕਿਤੇ ਸ਼ਰਲੀ ਨਾਲ ਹਮਦਰਦੀ ਮਹਿਸੂਸ ਹੋਈ। ਸ਼ਾਇਦ ਆਪਣੇ ਦਿਨਾਂ ਨੂੰ ਯਾਦ ਕਰਕੇ। ਡੈਨੀ ਨੇ ਉਸ ਨੂੰ ਵੀ ਤਾਂ ਅਜਿਹੇ ਹੀ ਹੱਥ ਕੰਡੇ ਵਰਤ ਕੇ ਐਥੇ ਤੱਕ ਲਿਆਂਦਾ ਸੀ। ਉਹ ਡੈਨੀ ਦੀ ਮਸ਼ੀਨ ਦਾ ਹੀ ਇਕ ਪੁਰਜ਼ਾ ਬਣ ਕੇ ਰਹਿ ਗਈ ਸੀ।

“ਜੇਨ ਮਾਈਕਲ ਬਾਰੇ ਤੂੰ ਹੋਰ ਕੀ ਜਾਣਦੀ ਐਂ!”

“ਮਾਈਕਲ ਦੇ ਗੁਨਾਹਾਂ ਤੋਂ ਛੁੱਟ ਹੋਰ ਕੁਝ ਵੀ ਨਹੀਂ। ਨਾ ਈ ਕੋਈ ਹੋਰ ਉਸ ਬਾਰੇ ਜਾਣਦਾ ਐ” ਜੇਨ ਦੀ ਗੱਲ ਸੁਣ ਕੇ ਸ਼ਰਲੀ ਨੂੰ ਪਤਾ ਲੱਗ ਗਿਆ ਮਾਈਕਲ ਦਾ ਕਿਹਾ ਹਰ ਸ਼ਬਦ ਝੂਠਾ ਸੀ। ਉਸ ਨੇ ਬਹੁਤ ਗਲਤੀ ਕੀਤੀ ਜੋ ਮਾਈਕਲ ਬਾਰੇ ਛਾਣ ਬੀਣ ਕਰਨ ਤੋਂ ਬਿਨਾਂ ਹੀ ਉਸ ਨਾਲ ਚਿਮਟ ਗਈ ਅਤੇ ਐਨਾ ਵਿਸ਼ਵਾਸ਼ ਕਰ ਲਿਆ। ਹੁਣ ਉਸ ਸਭ ਕੁਝ ਦੀ ਸਜ਼ਾ ਭੁਗਤਣੀ ਪੈਣੀ ਸੀ। ਸ਼ਰਲੀ ਆਪਣੇ ਆਪ ਨੂੰ ਕੋਸਣ ਲੱਗੀ ਕਿਉਂ ਉਸ ਨੇ ਮਾਈਕਲ ਨੂੰ ਕੰਮ ‘ਤੇ ਜਾ ਕੇ ਮਿਲਣ ਦੀ ਕੋਸ਼ਿਸ਼ ਨਾ ਕੀਤੀ! ਉਸ ਨੇ ਕਿਵੇਂ ਮਾਈਕਲ

ਦੀ ਹਰ ਗੱਲ ਨੂੰ ਅੰਧ ਵਿਸ਼ਵਾਸ਼ ਨਾਲ ਮੰਨ ਲਿਆ!

"ਠੀਕ ਆ ਜੇਨ ਜੇ ਇਹ ਸਾਰਾ ਕੁਝ ਕਰਨਾ ਈ ਪੈਣਾ ਤਾਂ ਮੈਂ ਤਿਆਰ ਆਂ। ਮੇਰੀਆਂ ਕੁਝ ਸ਼ਰਤਾਂ ਜੋ ਮਾਈਕਲ ਨਾਲ ਤਹਿ ਕਰਨੀਆਂ ਪੈਣਗੀਆਂ। ਤੂੰ ਮਾਈਕਲ ਨੂੰ ਬੁਲਾ।" ਜੇਨ ਨੂੰ ਸੁਣ ਕੇ ਸਦਮੇ ਵਰਗੀ ਹੈਰਾਨੀ ਹੋਈ। ਉਹ ਬਾਹਰ ਨਿਕਲਣ ਲੱਗੀ ਦਰਵਾਜ਼ੇ ਨਾਲ ਟਕਰਾਉਂਦੀ ਟਕਰਾਉਂਦੀ ਮਸਾਂ ਬਚੀ।

ਮਾਈਕਲ ਆਇਆ ਤਾਂ ਸ਼ਰਲੀ ਤਿਆਰ ਹੋਈ ਬੈਠੀ ਸੀ। ਉਸ ਦੇ ਚਿਹਰੇ ਤੋਂ ਇੰਝ ਲਗਦਾ ਸੀ ਜਿਵੇਂ ਪਿਛਲੇ ਕੁਝ ਮਿੰਟਾਂ ਵਿਚ ਹੀ ਉਸ ਨੇ ਉਮਰ ਭਰ ਦੇ ਸੱਚ ਦਾ ਕਟੋਰਾ ਪੀ ਲਿਆ ਹੋਵੇ ਅਤੇ ਉਸ ਸੱਚ ਨੇ ਸ਼ਰਲੀ ਨੂੰ ਕੁੜੀ ਤੋਂ ਔਰਤ ਬਣਾ ਦਿੱਤਾ ਹੋਵੇ। ਮਾਈਕਲ ਨੇ ਘੋਖਵੀਆਂ ਨਜ਼ਰਾਂ ਨਾਲ ਸ਼ਰਲੀ ਨੂੰ ਵੇਖਿਆ। ਉਹ ਆਪਣੇ ਸੰਚੇ ਵਿਚ ਢਲੇ ਸਰੀਰ ਅਤੇ ਦਿਲਕਸ਼ ਨਕਸ਼ਾਂ ਨੂੰ ਹੋਰ ਵੀ ਸੁੰਦਰ ਬਣਾਈ ਖੜ੍ਹੀ ਸੀ। ਮਾਈਕਲ ਨੂੰ ਉਸ ਦੀ ਸੁੰਦਰਤਾ ਨੇ ਇਕ ਵਾਰ ਫਿਰ ਖਿੱਚ ਪਾਈ। ਮਾਈਕਲ ਨੂੰ ਸ਼ਰਲੀ ਦੀਆਂ ਅੱਖਾਂ ਵਿਚ ਬਹੁਤ ਕੁਝ ਮਹਿਸੂਸ ਹੋਇਆ। ਸ਼ਕਾਇਤ, ਗੁੱਸਾ, ਦਰਿੰਦਗੀ ਪਤਾ ਨੂੰ ਕੀ ਕੁਝ ਸੀ ਜਿਸ ਨੂੰ ਮਾਈਕਲ ਨੇ ਬਹੁਤਾ ਧਿਆਨ ਦੇਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸ਼ਰਲੀ ਵਰਗੀ ਕਮਜ਼ੋਰ ਕੁੜੀ ਉਸ ਦਾ ਕੀ ਵਿਗਾੜ ਸਕਦੀ ਸੀ ਜਿਸ ਨੇ ਡੈਨੀ ਵਰਗੇ ਖਤਰਨਾਕ ਆਦਮੀ ਨੂੰ ਮਿੰਟਾਂ ਵਿਚ ਖਤਮ ਕਰ ਦਿੱਤਾ ਸੀ। ਮਾਈਕਲ ਮੁਸਕਰਾਹਟ ਨਾਲ ਅੰਦਰ ਦਾਖਲ ਹੋਇਆ।

"ਮਾਈਕਲ ਜੋ ਤੂੰ ਮੇਰੇ ਨਾਲ ਕੀਤਾ ਚੰਗਾ ਨੀ ਕੀਤਾ। ਮੈਂ ਤੈਨੂੰ ਅਜੇ ਵੀ ਪਿਆਰ ਕਰਦੀ ਆਂ। ਜੇ ਤੈਨੂੰ ਮੇਰੇ ਕੋਲੋਂ ਧੰਦਾ ਕਰਾਉਣਾ ਈ ਪਸੰਦ ਐ ਤਾਂ ਇਵੇਂ ਸਹੀ। ਤੂੰ ਦੱਸ ਮੈਨੂੰ ਕੀ ਕਰਨਾ ਪਊ ਤੇ ਮੈਨੂੰ ਕੀ ਫਾਇਦਾ ਹੋਊ!" ਸ਼ਰਲੀ ਗਿਲਾ ਕਰਨ ਦੇ ਨਾਲ ਨਾਲ ਵਪਾਰਕ ਅੰਦਾਜ਼ ਵਿਚ ਗੱਲ ਕਰਨ ਲੱਗੀ।

"ਸ਼ਰਲੀ ਮੈਂ ਵੀ ਤੈਨੂੰ ਬਹੁਤ ਪਿਆਰ ਕਰਦਾ ਆਂ। ਮੇਰਾ ਪਿਆਰ ਕਰਨ ਦਾ ਢੰਗ ਕੁਝ ਵੱਖਰਾ ਆ। ਮੈਂ ਤੇਰੇ ਕੋਲ ਆਮ ਲੋਕ ਨਹੀਂ ਸਗੋਂ ਬਹੁਤ ਖਾਸ ਲੋਕ ਭੇਜਣ ਦਾ ਫ਼ੈਸਲਾ ਕੀਤਾ। ਚੰਗੇ ਚੰਗੇ ਬਿਜ਼ਨਸਮੈਨ, ਪਾਲੇਟੀਸ਼ਨ ਜਾਂ ਅਜਿਹੇ ਹੋਰ ਲੋਕ ਜੋ ਸਭ ਕੁਝ ਕਰਦੇ ਆ। ਪਰ ਲੋਕਾਂ ਤੋਂ ਡਰਦੇ ਵੀ ਆ। ਕਈ ਤਾਂ ਵਿਆਹੇ ਵਰ੍ਹੇ ਬੰਦੇ ਵੀ ਹੁੰਦੇ ਆ। ਇਹ ਲੋਕ ਖੁੱਲ੍ਹਾ ਪੈਸਾ ਖਰਚਦੇ ਆ ਨਾਲੇ ਬਹੁਤਾ ਤੰਗ ਨੀ ਕਰਦੇ। ਗਾਹਕ ਮੈਂ ਲਿਆਉਣੇ ਆ। ਖੁਸ਼ ਤੂੰ ਕਰਨੇ ਆਂ। ਪੈਸੇ ਦੀ ਤੈਨੂੰ ਕੋਈ ਘਾਟ ਨੀ ਹੋਣ ਲੱਗੀ। ਹੁਣ ਮਾਰਕਟ 'ਚ ਮੋਬਾਈਲ ਫੋਨ ਵੀ ਆ 'ਗੇ ਆ। ਸ਼ਰਲੀ ਡਾਰਲਿੰਗ ਤੈਨੂੰ ਵੀ ਇਕ ਲੈ ਦੇਣਾ। ਆਪਣਾ ਕੰਮ ਹੋਰ ਵੀ ਸੌਖਾ ਹੋ ਜੂ।" ਮਾਈਕਲ ਨੇ ਸ਼ਰਲੀ ਦੇ ਮੋਢੇ ਤੋਂ ਦੀ ਬਾਂਹ ਵਲੀ ਅਤੇ ਉਸ ਨੂੰ ਗੱਲ੍ਹ 'ਤੇ ਪੋਲਾ ਜਿਹਾ ਚੁੰਮ ਲਿਆ। ਸ਼ਰਲੀ ਮਲਕੜੇ ਜਿਹੇ ਮਾਈਕਲ ਤੋਂ ਪਾਸੇ ਹੋ ਗਈ। ਮਾਈਕਲ ਦਾ ਹੱਥ ਲਾਹੁਣਾ ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਸ ਦੇ ਛੂਹਣ ਨਾਲ ਸ਼ਰਲੀ ਭਿੱਟੀ ਜਾਵੇਗੀ।

"ਮੈਨੂੰ ਮੰਨਜ਼ੂਰ ਆ। ਇਕ ਤਾਂ ਮੈਂ ਐਥੇ ਨੀ ਰਹਿਣਾ। ਮੇਰੇ ਲਈ ਵੱਖਰੇ ਫਲੈਟ ਦਾ ਪ੍ਰਬੰਧ ਹੋਣਾ ਚਾਹੀਦਾ। ਦੂਜਾ ਆਹ ਨਾ ਹੋਵੇ ਤੂੰ ਮੇਰੇ ਕੋਲ ਆਉਣਾ ਜਾਣਾ ਬੰਦ ਕਰ ਦੇਵੇਂ। ਮੈਂ ਤੇਰੀ ਖੁਸ਼ੀ ਕਰਕੇ ਈ ਸਭ ਕਰ ਰਹੀਂ ਆਂ।" ਸ਼ਰਲੀ ਨੇ ਆਪਣੀਆਂ ਨਜ਼ਰਾਂ ਨਾਲ ਮਾਈਕਲ ਦੇ ਆਰ ਪਾਰ ਵੇਖਣ ਦੀ ਕੋਸ਼ਿਸ਼ ਕੀਤੀ। ਮਾਈਕਲ ਦੇ ਚਿਹਰੇ 'ਤੇ ਸੰਤੁਸ਼ਟਤਾ ਦੇ ਭਾਵ ਸਨ ਅਤੇ ਉਹ ਲੋੜੋਂ ਵੱਧ ਖੁਸ਼ ਦਿਸਦਾ ਸੀ।

"ਫਲੈਟ ਦਾ ਬੰਦੋਬਸਤ ਤਾਂ ਮੈਂ ਤੇਰੇ ਲਈ ਪਹਿਲਾਂ ਈ ਕੀਤਾ ਹੋਇਆ। ਤੈਨੂੰ ਨਾ ਮਿਲਣ ਦਾ ਤਾਂ ਸਵਾਲ ਈ ਪੈਦਾ ਨੀ ਹੁੰਦਾ। ਮੈਂ ਆਪਣੇ ਵਰਤਾਅ ਦੀ ਤੇਰੇ ਤੋਂ ਮੁਆਫ਼ੀ ਵੀ ਮੰਗਦਾਂ।" ਮਾਈਕਲ ਦੀ ਚਾਪਲੂਸੀ ਨਾਲ ਭਿੱਜੀ ਹੋਈ ਅਵਾਜ਼ ਸ਼ਰਲੀ ਨੇ ਸੁਣੀ ਅਤੇ

ਮਨ ਹੀ ਮਨ ਮੁਸਕਰਾਈ। ਸ਼ਰਲੀ ਨੂੰ ਪਤਾ ਸੀ ਮਾਈਕਲ ਉਸ ਨੂੰ ਮਿਲੇ ਬਿਨਾਂ ਰਹਿ ਹੀ ਨਹੀਂ ਸਕਦਾ। ਧੰਦੇ ਦੀ ਆਮਦਨ ਦੇ ਨਾਲ ਨਾਲ ਗਾਹਕਾਂ ਨੂੰ ਡਰੱਗ ਵੇਚਣ ਅਤੇ ਸਪਲਾਈ ਦੇ ਪੈਸੇ ਜੋ ਉਸ ਨੇ ਸ਼ਰਲੀ ਤੋਂ ਲੈਣੇ ਹੋਇਆ ਕਰਨਗੇ।

ਸ਼ਰਲੀ ਈਲਿੰਗ ਵੈਸਟ ਦੇ ਦੋ ਬੈਡ ਰੂਮ ਦੇ ਫਲੈਟ ਵਿਚ ਚਲੀ ਗਈ। ਇਸ ਫਲੈਟ ਨੂੰ ਮਾਈਕਲ ਨੇ ਵਾਹਵਾ ਸੁਹਣਾ ਤਿਆਰ ਕਰਵਾਇਆ ਸੀ। ਉਸ ਦਾ ਧੰਦਾ ਜਾਂ ਕਹਿਣਾ ਚਾਹੀਦਾ ਮਾਈਕਲ ਦਾ ਧੰਦਾ ਚੰਗਾ ਚੱਲ ਪਿਆ। ਕੁਝ ਦਿਨ ਪਹਿਲਾਂ ਤਾਂ ਸ਼ਰਲੀ ਨੂੰ ਹਿਚਕਾਹਟ ਹੁੰਦੀ ਰਹੀ। ਕੁਝ ਦਿਨਾਂ ਬਾਅਦ ਉਸ ਨੇ ਮਹਿਸੂਸ ਕੀਤਾ ਕਿਸੇ ਦੇ ਸਾਹਮਣੇ ਕੱਪੜੇ ਲਾਹੁਣ ਵਿਚ ਹੁਣ ਉਸ ਨੂੰ ਕੋਈ ਸ਼ਰਮ ਨਹੀਂ ਸੀ। ਉਸ ਨੇ ਗਾਹਕਾਂ ਦਾ ਭੁਗਤਾਨ ਇੰਝ ਹੀ ਕਰਨਾ ਸ਼ੁਰੂ ਕਰ ਦਿਤਾ ਜਿਵੇਂ ਕਦੇ ਉਸ ਦੀ ਮਾਂ ਬੈਂਕ ਵਿਚ ਕੰਮ ਕਰਦਿਆਂ ਗਾਹਕਾਂ ਨੂੰ ਪੈਸਿਆਂ ਦਾ ਭੁਗਤਾਨ ਕਰਦੀ ਸੀ। ਉਸ ਦੇ ਸੁਪਨੇ ਸਹਿਕਦੇ ਸਹਿਕਦੇ ਦਮ ਤੋੜ ਗਏ ਸਨ। ਹੁਣ ਉਸ ਦਾ ਇਕੋ ਇਕ ਸੁਪਨਾ ਸੀ ਮਾਈਕਲ ਤੋਂ ਬਦਲਾ ਲੈਣ ਦਾ। ਕਿਵੇਂ, ਉਸ ਲਈ ਅਣਸੁਲਝਿਆ ਸਵਾਲ ਸੀ। ਮਾਈਕਲ ਨੂੰ ਉਹ ਵਾਈਨ ਵਿਚ ਡਰੱਗ ਪਾ ਕੇ ਬੇਹੋਸ਼ ਕਰ ਸਕਦੀ ਸੀ। ਇੰਝ ਕਰਨ ਨਾਲ ਮਾਈਕਲ ਦੀਆਂ ਅੱਖਾਂ ਵਿਚ ਡਰ ਅਤੇ ਪਛਤਾਵਾ ਨਹੀਂ ਵੇਖ ਸਕਦੀ ਸੀ। ਸਾਹਮਣੇ ਤੋਂ ਵਾਰ ਕਰਨ ਦਾ ਮਤਲਬ ਸੀ ਜਿਵੇਂ ਬਿੱਲੀ ਸ਼ੇਰ ‘ਤੇ ਵਾਰ ਕਰ ਰਹੀ ਹੋਵੇ। ਉਹ ਮਾਈਕਲ ਨੂੰ ਪੂਰੇ ਹੋਸ਼ ਹਵਾਸ ਵਿਚ ਰੱਖ ਕੇ ਵਾਰ ਕਰਨਾ ਚਾਹੁੰਦੀ ਸੀ। ਸ਼ਰਲੀ ਬੱਸ ਮਾਈਕਲ ਦੀਆਂ ਅੱਖਾਂ ਵਿਚ ਡਰ ਅਤੇ ਪਛਤਾਵਾ ਵੇਖਣਾ ਚਾਹੁੰਦੀ ਸੀ। ਮਾਈਕਲ ਮੌਤ ਦੀ ਭੀਖ ਮੰਗਦਾ ਵੇਖਣ ਨਾਲ ਉਸ ਨੂੰ ਮਾਨਸਕ ਤਸੱਲੀ ਮਿਲਣੀ ਸੀ।

ਜੇਨ ਨਾਲ ਦੋਸਤੀ ਦੇ ਸਬੰਧ ਤਾਂ ਖਤਮ ਹੋ ਗਏ ਸਨ। ਧੰਦੇ ਕਰਕੇ ਕਦੇ ਕਦੇ ਜੇਨ ਉਸ ਨੂੰ ਮਿਲਦੀ। ਜੇਨ ਦੇ ਮਨ ਵਿਚ ਉਸ ਦਾ ਰਹਿਣ ਸਹਿਣ ਵੇਖ ਕੇ ਸ਼ਰਲੀ ਪ੍ਰਤੀ ਈਰਖਾ ਪੈਦਾ ਹੋ ਗਈ ਸੀ। ਜੇਨ ਨੂੰ ਕਦੇ ਡੈਨੀ ਨੇ ਅਜਿਹੀ ਐਸ਼ ਨਹੀਂ ਕਰਵਾਈ ਸੀ ਅਤੇ ਹੁਣ ਅੱਧਪੱਕੀ ਉਮਰ ਹੋਣ ਕਰਕੇ ਮਾਈਕਲ ਤੋਂ ਵੀ ਉਸ ਨੂੰ ਕੋਈ ਆਸ ਨਹੀਂ ਸੀ। ਮਾਈਕਲ ਨੂੰ ਉਹ ਕੁਝ ਵੀ ਕਹਿਣ ਜਾਂ ਮੰਗਣ ਤੋਂ ਝਿਜਕਦੀ ਕਿਉਂਕਿ ਉਹ ਮਾਈਕਲ ਨੂੰ ਡੈਨੀ ਤੋਂ ਵੀ ਜ਼ਿਆਦਾ ਖਤਰਨਾਕ ਸਮਝਦੀ। ਸ਼ਰਲੀ ਜੇਨ ਨਾਲ ਵਿਖਾਵੇ ਦਾ ਦੋਸਤੀ ਦਾ ਰਿਸ਼ਤਾ ਕਇਮ ਰਖਦੀ। ਜੇਨ ਦੀ ਸ਼ਰਲੀ ਨੂੰ ਲੋੜ ਸੀ। ਉਸ ਨੇ ਸ਼ਰਲੀ ਨੂੰ ਧੰਦੇ ਸਬੰਧੀ ਬਹੁਤ ਕੁਝ ਸਿਖਾਇਆ ਜਿਸ ਦਾ ਸ਼ਰਲੀ ਨੂੰ ਪਤਾ ਨਹੀਂ ਸੀ। ਗਾਹਕਾਂ ਦਾ ਜਲਦੀ ਤੋਂ ਜਲਦੀ ਭੁਗਤਾਨ ਕਰਨਾ, ਵੱਧ ਤੋਂ ਵੱਧ ਪੈਸੇ ਮਾਠਣ ਦੇ ਢੰਗ ਤਰੀਕੇ ਜੇਨ ਨੇ ਹੀ ਸ਼ਰਲੀ ਨੂੰ ਸਿਖਾਏ ਸਨ।

ਮਾਈਕਲ ਹਫ਼ਤੇ ਵਿਚ ਦੋ ਤਿੰਨ ਵਾਰ ਸ਼ਰਲੀ ਕੋਲ ਆਉਂਦਾ। ਉਹ ਸ਼ਰਲੀ ਦੇ ਪਸੰਦ ਦੀ ਵਾਈਨ ਲੈ ਕੇ ਆਉਂਦਾ ਅਤੇ ਉਹ ਦੋਵੇਂ ਬੈਠ ਕੇ ਪੀਂਦੇ। ਮਾਈਕਲ ਸ਼ਰਲੀ ਦਾ ਧਿਆਨ ਰਖਦਾ। ਸ਼ਰਲੀ ਇਕੱਲੀ ਦੀ ਕਮਾਈ ਤਿੰਨ ਕੁੜੀਆਂ ਦੇ ਬਰਾਬਰ ਸੀ। ਮਾਈਕਲ ਕਿਸੇ ਵੀ ਕਾਰਨ ਸ਼ਰਲੀ ਨੂੰ ਅੱਪ-ਸੈਟ ਕਰਨਾ ਨਹੀਂ ਚਾਹੁੰਦਾ ਸੀ। ਜੇ ਉਹ ਪਿਆਰ ਨਾਲ ਕੰਮ ਕਰ ਰਹੀ ਸੀ ਤਾਂ ਉਸ ਨਾਲ ਉਹ ਇਵੇਂ ਹੀ ਪੇਸ਼ ਆਉਂਦਾ।

ਸ਼ਰਲੀ ਦੇ ਗਾਹਕਾਂ ਵਿਚ ਇਕ ਚੀਨੀ ਨਸਲ ਦਾ ਮੁੰਡਾ ਫਿਊਚਨ ਵੀ ਸੀ। ਫਿਊਚਨ ਉਸ ਕੋਲ ਦੋ ਤਿੰਨ ਵਾਰ ਆਇਆ। ਤੀਜੀ ਵਾਰ ਆਇਆ ਤਾਂ ਸ਼ਰਲੀ ਨੇ ਉਸ ਦੀ ਜੈਕਟ ਵਿਚ ਰਿਵਾਲਰ ਵੇਖਿਆ। ਉਸ ਦਿਨ ਉਹ ਫਿਊਚਨ ਨਾਲ ਹੋਰ ਵੀ ਪਿਆਰ ਨਾਲ ਪੇਸ਼ ਆਈ। ਉਸ ਦੇ ਮਨ ਵਿਚ ਇਕ ਸਕੀਮ ਤਿਆਰ ਹੋਣ ਲੱਗੀ। ਅਗਲੀ ਵਾਰ ਜਦ ਫਿਊਚਨ ਆਇਆ ਤਾਂ ਸ਼ਰਲੀ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ। ਫਿਊਚਨ ਨੂੰ ਹੈਰਾਨੀ ਹੋਈ। ਕੰਜਰੀ ਦਾ ਕੰਮ ਜ਼ਿਆਦਾ ਪੈਸੇ ਜੇਬ ‘ਚੋਂ ਕੱਢਣ ਦਾ ਹੁੰਦਾ। ਉਹ ਉਸ

ਨੂੰ ਮੁਫ਼ਤ ਦੀ ਸਰਵਿਸ ਦੇ ਰਹੀ ਸੀ।

"ਫਿਊਚਨ ਅਗਲੀ ਵਾਰ ਆਪਾਂ ਐਥੇ ਨੀ ਤੇਰੇ ਫਲੈਟ ਵਿਚ ਜਾਂ ਜਿਥੇ ਤੂੰ ਚਾਹੇਂ ਮੈਂ ਤੈਨੂੰ ਮਿਲੂੰ।" ਸ਼ਰਲੀ ਨੇ ਉਸ ਦੀ ਕਮੀਜ਼ ਦੇ ਬਟਨ ਬੰਦ ਕਰਦਿਆਂ ਉਸ ਨੂੰ ਬੁੱਲ੍ਹਾਂ 'ਤੇ ਚੁੰਮ ਲਿਆ। ਇਹ ਪਹਿਲੀ ਵਾਰ ਸੀ ਜਦ ਉਸ ਨੇ ਧੰਦਾ ਕਰਦਿਆਂ ਕਿਸੇ ਨੂੰ ਬੁੱਲ੍ਹਾਂ 'ਤੇ ਚੁੰਮਿਆ ਸੀ।

"ਜਿਵੇਂ ਤੇਰੀ ਮਰਜ਼ੀ। ਮੈਂ ਤੈਨੂੰ ਫੋਨ ਕਰੂੰ।" ਸ਼ਰਲੀ ਫਿਊਚਨ ਨੂੰ ਦਰਵਾਜ਼ੇ ਤੱਕ ਛੱਡਣ ਆਈ ਅਤੇ ਉਸ ਨੂੰ ਇਕ ਵਾਰ ਫਿਰ ਚੁੰਮਿਆ।

ਸ਼ਰਲੀ ਨੇ ਫਿਊਚਨ ਨੂੰ ਉਸ ਦੇ ਫਲੈਟ ਵਿਚ ਮਿਲਣਾ ਸ਼ੁਰੂ ਕਰ ਦਿੱਤਾ। ਸ਼ਰਲੀ ਦਾ ਦਿਲ ਧੜਕਦਾ ਰਹਿੰਦਾ ਕਿ ਕਿਤੇ ਮਾਈਕਲ ਨੂੰ ਪਤਾ ਨਾ ਲੱਗ ਜਾਵੇ। ਮਾਈਕਲ ਦੀ ਕਾਂ ਅੱਖ ਤੋਂ ਉਹ ਜਾਣੂੰ ਸੀ। ਉਸ ਨੂੰ ਇਹ ਵੀ ਪਤਾ ਸੀ ਰਿਸਕ ਲਏ ਬਿਨਾਂ ਉਹ ਆਪਣਾ ਮਕਸਦ ਪੂਰਾ ਨਹੀਂ ਕਰ ਸਕਦੀ ਸੀ। ਸ਼ਰਲੀ ਨੇ ਫਿਊਚਨ ਦਾ ਵਿਸ਼ਵਾਸ਼ ਜਿੱਤਣ ਦਾ ਪੂਰਾ ਯਤਨ ਕੀਤਾ ਅਤੇ ਉਹ ਬਹੁਤ ਹੱਦ ਤੱਕ ਸਫ਼ਲ ਵੀ ਹੋ ਗਈ। ਫਿਊਚਨ ਉਸ ਨਾਲ ਆਪਣੇ ਕੰਮ ਸਬੰਧੀ ਥੋੜਾ ਜਿਹਾ ਖੁੱਲ੍ਹ ਗਿਆ ਸੀ। ਉਸ ਦਾ ਕੰਮ ਵੀ ਡਰੱਗ ਦਾ ਸੀ ਅਤੇ ਉਹ ਚੀਨਿਆਂ ਦੇ ਇਕ ਗੈਂਗ ਦਾ ਸਿਰ ਕੱਢ ਬੰਦਾ ਸੀ।

ਇਹ ਲੋਕ ਚੀਨੇ ਲੋਕਾਂ ਨੂੰ ਆਪਣੇ ਚੇਲੇ ਬਣਾਉਂਦੇ ਜਿਹੜੇ ਕਿਰਾਏ ਦੇ ਘਰਾਂ ਵਿਚ ਰਹਿੰਦੇ ਸਨ। ਉਹਨਾਂ ਦੇ ਘਰਾਂ ਦਾ ਕਿਰਾਇਆ ਆਪ ਦਿੰਦੇ ਅਤੇ ਉਹਨਾਂ ਨੂੰ ਹੋਰ ਪੈਸੇ ਦਾ ਲਾਲਚ ਵੀ ਦਿੰਦੇ। ਇਕ ਵਾਰ ਉਹਨਾਂ ਨੂੰ ਆਪਣੇ ਨਾਲ ਕੰਮ ਕਰਨ ਲਾ ਲੈਂਦੇ ਤਾਂ ਫਿਰ ਉਹਨਾਂ ਨੂੰ ਡਰਾ ਧਮਕਾ ਕੇ ਆਪਣੇ ਨਾਲ ਬੰਨ੍ਹੀ ਰਖਦੇ।

ਇਹ ਘਰਾਂ ਵਿਚ ਜਾਂ ਫਲੈਟਾਂ ਵਿਚ ਕੈਨਾਬਿਸ ਦੇ ਬੂਟੇ ਉਗਾਉਣ ਦਾ ਕੰਮ ਕਰਦੇ। ਬੂਟਿਆਂ ਨੂੰ ਗਮਲਿਆਂ ਵਿਚ ਉਗਾਇਆ ਜਾਂਦਾ। ਸਾਰੇ ਘਰ ਜਾਂ ਫਲੈਟ ਵਿਚ ਗਮਲੇ ਮਿੱਟੀ ਨਾਲ ਭਰ ਕੇ ਲਾਈਨਾਂ ਵਿਚ ਰੱਖੇ ਜਾਂਦੇ। ਇਹਨਾਂ ਬੂਟਿਆਂ ਨੂੰ ਗਰਮੀ ਅਤੇ ਚਾਨਣ ਦੀ ਬਹੁਤੀ ਲੋੜ ਹੁੰਦੀ ਹੈ। ਬਿਜਲੀ ਨੂੰ ਮੀਟਰ ਵਿਚੋਂ ਤਾਰਾਂ ਕੱਢ ਕੇ ਇਹ ਸਿੱਧੀ ਹੀ ਜੋੜ ਲੈਂਦੇ। ਜ਼ਿਆਦਾ ਬਿਜਲੀ ਦਾ ਬਿੱਲ ਵੀ ਨਾ ਆਉਂਦਾ ਅਤੇ ਬਿਜਲੀ ਮਹਿਕਮੇ ਨੂੰ ਸ਼ੱਕ ਵੀ ਨਾ ਪੈਂਦੀ। ਸਾਰੇ ਕਮਰਿਆਂ ਦੇ ਦਰਵਾਜ਼ਿਆਂ ਨੂੰ ਬਿਜਲੀ ਦੀਆਂ ਤਾਰਾਂ ਨਾਲ ਕਰੰਟ ਲਾ ਦਿੱਤਾ ਜਾਂਦਾ ਤਾਂ ਕਿ ਕੋਈ ਵਿਰੋਧੀ ਗੈਂਗ ਬੂਟਿਆਂ ਦਾ ਨੁਕਸਾਨ ਨਾ ਕਰ ਸਕੇ। ਸ਼ਰਲੀ ਨੂੰ ਫਿਊਚਨ ਤੋਂ ਐਨੀ ਕੁ ਮੋਟੀ ਜਿਹੀ ਜਾਣਕਾਰੀ ਹੋਈ ਤਾਂ ਫਿਊਚਨ ਦਾ ਰਿਵਾਲਰ ਕੋਲ ਰੱਖਣ ਦਾ ਮਕਸਦ ਵੀ ਸਮਝ ਆ ਗਿਆ।

"ਫਿਊਚਨ ਕਦੇ ਕਦੇ ਮੈਨੂੰ ਆਪਦੇ ਫਲੈਟ ਵਿਚ ਬਹੁਤ ਡਰ ਲਗਦਾ।" ਫਿਊਚਨ ਨੇ ਸ਼ਰਲੀ ਵੱਲ ਧਿਆਨ ਨਾਲ ਵੇਖਿਆ।

"ਤੈਨੂੰ ਕਾਹਦਾ ਡਰ ਲਗਦਾ ਸ਼ਰਲੀ ਡਾਰਲਿੰਗ!"

"ਮੇਰੀ ਤੇਰੇ ਨਾਲ ਦੋਸਤੀ ਗੁੱਝੀ ਨਹੀਂ ਰਹੀ। ਤੇਰੇ ਵਿਰੋਧੀ ਮੈਨੂੰ ਕੋਈ ਵੀ ਨੁਕਸਾਨ ਕਰਕੇ ਖੁਸ਼ ਹੋਣਗੇ। ਦੂਜਾ ਹਰ ਕਿਸਮ ਦਾ ਬੰਦਾ ਮੇਰੇ ਕੋਲ ਆਉਂਦਾ ਐ। ਕਿਸੇ ਦੇ ਮੂੰਹ 'ਤੇ ਥੋੜਾ ਲਿਖਿਆ ਹੁੰਦਾ ਬਈ ਉਸ ਦੇ ਮਨ ਵਿਚ ਕੀ ਐ!" ਸ਼ਰਲੀ ਨੇ ਹਰ ਸ਼ਬਦ

ਨੂੰ ਬੋਚ ਬੋਚ ਕੇ ਕਿਹਾ।

"ਫੇਰ--।" ਫਿਊਚਨ ਸੱਚ ਮੁੱਚ ਹੀ ਸੋਚਣ ਲੱਗ ਪਿਆ ਸੀ।

"ਘੱਟੋ ਘੱਟ ਮੇਰੇ ਕੋਲ ਕੋਈ ਹਥਿਆਰ ਜ਼ਰੂਰ ਹੋਣਾ ਚਾਹੀਦਾ।" ਸ਼ਰਲੀ ਨੂੰ ਲੱਗਿਆ ਜਿਵੇਂ ਕੋਈ ਬਹੁਤ ਵੱਡਾ ਫੈਸਲਾ ਉਸ ਦੇ ਹੱਕ ਜਾਂ ਵਿਰੋਧ ਵਿਚ ਹੋਣ ਵਾਲਾ ਹੋਵੇ।

"ਹਥਿਆਰ ਰੱਖਣ ਨਾਲ ਖਤਰਾ ਨੀ ਟਲਦਾ ਹੁੰਦਾ। ਹਥਿਆਰ ਚਲਾਉਣ ਦਾ ਹੌਂਸਲਾ ਅਤੇ ਟਰੇਨਿੰਗ ਵੀ ਚਾਹੀਦੀ ਆ।" ਫਿਊਚਨ ਨੇ ਵਿਅੰਗ ਮਈ ਮੁਸਕਰਾਹਟ ਨਾਲ ਸ਼ਰਲੀ ਵੱਲ ਬੇਵਿਸ਼ਵਾਸ਼ੀ ਨਾਲ ਤੱਕਿਆ।

"ਤੇਰੇ ਨਾਲ ਰਹਿ ਕੇ ਹੌਂਸਲਾ ਤਾਂ ਮੇਰੇ 'ਚ ਬਥੇਰਾ ਆ ਗਿਆ ਤੇ ਟਰੇਨਿੰਗ ਤੂੰ ਦੇ ਈ ਦੇਵੇਂਗਾ। ਦੂਜੀ ਗੱਲ ਮੈਂ ਜਲਦੀ ਆਹ ਕੁੱਤਾ ਕੰਮ ਛੱਡ ਕੇ ਪੱਕੀ ਤੇਰੇ ਨਾਲ ਰਹਿਣਾ ਚਾਹੁੰਦੀ ਆਂ, ਜੇ ਤੂੰ ਹਾਮੀ ਭਰੇਂ।" ਸ਼ਰਲੀ ਨੇ ਫਿਊਚਨ ਨੂੰ ਫੂਕ ਛਕਾਉਣ ਦੀ ਕੋਸਿਸ਼ ਕੀਤੀ।

"ਲੈ ਟਰੇਨਿੰਗ ਤਾਂ ਹੁਣੇ ਈ ਦੇ ਦਿੰਨੇ ਆਂ।" ਫਿਊਚਨ ਨੇ ਸ਼ਰਲੀ ਨੂੰ ਅਪਨਾਉਣ ਦੀ ਗੱਲ ਵੱਲ ਧਿਆਨ ਨਾ ਦਿੱਤਾ। ਉਸ ਨੂੰ ਰਿਵਾਲਵਰ ਚਲਾਉਣ, ਕਾਰਤੂਸ ਭਰਨ ਅਤੇ ਸੇਫਟੀ ਸਬੰਧੀ ਮੋਟੀ ਮੋਟੀ ਜਾਣਕਾਰੀ ਦੇਣ ਲੱਗਾ। ਸ਼ਰਲੀ ਦਾ ਉਸ ਨਾਲ ਪੱਕਾ ਕੱਚਾ ਰਹਿਣ ਦਾ ਕੋਈ ਇਰਾਦਾ ਨਹੀਂ ਸੀ। ਉਹ ਆਪਣਾ ਕੰਮ ਕੱਢਣਾ ਚਾਹੁੰਦੀ ਸੀ। ਸੋ ਉਸ ਨੇ ਪੂਰੇ ਧਿਆਨ ਨਾਲ ਰਿਵਾਲਵਰ ਸਬੰਧੀ ਜਾਣਕਾਰੀ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ। ਬਿਨਾਂ ਕਾਰਤੂਸ ਤੋਂ ਉਸ ਨੇ ਰਿਵਾਲਵਰ ਦੇ ਫਾਇਰ ਕੀਤੇ ਤਾਂ ਮਾਈਕਲ ਉਸ ਦੇ ਜ਼ਿਹਨ ਵਿਚ ਸੀ। ਫਿਊਚਨ ਸ਼ਰਲੀ ਦੇ ਉਤਸ਼ਾਹ ਨੂੰ ਹੈਰਾਨੀ ਨਾਲ ਵੇਖਦਾ ਰਿਹਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਸ਼ਰਲੀ ਇਸ ਖਤਰਨਾਕ ਹਥਿਆਰ ਨੂੰ ਲੈ ਕੇ ਐਨੀ ਖੁਸ਼ ਕਿਉਂ ਸੀ! ਉਹ ਸਗੋ ਸ਼ਰਲੀ ਨੂੰ ਵੇਲੇ ਕੁਵੇਲੇ ਖੁਦ ਆਪਣੇ ਢੰਗ ਨਾਲ ਵਰਤਣ ਬਾਰੇ ਸੋਚ ਰਿਹਾ ਸੀ।

ਸ਼ਾਮ ਨੂੰ ਡੋਰ ਬੈਲ ਹੋਈ ਤਾਂ ਸ਼ਰਲੀ ਨੂੰ ਮਾਈਕਲ ਦੇ ਆਉਣ ਦਾ ਪਤਾ ਸੀ। ਬਾਹਰ ਹਨ੍ਹੇਰਾ ਸੀ ਅਤੇ ਸਵੇਰ ਤੋਂ ਹੀ ਮੌਸਮ ਅਸਲੀ ਇੰਗਲੈਂਡ ਦਾ ਮੌਸਮ ਬਣਿਆ ਹੋਇਆ ਸੀ। ਸਵੇਰ ਤੋਂ ਹੀ ਸ਼ਰਲੀ ਨੇ ਰਿਵਾਲਵਰ ਨੂੰ ਕਈ ਵਾਰ ਚੈਕ ਕੀਤਾ ਅਤੇ ਆਪਣੇ ਹੌਂਸਲੇ 'ਤੇ ਖੁਦ ਨੂੰ ਹੀ ਸਵਾਲ ਵੀ ਕੀਤਾ। ਹਰ ਵਾਰ ਉਸ ਨੂੰ ਮਹਿਸੂਸ ਹੋਇਆ ਉਹ ਅੱਜ ਮਾਈਕਲ ਨੂੰ ਉਸ ਦੇ ਗੁਨਾਹਾਂ ਦੀ ਸਜ਼ਾ ਦੇਣ ਵਿਚ ਸਫ਼ਲ ਹੋ ਜਾਵੇਗੀ। ਕਦੇ ਕਦੇ ਉਸ ਨੂੰ ਮਾਈਕਲ ਦੇ ਤਜ਼ਰਬੇ ਅਤੇ ਸਰੀਰਕ ਤਾਕਤ ਤੋਂ ਡਰ ਵੀ ਲਗਦਾ। ਆਪਣਾ ਅਨਾੜੀਪਣ ਉਸ ਨੂੰ ਡਰਾ ਦਿੰਦਾ। ਹੁਣ ਪਿੱਛੇ ਮੁੜਨ ਦੇ ਸਾਰੇ ਰਾਹ ਉਸ ਨੇ ਆਪ ਹੀ ਬੰਦ ਕਰ ਦਿੱਤੇ ਸਨ। ਅੱਜ ਜਾਂ ਮਾਈਕਲ ਮਰੇਗਾ 'ਤੇ ਜਾਂ ਸ਼ਰਲੀ। ਸੋਚ ਕੇ ਉਹ ਮੁਸਕਰਾ ਵੀ ਜਾਂਦੀ ਅਤੇ ਬਾਹਰ ਦੇ ਮੌਸਮ ਵਾਂਗ ਉਦਾਸ ਵੀ ਹੋ ਜਾਂਦੀ।

ਮਾਈਕਲ ਅੰਦਰ ਆਇਆ ਤਾਂ ਕੁਝ ਜ਼ਿਆਦਾ ਹੀ ਪਿਆਰ ਨਾਲ ਸ਼ਰਲੀ ਨੇ ਉਸ ਦਾ ਸਵਾਗਤ ਕੀਤਾ। ਉਸ ਨੂੰ ਵਾਈਨ ਦਾ ਗਲਾਸ ਪੇਸ਼ ਕੀਤਾ ਅਤੇ ਉਸ ਨਾਲ ਸਟ ਕੇ ਬਹਿ ਗਈ। ਮਾਈਕਲ ਅੱਗੇ ਉਸ ਨੇ ਨੋਟ ਮੇਜ਼ 'ਤੇ ਰੱਖੇ ਜੋ ਉਸ ਨੇ ਪਿਛਲੇ ਦਿਨਾਂ ਵਿਚ ਕਮਾਏ ਸਨ। ਨੋਟ ਵੇਖ ਕੇ ਮਾਈਕਲ ਦੇ ਬੁੱਲ੍ਹਾਂ 'ਤੇ ਆਈ ਚੌੜੀ ਮੁਸਕਰਾਹਟ ਨੇ ਸ਼ਰਲੀ ਦੇ ਮਨ ਵਿਚ ਨਫ਼ਰਤ ਦੀ ਜਵਾਲਾ ਹੋਰ ਵੀ ਪ੍ਰਚੰਡ ਕਰ ਦਿੱਤੀ। ਸ਼ਰਲੀ ਨੇ ਵੱਡਾ ਘੁੱਟ ਵਾਈਨ ਦਾ ਭਰਿਆ। ਲੋੜ ਗੋਚਰਾ ਨਸ਼ਾ ਉਸ ਨੇ ਪਹਿਲਾਂ ਹੀ ਲੈ ਲਿਆ ਸੀ। ਜਿਸ ਬਿਨਾਂ ਉਸ ਦਾ ਸਰੀਰ ਚਲਦਾ ਹੀ ਨਹੀਂ ਸੀ। ਨਫ਼ਰਤ, ਨਸ਼ਾ, ਬਦਲੇ ਦੀ ਭਾਵਨਾ ਸਭ ਨੇ ਮਿਲ ਕੇ ਸ਼ਰਲੀ ਵਿਚ ਹੌਂਸਲਾ ਅਤੇ ਉਤਸ਼ਾਹ ਦੋਵੇਂ ਹੀ ਭਰ ਦਿੱਤੇ ਸਨ। ਫਿਰ ਵੀ ਉਸ ਨੇ ਆਪਣੇ ਆਪ ਨੂੰ ਕੰਟਰੋਲ ਵਿਚ ਰੱਖਣ ਦਾ ਪੂਰਾ ਯਤਨ ਕੀਤਾ। ਕੋਈ ਵੀ ਅਜਿਹੀ ਹਰਕਤ

ਕਰਨ ਜਾਂ ਗੱਲ ਕਰਨ ਤੋਂ ਗੁਰੇਜ਼ ਕੀਤਾ ਜਿਸ ਨਾਲ ਮਾਈਕਲ ਨੂੰ ਕੋਈ ਸ਼ੱਕ ਹੋ ਜਾਵੇ।

ਸ਼ਰਲੀ ਨੇ ਮਾਈਕਲ ਨੂੰ ਰਾਤ ਰੁਕਣ ਦੀ ਪੇਸ਼ਕਸ਼ ਕੀਤੀ ਤਾਂ ਮੀਂਹ ਵਿਚ ਭਿੱਜੇ ਅਤੇ ਠੱਕੇ ਨਾਲ ਠਰੇ ਮਾਈਕਲ ਨੇ ਝੱਟ ਹਾਂ ਕਰ ਦਿੱਤੀ। ਵਿਅੰਗ ਅਤੇ ਤਸੱਲੀ ਨਾਲ ਭਰਪੂਰ ਮੁਸਕਰਾਹਟ ਸ਼ਰਲੀ ਦੇ ਪੂਰੇ ਚਿਹਰੇ ‘ਤੇ ਫੈਲ ਗਈ। ਸ਼ਰਲੀ ਨੇ ਮਾਈਕਲ ਨੂੰ ਹੋਰ ਵਾਈਨ ਪਾਈ ਅਤੇ ਆਪ ਕਿਚਨ ਵਿਚ ਚਲੀ ਗਈ। ਚੌਲਾਂ ਵਾਲੇ ਡੱਬੇ ਵਿਚ ਲੁਕਾਇਆ ਭਰਿਆ ਰਿਵਾਲਰ ਉਸ ਨੇ ਮਲਕੜੇ ਆਪਣੇ ਹੱਥ ਵਿਚ ਲੈ ਲਿਆ। ਇਕ ਵਾਰ ਉਸ ਨੂੰ ਫਿਰ ਡਰ ਦਾ ਪ੍ਰਛਾਵਾਂ ਦਿਸਿਆ। ਦੂਜੇ ਹੀ ਪਲ ਉਸ ਦੇ ਮਨ ਵਿਚ ਮਾਈਕਲ ਨਾਲ ਨਫ਼ਰਤ ਅਤੇ ਬਦਲੇ ਦੇ ਭਾਵ ਨੇ ਸਭ ਕੁਝ ਭੁਲਾ ਦਿੱਤਾ।

ਮਾਈਕਲ ਵਾਈਨ ਦੇ ਗਲਾਸ ਨੂੰ ਹੱਥ ਵਿਚ ਫੜੀ ਜਿਵੇਂ ਗਲਾਸ ਨਾਲ ਖੇਡ ਰਿਹਾ ਸੀ। ਉਸ ਦੇ ਚਿਹਰੇ ‘ਤੇ ਖੁਸ਼ੀ ਨੱਚ ਰਹੀ ਸੀ। ਸ਼ਰਲੀ ਕਿਚਨ ਦੀ ਡੋਰ ਵਿਚੋਂ ਬਾਹਰ ਨਿਕਲੀ ਤਾਂ ਮਾਈਕਲ ਉਸ ਦੇ ਡਰਾਉਣੇ ਅਤੇ ਸਖ਼ਤ ਚਿਹਰੇ ਨੂੰ ਵੇਖ ਕੇ ਹੈਰਾਨ ਹੋਇਆ। ਸ਼ਰਲੀ ਨੇ ਰਿਵਾਲਵਰ ਮਾਈਕਲ ਵੱਲ ਤਾਣਿਆ ਤਾਂ ਮਾਈਕਲ ਨੇ ਆਪਣੀ ਜੈਕਟ ਦੀ ਅੰਦਰਲੀ ਜੇਬ ਵਿਚੋਂ ਆਪਣਾ ਰਿਵਾਲਵਰ ਕੱਢਣ ਦੀ ਕੋਸ਼ਿਸ਼ ਕੀਤੀ। ਅਜੇ ਮਾਈਕਲ ਦਾ ਹੱਥ ਰਿਵਾਲਵਰ ਤੱਕ ਪਹੁੰਚਿਆ ਨਹੀਂ ਸੀ ਕਿ ਸ਼ਰਲੀ ਨੇ ਫਾਇਰ ਕਰ ਦਿੱਤਾ ਜੋ ਮਾਈਕਲ ਦੇ ਮੋਢੇ ਵਿਚ ਲੱਗਾ। ਸ਼ਰਲੀ ਨੇ ਬਿਨਾਂ ਦੇਰੀ ਉਸ ‘ਤੇ ਦੂਜਾ ਫਾਇਰ ਕੀਤਾ ਜੋ ਮਾਈਕਲ ਦੀ ਵੱਖੀ ਵਿਚ ਲੱਗਾ।

“ਤੂੰ ਕੁੱਤੀਏ--।” ਮਾਈਕਲ ਦੀਆਂ ਅੱਖਾਂ ਵਿਚ ਡਰ, ਹੈਰਾਨੀ ਅਤੇ ਬੇਬਸੀ ਦਾ ਸਮੁੰਦਰ ਸੀ ਜਿਸ ਨੂੰ ਵੇਖ ਕੇ ਸ਼ਰਲੀ ਨੂੰ ਅਤਿਅੰਤ ਖੁਸ਼ੀ ਹੋਈ। ਉਹ ਨਿੱਡਰ ਉਸ ਵੱਲ ਵਿਅੰਗ ਭਰੀ ਮੁਸਕਰਾਹਟ ਨਾਲ ਵੇਖਦੀ ਰਹੀ। ਮਾਈਕਲ ਨੇ ਕਿਵੇਂ ਨਾ ਕਿਵੇਂ ਆਪਣਾ ਰਿਵਾਲਵਰ ਕੱਢਿਆ ਅਤੇ ਸ਼ਰਲੀ ‘ਤੇ ਫਾਇਰ ਕਰ ਦਿੱਤਾ। ਐਨ ਉਸ ਵਕਤ ਸ਼ਰਲੀ ਦੇ ਰਿਵਾਲਵਰ ਨੇ ਤੀਜੀ ਵਾਰ ਅੱਗ ਉੱਗਲੀ ਅਤੇ ਮਾਈਕਲ ਦੀ ਛਾਤੀ ਨੂੰ ਛਲਣੀ ਕਰ ਦਿੱਤਾ। ਮਾਈਕਲ ਅਤੇ ਸ਼ਰਲੀ ਦੋਵੇਂ ਹੀ ਲਹੂ ਲੁਹਾਣ ਫਰਸ਼ ‘ਤੇ ਡਿੱਗ ਪਏ। ਸ਼ਾਇਦ ਇਕੋ ਵੇਲੇ ਦੋਵਾਂ ਦੇ ਪ੍ਰਾਣ ਸਾਥ ਛੱਡ ਗਏ।

ਸ਼ਰਲੀ ਦੀ ਦੁਖਦਾਈ ਕਹਾਣੀ ਡੈਨਿਸ ਨੂੰ ਮੱਲੋ ਮਲੀ ਯਾਦ ਆਈ। ਸ਼ਰਲੀ ਦੇ ਜਨਮ ਦਿਨ ਵਾਲੇ ਦਿਨ ਡੈਨਿਸ ਦੇ ਨਾਲ ਨਾਲ ਗਰੀਟਾ ਦੇ ਹੰਝੂ ਵਾਰ ਵਾਰ ਉਮਡ ਆਉਂਦੇ। ਬਾਹਰ ਮੀਂਹ ਬੰਦ ਹੋ ਗਿਆ ਸੀ। ਪ੍ਰੀਤ ਜਾਣਾ ਚਾਹੁੰਦੀ ਸੀ। ਸ਼ਰਲੀ ਦੀ ਸਾਰੀ ਕਹਾਣੀ ਡੈਨਿਸ ਨੇ ਪ੍ਰੀਤ ਨੂੰ ਨਹੀਂ ਸੁਣਾਈ ਸੀ। ਉਸ ਨੇ ਬੱਚੀ ਦੇ ਮਨ ‘ਤੇ ਡੂੰਘਾ ਅਸਰ ਹੋਣ ਦੇ ਡਰੋਂ ਪ੍ਰੀਤ ਨੂੰ ਕਹਾਣੀ ਦਾ ਸਾਰ ਅੰਸ਼ ਹੀ ਸੁਣਾਇਆ ਸੀ। ਫਿਰ ਵੀ ਪ੍ਰੀਤ ਵਿਚ ਉੱਠਣ ਜੋਗੀ ਸਮਰੱਥਾ ਹੀ ਵਕਤੀ ਤੌਰ ‘ਤੇ ਖਤਮ ਹੋ ਗਈ ਲਗਦੀ ਸੀ।

## ਸਤਾਈਵਾਂ

ਸੀਤੋ ਲਈ ਸਤਿਵੀਰ ਸਭ ਤੋਂ ਵੱਡਾ ਰੱਬ ਸੀ। ਉਹ ਸ਼ਾਇਦ ਰੱਬ ਨੂੰ ਤਾਂ ਕਿਸੇ ਵੇਲੇ ਕਿਸੇ ਗੱਲੋਂ ਜਵਾਬ ਦੇ ਸਕਦੀ ਸੀ ਪਰ ਸਤਿਵੀਰ ਨੂੰ ਨਹੀਂ। ਸਭ ਤੋਂ ਪਹਿਲਾਂ ਤਾਂ ਜਿਸ ਦਿਨ ਉਹ ਸਤਿਵੀਰ ਨੂੰ ਹਸਪਤਾਲ ਤੋਂ ਘਰ ਲੈ ਕੇ ਆਈ ਤਾਂ ਮੀਕੇ ਨੂੰ ਉਸ ਨੇ ਆਪਣੇ ਬੈਡ ਤੋਂ ਪਾਸੇ ਕਰ ਦਿੱਤਾ।

“ਮੁੰਡੇ ਨੂੰ ਮੈਂ ਨੀ ਕੌਟ ‘ਚ ਪਾਉਣਾ। ਤੁਸੀਂ ਜਾ ਕੇ ਥੱਲੇ ਸੋਫ਼ੇ ‘ਤੇ ਪੈ ਜੋ। ਇਹ ਤਾਂ ਮੇਰੇ ਨਾਲ ਈ ਸੌਊਂਗਾ।”

“ਨਾਲ ਈ ਮੈਂ ਪੈ ਜੂੰ। ਇਹਨੇ ਕਿਹੜਾ ਜਾਦੇ ਥਾਂ ਰੋਕਣੀ ਆ।” ਮੀਕੇ ਨੇ ਕਹਿ ਤਾਂ ਦਿੱਤਾ ਪਰ ਅੰਦਰੋਂ ਉਸ ਨੂੰ ਪਤਾ ਸੀ ਸੀਤੋ ਦੇ

ਹੁਕਮ ਨਾਲ ਉਸ ਨੂੰ ਬੈਡ ਖਾਲੀ ਕਰਨਾ ਹੀ ਪੈਣਾ ਸੀ।

"ਨਿਆਣਿਆਂ ਵਾਲੀ ਗੱਲ ਨਾ ਕਰਿਆ ਕਰੋ। ਰਾਤ ਨੂੰ ਗਲਾਸੀ ਲੱਗੀ ਤੋਂ ਪਤਾ ਨੀ ਭੋਰਾ ਭਰ ਜੁਆਕ ਨੂੰ ਪਾਸਾ ਲੈ ਕੇ ਤੁਸੀਂ ਮਿੱਧ ਈ ਦਿਉ। ਆਹ ਬੰਨ੍ਹੇ ਹੱਥ ਤੁਸੀਂ ਥੱਲੇ ਈ ਪੈ ਜੋ। ਨਾਲੇ ਮੈਂ ਤਾਂ ਆਪ ਨੀ ਸੁੱਤੀ ਚੱਜ ਨਾਲ ਚਾਰ ਰਾਤਾਂ ਹੋ 'ਗੀਆਂ।" ਸੀਤੋ ਨੇ ਹੱਥ ਇੰਜ ਜੋੜੇ ਜਿਵੇਂ ਉਹ ਬੇਨਤੀ ਨਾ ਕਰਕੇ ਆਪਣੇ ਹੁਕਮ ਨੂੰ ਪੱਕਾ ਕਰ ਰਹੀ ਹੋਵੇ। ਮੀਕਾ ਜਾ ਕੇ ਸੋਫੇ 'ਤੇ ਸੌਂ ਗਿਆ।

ਸਤਿਵੀਰ ਵੱਡਾ ਹੋਇਆ ਤਾਂ ਸੀਤੋ ਸਭ ਤੋਂ ਪਹਿਲਾਂ ਉਸ ਨੂੰ ਖਾਣ ਪੀਣ ਨੂੰ ਦਿੰਦੀ। ਉਸ ਦੀ ਹਰ ਇੱਛਾ ਨੂੰ ਪੂਰਾ ਕਰਦੀ। ਉਸ ਨੂੰ ਸੰਤੁਸ਼ਟ ਕਰਨ ਤੋਂ ਬਾਅਦ ਹੀ ਕੁੜੀਆਂ ਦੀ ਵਾਰੀ ਆਉਂਦੀ। ਮੀਕਾ ਸਭ ਕੁਝ ਦੇਖ ਸਮਝ ਕੇ ਵੀ ਕੁਝ ਨਾ ਕਰ ਸਕਦਾ।

"ਨੀ ਦੇਖ ਕਿਵੇਂ ਹਾਬੜਿਆਂ ਅੰਗੂੰ ਦੇਖਦੀਆਂ। ਮੁੰਡੇ ਨੂੰ ਖਰਾਕ ਲੱਗੇ ਕੀ ਜਦੋਂ ਆਹ ਵਿਚ ਨੀਤਾਂ ਰੱਖਦੀਆਂ।" ਕੋਈ ਵੀ ਖਾਣ ਪੀਣ ਵਾਲੀ ਚੀਜ਼ ਹੁੰਦੀ ਤਾਂ ਸੀਤੋ ਦਾ ਇਹੋ ਵਿਹਾਰ ਹੁੰਦਾ। ਕੁਝ ਦੇਰ ਬਾਅਦ ਕੁੜੀਆਂ ਸਤਿਵੀਰ ਕੋਲੋਂ ਖਾਣ ਪੀਣ ਸਮੇਂ ਪਾਸਾ ਵੱਟਣ ਲੱਗੀਆਂ।

ਇਕੋ ਢਿੱਡੋਂ ਜੰਮੇ ਹੋਣ ਕਰਕੇ ਕੁੜੀਆਂ ਸਤਿਵੀਰ ਨੂੰ ਬਹੁਤ ਪਿਆਰ ਕਰਦੀਆਂ। ਵੈਸੇ ਵੀ ਛੋਟਾ ਹੋਣ ਕਰਕੇ ਉਹ ਬੱਚੀਆਂ ਲਈ ਪਿਆਰਾ ਸੀ। ਕੁੜੀਆਂ ਦੀ ਉਸ ਨਾਲ ਜ਼ਿਦ ਅਤੇ ਈਰਖਾ ਨਾ ਹੋਣ ਦਾ ਇਕ ਕਾਰਨ ਉਸ ਦਾ ਸਭ ਤੋਂ ਛੋਟਾ ਵੀ ਹੋਣਾ ਸੀ। ਦੂਸਰਾ ਕਾਰਣ ਮੀਕਾ ਕੁੜੀਆਂ ਨਾਲ ਖੇਡਣ ਮੱਲਣ ਦਾ ਖਿਆਲ ਰੱਖਦਾ। ਅਜਿਹੇ ਸਮੇਂ ਉਹ ਕੁੜੀਆਂ ਵੱਲ ਖਾਸ ਧਿਆਨ ਰੱਖਦਾ। ਉਹਨਾਂ ਦਾ ਸਤਿਵੀਰ ਤੋਂ ਵੀ ਜ਼ਿਆਦਾ ਖਿਆਲ ਦਿੰਦਾ।

ਇਹੋ ਜਿਹੇ ਵਿਤਕਰੇ ਦਾ ਕੁੜੀਆਂ ਦੇ ਮਨਾਂ 'ਤੇ ਨਾਂਹ ਵਾਚਕ ਅਸਰ ਹੋਣਾ ਕੁਦਰਤੀ ਸੀ। ਮੀਕੇ ਦੇ ਸੁਭਾਅ ਕਾਰਨ ਅਸਰ ਕੁਝ ਕੁ ਘੱਟ ਜ਼ਰੂਰ ਗਿਆ ਸੀ। ਪ੍ਰੀਤ ਦੇ ਇੰਡੀਆ ਤੋਂ ਆਉਣ ਨਾਲ ਕੁਝ ਹਾਲਾਤ ਬਦਲ ਗਏ। ਉਸ ਨੇ ਦਾਦਾ ਦਾਦੀ ਦੀ ਛਾਂ ਹੇਠ ਆਪਣੀ ਮੌਜ ਕੀਤੀ ਸੀ। ਉਹ ਮੂੰਹੋਂ ਕੁਝ ਕਢਦੀ ਤਾਂ ਉਹ ਉਸ ਦੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਵਿਚ ਕੋਈ ਕਸਰ ਬਾਕੀ ਨਾ ਛੱਡਦੇ। ਲੰਡਨ ਆ ਕੇ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੀ ਸਰਦਾਰੀ ਦੀ ਗੁਰਜ਼ ਖੁੱਸ ਗਈ ਹੋਵੇ। ਪਹਿਲਾਂ ਤਾਂ ਕੁਝ ਦਿਨ ਉਸ ਨੂੰ ਮਹੌਲ ਵਿਚ ਸੈਟ ਹੋਣ ਲਈ ਲੱਗ ਗਏ। ਹੌਲੀ ਹੌਲੀ ਉਸ ਨੇ ਆਪਣੇ ਹੱਕ ਲਈ ਲੜਨਾ ਸ਼ੁਰੂ ਕਰ ਦਿੱਤਾ। ਉਹ ਸਤਿਵੀਰ ਨਾਲ ਦੋ ਹੱਥ ਕਰਨ ਲੱਗੀ। ਪਹਿਲੇ ਦਿਨਾਂ ਵਿਚ ਤਾਂ ਸੀਤੋ ਨੂੰ ਪਤਾ ਹੀ ਨਾ ਲੱਗਾ ਉਹ ਇਸ ਨਵੇਂ ਹਾਲਾਤ ਨਾਲ ਕਿਵੇਂ ਨਜਿੱਠੇ! ਸੋਚਣ ਅਤੇ ਸਮਝਣ ਦੀ ਸਮਰੱਥਾ ਉਸ ਵਿਚ ਪੇਂਡੂ ਪੱਧਰ ਦੀ ਹੀ ਸੀ। ਉਸ ਅਨੁਸਾਰ ਬੱਚੇ ਨੂੰ ਝਿੜਕਣਾ ਅਤੇ ਜੇ ਬੱਚਾ ਫਿਰ ਵੀ ਨਾ ਸੁਣੇ ਤਾਂ ਡੰਡਾ ਪਰੇਡ।

ਕੁਝ ਦਿਨਾਂ ਬਾਅਦ ਪ੍ਰੀਤ 'ਤੇ ਵੀ ਸੀਤੋ ਨੇ ਅਜਿਹਾ ਹੀ ਗੁਰ ਅਜ਼ਮਾਇਆ ਅਤੇ ਉਹ ਕੰਮ ਵੀ ਕਰ ਗਿਆ। ਪ੍ਰੀਤ ਨੂੰ ਕੁਦਰਤ ਨੇ ਉਸ ਨੂੰ ਹਾਲਾਤ ਅਨੁਸਾਰ ਢਲਣ ਦੀ ਤੌਫੀਕ ਦਿੱਤੀ ਸੀ। ਉਸ ਨੇ ਕੁਝ ਦਿਨਾਂ ਵਿਚ ਹੀ ਹਾਲਾਤ ਨੂੰ ਮੋੜਾ ਦੇ ਲਿਆ। ਉਸ ਨੇ ਸਤਿਵੀਰ ਨਾਲ ਦੋਸਤੀ ਬਣਾ ਲਈ ਅਤੇ ਉਹ ਜੋ ਚਾਹੁੰਦੀ ਸਤਿਵੀਰ ਰਾਹੀਂ ਪ੍ਰਾਪਤ ਕਰ ਲੈਂਦੀ। ਉਹਨਾਂ ਦੋਵਾਂ ਦੀ ਸਾਂਝ ਦਿਨੋ ਦਿਨ ਵਧਦੀ ਗਈ।

ਸਤਿਵੀਰ ਵੱਡਾ ਹੋਇਆ ਤਾਂ ਸੀਤੋ ਦੇ ਲਾਡ ਪਿਆਰ ਨੇ ਉਸ ਨੂੰ ਹੋਰ ਵੀ ਵਿਗਾੜ ਦਿੱਤਾ। ਉਹ ਗੈਰਜ਼ਿੰਮੇਵਾਰ ਅਤੇ ਜ਼ਿੱਦੀ ਬਣ ਗਿਆ। ਉਸ ਦੀ ਕੰਪਨੀ ਵੀ ਮਾੜੇ ਲੋਕਾਂ ਨਾਲ ਬਣ ਗਈ। ਸੀਤੋ ਜਾਂ ਮੀਕੇ ਨੂੰ ਪਤਾ ਤੱਕ ਨਾ ਲੱਗਾ ਕਦੋਂ ਉਹ ਨਸ਼ੇ ਵਰਤਣ ਲੱਗ ਗਿਆ। ਉਹ ਦਿਨ ਵੀ ਆਇਆ ਜਦ ਨਸ਼ੇ ਵਰਤਣ ਦੇ ਨਾਲ ਨਾਲ ਉਹ ਨਸ਼ੇ ਵੇਚਣ ਦਾ ਧੰਦਾ ਵੀ ਕਰਨ ਲੱਗ ਪਿਆ। ਪ੍ਰੀਤ ਨੂੰ ਉਸ

ਦੇ ਨਸ਼ੇ ਸੇਵਨ ਕਰਨ ਦਾ ਪਤਾ ਲੱਗ ਗਿਆ ਸੀ। ਉਸ ਨੇ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਕਿ ਉਸ ਨੂੰ ਸਿੱਧੇ ਰਸਤੇ 'ਤੇ ਲਿਆਂਦਾ ਜਾ ਸਕੇ। ਪਰ ਵਿਗੜੇ ਮੁੰਡੇ ਨੂੰ ਲੀਹ 'ਤੇ ਲਿਆਉਣਾ ਔਖਾ ਸੀ। ਪ੍ਰੀਤ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਉਸ ਨੂੰ ਇਕ ਦਿਨ ਸਤਿਵੀਰ ਨੂੰ ਮਿਲਣ ਲਈ ਥਾਣੇ ਦੇ ਚੱਕਰ ਵੀ ਕੱਢਣੇ ਪੈਣਗੇ।

ਸੋਲ੍ਹਾਂ ਸਾਲਾਂ ਦਾ ਸਤਿਵੀਰ ਦਿਨੋ ਦਿਨ ਬੇਬਾਹਰਾ ਹੁੰਦਾ ਗਿਆ। ਰਾਤ ਨੂੰ ਲੇਟ ਆਉਣਾ ਜਾਂ ਕਦੇ ਨਾ ਹੀ ਆਉਣਾ। ਮੀਕੇ ਨੂੰ ਉਹ ਅੱਡ ਅੱਖਾਂ ਦਿਖਾਉਣ ਲੱਗਾ ਸੀ। ਮੀਕੇ ਨੇ ਜਦ ਵੀ ਉਸ ਨੂੰ ਕਦੀ ਢੰਗ ਨਾਲ ਸਮਝਾਉਣ ਜਾਂ ਸਖਤੀ ਨਾਲ ਕਿਸੇ ਪਾਸੇ ਤੋਂ ਵਰਜਣ ਦੀ ਕੋਸ਼ਿਸ਼ ਕੀਤੀ ਤਾਂ ਸੀਤੋ ਠੀਕ ਜਾਂ ਗਲਤ ਸਮਝੇ ਬਿਨਾਂ ਸਤਿਵੀਰ ਲਈ ਢਾਲ ਬਣ ਕੇ ਖਲੋ ਜਾਂਦੀ। ਹੁਣ ਜਦੋਂ ਪਾਣੀ ਸਿਰੋਂ ਲੰਘ ਗਿਆ ਸੀ ਤਾਂ ਸੀਤੋ ਮੀਕੇ ਨੂੰ ਮੁੰਡੇ ਨੂੰ ਸਮਝਾਉਣ ਲਈ ਕਹਿੰਦੀ।

"ਮੁੰਡਿਆਂ ਨਾਲ ਤਾਂ ਪਿਉ ਈ ਗੱਲ ਕਰਦੇ ਹੁੰਦੇ ਆ। ਜੇ ਨਿਆਣਾ ਭੋਰਾ ਗਲਤ ਪਾਸੇ ਲੱਗ ਗਿਆ ਤਾਂ ਤੁਸੀਂ ਸਮਝਾ-ਬੁਝਾ ਕੇ ਮੋੜੋ।" ਸੀਤੋ ਆਪਣੇ 'ਤੇ ਕੋਈ ਜ਼ਿੰਮੇਵਾਰੀ ਲੈਣ ਦੀ ਥਾਂ ਮੀਕੇ ਨੂੰ ਜ਼ਿੰਮੇਵਾਰ ਬਣਾਉਂਦੀ।

"ਤੇਰਾ ਲਾਡਲਾ ਤੂੰ ਈ ਸਮਝਾ। ਉਦੋਂ ਤਾਂ ਭੱਜ ਕੇ ਮੂਹਰੇ ਹੋ ਜਾਂਦੀ ਸੀ ਜਦੋਂ ਸਮਝਾਉਣ ਦਾ ਟੈਮ ਸੀ। ਹੁਣ ਜਦੋਂ ਉਹ ਲੰਡਿਆਂ ਦਾ ਯਾਰ ਬਣ ਗਿਆ ਤਾਂ ਮੈਨੂੰ ਸਮਝਾਉਣ ਨੂੰ ਕਹਿੰਦੀ ਆ। ਤੈਨੂੰ ਮੈਂ ਕਿਹਾ ਸੀ ਬਈ ਮੁੰਡਾ ਤੇ ਰੰਬਾ ਚੰਡ ਕੇ ਰੱਖਿਆ ਜਾਵੇ ਤਾ ਈ ਠੀਕ ਰਹਿੰਦਾ। ਤੈਨੂੰ ਤਾਂ ਲਾਡਲੇ ਬਿਨਾਂ ਹੋਰ ਕੁਸ ਦਿਸਦਾ ਈ ਨੀਂ ਸੀ।" ਮੀਕਾ ਸਤਿਆ ਹੋਇਆ ਸੀਤੋ ਦੇ ਗਲ ਪੈ ਜਾਂਦਾ ਤਾਂ ਸੀਤੋ ਚੁੱਪ ਕਰ ਜਾਂਦੀ। ਵੈਸੈ ਉਸ ਨੂੰ ਪਤਾ ਸੀ ਉਸ ਦੇ ਲਾਡ ਪਿਆਰ ਨੇ ਕੁਝ ਜ਼ਿਆਦਾ ਹੀ ਸਤਿਵੀਰ ਨੂੰ ਵਿਗਾੜ ਦਿੱਤਾ ਸੀ। ਪਰ ਇਸ ਸੱਚ ਨੂੰ ਮੰਨਣਾ ਉਸ ਲਈ ਸੰਭਵ ਨਹੀਂ ਸੀ। ਸਭ ਕੁਝ ਦੇ ਬਾਵਜੂਦ ਉਸ ਨੂੰ ਸਤਿਵੀਰ ਦਾ ਸਭ ਤੋਂ ਜ਼ਿਆਦਾ ਮੋਹ ਆਉਂਦਾ।

ਪ੍ਰੀਤ ਦਿਲੋਂ ਬਹੁਤ ਦੁਖੀ ਸੀ। ਉਸ ਨੂੰ ਸਤਿਵੀਰ ਦਾ ਭਵਿੱਖ ਖਤਮ ਹੋਇਆ ਲਗਦਾ। ਉਸ ਨੂੰ ਬੁਰੇ ਬੁਰੇ ਖਿਆਲ ਆਉਂਦੇ। ਭਵਿੱਖ ਤਾਂ ਤਦ ਈ ਹੋਊ ਜੇ ਜਾਨ ਬਚੂ! ਜਿਸ ਰਸਤੇ 'ਤੇ ਸਤਿਵੀਰ ਜਾ ਰਿਹਾ ਸੀ ਉਸ 'ਤੇ ਚਲਦਿਆਂ ਪ੍ਰੀਤ ਨੂੰ ਬਹੁਤੇ ਲੰਬੇ ਸਮੇਂ ਤਾਈਂ ਉਸ ਦੇ ਬਚਣ ਦੀ ਆਸ ਨਹੀਂ ਸੀ। ਉਹ ਮੀਕੇ ਨਾਲ ਗੱਲ ਕਰਨ ਤੋਂ ਝਿਜਕਦੀ। ਮੀਕਾ ਤਾਂ ਪਹਿਲਾਂ ਹੀ ਪ੍ਰੇਸ਼ਾਨ ਸੀ। ਨਾ ਹੀ ਉਹ ਕੋਈ ਮਦਦ ਕਰ ਸਕਦਾ ਸੀ। ਸੀਤੋ ਨਾਲ ਗੱਲ ਕਰਨ ਦਾ ਕੋਈ ਫਾਇਦਾ ਹੀ ਨਹੀਂ ਸੀ। ਲੈ ਦੇ ਕੇ ਉਸ ਕੋਲ ਬਾਕੀ ਡੈਨਿਸ ਰਹਿ ਗਿਆ। ਉਹ ਵੀ ਸ਼ਾਇਦ ਕੋਈ ਮਦਦ ਤਾਂ ਨਾ ਕਰ ਸਕਦਾ ਪਰ ਪ੍ਰੀਤ ਨੂੰ ਤਸੱਲੀ ਜ਼ਰੂਰ ਦੇ ਦਿੰਦਾ। ਪ੍ਰੀਤ ਦਾ ਮਨ ਜ਼ਰੂਰ ਹਲਕਾ ਹੋ ਜਾਂਦਾ।

ਪ੍ਰੀਤ ਦੇ ਉਦਾਸ ਅਤੇ ਫਿਕਰਾਂ ਗਰੱਸੇ ਮੂੰਹ ਨੂੰ ਵੇਖ ਕੇ ਡੈਨਿਸ ਨੂੰ ਹੈਰਾਨੀ ਹੋਈ। ਸੁਭਾਵਕ ਪ੍ਰੀਤ ਖੁਸ਼ ਦਿਲ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਕੁੜੀ ਸੀ। ਅੱਜ ਉਸ ਦਾ ਮੂੰਹ ਉਸ ਦਾ ਆਪਣਾ ਨਹੀਂ ਲਗਦਾ ਸੀ।

"ਪ੍ਰੀਤ ਜੇ ਮੰਗਵਾਂ ਮੂੰਹ ਲੈ ਕੇ ਆਉਣਾ ਸੀ ਤਾਂ ਕੋਈ ਚੱਜ ਦਾ ਹੱਸਦਾ ਖੇੜ੍ਹਦਾ ਮੂੰਹ ਲੈ ਕੇ ਆਉਂਦੀ।" ਡੈਨਿਸ ਨੇ ਉਸ ਨੂੰ ਖੁਸ਼

ਕਰਨ ਲਈ ਹਾਸੇ ਵਿਚ ਗੱਲ ਕੀਤੀ।

"ਮੈਂ ਕੀ ਸਾਰੇ ਟੱਬਰ ਦੀ ਈ ਮੇਰੇ ਵਰਗੀ ਹਾਲਤ ਆ।" ਪ੍ਰੀਤ ਨੇ ਬੁਝੇ ਜਿਹੇ ਮਨ ਨਾਲ ਉੱਤਰ ਦਿੱਤਾ।

"ਤੂੰ ਗੱਲ ਤਾਂ ਦੱਸ।"

"ਸਤਿਵੀਰ ਨੂੰ ਲੈ ਕੇ ਸਾਰਾ ਟੱਬਰ ਦੁਖੀ ਆ। ਮੈਂ ਤਾਂ ਸਮਝਾ ਕੇ ਥੱਕ ਗਈ ਆਂ। ਉਸ ਦੇ ਭੇਜੇ ਵਿਚ ਤਾਂ ਕੋਈ ਗੱਲ ਵੜਦੀ ਈ ਨੀ।" ਪ੍ਰੀਤ ਨੇ ਵਿਸਥਾਰ ਨਾਲ ਡੈਨਿਸ ਨੂੰ ਸਾਰੀ ਗੱਲ ਦੱਸ ਦਿੱਤੀ। ਅੱਧ ਪਚੱਧ ਉਸ ਨੂੰ ਪਹਿਲਾਂ ਹੀ ਪਤਾ ਸੀ।

"ਪ੍ਰੀਤ ਡਰੱਗ ਖਾਣ ਵਾਲੇ ਅਜ਼ਾਦ ਕੈਦੀ ਹੁੰਦੇ ਆ। ਇਸ ਤੋਂ ਵੱਡਾ ਨਰਕ ਕੋਈ ਹੋਰ ਸ਼ਾਇਦ ਹੀ ਹੁੰਦਾ ਹੋਵੇ। ਜਦ ਬੰਦਾ ਆਪਣੇ ਸਵੈਮਾਨ, ਸਵੈ ਵਿਸ਼ਵਾਸ਼,ਪ੍ਰੀਵਾਰ ਅਤੇ ਸਮਾਜ ਵੱਲੋਂ ਮਿਲਦੇ ਮਾਣ ਸਤਿਕਾਰ ਤੋਂ ਵਿਰਵਾ ਹੋ ਜਾਵੇ ਉਸ ਨੂੰ ਨਰਕ ਨੀ ਤਾਂ ਹੋਰ ਕੀ ਕਿਹਾ ਜਾ ਸਕਦਾ!" ਡੈਨਿਸ ਨੇ ਧੀਮੀ, ਗੰਭੀਰ ਅਤੇ ਭਾਰੀ ਅਵਾਜ਼ ਵਿਚ ਕਿਹਾ।

"ਪਰ ਗਰੈਂਡ ਪਾ ਇਸ ਨਰਕ ਵਿਚੋਂ ਨਿਕਲਣ ਜਾਂ ਕੱਢਣ ਦਾ ਕੋਈ ਰਸਤਾ ਤਾਂ ਜ਼ਰੂਰ ਹੋਊਗਾ!" ਅੱਜ ਪਹਿਲੀ ਵਾਰ ਪ੍ਰੀਤ ਨੇ ਡੈਨਿਸ ਨੂੰ ਗਰੈਂਡਪਾ ਕਿਹਾ ਸੀ। ਇਹ ਉਸ ਨੇ ਕੋਈ ਸੋਚ ਸਮਝ ਕੇ ਨਹੀਂ ਸਗੋਂ ਸੁਭਾਵਕ ਹੀ ਉਸ ਦੇ ਮੂੰਹੋਂ ਨਿਕਲ ਗਿਆ। ਡੈਨਿਸ ਅਤੇ ਕੋਲ ਬੈਠੀ ਗਰੀਟਾ ਨੂੰ ਅਣ-ਸਮਾਉਂਦੀ ਖੁਸ਼ੀ ਨੇ ਨਪੀੜ ਲਿਆ। ਡੈਨਿਸ ਤੋਂ ਕੁਝ ਦੇਰ ਬੋਲਿਆ ਨਾ ਗਿਆ। ਉਸ ਨੇ ਆਪਣੇ ਬੁੱਲਾਂ ਨੂੰ ਟੁਕ ਕੇ ਆਪਣੀਆਂ ਭਾਵਨਾਵਾਂ ਨੂੰ ਕੰਟਰੋਲ ਕਰਨ ਦਾ ਯਤਨ ਕੀਤਾ। ਇਸ ਵੇਲੇ ਪ੍ਰੀਤ ਨੂੰ ਸੰਤੁਸ਼ਟ ਕਰਨਾ ਅਤੇ ਉਸ ਦੇ ਸਵਾਲਾਂ ਦਾ ਜਵਾਬ ਦੇਣਾ ਸਭ ਤੋਂ ਜ਼ਰੂਰੀ ਕਾਰਜ ਸੀ।

"ਸਤਿਵੀਰ ਦਾ ਮਨ ਅਤੇ ਆਤਮਾ ਦੋਵੇਂ ਸੌਂ ਗਏ ਆ। ਉਸ ਦੇ ਮਨ ਦਾ ਸਿਰਫ਼ ਉਹੀ ਹਿੱਸਾ ਜਾਗਦਾ ਜਿਹੜਾ ਉਸ ਨੂੰ ਡਰੱਗ ਖਾਣ ਜਾਂ ਉਸ ਦੇ ਆਪਣੇ ਵਰਗੇ ਸਾਥੀਆਂ ਨੂੰ ਮਿਲਣ ਦੀ ਯਾਦ ਦਿਵਾਉਂਦਾ। ਜਦੋਂ ਤੱਕ ਉਸ ਦੇ ਮਨ ਅਤੇ ਆਤਮਾ ਦਾ ਬਾਕੀ ਹਿੱਸਾ ਨਹੀਂ ਜਾਗਦਾ ਉਸ ਦਾ ਬਦਲਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਐ।" ਡੈਨਿਸ ਨੇ ਬੋਚ ਬੋਚ ਕੇ ਸ਼ਬਦ ਆਪਣੇ ਮੂੰਹ ਵਿਚੋਂ ਕੱਢੇ। ਗਰੀਟਾ ਅਤੇ ਪ੍ਰੀਤ ਡੈਨਿਸ ਵੱਲ ਵੇਖ ਰਹੀਆਂ ਸਨ। ਜਿਵੇਂ ਉਸਦੇ ਬੋਲਾਂ ਵਿਚ ਵਿਘਨ ਪਾਉਣ ਤੋਂ ਡਰ ਰਹੀਆਂ ਹੋਣ। ਉਹਨਾਂ ਦੀਆਂ ਅੱਖਾਂ ਉਸ ਨੂੰ ਅੱਗੇ ਬੋਲਣ ਲਈ ਕਹਿ ਰਹੀਆਂ ਸਨ।

"ਜਦੋਂ ਤੱਕ ਕੋਈ ਘਟਨਾ ਉਸ ਨੂੰ ਝੰਜੋੜਦੀ ਨਹੀਂ ਉਦੋਂ ਤੱਕ ਉਸ ਦਾ ਜਾਗਣਾ ਮੁਸ਼ਕਲ ਐ।"

"ਕਿਹੋ ਜੀ ਘਟਨਾ--!" ਪ੍ਰੀਤ ਨੇ ਉੱਤਸੁਕਤਾ ਨਾਲ ਪੁੱਛਿਆ।

"ਕੋਈ ਦੁਰਘਟਨਾ ਉਸ ਨਾਲ ਜਾਂ ਉਸ ਦੇ ਕਿਸੇ ਮਿੱਤਰ ਨਾਲ ਜਿਸ ਨਾਲ ਡਰੱਗ ਕਾਰਣ ਬਹੁਤ ਨੁਕਸਾਨ ਹੋ ਜਾਵੇ। ਅਜਿਹੀ ਘਟਨਾ ਸ਼ਾਇਦ ਉਸ ਨੂੰ ਸੋਚਣ ਲਈ ਮਜ਼ਬੂਰ ਕਰ ਦੇਵੇ। ਫਿਰ ਵੀ ਜ਼ਰੂਰੀ ਨਹੀਂ ਕਿ ਅਜਿਹਾ ਹੋਵੇ।"

"ਜੇ ਉਸ ਨੂੰ ਪ੍ਰੋਫੈਸ਼ਨਲ ਮਦਦ ਲਈ ਕਿਹਾ ਜਾਵੇ ਤਾਂ--।"

"ਪ੍ਰੀਤ ਮਦਦ ਉਹ ਤਾਂ ਲਊ ਜੇ ਉਹ ਡਰੱਗ ਛੱਡਣ ਨੂੰ ਮਨੋਂ ਤਿਆਰ ਹੋਊ। ਜੇ ਤੂੰ ਕਹੇਂ ਤਾਂ ਮੈਂ ਉਸ ਨਾਲ ਗੱਲ ਕਰ ਕੇ ਵੇਖ ਲੈਨਾ। ਪਰ ਬਹੁਤੀ ਉਮੀਦ ਨੀ। ਕਦੇ ਕਦੇ ਘਰ ਦਿਆਂ ਤੋਂ ਜ਼ਿਆਦਾ ਲੋਕ ਬੇਗਾਨਿਆਂ ਨੂੰ ਸੁਣ ਲੈਂਦੇ ਆ। ਸ਼ਾਇਦ ਕੋਈ ਚਮਤਕਾਰ

ਹੋ ਜਾਵੇ।" ਡੈਨਿਸ ਨੇ ਅੱਧੇ ਕੁ ਵਿਸ਼ਵਾਸ਼ ਨਾਲ ਰਾਇ ਦਿੱਤੀ।

"ਠੀਕ ਆ ਫਿਰ ਮੈਂ ਤੁਹਾਡੇ 'ਤੇ ਛੱਡਦੀ ਆਂ।" ਪ੍ਰੀਤ ਨੂੰ ਥੋੜ੍ਹੀ ਜਿਹੀ ਉਮੀਦ ਬੱਝੀ ਅਤੇ ਇਸ ਉਮੀਦ ਨੇ ਉਸ ਨੰ ਕੁਝ ਕੁ ਆਸ਼ਾ ਜਨਕ ਬਣਾ ਦਿੱਤਾ।

"ਪ੍ਰੀਤ ਤੂੰ ਅੱਜ ਮੈਨੂੰ ਗਰੈਂਡ ਪਾ ਕਿਹਾ ਮੈਂ ਦੱਸ ਨੀ ਸਕਦਾ ਮੈਨੂੰ ਕਿਨ੍ਹੀ ਖੁਸ਼ੀ ਹੋਈ ਆ।" ਡੈਨਿਸ ਦੇ ਬੋਲ ਭਾਵਨਾਵਾਂ ਦੇ ਭਾਰ ਹੇਠ ਥਿੜਕਦੇ ਮਹਿਸੂਸ ਹੋ ਰਹੇ ਸਨ।

"ਤੁਸੀਂ ਹਮੇਸ਼ਾਂ ਮੇਰੇ ਗਰੈਂਡ ਪਾ ਅਤੇ ਗਰੈਂਡਮਾ ਦੀ ਹੀ ਤਾਂ ਥਾਂ ਲਈ ਆ। ਇਕ ਖਿਲਾਅ ਜਿਹੜਾ ਉਹਨਾਂ ਦੇ ਐਥੇ ਨਾ ਹੋਣ ਕਰਕੇ ਮੇਰੇ ਮਨ ਵਿਚ ਸੀ ਤੁਸੀਂ ਉਸ ਨੂੰ ਜ਼ਰੂਰ ਭਰਿਆ।"

"ਅਜਿਹਾ ਖਿਲਾਅ ਸਾਡੇ ਮਨਾਂ ਵਿਚ ਵੀ ਸੀ। ਤੂੰ ਉਸ ਖਿਲਾਅ ਨੂੰ ਪੂਰਿਆ ਅਤੇ ਚੰਗੀ ਤਰ੍ਹਾਂ ਪੂਰਿਆ।" ਗਰੀਟਾ ਦੀਆਂ ਅੱਖਾਂ ਡਬਡਬਾ ਗਈਆਂ ਸਨ। ਉਸ ਦੇ ਰੁੰਧੇ ਗਲੇ 'ਚੋਂ ਖੁਸ਼ੀ ਨਾਲ ਲੋਤ ਪੋਤ ਸ਼ਬਦ ਸਿਲ੍ਹੇ ਹੋ ਕੇ ਨਿਕਲ ਰਹੇ ਸਨ।

"ਮੈਂ ਸੋਚਦੀ ਆਂ ਕਿ ਥੋਨੂੰ ਮੈਂ ਗੋਦ ਲੈ ਲਵਾਂ। ਲੋਕ ਬੱਚਿਆਂ ਨੂੰ ਤਾਂ ਗੋਦ ਲੈਂਦੇ ਆਏ ਆ। ਕੋਈ ਇਹ ਨੀ ਸੋਚਦਾ ਬਜ਼ੁਰਗਾਂ ਨੂੰ ਗੋਦ ਲੈ ਕੇ ਕੋਈ ਕਿੰਨ੍ਹਾ ਵੱਡਾ ਉਪਕਾਰ ਆਪਣੇ ਆਪ 'ਤੇ ਕਰ ਸਕਦਾ।" ਸੁਣ ਕੇ ਡੈਨਿਸ 'ਤੇ ਗਰੀਟਾ ਹੱਸਣ ਲੱਗੇ। ਉਹਨਾਂ ਨੂੰ ਪ੍ਰੀਤ ਗੋਦ ਲਵੇ ਇਹ ਸੋਚ ਕੇ ਅਜੀਬ ਜਿਹਾ ਲੱਗਾ ਅਤੇ ਉਹ ਹੱਸਦੇ ਹੋਰ ਵੀ ਲੋਟ ਪੋਟ ਹੋ ਗਏ।

"ਅਸਲ 'ਚ ਸਾਨੂੰ ਚਾਹੀਦਾ ਤੈਨੂੰ ਆਪਣੀ ਪੋਤੀ ਵਜੋਂ ਅਸੀਂ ਪੱਕੇ ਤੌਰ 'ਤੇ ਅਪਣਾ ਲਈਏ। ਕਾਗਜ਼ਾਂ ਵਿਚ ਵੀ।" ਡੈਨਿਸ ਨੇ ਆਪਣਾ ਮਨ ਸੱਚੀਂ ਪ੍ਰੀਤ ਨੂੰ ਅਪਨਾਉਣ ਦਾ ਬਣਾ ਲਿਆ ਲਗਦਾ ਸੀ।

"ਤੁਸੀਂ ਸੋਚਦੇ ਐਂ ਜਿਸ ਨੂੰ ਗੋਦ ਲਿਆ ਜਾਂਦਾ ਉਹ ਕਮਜ਼ੋਰ ਅਤੇ ਲਾਚਾਰ ਹੁੰਦਾ। ਜਿਸ ਨੂੰ ਕਿਸੇ ਨਾ ਕਿਸੇ ਦੀ ਜ਼ਰੂਰਤ ਹੁੰਦੀ ਐ। ਜਿਹੜਾ ਉਸ ਦਾ ਪਾਲਣ ਪੋਸ਼ਣ ਕਰ ਸਕੇ। ਪਰ ਅਜਿਹੀ ਗੱਲ ਨਹੀਂ। ਕਿਸੇ ਨੂੰ ਗੋਦ ਲੈਣ ਦਾ ਅਸਲੀ ਮਤਲਬ ਸਗੋਂ ਉਸ ਦਾ ਸਹਾਰਾ ਲੈਣਾ ਹੁੰਦਾ।" ਪ੍ਰੀਤ ਨੇ ਗੰਭੀਰਤਾ ਨਾਲ ਕਿਹਾ ਅਤੇ ਡੈਨਿਸ ਨੇ ਉਸ ਦੀ ਗੱਲ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਬਹੁਤ ਦੇਰ ਤੱਕ ਚੁੱਪ ਰਿਹਾ।

"ਬੱਸ ਤਹਿ ਹੋ ਗਿਆ ਮੈਂ ਤੁਹਾਨੂੰ ਗੋਦ ਲੈ ਰਹੀ ਆਂ। ਮੈਂ ਲੋੜੀਂਦੇ ਪੇਪਰ ਤਿਆਰ ਕਰਵਾ ਕੇ ਤੁਹਾਡੇ ਦਸਤਖਤ ਕਰਵਾ ਲੈਣੇ ਆ।" ਪ੍ਰੀਤ ਨੇ ਚਾਅ ਅਤੇ ਖੁਸ਼ੀ ਨਾਲ ਕਿਹਾ। ਉਹਨਾਂ ਨੂੰ ਵਾਰੀ ਵਾਰੀ ਚੁੰਮਿਆ ਅਤੇ ਘਰੋਂ ਬਾਹਰ ਹੋ ਗਈ।

ਕੁਝ ਦਿਨਾਂ ਬਾਅਦ ਪ੍ਰੀਤ ਨੇ ਸੱਚ ਮੁੱਚ ਪੇਪਰ ਤਿਆਰ ਕਰ ਲਏ ਸਨ। ਉਸ ਨੇ ਉਹਨਾਂ ਨੂੰ ਆਪਣੇ ਮੂੰਹ ਬੋਲੇ ਗਰੈਂਡਪਾ ਅਤੇ ਗਰੈਂਡਮਾਂ ਬਣਾ ਲਿਆ ਸੀ। ਉਹਨਾਂ ਨੂੰ ਉਹ ਗੋਦ ਲੈ ਕੇ ਉਹਨਾਂ ਦੀ ਹਰ ਕਿਸਮ ਦੀ ਜ਼ਿੰਮੇਵਾਰੀ ਲੈ ਰਹੀ ਸੀ। ਉਹਨਾਂ ਦੀ ਜਾਇਦਾਦ ਦੇ ਕਿਸੇ ਵੀ ਹਿੱਸੇ ਦੀ ਉਹ ਮਾਲਕ ਨਹੀਂ ਹੋਵੇਗੀ ਅਤੇ ਨਾ ਹੀ ਉਸ 'ਤੇ ਕਦੇ ਕੋਈ ਮਾਲਕੀ ਜਤਾਉਣ ਦਾ ਯਤਨ ਕਰੇਗੀ। ਉਹਨਾਂ ਦਾ ਖਿਆਲ ਕਰਨ ਅਤੇ ਉਹਨਾਂ ਦੀ ਦੇਖ ਭਾਲ ਕਰਨ ਦੇ ਨਾਲ ਨਾਲ ਉਹਨਾਂ ਦੀ ਧੀ ਸ਼ਰਲੀ ਦੀ ਬੁਟੀਕ ਖੋਲ੍ਹਣ ਦੀ ਇੱਛਾ ਪੂਰੀ ਕਰਨ ਲਈ ਵੀ ਉਹ ਵਚਨਬੱਧ ਸੀ। ਉਹਨਾਂ ਦੀ ਜਾਇਦਾਦ ਦੇ ਹੱਕਦਾਰ ਡੈਨਿਸ ਅਤੇ ਗਰੀਟਾ ਦਾ ਪ੍ਰੀਵਾਰ ਜਿਸ ਨਾਲ ਉਹਨਾਂ ਦਾ

ਖ਼ੂਨ ਦਾ ਰਿਸ਼ਤਾ ਹੈ, ਉਹ ਹੀ ਹੋਣਗੇ। ਉਸ ਨੇ ਪੇਪਰ ਡੈਨਿਸ ਤੋਂ ਇਕ ਤਰ੍ਹਾਂ ਧੱਕੇ ਨਾਲ ਹੀ ਸਾਈਨ ਕਰਵਾ ਲਏ ਸਨ।

ਪ੍ਰੀਤ ਦੇ ਜਾਣ ਬਾਅਦ ਡੈਨਿਸ ਅਤੇ ਗਰੀਟਾ ਨੇ ਇਕ ਦੂਜੇ ਦੀਆਂ ਅੱਖਾਂ ਵਿਚ ਇੰਝ ਤੱਕਿਆ ਜਿਵੇਂ ਉਹਨਾਂ ਦਾ ਪਿਆਰ ਇਕ ਵਾਰ ਫਿਰ ਜਵਾਨ ਹੋ ਗਿਆ ਹੋਵੇ। ਉਹ ਇਕ ਦੂਜੇ ਦੀਆਂ ਬਾਂਹਾਂ ਵਿਚ ਜਕੜੇ ਗਏ ਅਤੇ ਦੇਰ ਤੱਕ ਇਕ ਦੂਜੇ ਨੂੰ ਪਿਆਰਦੇ ਆਪਣੀ ਖੁਸ਼ੀ ਨੂੰ ਸੰਘਣੀ ਕਰਦੇ ਰਹੇ। ਇਸ ਸਮੇਂ ਪ੍ਰੀਤ ਆਪਣੀਆਂ ਭਵਿੱਖਤ ਯੋਜਨਾਵਾਂ ਬਣਾਉਣ ਵਿਚ ਰੁਝੀ ਹੋਈ।

## ਅਠਾਈਵਾਂ

ਪ੍ਰੀਤ ਨੇ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਪਹਿਲਾ ਸਾਲ ਪੂਰਾ ਕੀਤਾ ਤਾਂ ਉਸ ਵਿਚ ਸਵੈ ਵਿਸ਼ਵਾਸ਼ ਦੀ ਕੋਈ ਘਾਟ ਨਹੀਂ ਸੀ। ਪਹਿਲੇ ਸਾਲ ਦੇ ਪਹਿਲੇ ਦਿਨ ਜ਼ਰੂਰ ਕਠਿਨਾਈ ਵਾਲੇ ਸਨ। ਨਵੇਂ ਮਹੌਲ ਵਿਚ ਵਿਚਰਨ ਅਤੇ ਨਵੇਂ ਲੋਕਾਂ ਨਾਲ ਵਾਹ ਵਾਸਤਾ ਪੈਣ ਦੇ ਨਾਲ ਨਾਲ ਉਸ ਨੂੰ ਪੜ੍ਹਾਈ ਵੀ ਔਖੀ ਲਗਦੀ ਸੀ। ਸ਼ਰਲੀ ਨਾਲ ਬੀਤੀ ਟ੍ਰੈਜਡੀ ਦੀ ਜਾਣਕਾਰੀ ਨੇ ਉਸ ਵਿਚ ਇਕ ਵੱਡੀ ਤਬਦੀਲੀ ਲੈ ਆਂਦੀ। ਉਸ ਅੱਗੇ ਕੁਝ ਬਣਨ ਦੀ ਲਾਲਸਾ ਨੇ ਇਕ ਚਿਣਗ ਨੂੰ ਜਨਮ ਦਿਤਾ। ਸੀਤੋ ਨਾਲ ਜੱਦੋ ਜਹਿਦ ਕਰਨ ਤੋਂ ਬਾਅਦ ਹੀ ਲੰਡਨ ਸਕੂਲ ਆਫ ਇਕਨਾਮਿਕਸ ਵਿਚ ਜਾਣ ਦਾ ਫੈਸਲਾ ਹੋਇਆ ਸੀ। ਸੀਤੋ ਦੀ ਪ੍ਰੀਤ ਨੂੰ ਡਾਕਟਰ ਬਨਾਉਣ ਦੀ ਇੱਛਾ ਦਾ ਉਸ ਨੂੰ ਤਿਆਗ ਕਰਨਾ ਪਿਆ। ਦਿਲੋਂ ਸੀਤੋ ਬਹੁਤੀ ਖੁਸ਼ ਨਹੀਂ ਸੀ। ਉਸ ਵੱਲ ਕਿਸੇ ਦੀ ਵੋਟ ਨਾ ਹੋਣ ਕਰਕੇ ਉਸ ਨੂੰ ਚੁੱਪ ਕਰਨਾ ਪਿਆ। ਅਜੇ ਵੀ ਉਸ ਨੂੰ ਸਾਰੇ ਮੂਰਖ ਹੀ ਲਗਦੇ। ਪ੍ਰੀਤ ਨੇ ਹੌਲੀ ਹੌਲੀ ਸੀਤੋ ਨੂੰ ਆਪਣੀ ਪੜ੍ਹਾਈ ਦੇ ਸਬੰਧ ਵਿਚ ਜਾਣਕਾਰੀ ਦਿੱਤੀ ਤਾਂ ਉਸ ਨੂੰ ਕੁਝ ਕੁ ਤਸੱਲੀ ਹੋਈ ਕਿ ਕੁੜੀ ਬਹੁਤ ਪੈਸਾ ਕਮਾ ਸਕਣ ਦੇ ਕਾਬਲ ਹੋ ਜਾਵੇਗੀ। ਪੈਸੇ ਦੀ ਕਮਾਈ ਦੇ ਸੁਪਨੇ ਨੇ ਸੀਤੋ ਨੂੰ ਡਾਕਟਰੀ ਦੀ ਟੌਅਰ ਦਾ ਚਿਤ ਚੇਤਾ ਹੀ ਭੁਲਾ ਦਿੱਤਾ ਅਤੇ ਉਹ ਵੀ ਪ੍ਰੀਤ ਨਾਲ ਖੁਸ਼ ਰਹਿਣ ਲੱਗੀ।

ਪਹਿਲੇ ਸਾਲ ਵਿਚ ਹੀ ਪ੍ਰੀਤ ਨੇ ਸ਼ੇਅਰ ਮਾਰਕਿਟ ਨੂੰ ਧਿਆਨ ਨਾਲ ਵਾਚਣਾ ਸ਼ੁਰੂ ਕਰ ਦਿੱਤਾ। ਪਹਿਲਾਂ ਪਹਿਲ ਉਸ ਨੇ ਪੇਪਰ ਟਰੇਡਿੰਗ ਕੀਤੀ। ਉਸ ਨੂੰ ਦਿਨੋ ਦਿਨ ਵਿਸ਼ਵਾਸ਼ ਹੁੰਦਾ ਗਿਆ ਕਿ ਉਹ ਮਾਰਕਿਟ ਦਾ ਵਿਸ਼ਲੇਸ਼ਣ ਕਰਕੇ ਸਹੀ ਫੈਸਲੇ ਕਰ ਸਕਦੀ ਸੀ। ਕੋਈ ਵੀ ਮਾਰਕਿਟ ਸਬੰਧੀ ਸੌ ਪ੍ਰਤੀਸ਼ਤ ਸਹੀ ਫੈਸਲਾ ਨਹੀਂ ਕਰ ਸਕਦਾ। ਦੁਨੀਆਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਮਾਰਕਿਟ ‘ਤੇ ਚੰਗਾ ਜਾਂ ਮਾੜਾ ਅਸਰ ਪੈਣਾ ਕੁਦਰਤੀ ਹੁੰਦਾ ਹੈ। ਇਹਨਾਂ ਘਟਨਾਵਾਂ ‘ਤੇ ਨਾ ਤਾਂ ਕਿਸੇ ਦਾ ਕੰਟਰੋਲ ਹੋ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਇਹਨਾਂ ਘਟਨਾਵਾਂ ਜਾਂ ਦੁਰਘਟਨਾਵਾਂ ਦਾ ਅਗਾਂਊਂ ਪਤਾ ਲੱਗ ਸਕਦਾ ਹੈ। ਛੇ ਮਹੀਨਿਆਂ ਦੀ ਪੇਪਰ ਟਰੇਡਿੰਗ ਨੇ ਉਸ ਨੂੰ ਚੰਗਾ ਮੁਨਾਫਾ ਦਿਖਾਇਆ ਸੀ। ਹੁਣ ਉਹ ਪੈਸੇ ਲਾ ਕੇ ਅਸਲੀ ਟਰੇਡਿੰਗ ਕਰਨ ਲਈ ਛਟਪਟਾ ਰਹੀ ਸੀ।

ਆਪਣੇ ਖਰਚੇ ਵਿਚੋਂ ਉਹ ਕੁਝ ਨਾ ਕੁਝ ਇਕ ਪਾਸੇ ਬਚਾ ਲੈਂਦੀ। ਕੁਝ ਕੁ ਪੈਸੇ ਉਸ ਕੋਲ ਜੁੜ ਗਏ ਸਨ ਪਰ ਐਨੇ ਨਹੀਂ ਕਿ ਉਹ ਮਾਰਕਿਟ ਵਿਚ ਟਰੇਡਿੰਗ ਕਰ ਸਕੇ। ਉਹ ਇਕ ਅੱਧ ਕੰਪਨੀ ਦੇ ਸ਼ੇਅਰ ਤਾਂ ਖਰੀਦ ਸਕਦੀ ਸੀ। ਸਹੀ ਢੰਗ ਨਾਲ ਅਤੇ ਤਸੱਲੀ ਨਾਲ ਟਰੇਡਿੰਗ ਕਰਨ ਲਈ ਜ਼ਰੂਰੀ ਸੀ ਉਹ ਵੱਖੋ ਵੱਖ ਸੈਕਟਰ ਅਤੇ ਵੱਖੋ ਵੱਖ ਕੰਪਨੀਆਂ ਦੇ ਸ਼ੇਅਰ ਖਰੀਦੇ। ਇਕ ਅੱਧ ਕੰਪਨੀ ਦੇ ਸ਼ੇਅਰ ਡਿੱਗ ਵੀ ਸਕਦੇ ਸਨ ਅਤੇ ਉਸ ਹਾਲਤ ਵਿਚ ਦੂਜੀ ਕੰਪਨੀ ਦੇ ਸ਼ੇਅਰ ਉਸ ਦਾ ਘਾਟਾ ਪੂਰਾ ਕਰ ਸਕਦੇ ਸਨ।

ਉਸ ਨੇ ਮੀਕੇ ਕੋਲੋਂ ਕੁਝ ਪੈਸੇ ਉਧਾਰ ਫੜਨ ਬਾਰੇ ਸੋਚਿਆ। ਫਿਰ ਉਸ ਨੇ ਮਨ ਬਦਲ ਲਿਆ। ਮੀਕਾ ਤਾਂ ਆਪ ਹੀ ਮਸਾਂ ਵਕਤ ਕਟਦਾ ਸੀ। ਹੁਣੇ ਹੁਣੇ ਉਸ ਨੇ ਵੱਡੀ ਬੇਟੀ ਦਾ ਵਿਆਹ ਕੀਤਾ ਸੀ ਜੋ ਪੜ੍ਹਨ ਵਿਚ ਬਹੁਤੀ ਚੰਗੀ ਨਹੀਂ ਸੀ ਰਹੀ। ਸੀਤੋ ਅਤੇ ਮੀਕੇ ਨੇ ਫੈਸਲਾ ਕੀਤਾ ਜੇ ਕੁੜੀ ਨੇ ਪੜ੍ਹਨਾ ਨਹੀਂ ਤਾਂ ਉਸ ਦਾ ਸਮੇਂ ਸਿਰ ਵਿਆਹ ਕਰਨਾ ਹੀ ਠੀਕ ਸੀ। 'ਜ਼ਮਾਨਾ ਬੜਾ ਮਾੜਾ, ਕੁੜੀ

ਆਪਦੇ ਘਰ ਜਾਵੇ।' ਸੀਤੋ ਨੇ ਆਪਣੀ ਰਾਇ ਦਿੱਤੀ ਅਤੇ ਮੀਕੇ ਨੇ ਮੰਨ ਲਈ। ਮੁੰਡਾ ਕੁੜੀ ਦੇ ਪਸੰਦ ਆ ਗਿਆ ਅਤੇ ਉਸ ਦਾ ਵਿਆਹ ਕਰ ਦਿੱਤਾ। ਜੋ ਚੂਣ-ਭੂਣ ਮੀਕੇ ਨੇ ਬਚਾਈ ਸੀ ਉਹ ਵਿਆਹ 'ਤੇ ਖਰਚ ਹੋ ਗਈ। ਹੁਣ ਸੀਤੋ ਜਲਦੀ ਹੀ ਦੂਜੀ ਕੁੜੀ ਦੇ ਹੱਥ ਪੀਲੇ ਕਰਨ ਲਈ ਜ਼ੋਰ ਪਾ ਰਹੀ ਸੀ। ਜਿਥੇ ਉਸ ਦੇ ਵਿਆਹ ਦੀ ਗੱਲ ਚੱਲ ਰਹੀ ਸੀ ਪ੍ਰੀਤ ਨੂੰ ਪਤਾ ਸੀ ਗੱਲ ਬਣਨ ਦੀ ਪੂਰੀ ਸੰਭਾਵਨਾ ਸੀ। ਸੋ ਮੀਕੇ ਲਈ ਇਕ ਹੋਰ ਵਿਆਹ ਦਾ ਖਰਚਾ ਸਿਰ 'ਤੇ ਮੰਡਰਾਉਣ ਲੱਗਾ।

ਸੋਚ ਵਿਚਾਰ ਕੇ ਪ੍ਰੀਤ ਨੇ ਕੰਮ ਲੱਭਣ ਦਾ ਫੈਸਲਾ ਕੀਤਾ। ਸੋ ਉਸ ਨੇ ਕੁਝ ਦੇਰ ਲਈ ਅਮਲੀ ਟਰੇਡਿੰਗ ਨੂੰ ਅੱਗੇ ਪਾ ਦਿੱਤਾ। ਇਸ ਸਮੇਂ ਦੌਰਾਨ ਵੀ ਉਹ ਪੇਪਰ ਟਰੇਡਿੰਗ ਕਰਦੀ ਰਹੀ। ਜਲਦੀ ਹੀ ਉਸ ਨੂੰ ਇਕ ਨਵੀਂ ਕੰਪਨੀ ਦੇ ਸ਼ੇਅਰਾਂ ਦਾ ਪਤਾ ਲੱਗ ਗਿਆ। ਉਸ ਨੂੰ ਪੂਰੀ ਤਸੱਲੀ ਸੀ ਕੰਪਨੀ ਦੇ ਸ਼ੇਅਰ ਜ਼ਰੂਰ ਵਧਣਗੇ। ਉਸ ਨੇ ਉਹ ਸ਼ੇਅਰ ਖਰੀਦ ਲਏ। ਕੁਝ ਦੇਰ ਉਸ ਦੇ ਸ਼ੇਅਰ ਥੋੜੇ ਵਧੇ। ਫਿਰ ਮਾਰਕਿਟ ਨੇ ਕੰਪਨੀ ਨੂੰ ਕਿਸੇ ਕਾਰਨ ਜਿਵੇਂ ਨਕਾਰ ਦਿੱਤਾ ਹੋਵੇ। ਸ਼ੇਅਰ ਪਹਿਲਾਂ ਨਾਲੋਂ ਵੀ ਥੱਲੇ ਡਿੱਗ ਪਏ। ਪ੍ਰੀਤ ਨੂੰ ਅਫਸੋਸ ਹੋਇਆ। ਉਸ ਦੀ ਰਕਮ ਦਾ ਵੱਡਾ ਹਿੱਸਾ ਵਿਚੋਂ ਖੁਰ ਗਿਆ ਸੀ।

ਉਹ ਬਦਹਵਾਸ ਜਿਹੀ ਡੈਨਿਸ ਕੋਲ ਆਈ।

"ਕੀ ਹੋਇਆ ਤੈਨੂੰ ਪ੍ਰੀਤ!" ਡੈਨਿਸ ਨੂੰ ਪ੍ਰੀਤ ਦਾ ਅਫ਼ਸੋਸਿਆ ਮੂੰਹ ਵੇਖਕੇ ਹੈਰਾਨੀ ਭਰੀ ਫਿਕਰ ਹੋਈ।

"ਗਰੈਂਡਪਾ ਮੈਂ ਤਾਂ ਬਹੁਤ ਘਾਟਾ ਖਾ ਗਈ ਆਂ। ਮੈਨੂੰ ਯਕੀਨ ਸੀ ਮੈਂ ਇਸ ਸ਼ੇਅਰ ਵਿਚ ਚੰਗੇ ਪੈਸੇ ਕਮਾ ਸਕਾਂਗੀ। ਪਰ--। "ਪ੍ਰੀਤ ਦੀ ਅਵਾਜ਼ ਅੱਧ ਵਿਚਾਲੇ ਟੁੱਟ ਗਈ।

"ਤੂੰ ਪੈਸੇ ਦਾ ਘਾਟਾ ਤਾਂ ਜ਼ਰੂਰ ਖਾਧਾ ਐ। ਜਿਹੜਾ ਤਜ਼ਰਬੇ ਦਾ ਸਬਕ ਸਿਖਿਆ ਐ ਉਸ ਦਾ ਫਾਇਦਾ ਨੀ ਸੋਚਦੀ । ਪ੍ਰੀਤ ਤਜ਼ਰਬਾ ਹਮੇਸ਼ਾਂ ਮਹਿੰਗਾ ਹੀ ਹੁੰਦਾ ਐ।" ਡੈਨਿਸ ਨੇ ਤਸੱਲੀ ਭਰੀ ਅਵਾਜ਼ ਵਿਚ ਕਿਹਾ ਤਾਂ ਪ੍ਰੀਤ ਨੇ ਅੱਖਾਂ ਚੁੱਕ ਕੇ ਡੈਨਿਸ ਵੱਲ ਵੇਖਿਆ। ਹੁਣ ਉਸ ਦੇ ਬੁੱਲਾਂ 'ਤੇ ਬਰੀਕ ਜਿਹੀ ਮੁਸਕਾਨ ਆ ਗਈ ਸੀ। ਡੈਨਿਸ ਨੇ ਕਹਿਣਾ ਸ਼ੁਰੂ ਕੀਤਾ-

"ਇਕ ਤਾਂ ਸ਼ੇਅਰ ਮਾਰਕਿਟ ਕਿਸੇ ਦੀ ਮਿੱਤ ਨਹੀਂ ਹੁੰਦੀ। ਦੂਜਾ ਡਸਿਪਲਨ ਨਹਾਇਤ ਜ਼ਰੂਰੀ ਹੁੰਦਾ ਐ। ਕਿਸੇ ਸ਼ੇਅਰ ਵਿਚ ਕਿੰਨ੍ਹਾ ਮੁਨਾਫਾ ਬਣਨ 'ਤੇ ਜਾਂ ਕਿੰਨ੍ਹਾ ਘਾਟਾ ਪੈਣ 'ਤੇ ਸ਼ੇਅਰ ਵੇਚਣਾ ਐ ਇਸ ਗੱਲ ਨੂੰ ਅਗਾਂਊਂ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੁੰਦਾ ਐ।" ਡੈਨਿਸ ਨੇ ਆਪਣੇ ਤਜ਼ਰਬੇ ਦਾ ਸਬਕ ਦੇਣਾ ਸ਼ੁਰੂ ਕੀਤਾ ਤਾਂ ਪ੍ਰੀਤ ਧਿਆਨ ਨਾਲ ਸੁਣਨ ਲੱਗੀ।

"ਜਿਹੜਾ ਸ਼ੇਅਰ ਦਸ ਪਰਸੈਂਟ ਘਟ ਗਿਆ ਉਸ ਨੂੰ ਬੇਦਰਦੀ ਨਾਲ ਵੇਚ ਦੇਣਾ ਜ਼ਰੂਰੀ ਹੁੰਦਾ। ਨਾਲੋ ਨਾਲ ਉਸ ਸ਼ੇਅਰ 'ਤੇ ਨਜ਼ਰ ਰੱਖਣ ਦੀ ਲੋੜ ਹੁੰਦੀ ਐ। ਬਹੁਤ ਵਾਰ ਅਜਿਹਾ ਵੀ ਹੁੰਦਾ ਉਹੀ ਸ਼ੇਅਰ ਫੇਰ ਤੋਂ ਛਾਲਾਂ ਮਾਰਦਾ ਵਧਣ ਲਗਦਾ ਐ।" ਡੈਨਿਸ ਬਹੁਤ ਦੇਰ ਤੱਕ ਉਸ ਨਾਲ ਮਾਰਕਿਟ ਸਬੰਧੀ ਗੱਲਾਂ ਕਰਦਾ ਰਿਹਾ। ਅਖ਼ੀਰ ਉਸ ਨੇ ਪ੍ਰੀਤ ਨੂੰ ਦਿਲ ਛੋਟਾ ਕਰਨ ਦੀ ਥਾਂ ਆਪਣੇ ਢੰਗ ਤਰੀਕੇ ਨੂੰ ਫਿਰ ਤੋਂ ਵਿਚਾਰਨ ਦੀ ਰਾਇ ਦਿੱਤੀ ਜੋ ਪ੍ਰੀਤ ਦੇ ਮਨ ਲੱਗ ਗਈ।

ਪ੍ਰੀਤ ਨੇ ਅਗਲੇ ਦਿਨਾਂ ਵਿਚ ਮਾਰਕਿਟ ਵੱਲ ਵੀ ਉਚੇਚਾ ਧਿਆਨ ਦਿੱਤਾ ਅਤੇ ਆਪਣੇ ਆਪ ਦਾ ਵਿਸ਼ਲੇਸ਼ਣ ਵੀ ਕੀਤਾ। ਡੈਨਿਸ ਦੀ ਗੱਲ ਉਸ ਨੂੰ ਠੀਕ ਲੱਗੀ ਕਿ ਅਸਲ ਵਿਚ ਉਸ ਵਿਚ ਡਸਿਪਲਨ ਦੀ ਘਾਟ ਸੀ। ਉਸ ਨੇ ਡਿੱਗ ਰਹੇ ਸ਼ੇਅਰ ਨੂੰ ਵੇਚਣ ਬਾਰੇ ਸੋਚਿਆ ਵੀ ਸੀ। ਪਰ ਉਹ ਦਸ ਪਰਸੈਂਟ ਦਾ ਘਾਟਾ ਖਾਣ ਦੀ ਥਾਂ ਉਸ ਸ਼ੇਅਰ ਨੂੰ ਚਮਤਕਾਰ ਨਾਲ ਮੁੜ ਤੋਂ ਵਧਣ ਦੀ ਉਮੀਦ ਨਾਲ ਜੁੜੀ ਰਹੀ। ਬਦਕਿਸਮਤੀ ਨਾਲ ਸ਼ੇਅਰ ਚਾਲੀ ਪਰਸੈਂਟ ਤੱਕ ਡਿਗ ਪਿਆ। ਮਾੜੀ ਗੱਲ ਕਿ ਸ਼ੇਅਰ ਨਾ ਵੱਧ ਰਿਹਾ ਸੀ ਅਤੇ

ਨਾ ਹੀ ਜਲਦੀ ਵਧਣ ਦੇ ਆਸਾਰ ਨਜ਼ਰ ਆ ਰਹੇ ਸਨ। ਪ੍ਰੀਤ ਨੇ ਫਿਰ ਤੋਂ ਪੇਪਰ ਟਰੇਡਿੰਗ ਸ਼ੁਰੂ ਕਰ ਦਿੱਤੀ। ਨਾਲੋ ਨਾਲ ਸ਼ੇਅਰ ਮਾਰਕਿਟ ਵਿਚ ਟਰੇਡ ਕਰਨ ਦੇ ਢੰਗ ਤਰੀਕੇ ਬਾਰੇ ਹੋਰ ਸੋਚਣ ਲੱਗੀ।

ਕੁਝ ਆਪਣੇ ਹਮਦਰਦ ਦੋਸਤਾਂ ਨਾਲ ਮਿਲ ਕੇ ਉਸ ਨੇ ਸਿੰਡੀਕੇਟ ਬਣਾ ਕੇ ਟਰੇਡ ਕਰਨ ਦਾ ਫ਼ੈਸਲਾ ਕੀਤਾ। ਫਿਰ ਤੋਂ ਮਾਰਕਿਟ ਵਿਚ ਸ਼ੇਅਰ ਖਰੀਦੇ ਗਏ। ਪ੍ਰੀਤ ਨੂੰ ਮਾਰਕਿਟ ਵਿਚ ਟਰੇਡ ਕਰਨ ਦਾ ਤਜ਼ਰਬਾ ਹੁੰਦਾ ਗਿਆ। ਹੁਣ ਉਸ ਨੂੰ ਮੀਕੇ ਤੋਂ ਪੈਸੇ ਦੀ ਲੋੜ ਨਾ ਪੈਂਦੀ। ਸਗੋਂ ਕੁੜੀ ਦੇ ਵਿਆਹ ਸਮੇਂ ਮੀਕੇ ਦੀ ਉਸ ਨੇ ਮਦਦ ਕੀਤੀ। ਸੀਤੋ ਨੂੰ ਤਾਂ ਪ੍ਰੀਤ ‘ਤੇ ਇਕ ਵਾਰ ਸ਼ੱਕ ਹੀ ਹੋ ਗਿਆ ਸੀ ਕਿ ਕੁੜੀ ਪਤਾ ਨੀ ਕਿਤੇ ਗਲਤ ਕੰਮ ਹੀ ਨਾ ਕਰਦੀ ਹੋਵੇ। ਜਿਹੜੀ ਘਰੋਂ ਪੈਸੇ ਲੈਣ ਦੀ ਥਾਂ ਘਰ ਦੇ ਦਿੰਦੀ ਸੀ। ਪ੍ਰੀਤ ਨੇ ਬਹੁਤ ਮੁਸ਼ਕਲ ਨਾਲ ਮੀਕੇ ਦੀ ਮਦਦ ਲੈ ਕੇ ਸੀਤੋ ਦਾ ਭੁਲੇਖਾ ਦੂਰ ਕੀਤਾ ਸੀ

ਇਕ ਦਿਨ ਡੈਨਿਸ ਨੇ ਉਸ ਨੂੰ ਹੋਰ ਵੀ ਵਧੀਆ ਗੱਲ ਦੱਸੀ।

“ਪ੍ਰੀਤ ਲੋਕ ਹਰ ਕੰਮ ਪੈਸੇ ਕਮਾਉਣ ਵਾਸਤੇ ਕਰਦੇ ਆ। ਕਰਨਾ ਵੀ ਚਾਹੀਦਾ। ਪੈਸੇ ਬਿਨਾਂ ਬੰਦੇ ਦਾ ਸਰਦਾ ਈ ਨੀਂ। ਜਿਹੜੇ ਲੋਕ ਪੈਸਾ ਕਮਾਉਣ ਤੋਂ ਵੱਧ ਉਸ ਕੰਮ ਨੂੰ ਪਿਆਰ ਕਰਦੇ ਆ ਉਹਨਾਂ ਨੂੰ ਕਮਾਈ ਦੇ ਨਾਲ ਨਾਲ ਮਨ ਦੀ ਸੰਤੁਸ਼ਟਤਾ ਵੀ ਮਿਲਦੀ ਐ। ਜਿਹੜੇ ਸਿਰਫ਼ ਪੈਸੇ ਕਮਾਉਣ ਲਈ ਕੰਮ ਕਰਦੇ ਆ ਉਹਨਾਂ ਕੋਲ ਮਨ ਦੀ ਭਟਕਣਾ ਹੁੰਦੀ ਆ, ਸੰਤੁਸ਼ਟਤਾ ਨੀ। ਸੋ ਮੇਰੀ ਰਾਇ ਐ ਜਿਹੜਾ ਵੀ ਕੰਮ ਕਰੇਂ ਉਸ ਨੂੰ ਧਰਮ ਸਮਝ ਕੇ ਕਰੀਂ। ਦੂਜਾ ਉਸ ਕੰਮ ਵਿਚੋਂ ਤੈਨੂੰ ਕੀ ਕਮਾਈ ਹੁੰਦੀ ਐ, ਇਸ ਤੋਂ ਵੱਧ ਸੋਚਣ ਦੀ ਲੋੜ ਐ ਤੇਰੇ ਕੰਮ ਨਾਲ ਕਿੰਨ੍ਹੇ ਲੋਕਾਂ ਨੂੰ ਖੁਸ਼ੀ ਅਤੇ ਸੰਤੁਸ਼ਟਤਾ ਮਿਲਦੀ ਐ। ਤੇਰੇ ਨਾਲ ਦੂਜੇ ਵੀ ਖੁਸ਼ ਹੋਣ ਉਹੀ ਕਰਮ ਧਰਮ ਹੁੰਦਾ।” ਡੈਨਿਸ ਦੀ ਇਸ ਰਾਇ ਨੂੰ ਪ੍ਰੀਤ ਨੇ ਸਾਰੀ ਉਮਰ ਅਪਣਾਈ ਰੱਖਿਆ।

## ਉਣੱਤੀਵਾਂ

ਪ੍ਰੀਤ ਦੇ ਡਿਗਰੀ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਨੂੰ ਕੁਝ ਚੰਗੀਆਂ ਨੌਕਰੀਆਂ ਦੀ ਪੇਸ਼ਕਸ਼ ਹੋਈ। ਉਸ ਨੇ ਕਿਸੇ ਨੂੰ ਵੀ ਨਾਂਹ ਜਾਂ ਹਾਂ ਕਰਨ ਦੀ ਥਾਂ ਆਪਣੀਆਂ ਭਵਿੱਖਤ ਯੋਜਨਾਵਾਂ ਬਾਰੇ ਸੋਚਣ ਵੱਲ ਧਿਆਨ ਦਿੱਤਾ। ਉਸ ਨੇ ਇਸ ਸਮੇਂ ਵਿਚ ਸ਼ੇਅਰ ਬਜ਼ਾਰ ਵਿਚ ਸ਼ੇਅਰ ਖਰੀਦਣ ਦੇ ਨਾਲ ਨਾਲ ਹੋਰ ਢੰਗਾਂ ਨਾਲ ਪੂੰਜੀ ਨਵੇਸ਼ ਕਰਨ ਵੱਲ ਵੀ ਧਿਆਨ ਦਿੱਤਾ। ਪੈਸਿਆਂ ਦੇ ਪੱਖੋਂ ਉਹ ਕਾਫੀ ਵਧੀਆ ਕਮਾਈ ਕਰ ਰਹੀ ਸੀ। ਉਸ ਨੇ ਮੀਕੇ ਨਾਲ ਗੱਲ ਬਾਤ ਕੀਤੀ ਤਾਂ ਮੀਕੇ ਦੀ ਰਾਇ ਸੀ ਉਹ ਸ਼ੇਅਰ ਮਾਰਕਿਟ ਵੱਲ ਹੀ ਧਿਆਨ ਦੇਵੇ। ਕਿਸੇ ਲਈ ਕੰਮ ਕਰਨ ਵਿਚ ਉਸ ਨੂੰ ਕੋਈ ਖੁਸ਼ੀ ਮਹਿਸੂਸ ਨਹੀਂ ਹੋ ਰਹੀ ਸੀ। ਸ਼ਾਇਦ ਇਸ ਲਈ ਕਿ ਉਸ ਨੇ ਸਾਰੀ ਉਮਰ ਲੋਕਾਂ ਦੀ ਕੰਮਾਂ ‘ਤੇ ਗੁਲਾਮੀ ਕੀਤੀ ਸੀ। ਪ੍ਰੀਤ ਇਸ ਦੇ ਉਲਟ ਸੋਚ ਰਹੀ ਸੀ ਕਿਸੇ ਚੰਗੀ ਕੰਪਨੀ ਨਾਲ ਕੰਮ ਕਰ ਕੇ ਉਹ ਜ਼ਿਆਦਾ ਅਮਲੀ ਗਿਆਨ ਪ੍ਰਾਪਤ ਕਰ ਸਕਦੀ ਸੀ। ਸ਼ੇਅਰ ਖਰੀਦਣ ਵੇਚਣ ਦਾ ਕੰਮ ਤਾਂ ਉਹ ਫਿਰ ਵੀ ਕਰਦੀ ਰਹੇਗੀ।

ਸੀਤੋ ਦੀ ਆਪਣੀ ਸੋਚ ਸੀ। ਉਹ ਪ੍ਰੀਤ ਦਾ ਵਿਆਹ ਕਰਕੇ ਛੇਤੀ ਤੋਂ ਛੇਤੀ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਣਾ ਚਾਹੁੰਦੀ ਸੀ।

“ਹੁਣ ਪੜ੍ਹਾਈ ਖਤਮ ਹੋ ‘ਗੀ ਆ। ਇਹਨੂੰ ਘਰ ਬਹਾ ਕੇ ਕੀ ਕਰਨਾ। ਕੁੜੀ ਆਪਦੇ ਘਰ ਈ ਸੁੰਹਦੀ ਹੁੰਦੀ ਆ।” ਸੀਤੋ ਦੀ ਸੋਚ ਦਾ ਮੀਕੇ ਨੂੰ ਪੂਰੀ ਤਰ੍ਹਾਂ ਪਤਾ ਸੀ। ਪ੍ਰੀਤ ਨੂੰ ਵੀ ਕਿਸੇ ਹੱਦ ਤੱਕ ਸਮਝ ਸੀ। ਉਸ ਨੂੰ ਪਹਿਲਾਂ ਵੀ ਮਹਿਸੂਸ ਹੋ ਰਿਹਾ ਸੀ ਪੜ੍ਹਾਈ

ਖਤਮ ਹੋਣ ਸਾਰ ਵਿਆਹ ਲਈ ਉਸ ‘ਤੇ ਜ਼ੋਰ ਪਵੇਗਾ। ਇਸ ਲਈ ਉਹ ਮਾਨਸਕ ਤੌਰ ‘ਤੇ ਤਿਆਰ ਸੀ।

"ਮੰਮ ਵਿਆਹ ਕਰਵਾਉਣ ਲਈ ਮੈਂ ਅਜੇ ਤਿਆਰ ਨੀ। ਵਿਆਹ ਤੋਂ ਜ਼ਰੂਰੀ ਕਰਨ ਵਾਲੇ ਹੋਰ ਵੀ ਕੰਮ ਆ ਜਿਹੜੇ ਮੈਂ ਹਰ ਹਾਲਤ ‘ਚ ਕਰਨੇ ਆ। ਤੈਨੂੰ ਮੈਂ ਇਕ ਵਾਅਦਾ ਜ਼ਰੂਰ ਕਰ ਸਕਦੀ ਆਂ ਬਈ ਵਿਆਹ ਮੈਂ ਥੋਡੀ ਰਾਇ ਨਾਲ ਕਰੂੰ। ਆਖ਼ਰੀ ਫੈਸਲਾ ਮੇਰਾ ਹੋਊ। ਥੋਡੀ ਇੱਜ਼ਤ ਨੂੰ ਮੈਂ ਦਾਗ ਨੀ ਲੱਗਣ ਦਿੰਦੀ।" ਪ੍ਰੀਤ ਨੇ ਆਪਣਾ ਜਵਾਬ ਬਹੁਤ ਸ਼ਾਂਤੀ ਅਤੇ ਦ੍ਰਿੜਤਾ ਨਾਲ ਦਿੱਤਾ। ਸੀਤੋ ਨੂੰ ਇਹ ਜਵਾਬ ਪਸੰਦ ਨਾ ਆਇਆ।

"ਨੀ ਦੂਜੀਆਂ ਨੂੰ ਜਿਥੇ ਕਿਹਾ ਉਹਨਾਂ ਨੇ ਹੀਲ ਹੁੱਜਤ ਕੀਤੇ ਬਿਨਾਂ ਭਮਾਲੀਆਂ ਲੈ ਲੀਆਂ। ਤੂੰ ਕੋਈ ਅਲਹਿਦਾ ਐਂ! ਨਾਲੇ ਐਹੋ ਜੇ ਕਿਹੜੇ ਕੰਮ ਆ ਜਿਹੜੇ ਤੂੰ ਕਰਨੇ ਆਂ।" ਸੀਤੋ ਦਾ ਮੂੰਹ ਤਪਣ ਲੱਗਾ ਅਤੇ ਬੋਲ ਅੰਗਿਆਰ ਬਣ ਗਏ।

"ਮੰਮ ਪਹਿਲਾ ਕੰਮ ਤਾਂ ਸਤਿਵੀਰ ਦਾ ਫਿਕਰ ਆ। ਮੈਂ ਚਹੁੰਨੀ ਆਂ ਕਿਵੇਂ ਨਾ ਕਿਵੇਂ ਉਹ ਸੁਧਰ ਜੇ। ਦੂਜਾ ਕੰਮ ਪਤਾ ਨੀ ਕਿੰਨੇ ਸਤਿਵੀਰ ਵਰਗੇ ਮੁੰਡਿਆਂ ਦੇ ਮਾਪੇ ਆਪਣੇ ਵਾਂਗ ਤੜਪਦੇ ਹੋਣਗੇ। ਮੈਂ ਕੋਈ ਨਸ਼ਾ ਛਡਾਊ ਕੇਂਦਰ ਖੋਲ੍ਹਣਾ ਚਹੁੰਨੀ ਆਂ। ਜਾਂ ਘੱਟੋ ਘੱਟ ਕਿਸੇ ਚਲਦੇ ਕੇਂਦਰ ਵਿਚ ਮਦਦ ਕਰਨਾ ਚਹੁੰਨੀ ਆਂ।" ਪ੍ਰੀਤ ਨੇ ਬਾਕੀ ਆਪਣੇ ਵਿਚਾਰ ਸਾਂਝੇ ਕਰਨੇ ਜ਼ਰੂਰੀ ਨਾ ਸਮਝੇ। ਸਤਿਵੀਰ ਬਾਰੇ ਸੀਤੋ ਵੀ ਫਿਕਰਮੰਦ ਸੀ। ਉਸ ਨੂੰ ਸਤਿਵੀਰ ਨਾਲ ਗੱਲਾਂ ਕਰਦਿਆਂ ਅਤੇ ਸਮਝੌਤੀਆਂ ਦਿੰਦਿਆਂ ਪ੍ਰੀਤ ਨੇ ਕਈ ਵਾਰ ਵੇਖਿਆ ਸੀ। ਇਕ ਵਾਰ ਤਾਂ ਸੀਤੋ ਸਤਿਵੀਰ ਦੇ ਸਾਹਮਣੇ ਹੱਥ ਜੋੜੀ ਬੈਠੀ ਰੋ ਰੋ ਕੇ ਮਿੰਨਤਾਂ ਕਰਦੀ ਵੀ ਪ੍ਰੀਤ ਨੇ ਵੇਖੀ। ਪ੍ਰੀਤ ਨੇ ਸਭ ਵੇਖ ਕੇ ਵੀ ਅਣਡਿਠ ਕਰ ਦਿੱਤਾ ਸੀ। ਉਸ ਨੇ ਸੀਤੋ ਦੇ ਸਾਹਮਣੇ ਹੋ ਕੇ ਉਸ ਨੂੰ ਹੀਣਾ ਕਰਨ ਦੀ ਥਾਂ ਚੁੱਪ ਚਾਪ ਆਪਣੇ ਕਮਰੇ ਦਾ ਦਰਵਾਜ਼ਾ ਮਲਕੜੇ ਬੰਦ ਕਰ ਲਿਆ ਸੀ। ਸੀਤੋ ਦੀ ਹਾਲਤ ਵੇਖ ਕੇ ਉਸ ਨੂੰ ਗਿਲਾਨੀ ਵੀ ਹੋਈ ਅਤੇ ਸੀਤੋ ‘ਤੇ ਤਰਸ ਵੀ ਆਇਆ। ਪ੍ਰੀਤ ਦੀਆਂ ਅੱਖਾਂ ਵਿਚੋਂ ਹੰਝੂ ਵਗਣ ਲੱਗੇ। ਉਸ ਨੂੰ ਸਤਿਵੀਰ ਦੀ ਸਮਝ ਨਾ ਆਈ ਕਿ ਉਹ ਕਿਹੋ ਜਿਹੀ ਮਿੱਟੀ ਦਾ ਬਣਿਆ ਹੋਇਆ ਸੀ ਜਿਸ ‘ਤੇ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ।

ਪ੍ਰੀਤ ਦੀ ਸਤਿਵੀਰ ਬਾਰੇ ਫਿਕਰ ਨੇ ਉਸ ਨੂੰ ਥੋੜਾ ਠੰਡਾ ਕਰ ਦਿੱਤਾ। ਸੀਤੋ ਨੇ ਆਪਣਾ ਮੂੰਹ ਦੂਜੇ ਪਾਸੇ ਨੂੰ ਫੇਰ ਲਿਆ। ਆਪਣੀ ਹਾਰੀ ਹੋਈ ਦਲੀਲ ਨੂੰ ਠੁਮਣਾ ਦੇਣ ਲਈ ਉਸ ਨੇ ‘ਹੂੰ' ਕਿਹਾ ਅਤੇ ਕੁਝ ਹੋਰ ਬੋਲਣ ਲਈ ਮੂੰਹ ਖੋਲ੍ਹਣ ਹੀ ਲੱਗੀ ਸੀ ਕਿ ਮੀਕੇ ਦੇ ਰੜਕਵੇਂ ਬੋਲ ਉਸ ਨੂੰ ਸੁਣੇ।

"ਸੀਤੋ ਚੁੱਪ ਕਰਕੇ ਬਹਿ ਜਾ। ਉਹੀ ਅਣਪੜ੍ਹਾਂ ਆਲੀਆਂ ਗੱਲਾਂ। ਜੇ ਕੁੜੀ ਤਿਆਰ ਨੀ ਤਾਂ ਅਜੇ ਵਿਆਹ ਨੀ ਹੋ ਸਕਦਾ। ਖਬਰਦਾਰ ਜੇ ਅੱਜ ਤੋਂ ਬਾਦ ਐਸ ਗੱਲ ‘ਤੇ ਚੀਕ ਚਿਹਾੜਾ ਪਾਇਆ ਤਾਂ।" ਮੀਕੇ ਦੀਆਂ ਫਰਕਦੀਆਂ ਗੱਲ੍ਹਾਂ ਨੇ ਸੀਤੋ ਨੂੰ ਹੈਰਾਨ ਕਰ ਦਿੱਤਾ। ਅੱਜ ਸ਼ਾਇਦ ਪਹਿਲੀ ਵਾਰ ਮੀਕਾ ਸੀਤੋ ਦੇ ਗਲ ਪਿਆ ਸੀ। ਪ੍ਰੀਤ ਵੀ ਮੀਕੇ ਵੱਲ ਹੈਰਾਨੀ ਨਾਲ ਵੇਖਣ ਲੱਗੀ।

ਸਵੇਰੇ ਚਾਰ ਕੁ ਵਜੇ ਦਾ ਸਮਾਂ ਸੀ। ਡੋਰ ਬੈਲ ਦੀ ਟੁਣਕਾਰ ਨੇ ਮੀਕੇ ਦੇ ਨਾਲ ਨਾਲ ਸੀਤੋ ਅਤੇ ਪ੍ਰੀਤ ਨੂੰ ਵੀ ਜਗਾ ਦਿੱਤਾ। ਜੇ ਕੋਈ ਬੇਫਿਕਰ ਸੁੱਤਾ ਹੋਇਆ ਸੀ ਤਾਂ ਉਹ ਸਤਿਵੀਰ ਸੀ। ਉਸ ਨੂੰ ਅਜੇ ਤੱਕ ਨਸ਼ੇ ਦੀ ਲੋਰ ਨੇ ਆਪਣੀਆਂ ਬਾਹਾਂ ‘ਚੋਂ ਮੁੱਕਤ ਨਹੀਂ ਕੀਤਾ ਸੀ। ਮੀਕਾ ਅੱਖਾਂ ਮਲਦਾ ਉੱਠਿਆ। ਉਸ ਨੇ ਬੱਤੀ ਜਗਾਈ ਅਤੇ ਟਾਈਮ ਵੇਖਿਆ। ਉਹ ਪੌੜੀਆਂ ਉੱਤਰ ਰਿਹਾ ਸੀ। ਉਸ ਨੇ ਡੋਰ ਖੋਲ੍ਹਣ ਤੋਂ ਪਹਿਲਾਂ ‘ ਸਪਾਈ ਹੋਲ' ਵਿਚੋਂ ਦੀ ਬਾਹਰ ਵੇਖਿਆ। ਪੁਲੀਸ ਆਫ਼ੀਸਰ ਦੀ ਟੋਪੀ ਨੂੰ ਵੇਖ ਕੇ ਉਸ ਦੀਆਂ ਲੱਤਾਂ ਕੰਬਣ ਲੱਗੀਆਂ। ਰਾਤੀਂ ਕਿਸ ਵੇਲੇ ਸਤਿਵੀਰ ਘਰ ਆਇਆ ਜਾਂ ਨਹੀਂ ਆਇਆ ਉਸ ਨੂੰ ਕੋਈ ਪਤਾ ਨਹੀਂ ਸੀ। ਉਸ ਨੇ ਸਤਿਵੀਰ ਦੇ ਕਮਰੇ

ਵੱਲ ਵੇਖਿਆ। ਕਮਰਾ ਬੰਦ ਸੀ। ਉਸ ਵਿਚ ਸਤਿਵੀਰ ਦੇ ਹੋਣ ਜਾਂ ਨਾ ਹੋਣ ਦਾ ਉਸ ਨੂੰ ਕੋਈ ਇਲਮ ਨਾ ਹੋ ਸਕਿਆ। ਇਕ ਪਲ ਵਿਚ ਉਸ ਦੇ ਮਨ ਵਿਚ ਕਈ ਕੁਝ ਗੁਜ਼ਰ ਗਿਆ। ਉਸ ਦੇ ਮਨ ਵਿਚ ਸਤਿਵੀਰ ਦੇ ਜਿਉਂਦੇ ਜਾਂ ਮਰੇ ਹੋਣ ਦੇ ਵਿਚਾਰ ਨਾਲ ਉਸ ਨੂੰ ਕਈ ਕਿਸਮ ਦੀਆਂ ਹੋਰ ਵੀ ਵਲਾਵਾਂ ਦਿਸੀਆਂ। ਉਸ ਨੇ ਦਰਵਾਜ਼ਾ ਖੋਲ੍ਹ ਦਿੱਤਾ।

ਪੁਲੀਸ ਨੇ ਘਰ ਨੂੰ ਘੇਰਿਆ ਹੋਇਆ ਸੀ। ਉਸ ਦੀਆਂ ਖਾਨਿਉਂ ਗਈਆਂ। ਸੀਤੋ ਆਪਣੇ ਕਮਰੇ ਵਿਚੋਂ ਨਿਕਲ ਕੇ ਕਮਰੇ ਦੇ ਦਰਵਾਜ਼ੇ ਦਾ ਸਹਾਰਾ ਲੈ ਕੇ ਖੜ੍ਹੀ ਸੀ। ਉਸ ਨੂੰ ਡਰ ਸੀ ਜੇ ਉਹ ਭੋਰਾ ਵੀ ਐਧਰ ਉੱਧਰ ਨੂੰ ਹਿੱਲੀ ਤਾਂ ਸ਼ਾਇਦ ਧੜੱਕ ਧਰਤੀ ‘ਤੇ ਡਿੱਗ ਪਵੇ। ਪ੍ਰੀਤ ਵੀ ਨਾ ਚਾਹੁੰਦਿਆਂ ਕਮਰੇ ਵਿਚੋਂ ਨਿਕਲ ਕੇ ਪੌੜੀਆਂ ਉੱਤਰ ਆਈ। ਉਹ ਸਮਝਦੀ ਸੀ ਇਸ ਹਾਲਾਤ ਦਾ ਸਾਹਮਣਾ ਉਹੀ ਸਭ ਤੋਂ ਚੰਗੀ ਤਰ੍ਹਾਂ ਕਰ ਸਕਦੀ ਸੀ। ਉਹ ਪੁਲੀਸ ਆਫੀਸਰ ਦੇ ਸਾਹਮਣੇ ਆਈ।

“ਆਫੀਸਰ ਮੈਂ ਤੁਹਾਡੀ ਕਿਵੇਂ ਮਦਦ ਕਰ ਸਕਦੀ ਆਂ!” ਉਸ ਨੇ ਆਪਣੇ ਆਪ ਨੂੰ ਵੱਧ ਤੋਂ ਵੱਧ ਸ਼ਾਂਤ ਰੱਖਣ ਦੀ ਕੋਸ਼ਿਸ਼ ਕੀਤੀ।

“ਸਤਿਵੀਰ ਕਿਥੇ ਆ!” ਗੋਰੇ ਪੁਲੀਸ ਅਫ਼ਸਰ ਨੇ ਸਤਿਵੀਰ ਨੂੰ ‘ਸਟਵੀਰ' ਨਾਲ ਸੰਬੋਧਨ ਕਰਦਿਆਂ ਪ੍ਰੀਤ ਨੂੰ ਪੁੱਛਿਆ।

“ਜ਼ਰੂਰ ਆਪਣੇ ਕਮਰੇ ਵਿਚ ਹੋਵੇਗਾ। ਪਰ ਗੱਲ ਕੀ?"ਪ੍ਰੀਤ ਨੇ ਹੱਥ ਨਾਲ ਸਤਿਵੀਰ ਦੇ ਕਮਰੇ ਵੱਲ ਇਸ਼ਾਰਾ ਕਰ ਦਿੱਤਾ। ਅੰਦਰੋਂ ਦਿਲ ਉਸ ਦਾ ਧੜਕ ਰਿਹਾ ਸੀ। ਬਾਹਰ ਉਸ ਨੇ ਪੁਲੀਸ ਦੀਆਂ ਤਿੰਨ ਕਾਰਾਂ ਵੇਖੀਆਂ ਸਨ। ਮਾੜੀ ਮੋਟੀ ਗੱਲ ਲਈ ਐਨੀਆਂ ਕਾਰਾਂ ਦਾ ਆਉਣਾ ਸੰਭਵ ਨਹੀਂ ਸੀ।

ਤਿੰਨ ਪੁਲੀਸ ਆਫੀਸਰ ਸਤਿਵੀਰ ਦੇ ਕਮਰੇ ਵਿਚ ਚਲੇ ਗਏ। ਉਹਨਾਂ ਨੇ ਸੁੱਤੇ ਪਏ ਸਤਿਵੀਰ ਨੂੰ ਜਕੜ ਲਿਆ। ਹੁਣ ਕਿਤੇ ਜਾ ਜੇ ਸਤਿਵੀਰ ਦੀ ਅੱਖ ਖੁੱਲ੍ਹੀ। ਉਸ ਨੂੰ ਅਜੇ ਵੀ ਸਮਝ ਕੋਈ ਨਹੀਂ ਆ ਰਹੀ ਸੀ ਕੀ ਵਾਪਰ ਰਿਹਾ ਸੀ। ਉਹ ਆਪਣੇ ਸਾਰੇ ਜ਼ੋਰ ਨਾਲ ਪੁਲੀਸ ਦੀ ਜਕੜ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੂੰਹੋਂ ਗਾਲ੍ਹਾਂ ਕਢਦਾ ਉਹ ਛਟਪਟਾਉਂਦਾ ਰਿਹਾ।

ਕੁਝ ਦੇਰ ਦੀ ਛਟਪਟਾਹਟ ਤੋਂ ਬਾਅਦ ਉਸ ਦਾ ਦਿਮਾਗ ਕੁਝ ਠੰਡਾ ਹੋ ਗਿਆ। ਉਸ ਨੇ ਸਾਰੀ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਸਤਿਵੀਰ ਦੇ ਪੂਰੀ ਤਰ੍ਹਾਂ ਸ਼ਾਂਤ ਹੋਣ ਤੋਂ ਪਹਿਲਾਂ ਹੀ ਉਸ ਨੂੰ ਪੁਲੀਸ ਦੀ ਕਾਰ ਵਿਚ ਪਿਛਲੀ ਸੀਟ ‘ਤੇ ਲੱਦ ਦਿੱਤਾ ਗਿਆ। ਦੋਵੇਂ ਪਾਸੀਂ ਇਕ ਇਕ ਪੁਲੀਸ ਦਾ ਬੰਦਾ ਬੈਠ ਗਿਆ। ਸਤਿਵੀਰ ਉੱਚੀ ਉੱਚੀ ਉਹਨਾਂ ਤੋਂ ਆਪਣੀ ਗਰਿਫਤਾਰੀ ਬਾਰੇ ਪੁੱਛਦਾ ਰਿਹਾ ਪਰ ਉਸ ਨੂੰ ਕੋਈ ਜਵਾਬ ਨਾ ਮਿਲਿਆ। ਅਖ਼ੀਰ ਮਜ਼ਬੂਰਨ ਉਹ ਚੁੱਪ ਕਰ ਗਿਆ। ਘਰ ‘ਚ ਮਾਤਮ ਛਾ ਗਿਆ। ਸੀਤੋ ਤਾਂ ਬੇਹੋਸ਼ ਹੋਣ ਵਾਲੀ ਹੋ ਗਈ। ਪ੍ਰੀਤ ਨੇ ਉਸ ਨੂੰ ਸਹਾਰਾ ਦੇ ਕੇ ਬਿਸਤਰੇ ਵਿਚ ਪਾ ਦਿੱਤਾ। ਉਹ ਵੀ ਸ਼ਾਇਦ ਇਹੋ ਚਾਹੁੰਦੀ ਸੀ।

ਸੀਤੋ ਰਜਾਈ ਵਿਚ ਮੂੰਹ ਢਕ ਕੇ ਪੈ ਗਈ। ਉਸ ਨੂੰ ਆਪਣੀ ਇਸ ਰਜਾਈ ਵਿਚਲੀ ਅੰਧੇਰੀ ਦੁਨੀਆਂ ਸ਼ਾਂਤ ਅਤੇ ਮਹਿਫੂਜ ਲੱਗੀ। ਉਹ ਜਾਣਦੀ ਸੀ ਉਹ ਕਿਸੇ ਕਿਸਮ ਦੀ ਮਦਦ ਨਹੀਂ ਕਰ ਸਕਦੀ। ਜੇ ਉਹ ਬੋਲੇਗੀ ਤਾਂ ਸ਼ਾਇਦ ਮੀਕਾ ਉਸ ਨੂੰ ਭੱਜ ਕੇ ਪਵੇ। ਪਿਛਲੇ ਕੁਝ ਸਮੇਂ ਤੋਂ ਮੀਕੇ ਦਾ ਵਰਤਾਅ ਖਰਵ੍ਹਾ ਅਤੇ ਖਿੱਝੂ ਜਿਹਾ ਬਣ ਗਿਆ ਸੀ। ਹੁਣ ਉਹ ਸੀਤੋ ਦੇ ਨਖਰੇ ਚੁੱਪ ਚਾਪ ਨਹੀਂ ਸਹਿੰਦਾ ਸੀ। ਸਤਿਵੀਰ ਦੀ ਬੁਰਾਈ ਨੇ ਸੀਤੋ ਦੀ ਘਰ ਵਿਚ ਬਣੀ ਸਰਦਾਰੀ ਨੂੰ ਵੱਡੀ ਢਾਹ ਲਾਈ ਸੀ। ਪ੍ਰੀਤ ਅਤੇ ਮੀਕਾ ਬੈਠ ਕੇ ਸੋਚਣ ਲੱਗੇ ਕਿ ਸਤਿਵੀਰ ਦੀ ਗ੍ਰਿਫਤਾਰੀ ਦਾ ਕੀ ਕਾਰਣ ਹੋ ਸਕਦਾ ਅਤੇ ਕੀ ਕੀਤਾ ਜਾਵੇ?

ਪ੍ਰੀਤ ਨੇ ਬਾਹਰ ਸਤਿਵੀਰ ਦੀ ਕਾਰ ਵੇਖੀ ਤਾਂ ਕਾਰ ਉਸ ਨੂੰ ਕਿਧਰੇ ਨਾ ਦਿਸੀ। ਉਸ ਦਾ ਮੱਥਾ ਠਣਕਿਆ ਕਿ ਕਿਧਰੇ ਰਾਤੀਂ ਸਤਿਵੀਰ ਕੋਈ ਚੰਦ ਨਾ ਝੜਾ ਆਇਆ ਹੋਵੇ। ਉਸ ਨੂੰ ਵੀ ਸਤਿਵੀਰ ਦੇ ਆਉਣ ਦਾ ਕੋਈ ਪਤਾ ਨਹੀਂ ਸੀ। ਅਸਲ ਵਿਚ ਪਿਛਲੇ ਕੁਝ

ਸਮੇਂ ਤੋਂ ਸਾਰਿਆਂ ਨੇ ਹੀ ਉਸ ਦੇ ਆਉਣ ਜਾਣ ਬਾਰੇ ਪਤਾ ਕਰਨਾ ਛੱਡ ਦਿੱਤਾ ਸੀ।

ਸਵੇਰ ਦੇ ਅੱਠ ਵਜੇ ਮੀਕਾ ਅਤੇ ਪ੍ਰੀਤ ਪੁਲੀਸ ਸਟੇਸ਼ਨ ਗਏ। ਉਹਨਾਂ ਨੇ ਸਤਿਵੀਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਪੁਲੀਸ ਨੇ ਕੋਈ ਲੜ ਨਾ ਫੜਾਇਆ। ਉਹਨਾਂ ਨੇ ਕਿਸੇ ਵਕੀਲ ਨੂੰ ਮਿਲਣ ਦਾ ਫੈਸਲਾ ਕੀਤਾ। ਮੀਕਾ ਸੋਚਣ ਲੱਗਾ ਜੇ ਇੰਡੀਆ ਹੁੰਦਾ ਤਾਂ ਉਹ ਕਿਸੇ ਸਿਆਸੀ ਬੰਦੇ ਦੀ ਸਿਫਾਰਸ਼ ਦੀ ਕੋਸ਼ਿਸ਼ ਕਰ ਸਕਦਾ ਸੀ। ਇਥੇ ਤਾਂ ਪ੍ਰਾਈਮ ਮਨਿਸਟਰ ਵੀ ਪੁਲੀਸ ਨੂੰ ਕੋਈ ਸਵਾਲ ਨਹੀਂ ਕਰ ਸਕਦਾ।

ਵਕੀਲ ਨੇ ਆਪਣੇ ਰੇਟ ਦੱਸ ਦਿੱਤੇ। ਇਕ ਯੂਨਿਟ ਦਾ ਰੇਟ ਦੱਸ ਕੇ ਉਸ ਨੇ ਮੀਕੇ ਨੂੰ ਕੁਝ ਪੈਸੇ ਜਮ੍ਹਾਂ ਕਰਵਾਉਣ ਲਈ ਕਿਹਾ। ਮੀਕਾ ਸੋਚਣ ਲੱਗਾ ਕਿ ਯੂਨਿਟ ਭਲਾ ਕਿਸ ਹਿਸਾਬ ਦਾ ਹੋਇਆ! ਉਹਨੇ ਕਿਹੜਾ ਬਿਜਲੀ ਬਾਲਣੀ ਆ ਜਾਂ ਬਿਜਲੀ ਦਾ ਮੀਟਰ ਲਵਾਉਣ ਲਈ ਸਾਈਨ ਕਰਨਾ।

“ਸਰ ਆਹ ਯੂਨਿਟ ਦਾ ਹਿਸਾਬ ਨੀ ਸਮਝ ਲੱਗਿਆ!” ਮੀਕੇ ਨੇ ਦੇਸੀ ਵਕੀਲ ਨਾਲ ਪੰਜਾਬੀ ਵਿਚ ਗੱਲ ਕੀਤੀ।

“ਯੂਨਿਟ, ਅਸੀਂ ਟਾਈਮ ਦੇ ਹਿਸਾਬ ਨਾਲ ਪੈਸੇ ਲੈਂਦੇ ਆਂ। ਇਕ ਯੂਨਿਟ ਦਾ ਮਤਲਬ ਐ ਜੇ ਤੁਸੀਂ ਮੇਰੇ ਨਾਲ ਟੈਲੀਫੋਨ ‘ਤੇ ਗੱਲ ਕਰੋ ਜਾਂ ਮੈਂ ਤੁਹਾਨੂੰ ਕੋਈ ਚਿੱਠੀ ਲਿਖਾਂ ਤਾਂ ਉਹ ਤਕਰੀਬਨ ਇਕ ਯੂਨਿਟ ਹੋ ਗਿਆ। ਫੇਰ ਨਿਰਭਰ ਕਰਦਾ ਬਈ ਗੱਲ ਕਿੰਨੀ ਲੰਬੀ ਆ ਜਾਂ ਚਿੱਠੀ ਕਿੰਨੇ ਕੁ ਵਿਸਥਾਰ ਨਾਲ ਲਿਖਣੀ ਪਈ। ਹੋ ਸਕਦਾ ਇਕ ਦੀ ਥਾਂ ਦੋ ਯੂਨਿਟ ਖਰਚ ਹੋ ਜਾਣ। ਮੈਂ ਬਿਲਕੁਲ ਜ਼ਾਇਜ਼ ਪੈਸੇ ਚਾਰਜ ਕਰਾਂਗਾ।” ਵਕੀਲ ਨੇ ਕਣੱਖੀ ਅੱਖ ਨਾਲ ਪ੍ਰੀਤ ਨੂੰ ਵੇਖਦਿਆਂ ਕਿਹਾ।

ਮੀਕਾ ਸੋਚਣ ਲੱਗਾ ਉਸ ਦੇ ਸਾਰੇ ਦਿਨ ਦੀ ਕਮਾਈ ਨਾਲ ਤਾਂ ਵਕੀਲ ਨਾਲ ਮਸਾਂ ਮਾੜੀ ਮੋਟੀ ਟੈਲੀਫੋਨ ‘ਤੇ ਗੱਲ ਹੀ ਹੋ ਸਕੇਗੀ। ਉਸ ਨੂੰ ਠੰਢ ਵਿਚ ਵੀ ਪਸੀਨਾ ਆਉਣ ਲੱਗਾ। ਜੇ ਕੇਸ ਲੰਬਾ ਹੋ ਗਿਆ ਤਾਂ ਮੀਕੇ ਨੂੰ ਸ਼ਾਇਦ ਘਰ ਵੇਚਣਾ ਪਵੇ ਜਾਂ ਘਰ ‘ਤੇ ਕਰਜ਼ਾ ਚੁੱਕਣਾ ਪਵੇ। ਹੋਰ ਉਸ ਨੂੰ ਕੋਈ ਰਾਹ ਵੀ ਨਹੀਂ ਦਿਸਦਾ ਸੀ। ਉਸ ਨੇ ਵਕੀਲ ਦੇ ਕਾਗਜ਼ਾਂ ‘ਤੇ ਦਸਤਖਤ ਕਰ ਦਿੱਤੇ।

ਸ਼ਾਮ ਤੱਕ ਵਕੀਲ ਨੇ ਪਤਾ ਕਰ ਕੇ ਦੱਸਿਆ ਕਿ ਸਤਿਵੀਰ ਦੀ ਗੱਡੀ ਉਸ ਦਾ ਕੋਈ ਦੋਸਤ ਚਲਾ ਰਿਹਾ ਸੀ। ਉਸ ਨੇ ਲਾਲ ਲਾਈਟਾਂ ਵਿਚ ਦੀ ਕਾਰ ਲੰਘਾ ਦਿੱਤੀ। ਕੋਈ ਬਜ਼ੁਰਗ ਲਾਈਟਾਂ ਕਰਾਸ ਕਰ ਰਿਹਾ ਸੀ ਜੋ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ। ਉਸ ਦੀ ਜਾਨ ਤਾਂ ਬਚ ਗਈ ਪਰ ਸੱਟਾਂ ਕਾਫੀ ਲੱਗੀਆਂ। ਸਤਿਵੀਰ ਨੂੰ ਪੁਲੀਸ ਚਾਰਜ ਨਹੀਂ ਕਰੇਗੀ। ਇਕ ਤਾਂ ਉਹ ਡਰਾਈਵ ਨਹੀਂ ਕਰ ਰਿਹਾ ਸੀ ਅਤੇ ਦੂਜਾ ਡਰਾਈਵਰ ਅੱਜ ਦੁਪਹਿਰ ਨੂੰ ਫੜਿਆ ਗਿਆ।

ਮੀਕੇ ਨੂੰ ਪਤਾ ਸੀ ਪੁਲੀਸ ਸ਼ਾਇਦ ਸਤਿਵੀਰ ਨੂੰ ਚਾਰਜ ਕਰ ਲਵੇ। ਜੇ ਉਸ ਨੇ ਮੰਨ ਲਿਆ ਕਿ ਉਸ ਦੀ ਕਾਰ ਉਸ ਦੇ ਦੋਸਤ ਨੇ ਉਸ ਦੀ ਇਜ਼ਾਜ਼ਤ ਨਾਲ ਚਲਾਈ ਸੀ ਤਾ ਸ਼ਾਇਦ ਪੁਲੀਸ ਕੋਈ ਨਾ ਕੋਈ ਪੰਗਾ ਖੜ੍ਹਾ ਕਰ ਸਕਦੀ ਸੀ। ਮੀਕੇ ਨੂੰ ਤਸੱਲੀ ਸੀ ਘੱਟੋ ਘੱਟ ਉਹ ਕਿਸੇ ਸੰਗੀਨ ਜ਼ੁਰਮ ਵਿਚ ਉਲਝਣ ਤੋਂ ਬਚ ਗਿਆ। ਦੂਜਾ ਸਵਾਲ ਉਸ ਦੇ ਮਨ ਵਿਚ ਵਾਰ ਵਾਰ ਉੱਠ ਰਿਹਾ ਸੀ ਕਿ ਉਸ ਦੇ ਲੱਛਣਾ ਨੂੰ ਧਿਆਨ ਵਿਚ ਰੱਖਦਿਆਂ ਉਹ ਕਦੋਂ ਤੱਕ ਬਚਿਆ ਰਹਿ ਸਕਦਾ ਸੀ।

ਸੀਤੋ ਨੂੰ ਖਬਰ ਸੁਣ ਕੇ ਚਾਅ ਚੜ੍ਹ ਗਿਆ ਅਤੇ ਉਹ ਸਤਿਵੀਰ ਦੀ ਬੇਸਬਰੀ ਨਾਲ ਉਡੀਕ ਕਰਨ ਲੱਗੀ। ਮੀਕਾ ਖਿੱਝਿਆ

ਬੈਠਾ ਸੀ।

"ਸ਼ੁਕਰ ਆ ਮੁੰਡਾ ਘਰ ਆ ਜੂ। ਹੁਣ ਤੁਸੀਂ ਐਨੇ ਖਿਝੇ ਕਿਉਂ ਬੈਠੇ ਆਂ।"

"ਐਦੂੰ ਤਾਂ ਇਕ ਕੁੜੀ ਹੋਰ ਜੰਮ ਦਿੰਦੀ ਚੰਗਾ ਸੀ। ਪ੍ਰੀਤ ਵੱਲ ਦੇਖ ਜਿਹਦਾ ਗਰਭ ਪਾਤ ਕਰਾਉਣ ਲਈ ਤੂੰ ਜ਼ਮੀਨ ਅਸਮਾਨ ਇਕ ਕੀਤਾ ਹੋਇਆ ਸੀ। ਤੇਰੇ ਲਾਡਲੇ ਨੇ ਤਾਂ ਜਿਉਣਾ ਦੁੱਭਰ ਕੀਤਾ ਹੋਇਆ। ਪ੍ਰੀਤ ਦੇ ਤਾਂ ਇਹ ਪੈਰ ਦੀ ਉਂਗਲ ਦੇ ਨਹੁੰ ਵਰਗਾ ਵੀ ਨੀ। ਬੱਸ ਜੇ ਮੁੜ ਕੇ ਉਹਨੇ ਕੋਈ ਐਸਾ ਕੰਮ ਕੀਤਾ ਤਾਂ ਉਹ ਆਪਦੀ ਆਪੇ ਨਬੇੜੇ। ਮੈਂ ਨੀ ਘਰ ਪੱਟ ਸਕਦਾ।" ਮੀਕਾ ਬੁੜਬੜਾਉਂਦਾ ਘਰੋਂ ਬਾਹਰ ਹੋ ਗਿਆ। ਅਗਲੇ ਦਿਨ ਸਤਿਵੀਰ ਪੁਲੀਸ ਜ਼ਮਾਨਤ 'ਤੇ ਘਰ ਆ ਗਿਆ।

## ਤੀਹਵਾਂ

ਪ੍ਰੀਤ ਨੇ ਸੋਚ ਵਿਚਾਰ ਕਰਕੇ ਨੌਕਰੀ ਕਰਨ ਦਾ ਮਨ ਬਣਾ ਲਿਆ। ਉਹ ਸ਼ੇਅਰ ਮਾਰਕਿਟ ਨਾਲ ਜੁੜੀ ਹੋਈ ਸੀ ਅਤੇ ਹੋਰ ਵੀ ਨੇੜਿਉਂ ਜੁੜੀ ਰਹਿਣ ਲਈ ਹੀ ਉਸ ਨੇ ਨੌਕਰੀ ਕਰਨ ਦਾ ਵਿਚਾਰ ਬਣਾਇਆ ਸੀ। ਇਹ ਵਾਹਵਾ ਤਕੜੀ ਕੰਪਨੀ ਸੀ ਜੋ ਯੂਨਿਟ ਟਰੱਸਟ ਫੰਡ ਨਾਲ ਸਬੰਧਤ ਸੀ। ਬਿਲੀਅਨ ਪਾਊਂਡ ਤੋਂ ਵੀ ਜ਼ਿਆਦਾ ਫੰਡ ਇਸ ਕੰਪਨੀ ਨੇ ਲੋਕਾਂ ਦੇ ਸ਼ੇਅਰ ਅਤੇ ਫਿਊਚਰ ਮਾਰਕਿਟ ਵਿਚ ਲਾਏ ਹੋਏ ਸਨ। ਅਜਿਹੀ ਕੰਪਨੀ ਨਾਲ ਕੰਮ ਕਰਕੇ ਪ੍ਰੀਤ ਨੂੰ ਕਾਫੀ ਜ਼ਿਆਦਾ ਤਜ਼ਰਬਾ ਹੋਣ ਦੀ ਆਸ ਸੀ। ਇਸ ਤਜ਼ਰਬੇ ਨਾਲ ਉਹ ਸ਼ੇਅਰ ਮਾਰਕਿਟ ਦੇ ਹੋਰ ਵੀ ਦਾਅ ਪੇਚ ਸਿੱਖ ਸਕਦੀ ਸੀ।

ਕੰਮ ਸ਼ੁਰੂ ਕਰਨ ਦੇ ਕੁਝ ਦਿਨਾਂ ਵਿਚ ਹੀ ਉਸ ਨੇ ਕੰਮ ਸਬੰਧੀ ਵਾਹਵਾ ਜਾਣਕਾਰੀ ਹੋ ਗਈ ਸੀ। ਆਪਣੀ ਆਦਤ ਅਨੁਸਾਰ ਪ੍ਰੀਤ ਪੂਰੇ ਮਨ ਨਾਲ ਕੰਮ ਕਰਦੀ। ਉਸ ਨੇ ਕਦੇ ਇਹ ਨਹੀਂ ਸੀ ਸੋਚਿਆ ਕਿ ਇਹ ਕੰਮ ਕਿਸੇ ਹੋਰ ਦਾ ਸੀ। ਸਗੋਂ ਉਸ ਦਾ ਵਿਵਹਾਰ ਹਮੇਸ਼ਾਂ ਇੰਝ ਰਿਹਾ ਜਿਵੇਂ ਇਹ ਉਸ ਦਾ ਆਪਣਾ ਕੰਮ ਹੋਵੇ। ਅੱਜ ਕੱਲ੍ਹ ਕੰਪਨੀਆਂ ਨਿਸ਼ਾਨੇ ਮਿਥ ਕੇ ਕਾਮਿਆਂ ਨੂੰ ਦਿੰਦੀਆਂ ਅਤੇ ਮਿਥੇ ਸਮੇਂ ਵਿਚ ਉਹਨਾਂ ਨਿਸ਼ਾਨਿਆਂ ਦੀ ਪੂਰਤੀ ਹੋਣ ਦੀ ਉਮੀਦ ਰਖਦੀਆਂ। ਪ੍ਰੀਤ ਲਈ ਨਿਸ਼ਾਨੇ ਪੂਰਾ ਕਰਨਾ ਕੋਈ ਔਖਾ ਨਹੀਂ ਸੀ। ਉਹ ਸਭ ਤੋਂ ਪਹਿਲਾਂ ਆਪਣਾ ਕੰਮ ਪੂਰਾ ਕਰਦੀ ਅਤੇ ਬਾਕੀ ਦੇ ਸਹਿ ਕਰਮਚਾਰੀਆਂ ਨਾਲੋਂ ਵਧੀਆ ਨਤੀਜੇ ਪੇਸ਼ ਕਰਦੀ। ਸਿੱਟੇ ਵਜੋਂ ਪਹਿਲੇ ਪੰਜ ਮਹੀਨੇ ਵਿਚ ਹੀ ਉਹ ਨੂੰ ਗਰੁੱਪ ਮੈਨੇਜ਼ਰ ਬਣਾ ਦਿੱਤੀ ਗਈ।

ਐਨੀ ਜਲਦੀ ਹੋਈ ਤਰੱਕੀ ਨੇ ਉਸ ਨੂੰ ਖੁਸ਼ੀ ਤਾਂ ਦਿੱਤੀ ਪਰ ਨਾਲ ਹੀ ਸਾਥੀ ਕਾਮਿਆਂ ਵਿਚੋਂ ਕੁਝ ਕੁ ਉਸ ਨਾਲ ਈਰਖਾ ਕਰਨ ਲੱਗੇ। ਪ੍ਰੀਤ ਨੇ ਕਿਸੇ ਦੀ ਪ੍ਰਵਾਹ ਨਾ ਕੀਤੀ। ਉਸ ਦਾ ਮਤਲਬ ਕੰਮ ਤੱਕ ਸੀ। ਦੂਸਰਾ ਉਸ ਨੇ ਆਪਣਾ ਇਕ ਪੱਕਾ ਅਸੂਲ ਬਣਾਇਆ ਹੋਇਆ ਸੀ ਕਿ ਐਕਸ਼ਨ ਤਾਂ ਦੂਸਰੇ ਦੇ ਹੱਥ ਹੁੰਦਾ ਹੈ। ਉਸ ਦਾ ਪ੍ਰਤੀ ਐਕਸ਼ਨ ਆਪਣੇ ਹੱਥ ਹੁੰਦਾ ਹੈ। ਉਸ ਪ੍ਰਤੀ ਐਕਸ਼ਨ 'ਤੇ ਬੰਦੇ ਦਾ ਆਪਣਾ ਕੰਟਰੋਲ ਹੁੰਦਾ ਹੈ। ਇਸ ਪ੍ਰਤੀ ਐਕਸ਼ਨ ਵਿਚ ਹੀ ਪਾਵਰ ਲੁਕੀ ਹੋਈ ਹੁੰਦੀ ਹੈ। ਪ੍ਰੀਤ ਨੇ ਉਹਨਾਂ ਲੋਕਾਂ ਦੀ ਈਰਖਾ ਨੂੰ ਅੱਖੋਂ ਪ੍ਰੋਖੇ ਕਰਨਾ ਹੀ ਠੀਕ ਸਮਝਿਆ। ਆਪਣਾ ਸਮਾਂ ਅਤੇ ਆਪਣੀ ਤਾਕਤ ਦੂਸਰਿਆਂ ਦੀ ਈਰਖਾ ਬਾਰੇ ਸੋਚ ਕੇ ਬਰਬਾਦ ਕਰਨ ਦੀ ਥਾਂ ਉਸ ਨੂੰ ਆਪਣੇ ਆਪ ਦਾ ਵਿਸ਼ਲੇਸ਼ਣ ਕਰਨ ਅਤੇ ਆਪਣੇ ਆਪ ਨੂੰ ਹੋਰ ਚੰਗਾ ਬਨਾਉਣ ਲਈ ਹੀ ਖਰਚਣ ਵੱਲ ਧਿਆਨ ਦੇਣਾ ਠੀਕ ਲਗਦਾ।

ਉਸ ਨੇ ਆਪਣੇ ਮਨ ਵਿਚ ਆਪਣੇ ਗਰੁੱਪ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਜਿਹੜੇ ਜ਼ਿਆਦਾ ਨੁਕਤਾਚੀਨੀ ਕਰਦੇ ਅਤੇ ਕੰਮ ਘੱਟ ਕਰਦੇ। ਦੂਸਰੇ ਜਿਹੜੇ ਦਿਲੋਂ ਮਿਹਨਤ ਕਰਦੇ। ਫਿਰ ਉਸ ਨੇ ਸਾਰਿਆਂ ਨਾਲ ਮੀਟਿੰਗ ਕੀਤੀ। ਉਸ ਨੇ ਸਪੱਸ਼ਟ ਕਰ ਦਿੱਤਾ ਕਿ

ਉਹ ਆਪਣੇ ਨਿਸ਼ਾਨੇ ਮਿਥੇ ਸਮੇਂ ਵਿਚ ਪੂਰੇ ਕਰਨ ਅਤੇ ਇਸ ਦੀ ਰਿਪੋਰਟ ਦੇਣ। ਉਸ ਨੇ ਉਹ ਰਿਪੋਰਟ ਜਨਰਲ ਮੈਨੇਜ਼ਰ ਨੂੰ ਦੇਣੀ ਸੀ। ਜਿਹੜੇ ਆਪਣੇ ਨਿਸ਼ਾਨੇ ਪੂਰੇ ਨਾ ਕਰ ਸਕਣਗੇ ਉਹਨਾਂ ਨੂੰ ਜਵਾਬ ਦੇਹ ਹੋਣਾ ਪਵੇਗਾ। ਦੋ ਕੁ ਨੂੰ ਛੱਡ ਕੇ ਬਾਕੀ ਸਾਰੇ ਆਪਣੇ ਕੰਮ ਵਿਚ ਰੁੱਝ ਗਏ। ਪ੍ਰੀਤ ਦੀ ਨਜ਼ਰ ਉਹਨਾਂ 'ਤੇ ਸਦਾ ਰਹਿੰਦੀ। ਉਹ ਪ੍ਰੀਤ ਨੂੰ ਇੰਝ ਵੇਖਦੇ ਜਿਵੇਂ ਕਹਿ ਰਹੇ ਹੋਣ 'ਤੂੰ ਸਾਡਾ ਕੀ ਵਿਗਾੜ ਲਏਂਗੀ!'

ਮਹੀਨੇ ਦੇ ਅੰਤ ਤੱਕ ਸਭ ਦੀ ਰਿਪੋਰਟ ਆ ਗਈ। ਬੱਸ ਦੋ ਰਿੰਗ ਲੀਡਰ ਸਨ ਜਿਹਨਾਂ ਨੇ ਪ੍ਰਵਾਹ ਨਾ ਕੀਤੀ। ਪ੍ਰੀਤ ਨੇ ਉਹਨਾਂ ਨੂੰ ਆਪਣੇ ਦਫ਼ਤਰ ਵਿਚ ਬੁਲਾ ਲਿਆ। ਉਸ ਨੇ ਬਹੁਤ ਭਰੱਪੇ ਨਾਲ ਉਹਨਾਂ ਨਾਲ ਗੱਲ ਬਾਤ ਕੀਤੀ। ਉਹਨਾਂ ਨੂੰ ਇਕ ਹੋਰ ਮੌਕਾ ਦੇਣ ਦੀ ਪੇਸ਼ਕਸ਼ ਕੀਤੀ। ਉਹਨਾਂ ਨੇ ਬਿਨਾਂ ਕਿਸੇ ਵਾਇਦੇ ਦੇ ਉਸ ਤੋਂ ਇਜ਼ਾਜ਼ਤ ਲੈ ਲਈ। ਪ੍ਰੀਤ ਨੇ ਫੈਸਲਾ ਕਰ ਲਿਆ ਕਿ ਉਹ ਉਹਨਾਂ ਦੀ ਹੋਰ ਕੋਈ ਮਦਦ ਨਹੀਂ ਕਰ ਸਕਦੀ। ਕੁਝ ਸਮਾਂ ਉਹਨਾਂ ਵੱਲ ਉਸ ਨੇ ਵੇਖਿਆ। ਅਖੀਰ ਉਸ ਨੇ ਉਹਨਾਂ ਨੂੰ ਮੌਜੂਦਾ ਅਹੁਦੇ ਤੋਂ ਹੇਠਾਂ ਭੇਜ ਦਿੱਤਾ। ਕੁਝ ਕੁ ਪਿੱਟ ਪਟੂਆਂ ਕਰਨ ਬਾਅਦ ਉਹ ਕੰਪਨੀ ਛੱਡ ਕੇ ਚਲੇ ਗਏ।

ਉਸ ਦੇ ਦਿਮਾਗ ਵਿਚ ਹਮੇਸ਼ਾਂ ਬੁਟੀਕ ਖੋਲ੍ਹਣ ਦਾ ਸੁਪਨਾ ਜਿਉਂਦਾ ਰਿਹਾ। ਇਸ ਦੇ ਨਾਲ ਹੀ ਉਸ ਨੂੰ ਸਤਿਵੀਰ ਦੀ ਮਦਦ ਕਰ ਕੇ ਉਸ ਨੂੰ ਸਹੀ ਦਿਸ਼ਾ ਵੱਲ ਮੋੜਨ ਦਾ ਖਿਆਲ ਵੀ ਹਮੇਸ਼ਾਂ ਰਿਹਾ। ਪਰ ਕੰਮ ਦੇ ਬੋਝ ਕਰਕੇ ਉਹ ਕੁਝ ਵੀ ਕਰਨ ਦੇ ਅਸਮਰੱਥ ਸੀ। ਉਸ ਦੇ ਮਨ ਵਿਚ ਇਕ ਅੱਗ ਜਿਹੀ ਸੁਲਗਦੀ ਰਹੀ ਜਿਸ ਨੇ ਉਸ ਦੇ ਇਰਾਦੇ ਨੂੰ ਭੱਠੀ ਵਿਚ ਪਾ ਕੇ ਹੋਰ ਵੀ ਪੱਕਾ ਕੀਤਾ।

ਸਾਲ ਦੇ ਅਖੀਰ ਤੱਕ ਉਸ ਦਾ ਕੰਮ ਵਿਚ ਦਿਲ ਲੱਗਣਾ ਘੱਟ ਗਿਆ। ਉਸ ਦੇ ਸੁਪਨਿਆਂ ਵਿਚ ਹੋਰ ਵੀ ਨਿਖਾਰ ਆਉਂਦਾ ਗਿਆ। ਜਿਵੇਂ ਜਿਵੇਂ ਸੁਪਨੇ ਮਨ ਵਿਚ ਸਪੱਸ਼ਟ ਹੁੰਦੇ ਗਏ ਤਿਵੇਂ ਤਿਵੇਂ ਉਸ ਦਾ ਮਨ ਕੰਮ ਤੋਂ ਉਚਾਟ ਹੁੰਦਾ ਗਿਆ। ਉਸ ਦੀ ਆਪਣੇ ਸੁਪਨੇ ਪੂਰੇ ਕਰਨ ਦੀ ਚੇਟਕ ਹੋਰ ਵੀ ਜੋਸ਼ੀਲੀ ਅਤੇ ਤੇਜ਼ ਹੁੰਦੀ ਗਈ।

ਉਸ ਦੇ ਕੰਟਰੈਕਟ ਦੇ ਹਿਸਾਬ ਨਾਲ ਇਕ ਮਹੀਨੇ ਦਾ ਨੋਟਿਸ ਕੰਪਨੀ ਨੂੰ ਦੇ ਕੇ ਉਹ ਕੰਮ ਛੱਡ ਸਕਦੀ ਸੀ। ਉਸ ਨੇ ਕੰਪਨੀ ਨੂੰ ਦੋ ਮਹੀਨੇ ਦਾ ਨੋਟਸ ਦੇਣ ਦਾ ਫੈਸਲਾ ਕੀਤਾ। ਜਨਰਲ ਮੈਨੇਜਰ ਨੂੰ ਲਿਖਤੀ ਨੋਟਿਸ ਦੇ ਕੇ ਉਹ ਆਪਣੇ ਕੰਮ ਵਿਚ ਰੁੱਝ ਗਈ। ਸ਼ਾਮ ਨੂੰ ਛੁੱਟੀ ਹੋਣ ਤੋਂ ਪਹਿਲਾਂ ਪ੍ਰੀਤ ਨੂੰ ਜਨਰਲ ਮੈਨੇਜ਼ਰ ਨੇ ਆਪਣੇ ਦਫ਼ਤਰ ਵਿਚ ਬੁਲਾ ਲਿਆ। ਉਸ ਨੂੰ ਹੋਰ ਤਨਖਾਹ ਅਤੇ ਤਰੱਕੀ ਦੇਣ ਦਾ ਲਾਲਚ ਦਿੱਤਾ। ਪ੍ਰੀਤ ਨੇ ਨਿਮਰਤਾ ਨਾਲ ਹੋਰ ਦੇਰ ਤੱਕ ਕੰਮ ਕਰ ਸਕਣ ਤੋਂ ਅਸਮਰੱਥਾ ਪ੍ਰਗਟਾਈ। ਉਸ ਨੇ ਮੈਨੇਜਰ ਨੂੰ ਕਿਹਾ ਕਿ ਜੇ ਉਹ ਚਾਹੇ ਤਾਂ ਨਵੇਂ ਕਾਮੇ ਨੂੰ ਟਰੇਂਡ ਕਰਨ ਵਿਚ ਪੂਰਾ ਸਹਿਯੋਗ ਦੇਵੇਗੀ। ਇਸ ਗੱਲ ਨੂੰ ਮੁੱਖ ਰਖਕੇ ਹੀ ਉਸ ਨੇ ਜਲਦੀ ਨੋਟਿਸ ਦਿੱਤਾ ਸੀ। ਮੈਨੇਜਰ ਨੇ ਮਜ਼ਬੂਰਨ ਉਸ ਦਾ ਅਸਤੀਫਾ ਕਬੂਲ ਕਰ ਲਿਆ। ਉਸ ਨੂੰ ਖੁੱਲ੍ਹੀ ਆਫਰ ਦਿੱਤੀ ਕਿ ਜਦ ਵੀ ਚਾਹੇ ਉਹ ਕੰਪਨੀ ਫਿਰ ਤੋਂ ਜੁਆਇਨ ਕਰ ਸਕਦੀ ਸੀ। ਧੰਨਵਾਦ ਕਰਕੇ ਜਦ ਉਹ ਦਫਤਰ ਵਿਚੋਂ ਬਾਹਰ ਨਿਕਲੀ ਤਾਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਬਹੁਤ ਸਾਰਾ ਭਾਰ ਉਸ ਦੇ ਮੋਢਿਆਂ ਤੋਂ ਲਹਿ ਗਿਆ ਹੋਵੇ। ਉਸ ਨੇ ਸਾਰਾ ਧਿਆਨ ਬੁਟੀਕ ਲਈ ਦੁਕਾਨ ਲੱਭਣ ਵੱਲ ਦੇਣਾ ਸ਼ੁਰੂ ਕੀਤਾ।

ਪ੍ਰੀਤ ਨੇ ਅਮੀਰ ਸ਼ਹਿਰਾਂ ਵਿਚੋਂ ਕਿਸੇ ਇਕ ਨੂੰ ਚੁਣਨ ਦਾ ਫੈਸਲਾ ਕੀਤਾ। ਸੋਚ ਵਿਚਾਰ ਤੋਂ ਬਾਅਦ ਉਸ ਨੇ ਰਿਚਮਿੰਡ ਅਤੇ ਕਿੰਗਸਟਨ ਦੋਵਾਂ ਥਾਂਵਾਂ ਵਿਚੋਂ ਜਿਥੇ ਵੀ ਚੰਗੀ ਦੁਕਾਨ ਮਿਲ ਜਾਵੇ, ਕੰਮ ਕਰਨ ਦਾ ਫੈਸਲਾ ਲੈ ਲਿਆ। ਆਪਣਾ ਵਿਹਲਾ ਸਮਾਂ ਉਹ ਦੁਕਾਨ ਲੱਭਣ ਅਤੇ ਦੁਕਾਨ ਲਈ ਸਪਲਾਇਰ ਲੱਭਣ ਵਿਚ ਖਰਚ ਕਰਨ ਲੱਗੀ। ਇਸ ਦੇ ਨਾਲ ਹੀ ਉਸ ਨੇ ਹਰ ਰੋਜ਼ ਕੁਝ ਸਮਾਂ

ਅਪਣੇ ਮਨ ਵਿਚ ਦੁਕਾਨ ਦਾ ਡਿਜ਼ਾਈਨ ਕਰਨ ਅਤੇ ਉਸ ਦਾ ਪ੍ਰਬੰਧ ਕਰਨ ਲਈ ਰਾਖਵਾਂ ਰੱਖਿਆ।

ਕੁਝ ਦਿਨਾਂ ਬਾਅਦ ਉਸ ਦੇ ਮਨ ਵਿਚ ਤਕਰੀਬਨ ਹਰ ਗੱਲ ਸਾਫ਼ ਸੀ। ਦੁਕਾਨ ਵਿਚ ਕਿਹੋ ਜਿਹਾ ਸਮਾਨ ਕਿਵੇਂ ਅਤੇ ਕਿਥੇ ਟਕਾਉਣਾ ਸੀ! ਕਿੰਨ੍ਹਾ ਕੁ ਸਮਾਨ ਰੱਖਣਾ ਸੀ ਕਿਸ ਕਿਸਮ ਦਾ ਸਟਾਫ਼ ਰੱਖਣਾ ਸੀ! ਕਿਹੋ ਜਿਹੀਆਂ ਸ਼ਿਫ਼ਟਾਂ ਹੋਣਗੀਆਂ! ਆਪ ਉਸ ਨੂੰ ਕੀ ਕੀ ਡਿਊਟੀ ਲੈਣੀ ਪਵੇਗੀ! ਅਗਲੀ ਦੁਕਾਨ ਕਿਥੇ ਅਤੇ ਕਦੋਂ ਖੋਲ੍ਹਣੀ ਹੋਵੇਗੀ! ਹੁਣ ਉਹ ਤਕਰੀਬਨ ਤੁਰੀ ਫਿਰਦੀ ਵੀ ਦੁਕਾਨ ਦੀ ਨੁਹਾਰ ਆਪਣੇ ਮਨ ਵਿਚ ਸਾਫ਼ ਸਾਫ਼ ਵੇਖ ਸਕਦੀ ਸੀ।

ਥੋੜੀ ਭੱਜ ਨੱਠ ਤੋਂ ਬਾਅਦ ਉਸ ਨੂੰ ਰਿਚਮਿੰਡ ਵਿਚ ਦੁਕਾਨ ਮਿਲ ਗਈ। ਉਸ ਨੂੰ ਤਕਰੀਬਨ ਉਹੋ ਜਿਹੀ ਹੀ ਦੁਕਾਨ ਮਿਲੀ ਜਿਹੋ ਜਿਹੀ ਉਹ ਐਨੇ ਸਮੇਂ ਤੋਂ ਆਪਣੇ ਮਨ ਦੀਆਂ ਅੱਖਾਂ ਨਾਲ ਵੇਖ ਰਹੀ ਸੀ। ਉਸ ਨੂੰ ਸ਼ਿੰਗਾਰਨਾ ਅਤੇ ਸੈਟ ਕਰਨਾ ਉਸ ਲਈ ਕੋਈ ਔਖਾ ਨਹੀਂ ਸੀ। ਕਿਉਂਕਿ ਆਪਣੇ ਮਨ ਵਿਚ ਤਾਂ ਸਭ ਕੁਝ ਉਸ ਨੇ ਸੈਟ ਕੀਤਾ ਹੋਇਆ ਸੀ। ਥੋੜੀ ਸਮੱਸਿਆ ਸਹੀ ਕਿਸਮ ਦਾ ਸਟਾਫ ਲੱਭਣ ਵਿਚ ਜ਼ਰੂਰ ਆਈ। ਉਸ ਨੇ ਦੁਕਾਨ ਨੂੰ ਖੋਲ੍ਹਣ ਤੋਂ ਪਹਿਲਾਂ ਦਿਸਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਕੁਝ ਸਮਾਂ ਹੋਰ ਲਾਉਣਾ ਠੀਕ ਸਮਝਿਆ। ਅਖ਼ੀਰ ਭੱਜ ਨੱਠ ਨੇ ਰੰਗ ਲਿਆਦਾ ਅਤੇ ਬੁਟੀਕ ਖੁੱਲ੍ਹ ਗਈ।

ਦੁਕਾਨ ਖੋਲ੍ਹਣ ਸਮੇਂ ਉਸ ਨੇ ਕੋਈ ਬਹੁਤਾ ਅਡੰਬਰ ਨਾ ਕਰਨ ਦਾ ਵਿਚਾਰ ਬਣਾਇਆ। ਰਿਬਨ ਦੀ ਕੱਟ ਕਟਾਈ ਜਾਂ ਕਿਸੇ ਕਿਸਮ ਦੀ ਪਾਰਟੀ ਦੀ ਥਾਂ ਉਸ ਨੇ ਪਹਿਲੇ ਹਫ਼ਤੇ ਵਿਚ ਗਾਹਕਾਂ ਨੂੰ ਪੰਦਰਾਂ ਪ੍ਰਤੀਸ਼ਤ ਛੋਟ ਦੇਣ ਦਾ ਐਲਾਨ ਕੀਤਾ। ਅਜਿਹਾ ਕਰਕੇ ਉਹ ਗਾਹਕਾਂ ਨੂੰ ਦੁਕਾਨ ਵੱਲ ਖਿੱਚਣ ਵਿਚ ਸਫ਼ਲ ਵੀ ਹੋਈ। ਪਹਿਲੇ ਦਿਨ ਉਸ ਨੇ ਡੈਨਿਸ ਅਤੇ ਗਰੀਟਾ ਨੂੰ ਮੀਕੇ ਅਤੇ ਸੀਤੋ ਦੇ ਨਾਲ ਹੀ ਦੁਕਾਨ ਵੇਖਣ ਆਉਣ ਲਈ ਬੇਨਤੀ ਕੀਤੀ। ਜਦ ਉਹ ਦੁਕਾਨ ਅੱਗੇ ਪਹੁੰਚੇ ਤਾਂ 'ਸ਼ਰਲੀਜ਼' ਨਾਂ ਦਾ ਫੱਟਾ ਦੁਕਾਨ ‘ਤੇ ਵੇਖ ਕੇ ਗਰੀਟਾ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਨੂੰ ਇਕ ਵਾਰ ਫਿਰ ਪ੍ਰੀਤ ਦੇ ਮੂੰਹ ‘ਚੋਂ ਸ਼ਰਲੀ ਦਾ ਮੂੰਹ ਦਿਸਿਆ। ਡੈਨਿਸ ਨੇ ਵੀ ਸਭ ਕੁਝ ਭਾਂਪ ਲਿਆ। ਉਸ ਨੇ ਆਪਣੀਆਂ ਭਾਵਨਾਵਾਂ ‘ਤੇ ਪੂਰਾ ਜ਼ਬਤ ਰੱਖਿਆ। ਸਿਰਫ਼ ਸੀਤੋ ਨੂੰ ਦੁਕਾਨ ਦਾ ਨਾਮ ਪਸੰਦ ਨਹੀਂ ਸੀ। ਪਰ ਉਸ ਨੇ ਮੂੰਹੋਂ ਕੁਝ ਨਾ ਕਿਹਾ। ਸਾਰੇ ਦੇ ਸਾਰੇ ਫੈਸਲੇ ਅਤੇ ਪੈਸੇ ਪ੍ਰੀਤ ਦੇ ਸਨ। ਇਸ ਲਈ ਉਹ ਕੁਝ ਕਹਿਣ ਜੋਗੀ ਵੀ ਨਹੀਂ ਸੀ। ਦੁਕਾਨ ਦੀ ਵਿਕਰੀ ਪ੍ਰੀਤ ਦੀ ਉਮੀਦ ਤੋਂ ਵੀ ਜ਼ਿਆਦਾ ਹੋਣ ਲੱਗੀ ਸੀ। ਪ੍ਰੀਤ ਹੋਰ ਵੀ ਉਤਸ਼ਾਹਤ ਹੋ ਗਈ।

ਸਤਿਵੀਰ ਬਾਰੇ ਉਹ ਸਦਾ ਹੀ ਫ਼ਿਕਰਮੰਦ ਰਹੀ ਸੀ। ਦੁਕਾਨ ਦੀ ਭੱਜ ਨੱਠ ਵਿਚ ਉਸ ਪਾਸੇ ਉਹ ਕੋਈ ਖਾਸ ਧਿਆਨ ਨਾ ਦੇ ਸਕੀ। ਹੁਣ ਉਸ ਨੇ ਕਈ ਸਾਰੇ ਸਪੈਸ਼ਲਿਸਟਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਨਾਲ ਤਾਲ ਮੇਲ ਕੀਤਾ। ਉਸ ਦੀ ਸਾਰੀ ਦੀ ਸਾਰੀ ਭੱਜ ਨੱਠ ਦਾ ਸਿੱਟਾ ਇਹੋ ਨਿਕਲਿਆ ਕਿ ਜਦ ਤੱਕ ਸਤਿਵੀਰ ਦਾ ਆਪਣਾ ਮਨ ਨਸ਼ਾ ਛੱਡਣ ਲਈ ਤਿਆਰ ਨਾ ਹੋਵੇ ਤਦ ਤੱਕ ਉਹ ਕੋਈ ਬਹੁਤੀ ਮਦਦ ਨਹੀਂ ਕਰ ਸਕਦੇ। ਬੰਦਾ ਖੁਦ ਨਸ਼ਾ ਛੱਡਣਾ ਚਾਹੁੰਦਾ ਹੋਵੇ ਤਾਂ ਉਹ ਉਸ ਦੀ ਤਕਲੀਫ਼ ਘਟਾ ਸਕਦੇ ਸਨ। ਉਸ ਨੂੰ ਹਰ ਤਰ੍ਹਾਂ ਨਾਲ ਮਾਨਸਕ ਪੱਖੋਂ ਵੀ ਤਿਆਰ ਕਰ ਸਕਦੇ ਸਨ। ਜੇ ਬੰਦਾ ਆਪ ਹੀ ਛੱਡਣਾ ਨਾ ਚਾਹੇ ਤਾਂ ਉਹ ਬਾਹਰ ਜਾ ਕੇ ਫਿਰ ਤੋਂ ਉਹੀ ਕੰਮ ਸ਼ੁਰੂ ਕਰ ਦੇਵੇਗਾ। ਉਹਨਾਂ ਦੀ ਇਹ ਰਾਇ ਪ੍ਰੀਤ ਦੇ ਮਨ ਨੂੰ ਵੀ ਠੀਕ ਲਗਦੀ ਸੀ।

ਮੀਕੇ ਨੇ ਰਮੇਸ਼ ਨਾਲ ਆਪਣਾ ਦਿਲ ਸਾਂਝਾ ਕੀਤਾ। ਰਮੇਸ਼ ਨੇ ਪਤਾ ਕਰਕੇ ਦੱਸਿਆ ਕਿ ਪੰਜਾਬ ਵਿਚ ਕੁਝ ਲੋਕਾਂ ਨੇ ਆਪਣੇ ਤੌਰ ‘ਤੇ ਕੁਝ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਹੋਏ ਸਨ। ਰਮੇਸ਼ ਨੇ ਆਪ ਜਾ ਕੇ ਸਾਰਿਆਂ ਦਾ ਪਤਾ ਕੀਤਾ। ਉਸ ਨੂੰ ਚੰਦੀਗੜ੍ਹ ਦੇ ਨੇੜੇ

ਇਕ ਕੇਂਦਰ ਪਸੰਦ ਆ ਗਿਆ ਸੀ। ਆਪਣੀ ਰਾਇ ਉਸ ਨੇ ਮੀਕੇ ਨਾਲ ਫੋਨ 'ਤੇ ਸਾਂਝੀ ਕੀਤੀ।

"ਲੈ ਮਿੱਤਰਾ ਮੁੰਡੇ ਨੂੰ ਮੰਨੇ ਦਾ ਸਿੱਖ ਬਣਾ ਦੇਣਗੇ। ਬੱਸ ਦਿਲ 'ਤੇ ਪੱਥਰ ਰੱਖਣਾ ਪਊ। ਛੇ ਸੱਤ ਮਹੀਨੇ ਇਹਨੂੰ ਰੱਖਣਗੇ। ਮੁੜ ਕੇ ਤਾਂ ਡਰੱਗ ਵੱਲ ਨੀ ਝਾਕਦਾ।" ਸੁਣ ਕੇ ਮੀਕੇ ਨੂੰ ਖੁਸ਼ੀ ਹੋਈ।

ਡਰੱਗ ਮਹਿੰਗੇ ਹੀ ਬਹੁਤ ਸਨ। ਆਮ ਆਮਦਨ ਵਾਲੇ ਬੰਦੇ ਦੇ ਬੱਸ ਦਾ ਰੋਗ ਨਹੀਂ ਸੀ। ਸਤਿਵੀਰ ਥੋੜਾ ਬਹੁਤ ਕੰਮ ਕਰਦਾ। ਉਸ ਨਾਲ ਵੀ ਉਹਦਾ ਖਰਚਾ ਨਾ ਤੁਰਦਾ। ਉਸ ਦੇ ਸਾਥੀ ਮੁੰਡਿਆਂ ਨੇ ਨਿਕੀਆਂ ਮੋਟੀਆਂ ਖੋਹਾਂ ਖਿੰਝਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸਤਿਵੀਰ ਵੀ ਉਹਨਾਂ ਦਾ ਇਕ ਹਿੱਸਾ ਬਣ ਗਿਆ ਸੀ। ਮੀਕੇ ਨੂੰ ਇਸ ਦਾ ਪਤਾ ਵੀ ਅਚਾਨਕ ਹੀ ਲੱਗਾ। ਸਤਿਵੀਰ ਦੇ ਕਮਰੇ ਵਿਚੋਂ ਉਸ ਦੇ ਮੇਜ਼ 'ਤੇ ਇਕ ਸੋਨੇ ਦੀ ਸੰਗਲੀ ਪਈ ਸੀ। ਮੀਕੇ ਨੇ ਚੁੱਕ ਕੇ ਵੇਖੀ ਤਾਂ ਇਹ ਜਨਾਨਾ ਸੰਗਲੀ ਸੀ। ਉਸ ਨੇ ਸਤਿਵੀਰ ਨੂੰ ਪੁੱਛਿਆ ਤਾਂ ਉਹ ਕੋਈ ਜਵਾਬ ਦੇਣ ਦੀ ਥਾਂ ਘਰੋਂ ਬਾਹਰ ਨੂੰ ਚਲਾ ਗਿਆ। ਅਗਲੇ ਦਿਨ ਹਫ਼ਤਾਵਾਰ ਪੰਜਾਬੀ ਅਖ਼ਬਾਰ ਵਿਚ ਉਸ ਨੇ ਕਿਸੇ ਜਨਾਨੀ ਦੀ ਸੰਗਲੀ ਖੋਹੇ ਜਾਣ ਦੀ ਖਬਰ ਪੜ੍ਹੀ। ਖਬਰ ਪੜ੍ਹ ਕੇ ਮੀਕਾ ਕੱਪੜਿਆਂ ਤੋਂ ਬਾਹਰ ਹੋ ਗਿਆ। ਸੀਤੋ ਨੇ ਸਤਿਵੀਰ ਦੇ ਟੈਲੀਫੋਨ 'ਤੇ ਉਸ ਨੂੰ ਮੀਕੇ ਦੇ ਗੁੱਸੇ ਦੀ ਗੱਲ ਦੱਸ ਦਿੱਤੀ। ਸਤਿਵੀਰ ਕਈ ਦਿਨ ਘਰ ਹੀ ਨਾ ਆਇਆ।

ਮੀਕੇ ਨੂੰ ਜਿੰਨੀ ਕੁ ਖੁਸ਼ੀ ਹੋਈ ਸੀ ਉਹ ਬਹੁਤਾ ਚਿਰ ਟਿਕ ਨਾ ਸਕੀ। ਰਮੇਸ਼ ਨੇ ਉਹਨਾਂ ਦੇ ਕੰਮ ਕਰਨ ਦਾ ਢੰਗ ਦੱਸਿਆ ਜੋ ਮੀਕੇ ਨੂੰ ਪਸੰਦ ਨਾ ਆਇਆ। ਉਹ ਕਈ ਮੁੰਡਿਆਂ ਨੂੰ ਇਕ ਵੱਡੇ ਸਾਰੇ ਕਮਰੇ ਵਿਚ ਇਕੱਠਿਆਂ ਰੱਖਦੇ ਸਨ। ਡਰੱਗ ਨਾ ਮਿਲਣ ਕਰਕੇ ਪਹਿਲੇ ਦਿਨਾਂ ਵਿਚ ਮਰੀਜ਼ ਦਾ ਰੌਲਾ ਰੱਪਾ ਪਾਉਣਾ ਕੁਦਰਤੀ ਸੀ। ਉਹ ਪਹਿਲਾਂ ਤਾਂ ਮਰੀਜ਼ ਨੂੰ ਸਮਝਾਉਣ ਦਾ ਯਤਨ ਕਰਦੇ। ਨਾ ਸਮਝਣ ਵਾਲੇ ਮਰੀਜ਼ ਨੂੰ ਜਿਸਮਾਨੀ ਤਸੀਹੇ ਦੇਣ ਤੋਂ ਵੀ ਗੁਰੇਜ਼ ਨਾ ਕਰਦੇ। ਪੰਜ ਸੱਤ ਦਿਨ ਬਾਅਦ ਮਰੀਜ਼ ਨੂੰ ਪਤਾ ਲੱਗ ਜਾਂਦਾ ਉਹ ਹੁਣ ਉਥੋਂ ਘਰਦਿਆਂ ਦੀ ਮਦਦ ਬਿਨਾਂ ਬਾਹਰ ਨਿਕਲ ਨਹੀਂ ਸਕਦਾ। ਹੌਲੀ ਹੌਲੀ ਆਪਣੇ ਮਨ ਨੂੰ ਸਮਝਾਉਣ ਲਗਦਾ ਅਤੇ ਨਸ਼ੇ ਦਾ ਅਸਰ ਵੀ ਘਟਣ ਲਗਦਾ। ਵੈਸੇ ਬਹੁਤ ਲੋੜ ਪੈਣ 'ਤੇ ਡਾਕਟਰ ਦੀ ਮਦਦ ਵੀ ਲੈਂਦੇ। ਕਈ ਮਰੀਜ਼ਾਂ ਨੂੰ ਮਰੋੜ ਆਦਿ ਲੱਗ ਜਾਂਦੇ। ਪਹਿਲੇ ਦੋ ਮਹੀਨੇ ਉਹ ਕਿਸੇ ਨਾਲ ਮੁਲਾਕਾਤ ਨਾ ਹੋਣ ਦਿੰਦੇ। ਕਿਉਂਕਿ ਮਰੀਜ਼ ਘਰ ਦਿਆਂ ਅੱਗੇ ਤਰਲੇ ਲੈਣ ਲੱਗ ਜਾਂਦੇ ਕਿ ਉਸ ਨੂੰ ਘਰ ਲੈ ਚੱਲਣ। ਅੱਜ ਤੋਂ ਬਾਅਦ ਨਸ਼ੇ ਨੂੰ ਵੇਖਣਾ ਤੱਕ ਨਹੀਂ। ਹੁੰਦਾ ਇਸ ਦੇ ਐਨ ਉਲਟ। ਬਾਹਰ ਆ ਕੇ ਬੰਦਾ ਫਿਰ ਉਸੇ ਚੱਕਰ 'ਚ ਫਸ ਜਾਂਦਾ ਤੇ ਦੁਵਾਰਾ ਉਸ ਨੂੰ ਨਸ਼ਾ ਛੁਡਾਉ ਕੇਂਦਰ ਵਿਚ ਲਿਆਉਣਾ ਔਖਾ ਹੋ ਜਾਂਦਾ।

ਮੀਕੇ ਨੂੰ ਵੱਡਾ ਫਿਕਰ ਇਹ ਸੀ ਕਿਤੇ ਮੁੰਡੇ ਦੀ ਜਾਨ ਹੀ ਨਾ ਚਲੀ ਜਾਵੇ। ਵੈਸੇ ਉਸ ਨੂੰ ਪਤਾ ਸੀ ਸਤਿਵੀਰ ਅੱਧਾ ਤਾਂ ਮਰਿਆ ਹੋਇਆ ਹੀ ਸੀ। ਬਾਕੀ ਦਾ ਅੱਧ ਕਿਸੇ ਵੇਲੇ ਵੀ ਖਤਮ ਹੋ ਸਕਦਾ ਸੀ। ਕਿਸੇ ਲੜਾਈ ਝਗੜੇ ਵਿਚ। ਵੱਧ ਨਸ਼ਾ ਖਾ ਕੇ ਜਾਂ ਕਿਸੇ ਨੂੰ ਲੁਟਣ ਮਾਰਨ ਕਰਕੇ ਜੇਲ੍ਹ ਵਿਚ ਜਾ ਕੇ। ਕਿਸੇ ਐਕਸੀਡੈਂਟ ਵਿਚ। ਨਸ਼ੇ ਦੇ ਅਸਰ ਹੇਠ ਗੱਡੀ ਚਲਾਉਣ ਕਰਕੇ ਐਕਸੀਡੈਂਟ ਦੇ ਮੌਕੇ ਤਾਂ ਬਣਦੇ ਹੀ ਰਹਿੰਦੇ ਸਨ। ਦੂਜਾ ਮੁੰਡੇ ਦਾ ਇੰਡੀਆ ਜਾ ਕੇ ਬਿਮਾਰ ਹੋਣ ਦਾ ਖਤਰਾ ਜ਼ਿਆਦਾ ਸੀ। ਉਹ ਇੰਡੀਆ ਬਹੁਤਾ ਰਿਹਾ ਹੀ ਨਹੀਂ ਸੀ। ਉਹੋ ਜਿਹੇ ਵਾਤਾਵਰਣ ਵਿਚ ਜਾ ਕੇ ਬਿਮਾਰ ਹੋਣ ਦੇ ਬਹੁਤੇ ਚਾਂਨਸ ਸਨ। ਇੰਝ ਮੀਕੇ ਨੂੰ ਲੱਗਿਆ ਉਹ ਸਤਿਵੀਰ ਨੂੰ ਮੌਤ ਦੇ ਮੂੰਹ ਵਿਚ ਖੁਦ ਭੇਜ ਰਿਹਾ ਹੋਵੇਗਾ। ਪਿਉ ਹੋਣ ਦੇ ਨਾਤੇ ਉਸ ਦਾ ਮਨ ਨਾ ਮੰਨਿਆ।

ਰਮੇਸ਼ ਦੀ ਭੇਜੀ ਜਾਣਕਾਰੀ ਉਸ ਨੇ ਪ੍ਰੀਤ ਨਾਲ ਸਾਂਝੀ ਕੀਤੀ। ਉਸ ਨੇ ਸੁਣ ਕੇ ਸਾਫ਼ ਨਾਂਹ ਕਰ ਦਿੱਤੀ। ਉਹ ਇੰਗਲੈਂਡ ਵਿਚ ਪਲੀ ਕਰਕੇ ਅਜਿਹੇ ਹਾਲਾਤ ਨੂੰ ਅਣਮਨੁੱਖੀ ਅਤੇ ਜ਼ਾਲਮਾਨਾ ਸਮਝਦੀ ਸੀ। ਸੁਣ ਕੇ ਉਹ ਦੋ ਕੁ ਦਿਨ ਤਾਂ ਵੈਸੇ ਹੀ ਨਾਖੁਸ਼ ਰਹੀ। ਉਹਨਾਂ ਲੋਕਾਂ ਬਾਰੇ ਸੋਚਦੀ ਰਹੀ ਜਿਹੜੇ ਉਸ ਹਾਲਾਤ ਵਿਚ ਰਹਿੰਦੇ ਸਨ ਅਤੇ ਉਹਨਾਂ ਬਾਰੇ ਜਿਹੜੇ ਅਜਿਹੇ ਹਾਲਾਤਾਂ ਵਿਚ ਮਨੁੱਖਾਂ

ਨੂੰ ਰਖਦੇ ਸਨ। ਅਖ਼ੀਰ ਉਸ ਨੂੰ ਇਕੋ ਇਕ ਰਾਹ ਇਹੋ ਨਜ਼ਰ ਆਇਆ ਕਿ ਉਹ ਸਤਿਵੀਰ ਨਾਲ ਨਿੱਠ ਕੇ ਗੱਲ ਕਰੇ। ਨਿੱਠ ਕੇ ਗੱਲ ਕਰਨ ਲਈ ਉਸ ਨੂੰ ਸਤਿਵੀਰ ਨੂੰ ਇਸ ਸ਼ਹਿਰ ਤੋਂ ਦੂਰ ਲੈ ਕੇ ਜਾਣਾ ਜ਼ਰੂਰੀ ਲੱਗਾ। ਉਸ ਨੇ ਸਤਿਵੀਰ ਨਾਲ ਇੰਡੀਆ ਜਾਣ ਦੀ ਸਕੀਮ ਬਣਾਈ। ਇਸ ਬਹਾਨੇ ਉਹ ਬਜ਼ੁਰਗ ਦਾਦਾ ਦਾਦੀ ਨੂੰ ਵੀ ਮਿਲ ਆਉਣਗੇ। ਕ੍ਰਿਸਮਸ ਤੋਂ ਬਾਅਦ ਦਾ ਸਮਾਂ ਬਿਜ਼ਨਸ ਵੀ ਕੁਝ ਖਾਸ ਨਹੀਂ ਹੋਣਾ ਸੀ ਅਤੇ ਇੰਡੀਆ ਵਿਚ ਮੌਸਮ ਵੀ ਚੰਗਾ ਹੋ ਜਾਣ ਕਰਕੇ ਇਹ ਸਮਾਂ ਇੰਡੀਆ ਜਾਣ ਲਈ ਢੁਕਵਾਂ ਲੱਗਾ। ਉਹ ਨੂੰ ਸਤਿਵੀਰ ਨੂੰ ਮਨਾਉਣ ਲਈ ਸਕੀਮ ਬਨਾਉਣ ਲੱਗੀ।

ਸਤਿਵੀਰ ਨੂੰ ਮਿਲਣ ਲਈ ਪ੍ਰੀਤ ਨੂੰ ਕਾਫੀ ਤਰੱਦਦ ਕਰਨਾ ਪਿਆ। ਰਾਤ ਨੂੰ ਸਤਿਵੀਰ ਦੇਰ ਨਾਲ ਘਰ ਆਉਂਦਾ ਅਤੇ ਸਵੇਰੇ ਦੇਰ ਨਾਲ ਸੁੱਤਾ ਪਿਆ ਉਠਦਾ। ਪ੍ਰੀਤ ਕੰਮ ‘ਤੇ ਚਲੀ ਜਾਂਦੀ। ਉਹਨਾਂ ਦਾ ਮਿਲਣ ਦਾ ਮੌਕਾ ਮੇਲ ਨਾ ਬਣਦਾ।

ਸਤਿਵੀਰ ਇਕ ਦਿਨ ਦੁਕਾਨ ‘ਤੇ ਚਲਾ ਗਿਆ। ਉਸ ਸਮੇਂ ਪ੍ਰੀਤ ਦੁਕਾਨ ‘ਤੇ ਨਹੀਂ ਸੀ। ਉਹ ਆਪਣੇ ਸਪਲਾਇਰ ਨਾਲ ਮੀਟਿੰਗ ‘ਤੇ ਗਈ ਹੋਈ ਸੀ। ਉਸ ਦਿਨ ਸਤਿਵੀਰ ਕੋਲ ਪੈਸੇ ਹੈ ਨਹੀਂ ਸਨ। ਉਸ ਦਾ ਨਸ਼ਾ ਟੁੱਟਿਆ ਹੋਣ ਕਰਕੇ ਉਹ ਬਹੁਤ ਔਖਾ ਸੀ। ਉਸ ਨੇ ਆਪਣੇ ਮੋਬਾਇਲ ਫੋਨ ਤੋਂ ਪ੍ਰੀਤ ਨੂੰ ਫੋਨ ਕੀਤਾ। ਮੀਟਿੰਗ ਵਿਚ ਹੋਣ ਕਰਕੇ ਉਸ ਦਾ ਫੋਨ ਬੰਦ ਸੀ। ਸਤਿਵੀਰ ਨੇ ਸਟਾਫ਼ ਨੂੰ ਆਪਣੀ ਜਾਣਕਾਰੀ ਦੇ ਕੇ ਕੁਝ ਪੈਸੈ ਮੰਗਣ ਦੀ ਕੋਸ਼ਸ਼ ਕੀਤੀ। ਪਰ ਸਟਾਫ਼ ਇੰਝ ਪੈਸੇ ਦੇਣ ਤੋਂ ਅਸਮਰੱਥ ਸੀ। ਸਤਿਵੀਰ ਦੁਕਾਨ ਦੇ ਇਕ ਕੋਨੇ ਵਿਚ ਘੋਰ ਬਿਮਾਰ ਵਾਂਗੂੰ ਬੈਠ ਗਿਆ। ਮੈਨੇਜਰ ਕੁੜੀ ਨੇ ਵੀ ਪ੍ਰੀਤ ਨੂੰ ਉਸ ਦੇ ਫੋਨ ‘ਤੇ ਸੁਨੇਹਾ ਛੱਡ ਦਿੱਤਾ। ਕੁਝ ਦੇਰ ਬਾਅਦ ਮੀਟੰਗ ਖਤਮ ਹੋਈ ਤਾਂ ਸਤਿਵੀਰ ਨੂੰ ਪ੍ਰੀਤ ਨੇ ਫੋਨ ਕੀਤਾ। ਸਤਿਵੀਰ ਤਾਂ ਜਿਵੇਂ ਦੁਹੱਥੜੀਂ ਪਿੱਟਣ ਵਾਲਾ ਹੋਇਆ ਪਿਆ ਸੀ। ਪ੍ਰੀਤ ਆਈ ਤਾਂ ਉਸ ਨੂੰ ਅਪਣੇ ਦਫ਼ਤਰ ਵਿਚ ਲੈ ਗਈ।

“ਸਤਿਵੀਰ ਪੈਸੇ ਤਾਂ ਮੈਨੂੰ ਪਤਾ ਤੈਨੂੰ ਕਿਸ ਲਈ ਚਾਹੀਦੇ ਐ। ਸਿਰਫ਼ ਅੱਜ ਮੈਂ ਤੇਰੀ ਮਦਦ ਕਰ ਸਕਦੀ ਆਂ ਜੇ ਤੂੰ ਮੇਰੀ ਸ਼ਰਤ ਮੰਨੇ ਤਾਂ।”

“ਕੀ ਸ਼ਰਤ ਐ!” ਉਸ ਵੇਲੇ ਤਾਂ ਸਤਿਵੀਰ ਤੋਂ ਭਾਂਵੇਂ ਕੋਈ ਜਾਨ ਗਿਰਵੀ ਰਖਵਾ ਲੈਂਦਾ।

“ਦਾਦਾ ਜੀ ਅਤੇ ਦਾਦੀ ਜੀ ਦਾ ਫੋਨ ਆਇਆ ਸੀ। ਉਹ ਆਪਾਂ ਨੂੰ ਮਿਲਣਾ ਚਾਹੁੰਦੇ ਐ। ਆਪਾਂ ਕ੍ਰਿਸਮਸ ਤੋਂ ਬਾਅਦ ਹਫ਼ਤਾ ਦਸ ਦਿਨ ਵਾਸਤੇ ਪਿੰਡ ਜਾ ਆਈਏ! ਉਹਨਾਂ ਨੂੰ ਤਾਂ ਆਉਣਾ ਇਸ ਉਮਰ ਵਿਚ ਔਖਾ ਐ।” ਪ੍ਰੀਤ ਨੇ ਆਪਣੀ ਗੱਲ ਦਾ ਅਸਰ ਜਾਣਨ ਲਈ ਸਤਿਵੀਰ ਦੇ ਅੱਧਮਰੇ ਮੂੰਹ ਵੱਲ ਵੇਖਿਆ। ਪ੍ਰੀਤ ਨੂੰ ਉਸ ਦੀ ਹਾਲਤ ਵੇਖ ਕੇ ਤਰਸ ਵੀ ਆਇਆ ਅਤੇ ਗੁੱਸਾ ਵੀ। ਉਹ ਸਭ ਕੁਝ ਅੰਦਰੇ ਅੰਦਰ ਪੀ ਗਈ।

“ਠੀਕ ਐ। ਜਿਵੇਂ ਤੇਰੀ ਮਰਜ਼ੀ। ਮੇਰੇ ਕੋਲ ਟਿਕਟ ਜੋਗੇ ਪੈਸੇ ਪੂਸੇ ਨੀ ਹੈਗੇ।” ਸਤਿਵੀਰ ਨੇ ਪ੍ਰੀਤ ਨੂੰ ਆਪਣਾ ਪਰਸ ਖੋਲ੍ਹਦਿਆਂ ਵੇਖਿਆ ਅਤੇ ਲਲਚਾਈਆਂ, ਸਧਰਾਈਆਂ ਅੱਖਾਂ ਨਾਲ ਉਸ ਵੱਲ ਵੇਖਿਆ।

“ਕੋਈ ਗੱਲ ਨੀ ਟਿਕਟ ਤੇਰੀ ਮੈਂ ਖਰੀਦ ਲਊਂ। ਇਕ ਗੱਲ ਹੋਰ। ਅੱਜ ਤੋਂ ਬਾਅਦ ਦੁਕਾਨ ਵਿਚ ਪੈਸੇ ਮੰਗਣ ਲਈ ਨਹੀਂ ਆਉਣਾ। ਮੈਂ ਤੇਰਾ ਨਸ਼ਾ ਛੁਡਾਉਣ ਵਾਸਤੇ ਤਾਂ ਪੈਸੇ ਖਰਚ ਸਕਦੀ ਆਂ। ਨਸ਼ਾ ਖਿਲਾਉਣ ਵਾਸਤੇ ਨਹੀਂ।” ਪ੍ਰੀਤ ਨੇ ਉਸ ਨੂੰ ਪੈਸੇ ਫੜਾਂਉਂਦਿਆਂ ਅੱਗੇ ਲਈ ਨਾ ਆਉਣ ਲਈ ਪੱਕਾ ਕਰਨ ਦਾ ਯਤਨ ਕੀਤਾ। ਬੇਸ਼ਕ ਉਸ ਨੂੰ ਪਤਾ ਸੀ ਕਿ ਸਤਿਵੀਰ ਦੀ ਅੜੇ ਥੁੜੇ

ਹੋਰ ਕੋਈ ਠਾਹਰ ਨਹੀਂ ਸੀ ਅਤੇ ਸ਼ਾਇਦ ਪ੍ਰੀਤ ਵੀ ਉਸ ਨੂੰ ਜਵਾਬ ਨਾ ਦੇ ਸਕੇ।

ਸਤਿਵੀਰ ਦੀ ਕੱਚੀ ਪਿਲੀ ਹਾਂ ਨਾਲ ਉਸ ਨੂੰ ਮਾੜੀ ਜਿਹੀ ਤਸੱਲੀ ਹੋਈ। ਵੈਸੇ ਉਸ ਨੂੰ ਸਤਿਵੀਰ 'ਤੇ ਬਹੁਤਾ ਯਕੀਨ ਨਹੀਂ ਸੀ। ਨਸ਼ੇ ਦੇ ਗੁਲਾਮ'ਤੇ ਕੋਈ ਕੀ ਯਕੀਨ ਕਰ ਸਕਦਾ! ਪ੍ਰੀਤ ਨੇ ਉਸ ਨੂੰ ਮਿੱਠੀ ਪਿਆਰੀ ਹੋ ਕੇ ਇੰਡੀਆ ਲਿਜਾਣ ਲਈ ਪੂਰੀ ਘਾਲਣਾ ਘਾਲਣ ਦਾ ਮਨ ਬਣਾ ਲਿਆ ਹੋਇਆ ਸੀ। ਉਸ ਦੇ ਮਨ ਦੇ ਕਿਸੇ ਕੋਨੇ ਵਿਚੋਂ ਅਵਾਜ਼ ਆਉਂਦੀ ਕਿ ਉਹ ਆਪਣੇ ਮਕਸਦ ਵਿਚ ਸਫ਼ਲ ਹੋਵੇਗੀ। ਦੂਜੇ ਹੀ ਪਲ ਉਸ ਦਾ ਮਨ ਗਵਾਹੀ ਭਰਨ ਤੋਂ ਮੁਨਕਰ ਹੋ ਜਾਂਦਾ। ਉਹ ਇਹਨਾਂ ਕਿਆਸ ਅਰਾਈਆਂ ਤੋਂ ਬਚਣ ਲਈ ਆਪਣੇ ਆਪ ਨੂੰ ਕੰਮ ਵਿਚ ਰੁਝਾਈ ਰੱਖਣ ਦਾ ਯਤਨ ਕਰਦੀ। ਸਤਿਵੀਰ ਦਾ ਫਿਕਰ ਪ੍ਰੀਤ ਹੀ ਨਹੀਂ ਸਾਰਿਆਂ ਦੇ ਮਨਾਂ ਵਿਚ ਭਾਰੂ ਰਹਿੰਦਾ। ਸਾਰੇ ਜਾਣਦੇ ਸਨ ਕਿ ਜੇ ਕੋਈ ਚਮਤਕਾਰ ਹੋ ਸਕਦਾ ਸੀ ਤਾਂ ਸਿਰਫ਼ ਪ੍ਰੀਤ ਹੀ ਕਰ ਸਕਦੀ ਸੀ। ਪ੍ਰੀਤ ਆਪਣੇ ਮੋਢਿਆਂ 'ਤੇ ਜ਼ਿੰਮੇਵਾਰੀ ਦਾ ਹੋਰ ਵੀ ਭਾਰ ਮਹਿਸੂਸ ਕਰਦੀ ਅਤੇ ਇਸ ਇਮਤਿਹਾਨ ਵਿਚੋਂ ਪਾਸ ਹੋਣ ਦਾ ਸੰਕਲਪ ਹਰ ਰੋਜ਼ ਦੁਹਰਾਉਂਦੀ।

## ਇਕੱਤੀਵਾਂ

ਸਤਿਵੀਰ ਦਾ ਦਿਮਾਗ ਕਦੇ ਨ ਕਦੇ ਸੋਚਦਾ ਜ਼ਰੂਰ ਕਿ ਮਾਂ ਅਤੇ ਭੈਣਾਂ ਦੀਆਂ ਮਿੰਨਤਾਂ ਦੇ ਬਾਵਜੂਦ ਉਹ ਆਪਣੇ ਆਪ ਨੂੰ ਸੁਧਾਰ ਨਹੀਂ ਸਕਦਾ। ਪਿਆਰ ਤਾਂ ਉਹ ਮੀਕੇ ਨੂੰ ਵੀ ਕਰਦਾ ਸੀ। ਔਰਤ ਦਿਲ ਕੁਦਰਤੀ ਨਾਜ਼ੁਕ ਅਤੇ ਕੋਮਲ ਹੋਣ ਕਰਕੇ ਆਦਮੀਆਂ ਦੇ ਮੁਕਾਬਲੇ ਬੱਚਿਆਂ ਦੇ ਮਨ ਨੂੰ ਜਿੱਤਣ ਵਿਚ ਸਫ਼ਲ ਹੋ ਜਾਂਦਾ ਹੈ। ਮੀਕਾ ਕਦੇ ਕਦੇ ਸਤਿਵੀਰ ਨੂੰ ਘੂਰ ਵੀ ਦਿੰਦਾ। ਉਸ ਦਾ ਮਾੜਾ ਮੋਟਾ ਡਰ ਅਜੇ ਵੀ ਸਤਿਵੀਰ ਦੇ ਮਨ ਵਿਚ ਸੀ। ਸੀਤੋ ਨੇ ਤਾਂ ਕਦੇ ਉਸ ਨੂੰ ਦਿਲੋਂ ਗਾਹਲ ਵੀ ਨਹੀਂ ਦਿੱਤੀ ਸੀ। ਜੇ ਉਸ ਨੇ ਕਦੇ ਸਤਿਵੀਰ ਨੂੰ ਕੁਝ ਕਿਹਾ ਵੀ ਤਾਂ ਉਤਲੇ ਮਨੋਂ ਹੀ। ਸਤਿਵੀਰ ਨੂੰ ਜੇ ਘੂਰ ਦਿੰਦੀ ਤਾਂ ਨਾਲੋ ਨਾਲ ਉਹ ਉਸ ਤੋਂ ਵੀ ਜ਼ਿਆਦਾ ਪਿਆਰ ਦਾ ਇਜ਼ਹਾਰ ਵੀ ਕਰ ਦਿੰਦੀ ਸੀ। ਕਦੇ ਚੌਕਲੇਟ ਦੇ ਕੇ ਅਤੇ ਕੋਈ ਹੋਰ ਚੀਜ਼।

ਕੁੜੀਆਂ ਵਿਚ ਉਹ ਇਕੱਲਾ ਮੁੰਡਾ ਸੀ। ਸੀਤੋ ਨੂੰ ਵੇਖ ਕੇ ਕੁੜੀਆਂ ਵੀ ਉਸ ਦਾ ਬਹੁਤ ਖਿਆਲ ਰੱਖਦੀਆਂ। ਕੁਝ ਛੋਟਾ ਹੋਣ ਕਰਕੇ ਉਸ ਦਾ ਲਾਡਲਾ ਹੋਣਾ ਵੀ ਕੁਦਰਤੀ ਸੀ। ਥੋੜਾ ਵੱਡਾ ਹੋਇਆ ਤਾਂ ਉਸ ਦਾ ਕਿਸੇ ਹਾਣ ਦੇ ਮੁੰਡੇ ਨਾਲ ਘੁਲਣ ਖੇਡਣ ਨੂੰ ਮਨ ਕਰਦਾ। ਉਹ ਕਦੇ ਕਦੇ ਕੁੜੀਆਂ ਵਿਚੋਂ ਕਿਸੇ ਨਾ ਕਿਸੇ ਨਾਲ ਘੋਲ ਘਲਾਈ ਕਰਦਾ। ਕਦੇ ਕਦੇ ਮੀਕਾ ਵੀ ਉਸ ਨਾਲ ਝੂਠ ਮੂਠ ਦਾ ਘੋਲ ਕਰਦਾ।ਬੱਚਿਆਂ ਦੀ ਕੁਦਰਤੀ ਬੁੱਧੀ ਨਾਲ ਸਤਿਵੀਰ ਸਮਝਦਾ ਸੀ ਕਿ ਮੀਕਾ ਤਾਂ ਉਸ ਨਾਲ ਐਕਟਿੰਗ ਜਿਹੀ ਕਰਦਾ ਸੀ। ਉਸ ਨੂੰ ਅਸਲੀ ਸੁਆਦ ਜਿਹਾ ਨਾ ਆਉਂਦਾ।

ਘਰ ਵਿਚ ਉਸ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ। ਉਸ ਨੂੰ ਤਾਂ ਕਦੇ ਪਾਣੀ ਦਾ ਗਲਾਸ ਵੀ ਆਪ ਲੈਣ ਦੀ ਲੋੜ ਨਹੀਂ ਸੀ ਪਈ। ਉਸ ਦੇ ਸਾਰੇ ਕੰਮ ਕੀਤੇ ਕਰਾਏ ਉਸ ਨੂੰ ਮਿਲ ਜਾਂਦੇ। ਜਿਥੇ ਸੀਤੋ ਦਾ ਸਾਰਾ ਜ਼ੋਰ ਕੁੜੀਆਂ ਨੂੰ ਘਰੇਲੂ ਕੰਮ ਵਿਚ ਸਚਿਆਰੀਆਂ ਬਨਾਉਣ 'ਤੇ ਲੱਗਾ ਹੁੰਦਾ ਸੀ, ਉਥੇ ਸਤਿਵੀਰ ਲਈ ਅਜਿਹੀ ਕੋਈ ਸਮੱਸਿਆ ਨਹੀਂ ਸੀ। ਸਾਰ ਅੰਸ਼ ਇਹ ਕਿ ਸਤਿਵੀਰ ਦੀ ਸਭ ਤੋਂ ਵੱਡੀ ਦੁਸ਼ਮਣੀ ਉਸ ਦੇ ਘਰ ਵਿਚ ਹੀ ਪਲੀ। ਉਸ ਨੂੰ ਜਿੰਮੇਵਾਰ ਬਨਾਉਣ ਦੀ ਥਾਂ ਉਸ ਨੂੰ ਗੈਰ ਜ਼ਿੰਮੇਵਾਰ ਬਨਾਉਣ ਦੇ ਰਾਹ ਅਚੇਤ ਹੀ ਪਾਇਆ ਗਿਆ।

ਹਰ ਬੱਚੇ ਵਿਚ ਵਾਧੂ ਸ਼ਕਤੀ ਹੁੰਦੀ ਹੈ। ਉਸ ਊਰਜਾ ਨੂੰ ਕਿਸੇ ਨਾ ਕਿਸੇ ਢੰਗ ਨਾਲ ਬੱਚੇ ਨੇ ਵਰਤਣਾ ਹੁੰਦਾ ਹੈ। ਮੀਕੇ ਕੋਲ ਵੀ ਅਜਿਹਾ ਕੋਈ ਗਿਆਨ ਨਹੀਂ ਸੀ ਕਿ ਸਤਿਵੀਰ ਦੀ ਉਸ ਊਰਜਾ ਨੂੰ ਕਿਸ ਅਤੇ ਕਿਵੇਂ ਚੰਗੇ ਪਾਸੇ ਲਾਇਆ ਜਾਵੇ। ਦੂਸਰਾ ਉਹ

ਆਪਣੇ ਕੰਮ ਵਿਚ ਹੀ ਰੁਝਿਆ ਰਹਿੰਦਾ। ਜੇ ਕਦੇ ਉਸ ਨੇ ਸਤਿਵੀਰ ਨੂੰ ਖੇਡਾਂ ਵਾਲੇ ਪਾਸੇ ਲਾਉਣ ਦੀ ਗੱਲ ਕੀਤੀ ਵੀ ਤਾਂ ਸੀਤੋ ਨੇ ਚਾਰੇ ਪੈਰ ਚੁੱਕ ਕੇ ਪੈ ਜਾਣਾ।

"ਮੁੰਡੇ ਦੇ ਸੱਟ ਫੇਟ ਵੱਜੂ। ਇਹ ਐਦੂੰ ਘਰੇ ਈ ਚੰਗਾ।"

ਜੇ ਕਦੇ ਸਤਿਵੀਰ ਨੂੰ ਤੈਰਨਾ ਸਿੱਖਣ ਦੀ ਗੱਲ ਚੱਲੀ ਤਾਂ ਸੀਤੋ ਦਾ ਜਵਾਬ ਪਹਿਲਾਂ ਹੀ ਹਾਜ਼ਰ ਹੁੰਦਾ।

"ਭੋਰਾ ਭਰ ਜੁਆਕ ਆ ਪਾਣੀ 'ਚ' ਡੁੱਬ ਜੂ।"

ਜੇ ਦੌੜਾਂ ਵਿਚ ਭਾਗ ਲੈਣ ਦੀ ਰਾਇ ਦਿੱਤੀ ਗਈ ਤਾਂ ਜਵਾਬ ਫੇਰ ਵੀ ਨਾਂਹ ਵਾਚਕ ਹੀ ਮਿਲਦਾ।

"ਹੋਰ ਭੱਜੇ ਜਾਂਦੇ ਮੁੰਡੇ ਨੂੰ ਕੋਈ ਥੱਲੇ ਸਿੱਟ ਕੇ ਜ਼ਖ਼ਮੀ ਕਰ ਦੂ। ਗੋਰੇ ਤਾਂ ਊਂ ਈ ਨੀ ਆਪਣੇ ਮੁੰਡਿਆਂ ਨੂੰ ਵੇਖ ਕੇ ਰਾਜੀ।" ਗੱਲ ਕੀ ਸਤਿਵੀਰ ਜੇ ਕਦੇ ਸਕੂਲ ਵਿਚ ਮਾਂ ਤੋਂ ਚੋਰੀ ਫੁੱਟਵਾਲ ਖੇਡ ਲੈਂਦਾ ਤਾਂ ਠੀਕ ਸੀ। ਜੇ ਸੀਤੋ ਨੂੰ ਪਤਾ ਲੱਗ ਜਾਂਦਾ ਤਾਂ ਉਹ ਉਸ ਨੂੰ ਸਮਝੌਤੀਆਂ ਦੇਣ ਲੱਗ ਜਾਂਦੀ। ਇਸ ਗੱਲ ਤੋਂ ਅਣਜਾਣ ਕੇ ਵਾਧੂ ਊਰਜਾ ਦੇ ਨਿਕਾਸ ਲਈ ਬੱਚਿਆਂ ਦੀਆਂ ਹੋਰ ਦਿਲਚਸਪੀਆਂ ਵੱਲ ਵੀ ਧਿਆਨ ਦੇਣ ਦੀ ਲੋੜ ਹੁੰਦੀ ਹੈ। ਜੇ ਬੱਚਾ ਕਿਸੇ ਵੀ ਖੇਡ ਵਿਚ ਦਿਲਚਸਪੀ ਲਵੇਗਾ ਤਾਂ ਸੰਭਵ ਹੈ ਉਹ ਮਾੜੇ ਪਾਸੇ ਜਾਣ ਤੋਂ ਬਚ ਜਾਵੇਗਾ। ਉਹ ਆਪਣਾ ਵਾਧੂ ਸਮਾਂ ਅਤੇ ਵਾਧੂ ਊਰਜਾ ਨੂੰ ਆਪਣੀ ਦਿਲਚਸਪੀ 'ਤੇ ਖਰਚ ਕਰੇਗਾ। ਜੇ ਉਸ ਦੀ ਕੋਈ ਖਾਸ ਦਿਲਚਸਪੀ ਨਾ ਹੋਵੇ ਤਾਂ ਸਮਾਂ ਤਾਂ ਉਸ ਨੇ ਗੁਜ਼ਾਰਨਾ ਹੀ ਹੋਵੇਗਾ ਅਤੇ ਆਪਣੀ ਵਾਧੂ ਊਰਜਾ ਦਾ ਨਿਕਾਸ ਵੀ ਲੱਭਣਾ ਹੀ ਪਵੇਗਾ। ਚੰਗੇ ਨਹੀਂ ਤਾਂ ਮਾੜੇ ਪਾਸੇ ਸਹੀ। ਸਤਿਵੀਰ ਨਾਲ ਵੀ ਇਹੋ ਕੁਝ ਵਾਪਰਿਆ।

ਸਕੂਲ ਵਿਚ ਹਰ ਕਿਸਮ ਦੇ ਮੁੰਡੇ ਸਨ। ਕੁਝ ਤਾਂ ਪੜ੍ਹਨ ਵਿਚ ਬਹੁਤ ਜ਼ਿੰਮੇਵਾਰ ਸਨ ਅਤੇ ਉਹਨਾਂ ਦਾ ਇਕੋ ਇਕ ਨਿਸ਼ਾਨਾਂ ਚੰਗੇ ਨੰਬਰ ਲੈ ਕੇ ਪਾਸ ਹੋਣ ਦਾ ਸੀ। ਕੁਝ ਔਸਤ ਕਿਸਮ ਦੇ ਲੜਕੇ ਸਨ। ਕੁਝ ਕੁ ਪੜ੍ਹਨ ਪੱਖੋਂ ਤਾਂ ਨਲਾਇਕ ਸਨ ਪਰ ਉਹਨਾਂ ਵਿਚ ਹੋਰ ਕੋਈ ਐਬ ਵਾਲੀ ਗੱਲ ਨਹੀਂ ਸੀ।ਬਹੁਤ ਥੋੜੇ ਸਨ ਜਿਹਨਾਂ ਵਿਚ ਸਿਰਫ਼ ਐਬ ਹੀ ਭਾਰੂ ਸਨ ਅਤੇ ਇਹ ਮੁੰਡੇ ਹੀ ਸਭ ਤੋਂ ਵੱਧ ਖਤਰਨਾਕ ਸਨ। ਇਹ ਮੁੰਡੇ ਆਪਣੀ ਬੁਰਾਈ ਨੂੰ ਵੰਡਣ ਤੋਂ ਗੁਰੇਜ਼ ਨਹੀਂ ਕਰਦੇ ਸਨ। ਸਗੋਂ ਆਪਣੇ ਇਸ ਨਾਪਾਕ ਖ਼ਜ਼ਾਨੇ ਨੂੰ ਦੋਹੀਂ ਹੱਥੀਂ ਲਟਾਉਣ ਲਈ ਤੱਤਪਰ ਰਹਿੰਦੇ ਸਨ।

ਸਤਿਵੀਰ ਨੂੰ ਉਹ ਲੋਕ ਇੰਝ ਮਿਲੇ ਜਿਵੇਂ ਉਹਨਾਂ ਨੂੰ ਆਪਣੇ ਭਾਈ ਦੀ ਪਛਾਣ ਬਹੁਤ ਦੂਰੋਂ ਹੀ ਹੋ ਗਈ ਹੋਵੇ। ਸਤਿਵੀਰ ਨੇ ਵੀ ਉਹਨਾਂ ਨੂੰ ਬਹੁਤੀ ਹੀਲ ਹੁੱਜਤ ਦੇ ਗਲ ਲਾ ਲਿਆ ਸੀ। ਉਦੋਂ ਉਸ ਨੇ ਕਦੇ ਸੋਚਿਆ ਹੀ ਨਹੀਂ ਸੀ ਕਿ ਹਾਲਾਤ ਉਸ ਨੂੰ ਤਬਾਹੀ ਵੱਲ ਲੈ ਜਾਣਗੇ। ਉਹ ਤਾਂ ਵਕਤੀ ਜਿਹੀ ਚੌੜ ਹੁੰਦੀ ਸੀ। ਚੜ੍ਹਦੀ ਜਵਾਨੀ ਲਈ ਉਹ ਸ਼ੁਗਲ ਦਾ ਨਾਂ ਦਿੰਦੀ।

ਸਤਿਵੀਰ ਨੂੰ ਜਦ ਮਾੜੇ ਮੋਟੇ ਨਸ਼ੇ ਤੋਂ ਅੱਗੇ ਕੋਕੀਨ ਸੁੰਘਣ ਦੀ ਆਦਤ ਪਈ ਤਾਂ ਪਹਿਲੇ ਦਿਨ ਉਸ ਨੂੰ ਬਹੁਤ ਔਖਾ ਲੱਗਾ। ਉਸ ਨੂੰ ਕੋਕੀਨ ਇਕ ਤਾਸ਼ ਦੇ ਪੱਤੇ 'ਤੇ ਪਾਕੇ ਦਿੱਤੀ ਗਈ। ਫਿਰ ਉਸ ਨੂੰ ਇਕ ਹੋਰ ਪੱਤੇ ਨਾਲ ਦੋ ਪਤਲੀਆਂ ਲਾਈਨਾਂ ਵਿਚ ਵੰਡਿਆ ਗਿਆ। ਸਿਗਰਟ ਪੇਪਰ ਦੀ ਨਲਕੀ ਜਿਹੀ ਬਣਾ ਕੇ ਇਕ ਨਾਸ ਰਾਹੀਂ ਉਸ ਨੂੰ ਇਕ ਲਾਈਨ ਅਤੇ ਦੂਜੀ ਰਾਹੀਂ ਦੂਜੀ ਲਾਈਨ ਨੂੰ ਸਾਹ ਅੰਦਰ ਖਿੱਚ ਕੇ ਖਿੱਚਣ ਲਈ ਕਿਹਾ ਗਿਆ। ਸਤਿਵੀਰ ਨੂੰ ਥੋੜਾ ਡਰ ਲੱਗਿਆ ਅਤੇ ਉਹ ਹਿੱਚਕਚਾਇਆ। ਦੂਸਰਿਆਂ ਦੀਆਂ ਉੱਤਸੁੱਕ ਨਜ਼ਰਾਂ ਨੇ ਉਸ ਨੂੰ ਹੱਲਾ ਸ਼ੇਰੀ ਦਿੱਤੀ। ਉਸ ਨੇ ਆਪਣੇ ਆਪ ਨੂੰ ਬਹਾਦਰ ਸਾਬਤ ਕਰਨ ਲਈ ਜਿਵੇਂ ਕਿਹਾ ਗਿਆ ਸੀ ਉਵੇਂ ਹੀ ਕੀਤਾ। ਜਦ ਉਸ ਨੇ ਕੋਕੀਨ ਖਿੱਚ ਲਈ ਤਾਂ ਸਾਥੀਆਂ ਨੇ ਉਸ ਦਾ ਤਾੜੀਆਂ ਮਾਰ ਕੇ ਸਵਾਗਤ ਕੀਤਾ ਜਿਵੇਂ ਉਸ ਨੇ ਕੋਈ ਬਹੁਤ

ਵੱਡੀ ਜਿੱਤ ਪ੍ਰਾਪਤ ਕੀਤੀ ਹੋਵੇ। ਕੁਝ ਦੇਰ ਬਾਅਦ ਸਤਿਵੀਰ ਆਪ ਦੂਜਿਆਂ ਦਾ ਸਿਖਾਂਦਰੂ ਬਣ ਗਿਆ ਸੀ

ਹੁਣ ਇਹ ਗੱਲਾਂ ਸੋਚਣ ਦਾ ਸਤਿਵੀਰ ਕੋਲ ਸਮਾਂ ਹੀ ਨਹੀਂ ਸੀ। ਹੁਣ ਤਾਂ ਉਸ ਨੂੰ ਨਸ਼ੇ ਦਾ ਸੇਵਨ ਕਰਕੇ ਆਪਣੇ ਆਪ ਨੂੰ ਚਲਦਾ ਰੱਖਣ ਤੋਂ ਬਿਨਾਂ ਹੋਰ ਕੋਈ ਸੋਚ ਫੁਰਦੀ ਹੀ ਨਹੀਂ। ਨਸ਼ੇ ਦੀ ਪ੍ਰਾਪਤੀ ਲਈ ਉਹ ਕੁਝ ਵੀ ਸੋਚ ਸਕਦਾ ਸੀ ਅਤੇ ਉਸ ਦਾ ਦਿਮਾਗ ਬਹੁਤ ਚਲਦਾ ਸੀ। ਕੱਲ੍ਹ ਉਸ ਦੀ ਸੋਚ ਦਾ ਹੁਣ ਹਿੱਸਾ ਨਹੀਂ ਸੀ।

## ਬੱਤੀਵਾਂ

ਪ੍ਰੀਤ ਖੁਸ਼ ਸੀ, ਜਾਇਜ਼ ਜਿਹੀ ਖੁਸ਼। ਸੁਭਾਅ ਪੱਖੋਂ ਪ੍ਰੀਤ ਉਹਨਾਂ ਲੋਕਾਂ ਵਿਚੋਂ ਨਹੀਂ ਸੀ ਜਿਹੜੇ ਮਾੜੀ ਜਿਹੀ ਖੁਸ਼ੀ ਨਾਲ ਪੁੱਠੀਆਂ ਛਾਲਾਂ ਮਾਰਨ ਲੱਗ ਜਾਣ ਅਤੇ ਮਾੜੀ ਜਿਹੀ ਤਕਲੀਫ਼ ਜਾਂ ਸੋਗ ਨਾਲ ਮਿੱਟੀ ਹੋ ਜਾਣ। ਪ੍ਰੀਤ ਖੁਸ਼ੀ ਨੂੰ ਮਾਣਨਾ ਵੀ ਜਾਣਦੀ ਸੀ ਅਤੇ ਉਸ ਨੂੰ ਖੁਸ਼ੀ 'ਤੇ ਜ਼ਬਤ ਕਰਨਾ ਵੀ ਆਉਂਦਾ ਸੀ। ਕਿਸੇ ਦੁੱਖ ਤਕਲੀਫ਼ ਦੇ ਸਮੇਂ ਆਪਣੇ ਆਪ ਨੂੰ ਜ਼ਬਤ ਵਿਚ ਰੱਖ ਕੇ ਸਮੱਸਿਆ ਦੇ ਯਥਾਰਥਕ ਹੱਲ ਲੱਭਣ ਦਾ ਗੁਰ ਵੀ ਸਿੱਖਿਆ ਹੋਇਆ ਸੀ। ਜਿੰਮੇਵਾਰੀਆਂ ਦੇ ਬੋਝ ਨੇ ਉਸ ਨੂੰ ਹੋਰ ਜ਼ਹੀਨ ਅਤੇ ਸਬਰ ਸੰਤੋਖ ਵਾਲੀ ਬਣਾ ਦਿੱਤਾ ਸੀ।

ਸਤਿਵੀਰ ਦਾ ਉਸ ਨਾਲ ਇੰਡੀਆ ਜਾਣ ਲਈ ਤਿਆਰ ਹੋ ਜਾਣਾ ਪ੍ਰੀਤ ਲਈ ਬਹੁਤ ਖੁਸ਼ੀ ਦੀ ਗੱਲ ਸੀ। ਉਸ ਨੂੰ ਉਮੀਦ ਸੀ ਉਹ ਸਤਿਵੀਰ ਨੂੰ ਜ਼ਰੂਰ ਸਹੀ ਰਸਤੇ ਵੱਲ ਮੋੜਨ ਵਿਚ ਸਫ਼ਲ ਹੋ ਜਾਵੇਗੀ। ਜੇ ਸਤਿਵੀਰ ਨੂੰ ਆਪਣੇ ਅਨੁਸਾਰ ਢਾਲਣ ਵਿਚ ਸਫ਼ਲ ਹੋ ਜਾਵੇ ਤਾਂ ਇਸ ਅਸੀਮ ਖੁਸ਼ੀ ਨੂੰ ਉਹ ਸਾਰੀ ਉਮਰ ਮਾਣ ਸਕਦੀ ਸੀ। ਬਿਜ਼ਨਸ ਵਿਚ ਵੀ ਉਹ ਮੱਲਾਂ ਮਾਰ ਰਹੀ ਸੀ। ਇਕ ਹੋਰ ਦੁਕਾਨ ਨਵੇਂ ਸਾਲ ਵਿਚ ਖੋਲ੍ਹਣ ਦਾ ਉਹ ਫੈਸਲਾ ਕਰ ਚੁੱਕੀ ਸੀ। ਉਸ ਦੁਕਾਨ ਨੂੰ ਲੱਭਣ ਲਈ ਉਸ ਨੇ ਆਪਣੇ ਏਜੰਟਾਂ ਨੂੰ ਕਹਿ ਦਿੱਤਾ ਹੋਇਆ ਸੀ। ਕੁਝ ਦੁਕਾਨਾਂ ਉਸ ਨੇ ਵੇਖੀਆਂ ਵੀ ਸਨ। ਹੁਣ ਉਹਨਾਂ ਵਿਚੋਂ ਸਹੀ ਥਾਂ ਅਤੇ ਦੁਕਾਨ ਦੀ ਚੋਣ ਕਰਨੀ ਬਾਕੀ ਸੀ। ਸ਼ੇਅਰ ਮਾਰਕਿਟ ਵਿਚ ਉਸ ਦੀ ਦਿਲਚਸਪੀ ਜਿਉਂ ਦੀ ਤਿਉਂ ਸੀ। ਸ਼ੇਅਰ ਮਾਰਕਿਟ ਉੱਤਸੁਕਤਾ ਨਾਲ ਹਮੇਸ਼ਾਂ ਨੱਕੋ ਨੱਕ ਭਰੀ ਰਹਿੰਦੀ। ਹਰ ਮਿੰਟ ਪਤਾ ਨਹੀਂ ਕੀ ਹੋ ਜਾਵੇ। ਬੱਸ ਇਹੋ ਉੱਤਸੁਕਤਾ ਉਸ ਨੂੰ ਚੰਗੀ ਵੀ ਲਗਦੀ। ਦੂਸਰਾ ਹਰ ਫੈਸਲਾ ਆਪ ਕਰਨਾ ਹੁੰਦਾ ਅਤੇ ਸਹੀ ਫੈਸਲਾ ਸਫ਼ਲਤਾ ਦਾ ਚੁੰਮਣ ਲੈ ਦਿੰਦਾ ਸੀ। ਬੱਸ ਇਹੋ ਸਫ਼ਲਤਾ ਦਾ ਚੁੰਮਣ ਹੀ ਉਸ ਨੂੰ ਨਸ਼ਿਆਈ ਰੱਖਦਾ।

ਸਤਿਵੀਰ ਦੀ ਅਤੇ ਆਪਣੀ ਟਿੱਕਟ ਉਸ ਨੇ ਬੁੱਕ ਕਰਵਾ ਦਿੱਤੀ। ਦਾਦਾ ਦਾਦੀ ਨੂੰ ਫ਼ੋਨ ਕਰਕੇ ਦੱਸ ਦਿੱਤਾ ਸੀ ਅਤੇ ਉਹ ਪੂਰੇ ਖੁਸ਼ ਸਨ। ਕੁਝ ਦਿਨਾਂ ਲਈ ਪ੍ਰੀਤ ਅਤੇ ਸਤਿਵੀਰ ਨਾਲ ਘਰ ਵਿਚ ਰੌਣਕ ਲੱਗਣ ਦਾ ਚਾਅ ਉਹਨਾਂ ਨੂੰ ਸੌਣ ਨਾ ਦਿੰਦਾ। ਸੀਤੋ ਨੇ ਦਾਦੀ ਦੇ ਕੰਨ ਵਿਚ ਫੂਕ ਮਾਰ ਦਿੱਤੀ ਕਿ ਉਹ ਪ੍ਰੀਤ ਨੂੰ ਵਿਆਹ ਲਈ ਰਾਜ਼ੀ ਕਰੇ। ਸ਼ਾਇਦ ਪ੍ਰੀਤ ਦਾਦੀ ਦੀ ਗੱਲ ਨਾ ਮੋੜੇ! ਪ੍ਰੀਤ ਨੇ ਆਪਣੀ ਸਫ਼ਲਤਾ ਨਾਲ ਅਜਿਹਾ ਉੱਚਾ ਮੁਕਾਮ ਹਾਸਲ ਕਰ ਲਿਆ ਸੀ ਕਿ ਸੀਤੋ ਹੁਣ ਆਪਣੇ ਆਪ ਨੂੰ ਉਸ ਤੋਂ ਛੋਟੀ ਮਹਿਸੂਸ ਕਰਦੀ। ਘਰ ਦੇ ਛੋਟੇ ਵੱਡੇ ਫੈਸਲੇ ਵਿਚ ਪ੍ਰੀਤ ਦੀ ਰਾਇ ਨੂੰ ਖਾਸ ਮਹੱਤਤਾ ਪ੍ਰਾਪਤ ਸੀ। ਉਸ ਦੀ ਹਾਂ ਤੋਂ ਬਿਨਾਂ ਮੀਕਾ ਜਾਂ ਸੀਤੋ ਕੋਈ ਫੈਸਲਾ ਲਾਗੂ ਨਾ ਕਰਦੇ।

ਕ੍ਰਿਸਮਸ ਦੇ ਦਿਨਾਂ ਵਿਚ ਠੰਡ ਤਾਂ ਬਹੁਤ ਸੀ ਪਰ ਬਰਫ਼ ਨਹੀਂ ਪਈ ਸੀ। ਗੋਰਿਆਂ ਨੂੰ 'ਵਾਈਟ ਕ੍ਰਿਸਮਸ' ਦਾ ਸੁਪਨਾ ਇਸ ਸਾਲ ਪੂਰਾ ਹੁੰਦਾ ਨਹੀਂ ਦਿਸ ਰਿਹਾ ਸੀ। ਜਿਹਨਾਂ ਨੇ ਬੁੱਕੀਆਂ ਵਿਚ 'ਵ੍ਹਾਈਟ ਕ੍ਰਿਸਮਸ' ਦੇ ਹੱਕ ਵਿਚ ਪੈਸੇ ਲਾ ਕੇ ਸ਼ਰਤ ਲਾਈ ਸੀ ਉਹ ਆਪਣੀ ਸ਼ਰਤ ਹਾਰ ਗਏ ਸਨ। ਪ੍ਰੀਤ ਦੀ ਦੁਕਾਨ ਨੇ ਬਹੁਤ ਚੰਗਾ ਬਿਜ਼ਨਸ ਕੀਤਾ। ਪ੍ਰੀਤ ਨੇ ਵੀ ਸਾਰੇ ਸਟਾਫ਼ ਨੂੰ ਬੋਨਸ ਦੇ

ਕੇ ਖੁਸ਼ ਕਰ ਦਿੱਤਾ। ਨਵੀਂ ਦੁਕਾਨ ਖੋਲ੍ਹਣ ਲਈ ਉਸ ਕੋਲ ਲੋੜੋਂ ਵਾਧੂ ਪੂੰਜੀ ਸੀ। ਉਸ ਨੇ ਮੀਕੇ ਨੂੰ ਹੋਰ ਘਰ ਲੈਣ ਲਈ ਉਕਸਾਇਆ। ਮੌਜੂਦਾ ਘਰ ਵੇਚ ਕੇ ਵੱਡਾ ਘਰ ਲੈ ਲਿਆ ਜਾਵੇ ਅਤੇ ਲੋੜ ਅਨੁਸਾਰ ਪ੍ਰੀਤ ਆਪਣੇ ਕੋਲੋਂ ਪੈਸੇ ਪਾ ਦੇਵੇ। ਮੀਕਾ ਇਸ ਦੇ ਹੱਕ ਵਿਚ ਨਹੀਂ ਸੀ। ਉਹ ਕੁੜੀ ਦੀ ਕਮਾਈ ਦਾ ਕੋਈ ਪੈਸਾ ਆਪਣੇ ਲਈ ਵਰਤਣ ਦੇ ਹੱਕ ਵਿਚ ਨਹੀਂ ਸੀ। ਵਾਹਵਾ ਬਹਿਸ ਤੋਂ ਬਾਅਦ ਫੈਸਲਾ ਹੋਇਆ ਕਿ ਘਰ ਵਿਚ ਪ੍ਰੀਤ ਦਾ ਬਰਾਬਰ ਦਾ ਹਿੱਸਾ ਰੱਖਿਆ ਜਾਵੇ। ਪ੍ਰੀਤ ਨੂੰ ਮੀਕੇ ਨਾਲ ਸਹਿਮਤ ਹੋਣ ਤੋਂ ਬਿਨਾਂ ਹੋਰ ਕੋਈ ਰਾਹ ਨਜ਼ਰ ਨਾ ਆਇਆ। ਉਹਨਾਂ ਨੇ ਨੌਰਵੁਡ ਗਰੀਨ ਦੇ ਏਰੀਏ ਵਿਚ ਪੰਜ ਬੈਡ ਰੂਮ ਦਾ ਘਰ ਵੇਖ ਲਿਆ।

ਨਵੀਂ ਦੁਕਾਨ ਦੀ ਖਰੀਦ ਦਾ ਫੈਸਲਾ ਕਰਕੇ ਉਸ ਨੇ ਲੋੜੀਂਦੇ ਕੰਮ ਕਰਨ ਦਾ ਠੇਕਾ ਦੇ ਦਿੱਤਾ ਅਤੇ ਸਾਰੀ ਲਿਖਤ ਪੜ੍ਹਤ ਕਰ ਕੇ ਉਹ ਸੁਰਖਰੂ ਹੋ ਕੇ ਇੰਡੀਆ ਨੂੰ ਜਾਣ ਲਈ ਤਿਆਰ ਹੋ ਗਈ। ਉਸ ਦਾ ਦਿਲ ਆਖ਼ਰੀ ਸਮੇਂ ਤੱਕ ਧੜਕਦਾ ਰਿਹਾ ਕਿਤੇ ਸਤਿਵੀਰ ਧੋਖਾ ਨਾ ਦੇ ਜਾਵੇ। ਪ੍ਰੀਤ ਸੋਚਦੀ ਸੀ ਸਤਿਵੀਰ ਨਸ਼ੇ ਤੋਂ ਬਿਨਾਂ ਕਿਵੇਂ ਗੁਜ਼ਾਰਾ ਕਰੇਗਾ! ਕਸਟਮ ਵਿਚ ਦੀ ਲੰਘਣ ਕਰਕੇ ਉਹ ਕੋਈ ਵੀ ਗੈਰਕਨੂੰਨੀ ਨਸ਼ਾ ਨਾਲ ਤਾਂ ਲਿਜਾ ਨਹੀਂ ਸਕਦਾ ਸੀ। ਇਹ ਅੜਾਉਣੀ ਪ੍ਰੀਤ ਦਾ ਸਾਹ ਸੂਤੀ ਬੈਠੀ ਸੀ।

ਉਹ ਸਾਰੇ ਕੰਮਾਂ ਤੋਂ ਵਿਹਲੀ ਹੋ ਕੇ ਡੈਨਿਸ ਅਤੇ ਗਰੀਟਾ ਨੂੰ ਮਿਲਣ ਗਈ। ਦੋ ਕੁ ਦਿਨ ਪਹਿਲਾਂ ਡੈਨਿਸ ਦਾ ਪ੍ਰੀਵਾਰ ਆਸਟਰੇਲੀਆ ਤੋਂ ਆਇਆ ਸੀ। ਪ੍ਰੀਤ ਨੂੰ ਡੈਨਿਸ ਦੀ ਪੋਤੀ ਨੂੰ ਮਿਲਣ ਦੀ ਬਹੁਤ ਉੱਤਸੁਕਤਾ ਸੀ। ਆਖ਼ਰ ਡੈਨਿਸ ਅਤੇ ਗਰੀਟਾ ਨੇ ਵਾਰ ਵਾਰ ਆਪਣੀ ਪੋਤੀ ਦੀ ਤੁਲਨਾ ਪ੍ਰੀਤ ਨਾਲ ਕੀਤੀ ਸੀ। ਜਿਸ ਦਿਨ ਡੈਨਿਸ ਦਾ ਪ੍ਰੀਵਰ ਆਸਟਰੇਲੀਆ ਤੋਂ ਆਇਆ,ਉਸ ਦਿਨ ਪ੍ਰੀਤ ਦੁਕਾਨ ਵਿਚ ਬਹੁਤ ਮਸਰੂਫ ਸੀ। ਵੈਸੇ ਵੀ ਉਸ ਨੂੰ ਪਤਾ ਸੀ ਐਨੇ ਸਾਲਾਂ ਬਾਅਦ ਉਹ ਆਪਣੇ ਪ੍ਰੀਵਾਰ ਨਾਲ ਕ੍ਰਿਸਮਸ ਮਨਾ ਰਹੇ ਸਨ, ਉਹਨਾਂ ਨੂੰ ਇਕੱਲਿਆਂ ਛੱਡ ਦੇਣਾ ਹੀ ਪ੍ਰੀਤ ਨੇ ਠੀਕ ਸਮਝਿਆ।

ਕ੍ਰਿਸਮ ਤੋਂ ਅਗਲੇ ਦਿਨ ਜਾਣੀ ਕਿ 'ਬੌਕਸਿੰਗ ਡੇ' ਉਹ ਉਹਨਾਂ ਦੇ ਘਰ ਜਾ ਧਮਕੀ। ਪ੍ਰੀਤ ਨੇ ਡੋਰ ਬੈਲ ਕੀਤੀ ਤਾਂ ਗਰੀਟਾ ਨੇ ਦਰਵਾਜ਼ਾ ਖੋਲ੍ਹਿਆ। ਪ੍ਰੀਤ ਨੇ ਗਰੀਟਾ ਨੂੰ ਜੱਫੀ ਪਾਈ ਅਤੇ ਉਹ ਬਿਨਾਂ ਝਿਜਕ ਅੰਦਰ ਚਲੀ ਗਈ। ਡੈਨਿਸ ਵੀ ਪ੍ਰੀਤ ਨੂੰ ਆਮ ਵਾਂਗ ਹੀ ਮਿਲਿਆ। ਡੈਨਿਸ ਦੇ ਬੇਟੇ ਮਾਰਟਨ ਨੇ ਬੈਠੇ ਨੇ ਹੀ ਪ੍ਰੀਤ ਨਾਲ ਠੰਡਾ ਜਿਹਾ ਹੱਥ ਮਿਲਾਇਆ। ਪ੍ਰੀਤ ਨੂੰ ਮਹਿਸੂਸ ਹੋਇਆ ਜਿਵੇਂ ਮਾਰਟਨ ਉਸ ਨੂੰ ਮਿਲ ਕੇ ਖੁਸ਼ ਨਾ ਹੋਇਆ ਹੋਵੇ। ਉਸ ਦਾ ਉਤਸ਼ਾਹ ਠੰਡਾ ਜਿਹਾ ਹੋ ਗਿਆ। ਪ੍ਰੀਤ ਨੇ ਸ਼ਿਸ਼ਟਾਚਾਰ ਵਜੋਂ ਮਾਰਟਨ ਤੋਂ ਉਸ ਦੇ ਸਫ਼ਰ ਅਤੇ ਮੌਸਮ ਆਦਿ ਸਬੰਧੀ ਰਸਮੀ ਜਿਹੀ ਪੁੱਛ ਗਿੱਛ ਕੀਤੀ। ਮਾਰਟਨ ਦਾ ਵਤੀਰਾ ਉਸ ਨੂੰ ਕੋਈ ਖਾਸ ਉਤਸ਼ਾਹ ਜਨਕ ਨਾ ਲੱਗਾ।

"ਲਿਜ਼ੀ ਨੂੰ ਮੈਂ ਮਿਲ ਸਕਦੀ ਆਂ ਪਲੀਜ਼!" ਪ੍ਰੀਤ ਨੇ ਆਪਣੇ ਹੱਥ ਵਿਚਲਾ ਬੈਗ ਆਪਣੇ ਨਾਲ ਕੁਰਸੀ 'ਤੇ ਰੱਖ ਦਿੱਤਾ।

"ਹਾਂ ਕਿਉਂ ਨੀ!" ਗਰੀਟਾ ਨੇ ਹਲਕੀ ਜਿਹੀ ਜੋਰੀਂ ਮੁਸਕਰਾਹਟ ਨਾਲ ਕਿਹਾ ਅਤੇ ਪੌੜੀਆਂ ਕੋਲ ਜਾ ਕੇ ਲਿਜ਼ੀ ਨੂੰ ਅਵਾਜ਼ ਮਾਰੀ।

"ਲਿਜ਼ੀ ਨੀਚੇ ਆਈਂ। ਪ੍ਰੀਟ ਤੈਨੂੰ ਮਿਲਣ ਆਈ ਆ। ਬਾਰਬਰਾ ਨੂੰ ਵੀ ਲੈ ਆਵੀਂ।" ਉਪਰੋਂ ਕੋਈ ਅਵਾਜ਼ ਨਾ ਆਈ। ਗਰੀਟਾ ਆਪ ਉਪਰ ਗਈ। ਕੁਝ ਮਿੰਟਾਂ ਬਾਅਦ ਉਹ ਨਿਰਾਸ਼ ਪ੍ਰੇਸ਼ਾਨ ਜਿਹੀ ਵਾਪਸ ਆ ਗਈ।

"ਸੌਰੀ ਪ੍ਰੀਟ ਉਹ ਤਾਂ ਅਜੇ ਸੁੱਤੀਆਂ ਪਈਆਂ।" ਗਰੀਟਾ ਦੀ ਅਵਾਜ਼ ਵਿਚਲੀ ਥਰਥਰਾਹਟ ਤੋਂ ਪ੍ਰੀਤ ਨੇ ਅੰਦਾਜ਼ਾ ਲਾ ਲਿਆ

ਕਿ ਦਾਲ ਵਿਚ ਜ਼ਰੂਰ ਕੁਝ ਕਾਲਾ ਸੀ।

"ਮੈਂ ਤਾਂ ਕੱਲ੍ਹ ਸਵੇਰੇ ਇੰਡੀਆ ਜਾ ਰਹੀ ਆਂ। ਲਿਜ਼ੀ ਨੂੰ ਮਿਲਣ ਦਾ ਮੇਰਾ ਬਹੁਤ ਮਨ ਸੀ। ਚਲੋ ਕਦੇ ਫਿਰ ਸਹੀ। ਆਹ ਕੁਝ ਛੋਟੇ ਛੋਟੇ ਤੋਹਫੇ ਆ ਤੁਹਾਡੇ ਲਈ। ਉਮੀਦ ਆ ਤੁਹਾਨੂੰ ਪਸੰਦ ਆਉਣਗੇ।" ਪ੍ਰੀਤ ਨੇ ਮੁਸਕਰਾਹਟ ਨਾਲ ਬੈਗ ਗਰੀਟਾ ਨੂੰ ਫੜਾ ਦਿੱਤਾ ਅਤੇ ਝੂਠੀ ਜਿਹੀ ਮੁਸਕਰਾਹਟ ਨਾਲ ਸਾਰਿਆਂ ਨੂੰ ਬਾਇ ਬਾਇ ਕਰਕੇ ਘਰੋਂ ਬਾਹਰ ਹੋ ਗਈ। ਉਹ ਸਾਰਾ ਦਿਨ ਸੋਚਦੀ ਰਹੀ ਆਖਰ ਅਜਿਹੇ ਵਤੀਰੇ ਦਾ ਕੀ ਕਾਰਨ ਹੋ ਸਕਦਾ ਸੀ! ਪ੍ਰੀਤ ਨੂੰ ਕੋਈ ਸਮਝ ਨਾ ਲੱਗੀ। ਪ੍ਰੀਤ ਦਾ ਇੰਡੀਆ ਜਾਣ ਦਾ ਚਾਅ ਥੋੜਾ ਜਿਹਾ ਸਿਲ੍ਹਾ ਹੋ ਗਿਆ ਸੀ।

ਡੈਨਿਸ ਅਤੇ ਗਰੀਟਾ ਨੇ ਜਦ ਪਹਿਲਾਂ ਪਹਿਲ ਪ੍ਰੀਤ ਬਾਰੇ ਮਾਰਟਨ ਦੇ ਪ੍ਰੀਵਾਰ ਨੂੰ ਦੱਸਿਆ ਤਾਂ ਉਹਨਾਂ ਨੇ ਖੁਸ਼ੀ ਜ਼ਾਹਰ ਕੀਤੀ ਸੀ। ਸਮੇਂ ਨਾਲ ਜਿਵੇਂ ਜਿਵੇਂ ਪ੍ਰੀਤ ਨਾਲ ਉਹਨਾਂ ਦਾ ਮੋਹ ਵਧਦਾ ਗਿਆ ਤਾਂ ਮਾਰਟਨ ਨੂੰ ਇਹ ਕੋਈ ਬਹੁਤੀ ਚੰਗੀ ਗੱਲ ਨਾ ਲੱਗੀ। ਉਸ ਨੇ ਨਿਰਉਤਸ਼ਾਹਤ ਜਿਹੀ ਗੱਲ ਕਰਨੀ ਅਤੇ ਕੋਈ ਖਾਸ ਹੁੰਗਾਰਾ ਨਾ ਦੇਣਾ। ਜਦ ਵੀ ਫੋਨ 'ਤੇ ਗੱਲ ਹੁੰਦੀ ਤਾਂ ਮਾਰਟਨ ਅਤੇ ਬਾਕੀ ਪ੍ਰੀਵਾਰ ਵੀ ਆਪਣੀਆਂ ਗੱਲਾਂ ਹੀ ਕਰਦੇ। ਉਹਨਾਂ ਨੇ ਕਦੇ ਪ੍ਰੀਤ ਦੀ ਕੋਈ ਗੱਲ ਨਾ ਹੀ ਕੀਤੀ ਅਤੇ ਨਾ ਕਿਸੇ ਗੱਲ ਦਾ ਜਵਾਬ ਦਿੱਤਾ। ਲੋੜ ਪੈਣ 'ਤੇ ਉਹ ਗੱਲ ਬਾਤ ਬਦਲ ਕੇ ਪ੍ਰੀਵਾਰ 'ਤੇ ਹੀ ਕੇਂਦਰਤ ਕਰ ਲੈਂਦੇ।

ਪ੍ਰੀਤ ਨਾਲ ਮਾਰਟਨ ਅਤੇ ਉਸ ਦੇ ਪ੍ਰੀਵਾਰ ਦੇ ਠੰਢੇ ਵਤੀਰੇ ਨੇ ਡੈਨਿਸ ਅਤੇ ਗਰੀਟਾ ਦੋਵਾਂ ਨੂੰ ਉਦਾਸ ਕਰ ਦਿੱਤਾ। ਉਹਨਾਂ ਨੂੰ ਸਮਝ ਨਾ ਆਈ ਕਿ ਉਹ ਲੋਕ ਪ੍ਰੀਤ ਨੂੰ ਕਿਉਂ ਪਸੰਦ ਨਹੀਂ ਕਰਦੇ! ਪ੍ਰੀਤ ਦੇ ਜਾਣ ਤੋਂ ਬਾਅਦ ਡੈਨਿਸ ਨੇ ਮਾਰਟਨ ਨਾਲ ਗੱਲ ਛੇੜੀ।

"ਤੂੰ ਕੁੜੀ ਨਾਲ ਖਾਸ ਖੁੱਲ੍ਹ ਕੇ ਗੱਲ ਕਿਉਂ ਨੀ ਕੀਤੀ!" ਡੈਨਿਸ ਨੇ ਮਾਰਟਨ ਨੂੰ ਘੋਖਵੀਂਆਂ ਨਜ਼ਰਾਂ ਨਾਲ ਵੇਖਦਿਆਂ ਪੁੱਛਿਆ।

"ਮੈਂ ਉਹਦੇ ਨਾਲ ਕੀ ਗੱਲ ਕਰਦਾ!" ਮਾਰਟਨ ਨੇ ਅੱਖਾਂ ਚੁਰਾਈਆਂ। ਡੈਨਿਸ ਨੇ ਗਰੀਟਾ ਵੱਲ ਵੇਖਿਆ।

"ਲਿਜ਼ੀ ਵੀ ਉਪਰ ਈ ਰਹੀ। ਮੇਰੇ ਕਹਿਣ 'ਤੇ ਵੀ ਹੇਠਾਂ ਨੀ ਆਈ। ਅਖੇ ਮੈਂ ਤਾਂ ਅਜੇ ਸੌਣਾ।" ਗਰੀਟਾ ਨੇ ਸ਼ਕਾਇਤੀ ਲਹਿਜੇ ਵਿਚ ਕਿਹਾ।

"ਤੁਸੀਂ ਪ੍ਰੀਟ ਨੂੰ ਲੈ ਕੇ ਐਨੇ ਭਾਵੁਕ ਕਿਉਂ ਐਂ। ਮੇਰੀ ਸਮਝ ਤੋਂ ਬਾਹਰ ਦੀ ਗੱਲ ਐ। ਨਾ ਉਹਦੇ ਨਾਲ ਕੋਈ ਰਿਸ਼ਤੇਦਾਰੀ ਨਾ ਕੋਈ ਜ਼ਾਤ ਗੋਤ ਸਾਂਝਾ।" ਮਾਰਟਨ ਨੂੰ ਚੁੱਪ ਰਹਿਣਾ ਅਸੰਭਵ ਲੱਗਾ। ਆਖ਼ਰ ਕੋਈ ਤਾਂ ਜਵਾਬ ਦੇਣਾ ਹੀ ਪੈਣਾ ਸੀ।

"ਜ਼ਾਤ ਗੋਤ ਦਾ ਇਹਦੇ ਨਾਲ ਕੀ ਸਬੰਧ ਐ!" ਡੈਨਿਸ ਮਾਰਟਨ ਦੇ ਜਵਾਬ 'ਤੇ ਹੈਰਾਨ ਸੀ।

"ਇਹਨਾਂ ਲੋਕਾਂ ਨੇ ਆ ਕੇ ਸਾਡਾ ਕਲਚਰ ਖ਼ਰਾਬ ਕੀਤਾ। ਸਾਡੇ ਕੰਮਾਂ ਤੇ ਕਬਜ਼ਾ ਕਰ ਬੈਠੇ। ਮੈਨੂੰ ਤਾਂ ਇਹਨਾਂ ਨਾਲ ਕੋਈ ਹੇਜ ਨੀ ਡੈਡ।" ਮਾਰਟਨ ਤੋਂ ਆਪਣੇ ਦਿਲ ਦੀ ਗੱਲ ਮੱਲੋ ਮੱਲੀ ਕਹੀ ਗਈ।

"ਮਾਰਟਨ ਮੈਨੂੰ ਅਫ਼ਸੋਸ ਐ ਤੇਰੀਆਂ ਗੱਲਾਂ 'ਚੋਂ ਨਸਲਵਾਦ ਦੀ ਬੋਅ ਆਉਂਦੀ ਐ। ਜੰਗਾਂ ਦੇ ਭੰਨੇ ਲੜਖੜਾਉਂਦੇ ਬ੍ਰਿਟੇਨ ਦੀਆਂ ਫੈਕਟਰੀਆਂ ਬੰਦ ਹੋਈਆਂ ਪਈਆਂ ਸੀ। ਲੋਕ ਰੋਟੀ ਰੋਜ਼ੀ ਤੋਂ ਮੁਹਤਾਜ ਹੋਏ ਬੈਠੇ ਸੀ। ਕੰਮ ਕਰਨ ਵਾਲੇ ਬੰਦੇ ਜੰਗਾਂ ਨੇ ਖਾ ਲਏ ਸਨ। ਇਹ ਤਾਂ ਸਰਕਾਰ ਦੀ ਮਜ਼ਬੂਰੀ ਸੀ ਕਿ ਏਸ਼ੀਆ ਤੋਂ ਲੋਕਾਂ ਨੂੰ ਮੰਗਵਾਉਣਾ ਪਿਆ। ਇਹਨਾਂ ਨੇ ਠੋਕ ਕੇ ਕੰਮ ਕੀਤਾ ਅਤੇ ਕਰੀ ਜਾਂਦੇ

ਐ। ਦੇਸ਼ ਨੂੰ ਕੁਝ ਦਿੱਤਾ ਈ ਆ ਲਿਆ ਤਾਂ ਨੀ।" ਡੈਨਿਸ ਨੇ ਖਾਸਾ ਲੈਕਚਰ ਝਾੜ ਦਿੱਤਾ।

"ਉਹ ਤਾਂ ਟਇਮ ਲੰਘ ਗਿਆ। ਹੁਣ ਤਾਂ ਇਹ ਪੈਸੇ ਦੇ ਲਾਲਚ ਕਰਕੇ ਈ ਬੈਠੇ ਆ। ਇਹੋ ਜਿਆ ਹਾਲ ਈ ਆਸਟਰੇਲੀਆ 'ਚ ਹੋਇਆ ਪਿਆ।"

"ਇਹ ਦੇਸ਼ ਜਿੰਨਾ ਤੇਰਾ ਐ ਓਨਾ ਈ ਇਹਨਾਂ ਦਾ ਐ। ਇਹਨਾਂ ਨੇ ਦੇਸ਼ ਨੂੰ ਖੜ੍ਹਾ ਕਰਨ 'ਚ ਵੱਡਾ ਯੋਗਦਾਨ ਪਾਇਆ। ਜੇ ਹੁਣ ਇਹਨਾਂ ਨੂੰ ਐਥੋਂ ਕੱਢ ਦਿੱਤਾ ਜਾਵੇ ਤਾਂ ਇਹ ਤਾਂ ਖ਼ੁਦਗਰਜ਼ੀ ਹੋਊ। ਵੈਸੇ ਵੀ ਮਾਰਟਨ ਇਹਨਾਂ ਬਿਨਾਂ ਦੇਸ਼ ਹੁਣ ਵੀ ਨੀ ਚੱਲਣਾ।"

"ਉਹ ਕਿਵੇਂ?" ਹੁਣ ਮਾਰਟਨ ਨੇ ਹੈਰਾਨੀ ਨਾਲ ਡੈਨਿਸ ਵੱਲ ਵੇਖਿਆ।

"ਜੇ ਇਹ ਚਲੇ ਗਏ ਤਾਂ ਸਰਕਾਰੀ ਭੱਤੇ ਲੈਂਦੇ ਸਾਡੇ ਲੋਕਾਂ ਨੂੰ ਭੱਤਿਆਂ ਲਈ ਟੈਕਸ ਕੌਣ ਭਰੂ।" ਡੈਨਿਸ ਹੱਸਿਆ ਅਤੇ ਨਾਲ ਹੀ ਮਾਰਟਨ ਦਾ ਹਾਸਾ ਵੀ ਝੂਠਾ ਜਿਹਾ ਨਿਕਲ ਗਿਆ।

"ਮਾਰਟਨ ਹੁਣ ਇਹ ਇਸ ਦੇਸ਼ ਦੇ ਵਸਨੀਕ ਐ। ਮਿਹਨਤ ਕਰਦੇ ਆ ਤੇ ਪੈਸੇ ਕਮਾਉਂਦੇ ਐ। ਇਹਦੇ 'ਚ ਕੋਈ ਗਲਤ ਗੱਲ ਨੀ। ਤੈਨੂੰ ਪਤੈ ਕਿ ਇੰਡੀਅਨ ਬੱਚੇ ਪੜ੍ਹਨ ਵਿਚ ਬਹੁਤ ਹੁਸ਼ਿਆਰ ਐ। ਚੰਗੇ ਕੰਮ ਕਰਦੇ ਐ। ਪ੍ਰੀਤ ਨੂੰ ਲੈ ਲਉ। ਅਜੇ ਕਾਲਜ ਛੱਡਿਆ ਐ ਤੇ ਆਪਣਾ ਬਿਜਨਸ ਖੋਲ੍ਹੀ ਬੈਠੀ ਐ। ਕੁਝ ਲੋਕਾਂ ਨੂੰ ਕੰਮ ਵੀ ਦਿੱਤਾ ਤੇ ਟੈਕਸ ਵੀ ਦਿੰਦੀ ਆ। ਜੇ ਉਹ ਚਾਰ ਪੈਸੇ ਕਮਾ ਲਵੇ ਤਾਂ ਦੱਸ ਕਿਸੇ ਦਾ ਢਿੱਡ ਕਿਉਂ ਦੁਖੇ।"

"ਹੋਰ ਪੈਸੇ ਕਮਾਵੇ ਜਾਂ ਨਾ ਉਹਦੀ ਥੋਡੇ ਘਰ 'ਤੇ ਜ਼ਰੂਰ ਨਜ਼ਰ ਐ।" ਮਾਰਟਨ ਨੇ ਡੈਨਿਸ ਵੱਲ ਜੇਤੂ ਅੰਦਾਜ਼ ਵਿਚ ਵੇਖਿਆ। ਉਸ ਨੂੰ ਲਗਦਾ ਸੀ ਡੈਨਿਸ ਕੋਲ ਉਸ ਦੀ ਗੱਲ ਨੂੰ ਝੁਠਲਾਉਣ ਲਈ ਕੋਈ ਦਲੀਲ ਨਹੀਂ ਹੋ ਸਕਦੀ।

"ਤਾਂ ਆਹ ਗੱਲ ਆ। ਪਰ ਤੂੰ ਇਹ ਗੱਲ ਕਿਵੇਂ ਕਹਿ ਸਕਦਾ ਐਂ!" ਡੈਨਿਸ ਅਤੇ ਗਰੀਟਾ ਨੂੰ ਧੱਕਾ ਜਿਹਾ ਲੱਗਾ। ਉਹਨਾਂ ਨੂੰ ਅਜਿਹੀ ਕਿਸੇ ਗੱਲ ਦੀ ਮਾਰਟਨ ਤੋਂ ਉਮੀਦ ਨਹੀਂ ਸੀ।

"ਹੋਰ ਦੱਸੋ ਉਹਨੇ ਥੋਡੇ ਕੋਲੋਂ ਕੀ ਲੈਣਾ? ਮਿੱਠੀ ਪਿਆਰੀ ਹੋ ਕੇ ਘਰ ਆਪਦੇ ਨਾਂ ਕਰਾ ਲਊ ਤੇ ਬੱਸ।" ਮਾਰਟਨ ਡੈਨਿਸ ਨਾਲ ਨਜ਼ਰਾਂ ਮਿਲਾਉਣ ਦੀ ਥਾਂ ਬਾਹਰ ਖਿੜਕੀ ਵਿਚੋਂ ਦੀ ਬਾਹਰ ਨੂੰ ਵੇਖ ਰਿਹਾ ਸੀ।

"ਆਹ ਕਹਿ ਕੇ ਤਾਂ ਤੂੰ ਮੇਰਾ ਬਹੁਤ ਦਿਲ ਦੁਖਾਇਆ ਐ। ਡਾਰਲਿੰਗ ਕਿਥੇ ਐ ਉਹ ਪੇਪਰ!" ਡੈਨਿਸ ਨੇ ਬੇਅਰਾਮੀ ਨਾਲ ਗਰੀਟਾ ਵੱਲ ਵੇਖਿਆ।

"ਡੈਡ ਮੈਂ ਕੌਫੀ ਬਣਾਉਣ ਲੱਗਿਆਂ ਸਾਰਿਆਂ ਲਈ।" ਗਰੀਟਾ 'ਤੇ ਮਾਰਟਨ ਇਕੱਠੇ ਜਿਹੇ ਹੀ ਕੁਰਸੀ ਤੋਂ ਉੱਠੇ। ਬਾਰਬਰਾ ਤੇ ਲਿਜ਼ੀ ਤਿਆਰ ਹੋ ਕੇ ਹੇਠਾਂ ਆ ਰਹੀਆਂ ਸਨ। ਗਰੀਟਾ ਨੇ ਪੌੜੀਆਂ ਚੜ੍ਹਨ ਲਈ ਪਹਿਲਾਂ ਉਹਨਾਂ ਦੇ ਉਤਰਨ ਦੀ ਉਡੀਕ ਕੀਤੀ। ਮਾਰਟਨ ਕਿਚਨ ਵਿਚ ਚਲਾ ਗਿਆ। ਲਿਜ਼ੀ ਅਤੇ ਬਾਰਬਰਾ ਡੈਨਿਸ ਦੀ ਗੱਲ੍ਹ 'ਤੇ ਚੁੰਮਣ ਦੇ ਕੇ ਬੈਠ ਗਈਆਂ। ਮਾਰਟਨ ਦੇ ਭਾਂਡੇ ਕਿਚਨ ਵਿਚ ਖੜਕਦੇ ਸੁਣ ਰਹੇ ਸਨ। ਪਲਾਂ ਵਿਚ ਗਰੀਟਾ ਲਫਾਫਾ ਲੈ ਕੇ ਆ ਗਈ।

"ਆਹ ਦੇਖ ਮਾਰਟਨ ਆ ਕੇ । ਤੇਰਾ ਵੀ ਭਰਮ ਭਲੇਖਾ ਦੂਰ ਹੋ ਜਾਵੇ।" ਡੈਨਿਸ ਨੇ ਪੇਪਰ ਕੱਢ ਕੇ ਮੇਜ਼ 'ਤੇ ਰੱਖ ਦਿੱਤਾ।

ਬਾਰਬਰਾ ਨੇ ਸਭ ਤੋਂ ਪਹਿਲਾਂ ਪੇਪਰ ਚੁੱਕਿਆ ਅਤੇ ਪੜ੍ਹ ਕੇ ਫਿਰ ਟੇਬਲ 'ਤੇ ਰੱਖ ਦਿੱਤਾ। ਐਨੇ ਚਿਰ ਵਿਚ ਮਾਰਟਨ ਕੱਪਾਂ ਵਿਚ ਕੌਫੀ ਲੈ ਕੇ ਆ ਗਿਆ। ਡੈਨਿਸ ਨੇ ਪੇਪਰ ਉਸ ਦੇ ਅੱਗੇ ਕਰ ਦਿੱਤਾ। ਮਾਰਟਨ ਨੇ ਪੜ੍ਹ ਕੇ ਬਿਨਾਂ ਕੁਝ ਕਹਿਣ ਦੇ ਅਹਿਸਾਸ ਰਹਿਤ ਮੇਜ਼ 'ਤੇ ਰੱਖ ਦਿੱਤਾ। ਸਾਰੇ ਕੌਫੀ ਦੀਆਂ ਨਿੱਕੀਆਂ ਨਿੱਕੀਆਂ ਘੁੱਟਾਂ ਭਰਦੇ ਰਹੇ। ਅਣਚਾਹੀ ਭਾਰੀ ਚੁੱਪ ਉਹਨਾਂ ਵਿਚ ਖੇਤ ਦੀ ਵਾੜ ਵਾਂਗ ਖੜ੍ਹੀ ਸੀ। ਉਸ ਚੁੱਪ ਨੂੰ ਗਰੀਟਾ ਨੇ ਤੋੜਿਆ।

"ਪ੍ਰੀਤ ਨੂੰ ਅਸੀਂ ਸ਼ਰਲੀ ਦੀ ਸਾਰੀ ਕਹਾਣੀ ਸੁਣਾ ਦਿੱਤੀ ਸੀ। ਜਿਸ ਦਿਨ ਉਸ ਨੇ ਬੁਟੀਕ ਖੋਲ੍ਹੀ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਅਸੀਂ ਬੁਟੀਕ ਦਾ ਨਾਂ ਸ਼ਰਲੀ ਦੇ ਨਾਂ 'ਤੇ ਰੱਖਿਆ ਦੇਖਿਆ। ਅਸੀਂ ਭਾਵੁਕ ਹੋਏ ਬਿਨਾਂ ਨਾ ਰਹਿ ਸਕੇ। ਸ਼ਰਲੀ ਦੇ ਸੁਪਨੇ ਨੂੰ ਪ੍ਰੀਤ ਨੇ ਪੂਰਾ ਕੀਤਾ।" ਗਰੀਟਾ ਫਿਰ ਅੱਖਾਂ ਭਰ ਆਈ। ਸ਼ਾਇਦ ਸ਼ਰਲੀ ਦੀ ਮੁਸਕਰਾਹਟ ਦੀ ਨਿੱਘੀ ਯਾਦ ਉਸ ਨੂੰ ਫਿਰ ਤੋਂ ਉਦਾਸ ਕਰ ਗਈ ਸੀ।

"ਇਹ ਤੁਸੀਂ ਪਹਿਲਾਂ ਤਾਂ ਕਦੇ ਨੀ ਗੱਲ ਕੀਤੀ।" ਬਾਰਬਰਾ ਨੇ ਯੋਗਦਾਨ ਪਾਉਣਾ ਜ਼ਰੂਰੀ ਸਮਝਿਆ।

"ਤੁਸੀਂ ਕਦੇ ਚੱਜ ਨਾਲ ਹੁੰਗਾਰਾ ਈ ਨਹੀਂ ਦਿੱਤਾ ਸੀ।" ਖਾਲੀ ਕੱਪ ਟੇਬਲ 'ਤੇ ਰੱਖਦਿਆਂ ਡੈਨਿਸ ਨੇ ਜਵਾਬ ਦਿੱਤਾ।

"ਚਲੋ ਛੱਡੋ ਇਹ ਗੱਲ। ਬਹੁਤ ਹੋ ਗਿਆ ਹੁਣ ਕੋਈ ਹੋਰ ਗੱਲ ਕਰੋ।" ਮਾਰਟਨ ਨੇ ਮੋਢੇ ਛੰਡੇ ਅਤੇ ਗੱਲ ਬਦਲਣ ਲਈ ਕੋਈ ਹੋਰ ਗੱਲ ਸ਼ੁਰੂ ਕਰਨ ਬਾਰੇ ਸੋਚਣ ਲੱਗਾ। ਪਰ ਉਸ ਨੂੰ ਕੋਈ ਗੱਲ ਅਹੁੜ ਨਹੀਂ ਰਹੀ ਸੀ।

"ਜ਼ਿੰਦਗੀਆਂ ਤਾਂ ਸਾਰੇ ਈ ਜਿਉਂਦੇ ਐ। ਪਰ ਬਹੁਤੇ ਹੁਸੀਨ ਪਲ ਆਪਣੀਆਂ ਜਿਦਾਂ, ਈਰਖਾ,ਮੈਂ ਅਤੇ ਈਗੋ ਦੀ ਭੇਂਟ ਚਾੜ੍ਹ ਦਿੰਦੇ ਐ। ਫਿਰ ਜ਼ਮਾਨੇ ਨੂੰ ਦੋਸ਼ੀ ਠਹਿਰਾਉਂਦੇ ਐ। ਮਨੁਖ ਸਾਰੀ ਉਮਰ ਈ ਜਿਉਣਾ ਨੀ ਸਿਖਦਾ ਸਗੋਂ ਆਪਣੇ ਖੋਲ ਵਿਚ ਫਸਿਆ ਰਹਿੰਦਾ ਐ।" ਡੈਨਿਸ ਨੇ ਇਹ ਸ਼ਬਦ ਪਤਾ ਨਹੀਂ ਆਪਣੇ ਆਪ ਨੂੰ ਕਹੇ ਜਾਂ ਸਾਰਿਆਂ ਨੂੰ ਪਰ ਸੁਣੇ ਸਾਰਿਆਂ ਨੇ। ਗਰੀਟਾ ਨੇ ਪ੍ਰੀਤ ਦੇ ਤੋਹਫਿਆਂ ਵਾਲਾ ਬੈਗ ਲਿਜ਼ੀ ਨੂੰ ਫੜਾ ਦਿੱਤਾ।

"ਗਰੈਂਡ ਮਾਂ ਇਹ ਮੇਰੇ ਵਾਸਤੇ ਡਰੈਸ ਆ । ਐਨਾ ਸੁਹਣਾ ਮੈਂ ਤਾਂ ਸੁਪਨਾ ਵੀ ਨਹੀਂ ਲੈ ਸਕਦੀ ਸੀ। ਤੁਹਾਡੀ ਚੋਣ ਬਹੁਤ ਵਧੀਆ ਐ।" ਭਾਵੁਕ ਹੋਈ ਲਿਜ਼ੀ ਨੇ ਗਰੀਟਾ ਨੂੰ ਕੋਸਾ ਚੁੰਮਣ ਦਿੱਤਾ ਅਤੇ ਬਾਕੀ ਦੀਆਂ ਚੀਜ਼ਾਂ ਵੀ ਬੈਗ ਵਿਚੋਂ ਬਾਹਰ ਕੱਢਣ ਲੱਗੀ। ਸਾਰਾ ਕੁਝ ਹੀ ਸੁਹਣਾ ਸੀ ਅਤੇ ਹੈਰਾਨੀ ਨਾਲ ਲਿਜ਼ੀ ਦੇ ਨਾਲ ਨਾਲ ਬਾਰਬਰਾ ਦੀਆਂ ਅੱਖਾਂ ਵੀ ਚੌੜੀਆਂ ਹੋ ਗਈਆਂ। ਮਾਰਟਨ ਉਲਝਿਆ ਜਿਹਾ ਬੈਠਾ ਰਿਹਾ।

"ਇਹ ਤੁਹਾਨੂੰ ਸਾਰਿਆਂ ਨੂੰ ਪ੍ਰੀਟ ਵੱਲੋਂ ਤੋਹਫੇ ਐ।" ਜਦੋਂ ਲਿਜ਼ੀ 'ਤੇ ਬਾਰਬਰਾ ਥੋੜਾ ਜਿਹਾ ਸ਼ਾਂਤ ਹੋਈਆਂ ਤਾਂ ਗਰੀਟਾ ਨੇ ਨਰਮੀ ਨਾਲ ਭਾਵਪੂਰਕ ਸ਼ਬਦਾਂ ਵਿਚ ਕਿਹਾ। ਲਿਜ਼ੀ ਅਤੇ ਬਾਰਬਰਾ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਕਹਿਣ ਜਾਂ ਕੀ ਕਰਨ!

"ਚਲੋ ਬਾਹਰ ਈ ਘੁੰਮ ਆਈਏ।" ਮਾਰਟਨ ਨੇ ਉੱਠਦਿਆਂ ਆਪਣੀ ਰਾਇ ਪੇਸ਼ ਕੀਤੀ। ਉਸ ਨੇ ਲਿਜ਼ੀ ਅਤੇ ਬਾਰਬਰਾ ਲਈ ਹਾਲਾਤ ਨੂੰ ਸਾਂਵਾਂ ਬਨਾਉਣ ਦਾ ਰਾਹ ਕੱਢਿਆ।

ਡੈਨਿਸ ਅਤੇ ਗਰੀਟਾ ਨੇ ਵੀ ਬਹੁਤ ਕੁਝ ਹੋਰ ਕਹਿਣਾ ਠੀਕ ਨਾ ਸਮਝਿਆ। ਉਹ ਸਮਝਦੇ ਸਨ ਕਿ ਧੱਕੇ ਨਾਲ ਬਣਾਏ ਰਿਸ਼ਤੇ

ਜਾਂ ਮਜਬੂਰੀ ਦਾ ਵਰਤ ਵਰਤਾਵਾ ਬਹੁਤੀ ਦੇਰ ਹੰਢਦਾ ਨਹੀਂ ਹੁੰਦਾ।

## ਤੇਤੀਵਾਂ

ਸਤਿਵੀਰ ਅਤੇ ਪ੍ਰੀਤ ਇੰਡੀਆ ਚਲੇ ਗਏ। ਪ੍ਰੀਤ ਨੂੰ ਬਹੁਤ ਹੀ ਫਿਕਰ ਲੱਗਾ ਰਿਹਾ ਜਦ ਤੱਕ ਸਤਿਵੀਰ ਨੇ ਹੀਥਰੋ ਦਾ ਅਤੇ ਫਿਰ ਦਿੱਲੀ ਦਾ ਕਸਟਮ ਕਲੀਅਰ ਨਾ ਕਰ ਲਿਆ। ਉਸ ਦਾ ਦਿਲ ਧੜਕਦਾ ਰਿਹਾ ਕਿਤੇ ਸਤਿਵੀਰ ਨੇ ਕੋਈ ਡਰੱਗ ਆਪਣੇ ਕੋਲ ਲੁਕਾਇਆ ਨਾ ਹੋਵੇ ਅਤੇ ਜੇ ਉਹ ਫਸ ਗਿਆ ਤਾਂ ਇਲਜ਼ਾਮ ਪ੍ਰੀਤ ‘ਤੇ ਵੀ ਲੱਗ ਸਕਦਾ ਸੀ। ਇੰਡੀਆ ਦੀ ਪੁਲੀਸ ਤਾਂ ਨਿਰਦੋਸ਼ੀਆਂ ਨੂੰ ਦੋਸ਼ੀ ਅਤੇ ਦੋਸ਼ੀਆਂ ਨੂੰ ਨਿਰਦੋਸ਼ ਸਾਬਤ ਕਰਨ ਵਿਚ ਮਾਹਰ ਸੀ। ਪ੍ਰੀਤ ਨੇ ਕਈ ਵਾਰ ਮੀਕੇ ਅਤੇ ਹੋਰ ਪ੍ਰੀਵਾਰਕ ਦੋਸਤਾਂ ਦੇ ਮੂੰਹੋਂ ਹੱਕੇ ਬੱਕੇ ਕਰਨ ਵਾਲੀਆਂ ਕਹਾਣੀਆਂ ਇੰਡੀਆ ਦੀ ਪੁਲੀਸ ਅਤੇ ਜਸਟਸ ਸਿਸਟਮ ਦੇ ਸਬੰਧ ਵਿਚ ਸੁਣੀਆਂ ਸਨ। ਅਜਿਹੀਆਂ ਗੱਲਾਂ ‘ਤੇ ਇੰਗਲੈਂਡ ਵਿਚ ਪਲੀ ਅਤੇ ਪਰਵਾਨ ਚੜ੍ਹੀ ਪ੍ਰੀਤ ਵਰਗੀ ਕੁੜੀ ਨੂੰ ਯਕੀਨ ਕਰਨਾ ਔਖਾ ਲਗਦਾ ਸੀ। ਉਸ ਨੇ ਮਨ ਹੀ ਮਨ ਸ਼ੁਕਰ ਕੀਤਾ ਜਦ ਉਹ ਦਿਲੀ ਏਅਰਪੋਰਟ ਤੋਂ ਬਾਹਰ ਆ ਗਏ। ਅੱਗੇ ਮੋਹਨਾ ਅਤੇ ਰਮੇਸ਼ ਉਹਨਾਂ ਦੀ ਉਡੀਕ ਕਰ ਰਹੇ ਸਨ।

ਰਾਹ ਦਾ ਸਫ਼ਰ ਉਹਨਾਂ ਨੇ ਸੁੱਤ ਉਨੀਂਦੇ ਵਿਚ ਤਹਿ ਕੀਤਾ। ਘਰ ਤੱਕ ਪਹੁੰਚਦੇ ਉਹ ਅਸਲੋਂ ਥੱਕ ਗਏ ਸਨ। ਦਾਦੇ ਦਾਦੀ ਨੂੰ ਮਿਲ ਕੇ ਪ੍ਰੀਤ ਦਾ ਸਾਰਾ ਥਕੇਵਾਂ ਲਹਿ ਗਿਆ। ਉਹਨਾਂ ਨੂੰ ਪ੍ਰੀਤ ਨੇ ਤਿੰਨ ਸਾਲ ਬਾਅਦ ਵੇਖਿਆ ਸੀ। ਉਸ ਨੂੰ ਉਹ ਦੋਵੇਂ ਹੀ ਪਹਿਲਾਂ ਨਾਲੋਂ ਕਮਜ਼ੋਰ ਅਤੇ ਬੁਢੇ ਲੱਗੇ। ਉਸ ਦੇ ਮਨ ਵਿਚ ਉਹਨਾਂ ਨੂੰ ਵੇਖ ਕੇ ਲੁਕਵੀਂ ਉਦਾਸੀ ਦਾ ਪ੍ਰਛਾਵਾਂ ਲੰਘਿਆ। ਆਪਣੀ ਮੁਸਕਰਾਹਟ ਵਿਚ ਰੰਗ ਭਰਨ ਲਈ ਅਤੇ ਉਸ ਨੂੰ ਹੋਰ ਕੁਦਰਤੀ ਅਤੇ ਪ੍ਰਭਾਵਸ਼ਾਲੀ ਬਨਾਉਣ ਲਈ ਉਸ ਨੇ ਦਾਦੀ ਨੂੰ ਇਕ ਵਾਰ ਹੋਰ ਘੁੱਟ ਕੇ ਜੱਫੀ ਪਾਈ। ਵਰ੍ਹਿਆਂ ਦਾ ਗੁਆਚਿਆ ਚੈਨ ਜਿਵੇਂ ਦੋਵਾਂ ਨੇ ਮੁਠੀ ਵਿਚ ਬੰਦ ਕਰ ਲਿਆ ਹੋਵੇ। ਦਾਦੀ ਅਤੇ ਦਾਦਾ ਸਤਿਵੀਰ ਦੀ ਪਿੱਠ ਨੂੰ ਪਲੋਸਦੇ ਰਹੇ। ਉਹਨਾਂ ਦੇ ਨਰਮ ਕੂਲੇ ਅਤੇ ਕੰਬਦੇ ਹੱਥਾਂ ਰਾਹੀਂ ਉਹਨਾਂ ਦੀਆਂ ਕੂਲੀਆਂ ਅਤੇ ਦਿਲੀ ਭਾਵਨਾਵਾਂ ਸਤਿਵੀਰ ਦੇ ਦਿਲ ਵਿਚ ਉਤਰਦੀਆਂ ਰਹੀਆਂ। ਉਸ ਨੂੰ ਕਿੰਨੀ ਵਾਰ ਮੀਕੇ ਅਤੇ ਸੀਤੋ ਨੇ ਪਿਆਰ ਕੀਤਾ ਸੀ ਅਤੇ ਉਸ ਨੂੰ ਹਮੇਸ਼ਾਂ ਢੇਰ ਸਾਰੀ ਖੁਸ਼ੀ ਦਾ ਅਹਿਸਾਸ ਹੁੰਦਾ। ਪਰ ਅੱਜ ਵਰਗਾ ਅਜ਼ੀਬ ਅਤੇ ਕੂਲਾ ਜਿਹਾ ਅਹਿਸਾਸ ਜਿਹੜਾ ਉਸ ਦੇ ਧੁਰ ਅੰਦਰ ਤੱਕ ਲਹਿ ਗਿਆ, ਉਸ ਨੂੰ ਪਹਿਲਾਂ ਕਦੇ ਵੀ ਨਹੀਂ ਹੋਇਆ ਸੀ। ਜਾਂ ਸ਼ਾਇਦ ਉਸ ਦੇ ਚੇਤਿਆਂ ਵਿਚ ਕਿਧਰੇ ਸਮਾਇਆ ਹੋਇਆ ਨਹੀਂ ਸੀ। ਕੁਝ ਪਲਾਂ ਲਈ ਉਸ ਨੂੰ ਨਸ਼ੇ ਦੀ ਤੋਟ ਭੁੱਲ ਗਈ।

ਨਸ਼ੇ ਦਾ ਪ੍ਰਬੰਧ ਉਸ ਨੇ ਕੀਤਾ ਹੋਇਆ ਸੀ। ਅੱਠ ਨੌਂ ਲੋੜ ਗੋਚਰੀਆਂ ਪੁੜੀਆਂ ਬਣਾ ਕੇ ਉਸ ਨੇ ਆਪਣੇ ਬੂਟਾਂ ਦੇ ਪਤਾਵਿਆਂ ਹੇਠ ਅਤੇ ਪੈਂਟ ਦੇ ਨੇਫੇ ਵਿਚ ਲੁਕਾ ਲਈਆਂ ਸਨ। ਉਹਨਾਂ ਦਿਨਾਂ ਵਿਚ ਜੁੱਤੀ ਅਤੇ ਬੈਲਟ ਉਤਰਵਾ ਕੇ ਐਕਸਰੇ ਮਸ਼ੀਨ ਵਿਚ ਦੀ ਲੰਘਾਏ ਨਹੀਂ ਜਾਂਦੇ ਸਨ। ਇਕ ਅੰਗਰੇਜ਼ੀ ਦੀ ਮੋਟੀ ਜਿਹੀ ਕਿਤਾਬ ਵਿਚ ਵੀ ਉਸ ਨੇ ਪੁੜੀਆਂ ਲੁਕਾ ਲਈਆਂ। ਦਸ ਕੁ ਦਿਨ ਦਾ ਰਾਸ਼ਨ ਉਸ ਕੋਲ ਕਾਫ਼ੀ ਸੀ। ਕੁਝ ਉਸ ਨੇ ਸੰਜਮ ਨਾਲ ਵਰਤਣ ਦਾ ਮਨ ਬਣਾਇਆ ਹੋਇਆ ਸੀ। ਦੂਸਰਾ ਉਹਦੀ ਉਮਰ ਛੋਟੀ ਹੋਣ ਕਰਕੇ ਅਤੇ ਭੈਣ ਦਾ ਸਾਥ ਹੋਣ ਕਰਕੇ ਵੀ ਉਹਨਾਂ ਵੱਲ ਬਹੁਤਾ ਧਿਆਨ ਨਾ ਦਿੱਤਾ ਗਿਆ ਹੋਵੇ। ਉਸ ਨੇ ਇਕ ਖੁਰਾਕ ਤਾਂ ਦਿਲੀ ਉਤਰਨ ਤੋਂ ਪਹਿਲਾਂ ਜ਼ਹਾਜ਼ ਵਿਚ ਹੀ ਲੈ ਲਈ ਸੀ। ਦਿੱਲੀ ਤੋਂ ਪਿੰਡ ਤੱਕ ਦਾ ਸਫ਼ਰ ਉਸਦਾ ਸੌਖਾ ਲੰਘ ਗਿਆ। ਹੁਣ ਤੋਟ ਮਹਿਸੂਸ ਹੋ ਰਹੀ ਸੀ ਅਤੇ ਉਹ ਸੋਚ ਰਿਹਾ ਸੀ ਕਿਥੇ ਅਤੇ ਕਦੋਂ ਉਹ ਆਪਣੀ ਖੁਰਾਕ ਲੁਕਵੇਂ ਢੰਗ ਅਤੇ ਥਾਂ ‘ਤੇ ਲੈ ਸਕੇ! ਬਾਥ ਰੂਮ ਹੀ ਸਭ ਤੋਂ ਚੰਗੀ ਥਾਂ ਸੀ ਅਤੇ ਉਹ ਬੱਸ ਇਸ ਮੋਹ ਲੈਣ ਵਾਲੇ ਪਲਾਂ ਤੋਂ ਅਜ਼ਾਦ ਹੋ ਕੇ ਬਾਥ ਰੂਮ ਜਾਣਾ ਚਾਹੁੰਦਾ ਸੀ। ਇਹ ਮੋਹ ਦਾ ਨਰਮ

ਜਿਹਾ ਤੰਦ ਉਸ ਤੋਂ ਟੁੱਟ ਨਹੀਂ ਰਿਹਾ ਸੀ ਅਤੇ ਉਸ ਨੂੰ ਮਹਿਸੂਸ ਹੋਇਆ ਕਿ ਉਹ ਤੋੜਨਾ ਵੀ ਨਹੀਂ ਚਾਹੁੰਦਾ ਸੀ। ਪਰ ਕਦੋਂ ਤੱਕ!

ਪ੍ਰੀਤ ਨੇ ਬਹੁਤ ਪਿਆਰ ਨਾਲ ਸਤਿਵੀਰ ਨੂੰ ਸਮਝਾਉਣ ਦਾ ਯਤਨ ਸ਼ੁਰੂ ਕੀਤਾ। ਪ੍ਰੀਤ ਨੂੰ ਹੈਰਾਨੀ ਸੀ ਸਤਿਵੀਰ ਨੇ ਦੋ ਦਿਨ ਬਿਨਾਂ ਨਸ਼ੇ ਤੋਂ ਕਿਵੇਂ ਕੱਟ ਲਏ ਸਨ। ਉਸ ਤੋਂ ਵੀ ਵੱਡੀ ਹੈਰਾਨੀ ਦੀ ਗੱਲ ਇਹ ਉਸ ਦਾ ਵਰਤਾਅ ਤਕਰੀਬਨ ਸਧਾਰਨ ਸੀ। ਕਦੇ ਉਹ ਸੋਚਦੀ ਇਸ ਨੇ ਜ਼ਰੂਰ ਨਸ਼ਾ ਵਰਤਿਆ ਸੀ। ਫਿਰ ਉਹ ਸੋਚਦੀ ਨਸ਼ਾ ਇਸ ਨੇ ਕਿਥੋਂ ਲਿਆ ਹੋ ਸਕਦਾ ਐ! ਉਹ ਤਾਂ ਸਤਿਵੀਰ ਨੂੰ ਪਲ ਵੀ ਅੱਖਾਂ ਤੋਂ ਓਝਲ ਨਹੀਂ ਹੋਣ ਦਿੰਦੀ ਸੀ। ਪਿੰਡ ਵਿਚ ਉਹ ਕਿਸੇ ਨੂੰ ਜਾਣਦਾ ਨਹੀਂ ਸੀ ਨਾ ਹੀ ਅਜੇ ਤੱਕ ਉਹ ਪਿੰਡ ਵਿਚ ਗਿਆ ਸੀ। ਕੁਝ ਚੰਗਾ ਵਾਪਰਨ ਦੀ ਉਮੀਦ ਵਿਚ ਉਹ ਆਪਣੀ ਸੋਚ 'ਤੇ ਯਕੀਨ ਕਰਨ ਦਾ ਭਰਮ ਪਾਲਦੀ ਕਿ ਸਤਿਵੀਰ ਨੇ ਆਪਣੇ ਮਨ ਨੂੰ ਸਮਝਾ ਲਿਆ ਸੀ ਅਤੇ ਨਸ਼ੇ ਛੱਡਣ ਵੱਲ ਉਹ ਦਿਲੋਂ ਕੋਸ਼ਿਸ਼ ਕਰ ਰਿਹਾ ਸੀ।

"ਸਤਿਵੀਰ ਸੋਚ ਜ਼ਰਾ ਇਕ ਨਸ਼ਈ ਪੁੱਤਰ ਨਾਲ ਜਾਂ ਭਰਾ ਨਾਲ ਰਹਿਣਾ ਕਿੰਨਾ ਮੁਸ਼ਕਲ ਹੁੰਦਾ! ਤੂੰ ਮੰਮ ਡੈਡ ਬਾਰੇ ਸੋਚ। ਉਹ ਤਾਂ ਵਿਚਾਰੇ ਜਿਉਂਦੇ ਘੱਟ ਤੇ ਮਰਦੇ ਵੱਧ ਨੇ। ਜਦ ਵੀ ਉਹ ਤੇਰੇ ਬਾਰੇ ਜਾਂ ਤੇਰੇ ਭਵਿੱਖ ਬਾਰੇ ਸੋਚਦੇ ਐ ਤਾਂ ਉਹ ਮਰਨ ਤੋਂ ਘੱਟ ਨੀ ਹੁੰਦੇ। ਯਕੀਨ ਕਰ ਉਹ ਬਹੁਤਾ ਨਹੀਂ ਸਗੋਂ ਸਾਰਾ ਸਮਾਂ ਈ ਤੇਰੇ ਬਾਰੇ ਸੋਚਦੇ ਰਹਿੰਦੇ ਐ। ਤੂੰ ਮੇਰਾ ਵੀਰ ਕੋਸ਼ਿਸ਼ ਤਾਂ ਕਰ। ਆਪਾਂ ਨੂੰ ਜਨਮ ਦੇਣ ਵਾਲਿਆਂ ਦੀ ਖਾਤਰ ਈ ਸਹੀ। ਹੁਣ ਦੋ ਦਿਨਾਂ ਤੋਂ ਤੂੰ ਨਸ਼ਾ ਨੀ ਵਰਤਿਆ ਹੁਣ ਵੀ ਤਾਂ ਔਖਾ ਸੌਖਾ ਸਰਦਾ ਈ ਆ ਤੇਰਾ।" ਪ੍ਰੀਤ ਦੇ ਬੋਲਾਂ ਦੀ ਕੰਬਣੀ ਤੋਂ ਸਪੱਸ਼ਟ ਸੀ ਉਹ ਆਪਣੇ ਭਰੇ ਮਨ ਨੂੰ ਬਹੁਤ ਔਖ ਨਾਲ ਜ਼ਬਤ ਵਿਚ ਰੱਖਣ ਦੀ ਕੋਸਿਸ਼ ਕਰਦੀ ਸੀ।

"ਆਈ ਐਮ ਸੌਰੀ ਭੈਣਜ਼।" ਆਪਣੇ ਆਪ ਨੂੰ ਲੁਕਾ ਸਕਣ ਦੇ ਹੁਨਰ 'ਤੇ ਸਤਿਵੀਰ ਨੂੰ ਮਾਣ ਮਹਿਸੂਸ ਹੁੰਦਾ ਅਤੇ ਉਸ ਦਾ ਦਿਲ ਹੱਸਦਾ। ਦੂਜੇ ਪਲ ਉਸ ਦੀਆਂ ਅੱਖਾਂ ਵਿਚ ਮੀਕੇ ਦਾ ਦਿਨਾਂ ਵਿਚ ਹੀ ਬੁੱਢੇ ਹੋਣਾ ਅਤੇ ਸੀਤੋ ਦੇ ਚਿਹਰੇ ਦੀਆਂ ਝੁਰੜੀਆਂ ਦਾ ਸੀਨ ਤੈਰਨ ਲਗਦਾ। ਉਹ ਆਪਣੇ ਆਪ ਨੂੰ ਉਹਨਾਂ ਦਾ ਗੁਨਾਹਗਾਰ ਸਮਝਦਾ। ਉਸ ਦਾ ਮਨ ਕਰਦਾ ਉਹ ਨਸ਼ਾ ਛੱਡਣ ਦੀ ਮਨੋ ਕੋਸ਼ਿਸ਼ ਕਰੇ। ਜਦ ਨਸ਼ਾ ਟੁੱਟਦਾ ਤਾਂ ਉਸ ਨੂੰ ਆਪਣੇ ਆਪ ਨਾਲ ਕੀਤੇ ਸਾਰੇ ਵਇਦੇ ਭੁੱਲ ਜਾਂਦੇ। ਉਸ ਦਾ ਸਵੈ ਵਿਸ਼ਵਾਸ਼ ਡੋਲ ਜਾਂਦਾ। ਉਸ ਦੀ ਇੱਛਾ ਸ਼ਕਤੀ ਖੁਰਨ ਲਗਦੀ। ਨਸ਼ੇ ਤੋਂ ਬਿਨਾਂ ਉਸ ਨੂੰ ਕੁਝ ਵੀ ਨਾ ਦਿਸਦਾ। ਸੀਤੋ ਦਾ ਝੁਰੜੀਆਂ ਭਰਿਆ ਮੂੰਹ ਉਸ ਦੇ ਜ਼ਿਹਨ ਵਿਚੋਂ ਗੁਆਚ ਜਾਂਦਾ। ਮੀਕੇ ਦੀ ਨੀਵੀਂ ਕੀਤੀ ਹਿੱਕ ਨਾਲ ਲੱਗੀ ਧੌਣ ਅਤੇ ਉੱਤਰਿਆ ਮੂੰਹ ਉਸ ਲਈ ਤਰਸ ਦਾ ਪਾਤਰ ਨਾ ਰਹਿੰਦਾ। ਨਸ਼ਾ ਉਸ ਨੂੰ ਜਿਵੇਂ ਸਾਰੇ ਗਮਾਂ ਅਤੇ ਸੋਚਾਂ ਤੋਂ ਸੁਰਖਰੂ ਕਰਨ ਦਾ ਇਕੋ ਇਕ ਸਾਧਨ ਦਿੱਸਦਾ। ਉਹ ਫਿਰ ਨਸ਼ੇ ਵੱਲ ਭੱਜਦਾ ਅਤੇ ਆਪਣੀ ਭਲ ਪੂਰੀ ਕਰ ਲੈਂਦਾ।

ਪ੍ਰੀਤ ਲਈ ਸਮਾਂ ਖੁਸ਼ੀ ਨਾਲ ਬਿਤਾਉਣ ਦੇ ਬਹੁਤ ਸਾਧਨ ਸਨ। ਨਿੱਘੀ ਸਿਆਲੂ ਧੁੱਪ ਵਿਚ ਸੂਤ ਦੀਆਂ ਰੱਸੀਆਂ ਨਾਲ ਬੁਣੇ ਮੰਜੇ 'ਤੇ ਪੈਣਾ,ਦਾਦੀ ਦੀ ਬੁੱਕਲ ਵਿਚ ਸਿਰ ਰੱਖਣਾ, ਦਾਦੇ ਦੇ ਮੋਢੇ 'ਤੇ ਸਿਰ ਰੱਖ ਕੇ ਉਸ ਦੇ ਝੁਰੜੀਆਂ ਭਰੇ ਹੱਥ ਨੂੰ ਪਿਆਰ ਨਾਲ ਪਲੋਸਦੇ ਰਹਿਣਾ,ਕੱਟਰੂਆਂ ਬੱਛਰੂਆਂ ਦਾ ਬੱਚਿਆਂ ਵਾਂਗ ਖੇਡਣਾ, ਗਾਵਾਂ ਮੱਝਾਂ ਦਾ ਬੱਛਰੂਆਂ 'ਤੇ ਕੱਟਰੂਆਂ ਨੂੰ ਚੁੰਮਣਾ-ਚੱਟਣਾ, ਧੁੱਪੇ ਕੋਠੇ 'ਤੇ ਖੜ੍ਹ ਕੇ ਦੂਰ ਤੱਕ ਹਰੇ ਭਰੇ ਖੇਤਾਂ ਦਾ ਨਜ਼ਾਰਾ ਜਿਸ ਨੂੰ ਉਹ ਘੰਟਿਆਂ ਬੱਧੀ ਵੇਖ ਸਕਦੀ ਸੀ। ਤਸਵੀਰ ਦਾ ਦੂਜਾ ਪਾਸਾ ਵੀ ਸੀ ਜੋ ਉਸ ਨੂੰ ਉਦਾਸ ਕਰ ਜਾਂਦਾ। ਛੋਟੇ ਛੋਟੇ ਬੱਚਿਆਂ ਦਾ ਪਾਟੇ ਪੁਰਾਣੇ ਅਤੇ ਮੈਲੇ ਕੱਪੜਿਆਂ ਵਿਚ ਠੰਢ ਨਾਲ ਠੁਰ ਠੁਰ ਕਰਨਾ, ਬੱਚਿਆਂ ਦੇ ਅਣਧੋਤੇ ਅਤੇ ਅਣਵਾਹੇ ਵਾਲ। ਸਰਦੀ ਦੀ ਰੁੱਤ ਵਿਚ ਨੰਗੇ ਪੈਰ। ਭੋਰਾ ਭਰ ਨਿਆਣਿਆਂ ਦੇ ਸਿਰਾਂ 'ਤੇ ਗੋਹੇ ਦੇ ਟੋਕਰੇ, ਸਰਦੀ ਕਾਰਨ ਜ਼ੁਕਾਮ ਨਾਲ ਬੱਚਿਆਂ ਦੇ ਵਗਦੇ ਨੱਕ, ਬਹੁਤ ਕੁਝ ਸੀ ਜੋ ਉਸ ਦੀ ਉਦਾਸੀ ਦਾ ਕਾਰਨ ਬਣਦਾ। ਲਗਦੀ ਵਾਹ ਉਹ

ਅਜਿਹਾ ਕੁਝ ਨਾ ਸੋਚਣ ਦੀ ਕੋਸ਼ਿਸ਼ ਕਰਦੀ ਪਰ ਜਿਉਂਦੇ ਸੱਚ ਤੋਂ ਅੱਖਾਂ ਬੰਦ ਕਰ ਸਕਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ।

ਸਤਿਵੀਰ ਲਈ ਇਹ ਸਾਰਾ ਕੁਝ ਕੋਈ ਮਾਅਨੇ ਨਹੀਂ ਰਖਦਾ ਸੀ। ਦਾਦੇ ਦਾਦੀ ਦਾ ਪਿਆਰ ਆਉਂਦਾ। ਇਹ ਤਾਂ ਜੋ ਕੁਝ ਉਸ ਦੇ ਦਿਮਾਗ ਵਿਚ ਚੱਲ ਰਿਹਾ ਹੁੰਦਾ ਉਸ ਦੇ ਮੁਕਾਬਲੇ ਵਿਚ ਮਾਮੂਲੀ ਗੱਲ ਸੀ। ਉਹ ਤਾਂ ਰਾਹ ਵਿਚ ਹੀ ਸਕੀਮਾਂ ਬਣਾਉਂਦਾ ਆਇਆ ਸੀ ਕਿ ਪਿੰਡ ਵਿਚ ਕਿਵੇਂ ਨਾ ਕਿਵੇਂ ਕੋਈ ਆਪਣੇ ਵਰਗਾ ਦੋਸਤ ਲੱਭੇ। ਜੇ ਦਿਨ ਚੰਗੇ ਲੰਘਣ ਲੱਗੇ ਤਾਂ ਚਾਰ ਦਿਨ ਵੱਧ ਲਾਏ ਜਾਣ। ਪ੍ਰੀਤ ਨੂੰ ਵਾਪਿਸ ਮੁੜਨਾ ਹੀ ਪੈਣਾ ਸੀ। ਉਸ ਤੋਂ ਬਾਅਦ ਤਾਂ ਕਿਸੇ ਰੋਕ ਟੋਕ ਦੀ ਸਤਿਵੀਰ ਨੂੰ ਪ੍ਰਵਾਹ ਹੀ ਨਹੀਂ ਸੀ।

“ਭੈਣਜ਼ ਮੈਂ ਪਿੰਡ ਵਿਚ ਜਾ ਆਵਾਂ। ਘਰ ਬੈਠਾ ਤਾਂ ਬੋਰ ਹੋ ਗਿਆਂ। ਟੀ ਵੀ 'ਤੇ ਵੀ ਕੋਈ ਕੰਮ ਦਾ ਪ੍ਰੋਗਰਾਮ ਨਹੀਂ।” ਸਤਿਵੀਰ ਨੇ ਇਜ਼ਾਜ਼ਤ ਲੈਣ ਵਾਂਗ ਨਹੀਂ ਸਗੋਂ ਦੱਸਣ ਵਾਂਗ ਕਿਹਾ। ਉਸ ਨੂੰ ਪ੍ਰੀਤ ਨਾਂਹ ਵੀ ਨਹੀਂ ਕਰ ਸਕਦੀ ਸੀ। ਸਤਿਵੀਰ ਨੂੰ ਡੱਕ ਕੇ ਕਦੋਂ ਤੱਕ ਰੱਖਿਆ ਜਾ ਸਕਦਾ ਸੀ! ਵੈਸੇ ਉਸ ਦੀ ਦਲੀਲ ਵਿਚ ਵੀ ਦਮ ਸੀ। ਰਾਤ ਨੂੰ ਤਾਂ ਉਹ ਵੀ ਬੋਰ ਹੋ ਜਾਂਦੀ। ਦਾਦੀ ਦਾਦਾ ਤਾਂ ਅੱਠ ਵਜੇ ਨੂੰ ਘੁਰਾੜੇ ਮਾਰਨ ਲੱਗ ਜਾਂਦੇ। ਉਹ ਤੇ ਸਤਿਵੀਰ ਕੁਝ ਚਿਰ ਗੱਲਾਂ ਕਰਦੇ। ਜਲਦੀ ਹੀ ਸੌਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਕਦੇ ਕਦੇ ਉਹ ਕਿਤਾਬ ਪੜ੍ਹਨ ਦਾ ਯਤਨ ਕਰਦੀ ਪਰ ਮੂਡ ਨਾ ਬਣਦਾ।

“ਤੂੰ ਕਿਸੇ ਨੂੰ ਜਾਣਦਾ ਨੀ ਬੁਝਦਾ ਨੀ। ਤੂੰ ਕੀਹਦੇ ਕੋਲ ਜਾਣਾ!” ਜਾਣਦਿਆਂ ਹੋਇਆਂ ਕਿ ਸਤਿਵੀਰ ਨੂੰ ਉਹ ਰੋਕ ਨਹੀਂ ਸਕੇਗੀ ਫਿਰ ਵੀ ਉਸ ਨੇ ਕਮਜ਼ੋਰ ਜਿਹੀ ਦਲੀਲ ਦਿੱਤੀ।

“ਜੇ ਕਿਸੇ ਨੂੰ ਮਿਲੂੰਗਾ ਤਾਂ ਜਾਣੂੰਗਾ।” ਸਤਿਵੀਰ ਨੇ ਮੰਜੇ ਤੋਂ ਉੱਠਦਿਆਂ ਬੇਪ੍ਰਵਾਹ ਜਿਹਾ ਜਵਾਬ ਦਿੱਤਾ। ਦਾਦਾ ਜੀ ਉਸ ਸਮੇਂ ਘਰ ਨਹੀਂ ਸਨ। ਨਹੀਂ ਤਾਂ ਪ੍ਰੀਤ ਸ਼ਾਇਦ ਕਿਸੇ ਨੂੰ ਸਤਿਵੀਰ ਦੇ ਨਾਲ ਭੇਜ ਦਿੰਦੀ।

“ਜਲਦੀ ਮੁੜ ਆਈਂ।” ਤੁਰੇ ਜਾਂਦੇ ਸਤਿਵੀਰ ਨੂੰ ਉਸ ਨੇ ਬੇਨਤੀ ਵਰਗੀ ਅਵਾਜ਼ ਵਿਚ ਕਿਹਾ। ਉਸ ਦਾ ਦਿਲ ਡਰ ਨਾਲ ਧੜਕਣ ਲੱਗਾ। ਪ੍ਰੀਤ ਨੂੰ ਲੱਗਿਆ ਜਿਵੇਂ ਉਹ ਬੇਬੱਸ ਸੀ ਅਤੇ ਆਪਣੇ ਆਪ ‘ਤੇ ਸਤਿਵੀਰ ਨੂੰ ਸੁਧਾਰ ਸਕਣ ਸਬੰਧੀ ਜ਼ਿਆਦਾ ਹੀ ਸਵੈ ਵਿਸ਼ਵਾਸ਼ ਕਰ ਬੈਠੀ ਸੀ।

ਸਤਿਵੀਰ ਡੇਢ ਦੋ ਘੰਟੇ ਵਿਚ ਵਾਪਿਸ ਆ ਗਿਆ। ਪ੍ਰੀਤ ਨੂੰ ਖੁਸ਼ੀ ਹੋਈ। ਉਸ ਨੇ ਆਪਣੇ ਆਪ ਨੂੰ ਅਚੇਤ ਹੀ ਮਨਾ ਲਿਆ ਸੀ ਕਿ ਐਨੇ ਥੋੜੇ ਸਮੇਂ ਵਿਚ ਸਤਿਵੀਰ ਕੋਈ ਗਲਤ ਕੰਮ ਨਹੀਂ ਕਰ ਸਕਦਾ ਸੀ। ਸਤਿਵੀਰ ਦੀ ਚਾਲ ਢਾਲ ਤੋਂ ਵੀ ਪ੍ਰੀਤ ਨੂੰ ਕੋਈ ਸ਼ੱਕ ਨਾ ਹੋਇਆ। ਪ੍ਰੀਤ ਨੇ ਸਗੋਂ ਆਪਣੇ ਆਪ ਨੂੰ ਝਿੜਕਿਆ ਐਵੇਂ ਹੀ ਮੁੰਡੇ ‘ਤੇ ਸ਼ੱਕ ਕਰਦੀ ਰਹੀ।

ਸਤਿਵੀਰ ਸਿੱਧਾ ਸੜਕੇ ਸੜਕ ਪਿੰਡ ਦੇ ਅੱਡੇ ਵਿਚ ਪਹੁੰਚ ਗਿਆ। ਚਾਹ, ਸਬਜ਼ੀ, ਨਾਈ,ਦੁਆਈਆਂ ਤੇ ਹੋਰ ਨਿੱਕ ਸੁੱਕ ਦੀਆਂ ਦੁਕਾਨਾਂ ਨਾਲ ਅੱਡੇ ਵਿਚ ਵਾਹਵਾ ਰੌਣਕ ਸੀ। ਸਤਿਵੀਰ ਦੀ ਪਹਿਲੀ ਨਜ਼ਰ ਵਿਚ ਦੋ ਦੁਕਾਨਾਂ ਆਈਆਂ। ਸ਼ਰਾਬ ਦਾ ਠੇਕਾ ਅਤੇ ਅੰਗਰੇਜ਼ੀ ਦਵਾਈਆਂ ਦੀ ਦੁਕਾਨ। ਉਸ ਨੇ ਅੰਗਰੇਜ਼ੀ ਦੁਆਈਆਂ ਦੀ ਦੁਕਾਨ ਵਿਚ ਝਾਤ ਮਾਰੀ। ਕਤਰੀ ਦਾਹੜੀ ਅਤੇ ਪੋਚਵੀਂ ਪੱਗ ਵਾਲਾ ਜੁਆਨ ਮੁੰਡਾ ਕਾਊਂਟਰ ‘ਤੇ ਖੜ੍ਹਾ ਸੀ। ਦੋਵਾਂ ਦੀਆਂ ਅੱਖਾਂ ਮਿਲੀਆਂ। ਪੋਚਵੀਂ ਪੱਗ ਦੇ ਥੱਲੇ ਅੱਖਾਂ ਅਤੇ ਅੱਖਾਂ ਦੇ ਹੇਠ ਬੁੱਲ੍ਹ

ਮੁਸਕਰਾਏ। ਸਤਿਵੀਰ ਨੇ ਵੀ ਮੁਸਕਰਾਹਟ ਦਾ ਜਵਾਬ ਦਿੱਤਾ ਅਤੇ ਦੁਕਾਨ ਵਿਚ ਚਲਾ ਗਿਆ।

ਉਹਨਾਂ ਨੇ ਆਪਸ ਵਿਚ ਚੱਲਵੀਂ ਜਿਹੀ ਜਾਣ ਪਹਿਚਾਣ ਕੀਤੀ। ਦੁਕਾਨ ‘ਤੇ ਕੰਮ ਕਰਦਾ ਗੁਰਾ ਸਤਿਵੀਰ ਬਾਰੇ ਜਾਣਦਾ ਸੀ।

“ਮੈਂ ਤੈਨੂੰ ਬਾਬਾ ਜੀ ਕੋਲ ਬੈਠੇ ਨੂੰ ਵੇਖਿਆ ਸੀ। ਮੈਨੂੰ ਪਤਾ ਲੱਗਾ ਤੂੰ ਉਹਨਾਂ ਦਾ ਪੋਤਾ ਐ। ਮੈਂ ਇਕ ਦੋ ਵਾਰ ਤੇਰੇ ਡੈਡੀ ਨੂੰ ਪਿੰਡ ਆਏ ਨੂੰ ਵੇਖਿਆ ਐ।” ਗੁਰੇ ਨੇ ਗੱਲਾਂ ਦਾ ਸਿਲਸਲਾ ਸ਼ੁਰੂ ਕਰ ਲਿਆ ਅਤੇ ਸਤਿਵੀਰ ਨੇ ਆਪਣੀ ਸੀਮਤ ਪੰਜਾਬੀ ਵਿਚ ਜਵਾਬ ਦਿੱਤੇ।

“ਮੇੜਾ ਕੋਈ ਫਰੈਂਡ ਨੀ ਪਿੰਡ। ਗੁੜੇ ਤੂੰ ਮੇੜਾ ਫਰੈਂਡ ਬਣੇਗਾ!”

“ਆਹੋ ਨਾਲੇ ਤੈਨੂੰ ਪੰਜਾਬੀ ਬੋਲਣੀ ਸਿਖਾ ਦਿਆਂਗੇ।” ਗੱਲਾਂ ਦਾ ਸਿਲਸਲਾ ਕੁਝ ਦੇਰ ਚਲਦਾ ਰਿਹਾ। ਸਤਿਵੀਰ ਨੂੰ ਤਸੱਲੀ ਸੀ ਹੁਣ ਖਾਣ ਪੀਣ ਦੀ ਕੋਈ ਕਮੀ ਨਹੀਂ ਆਉਣੀ ਅਤੇ ਗੁਰੇ ਨੂੰ ਤਸੱਲੀ ਸੀ ਵਲੈਤੀ ਮੁਰਗੀ ਨੂੰ ਵਰਤਣ ਵਿਚ ਕੋਈ ਸਮੱਸਿਆ ਨਹੀਂ ਆਉਣੀ। ਅੱਜ ਜੋਗਾ ਕੰਮ ਕਰਕੇ ਸਤਿਵੀਰ ਬਹੁਤੀ ਦੇਰ ਤੱਕ ਘਰੋਂ ਬਾਹਰ ਰਹਿ ਕੇ ਪ੍ਰੀਤ ਦੇ ਮਨ ਵਿਚ ਸ਼ੱਕ ਨਹੀਂ ਪਾਉਣਾ ਚਾਹੁੰਦਾ ਸੀ। ਉਹ ਜਲਦੀ ਹੀ ਘਰ ਆਪਿਸ ਆ ਗਿਆ।

ਗੁਰੇ ਨਾਲ ਸਤਿਵੀਰ ਦੀ ਲਿਹਾਜ ਗੂੜੀ ਹੁੰਦੀ ਗਈ ਅਤੇ ਉਹ ਹੋਰ ਵਾਹਵਾ ਸਮਾਂ ਗੁਰੇ ਨਾਲ ਬਿਤਾਉਣ ਲੱਗਾ। ਗੁਰਾ ਕੰਮ ਕਾਜ ਵਾਲਾ ਮੁੰਡਾ ਸੀ। ਦੁਕਾਨ ‘ਤੇ ਕੰਮ ਕਰਨ ਨਾਲ ਹੀ ਉਸ ਦੇ ਘਰ ਦੀ ਰੋਟੀ ਤੁਰਦੀ। ਮਾਂ ਉਸ ਦੀ ਹੈ ਨਹੀਂ ਸੀ ਅਤੇ ਪਿਉ ਬਿਮਾਰ ਰਹਿੰਦਾ ਸੀ। ਗੁਰਾ ਆਪਣੇ ਮਾਪਿਆਂ ਦੀ ਇਕਲੌਤੀ ਉਲਾਦ ਖੇਤੀ ਦੇ ਨਾਲ ਨਾਲ ਕੈਮਿਸਟ ਦੀ ਦੁਕਾਨ ‘ਤੇ ਵੀ ਕੰਮ ਕਰਦਾ। ਉਸ ਦੇ ਸੁਪਨੇ ਆਪਣੀ ਦੁਕਾਨ ਬਨਾਉਣ ਦੇ ਸਨ। ਪਿੰਡ ਦੇ ਲੋਕਾਂ ਵਿਚ ਵੀ ਗੁਰੇ ਬਾਰੇ ਚੰਗੀ ਰਾਇ ਸੀ। ਉਸ ਦੀ ਸਤਿਵੀਰ ਨਾਲ ਲਿਹਾਜ ਬੱਸ ਐਨੀ ਕੁ ਸੀ ਕਿ ਉਹ ਸਤਿਵੀਰ ਦੀ ਉਂਗਲ ਫੜਕੇ ਬਾਹਰਲੇ ਦੇਸ਼ ਨਿਕਲਣਾ ਚਾਹੁੰਦਾ ਸੀ। ਬਹੁਤੇ ਪੰਜਾਬੀ ਪੇਂਡੂ ਮੁੰਡਿਆਂ ਵਾਂਗ ਉਸ ਦਾ ਵੀ ਦਿਲ ਬਾਹਰਲੀ ਦੁਨੀਆਂ ਦੇ ਨਜਾਰੇ ਲੈਣ ਨੂੰ ਕਰਦਾ। ਸਤਿਵੀਰ ਤਾਂ ਉਸ ਨੂੰ ਜਿਵੇਂ ਰੱਬ ਨੇ ਆਪ ਟਕਰਾਇਆ ਹੋਵੇ। ਸਤਿਵੀਰ ਤੋਂ ਪਹਿਲਾਂ ਉਸ ਨੇ ਬਾਹਰ ਜਾਣ ਬਾਰੇ ਬਹੁਤਾ ਗੰਭੀਰਤਾ ਨਾਲ ਨਹੀਂ ਸੋਚਿਆ ਸੀ। ਉਸ ਨੂੰ ਉਮੀਦ ਹੀ ਕੋਈ ਨਹੀਂ ਸੀ। ਸਤਿਵੀਰ ਦੇ ਮਿਲਣ ਨਾਲ ਉਸ ਦੀ ਆਸ ਨੂੰ ਖੰਭ ਲੱਗ ਗਏ।

ਪ੍ਰੀਤ ਅਤੇ ਸਤਿਵੀਰ ਦੇ ਵਾਪਿਸ ਜਾਣ ਦਾ ਸਮਾਂ ਆ ਗਿਆ। ਸਤਿਵੀਰ ਦੇ ਮਨ ਵਿਚ ਹੋਰ ਸਕੀਮਾਂ ਉਸਲਵੱਟੇ ਲੈਣ ਲੱਗੀਆਂ। ਉਸ ਦਾ ਵਾਪਿਸ ਜਾਣ ਦਾ ਅਜੇ ਮਨ ਨਹੀਂ ਸੀ।

“ਭੈਣਜ਼ ਮੈਂ ਥੋੜੇ ਦਿਨ ਠਹਿਰ ਕੇ ਆ ਜੂੰ। ਐਥੇ ਤਾਂ ਦਿਲ ਈ ਬਰਾ (ਬੜਾ) ਲਗਦਾ। ਮੈਂ ਸੁਣਿਆ ਚੰਦੀਗਰ(ਚੰਦੀਗੜ੍ਹ) ਬਹੁਤ ਸੁਹਣਾ। ਮੈਂ ਵੇਖਣ ਜਾਣਾ।”

“ਆਹੋ ਪੁੱਤ ਇਹਨੂੰ ਐਥੇ ਰਹਿਣ ਦੇ ਚਾਰ ਦਿਨ ਸਾਡੇ ਕੋਲ। ਮੋਹਣੇ ਨੂੰ ਨਾਲ ਭੇਜ ਦਿਆਂਗੇ। ਸਿਆਣਾ ਬੰਦਾ ਐ। ਉਹਦੇ ਨਾਲ ਜਿਥੇ ਜੀਅ ਕਰੇ ਜਾਵੇ।” ਦਾਦਾ ਜੀ ਨੇ ਚਾਅ ਨਾਲ ਕਿਹਾ। ਸਤਿਵੀਰ ਨੂੰ ਛੱਡ ਕੇ ਜਾਣ ਦਾ ਪ੍ਰੀਤ ਦਾ ਮਨ ਨਹੀਂ ਸੀ। ਸਤਿਵੀਰ ਦਾ ਵਰਤਾਅ ਪ੍ਰੀਤ ਦੀ ਉਮੀਦ ਤੋਂ ਕਿਤੇ ਚੰਗਾ ਸੀ। ਪ੍ਰੀਤ ਨੂੰ ਉਸ ਨੇ ਪਤਾ ਹੀ ਨਹੀਂ ਲੱਗਣ ਦਿੱਤਾ ਸੀ ਕਿ ਉਹ ਅਜੇ ਵੀ ਨਸ਼ੇ ਦਾ ਸੇਵਨ ਕਰਦਾ ਸੀ। ਵਾਰ ਵਾਰ ਉਹ ਪ੍ਰੀਤ ਦਾ ਧੰਨਵਾਦ ਕਰਦਾ ਪ੍ਰੀਤ ਨੇ ਉਸ ਨੂੰ ਇੰਡੀਆ ਲਿਆ ਕੇ ਡਰੱਗ ਤੋਂ ਖਹਿੜਾ ਛੁਡਾ ਦਿੱਤਾ ਸੀ। ਪ੍ਰੀਤ ਨੂੰ ਖੁਸ਼ੀ ਹੁੰਦੀ। ਉਸ ਨੂੰ ਲਗਦਾ ਉਸ ਨੇ ਮੋਰਚਾ ਜਿੱਤ ਲਿਆ ਸੀ। ਉਸ ਨੇ ਅਣਮੰਨੇ ਜਿਹੇ ਦਿਲ ਨਾਲ ਹਾਂ ਕਰ ਦਿੱਤੀ। ਸਤਿਵੀਰ ਉਸ ਨੂੰ ਦਿੱਲੀ ਤੱਕ ਛੱਡਣ ਗਿਆ। ਉਹਨਾਂ ਕੋਲ ਜਿੰਨਾ ਕੁ ਸਮਾਂ ਸੀ ਉਹਨਾਂ ਨੇ ਦਿੱਲੀ ਵਿਚ ਘੁੰਮ ਫਿਰ ਕੇ ਗੁਜ਼ਾਰ ਦਿੱਤਾ। ਪ੍ਰੀਤ ਨੂੰ

ਛੱਡ ਕੇ ਸਤਿਵੀਰ ਮੋਹਨੇ ਨਾਲ ਵਾਪਿਸ ਆ ਗਿਆ। ਉਸ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਪ੍ਰੀਤ ਦੇ ਜਾਣ ਨਾਲ ਉਸ ਨੂੰ ਅਜ਼ਾਦੀ ਮਿਲ ਗਈ ਹੋਵੇ। ਬਜ਼ੁਰਗਾਂ ਨੂੰ ਭਾਵੁਕ ਕਰ ਕੇ ਬਲੈਕ ਮੇਲ ਕਰਨਾ ਉਸ ਲਈ ਸੌਖਾ ਹੀ ਸੀ।

"ਗੁੜੇ ਕਦੇ ਨਸ਼ਾ ਕਰਕੇ ਦੇਖੀਏ!" ਗੱਲਾਂ ਕਰਦੇ ਸਤਿਵੀਰ ਨੇ ਗੁਰੇ ਨੂੰ ਮੁਸਕਰਾਂਦਿਆਂ ਕਿਹਾ। ਗੁਰੇ ਨੇ ਉਸ ਵੱਲ ਹੈਰਾਨੀ ਨਾਲ ਵੇਖਿਆ।

"ਸ਼ਾਮ ਨੂੰ ਦਾਰੂ ਦਾ ਪੈਗ ਲਾ ਲਵਾਂਗੇ। ਆਹ ਨਾਲ ਤਾਂ ਠੇਕਾ ਐ। ਹੁਣ ਪੀਣੀ ਆਂ ਤਾਂ ਤੂੰ ਪੀ ਲਈਂ। ਮੈਂ ਤਾਂ ਸੱਤ ਵਜੇ ਦੁਕਾਨ ਬੰਦ ਕਰਕੇ ਈ ਪੀ ਸਕਦਾਂ।" ਗੁਰੇ ਨੇ ਆਪਣੀ ਮਜ਼ਬੂਰੀ ਦੱਸੀ।

"ਛੱਡ ਸ਼ਰਾਬ ਨੂੰ। ਤੈਨੂੰ ਹੋਰ ਚੰਗੀ ਚੀਜ਼ ਦਾ ਸੁਆਦ ਦਖਾਂਮਾਂ। ਆਹ ਤਾਂ ਇਕ ਪੁੜੀ ਇੰਗਲੈਂਡ ਤੋਂ ਮੇਰੇ ਫਰੈਂਡ ਨੇ ਦਿੱਤੀ ਸੀ।"

ਸਤਿਵੀਰ ਪੁੜੀ ਖੋਲ੍ਹਣ ਲੱਗਾ ਅਤੇ ਗੁਰਾ ਉੱਤਸੁਕਤਾ ਨਾਲ ਵੇਖਣ ਲੱਗਾ ਕਿ ਉਸ ਪੁੜੀ ਵਿਚ ਕਿਹੋ ਜਿਹੀ ਵਲੈਤੀ ਚੀਜ਼ ਸੀ।

"ਆਹ ਕੀ ਐ ਚਿੱਟਾ ਪੌਡਰ ਜਿਆ।" ਗੁਰੇ ਦੇ ਚਿੱਤ ਚੇਤੇ ਵੀ ਨਹੀਂ ਸੀ ਸਤਿਵੀਰ ਹੈਰੋਇਨ ਜਾਂ ਕੋਕੇਨ ਜੋ ਵੀ ਉਹ ਸੀ,ਵਰਗਾ ਨਸ਼ਾ ਵਰਤਦਾ ਹੋਵੇਗਾ ਅਤੇ ਉਹ ਨਾਲ ਲੈ ਵੀ ਆਇਆ ਹੋਵੇਗਾ। ਵੈਸੇ ਵੀ ਉਸ ਨੇ ਅਜਿਹੇ ਨਸ਼ਿਆਂ ਦੇ ਨਾਮ ਤਾਂ ਸੁਣੇ ਸਨ ਪਰ ਵੇਖੇ ਨਹੀਂ ਸਨ। ਸ਼ਰਾਬ ਦਾ ਸੇਵਨ ਉਹ ਜ਼ਰੂਰ ਕਦੇ ਨਾ ਕਦੇ ਕਰ ਲੈਂਦਾ।

ਸਤਿਵੀਰ ਨੇ ਉਸ ਪੁੜੀ ਨੂੰ ਦੋ ਥਾਂਵੀਂ ਵੰਡ ਲਿਆ। ਗੁਰੇ ਨੂੰ ਥੋੜੀ ਘੱਟ ਅਤੇ ਆਪਣੇ ਵਾਸਤੇ ਥੋੜੀ ਵੱਧ। ਪੰਜਾਹ ਰੁਪਏ ਦੇ ਨੋਟ 'ਤੇ ਉਸ ਦੀਆਂ ਦੋ ਲਾਈਨਾਂ ਬਣਾ ਕੇ ਇਕ ਹੋਰ ਨੋਟ ਦੀ ਨਲਕੀ ਜਿਹੀ ਬਣਾ ਕੇ ਵਾਰੀ ਵਾਰੀ ਦੋਵਾਂ ਨਾਸਾਂ ਨਾਲ ਉਸ ਪਦਾਰਥ ਨੂੰ ਨੱਕ ਦੀ ਹਵਾ ਨਾਲ ਅੰਦਰ ਖਿੱਚ ਲਿਆ। ਉਸ ਨੇ ਗੁਰੇ ਨੂੰ ਵੀ ਅਜਿਹਾ ਕਰਨ ਲਈ ਕਿਹਾ। ਗੁਰਾ ਡਰਦਾ ਅਤੇ ਅੱਧਾ ਕੁ ਹੈਰਾਨੀ ਨਾਲ ਪੱਥਰ ਬਣਿਆ ਉਸ ਵੱਲ ਵੇਖਦਾ ਰਿਹਾ। ਉਸ ਨੂੰ ਡਰਦਾ ਵੇਖ ਕੇ ਸਤਿਵੀਰ ਨੇ ਉਸ ਨੂੰ ਹੱਲਾ ਸ਼ੇਰੀ ਦਿੱਤੀ।

"ਟਰਾਈ ਤਾਂ ਕਰ। ਸੁਆਦ ਤਾਂ ਵੇਖ। ਮੈਂ ਤੇਰੇ ਕੋਲ ਖਰਾ (ਖੜ੍ਹਾ) ਈ ਆਂ।"

ਗੁਰੇ ਨੇ ਡਰਦੇ ਡਰਾਉਂਦੇ ਨੇ ਸਤਿਵੀਰ ਦੀ ਨਕਲ ਕੀਤੀ। ਕੁਝ ਦੇਰ ਬਾਅਦ ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਹਵਾ ਵਿਚ ਉੱਡ ਰਿਹਾ ਹੋਵੇ। ਜਿਵੇਂ ਸੁਰਗ ਧਰਤੀ 'ਤੇ ਉੱਤਰ ਆਇਆ ਹੋਵੇ। ਉਸ ਨੂੰ ਆਪਣਾ ਆਪ ਚੰਗਾ ਲੱਗਣ ਲੱਗਾ। ਸਤਿਵੀਰ ਦਾ ਕਿਹਾ ਸੱਚ ਸੀ, ਇਹੋ ਜਿਹਾ ਨਸ਼ਾ ਉਸ ਨੇ ਕਦੇ ਵਰਤਿਆ ਹੀ ਨਹੀਂ ਸੀ।

ਸਤਿਵੀਰ ਨੂੰ ਦੂਜੇ ਦਿਨ ਗੁਰੇ ਨੇ ਕੋਕੇਨ ਲੈਣ ਤੋਂ ਤੋਬਾ ਕੀਤੀ।

"ਯਾਰ ਮੈਂ ਨੀ ਆਹ ਪੌਡਰ ਜਿਹਾ ਵਰਤਣਾ। ਸ਼ਰਾਬ ਦਾ ਪੈਗ ਈ ਠੀਕ ਆ ਸਾਨੂੰ ਜੱਟਾਂ ਨੂੰ। ਮੁੜ ਕੇ ਹੱਡਾਂ 'ਚ ਵੜੀ ਇਹੋ ਜੀ ਚੀਜ਼ ਨਿਕਲਦੀ ਵੀ ਨੀ ਹੁੰਦੀ।" ਸਤਿਵੀਰ ਗੁਰੇ ਨੂੰ ਮਾੜੀ ਜਿਹੀ ਮੁਸਕਰਾਹਟ ਨਾਲ ਸੁਣਦਾ ਰਿਹਾ।

"ਮੈਂ ਤਾਂ ਬਹੁਤ ਵਾਰ ਵਰਤੀ ਆ। ਮੈਨੂੰ ਤਾਂ ਕੁਸ ਨੀ ਹੋਇਆ।" ਸਤਿਵੀਰ ਨੇ ਮੋਢੇ ਛੰਡ ਕੇ ਉਸ ਦੇ ਡਰ ਨੂੰ ਬੇਮਤਲਬ ਦਰਸਾਉਣ ਦੀ ਕੋਸ਼ਿਸ਼ ਕੀਤੀ। ਉਸ ਦਾ ਇਹ ਹਥਿਆਰ ਕੁਝ ਕੁ ਕੰਮ ਕਰ ਗਿਆ। ਗੁਰਾ ਸਤਿਵੀਰ ਨੂੰ ਗੁੱਸੇ ਨਹੀਂ ਕਰਨਾ ਚਾਹੁੰਦਾ

ਸੀ। ਇੰਗਲੈਂਡ ਜਾਣ ਵਿਚ ਸ਼ਾਇਦ ਕੋਈ ਮਦਦ ਮਿਲ ਜਾਵੇ!

ਸਤਿਵੀਰ ਨੇ ਗੁਰੇ ਨਾਲ ਖਾਣ ਪੀਣ ਸਾਂਝਾ ਕਰ ਲਿਆ ਤਾਂ ਉਹਨਾਂ ਵਿਚ ਹੋਰ ਵੀ ਨੇੜਤਾ ਹੋ ਗਈ। ਸਤਿਵੀਰ ਨੇ ਉਸ ਤੋਂ ਪੰਜਾਬ ਵਿਚ ਵਰਤੇ ਜਾਂਦੇ ਨਸ਼ਿਆਂ ਬਾਰੇ ਪੁੱਛ ਪੜਤਾਲ ਕੀਤੀ।

"ਐਥੇ ਤਾਂ ਯਾਰ ਖੰਘ ਵਾਲੀ ਦਵਾਈ, ਨਸ਼ੇ ਵਾਲੀਆਂ ਗੋਲੀਆਂ, ਭੁੱਕੀ 'ਫੀਮ। ਗੰਦੀਆਂ ਜਰਾਬਾਂ 'ਚੋਂ ਵੀ ਨਸ਼ਾ ਕੱਢ ਲੈਂਦੇ ਆ। ਬੂਟ ਪਾਲਸ਼ ਨੂੰ ਵੀ ਨਸ਼ੇ ਦਾ ਸਾਧਨ ਬਣਾ ਲੈਂਦੇ ਆਂ। ਹੋਰ ਤਾਂ ਹੋਰ ਕਿਰਲੀਆਂ ਖਾ ਜਾਂਦੇ ਐ।" ਸੁਣ ਕੇ ਸਤਿਵੀਰ ਦੀਆਂ ਅੱਖਾਂ ਚੌੜੀਆਂ ਖੁੱਲ੍ਹ ਗਈਆਂ। ਉਸ ਨੇ ਅਜਿਹਾ ਕੁਝ ਕਦੇ ਸੁਣਿਆ ਹੀ ਨਹੀਂ ਸੀ। ਉਸ ਨੇ ਸਾਰਾ ਕੁਝ ਵਿਸਥਾਰ ਨਾਲ ਸੁਣ ਕੇ ਭੁੱਕੀ ਦਾ ਸੁਆਦ ਚੱਖਣ ਦੀ ਇੱਛਾ ਪ੍ਰਗਟ ਕੀਤੀ।

"ਲੈ ਆਹ ਕੋਈ ਕੰਮਾਂ ਚੋਂ ਕੰਮ ਆ! ਅੱਜ ਈ ਬੰਦੋਬਸਤ ਕਰ ਲੈਨੇ ਆਂ।"

ਦੁਪਹਿਰ ਤੱਕ ਗੁਰੇ ਨੇ ਭੁੱਕੀ ਦਾ ਪ੍ਰਬੰਧ ਕਰ ਲਿਆ। ਉਸ ਨੂੰ ਤਿਆਰ ਕੀਤਾ ਅਤੇ ਮਿਥੇ ਸਮੇਂ ਸਤਿਵੀਰ ਆ ਗਿਆ। ਉਸ ਨੇ ਭੁੱਕੀ ਵਾਲਾ ਪਾਣੀ ਪੀਤਾ ਅਤੇ ਉਸ ਵਿਚੋਂ ਕੁਝ ਹਿੱਸਾ ਨਾਂਹ ਨੁੱਕਰ ਕਰਦੇ ਗੁਰੇ ਨੂੰ ਵੀ ਪਿਲਾ ਦਿੱਤਾ। ਕੁਝ ਦੇਰ ਬਾਅਦ ਸਤਿਵੀਰ ਤਾਂ ਘਰ ਚਲਾ ਗਿਆ ਅਤੇ ਗੁਰਾ ਭੱਜ ਭੱਜ ਦੁਕਾਨ 'ਤੇ ਕੰਮ ਕਰਦਾ ਰਿਹਾ। ਉਹ ਸਾਰਾ ਦਿਨ ਚੰਗੇ ਮੂਡ ਵਿਚ ਰਿਹਾ।

ਇਹੋ ਜਿਹਾ ਖਾਣ ਪੀਣ ਉਹਨਾਂ ਦਾ ਲਗਪਗ ਹਰ ਰੋਜ਼ ਹੀ ਚਲਦਾ ਰਿਹਾ। ਗੁਰਾ ਸੋਚਦਾ ਸਤਿਵੀਰ ਨੇ ਕਿਹੜਾ ਪਿੰਡ ਬੈਠੇ ਰਹਿਣਾ। ਜਦੋਂ ਚਲਾ ਗਿਆ ਉਸ ਤੋਂ ਬਾਅਦ ਇਹ ਸਾਰਾ ਕੁਝ ਛੱਡ ਦੇਵਾਂਗੇ। ਚਾਰ ਦਿਨ ਸਤਿਵੀਰ ਨਾਲ ਖਾਣ ਪੀਣ ਦਾ ਮੌਜ ਮੇਲਾ ਕਰਨ ਵਿਚ ਕੋਈ ਹਰਜ਼ ਉਸ ਨੂੰ ਨਜ਼ਰ ਨਹੀਂ ਆਉਂਦਾ ਸੀ। ਉਹ ਬਾਹਰ ਅੰਦਰ ਜਾਂਦੇ ਤਾਂ ਸਤਿਵੀਰ ਗੁਰੇ ਨੂੰ ਨਾਲ ਲੈ ਕੇ ਜਾਂਦਾ। ਹਮ-ਉਮਰ ਅਤੇ ਹਮ-ਪਿਆਲਾ ਹੋਣ ਕਰਕੇ ਉਹਨਾਂ ਦਾ ਸੁਹਣਾ ਸਮਾਂ ਨਿਕਲ ਜਾਂਦਾ। ਗੁਰੇ ਨੂੰ ਯਾਦ ਚੇਤੇ ਵੀ ਨਹੀਂ ਸੀ ਕਿ ਉਹ ਇਕ ਅਜਿਹੀ ਨਾਮੁਰਾਦ ਬਿਮਾਰੀ ਸਹੇੜ ਰਿਹਾ ਸੀ ਜਿਸ ਨੇ ਉਸ ਦੇ ਜੀਵਨ ਦਾ ਅੰਤ, ਅੰਤ ਹੋਣ ਤੋਂ ਪਹਿਲਾਂ ਹੀ ਕਰ ਦੇਣਾ ਸੀ।

ਕੁਝ ਦਿਨਾਂ ਬਾਅਦ ਸਤਿਵੀਰ ਨੇ ਗੁਰੇ ਕੋਲ ਆਪਣੀ ਸਕੀਮ ਸਾਂਝੀ ਕੀਤੀ। ਉਹ ਕੋਕੇਨ ਖਰੀਦਣਾ ਚਾਹੁੰਦਾ ਸੀ। ਉਸ ਨੂੰ ਕਿਸੇ ਨਾ ਕਿਸੇ ਅਜਿਹੇ ਬੰਦੇ ਦੀ ਲੋੜ ਸੀ ਜੋ ਵੱਡੇ ਪੱਧਰ 'ਤੇ ਕੋਕੇਨ ਦਾ ਧੰਦਾ ਕਰਦਾ ਹੋਵੇ। ਉਸ ਨੂੰ ਗੁਰੇ ਨਾਲੋਂ ਹੋਰ ਕੋਈ ਵਧੀਆ ਬੰਦਾ ਨਜ਼ਰ ਨਾ ਆਇਆ ਜੋ ਉਸ ਦੀ ਮਦਦ ਕਰ ਸਕੇ ਅਤੇ ਵਿਸ਼ਵਾਸ਼ ਪਾਤਰ ਵੀ ਹੋਵੇ।

"ਗੁੜਿਆ ਆਪਾਂ ਨੂੰ ਬੰਦਾ ਚਾਹੀਦਾ ਜਿਹੜਾ ਕੋਕੇਨ ਵੇਚਦਾ ਹੋਵੇ।" ਸਤਿਵੀਰ ਨੇ ਕੋਕੇਨ ਨਾਲ ਲਿਜਾਣ ਵਾਲੀ ਗੱਲ ਦੱਸਣੀ ਠੀਕ ਨਾ ਸਮਝੀ ਅਤੇ ਨਾ ਹੀ ਦੱਸੀ।

"ਆਪਣੇ ਪਿੰਡ ਵਾਲਾ ਤਾਰਾ ਵੇਖ ਖਾਂ। ਸਭ ਨਜ਼ਾਇਜ਼ ਕੰਮ ਕਰਦਾ। ਭਲਮਾਨਸੀ ਉਹਦੇ ਕੋਲ ਦੀ ਲੰਘੀ ਈ ਨੀ।"

"ਆਪਾਂ ਕਦੋਂ ਮਿਲੀਏ! ਕਿਸੇ ਨੂੰ ਪਤਾ ਵੀ ਨਾ ਲੱਗੇ।" ਸਤਿਵੀਰ ਨੂੰ ਬਹੁਤਾ ਡਰ ਘਰੇ ਪਤਾ ਲੱਗ ਜਾਣ ਦਾ ਸੀ।

"ਹੁਣ ਤਾਂ ਉਹ ਸ਼ਹਿਰ ਰਹਿੰਦਾ। ਆਪਾਂ ਕੱਲ੍ਹ ਨੂੰ ਚਲੇ ਚਲਾਂਗੇ। ਦੁਪਹਿਰ ਤੋਂ ਬਾਅਦ ਮੈਂ ਵਿਹਲਾ ਆਂ।"

ਗੁਰੇ ਨੂੰ ਵੀ ਪਤਾ ਨਹੀਂ ਸੀ ਉਹ ਕੋਲਿਆਂ ਦੀ ਦਲਾਲੀ ਕਰਨ ਜਾ ਰਿਹਾ ਸੀ ਅਤੇ ਮੁੜ ਕੇ ਉਸ ਨੇ ਤਾਰੇ ਦਾ ਗੁਲਾਮ ਬਣ

ਜਾਣਾ ਸੀ। ਨਾ ਹੀ ਸਤਿਵੀਰ ਨੂੰ ਪਤਾ ਸੀ ਤਾਰੇ ਦੀ ਉਸ ਦੇ ਪ੍ਰੀਵਾਰ ਨਾਲ ਅੰਦਰੇ ਅੰਦਰ ਦੁਸ਼ਮਣੀ ਅਤੇ ਈਰਖਾ ਚਲੀ ਆ ਰਹੀ ਸੀ। ਗੁਰੇ ਨੇ ਵੀ ਇਸ ਪੱਖ ਨੂੰ ਸਤਿਵੀਰ ਕੋਲ ਉਜਾਗਰ ਕਰਨ ਦੀ ਲੋੜ ਨਾ ਸਮਝੀ। ਦੋਵੇਂ ਹੀ ਮੁੰਡਪੁਣੇ ਵਿਚ ਤਾਰੇ ਦੇ ਢਹੇ ਚੜ੍ਹਨ ਨੂੰ ਤਿਆਰ ਬੈਠੇ ਸਨ।

## ਚੌਤੀਵਾਂ

ਤਾਰਾ ਹੁਣ ਪਹਿਲਾਂ ਨਾਲੋਂ ਵੀ ਉੱਚੇ ਜੋੜਾਂ ਵਿਚ ਸੀ। ਉਸ ਨੂੰ ਸ਼ਹਿਰੀ ਹਲਕੇ ਤੋਂ ਦਸ਼ਮੇਸ਼ ਪਾਰਟੀ ਦੀ ਅਸੈਂਬਲੀ ਲਈ ਟਿਕਟ ਮਿਲ ਗਈ। ਪਾਰਟੀ ਦੇ ਲੀਡਰਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ ਕੌਣ ਅਤੇ ਕਿਹੋ ਜਿਹੇ ਆਚਾਰ ਵਿਹਾਰ ਵਾਲਾ ਬੰਦਾ ਪਾਰਟੀ ਦੀ ਟਿਕਟ ਲੈ ਰਿਹਾ ਸੀ। ਉਹਨਾਂ ਨੂੰ ਜਾਂ ਤਾਂ ਸੀਟ ਜਿੱਤਣ ਤੱਕ ਦਾ ਮਤਲਬ ਸੀ ਜਾਂ ਫਿਰ ਪਾਰਟੀ ਲਈ ਫੰਡ ਇਕੱਠੇ ਕਰਨ ਦੀ ਚਿੰਤਾ। ਇਹੋ ਹਾਲ ਦੂਜੀਆਂ ਪਾਰਟੀਆਂ ਦਾ ਸੀ। ਤਾਰੇ ਬਾਰੇ ਪਾਰਟੀ ਦੀ ਲੀਡਰਸ਼ਿਪ ਕੁਝ ਨਾ ਜਾਣਦੀ ਹੋਵੇ ਸੰਭਵ ਨਹੀਂ ਸੀ। ਅਸਲ ਵਿਚ ਸਰਕਾਰ ਦੀ ਸ਼ਹਿ ਤੋਂ ਬਿਨਾਂ ਨਜ਼ਾਇਜ਼ ਕੰਮ ਕਰਨਾ ਮੁਸ਼ਕਲ ਹੀ ਨਹੀਂ ਅਸੰਭਵ ਸੀ। ਸਾਰੀਆਂ ਪਾਰਟੀਆਂ ਹੀ ਤਾਰੇ ਵਰਗੇ ਸਮਗਲਰ ਅਤੇ ਗੁੰਡੇ ਪਾਲ ਕੇ ਰੱਖਦੀਆਂ ਸਨ। ਲੋਕਾਂ ਨੂੰ ਸਾਫ਼ ਅਤੇ ਸੁੱਚਾ ਪ੍ਰਸ਼ਾਸ਼ਨ ਦੇਣ ਦੇ ਦਮਗਜ਼ੇ ਮਾਰਦੇ ਲੀਡਰਾਂ ਨੂੰ ਅਣਪੜ੍ਹ ਲੋਕ ਫਿਰ ਵੀ ਸਹਿਣ ਕਰੀ ਜਾਂਦੇ। ਉਹਨਾਂ ਵਿਚਾਰੇ ਲੋਕਾਂ ਦੀ ਆਪਣੀ ਸ਼ਖਸ਼ੀਅਤ ਹੀ ਐਨੀ ਕੁ ਸੀ ਕਿ ਕੋਈ ਮਾੜਾ ਮੋਟਾ ਤੁਰਦਾ ਫਿਰਦਾ ਬੰਦਾ ਉਹਨਾਂ ਦੇ ਘਰ ਗੋਡਾ ਨਿਵਾ ਜਾਂਦਾ ਤਾਂ ਉਹ ਲੋਕਾਂ ਵਿਚ ਆਪਣਾ ਰੁਤਬਾ ਉੱਚਾ ਹੋਇਆ ਸਮਝਦੇ। ਤਾਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਗੁਣ ਹੈ ਹੀ ਨਹੀਂ ਸੀ।

ਵੋਟਾਂ ਵਿਚ ਸਮੱਗਲਿੰਗ ਅਤੇ ਲੋਕਾਂ ਤੋਂ ਝੂਠ ਤੁਫਾਨ ਨਾਲ ਇਕੱਠਾ ਕੀਤਾ ਪੈਸਾ ਪਾਣੀ ਵਾਂਗ ਬੇਦਰਦੀ ਨਾਲ ਵਹਾਇਆ ਅਤੇ ਤਾਰਾ ਜਿੱਤ ਗਿਆ। ਅਸੈਂਬਲੀ ਵਿਚ ਜਾ ਜੇ ਤਾਰੇ ਨੇ ਕਦੇ ਕੋਈ ਗੱਲ ਕੀਤੀ ਹੀ ਨਹੀਂ ਸੀ। ਨਾ ਹੀ ਉਸ ਦੀ ਯੋਗਤਾ ਗੱਲ ਕਰਨ ਜੋਗੀ ਸੀ। ਪਰ ਤਾਰਾ ਐਮ ਐਲ ਏ ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਉਸ ਨੂੰ ਸਮੱਗਲਿੰਗ ਦੇ ਧੰਦੇ ਵਿਚ ਹੋਰ ਫ਼ਾਇਦਾ ਹੋ ਗਿਆ। ਤਾਰੇ ਲਈ ਇਸ ਪਦਵੀ ‘ਤੇ ਪਹੁੰਚਣਾ ਉਸ ਦੇ ਵੱਡੇ ਸੁਪਨਿਆਂ ਤੋਂ ਵੀ ਬਾਹਰ ਦੀ ਗੱਲ ਸੀ। ਹੁਣ ਤਾਰਾ ਆਪਣੇ ਆਪ ਨੂੰ ਸ਼ਕਤੀਸ਼ਾਲੀ ਮਹਾਂ ਬਲੀ ਸਮਝਦਾ।

ਇਸ ਮਹਾਂਬਲੀ ਬਣਨ ਵਿਚ ਵੀ ਤਾਰੇ ਦੀ ਕੋਈ ਯੋਗਤਾ ਨਹੀਂ ਸੀ। ਲੀਡਰ ਲੀਡਰਾਂ ਦੀਆਂ ਜੜ੍ਹਾਂ ਵਿਚ ਤੇਲ ਦੇਣ ਲਈ ਹਰ ਕੋਸ਼ਿਸ਼ ਕਰਦੇ। ਜਿਸ ਲੀਡਰ ਤੋਂ ਮਾੜਾ ਮੋਟਾ ਖਤਰਾ ਪੈਦਾ ਹੁੰਦਾ ਉਹ ਕੱਲ੍ਹ ਨੂੰ ਕੁਰਸੀ ਨੂੰ ਹੱਥ ਪਾ ਸਕਦਾ ਹੈ ਤਾਂ ਲੂੰਬੜ ਚਾਲਾਂ ਨਾਲ ਉਸ ਦੀ ਤਾਕਤ ਨੂੰ ਘਟਾਉਣ ਦਾ ਹੀਲਾ ਵਸੀਲਾ ਬਨਾਉਣ ਦੇ ਯਤਨ ਸ਼ੁਰੂ ਹੋ ਜਾਂਦੇ ਹਨ। ਤਾਰੇ ਦੇ ਇਲਾਕੇ ਵਿਚ ਵੀ ਅਜਿਹਾ ਲੀਡਰ ਸੀ ਜਿਸ ਦਾ ਕੱਦ ਬੁੱਤ ਵਾਹਵਾ ਉੱਚਾ ਸੀ। ਪਾਰਟੀ ਲੀਡਰ ਨੇ ਤਾਰੇ ਨੂੰ ਥੋੜੀ ਤਾਕਤ ਹੋਰ ਦੇ ਕੇ ਉਸ ਦੇ ਪਰ ਕੁਤਰਨ ਦੀ ਕੋਸ਼ਿਸ਼ ਕੀਤੀ। ਜਿਹੜਾ ਵੀ ਕੋਈ ਕੰਮ ਹੁੰਦਾ ਤਾਂ ਤਾਰਾ ਹਿੱਕ ਵਿਚ ਹੱਥ ਮਾਰਦਾ ਅਤੇ ਕੁਝ ਕੁ ਕੰਮ ਹੋ ਵੀ ਜਾਂਦੇ।

ਲੋਕਾਂ ਦੇ ਬਹੁਤੇ ਕੰਮ ਥਾਣੇ ਆਦਿ ਵਿਚ ਹੀ ਹੁੰਦੇ ਅਤੇ ਤਾਰੇ ਦਾ ਵੈਸੇ ਵੀ ਥਾਣੇਦਾਰਾਂ ਨਾਲ ਵਾਹ ਪਿਆ ਰਹਿੰਦਾ। ਸਮਗਲਰ ਵਾਸਤੇ ਤਾਂ ਪੁਲਸ ਦੀ ਚਾਪਲੂਸੀ ਨਹਾਇਤ ਜ਼ਰੂਰੀ ਸੀ। ਕੁਝ ਤਾਰਾ ਝੂਠ ਦਾ ਕੰਮ ਕਰਦਿਆਂ ਝੂਠ ਮਾਰਨ ਵਿਚ ਮਾਹਰ ਵੀ ਹੋ ਗਿਆ। ਜੇ ਕਿਸੇ ਨੇ ਟੈਲੀਫੋਨ ਕਰਨਾ ਤਾਂ ਤਾਰੇ ਨੇ ਅਜਿਹਾ ਜਵਾਬ ਦੇਣਾ ਕਿ ਉਸ ਦੀ ਮਹੱਤਤਾ ਵਿਚ ਵਾਧਾ ਹੋਵੇ। ਭਾਂਵੇਂ ਇਹ ਵਕਤੀ ਹੀ ਹੋਵੇ।

"ਮੈਂ ਤਾਂ ਹੁਣ ਮੁਖ ਮੰਤਰੀ ਨੂੰ ਮਿਲਣ ਚੰਡੀਗੜ੍ਹ ਚੱਲਿਆ। ਮੁਖ ਮੰਤਰੀ ਦਾ ਫੋਨ ਆਇਆ ਸੀ। ਕੋਈ ਜ਼ਰੂਰੀ ਮੀਟਿੰਗ ਆ ਪਾਲਟੀ(ਪਾਰਟੀ) ਦੀ।" ਸੁਣਨ ਵਾਲੇ ਨੂੰ ਲਗਦਾ ਜਿਵੇਂ ਮੁਖ ਮੰਤਰੀ ਤਾਰੇ ਦੀ ਰਾਇ ਲਏ ਬਿਨਾਂ ਪਾਣੀ ਵੀ ਨਾ ਪੀਂਦਾ ਹੋਵੇ। ਭੋਲੇ ਲੋਕ ਤਾਰੇ ਦੀਆਂ ਅਜਿਹੀਆਂ ਮਾਅਰਕੇ ਦੀਆਂ ਗੱਲਾ ਕਰਕੇ ਉਸ ਦੀ ਚਾਪਲੂਸੀ ਕਰਦੇ।

ਲੋਕਾਂ ਨਾਲ ਮਿਲਣਾ ਵਰਤਣਾ ਤਾਰਾ ਆਪਣੀ ਸਫ਼ਲਤਾ ਦੀ ਕੁੰਜੀ ਸਮਝਦਾ। ਲੋਕਾਂ ਦੇ ਵਿਆਹ ਮੰਗਣੇ ਅਤੇ ਮਰਨੇ ਪਰਨੇ ਸਮੇਂ ਤਾਰਾ ਜ਼ਰੂਰ ਹਾਜ਼ਰੀ ਭਰਦਾ। ਲੋਕਾਂ ਦਾ ਸੁਭਾਅ ਹੀ ਅਜਿਹਾ ਬਣ ਗਿਆ ਸੀ ਕਿ ਹਰ ਕੋਈ ਆਪਣੇ ਆਪ ਨੂੰ ਸਮਾਜ ਵਿਚ ਮਹੱਤਵਪੂਰਨ ਸਾਬਤ ਕਰਨ ਲਈ ਕਿਸੇ ਨਾ ਕਿਸੇ ਸਿਆਸੀ ਲੀਡਰ ਨੂੰ ਅਜਿਹੇ ਮੌਕਿਆਂ 'ਤੇ ਸਿਫ਼ਾਰਸ਼ਾਂ ਨਾਲ ਸੱਦਣ ਦੀ ਕੋਸ਼ਿਸ਼ ਕਰਦਾ। ਕੋਈ ਅਖੰਡਪਾਠ ਉਦੋਂ ਤੱਕ ਸੰਪੂਰਨ ਨਹੀਂ ਗਿਣਿਆ ਜਾਂਦਾ ਜਦੋਂ ਤੱਕ ਕੋਈ ਮਾੜਾ ਮੋਟਾ ਝੂਠਾ ਸੱਚਾ ਲੀਡਰ ਸ਼ਾਮਲ ਨਾ ਹੋਵੇ। ਤਾਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਕੰਮ ਹੀ ਨਹੀਂ ਸੀ। ਸੋ ਤਾਰਾ ਸਸਤੇ ਸਿਆਸੀ ਹੱਥ ਕੰਡਿਆਂ ਦਾ ਮਾਹਰ ਆਪਣੇ ਇਲਾਕੇ ਵਿਚ ਲੋੜੀਂਦੀ ਸ਼ਾਖ ਬਣਾਈ ਆਉਂਦਾ ਸੀ। ਇਹ ਸ਼ਾਖ ਉਸ ਦੇ ਨਜ਼ਾਇਜ਼ ਕੰਮਾਂ ਅਤੇ ਸਿਆਸੀ ਜ਼ਿੰਦਗੀ ਲਈ ਬਹੁਤ ਜ਼ਰੂਰੀ ਵੀ ਸੀ।

ਗੁਰਾ ਸਤਿਵੀਰ ਨੂੰ ਨਾਲ ਲੈ ਕੇ ਤਾਰੇ ਦੀ ਕੋਠੀ ਪਹੁੰਚ ਗਿਆ। ਚੰਗੇ ਜਾਂ ਮਾੜੇ ਭਾਗੀਂ ਤਾਰਾ ਕੋਠੀ ਵਿਚ ਨਹੀਂ ਸੀ। ਉਸ ਦ ਮੁੰਡਾ ਕਿੰਦਾ ਧੁੱਪੇ ਮੰਜੇ 'ਤੇ ਅੱਧ-ਲੇਟਿਆ ਜਿਹਾ ਪਿਆ ਸੀ। ਉਹਨਾਂ ਨੂੰ ਵੇਖ ਕੇ ਉਹ ਪਹਿਲਾਂ ਤਾਂ ਹੈਰਾਨ ਜਿਹਾ ਹੋਇਆ। ਗੁਰੇ ਦਾ ਆਉਣਾ ਉਸ ਨੂੰ ਹੈਰਾਨ ਹੀ ਕਰ ਸਕਦਾ ਸੀ। ਗੁਰਾ ਕਦੇ ਕਿਸੇ ਸਿਆਸੀ ਰੌਲੇ ਰੱਪੇ ਜਾਂ ਪੱਖ ਪਾਤ ਵਿਚ ਆਇਆ ਹੀ ਨਹੀਂ ਸੀ। ਗੁਰੇ ਦੇ ਨਾਲ ਸਤਿਵੀਰ ਨੂੰ ਵੇਖ ਕੇ ਉਹ ਬਹੁਤ ਕੁਝ ਸੋਚਣ ਲੱਗਾ। ਉਸ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਗੁਰੇ ਨਾਲ ਇਹ ਸ਼ੋਕਰਾ ਕਿਹੜਾ ਹੋ ਸਕਦਾ ਸੀ! ਉਹ ਕਦੇ ਸਤਿਵੀਰ ਨੂੰ ਮਿਲਿਆ ਨਹੀਂ ਸੀ।

"ਉਹ ਗੁਰਿਆ ਬਾਈ ਤੂੰ ਕਿਵੇਂ ਅੱਜ ਰਾਹ ਭੁਲ ਗਿਆਂ।"

"ਬੱਸ ਬਾਈ ਅੱਜ ਐਥੇ ਸ਼ਹਿਰ ਆਏ ਸੀ। ਮੈਂ ਸੋਚਿਆ ਬਾਈ ਨੂੰ ਮਿਲ ਚੱਲੀਏ।" ਗੁਰੇ ਨੇ ਹੱਥ ਮਿਲਾਇਆ ਅਤੇ ਉਹ ਕੁਰਸੀਆਂ 'ਤੇ ਬੈਠ ਗਏ।

"ਹੋਰ ਸੁਣਾ ਪਿੰਡ ਦਾ ਕੀ ਹਾਲ ਐ। ਘਰ ਪ੍ਰੀਵਾਰ ਠੀਕ ਆ।"

"ਪਿੰਡ ਉਹੋ ਜਿਆ ਈ ਆ ਤੇ ਘਰ ਪ੍ਰਵਾਰ 'ਚ ਵੀ ਬਹੁਤਾ ਫਰਕ ਨਹੀਂ ਪਿਆ।" ਸਤਿਵੀਰ ਨੇ ਬੇਅਰਾਮੀ ਜਿਹੀ ਨਾਲ ਐਧਰ ਉੱਧਰ ਵੇਖਿਆ। ਇਕ ਪਾਸੇ ਵਿਹੜੇ ਵਿਚ ਕਾਰ ਖੜ੍ਹੀ ਸੀ। ਇਕ ਸਿਪਾਹੀ ਵੀ ਦਰਵਾਜ਼ੇ ਵਿਚ ਬੈਠਾ ਸੀ। ਇਹ ਤਾਰੇ ਦੀ ਰੱਖਿਆ ਲਈ ਸਰਕਾਰ ਨੇ ਤਾਰੇ ਨੂੰ ਦਿੱਤਾ ਹੋਇਆ ਸੀ। ਜਨਾਨੀਆਂ ਨਿਆਣਿਆਂ ਨੂੰ ਖੇਡਣ ਖਿਡਾਉਣ ਵਿਚ ਲੱਗੀਆਂ ਹੋਈਆਂ ਸਨ। ਉਹਨਾਂ ਨੂੰ ਹੋਰ ਕਰਨ ਲਈ ਕੋਈ ਕੰਮ ਵੀ ਨਹੀਂ ਸੀ।

"ਉਏ ਹੀਰਿਆ ਚਾਹ ਬਣਾ।" ਕਿੰਦੇ ਨੇ ਹੋਕਰਾ ਮਾਰਿਆ।

"ਨਈ ਬਾਈ ਕਿਸੇ ਚੀਜ਼ ਦੀ ਲੋੜ ਨੀ।" ਗੁਰੇ ਨੇ ਰਸਮੀ ਜਿਹੀ ਨਾਂਹ ਨੁੱਕਰ ਕਰਨੀ ਆਪਣਾ ਫਰਜ਼ ਸਮਝਿਆ। ਵੈਸੇ ਉਹਦਾ ਚਾਹ ਪੀਣ ਨੂੰ ਮਨ ਕਰਦਾ ਸੀ।

"ਆਹ ਬਾਈ ਨੂੰ ਨੀ ਮੈਂ ਪਛਾਣਿਆ!" ਕਿੰਦਾ ਬੈਠਾ ਸਤਿਵੀਰ ਬਾਰੇ ਆਪਣੇ ਮਨ ਵਿਚ ਸੋਚਦਾ ਰਿਹਾ ਸੀ। ਉਸ ਨੂੰ ਕੋਈ ਸਮਝ

ਨਾ ਲੱਗੀ ਸਤਿਵੀਰ ਕੌਣ ਸੀ!

"ਇਹ ਅਗੰਲੈਂਡ ਤੋਂ ਆਇਆ ਚਾਚੇ ਮੀਕੇ ਦਾ ਮੁੰਡਾ ਸਤਿਵੀਰ।" ਗੁਰੇ ਨੇ ਸਤਿਵੀਰ ਵੱਲ ਵੇਖਦਿਆਂ ਸਧਾਰਨ ਜਵਾਬ ਦਿੱਤਾ।

ਕਿੰਦਾ ਪਹਿਲਾਂ ਅੱਧਾ ਕੁ ਪਿਆ ਸੀ। ਸੁਣ ਕੇ ਉਹ ਚੁਸਤ ਹੋ ਕੇ ਮੰਜੇ 'ਤੇ ਬੈਠ ਗਿਆ। ਉਸ ਦੇ ਚਿੱਤ ਚੇਤੇ ਵੀ ਨਹੀਂ ਸੀ ਮੀਕੇ ਦੇ ਪ੍ਰੀਵਾਰ ਦਾ ਕੋਈ ਮੈਂਬਰ ਉਹਨਾਂ ਦੀ ਦੇਹਲੀ ਚੜ੍ਹ ਸਕਦਾ। ਉਹ ਆਪਣੇ ਮਨ ਦੇ ਘੋੜੇ ਨੂੰ ਕਈ ਪਾਸੀਂ ਦੜਾਉਣ ਲੱਗਾ। ਨਾਲੋ ਨਾਲ ਉਹ ਸਤਿਵੀਰ ਨਾਲ ਮਿੱਠਾ ਪਿਆਰਾ ਹੋਣ ਦਾ ਢੌਂਗ ਵੀ ਰਚਣ ਲੱਗਾ।

"ਛੋਟੇ ਭਾਈ ਮੈਂ ਤਾਂ ਪਛਾਂਣਿਆ ਈ ਨੀ।" ਕਿੰਦੇ ਨੇ ਉੱਠ ਕੇ ਸਤਿਵੀਰ ਨਾਲ ਚਾਅ ਨਾਲ ਹੱਥ ਮਿਲਾਇਆ। ਸਤਿਵੀਰ ਨੂੰ ਇਸ ਅਚਾਨਕ ਹੇਜ ਦੀ ਸਮਝ ਨਾ ਆਈ। ਉਸ ਨੇ ਖੁੱਲੀ ਮੁਸਕਰਾਹਟ ਨਾਲ ਕਿੰਦੇ ਨਾਲ ਹੱਥ ਮਿਲਾਇਆ। ਹੀਰੇ ਨੇ ਚਾਹ ਲਿਆ ਰੱਖੀ।

"ਉਹ ਕੋਈ ਬੰਦਾ ਕਵੰਦਾ ਵੇਖ ਲਿਆ ਕਰ। ਕੋਈ ਬਿਸਕੁਟ ਬਗੈਰਾ ਲਿਆਉਣੇ ਸੀ।" ਕਿੰਦੇ ਨੇ ਸਤਿਵੀਰ ਨੂੰ ਆਪਣੀ ਆਉ ਭਗਤ ਦਾ ਸਬੂਤ ਦਿੱਤਾ। ਸਤਿਵੀਰ ਇਸ ਸਭ ਕੁਝ ਤੋਂ ਨਿਰਲੇਪ ਜਿਹਾ ਬੈਠਾ ਸੀ। ਉਹ ਮਨ ਵਿਚ ਸੋਚ ਰਿਹਾ ਸੀ ਗੁਰਾ ਕਦੋਂ ਅਤੇ ਕਿਵੇਂ ਅਸਲੀ ਗੱਲ ਵੱਲ ਆਉਂਦਾ।

ਗੁਰਾ ਆਪਣੀ ਥਾਂ 'ਤੇ ਪ੍ਰੇਸ਼ਾਨ ਬੈਠਾ ਸੀ। ਉਸ ਨੇ ਕਦੇ ਕਿਸੇ ਕਿਸਮ ਦੀ ਨਜ਼ਾਇਜ਼ ਚੀਜ਼ ਖਰੀਦੀ ਨਹੀਂ ਸੀ। ਉਸਨੂੰ ਕਿੰਦੇ ਕੋਲੋਂ ਕੋਕੇਨ ਬਾਰੇ ਪੁੱਛਣ ਤੋਂ ਝਿਜਕ ਆ ਰਹੀ ਸੀ। ਅੰਦਰੇ ਅੰਦਰ ਉਸ ਨੂੰ ਡਰ ਸੀ ਕਿਤੇ ਕਿੰਦਾ ਉਸ ਦੇ ਗਲ ਹੀ ਨਾ ਪੈ ਜਾਵੇ ਕਿ ਗੁਰਾ ਉਸ ਨੂੰ ਸਮਗਲਰ ਸਮਝਦਾ। ਭਾਂਵੇਂ ਸਾਰੇ ਇਲਾਕੇ ਨੂੰ ਇਹਨਾਂ ਦੀ ਖਸਲਤ ਦਾ ਪਤਾ ਸੀ। ਉਹ ਕਿੰਦੇ ਨਾਲ ਖਾਸ ਖੁੱਲ੍ਹਿਆ ਹੋਇਆ ਵੀ ਨਹੀਂ ਸੀ। ਇਹ ਸਾਰਾ ਕੁਝ ਉਸ ਨੇ ਪਹਿਲਾਂ ਸੋਚਿਆ ਨਹੀਂ ਸੀ। ਹੁਣ ਸਰਦੀ ਵਿਚ ਵੀ ਉਸ ਦਾ ਮੱਥੇ 'ਤੇ ਪਸੀਨਾ ਚਮਕਣ ਲੱਗਾ।

ਕਿੰਦਾ ਆਪਣੇ ਥਾਂ ਲੱਖਣ ਲਾਉਂਦਾ ਰਿਹਾ। ਉਸ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਗੁਰਾ ਕਿਸ ਕੰਮ ਲਈ ਆਇਆ ਹੋ ਸਕਦਾ ਸੀ! ਗੁਰੇ ਨਾਲ ਸਤਿਵੀਰ ਦਾ ਕੀ ਸਬੰਧ ਹੋਵੇਗਾ! ਗੁਰੇ ਦੀ ਕਿਸੇ ਤਰ੍ਹਾਂ ਵੀ ਸਤਿਵੀਰ ਦੇ ਪ੍ਰੀਵਾਰ ਨਾਲ ਨੇੜਤਾ ਦਾ ਉਸ ਨੂੰ ਪਤਾ ਨਹੀਂ ਸੀ। ਵੋਟਾਂ ਦੇ ਸਮੇਂ ਗੁਰਾ ਕਿਸੇ ਨਾਲ ਵੀ ਨਾ ਤੁਰਦਾ। ਕਦੇ ਗੁਰੇ ਦੇ ਪਿਉ ਨੇ ਕਿਸੇ ਪਾਸੇ ਹਿੱਸਾ ਨਹੀਂ ਲਿਆ ਸੀ। ਗੁਰਾ ਨਸ਼ੇ ਪੱਤੇ ਵਾਲਾ ਵੀ ਨਹੀਂ ਸੀ। ਕਿੰਦੇ ਨੇ ਤਾਂ ਕਦੇ ਗੁਰੇ ਨੂੰ ਸ਼ਰਾਬ ਪੀਂਦੇ ਨੂੰ ਵੀ ਨਹੀਂ ਸੀ ਵੇਖਿਆ। ਫਿਰ ਉਹਨਾਂ ਦਾ ਇੰਝ ਅਚਾਨਕ ਆਉਣਾ ਉਹ ਵੀ ਸਤਿਵੀਰ ਨਾਲ ਕਿੰਦੇ ਲਈ ਖਾਲੀ ਥਾਂਵਾਂ ਭਰਨ ਦਾ ਸਵਾਲ ਬਣਿਆ ਹੋਇਆ ਸੀ ਅਤੇ ਖਾਲੀ ਥਾਂਵਾਂ ਉਸ ਤੋਂ ਭਰੀਆਂ ਨਹੀਂ ਜਾ ਰਹੀਆਂ ਸਨ।

"ਗੁਰਿਆ ਦੱਸੋ ਕੋਈ ਕੰਮ ਆ ਤਾਂ। ਜਕਣ ਦੀ ਲੋੜ ਨੀ। ਆਪਣਾ ਈ ਘਰ ਐ।" ਕਿੰਦੇ ਨੇ ਗੁਰੇ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਪਤਾ ਸੀ ਕੋਈ ਕੰਮ ਜ਼ਰੂਰ ਸੀ ਜੋ ਉਹ ਦੱਸਣ ਤੋਂ ਝਿਜਕ ਰਿਹਾ ਸੀ ਅਤੇ ਕਿੰਦੇ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਰਿਹਾ ਸੀ।

"ਨਹੀਂ ਬਾਈ ਉਈਂ ਆਏ ਸੀ। ਚਲਦੇ ਆਂ ਫੇਰ।" ਗੁਰਾ ਖੜ੍ਹਾ ਹੋ ਗਿਆ। ਸਤਿਵੀਰ ਅੰਦਰੇ ਅੰਦਰ ਖਿੱਝ ਰਿਹਾ ਸੀ। ਉਸ ਨੂੰ ਵੀ ਸਮਝ ਨਹੀਂ ਆ ਰਹੀ ਸੀ ਗੁਰਾ ਪਿੰਡੋਂ ਆਇਆ ਵੀ ਅਤੇ ਹੁਣ ਕਿੰਦੇ ਨਾਲ ਗੱਲ ਕਰਨ ਤੋਂ ਝਿਜਕ ਰਿਹਾ ਸੀ। ਉਸ ਦਾ ਮਨ ਕੀਤਾ ਕਿ ਉਹ ਆਪ ਕਿੰਦੇ ਨਾਲ ਗੱਲ ਕਰ ਲਵੇ। ਐਨੇ ਚਿਰ ਨੂੰ ਕਿੰਦੇ ਨਾਲ ਹੱਥ ਮਿਲਾ ਕੇ ਗੁਰਾ ਤੁਰ ਪਿਆ। ਮਜ਼ਬੂਰਨ ਸਤਿਵੀਰ ਨੂੰ ਉਸ ਦੇ ਪਿੱਛੇ ਤੁਰਨਾ ਪਿਆ।

"ਤੂੰ ਉਹਦੇ ਕੋਲੋਂ ਪੁੱਛਿਆ ਕਿਉਂ ਨੀ!" ਸਤਿਵੀਰ ਨੇ ਮਾੜਾ ਜਿਹਾ ਖਿਝਿਆ ਸਵਾਲ ਕੀਤਾ।

"ਪਤਾ ਨੀ ਯਾਰ ਮੇਰੇ ਕੋਲੋਂ ਪੁੱਛ ਨੀ ਹੋਇਆ।" ਗੁਰੇ ਨੇ ਅਫਸੋਸੀ ਅਵਾਜ਼ ਵਿਚ ਉੱਤਰ ਦਿੱਤਾ। ਖਿਝਦਾ ਕ੍ਰਿਝਦਾ ਸਤਿਵੀਰ ਗੁਰੇ ਨਾਲ ਪਿੰਡ ਆ ਗਿਆ। ਮੋਹਨੇ ਦੀ ਥਾਂ ਅੱਜ ਟੈਕਸੀ ਉਹਨਾਂ ਨੇ ਅੱਡੇ ਵਿਚੋਂ ਲੈ ਲਈ ਸੀ। ਉਸ ਨਵੇਂ ਡਰਾਇਵਰ ਦੀ ਹਾਜ਼ਰੀ ਵਿਚ ਬਹੁਤੀ ਗੱਲ ਕਰ ਵੀ ਨਹੀਂ ਸਕਦੇ ਸਨ। ਪਿੰਡ ਪਹੁੰਚਣ ਤੱਕ ਉਹ ਤਕਰੀਬਨ ਚੁੱਪ ਜਿਹੇ ਹੀ ਰਹੇ। ਗੁਰੇ ਨੇ ਸੌਣ ਦਾ ਬਹਾਨਾ ਬਣਾਇਆ ਅਤੇ ਅੱਖਾਂ ਬੰਦ ਕਰਕੇ ਕਾਰ ਵਿਚ ਸੌਂ ਗਿਆ। ਪਿੰਡ ਆਏ ਤਾਂ ਗੁਰੇ ਦੀ ਕੰਮ ਵਾਲੀ ਦੁਕਾਨ 'ਤੇ ਜਾਣ ਦੀ ਥਾਂ ਉਹ ਪਿੰਡ ਦੇ ਸਕੂਲ ਵੱਲ ਚਲੇ ਗਏ। ਸਕੂਲ ਵਿਚ ਇਕ ਬਹੁਤ ਸੋਹਣਾ ਬਗੀਚਾ ਬਣਾਇਆ ਹੋਇਆ ਸੀ। ਮਾਲੀ ਨੂੰ ਫੁੱਲਾਂ ਅਤੇ ਬੂਟਿਆਂ ਨਾਲ ਦਿਲੋਂ ਪਿਆਰ ਸੀ। ਉਹ ਸਾਰਾ ਸਾਲ ਇਸ ਬਗੀਚੇ ਦੀ ਦੇਖ ਭਾਲ ਕਰਦਾ। ਕੋਈ ਕੋਈ ਕੋਮਲ ਭਾਵਨਾਵਾਂ ਦਾ ਪਾਰਖੂ ਇਸ ਦੀ ਸਿਫ਼ਤ ਕਰਦਾ ਮਾਲੀ ਨੂੰ ਵੀ ਸ਼ਾਬਾਸ਼ ਦੇ ਜਾਂਦਾ। ਮਾਲੀ ਐਨੇ ਨਾਲ ਖੁਸ਼ ਹੋ ਜਾਂਦਾ।

ਉਹ ਦੋਵੇਂ ਟਹਿਲਦੇ ਇਸ ਬਗੀਚੇ ਵਿਚ ਆ ਬੈਠੇ। ਥੋੜੇ ਜਿਹੇ ਨਸ਼ੇ ਅਤੇ ਕੁਝ ਹਾਲਾਤ ਨੇ ਦੋਵਾਂ ਤੋਂ ਹੀ ਫੁੱਲਾਂ ਦੀ ਸੁੰਦਰਤਾ ਵੇਖਣ ਜਾਂ ਖੁਸ਼ਬੋ ਸੁੰਘਣ ਦੀ ਸ਼ਕਤੀ ਖੋਹੀ ਹੋਈ ਸੀ। ਉਹਨਾਂ ਦੇ ਦਿਮਾਗਾਂ ਵਿਚ ਅੱਜ ਦੇ ਦਿਨ ਦੀਆਂ ਘਟਨਾਵਾਂ ਦੀ ਰੀਲ ਚੱਲ ਰਹੀ ਸੀ।

"ਤੂੰ ਉਹਤੋਂ ਚੀਜ਼ ਮੰਗੀ ਕਿਉਂ ਨੀ!" ਸਤਿਵੀਰ ਨੂੰ ਅਜੇ ਵੀ ਗੱਲ ਦੀ ਸਮਝ ਨਹੀਂ ਆਈ ਸੀ।

"ਛੱਡ ਯਾਰ ਤੂੰ ਜਿੰਨੇ ਦਿਨ ਐਥੇ ਐਂ ਤੇਰਾ ਕੰਮ ਚੱਲੀ ਜਾਊ। ਹੋਰ ਨੀ ਤਾਂ ਡੋਡੇ ਤਾਂ ਮਿਲ ਈ ਜਾਇਆ ਕਰਨਗੇ।" ਗੁਰੇ ਨੇ ਹਲਕੀ ਜਿਹੀ ਮੁਸਕਰਾਹਟ ਨਾਲ ਗੱਲ ਦੀ ਗੰਭੀਰਤਾ ਨੂੰ ਘਟਾਉਣ ਦਾ ਯਤਨ ਕੀਤਾ।

"ਮੈਂ ਤਾਂ ਨਾਲ ਲੈ ਕੇ ਜਾਣ ਬਾਰੇ ਸੋਚਦਾ ਸੀ।" ਸਤਿਵੀਰ ਨੇ ਤੋਲਵੇਂ ਸ਼ਬਦਾਂ ਨਾਲ ਕਿਹਾ ਅਤੇ ਗੁਰੇ ਵੱਲ ਪਾਰਖੂ ਨਜ਼ਰਾਂ ਨਾਲ ਵੇਖਿਆ।

"ਤੇਰਾ ਦਮਾਗ ਖਰਾਬ ਐ!" ਗੁਰੇ ਨੂੰ ਜਿਵੇਂ ਬਿਜਲੀ ਦਾ ਝਟਕਾ ਲੱਗਾ ਹੋਵੇ। ਉਹ ਉੱਠ ਕੇ ਖੜ੍ਹਾ ਹੋ ਗਿਆ।

"ਏਅਰਪਰਟ 'ਤੇ ਤਲਾਸ਼ੀ ਵਿਚ ਫੜਿਆ ਗਿਆ ਸਾਰੀ ਉਮਰ ਦਿੱਲੀ ਦੀ ਤਿਹਾੜ ਜੇਲ੍ਹ 'ਚ ਬੈਠਾ ਰਹੇਂਗਾ। ਇੰਡੀਆ ਦੀ ਪੁਲਸ ਦੀ ਕੁੱਟ ਦਾ ਤੈਨੂੰ ਪਤਾ ਨੀ। ਹੱਡੀਆਂ ਦਾ ਚੂਰਾ ਕਰ ਦਿੰਦੇ ਆ। ਨਾਲੇ ਤੂੰ ਸੋਚ ਜੇ ਫੜਿਆ ਗਿਆ ਤਾਂ ਬਾਬਾ ਜੀ ਦੀ ਸਾਰੀ ਇਲਾਕੇ ਵਿਚ ਕਿੰਨੀ ਬੇਇਜਤੀ ਹੋਊ! ਤੇਰੇ ਕੋਲ ਦਿਮਾਗ ਹੈਗਾ ਕਿ ਨਹੀਂ!" ਗੁਰੇ ਨੂੰ ਵਿਸ਼ਵਾਸ਼ ਨਹੀਂ ਆ ਰਿਹਾ ਸੀ ਕਿ ਸਤਿਵੀਰ ਕੱਲ੍ਹ ਦਾ ਸ਼ੋਕਰਾ ਐਡਾ ਵੱਡਾ ਰਿਸਕ ਲੈਣ ਦਾ ਮਨ ਬਣਾਈ ਬੈਠਾ ਸੀ। ਸਤਿਵੀਰ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ। ਉਸ ਕੋਲ ਜਵਾਬ ਹੈ ਹੀ ਨਹੀਂ ਸੀ। ਨਾ ਹੀ ਉਸ ਨੇ ਇਹਨਾਂ ਗੱਲਾਂ ਬਾਰੇ ਸੋਚਿਆ। ਗੁਰੇ ਦੀ ਕਿਸੇ ਵੀ ਗੱਲ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ।

"ਸੁਣ ਮੇਰੀ ਗੱਲ। ਚੁੱਪ ਕਰਕੇ ਵਾਪਿਸ ਚਲਾ ਜਾਹ।" ਗੁਰੇ ਨੇ ਉਸ ਨੂੰ ਪੂਰੇ ਵਿਸ਼ਵਾਸ਼ ਅਤੇ ਮਾਣ ਨਾਲ ਰਾਇ ਦਿੱਤੀ ਜਿਵੇਂ ਇਸ ਤੋਂ ਬਿਨਾਂ ਹੋਰ ਕੁਝ ਵੀ ਸਹੀ ਨਾ ਹੋਵੇ। ਸਤਿਵੀਰ ਚੁੱਪ ਚਾਪ ਘਰ ਚਲਾ ਗਿਆ ਅਤੇ ਗੁਰੇ ਦੇ ਦਿਮਾਗ ਵਿਚ ਇਹ ਗੱਲ ਬਾਤ ਸਾਰੀ ਰਾਤ ਖਰੂਦ ਕਰਦੀ ਰਹੀ। ਉਸ ਦਾ ਦਿਲ ਕੀਤਾ ਉਹ ਸਤਿਵੀਰ ਦੇ ਖਤਰਨਾਕ ਇਰਾਦੇ ਬਾਬਾ ਜੀ ਨਾਲ ਸਾਂਝੇ ਕਰੇ। ਫਿਰ ਉਸ ਨੇ ਇਰਾਦਾ ਬਦਲ ਲਿਆ। ਉਸ ਨੇ ਸੋਚਿਆ ਸਤਿਵੀਰ ਬਾਰੇ ਤਾਂ ਬਾਬਾ ਜੀ ਨੂੰ ਕੋਈ ਖਾਸ ਗਿਆਨ ਨਹੀਂ ਹੋਣਾ। ਨਾ ਉਸ ਦੇ ਨਸ਼ੇ ਦੀ ਆਦਤ ਬਾਰੇ ਅਤੇ ਨਾ ਉਸ ਦੇ ਇਰਾਦਿਆਂ ਬਾਰੇ। ਘਰਦਿਆਂ ਨੂੰ ਯਾਰ ਦੇ ਔਗਣ ਦੱਸਣਾ ਉਸ ਨੂੰ ਯਾਰੀ ਨੂੰ ਵੱਟਾ ਲਾਉਣ

ਵਾਲੀ ਗੱਲ ਲੱਗੀ। ਗੁਰੇ ਨੂੰ ਹੁਣ ਤੱਕ ਯਕੀਨ ਹੋ ਗਿਆ ਸੀ ਸਤਿਵੀਰ ਨਸ਼ਿਆਂ ਨੂੰ ਦੇਰ ਤੋਂ ਵਰਤਦਾ ਆ ਰਿਹਾ ਸੀ। ਉਹ ਸਾਰੀ ਰਾਤ ਫੈਸਲਾ ਨਾ ਕਰ ਸਕਿਆ ਕਿ ਸਤਿਵੀਰ ਨੂੰ ਸਮਝਾਉਣ ਤੋਂ ਬਿਨਾਂ ਹੋਰ ਕੀ ਕੀਤਾ ਜਾਵੇ ਸਕਦਾ! ਇੰਗਲੈਂਡ ਪਹੁੰਚਣ ਦਾ ਗੁਰੇ ਦਾ ਸੁਪਨਾ ਟੁੱਟਣ ਲੱਗਾ।

ਸ਼ਾਮ ਨੂੰ ਤਾਰਾ ਘਰ ਆਇਆ ਤਾਂ ਕਿੰਦੇ ਨੇ ਅੱਜ ਦੇ ਪ੍ਰਾਹੁਣਿਆਂ ਬਾਰੇ ਦੱਸਿਆ। ਤਾਰਾ ਹੈਰਾਨੀ ਨਾਲ ਕਿੰਦੇ ਵੱਲ ਵੇਖਦਾ ਡਰਨੇ ਵਾਂਗ ਧਰਤੀ ਵਿਚ ਗੱਡਿਆ ਗਿਆ। ਜਿਹੜੇ ਸਵਾਲ ਕਿੰਦੇ ਦੇ ਮਨ ਵਿਚ ਆਏ ਸਨ ਉਹੋ ਸਵਾਲ ਤਾਰੇ ਦੇ ਮਨ ਵਿਚ ਆਏ। ਉਸ ਨੂੰ ਵੀ ਉਹਨਾਂ ਦੇ ਆਉਣ ਦਾ ਕੋਈ ਕਾਰਨ ਸਮਝ ਨਾ ਆਇਆ। ਚਾਹ ਦਾ ਘੁੱਟ ਪੀਂਦਿਆਂ ਉਹ ਭਾਵੇਂ ਆਏ ਹੋਰ ਕੰਮ ਧੰਦੇ ਵਾਲੇ ਲੋਕਾਂ ਨਾਲ ਗੱਲਾਂ ਕਰਦਾ ਰਿਹਾ ਪਰ ਉਸ ਦੇ ਦਿਮਾਗ ਵਿਚ ਮੀਕੇ ਦਾ ਮੁੰਡਾ ਘੁੰਮ ਰਿਹਾ ਸੀ।

ਰਾਤ ਨੂੰ ਮੋਟੇ ਮਾਲਟੇ ਦੀ ਸ਼ਰਾਬ ਦੇ ਪੈਗ ਪੀਂਦਿਆਂ ਅਤੇ ਹੋਰ ਲੋਕਾਂ ਨਾਲ ਗੱਲਾਂ ਬਾਤਾਂ ਕਰਦਿਆਂ ਵੀ ਤਾਰੇ ਦੇ ਮਨ ਵਿਚ ਕਦੇ ਕਦੇ ਮੀਕੇ ਦੇ ਮੁੰਡੇ ਦਾ ਕਾਲਪਨਿਕ ਚਿਹਰਾ ਉੱਭਰ ਆਉਂਦਾ ਜਿਸ ਨੂੰ ਉਸ ਨੇ ਵੇਖਿਆ ਨਹੀਂ ਸੀ। ਰਾਤ ਨੂੰ ਸ਼ਰਾਬ ਦੇ ਨਸ਼ੇ ਵਿਚ ਤਾਰਾ ਚੈਨ ਦੀ ਨੀਂਦ ਸੁੱਤਾ ਰਿਹਾ। ਸਵੇਰ ਦੇ ਤਿੰਨ ਕੁ ਵਜੇ ਉਸ ਨੂੰ ਪਿਆਸ ਲੱਗੀ ਤਾਂ ਉਸ ਨੇ ਕੋਲ ਪਏ ਪਾਣੀ ਦੇ ਜੱਗ ਨੂੰ ਮੂੰਹ ਲਾ ਕੇ ਪਾਣੀ ਪੀਤਾ। ਉਸ ਬਾਅਦ ਤਾਂ ਜਿਵੇਂ ਉਸ ਦੀ ਨੀਂਦ ਖੰਭ ਲਾ ਕੇ ਉੱਡ ਗਈ ਸੀ। ਉਹ ਫਿਰ ਉਸ ਅਣਸੁਲਝੇ ਸਵਾਲ ਵਿਚ ਫਸ ਗਿਆ। ਮੀਕੇ ਦੇ ਪ੍ਰੀਵਾਰ ਨਾਲ ਪੁਰਾਣੇ ਚੰਗੀ ਸਾਂਝ ਵਾਲੇ ਰਿਸ਼ਤੇ ਵੀ ਉਸ ਦਾ ਮੂੰਹ ਚੜਾਉਂਦੇ ਰਹੇ।

ਹਾਜ਼ਰੀ ਰੋਟੀ ਖਾਂਦਿਆਂ ਉਸ ਨੇ ਕਿੰਦੇ ਨੂੰ ਅਵਾਜ਼ ਮਾਰੀ। ਤਾਰਾ ਮਹਿਸੂਸ ਕਰ ਰਿਹਾ ਸੀ ਜੇ ਉਹ ਘਰ ਹੁੰਦਾ ਤਾਂ ਕਿਸੇ ਗੱਲ ਦਾ ਸ਼ਾਇਦ ਪਤਾ ਲਗਾ ਲੈਂਦਾ। ਮੁੰਡੇ 'ਤੇ ਉਸ ਨੂੰ ਬੇ-ਵਜ੍ਹਾ ਹੀ ਗੁੱਸਾ ਆਉਂਦਾ। ਬਰਾਬਰ ਦੇ ਮੁੰਡੇ ਨੂੰ ਕੁਝ ਕਹਿਣ ਦੀ ਥਾਂ ਤਾਰਾ ਗੁੱਸੇ ਨੂੰ ਅੰਦਰੇ ਨੱਪ ਘੁੱਟ ਲੈਂਦਾ। ਉਸ ਦਾ ਖਿੱਝਿਆ ਖਿੱਝਿਆ ਮੂੰਹ ਹੋਣ ਕਰਕੇ ਸਾਰੇ ਹੀ ਉਸ ਨਾਲ ਕੋਈ ਵੀ ਗੱਲ ਕਰਨ ਤੋਂ ਝਿਜਕ ਰਹੇ ਸਨ।

"ਕਿੰਦਿਆ ਤੂੰ ਪਿੰਡ ਜਾਹ ਤੇ ਗੁਰੇ ਤੋਂ ਪਤਾ ਕਰ ਬਈ ਅਸਲ 'ਚ ਕੰਮ ਕੀ ਸੀ! ਦਾਲ 'ਚ ਕੁਸ ਕਾਲਾ ਜ਼ਰੂਰ ਆ।" ਕੁਰਲੀ ਕਰੇ ਬਿਨਾਂ ਗਲਾਸ ਵਾਲੇ ਪਾਣੀ ਨਾਲ ਹੱਥ ਧੋਂਦਿਆਂ ਤਾਰੇ ਨੇ ਸੋਚਵਾਨ ਸੁਰ ਵਿਚ ਕਿੰਦੇ ਨੂੰ ਕਿਹਾ।

"ਕੱਲ੍ਹ ਕਈ ਵਾਰ ਪੁੱਛਿਆ ਸੀ ਪਰ ਕੋਈ ਰਾਹ ਜਿਆ ਨੀ ਦਿੱਤਾ ਉਹਨਾਂ ਨੇ।" ਕਿੰਦੇ ਦੇ ਖਿਆਲ ਵਿਚ ਪਿੰਡ ਜਾਣ ਵਾਲੀ ਗੱਲ ਦਾ ਕੋਈ ਮਤਲਬ ਨਹੀਂ ਸੀ। ਦੂਜੀ ਗੱਲ ਉਹ ਤਾਰੇ ਨੂੰ ਦੱਸਣੀ ਨਹੀਂ ਚਾਹੁੰਦਾ ਸੀ। ਉਸ ਨੇ ਤਾਰੇ ਤੋਂ ਬਾਹਰ ਬਾਹਰ ਡੋਡਿਆਂ ਦੀ ਭੁੱਕੀ ਦਾ ਸੌਦਾ ਕਿਸੇ ਪਾਰਟੀ ਨਾਲ ਕੀਤਾ ਸੀ। ਉਸ ਪਾਰਟੀ ਨੇ ਅੱਜ ਮਾਲ ਲੈਣ ਆਉਣ ਦਾ ਵਾਇਦਾ ਕੀਤਾ ਹੋਇਆ ਸੀ। ਕਿੰਦਾ ਹਰ ਹਾਲਤ ਵਿਚ ਘਰ ਰਹਿਣਾ ਚਾਹੁੰਦਾ ਸੀ। ਤਾਰੇ ਨੇ ਤਾਂ ਉਸ ਨੂੰ ਪਤਾ ਸੀ ਕਿ ਕਿਸੇ ਨਾ ਕਿਸੇ ਪਾਸੇ ਬਾਹਰ ਨਿਕਲ ਜਾਣਾ ਸੀ।

"ਠੀਕ ਆ ਜੇ ਕੱਲ੍ਹ ਨੀ ਪਤਾ ਲੱਗਿਆ ਤਾਂ ਅੱਜ ਲੱਗ ਜੂ। ਨਾਲੇ ਪਤਾ ਕਰੀਂ ਬਈ ਮੀਕੇ ਦੇ ਮੁੰਡੇ ਨੇ ਕਿੰਨੇ ਕੁ ਦਿਨ ਰਹਿਣਾ ਪਿੰਡ! ਜੇ ਸੂਤ ਲੱਗੇ ਤਾਂ ਬਦਲਾ ਲੈਣ ਦਾ ਮੌਕਾ ਐ।" ਕਿੰਦੇ ਨੇ ਇਸ ਪਾਸੇ ਸੋਚਿਆ ਹੀ ਨਹੀਂ ਸੀ। ਜੇ ਮੀਕੇ ਦੇ ਮੁੰਡੇ ਨੂੰ ਕਿਸੇ ਪੰਗੇ ਵਿਚ ਫਸਾਇਆ ਜਾਵੇ ਤਾਂ ਆਪੇ ਸੇਕ ਲੱਗੂ। ਕਿੰਦਾ ਵੀ ਸੋਚ ਗਿਆ।

"ਠੀਕ ਆ ਮੈਂ ਜਾ ਆਊਂ।"

ਕਿੰਦੇ ਨੇ ਪਾਰਟੀ ਨੂੰ ਫੋਨ ਕੀਤਾ ਅਤੇ ਸਮਾਂ ਨਿਸ਼ਚਤ ਕਰ ਲਿਆ। ਉਸ ਨੇ ਰਾਤ ਪਿੰਡ ਰਹਿ ਕੇ ਗੁਰੇ ਨਾਲ ਸ਼ਾਮ ਨੂੰ ਖਾਣ

ਪੀਣ ਦਾ ਪ੍ਰੋਗਰਾਮ ਸੋਚ ਲਿਆ। ਖਾਂਦਿਆਂ ਪੀਂਦਿਆਂ ਕੋਈ ਨਾ ਕੋਈ ਗੱਲ ਪਤਾ ਲੱਗਣ ਦੀ ਉਮੀਦ ਸੀ। ਸ਼ਾਮ ਤੱਕ ਕਿੰਦਾ ਗੱਲ ਬਾਤ ਦੀਆਂ ਕਈ ਸਕੀਮਾਂ ਬਣਾਉਂਦਾ ਢਾਹੁੰਦਾ ਰਿਹਾ। ਭੁੱਕੀ ਵਾਲੀ ਪਾਰਟੀ ਤੋਂ ਪੈਸੇ ਲੈ ਕੇ ਉਹ ਨੋਟਾਂ ਦੀ ਜੇਬ ਭਰੀ ਪੂਰੇ ਉਤਸ਼ਾਹ ਨਾਲ ਸ਼ਾਮ ਦੀ ਉਡੀਕ ਕਰਨ ਲੱਗਾ।

ਕਿੰਦਾ ਸ਼ਾਮ ਨੂੰ ਦਿਨ ਦੇ ਛਿਪਾ ਨਾਲ ਪਿੰਡ ਪਹੁੰਚ ਗਿਆ। ਅੱਡੇ ਵਿਚ ਹੀ ਉਸ ਨੇ ਜੀਪ ਰੋਕ ਕੇ ਗੁਰੇ ਦਾ ਦੁਕਾਨ ‘ਤੇ ਪਤਾ ਕੀਤਾ। ਗੁਰੇ ਦੀ ਥਾਂ ਦੁਕਾਨ ਦਾ ਮਾਲਕ ਮਲਕੀਤ ਸਿੰਘ ਆਪ ਦੁਕਾਨ ‘ਤੇ ਖੜ੍ਹਾ ਸੀ। ਕਿੰਦੇ ਨੂੰ ਪਤਾ ਸੀ ਮਲਕੀਤ ਉਹਨਾਂ ਦਾ ਕੱਟੜ ਵਿਰੋਧੀ ਸੀ। ਮਲਕੀਤ ਨੂੰ ਕਿੰਦਾ ਇੰਝ ਮਿਲਿਆ ਜਿਵੇਂ ਉਸ ਦਾ ਖਾਸ ਮਿੱਤਰ ਹੋਵੇ। ਤਾਰੇ ਤੋਂ ਕਿੰਦੇ ਨੇ ਵੀ ਕਿਸੇ ਹੱਦ ਤੱਕ ਇਹ ਸਿਆਸੀ ਗੁਣ ਗ੍ਰਹਿਣ ਕਰ ਲਿਆ ਸੀ ਕਿ ਮੂੰਹ ਤੋਂ ਮਿੱਠੇ ਰਹਿਣਾ ਅਤੇ ਵਿਰੋਧੀ ਨੂੰ ਮੌਕਾ ਲਗਦੇ ਹੀ ਬੇਦਰਦੀ ਨਾਲ ਮਾਰ ਦੇਣਾ। ਮਲਕੀਤ ਨੂੰ ਵੀ ਉਹਨਾਂ ਦੀ ਸਿਆਸਤ ਦਾ ਪਤਾ ਸੀ। ਉਹ ਸ਼ਰੇਆਮ ਕਹਿੰਦਾ ਤਾਰੇ ਕਾ ਲਾਣਾ ਭਾਂਵੇਂ ਪੁੱਤ ਦੇ ਸਿਰ ‘ਤੇ ਹੱਥ ਰੱਖ ਕੇ ਸੌਂਹ ਖਾ ਲਵੇ। ਮੌਕਾ ਆਉਣ ‘ਤੇ ਉਹ ਆਪਦੀ ਖੁਦਗਰਜ਼ੀ ਨੂੰ ਅੱਗੇ ਰੱਖ ਕੇ ਵਾਰ ਕਰਨਗੇ। ਅੱਜ ਜਦ ਕਿੰਦੇ ਨੇ ਗੁਰੇ ਬਾਰੇ ਪੁੱਛਿਆ ਤਾਂ ਮਲਕੀਤ ਨੂੰ ਵੀ ਚੌਂਧੀ ਜਿਹੀ ਲੱਗ ਗਈ। ਕਿੰਦੇ ਦਾ ਗੁਰੇ ਨਾਲ ਕੀ ਕੰਮ ਹੋ ਸਕਦਾ ਸੀ!

ਇਸ ਤੋਂ ਪਹਿਲਾਂ ਕਿ ਕਿੰਦਾ ਗੁਰੇ ਨੂੰ ਲੱਭਦਾ ਮਲਕੀਤ ਨੇ ਸਕੂਟਰ ‘ਤੇ ਮੁੰਡਾ ਭੇਜ ਕੇ ਗੁਰੇ ਨੂੰ ਦੁਕਾਨ ‘ਤੇ ਸੱਦ ਲਿਆ। ਅਜੇ ਤੱਕ ਮਲਕੀਤ ਨੂੰ ਗੁਰੇ ਅਤੇ ਸਤਿਵੀਰ ਵਿਚਲੇ ਖਾਣ ਪੀਣ ਦੇ ਰਿਸ਼ਤੇ ਬਾਰੇ ਕੋਈ ਪਤਾ ਨਹੀਂ ਸੀ। ਉਸ ਨੇ ਸਤਿਵੀਰ ਨੂੰ ਗੁਰੇ ਕੋਲ ਖੜ੍ਹੇ ਖੜੋਤੇ ਨੂੰ ਕਈ ਵਾਰ ਵੇਖਿਆ ਜ਼ਰੂਰ। ਉਸ ਨੇ ਇਸ ਬਾਰੇ ਕੋਈ ਵਹਿਮ ਨਹੀਂ ਕੀਤਾ ਸੀ। ਮਲਕੀਤ ਅਤੇ ਮੀਕਾ ਕਦੇ ਇਕੱਠੇ ਪੜ੍ਹਦੇ ਰਹੇ ਸਨ। ਹੁਣ ਵੀ ਜਦ ਮੀਕਾ ਆਉਂਦਾ ਉਹ ਗੱਪ ਸ਼ੱਪ ਲਾ ਲੈਂਦੇ। ਪ੍ਰੀਵਾਰਕ ਸਬੰਧ ਵੀ ਬਹੁਤ ਚੰਗੇ ਸਨ।

ਗੁਰਾ ਆਇਆ ਤਾਂ ਮਲਕੀਤ ਗੁਰੇ ਨੂੰ ਦੁਕਾਨ ਦੇ ਪਿੱਛੇ ਲੈ ਗਿਆ।

“ਤੈਨੂੰ ਕਿੰਦਾ ਲਭਦਾ ਫਿਰਦਾ ਸੀ। ਉਹਦੇ ਨਾਲ ਤੇਰੀ ਕਦੋਂ ਕੁ ਦੀ ਲਿਹਾਜ ਐ!” ਮਲਕੀਤ ਦੀਆਂ ਚੋਭਵੀਆਂ ਨਜ਼ਰਾਂ ਅਤੇ ਸਖ਼ਤ ਚਿਹਰੇ ਨੇ ਗੁਰੇ ਨੂੰ ਨੀਵੀਂ ਪਾਉਣ ਲਈ ਮਜ਼ਬੂਰ ਕਰ ਦਿੱਤਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿਵੇਂ ਜਵਾਬ ਦੇਵੇ! ਗੁਰਾ ਕੋਈ ਬਹਾਨਾ ਲੱਭ ਰਿਹਾ ਸੀ ਪਰ ਉਸ ਨੂੰ ਬਹਾਨਾ ਮਿਲ ਨਹੀਂ ਰਿਹਾ ਸੀ। ਮਲਕੀਤ ਦੀ ਨਜ਼ਰ ਵੱਲ ਵੇਖੇ ਤੋਂ ਬਿਨਾਂ ਹੀ ਗੁਰਾ ਉਸ ਦੀ ਅੱਖਾਂ ਵਿਚਲੀ ਸਖ਼ਤੀ ਨੂੰ ਮਹਿਸੂਸ ਕਰ ਰਿਹਾ ਸੀ। ਕੁਝ ਪਲਾਂ ਦੀ ਚੁੱਪ ਬਾਅਦ ਗੁਰੇ ਨੂੰ ਹੋਰ ਚੁੱਪ ਰਹਿ ਸਕਣਾ ਮੁਸ਼ਕਲ ਪ੍ਰਤੀਤ ਹੋਇਆ ਅਤੇ ਜਵਾਬ ਦਿੱਤੇ ਬਿਨਾਂ ਹੋਰ ਕੋਈ ਰਾਹ ਨਾ ਦਿਸਿਆ।

“ਲਿਹਾਜ ਤਾਂ ਚਾਚਾ ਉਹਦੇ ਨਾਲ ਕੋਈ ਨੀ। ਕੱਲ੍ਹ ਸ਼ਹਿਰੋਂ ਪਿੰਡ ਨੂੰ ਆਉਂਦੇ ਸੀ ਕਿੰਦਾ ਮਿਲ ਗਿਆ। ਸਾਨੂੰ ਉਹ ਘਰ ਚਾਹ ਵਾਸਤੇ ਲੈ ਗਿਆ ਬੱਸ।” ਗੁਰੇ ਨੂੰ ਸੱਚ ਦਾ ਕੁਝ ਹਿੱਸਾ ਲੁਕਾਣ ਦਾ ਯਤਨ ਕੀਤਾ।

“ਹੋਰ ਕੌਣ ਸੀ ਤੇਰੇ ਨਾਲ!”

“ਚਾਚਾ ਆਪਣਾ ਸਤਿਵੀਰ ਸੀ।” ਕਿੰਦੇ ਦੇ ਬੋਲ ਕੰਬੇ। ਉਸ ਦੇ ਅੰਦਰਲੇ ਨੂੰ ਪਤਾ ਲੱਗ ਗਿਆ ਕਿ ਗੱਲ ਗਲਤ ਹੋ ਗਈ ਸੀ ਅਤੇ ਉਸ ਨੂੰ ਇਸ ਦਾ ਦੰਡ ਭਰਨਾ ਪੈਣਾ ਸੀ। ਹੁਣ ਤੋਂ ਪਹਿਲਾਂ ਉਸ ਨੇ ਐਨੀ ਗੰਭੀਰਤਾ ਨਾਲ ਇਸ ਮਸਲੇ ਨੂੰ ਸੋਚਿਆ ਹੀ ਨਹੀਂ ਸੀ।

“ਫਿਟੇ ਮੂੰਹ ਤੇਰੇ। ਤੈਨੂੰ ਪਤਾ ਨੀ ਉਹਨਾਂ ਦੇ ਪ੍ਰੀਵਾਰ ਆਪਸ ਵਿਚ ਬੋਲਦੇ ਨੀ ਤੇ ਤੂੰ ਸਤਿਵੀਰ ਨੂੰ ਉਹਨਾਂ ਦੇ ਘਰ ਲੈ ਗਿਆ। ਤਾਰੇ ਦਾ ਕੀ ਅਤਬਾਰ ਆ ਉਹ ਮੁੰਡੇ ਦਾ ਕੋਈ ਨਕਸਾਨ ਕਰ ਦਿੰਦੇ।” ਮਲਕੀਤ ਦਾ ਦਿਮਾਗ ਤੇਜ਼ੀ ਨਾਲ ਸੋਚਣ ਲੱਗਾ।

"ਸੁਣ ਖਬਰਦਾਰ ਜੇ ਕਿੰਦੇ ਨੂੰ ਮਿਲਿਆਂ ਤਾਂ। ਜਾਂ ਮੁੜ ਕੇ ਸਤਿਵੀਰ ਨੂੰ ਉਹਨਾਂ ਦੇ ਘਰ ਲੈ ਕੇ ਗਿਆਂ।" ਮਲਕੀਤ ਨੇ ਸਖਤੀ ਨਾਲ ਗੁਰੇ ਨੂੰ ਕਿਹਾ।

"ਚਾਚਾ ਮੇਰੀ ਮੰਨੇ ਤਾਂ ਬਾਬੇ ਨੂੰ ਕਹਿ ਕੇ ਸਤਿਵੀਰ ਨੂੰ ਵਾਪਸ ਭੇਜ ਦੇ।" ਗੁਰੇ ਦੇ ਬੋਲ ਕੰਬੇ।

"ਉਹ ਕਿਉਂ!" ਮਲਕੀਤ ਨੂੰ ਲੱਗਿਆ ਅਜੇ ਉਹ ਗੱਲ ਦੀ ਤਹਿ ਤੱਕ ਨਹੀਂ ਪਹੁੰਚਿਆ ਸੀ। ਕੋਈ ਗੱਲ ਸੀ ਜੋ ਗੁਰੇ ਨੂੰ ਪਤਾ ਸੀ।

"ਚਾਚਾ ਸਹੁੰ ਲੱਗੇ ਜੇ ਕਿਸੇ ਨੂੰ ਦੱਸੇਂ ਤਾਂ।" ਗੁਰੇ ਨੇ ਡੋਡੇ ਅਤੇ ਕੋਕੇਨ ਵਰਤਣ ਦੇ ਨਾਲ ਨਾਲ ਸਤਿਵੀਰ ਦਾ ਕੋਕੇਨ ਇੰਗਲੈਂਡ ਲਜਾਣ ਵਾਲਾ ਸਾਰਾ ਕਿੱਸਾ ਮਲਕੀਤ ਨੂੰ ਦੱਸ ਦਿੱਤਾ। ਆਪਣੀ ਸਤਿਵੀਰ ਦੀ ਮਦਦ ਨਾਲ ਇੰਗਲੈਂਡ ਜਾਣ ਦੀ ਇੱਛਾ ਅਤੇ ਇਸ ਇੱਛਾ ਨੂੰ ਪੂਰਾ ਕਰਨ ਲਈ ਸਤਿਵੀਰ ਨਾਲ ਨਸ਼ੇ ਵਰਤਣ ਅਤੇ ਖਰੀਦਣ ਲਈ ਤਾਰੇ ਕੋਲ ਜਾਣ ਦਾ ਬਿਆਨ ਉਸ ਨੇ ਸਹੀ ਸਹੀ ਦੱਸ ਦਿੱਤਾ। ਗੁਰੇ ਦੇ ਮਨ ਤੋਂ ਵੱਡਾ ਬੋਝ ਲਹਿ ਗਿਆ ਅਤੇ ਮਲਕੀਤ ਦੇ ਸਿਰ ਚੜ੍ਹ ਗਿਆ। ਦੁਕਾਨ ਬੰਦ ਕਰਕੇ ਉਹ ਆਮ ਨਾਲੋਂ ਦੇਰ ਤੱਕ ਦੁਕਾਨ ਵਿਚ ਬੈਠੇ ਰਹੇ। ਗੁਰੇ ਨਾਲ ਉਸ ਨੇ ਦੋ ਪੈਗ ਲਾਏ ਅਤੇ ਗੁਰੇ ਨੂੰ ਹੋਰ ਝਾੜ ਪਾਈ। ਫਿਰ ਉਸ ਨੇ ਮੀਕੇ ਨੂੰ ਫੋਨ ਕਰਕੇ ਸਾਰੀ ਗੱਲ ਦੱਸ ਦਿੱਤੀ ਅਤੇ ਸਤਿਵੀਰ ਨੂੰ ਵਾਪਿਸ ਬੁਲਾਉਣ ਦੀ ਤਾਕੀਦ ਕੀਤੀ।

ਦੂਜੇ ਦਿਨ ਸਤਿਵੀਰ ਗੁਰੇ ਨੂੰ ਮਿਲਣ ਆਇਆ ਤਾਂ ਨਾਲ ਹੀ ਅਗਲੇ ਦਿਨ ਆਪਣੇ ਵਾਪਿਸ ਜਾਣ ਦਾ ਸੁਨੇਹਾ ਵੀ ਦੇ ਗਿਆ। ਗੁਰੇ ਨੂੰ ਖੁਸ਼ੀ ਹੋਈ।

"ਮੇਰਾ ਯਾਰ ਇਕ ਕੰਮ ਤਾਂ ਕਰਦੇ। ਮੈਨੰ ਅੰਗਲੈਂਡ ਸੱਦਣ ਦਾ ਕੋਈ ਹੀਲਾ ਕਰ। ਮੈਂ ਪੰਜ ਸੱਤ ਲੱਖ ਰਪਈਆ ਲਾ ਦੂੰ।" ਗੁਰੇ ਨੇ ਉਮੀਦ ਭਰੀਆਂ ਅੱਖਾਂ ਨਾਲ ਸਤਿਵੀਰ ਵੱਲ ਵੇਖਿਆ।

"ਠੀਕ ਆ ਮੈਂ ਕਸ਼ਿਸ਼ ਕਰੂੰ।" ਸਤਿਵੀਰ ਨੂੰ ਇਹਨਾਂ ਗੱਲਾਂ ਨਾਲ ਕੋਈ ਮਤਲਬ ਨਹੀਂ ਸੀ। ਉਸ ਨੇ ਚੱਲਵਾਂ ਜਿਹਾ ਉੱਤਰ ਦਿੱਤਾ। ਗੁਰੇ ਨੂੰ ਤਸੱਲੀ ਜ਼ਰੂਰ ਹੋ ਗਈ ਸੀ ਉਸ ਦਾ ਯਾਰ ਉਸ ਨੂੰ ਇੰਗਲੈਂਡ ਸੱਦਣ ਦਾ ਵਾਇਦਾ ਕਰ ਗਿਆ ਸੀ। ਮੀਕੇ ਦੇ ਕਹਿਣ ਤੇ ਰਮੇਸ਼ ਅਤੇ ਮਲਕੀਤ ਦੋਵੇਂ ਹੀ ਸਤਿਵੀਰ ਨੂੰ ਦਿੱਲੀ ਛੱਡ ਆਏ। ਉਸ ਸਮੇਂ ਗੁਰੇ ਅਤੇ ਸਤਿਵੀਰ ਦੋਵਾਂ ਨੂੰ ਹੀ ਆਪਣੇ ਮੌਤੋਂ ਮਾੜੇ ਭਵਿੱਖ ਦਾ ਯਾਦ ਚੇਤਾ ਵੀ ਨਹੀਂ ਸੀ।

## ਪੈਤੀਵਾਂ

ਅਗਲੇ ਸਾਲ ਪ੍ਰੀਤ ਲਈ ਬਹੁਤ ਚੰਗੇ ਸਨ। ਉਸ ਨੇ ਅਗਲੇ ਕੁਝ ਸਾਲਾਂ ਵਿਚ ਤਰੱਕੀ ਦੀਆਂ ਸਿਖਰਾਂ ਨੂੰ ਛੋਹਿਆ। ਪਰ ਸਤਿਵੀਰ ਦੇ ਕਾਰਨ ਉਸ ਨੂੰ ਉਹ ਖੁਸ਼ੀ ਨਾ ਮਿਲ ਸਕੀ ਜਿਸ ਦੀ ਉਸ ਨੂੰ ਆਸ ਸੀ। ਸੀਤੋ ਆਪਣੇ ਥਾਂ ਉਸ ਨੂੰ ਵਿਆਹ ਕਰਵਾਉਣ ਲਈ ਜ਼ੋਰ ਪਉਂਦੀ ਰਹਿੰਦੀ। ਪ੍ਰੀਤ ਲਈ ਵਿਆਹ ਦਾ ਵਿਚਾਰ ਅਜੇ ਉਸ ਦੇ ਮਨ ਵਿਚ ਘਰ ਨਹੀਂ ਕਰ ਸਕਿਆ ਸੀ। ਉਹ ਆਪਣੇ ਕੰਮ ਵਿਚ ਹੀ ਐਨੀ ਖੁੱਭੀ ਰਹਿੰਦੀ ਕਿ ਉਸ ਕੋਲ ਆਪਣੇ ਆਪ ਬਾਰੇ ਸੋਚਣ ਦਾ ਮੌਕਾ ਹੀ ਨਹੀਂ ਸੀ।

ਦੂਸਰੀ ਦੁਕਾਨ ਖੋਲ੍ਹ ਤੋਂ ਬਾਅਦ ਉਸ ਨੇ ਇਕ ਸਾਲ ਵਿਚ ਹੀ ਦੋ ਹੋਰ ਦੁਕਾਨਾਂ ਖੋਲ੍ਹ ਲਈਆਂ ਸਨ। ਉਸ ਨੇ ਆਪਣੀਆਂ ਦੁਕਾਨਾਂ ਵਿਚ ਵੇਚਣ ਵਾਲੇ ਕੱਪੜਿਆਂ 'ਤੇ ਆਪਣੇ ਬਰਾਂਡ ਦੇ ਲੇਬਲ ਲਗਾ ਦਿੱਤੇ। ਕੱਪੜਿਆਂ ਦੇ ਨਾਲ ਹੀ ਉਸ ਨੇ ਮੇਕ-ਅੱਪ ਦਾ ਸਮਾਨ ਅਤੇ ਫੈਸ਼ਨਦਾਰ ਜੁੱਤੀਆਂ ਵੀ ਆਪਣੀਆਂ ਦੁਕਾਨਾਂ ਵਿਚ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਗਲੇ ਸਾਲਾਂ ਵਿਚ ਉਸ ਨੇ

ਵੱਡੇ ਸਟੋਰ ਕਿਰਾਏ ‘ਤੇ ਲੈ ਕੇ ਵੱਡੇ ਪੱਧਰ ‘ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਕੰਮ ਵਧਦਾ ਗਿਆ ਤਾਂ ਸਟਾਫ ਵੀ ਵਧਦਾ ਗਿਆ। ਨਵੇਂ ਚਿਹਰੇ ਆਉਂਦੇ ਅਤੇ ਕੋਈ ਵਿਚੋਂ ਨਿਕਲ ਵੀ ਜਾਂਦੇ। ਦੁਕਾਨਾਂ ਦੇ ਮੈਨੇਜਰ ਅਤੇ ਸੀਨੀਅਰ ਮੈਨੇਜਰ ਆ ਗਏ। ਲੇਖੇ ਜੋਖੇ ਦਾ ਵੱਖਰਾ ਡਿਪਾਰਟਮੈਂਟ ਬਣਾ ਦਿੱਤਾ ਗਿਆ। ਖਰੀਦ ਦਾ ਵੱਖਰਾ ਅਤੇ ਦੁਕਾਨਾਂ ‘ਤੇ ਸਮਾਨ ਪਹੁੰਚਾਉਣ ਲਈ ਵੱਖਰਾ ਡਿਪਾਰਟਮੈਂਟ ਬਣਾਉਣਾ ਪਿਆ। ਉਸ ਕੋਲ ਬਹੁਤ ਚੰਗੇ ਚੰਗੇ ਦਿਮਾਗ ਆਏ ਜਿਹਨਾਂ ਨੂੰ ਚੰਗੀਆਂ ਤਨਖਾਹਾਂ ਦੇਣ ਤੋਂ ਬਿਨਾਂ ਹੋਰ ਵੀ ਤਰੱਕੀ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ। ਇਹਨਾਂ ਦਿਮਾਗਾਂ ਵਿਚ ਹੀ ਇਕ ਮੁੰਡਾ ਦੇਵ ਵੀ ਪ੍ਰੀਤ ਨਾਲ ਕੰਮ ਕਰਨ ਲੱਗਾ। ਉਹ ਬਹੁਤ ਹੀ ਵਧੀਆ ਸੁਭਾਅ ਦਾ ਮਾਲਕ ਅਤੇ ਬਣਦਾ ਤਣਦਾ ਮੁੰਡਾ ਸੀ। ਸਭ ਤੋਂ ਵੱਡੀ ਗੱਲ ਕਿ ਉਹ ਮਿਹਨਤੀ ਅਤੇ ਅਗਾਂਹਵਧੂ ਸੀ। ਇਕ ਦਿਨ ਉਹ ਆਪਣੀ ਛੁੱਟੀ ਵਾਲੇ ਦਿਨ ਸਮਾਂ ਲੈ ਕੇ ਪ੍ਰੀਤ ਨੂੰ ਮਿਲਣ ਆਇਆ। ਪ੍ਰੀਤ ਨੂੰ ਪਤਾ ਨਹੀਂ ਸੀ ਉਹ ਉਸ ਨੂੰ ਮਿਲਣ ਕਿਉਂ ਆ ਰਿਹਾ ਸੀ!

“ਮੈਡਮ ਮੈਂ ਤੁਹਾਡਾ ਬਹੁਤਾ ਸਮਾਂ ਨਹੀਂ ਲਵਾਂਗਾ। ਮੇਰੇ ਮਨ ਵਿਚ ਬਿਜਨਸ ਸਬੰਧੀ ਕੁਝ ਵਿਚਾਰ ਹਨ ਜੋ ਮੈਂ ਤੁਹਾਡੇ ਨਾਲ ਸਾਂਝੇ ਕਰਨੇ ਚਹੁੰਨਾਂ।” ਦੇਵ ਨੇ ਕੁਰਸੀ ‘ਤੇ ਬੈਠਦਿਆਂ ਆਪਣੀ ਗੱਲ ਸ਼ੁਰੂ ਕੀਤੀ।

“ਦੱਸੋ ਤੁਸੀਂ ਕੀ ਕਹਿਣਾ ਚਾਹੁੰਦੇ ਓ!” ਪ੍ਰੀਤ ਸਾਵਧਾਨ ਹੋ ਕੇ ਬੈਠ ਗਈ।

“ਜੀ ਮੇਰੀ ਦਿਲਚਸਪੀ ਪ੍ਰਾਪਰਟੀ ਵਿਚ ਐ। ਮੇਰੇ ਕੋਲ ਐਨੇ ਪੈਸੇ ਨਹੀਂ। ਇਸ ਲਈ ਮੈਂ ਖੁਦ ਕੁਝ ਖਰੀਦ ਨਹੀਂ ਸਕਦਾ। ਵਧਦੀਆਂ ਕੀਮਤਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਪਾਸੇ ਕੰਪਨੀ ਨੂੰ ਧਿਆਨ ਦੇਣਾ ਚਾਹੀਦਾ। ਮੈਨੂੰ ਦਿਲਚਸਪੀ ਹੋਣ ਕਰਕੇ ਗਿਆਨ ਤਾਂ ਹੈ ਪਰ ਤਜ਼ਰਬਾ ਨਹੀਂ। ਜੇ ਮੈਨੂੰ ਮੌਕਾ ਦਿਉ ਤਾਂ ਮੈਂ ਜ਼ਰੂਰ ਕੰਪਨੀ ਲਈ ਚੰਗੇ ਪੈਸੇ ਕਮਾ ਸਕਦਾ।” ਦੇਵ ਨੇ ਆਪਣੀ ਗੱਲ ਸ਼ੁਰੂ ਕਰ ਕੇ ਪ੍ਰੀਤ ਦਾ ਧਿਆਨ ਪ੍ਰਾਪਰਟੀ ਮਾਰਕਿਟ ਵੱਲ ਮੋੜਿਆ।

ਪ੍ਰੀਤ ਨੂੰ ਹੈਰਾਨੀ ਹੋਈ ਉਸ ਨੇ ਕਿਵੇਂ ਇਸ ਪੱਖ ਨੂੰ ਅੱਖੋਂ ਪ੍ਰੋਖੇ ਕਰੀ ਰੱਖਿਆ! ਜਿਹੜਾਂ ਘਰ ਉਹਨਾਂ ਨੇ ਨੌਰਵੁਡ ਗਰੀਨ ਦੇ ਏਰੀਏ ਵਿਚ ਲਿਆ ਸੀ ਉਸ ਦੀ ਕੀਮਤ ਥੋੜੇ ਸਮੇਂ ਵਿਚ ਵਾਹਵਾ ਵਧ ਗਈ। ਪ੍ਰੀਤ ਸੋਚ ਰਹੀ ਸੀ ਇਹ ਕੀਮਤਾਂ ਕਦੋਂ ਤੱਕ ਵਧਦੀਆਂ ਰਹਿਣਗੀਆਂ। ਇਹ ਵੀ ਉਸ ਦੇ ਮਨ ਵਿਚ ਆਇਆ ਕੋਈ ਵੀ ਬਿਜਨਸ ਸਦਾ ਲਈ ਇਕੋ ਰਫ਼ਤਾਰ ਨਾਲ ਪੈਸੇ ਨਹੀਂ ਕਮਾ ਸਕਦਾ। ਹੁਣ ਕੀਮਤਾਂ ਕੁਝ ਸਮੇਂ ਤੋਂ ਵੱਧ ਰਹੀਆਂ ਸਨ ਅਤੇ ਕਿਸੇ ਵੀ ਸਮੇਂ ਜੇ ਘਟਣ ਨਾ ਵੀ ਤਾਂ ਮਾਰਕਿਟ ਠੰਡੀ ਹੋ ਸਕਦੀ ਸੀ। ਇੰਝ ਮਾਰਕਿਟ ਵਿਚ ਲਾਇਆ ਪੈਸਾ ਕੁਝ ਸਮੇਂ ਲਈ ਫਸ ਸਕਦਾ ਸੀ। ਪਰ ਕੋਈ ਵੀ ਬਿਜਨਸ ਗਿਣਿਆ ਮਿਥਿਆ ਜੂਆ ਹੀ ਤਾਂ ਹੁੰਦਾ। ਕੋਈ ਵੀ ਬਿਜਨਸ ਕਿਸੇ ਸਮੇਂ ਵੀ ਪਤਾ ਨਹੀਂ ਕਿਸ ਕਾਰਨ ਠੰਡਾ ਪੈ ਜਾਏ ਜਾਂ ਕਿਸ ਕਾਰਨ ਸਿਖਰਾਂ ‘ਤੇ ਪਹੁੰਚ ਜਾਵੇ। ਉਸ ਦਾ ਮਨ ਕੁਝ ਕੁਝ ਪ੍ਰਾਪਰਟੀ ਮਾਰਕਿਟ ਵਿਚ ਪੈਸਾ ਲਗਾਉਣ ਲਈ ਤਿਆਰ ਹੋ ਗਿਆ ਸੀ।

“ਪ੍ਰਾਪਰਟੀ ਕਿਹੋ ਜਿਹੀ ਖਰੀਦਣ ਬਾਰੇ ਸੋਚ ਰਹੇ ਓ! ਮੇਰਾ ਮਤਲਬ ਰੈਜੀਡੈਂਸ਼ਲ ਜਾਂ ਕਮਰਸ਼ਲ!” ਪ੍ਰੀਤ ਨੇ ਗੱਲ ਵਧਾਉਣ ਲਈ ਦੇਵ ਨੂੰ ਪੁੱਛਿਆ।

“ਮੈਡਮ ਪ੍ਰਾਪਰਟੀ ਤਾਂ ਪ੍ਰਾਪਰਟੀ ਆ। ਜਿਹੜੀ ਵੀ ਚਾਰ ਪੈਸੇ ਬਚਾਉਣ ਦੀ ਗੁੰਜਾਇਸ਼ ਰਖਦੀ ਹੋਵੇ ਉਹੋ ਖਰੀਦਣ ਦਾ ਫਾਇਦਾ ਐ।”

“ਹਾਂ ਇਹ ਤਾਂ ਤੁਹਾਡੀ ਗੱਲ ਠੀਕ ਐ।” ਪ੍ਰੀਤ ਅਸਲ ਵਿਚ ਸੋਚ ਕੁਝ ਹੋਰ ਰਹੀ ਸੀ ਅਤੇ ਸਵਾਲ ਹੋਰ ਕਰ ਰਹੀ ਸੀ। ਉਸ ਦੇ

ਮਨ ਵਿਚ ਦੇਵ ਦੀ ਸੁੱਘੜਤਾ ਦਾ ਵਿਚਾਰ ਆਇਆ ਕਿਉਂਕਿ ਉਸ ਦੀ ਪਰਖ ਅਜੇ ਅਧੂਰੀ ਸੀ। ਪੈਸੇ ਦਾ ਸਵਾਲ ਵੀ ਸੀ ਕਿ ਕਿੰਨ੍ਹਾ ਕੁ ਪੈਸਾ ਬਿਜਨਸ ਵਿਚੋਂ ਕੱਢ ਕੇ ਪ੍ਰਾਪਰਟੀ ਵਿਚ ਲਾਇਆ ਜਾ ਸਕਦਾ ਸੀ! ਅਜਿਹੇ ਹੋਰ ਵੀ ਸਵਾਲ ਸਨ ਕਿਹੜੇ ਉਸ ਨੇ ਅਜੇ ਸੋਚੇ ਨਹੀਂ ਸਨ।

"ਮਿਸਟਰ ਦੇਵ ਮੈਨੂੰ ਕੁਝ ਸਮਾਂ ਦਿਉ ਸੋਚਣ ਲਈ। ਤੁਸੀਂ ਅਗਲੇ ਵੀਰਵਾਰ ਗਿਆਰਾਂ ਵਜੇ ਆ ਜਾਉ।" ਪ੍ਰੀਤ ਨੇ ਆਪਣੀ ਡਾਇਰੀ ਖੋਲ੍ਹ ਕੇ ਸਮਾਂ ਨਿਯਤ ਕੀਤਾ ਅਤੇ ਡਾਇਰੀ ਵਿਚ ਨੋਟ ਕਰ ਲਿਆ।

"ਠੀਕ ਐ ਮੈਡਮ। ਥੈਂਕ ਯੂ।" ਦੇਵ ਉੱਠ ਕੇ ਜਾਣ ਲਈ ਤਿਆਰ ਹੋ ਗਿਆ।

"ਤੁਸੀਂ ਸੋਚ ਵਿਚਾਰ ਕੇ ਬਿਜਨਸ ਪਲੈਨ ਜ਼ਰੂਰ ਤਿਆਰ ਕਰ ਲੈਣਾ ਤਾਂ ਕਿ ਆਪਾਂ ਹਰ ਪੱਖ ਤੋਂ ਸਾਫ਼ ਅਤੇ ਸਪੱਸ਼ਟ ਹੋਈਏ।" ਪ੍ਰੀਤ ਹੁਣ ਹੰਢੀ ਵਰਤੀ ਬਿਜਨਸ ਲੇਡੀ ਸੀ। ਉਹ ਅਟਕਲ ਪੱਚੂ ਟੇਵਿਆਂ ਵਿਚ ਵਿਸ਼ਵਾਸ਼ ਨਹੀਂ ਰੱਖਦੀ ਸੀ।

"ਮੈਡਮ ਮੈਂ ਪਹਿਲਾਂ ਹੀ ਕੁਝ ਕੁ ਅੰਕੜੇ ਤਿਆਰ ਕਰਕੇ ਲਿਆਇਆ ਹਾਂ। ਤੁਸੀਂ ਰੱਖ ਲਵੋ ਜਦ ਸਮਾਂ ਮਿਲੇ ਵੇਖ ਲੈਣਾ।" ਦੇਵ ਨੇ ਪੇਪਰ ਉਸ ਦੇ ਟੇਬਲ 'ਤੇ ਰੱਖ ਦਿੱਤੇ।

"ਵਾਹ ਤਾਂ ਤੁਸੀਂ ਤਿਆਰ ਹੋ ਕੇ ਆਏ ਸੀ।" ਪ੍ਰੀਤ ਨੂੰ ਦੇਵ ਦੀ ਦੂਰਦਰਸ਼ਤਾ ਚੰਗੀ ਲੱਗੀ। ਉਸ ਨੂੰ ਮਹਿਸੂਸ ਹੋਇਆ ਕਿ ਦੇਵ ਸ਼ੇਖਚਿਲੀ ਨਹੀਂ ਸਗੋਂ ਕੰਮ ਕਰਨ ਵਿਚ ਜ਼ਿੰਮੇਵਾਰ ਸੀ। ਪ੍ਰੀਤ ਪੇਪਰ ਵੇਖਣ ਲੱਗੀ ਅਤੇ ਦੇਵ 'ਬਾਇ' ਕਹਿ ਕੇ ਦਫ਼ਤਰ ਵਿਚੋਂ ਬਾਹਰ ਆ ਗਿਆ। ਦੇਵ ਨੂੰ ਪਤਾ ਸੀ ਅਸਲ ਗੱਲ ਬਾਤ ਪਹਿਲੀ ਦੀ ਥਾਂ ਦੂਜੀ ਮੀਟਿੰਗ ਵਿਚ ਹੀ ਤਹਿ ਹੋ ਸਕੇਗੀ। ਪ੍ਰੀਤ ਨੇ ਸਮਾਂ ਵੇਖਿਆ ਤਾਂ ਅੱਜ ਦੀ ਅਗਲੀ ਮੀਟਿੰਗ ਦਾ ਸਮਾਂ ਹੋ ਗਿਆ ਸੀ। ਉਸ ਨੇ ਦੇਵ ਦੇ ਦਿੱਤੇ ਪੇਪਰ ਪਾਸੇ ਰੱਖ ਦਿੱਤੇ। ਸਾਰਾ ਸਮਾਂ ਉਸ ਦੇ ਦਿਮਾਗ ਦੇ ਪਿਛੇ ਦੇਵ ਦੀ ਦਿਤੀ ਤਜ਼ਵੀਜ਼ ਉਸ ਨੂੰ ਸੋਚਣ ਬਾਰੇ ਮਜ਼ਬੂਰ ਕਰਦੀ ਰਹੀ। ਉਸ ਨੂੰ ਪਤਾ ਸੀ ਦੇਵ ਦੀ ਦਿੱਤੀ ਹੋਈ ਬਿਜਨਸ ਪਲੈਨ ਨੂੰ ਉਹ ਘਰ ਜਾਣ ਤੋਂ ਪਹਿਲਾਂ ਘੋਖੇਗੀ ਜ਼ਰੂਰ। ਉਸ ਕੋਲ ਕੁਝ ਦਿਨ ਸਨ ਅਤੇ ਇਹਨਾਂ ਦਿਨਾਂ ਵਿਚ ਉਹ ਆਪਣੇ ਤੌਰ 'ਤੇ ਵੀ ਇਸ ਸਬੰਧੀ ਜਾਣਕਾਰੀ ਹਾਸਲ ਕਰ ਸਕੇਗੀ। ਅਕਾਊਂਟਸ ਡਿਪਾਰਟਮੈਂਟ ਨਾਲ ਵੀ ਲੋੜੀਂਦੀ ਰਾਇ ਹੋ ਸਕੇਗੀ।

ਮਿਥੇ ਸਮੇਂ 'ਤੇ ਦੇਵ ਦਫ਼ਤਰ ਵਿਚ ਹਾਜ਼ਰ ਹੋ ਗਿਆ। ਪ੍ਰੀਤ ਮੀਟਿੰਗ ਸਬੰਧੀ ਪੂਰੀ ਤਰ੍ਹਾਂ ਤਿਆਰ ਸੀ। ਪ੍ਰੀਤ ਕਿਸੇ ਵੀ ਮੀਟਿੰਗ ਵਿਚ ਜਾਣ ਤੋਂ ਪਹਿਲਾਂ ਮੀਟਿੰਗ ਵਿਚ ਵਿਚਾਰੇ ਜਾਣ ਵਾਲੇ ਵਿਸ਼ੇ ਦੇ ਸਬੰਧ ਵਿਚ ਲੋੜੀਂਦੀ ਜਾਣਕਾਰੀ ਹਾਸਲ ਕਰਦੀ। ਇੰਝ ਮੀਟਿੰਗ ਵਿਚ ਬੈਠੀ ਦੂਸਰੀ ਪਾਰਟੀ 'ਤੇ ਉਸ ਦੀ ਯੋਗਤਾ ਦਾ ਪ੍ਰਭਾਵ ਵੀ ਬਣ ਜਾਂਦਾ ਅਤੇ ਸਹੀ ਫੈਸਲੇ ਲੈਣ ਵਿਚ ਵੀ ਉਸ ਦੀ ਜਾਣਕਾਰੀ ਸਹਾਈ ਹੁੰਦੀ।

ਦੇਵ ਨੇ ਆਪਣੀ ਬਿਜਨਸ ਪਲੈਨ ਵਿਚ ਉਸ ਏਰੀਏ ਦੀਆਂ ਕੀਮਤਾਂ ਦੀ ਜਾਣਕਾਰੀ ਦੇ ਨਾਲ ਨਾਲ ਪਿਛਲੇ ਕੁਝ ਸਾਲਾਂ ਵਿਚ ਵਧੀਆਂ ਕੀਮਤਾਂ ਦੀ ਜਾਣਕਾਰੀ ਦਿੱਤੀ ਸੀ। ਦੇਵ ਨੇ ਰਹਿਣ ਲਈ ਘਰ, ਕਿਰਾਏ ਲਈ ਫਲੈਟ, ਕਿਰਾਏ 'ਤੇ ਦੇਣ ਲਈ ਦੁਕਾਨਾਂ ਅਤੇ ਟੁੱਟੇ ਭੱਜੇ ਘਰ ਬਣਾ ਕੇ ਵੇਚਣ ਸਬੰਧੀ ਲੋੜੀਂਦੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਕੰਮ ਸ਼ੁਰੂ ਕਰਨ ਲਈ ਲੋੜੀਂਦੀ ਰਕਮ ਬਾਰੇ ਵੀ ਉਸ ਨੇ ਵਿਸਥਾਰ ਨਾਲ ਦੱਸਿਆ ਸੀ। ਸਾਰਾ ਪਲੈਨ ਵਿਚਾਰਨ ਬਾਅਦ ਪ੍ਰੀਤ ਨੂੰ ਕਾਫੀ ਵਿਸ਼ਵਾਸ਼ ਹੋ ਗਿਆ ਕਿ ਦੇਵ ਨੇ ਮਾਰਕਿਟ ਬਾਰੇ ਪਹਿਲਾਂ ਖੋਜ ਦਾ ਕੰਮ ਕੀਤਾ ਅਤੇ ਫਿਰ ਉਸ ਨੇ ਪ੍ਰੀਤ ਨਾਲ ਮੀਟਿੰਗ ਕੀਤੀ ਸੀ। ਪ੍ਰੀਤ ਨੂੰ ਆਪਣੇ ਕੰਮ ਸਬੰਧੀ ਹਰ ਪੱਖੋਂ ਤਿਆਰ ਹੋਏ ਲੋਕ ਬਹੁਤ ਪਸੰਦ ਸਨ। ਉਹ ਨਾ ਤਾਂ ਆਪਣਾ ਸਮਾਂ ਬਰਬਾਦ ਕਰਦੇ ਸਨ ਅਤੇ ਨਾ ਕਿਸੇ ਦੂਸਰੇ ਦਾ। ਪ੍ਰੀਤ ਨੂੰ ਸਮੇਂ

ਦੀ ਕੀਮਤ ਦਾ ਅਹਿਸਾਸ ਦਿਨ ਬਦਿਨ ਹੋਰ ਸ਼ਿਦਤ ਨਾਲ ਹੋ ਰਿਹਾ ਸੀ। ਉਸ ਕੋਲ ਕਰਨ ਲਈ ਹਮੇਸ਼ਾਂ ਕੰਮ ਜ਼ਿਆਦਾ ਅਤੇ ਸਮਾਂ ਘੱਟ ਹੁੰਦਾ। ਅੱਜ ਕੱਲ੍ਹ ਤਾਂ ਉਸ ਕੋਲ ਡੈਨਿਸ ਅਤੇ ਗਰੀਟਾ ਨੂੰ ਮਿਲਣ ਜਾਣ ਦਾ ਵੀ ਸਮਾਂ ਮਸੀਂ ਮਿਲਦਾ। ਜਿਹੜੇ ਲੋਕਾਂ ਕੋਲ ਕਰਨ ਲਈ ਕੁਝ ਨਾ ਹੋਵੇ ਉਹਨਾਂ ਨੂੰ ਕਦੇ ਵੀ ਸਮੇਂ ਦੀ ਕੀਮਤ ਦਾ ਅੰਦਾਜ਼ਾ ਨਹੀਂ ਹੋ ਸਕਦਾ।

"ਮਿਸਟਰ ਦੇਵ ਤੁਹਾਡੇ ਖਿਆਲ ਵਿਚ ਕੰਪਨੀ ਨਵੀਂ ਬਣਾਉਣੀ ਚਾਹੀਦੀ ਐ ਜਾਂ ਆਪਾਂ ਇਸ ਕੰਪਨੀ ਨਾਲ ਹੀ ਕੰਮ ਚਲਾ ਸਕਦੇ ਆਂ।" ਪ੍ਰੀਤ ਨੂੰ ਪਤਾ ਸੀ ਕਿ ਨਵੀਂ ਕੰਪਨੀ ਬਣਾਉਣਾ ਹੀ ਸਹੀ ਸੀ ਪਰ ਉਹ ਦੇਵ ਦੀ ਬਿਜਨਸ ਸੋਚ ਨੂੰ ਪਰਖਣਾ ਚਾਹੁੰਦੀ ਸੀ।

"ਜੀ ਬਿਲਕੁਲ ਜ਼ਰੂਰੀ ਐ ਇਕ ਵੱਖਰੀ ਕੰਪਨੀ ਬਣਾਈ ਜਾਵੇ। ਕੱਲ੍ਹ ਨੂੰ ਕੋਈ ਸਮੱਸਿਆ ਇਕ ਕੰਪਨੀ ਨੂੰ ਆਵੇ ਤਾਂ ਘੱਟੋ ਘੱਟ ਦੂਜੀ ਕੰਪਨੀ 'ਤੇ ਉਸ ਦਾ ਅਸਰ ਨਾ ਪਵੇ। ਵਿਸਥਾਰ ਵਿਚ ਸੋਚਿਆ ਜਾਵੇ ਤਾਂ ਮੇਰੇ ਖਿਆਲ ਵਿਚ ਹਰ ਪੱਖੋਂ ਹੀ ਵੱਖਰੀ ਕੰਪਨੀ ਬਣਾਉਣ ਦੇ ਵੱਧ ਫਾਇਦੇ ਨੇ।" ਦੇਵ ਨੇ ਥੋੜੇ ਵਿਸਥਾਰ ਨਾਲ ਕੁਝ ਕੁ ਫ਼ਾਇਦੇ ਪ੍ਰੀਤ ਨੂੰ ਦੱਸੇ ਜਿਹਨਾਂ ਦਾ ਪ੍ਰੀਤ ਨੂੰ ਪਹਿਲਾਂ ਹੀ ਪਤਾ ਸੀ। ਵੱਡੀ ਗੱਲ ਮੁੰਡਾ ਆਪਣੀ ਪਰਖ ਵਿਚ ਸਫ਼ਲ ਹੋ ਰਿਹਾ ਸੀ।

"ਕੋਈ ਪ੍ਰਾਪਰਟੀ ਤੁਸੀਂ ਵੇਖੀ ਵੀ ਹੈ ਜੋ ਆਪਣੇ ਕੰਮ ਦੀ ਹੋਵੇ ਅਤੇ ਸੇਲ 'ਤੇ ਹੋਵੇ।"

"ਜੀ ਮੈਂ ਹੰਸਲੋ ਵੈਸਟ ਵਿਚ ਇਕ ਘਰ ਵੇਖਿਆ। ਇਸ ਦੇ ਕੋਨੇ 'ਤੇ ਖਾਲੀ ਪਲਾਟ ਐ ਜਿਸ ਵਿਚ ਦੋ ਹੋਰ ਬੈਡ ਰੂਮ ਦੀ ਇਜ਼ਾਜ਼ਤ ਮਿਲੀ ਹੋਈ ਐ। ਕੰਮ ਸ਼ੁਰੂ ਕਰਨ ਲਈ ਆਪਾਂ ਇਸ ਘਰ ਨੂੰ ਖਰੀਦ ਕੇ ਬਨਾਉਣ ਦਾ ਕੰਮ ਬਿਨਾਂ ਦੇਰੀ ਤੋਂ ਸ਼ੁਰੂ ਕਰ ਸਕਦੇ ਆਂ।" ਦੇਵ ਨੇ ਸਾਰੇ ਖਰਚਿਆਂ ਦਾ ਅਤੇ ਸਮੇਂ ਦਾ ਵਿਸਥਾਰ ਦੱਸਿਆ।

"ਠੀਕ ਐ ਤੁਸੀਂ ਉਸ ਘਰ ਦਾ ਸੌਦਾ ਕਰ ਲਵੋ।" ਮੈਂ 'ਸ਼ਰਲੀਜ਼ ਪ੍ਰਾਪਰਟੀ' ਦੇ ਨਾਂ ਥੱਲੇ ਅਕਾਊਂਟ ਖੋਲ੍ਹ ਕੇ ਪੈਸੇ ਬੈਂਕ ਵਿਚ ਜਮ੍ਹਾਂ ਕਰਵਾ ਦਿਆਂਗੀ।

"ਮੈਡਮ ਮੇਰੀ ਇਕ ਹੋਰ ਵੀ ਰਾਇ ਐ।"

"ਦੱਸੋ!" ਪ੍ਰੀਤ ਨੇ ਧਿਆਨ ਨਾਲ ਮੁੰਡੇ ਵੱਲ ਵੇਖਿਆ। ਉਸ ਨੂੰ ਮਹਿਸੂਸ ਹੋਇਆ ਉਹ ਕੁਝ ਕਹਿਣਾ ਤਾਂ ਚਾਹੁੰਦਾ ਸੀ। ਪਰ ਉਸ ਨੂੰ ਫੈਸਲਾ ਕਰਨਾ ਔਖਾ ਲੱਗ ਰਿਹਾ ਸੀ ਕਿ ਗੱਲ ਕਹਿਣੀ ਚਾਹੀਦੀ ਸੀ ਜਾਂ ਨਹੀਂ।

"ਮੈਡਮ ਕੁਝ ਸਮਾਂ ਠਹਿਰ ਕੇ ਜਦ ਵੀ ਤੁਸੀਂ ਠੀਕ ਸਮਝੋ, ਮੇਰੇ ਖਿਆਲ ਵਿਚ ਘਰਾਂ ਨੂੰ ਖਰੀਦਣ ਵੇਚਣ ਅਤੇ ਕਿਰਾਏ 'ਤੇ ਦੇਣ ਲਈ ਇਕ ਐਸਟੇਟ ਏਜੰਸੀ ਖੋਲ੍ਹ ਲਈ ਜਾਵੇ ਤਾਂ ਬਹੁਤ ਚੰਗਾ ਹੋਵੇਗਾ। ਉਸ ਏਜੰਸੀ ਰਾਹੀਂ ਅਸੀਂ ਇੰਸ਼ੋਰੈਂਸ ਅਤੇ ਮਾਰਟਗੇਜ਼ ਦਾ ਕੰਮ ਵੀ ਕਰ ਸਕਦੇ ਆਂ। ਕਦੀ ਕਦਾਈਂ ਕੋਈ ਚੰਗੀ ਪ੍ਰਾਪਰਟੀ ਆਵੇ ਤਾਂ ਆਪ ਵੀ ਖਰੀਦ ਸਕਦੇ ਆਂ। ਇਸ ਏਰੀਏ ਵਿਚ ਕਿਰਾਏ ਲਈ ਘਰਾਂ ਦੀ ਕਾਫੀ ਮੰਗ ਐ।"

" ਹਾਂ ਇਹ ਵੀ ਸੋਚਿਆ ਜਾ ਸਕਦਾ ਐ। ਪਹਿਲਾਂ ਆਪਾਂ ਕੰਮ ਸ਼ੁਰੂ ਕਰੀਏ। ਸਾਰੇ ਕੰਮ ਦੀ ਰਿਪੋਰਟ ਮੈਨੂੰ ਜ਼ਰੂਰ ਦਿੰਦੇ ਰਹਿਣਾ।"

"ਜੀ ਜ਼ਰੂਰ।" ਦੇਵ ਨੇ ਖੁਸ਼ ਹੋ ਕੇ ਮੁਸਕਰਾਹਟ ਨਾਲ ਕਿਹਾ।

"ਠੀਕ ਐ ਕੰਪਨੀ ਤਾਂ ਮੈਂ ਅੱਜ ਹੀ ਰਜਿਸਟਰ ਕਰਵਾਉਣ ਲਈ ਅਕਾਊਂਟੈਂਟ ਨੂੰ ਕਹਿ ਦੇਵਾਂਗੀ। ਇਕ ਗੱਲ ਹੋਰ ਧਿਆਨ

ਵਿਚ ਰੱਖਣ ਦੀ ਲੋੜ ਐ ਕਿ ਮੇਰੇ ਵਿਚਾਰ ਵਿਚ ਆਪਾਂ ਨੂੰ ਆਮਦਨ ਦੀ ਲੋੜ ਨਹੀਂ ਸਗੋਂ ਕੰਪਨੀ ਨੂੰ ਵੱਡਾ ਕਰਨ ਦੀ ਲੋੜ ਐ। ਮੇਰਾ ਮਤਲਬ 'ਗਰੋਥ' ਚਾਹੀਦੀ ਐ।"

"ਬਿਲਕੁਲ ਠੀਕ ਐ ਜੀ ਮੇਰੀ ਸਾਰੀ ਪਲੈਨਿੰਗ ਇਸੇ ਅਧਾਰ 'ਤੇ ਹੀ ਐ।" ਦੇਵ ਨੇ ਨਰਮੀ ਨਾਲ 'ਬਾਇ' ਕੀਤੀ ਅਤੇ ਛੁੱਟੀ ਲਈ।

ਕੁਝ ਦਿਨਾਂ ਵਿਚ ਘਰ ਲੈ ਕੇ ਬਨਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਪ੍ਰੀਤ ਨੇ ਆਪਣੇ ਤੌਰ 'ਤੇ ਜੋ ਅੰਕੜੇ ਇਕੱਠੇ ਕੀਤੇ ਸਨ ਉਹਨਾਂ ਦੇ ਅਧਾਰ 'ਤੇ ਉਸ ਨੂੰ ਚੰਗਾ ਮੁਨਾਫਾ ਹੋਣ ਦੀ ਆਸ ਸੀ। ਦੇਵ ਨੇ ਵੀ ਪੂਰੀ ਲਗਨ ਨਾਲ ਕੰਮ ਕੀਤਾ ਅਤੇ ਘਰ ਦੀ ਰਿਪੇਅਰ ਦਾ ਕੰਮ ਬਹੁਤ ਘੱਟ ਸਮੇਂ ਵਿਚ ਪੂਰਾ ਹੋ ਗਿਆ। ਦੇਵ ਦੀ ਮਿਹਨਤ ਅਤੇ ਕੰਮ ਵਿਚ ਦਿਲਚਸਪੀ ਵੇਖ ਕੇ ਪ੍ਰੀਤ ਨੇ 'ਸ਼ਰਲੀਜ਼ ਐਸਟੇਟਸ' ਨਾਂ ਦੀ ਕੰਪਨੀ ਖੋਲ੍ਹ ਕੇ ਉਸ ਦੀ ਸਾਰੀ ਜ਼ਿੰਮੇਵਾਰੀ ਦੇਵ ਨੂੰ ਦੇ ਦਿੱਤੀ। ਉਸ ਨੂੰ ਕੰਪਨੀ ਵਿਚ ਸ਼ੇਅਰ ਦੇ ਕੇ ਉਸ ਦੀ ਦਿਲਚਸਪੀ ਵਿਚ ਵਾਧਾ ਕਰਨ ਦੇ ਨਾਲ ਉਸ ਨੂੰ ਕੰਮ ਕਰਨ ਲਈ ਉਤਸ਼ਾਹਤ ਵੀ ਕੀਤਾ ਸੀ।

ਵਧਦੀਆਂ ਕੀਮਤਾਂ ਅਤੇ ਪ੍ਰਾਪਰਟੀ ਮਾਰਕਿਟ ਵਿਚ ਤੇਜ਼ੀ ਕਾਰਣ ਉਸ ਦੀਆਂ ਦੋਵੇਂ ਕੰਪਨੀਆਂ ਬਹੁਤ ਤਰੱਕੀ ਕਰ ਰਹੀਆਂ ਸਨ। ਦੇਵ ਦੀ ਮਿਹਨਤ ਨੇ ਉਹਨਾਂ ਕੰਪਨੀਆਂ ਨੂੰ ਹੋਰ ਵੀ ਤਰੱਕੀ 'ਤੇ ਪਹੁੰਚਾਇਆ ਸੀ। ਦੇਵ ਨੇ ਲੋੜ ਅਨੁਸਾਰ ਸਟਾਫ ਭਰਤੀ ਕੀਤਾ ਅਤੇ ਦਫ਼ਤਰ ਦੀ ਸਾਰੀ ਜ਼ਿੰਮੇਵਾਰੀ ਪ੍ਰੀਤ ਨੇ ਦੇਵ ਨੂੰ ਦੇ ਦਿੱਤੀ। ਇਸ ਕੰਪਨੀ ਵਿਚ ਦੇਵ ਨੇ ਕੋਈ ਪੈਸਾ ਨਹੀਂ ਲਾਇਆ ਸੀ ਨਾ ਹੀ ਉਸ ਕੋਲ ਕੋਈ ਵਾਧੂ ਫੰਡ ਸਨ। ਸਾਰਾ ਹਿਸਾਬ ਕਿਤਾਬ ਲਾ ਕੇ ਪ੍ਰੀਤ ਨੇ ਕੰਪਨੀ ਵਿਚ ਉਸ ਨੂੰ ਚੌਥੇ ਹਿੱਸੇ ਦਾ ਭਾਗੀਦਾਰ ਬਣਾ ਲਿਆ। ਦੇਵ ਨੂੰ ਹਿੱਸੇਦਾਰ ਬਣਾ ਕੇ ਪ੍ਰੀਤ ਨੂੰ ਉਸ ਕੰਪਨੀ ਦੀ ਸਿਰਦਰਦੀ ਵੀ ਘਟ ਗਈ ਸੀ। ਦੇਵ ਨਾਲ ਉਸ ਦੀ ਕੰਪਨੀ ਦੇ ਲੇਖੇ ਜੋਖੇ ਦੇ ਸਬੰਧ ਵਿਚ ਮੀਟਿੰਗ ਹੁੰਦੀ ਰਹਿੰਦੀ। ਦੇਵ ਦੇ ਕੰਮ ਵਿਚ ਉਸ ਨੂੰ ਕਦੇ ਕੋਈ ਘਾਟ ਮਹਿਸੂਸ ਨਹੀਂ ਹੋਈ ਸੀ। ਉਹ ਉਤਸ਼ਾਹ ਨਾਲ ਕੰਮ ਕਰਦਾ ਅਤੇ ਲੋੜ ਪੈਣ 'ਤੇ ਲੇਟ ਤੱਕ ਵੀ ਕੰਮ ਕਰਦਾ ਰਹਿੰਦਾ। ਦੇਵ ਦੇ ਕੰਮ ਨਾਲ ਅਤੇ ਕੰਪਨੀ ਦੀ 'ਗਰੋਥ' ਨਾਲ ਸੰਤੁਸ਼ਟ ਪ੍ਰੀਤ ਲਈ ਦੇਵ ਨਾਲ ਮੁਲਾਕਾਤਾਂ ਵਿਚ ਕੁਝ ਕਮੀ ਹੋਣ ਲੱਗੀ। ਪ੍ਰੀਤ ਆਪਣੇ ਹੋਰ ਕੰਮਾ ਵਿਚ ਮਸਰੂਫ ਸੀ।

ਪ੍ਰੀਤ ਦੀ ਪਰਸਨਲ ਸੈਕਟਰੀ ਰੂਥ ਪ੍ਰੀਤ ਨਾਲ ਸਾਰਾ ਦਿਨ ਸਾਏ ਵਾਂਗ ਰਹਿੰਦੀ। ਅੱਧਖੜ ਉਮਰ ਦੀ ਰੂਥ ਪ੍ਰੀਤ ਦੀ ਪਹਿਲੀ ਸੈਕਟਰੀ ਸੀ ਜਿਸ ਨੇ ਉਸ ਦਾ ਸਾਰਾ ਕੰਮ ਬਹੁਤ ਜ਼ਿੰਮੇਵਾਰੀ ਨਾਲ ਸੰਭਾਲ ਲਿਆ। ਉਸ ਦਾ ਤਜ਼ਰਬਾ ਇਸ ਖੇਤਰ ਵਿਚ ਬਹੁਤ ਪੁਰਾਣਾ ਸੀ। ਰੂਥ ਕੁਝ ਕੁ ਵੱਡੀਆਂ ਫਰਮਾਂ ਦੇ ਮਾਲਕਾਂ ਜਾਂ ਡਾਇਰੈਕਟਰਾਂ ਨਾਲ ਕੰਮ ਕਰ ਚੁੱਕੀ ਸੀ। ਉਸ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਕਈ ਚੀਜ਼ਾ ਦਾ ਪ੍ਰੀਤ ਨੂੰ ਖਿਆਲ ਨਾ ਰਹਿੰਦਾ ਅਤੇ ਕਈ ਗੱਲਾਂ ਦਾ ਪ੍ਰੀਤ ਨੂੰ ਪਤਾ ਵੀ ਨਾ ਹੁੰਦਾ। ਰੂਥ ਉਹਨਾਂ ਕੰਮਾਂ ਨੂੰ ਆਪਣੇ ਆਪ ਕਰ ਲੈਂਦੀ। ਦਿਨੋ ਦਿਨ ਜਿਥੇ ਪ੍ਰੀਤ ਰੂਥ 'ਤੇ ਜ਼ਿਆਦਾ ਨਿਰਭਰ ਹੋ ਰਹੀ ਸੀ ਉਥੇ ਰੂਥ ਉਸ ਨੂੰ ਆਪਣੇ ਘਰ ਦੀ ਮੈਂਬਰ ਹੀ ਲਗਦੀ।

ਰੂਥ ਨਾਲ ਪ੍ਰੀਤ ਨੇ ਸਤਿਵੀਰ ਬਾਰੇ ਵੀ ਗੱਲ ਕੀਤੀ। ਸਤਿਵੀਰ ਦਾ ਹਾਲ ਉਸ ਨੇ ਰੂਥ ਨੂੰ ਬਿਆਨ ਕੀਤਾ ਤਾਂ ਪ੍ਰੀਤ ਕਈ ਵਾਰ ਰੋਈ ਵੀ ਸੀ। ਰੂਥ ਨੇ ਉਸ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ। ਰੂਥ ਕੋਲ ਵੀ ਸਤਿਵੀਰ ਦਾ ਕੋਈ ਇਲਾਜ ਨਹੀਂ ਸੀ। ਰੂਥ ਕੋਲ ਪ੍ਰੀਤ ਆਪਣਾ ਮਨ ਹੀ ਹਲਕਾ ਕਰ ਸਕਦੀ ਸੀ। ਰੋ ਧੋ ਕੇ ਅਤੇ ਗੱਲਾਂ ਕਰਕੇ ਪ੍ਰੀਤ ਨੂੰ ਲਗਦਾ ਜਿਵੇਂ ਵਕਤੀ ਤੌਰ 'ਤੇ ਉਸ ਦੇ ਮਨ ਤੋਂ ਕੁਝ ਬੋਝ ਲਹਿ ਗਿਆ ਹੋਵੇ। ਇਹ ਸਿਲਸਿਲਾ ਕਦੇ ਨਾ ਕਦੇ ਚਲਦਾ ਹੀ ਰਹਿੰਦਾ। ਰੂਥ ਨੂੰ ਪ੍ਰੀਤ ਨਾਲ ਦਿਲੀ ਹਮਦਰਦੀ ਸੀ ਅਤੇ ਉਹ ਉਸ ਨੂੰ ਸੁਘੜ ਮਾਂ ਜਾਂ ਵੱਡੀ ਭੈਣ ਵਾਂਗ ਆਪਣੀ ਹਮਦਰਦੀ ਦੀ ਚਾਦਰ ਵਿਚ ਲੁਕਾ ਲੈਂਦੀ।

ਰੂਥ ਹੀ ਉਸ ਦੀਆਂ ਸਾਰੀਆਂ ਮੀਟਿੰਗਾਂ ਅਤੇ ਕੰਮਾ ਦੇ ਨਾਲ ਨਾਲ ਦਿਨੇ ਖਾਣ ਪੀਣ ਦਾ ਖਿਆਲ ਰਖਦੀ। ਸ਼ਾਮ ਨੂੰ ਪ੍ਰੀਤ ਕੰਮ ਤੋਂ ਬਾਅਦ ਘਰ ਜਾਂਦੀ ਅਤੇ ਮਾਂ ਬਾਪ ਨਾਲ ਖਾਣਾ ਖਾਂਦੀ। ਉਹ ਭਾਂਵੇਂ ਵੱਡਾ ਘਰ ਲੈ ਸਕਦੀ ਸੀ ਪਰ ਮਾਂ ਪਿਉ ਨੂੰ ਛੱਡ ਕੇ ਉਹ ਕਿਧਰੇ ਜਾ ਹੀ ਨਹੀਂ ਸਕਦੀ ਸੀ। ਮੀਕਾ ਕਿਸੇ ਹਾਲਤ ਵਿਚ ਵੀ ਕੁੜੀ ਦੀ ਕਮਾਈ ਨਾਲ ਖਰੀਦੇ ਘਰ ਵਿਚ ਰਹਿਣ ਲਈ ਤਿਆਰ ਨਹੀਂ ਸੀ। ਰੂਥ ਜਦ ਪਹਿਲੀ ਵਾਰ ਪ੍ਰੀਤ ਦੇ ਘਰ ਆਈ ਤਾਂ ਉਸ ਦਾ ਜਿਵੇਂ ਸੁਪਨਾ ਟੁੱਟ ਗਿਆ ਹੋਵੇ। ਰੂਥ ਨੇ ਸੋਚਿਆ ਸੀ ਪ੍ਰੀਤ ਕਿਸੇ ਮਹਿਲ ਵਰਗੇ ਘਰ ਵਿਚ ਰਹਿੰਦੀ ਹੋਵੇਗੀ। ਪ੍ਰੀਤ ਨੂੰ ਤਕਰੀਬਨ ਸਧਾਰਨ ਜਿਹੇ ਘਰ ਵਿਚ ਰਹਿੰਦਿਆਂ ਵੇਖ ਕੇ ਉਸ ਨੂੰ ਹੈਰਾਨੀ ਹੋਈ। ਰੂਥ ਨੇ ਪ੍ਰੀਤ ਨੂੰ ਇਸ ਸਬੰਧੀ ਕਦੇ ਕੋਈ ਸਵਾਲ ਨਹੀਂ ਕੀਤਾ ਸੀ। ਸਮੇਂ ਨਾਲ ਅਤੇ ਇਕੱਠਿਆਂ ਵਿਚਰਦਿਆਂ ਰੂਥ ਨੂੰ ਆਪਣੇ ਬਹੁਤੇ ਸਵਾਲਾਂ ਦਾ ਜਵਾਬ ਪ੍ਰੀਤ ਦੀ ਜੀਵਨ ਸ਼ੈਲੀ ਅਤੇ ਸੁਭਾਅ ਤੋਂ ਮਿਲ ਗਿਆ ਸੀ।

ਕੁਲ ਮਿਲਾ ਕੇ ਪ੍ਰੀਤ ਦੀ ਜ਼ਿੰਦਗੀ ਇਕ ਘੜੀ ਵਰਗੀ ਸੀ। ਉਸ ਦਾ ਚੌਵੀ ਘੰਟਿਆਂ ਦਾ ਟਾਈਮ ਟੇਬਲ ਬਣਿਆ ਹੁੰਦਾ। ਸਰੀਰਕ ਕੰਮ ਤਾਂ ਉਸ ਦਾ ਕੋਈ ਨਹੀਂ ਸੀ ਪਰ ਮਾਨਸਕ ਕੰਮ ਅਤੇ ਬਿਜਨਸ ਦੀਆਂ ਸਮੱਸਿਆਵਾਂ ਸ਼ਾਮ ਤੱਕ ਉਸ ਨੂੰ ਥਕਾ ਦਿੰਦੀਆਂ। ਸਵੇਰੇ ਛੇ ਵਜੇ ਉੱਠ ਕੇ ਉਹ ਹਫ਼ਤੇ ਵਿਚ ਘੱਟੋ ਘੱਟ ਤਿੰਨ ਵਾਰ ਵਰਜਿਸ਼ ਕਰਨ ਲਈ 'ਜਿੱਮ' ਜਾਂਦੀ। ਵਰਜਿਸ਼ ਕਰਕੇ ਉਹ ਹਲਕੀ ਫੁੱਲ ਹੋ ਜਾਂਦੀ ਅਤੇ ਕੰਮ ਕਰਨ ਲਈ ਉਸ ਦਾ ਮਨ ਤਰੋ ਤਾਜ਼ਾ ਹੋ ਜਾਂਦਾ। ਸ਼ਾਮ ਨੂੰ ਮਾਨਸਕ ਭਾਰ ਤੋਂ ਮੁੱਕਤੀ ਲਈ ਕਦੇ ਕਦੇ ਉਹ ਕੋਈ ਫ਼ਿਲਮ ਵੇਖਦੀ ਜਾਂ ਕੋਈ ਚੰਗੀ ਕਿਤਾਬ ਦੇ ਕੁਝ ਸਫੇ ਪੜ੍ਹਦੀ। ਪੜ੍ਹਨ ਬਿਨਾਂ ਉਸ ਨੂੰ ਨੀਂਦ ਨਾ ਆਉਂਦੀ। ਚੰਗੀਆਂ ਕਿਤਾਬਾਂ ਨਾਲ ਉਸ ਨੂੰ ਮੋਹ ਸੀ। ਪ੍ਰੀਤ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਐਨੀ ਜਲਦੀ ਉਸ ਦੇ ਸਾਰੇ ਮੋਹ ਭੰਗ ਹੋ ਜਾਣਗੇ ਅਤੇ ਉਹ ਇੱਕ ਦਮ ਹੀ ਹਰ ਪਾਸੇ ਤੋਂ ਮੁਸ਼ਕਲਾਂ ਨਾਲ ਘਿਰ ਜਾਵੇਗੀ।

## ਛੱਤੀਵਾਂ

ਐਤਵਾਰ ਨੂੰ ਅਜੇ ਪ੍ਰੀਤ ਸੁੱਤੀ ਪਈ ਸੀ ਜਦ ਫੋਨ ਦੀ ਘੰਟੀ ਵੱਜੀ। ਫੋਨ ਮੀਕੇ ਨੇ ਚੁੱਕਿਆ। ਉਸ ਦੀ ਗੱਲ ਬਾਤ ਤਾਂ ਪ੍ਰੀਤ ਦੇ ਸਮਝ ਨਾ ਆਈ। ਪਰ ਉਸ ਦੀਆਂ ਗੱਲਾਂ ਦੇ ਅੰਦਾਜ਼ ਤੋਂ ਉਸ ਨੂੰ ਪਤਾ ਲੱਗ ਗਿਆ ਕੋਈ ਮਾੜੀ ਘਟਨਾ ਵਾਪਰ ਗਈ ਸੀ। ਉਹ ਬਿਨਾਂ ਦੇਰੀ ਲਊਂਜ ਵਿਚ ਆ ਗਈ। ਮੀਕਾ ਸਿਰ ਫੜੀ ਅਫਸੋਸਿਆ ਬੈਠਾ ਸੀ।

ਗੁਰੇ ਦੀ ਮਾਂ ਦਾ ਦਿਹਾਂਤ ਕਈ ਸਾਲ ਪਹਿਲਾਂ ਧੁਨਖਵੇ ਨਾਲ ਹੋ ਗਿਆ ਸੀ। ਉਸ ਦੇ ਪਿਉ ਨਿਰਮਲ ਨੇ ਹੋਰ ਵਿਆਹ ਕਰਵਾਉਣ ਦੀ ਥਾਂ ਗੁਰੇ ਦੇ ਪਾਲਣ ਪੋਸ਼ਣ ਨੂੰ ਹੀ ਪਹਿਲ ਦਿੱਤੀ। ਵੈਸੇ ਵੀ ਗੁਰਾ ਬਾਰ੍ਹਾਂ ਕੁ ਸਾਲਾਂ ਦਾ ਹੋ ਗਿਆ ਸੀ। ਨਿਰਮਲ ਨੂੰ ਜਦ ਵੀ ਕਿਸੇ ਨੇ ਦੂਜਾ ਵਿਆਹ ਕਰਨ ਦੀ ਰਾਇ ਦਿੱਤੀ ਤਾਂ ਉਸ ਦਾ ਸਾਦਾ ਜਿਹਾ ਜਵਾਬ ਹੁੰਦਾ।

'ਹੋਰ ਚਹੁੰ ਸਾਲਾਂ ਨੂੰ ਗੁਰੇ ਦਾ ਈ ਵਿਆਹ ਕਰ ਲਾਂਗੇ। ਰੋਟੀ ਪਕਦੀ ਹੋ ਜੂ। ਹੁਣ ਮੇਰੀ ਤਾਂ ਅੱਧੀ ਲੰਘ 'ਗੀ ਅੱਧੀ ਰਹਿ 'ਗੀ।' ਅਸਲ ਵਿਚ ਉਸ ਦੀ ਤਾਂ ਵਿਚਾਰੇ ਦੀ ਅੱਧੀ ਵੀ ਨਹੀਂ ਰਹੀ ਸੀ। ਕੁਝ ਸਾਲਾਂ ਵਿਚ ਹੀ ਸਾਹ ਦੀ ਬਿਮਾਰੀ ਕਰਕੇ ਉਹ ਆਪਣੀ ਉਮਰ ਤੋਂ ਪਹਿਲਾਂ ਹੀ ਬੁੱਢਾ ਹੋ ਗਿਆ ਸੀ।

ਨਿਰਮਲ ਕੋਲ ਜ਼ਮੀਨ ਦੇ ਮਸਾਂ ਤਿੰਨ ਏਕੜ ਸਨ। ਉਸ ਨੇ ਆਪਣੇ ਘਰ ਪ੍ਰੀਵਾਰ ਨੂੰ ਤਿੰਨ ਏਕੜ ਜ਼ਮੀਨ ਦੇ ਸਿਰ 'ਤੇ ਹੀ ਪਾਲਿਆ ਸੀ। ਉਸ ਨੇ ਕੁੜੀ ਦਾ ਵਿਆਹ ਵੀ ਕੀਤਾ ਅਤੇ ਆਪਣੇ ਬੁਢੇ ਮਾਂ ਪਿਉ ਨੂੰ ਵੀ ਸਾਂਭਿਆ। ਉਸ ਨੇ ਪਿਉ ਦੇ ਬੋਲਾਂ ਨੂੰ ਸਾਰੀ ਉਮਰ ਯਾਦ ਰੱਖਿਆ ਅਤੇ ਉਹਨਾਂ 'ਤੇ ਪਹਿਰਾ ਦਿੱਤਾ।

“ਨਿਰਮਲਾ ਅੱਧੀ ਖਾ ਲਵੇ ਪਰ ਕਰਜਾ ਨਾ ਲਵੇ। ਇਕ ਵਾਰੀ ਕਰਜਾ ਸਿਰ ਚੜ੍ਹ ਗਿਆ ਤਾਂ ਫਿਰ ਲਾਹੁਣਾ ਬਹੁਤ ਔਖਾ ਹੁੰਦਾ। ਜੱਟ ਤੋਂ ਤਾਂ ਲਹਿੰਦਾ ਈ ਨੀ।”

ਨਿਰਮਲ ਨੇ ਪੂਰੀ ਮਿਹਨਤ ਕੀਤੀ ਅਤੇ ਸਾਰੀ ਉਮਰ ਕਰਜ਼ਾ ਨਾ ਲਿਆ। ਕੁੜੀ ਦਾ ਵਿਆਹ ਆਇਆ ਤਾਂ ਉਹਦੇ ਕੋਲ ਬਹੁਤੇ ਪੈਸੇ ਨਹੀਂ ਸਨ। ਸਾਰੇ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਉਸ ਨੂੰ ਕਰਜ਼ਾ ਲੈ ਲੈਣ ਦੀ ਸਲਾਹ ਦਿੱਤੀ। ਉਸ ਨੇ ਨਾਂਹ ਵਿਚ ਸਿਰ ਮਾਰ ਦਿੱਤਾ। ਕੁੜੀ ਦਾ ਰਿਸ਼ਤਾ ਕਰਨ ਤੋਂ ਪਹਿਲਾਂ ਉਸ ਨੇ ਸਾਫ਼ ਬਿਆਨੀ ਕਰਨ ਨੂੰ ਹੀ ਠੀਕ ਸਮਝਿਆ।

“ਸਰਦਾਰ ਸਾਹਿਬ ਮੈਂ ਕੋਈ ਵੱਡਾ ਵਿਆਹ ਨੀ ਕਰ ਸਕਦਾ। ਕੁੜੀ ਦੇ ‘ਨੰਦ ਦੇਣ ਤੋਂ ਬਿਨਾਂ ਹੋਰ ਕੋਈ ਦੇਣ ਲੈਣ ਨੀ ਕਰ ਸਕਦਾ। ਨਾ ਈ ਮੈਂ ਜੰਨ ਸਾਂਭਣ ਜੋਗਾ ਆਂ। ਜੇ ਥੋਨੂੰ ਮੰਜ਼ੂਰ ਆ ਤਾਂ ਭਵਾਂ ਕੱਲ੍ਹ ਨੂੰ ਆ ਕੇ ‘ਨੰਦ ਲੈ ਜੋ। ਨਹੀਂ ਤਾਂ ਆਪਣੀ ਸਾਸਰੀ 'ਕਾਲ।”

ਕੁੜੀ ਦਾ ਸਹੁਰਾ ਸਾਊ ਬੰਦਾ ਸੀ। ਮੱਧ ਵਰਗ ਦਾ ਕਿਸਾਨ ਅਤੇ ਕਾਮਰੇਡ ਵਿਚਾਰਾਂ ਦਾ। ਉਸ ਨੂੰ ਨਿਰਮਲ ਦੀ ਸਾਫ਼ ਗੱਲ ਨੇ ਮੋਹ ਲਿਆ। ਉਸ ਨੇ ਆਪਣੀ ਕੁੜੀ ਦਾ ਵਿਆਹ ਵੀ ਬਹੁਤੇ ਢਕਵੰਜ ਕਰਨ ਤੋਂ ਬਿਨਾਂ ਹੀ ਕੀਤਾ ਸੀ। ਬੇਸ਼ਕ ਉਸ ਨੇ ਕੁੜੀ ਨੂੰ ਮਾੜਾ ਮੋਟਾ ਦਾਜ ਦਹੇਜ ਤਾਂ ਦਿੱਤਾ ਸੀ ਪਰ ਦਿਖਾਵਾ ਉਸ ਨੇ ਭੋਰਾ ਨਹੀਂ ਕੀਤਾ ਸੀ। ਮੁੰਡਿਆਂ ਦੇ ਵਿਆਹ ਵੀ ਉਸ ਨੇ ਇਸ ਤਰ੍ਹਾਂ ਹੀ ਕਰਨ ਦਾ ਵਿਚਾਰ ਬਣਾਇਆ ਸੀ। ਉਸ ਦੇ ਮਨ ਵਿਚ ਕੁੜੀ ਆਪਣੇ ਲਈ ਮਾੜਾ ਮੋਟਾ ਦਹੇਜ ਲੈ ਕੇ ਆਵੇ ਐਨੀ ਕੁ ਗੱਲ ਤਾਂ ਜ਼ਰੂਰ ਸੀ। ਇਸ ਮਾਮੂਲੀ ਲਾਲਚ ਨੂੰ ਉਸ ਨੇ ਕਾਬੂ ਕਰ ਲਿਆ ਅਤੇ ਨਿਰਮਲ ਨਾਲ ਰਿਸ਼ਤੇਦਾਰੀ ਲਈ ਹੱਥ ਅੱਗੇ ਵਧਾਇਆ।

“ਜੀ ਜਿਹਨੇ ਕੁੜੀ ਪਾਲ ਪੋਸ ਕੇ ਦੇ ‘ਤੀ ਹੋਰ ਪਿੱਛੇ ਕੀ ਰਹਿ ਗਿਆ। ਸਾਨੂੰ ਮੰਜ਼ੂਰ ਆ ਅਸੀਂ ਕੁੜੀ ਨੂੰ ਤੇੜ ਦੇ ਕੱਪੜਿਆ ਵਿਚ ਲੈ ਕੇ ਆਉਣ ਨੂੰ ਤਿਆਰ ਆਂ।” ਨਿਰਮਲ ਨੇ ਮਹੀਨੇ ਵਿਚ ਹੀ ਵਿਆਹ ਕਰ ਦਿੱਤਾ ਅਤੇ ਕੁੜੀ ਆਪਣੇ ਘਰ ਉਹਨਾਂ ਕੁੜੀਆਂ ਵਾਂਗ ਹੀ ਖੁਸ਼ ਸੀ ਜਿਹੜੀਆਂ ਨੂੰ ਮਾਪਿਆਂ ਨੇ ਵੱਡੇ ਵੱਡੇ ਦਾਜ ਦੇ ਕੇ ਵਿਆਹਿਆ ਸੀ। ਸ਼ਾਇਦ ਕਈਆਂ ਤੋਂ ਭੋਰਾ ਵੱਧ ਹੀ ਹੋਵੇ।

ਗੁਰੇ ਦਾ ਵਿਆਹ ਵੀ ਉਸ ਨੇ ਆਪਣੇ ਵਰਗੇ ਸਾਦੇ ਜਿਹੇ ਪ੍ਰੀਵਾਰ ਵਿਚ ਕੀਤਾ। ਉਹਨਾਂ ਨੇ ਦਾਜ ਦਹੇਜ ਦੇਣ ਲਈ ਜ਼ੋਰ ਲਾਇਆ। ਨਿਰਮਲ ਨੇ ਲਕੀਰ ਖਿੱਚ ਦਿੱਤੀ ਨਾ ਉਸ ਨੇ ਦੇਣ ਲੈਣ ਕੀਤਾ ਅਤੇ ਨਾ ਹੀ ਕਰਨਾ। ਗੁਰੇ ਨੂੰ ਵੀ ਉਸ ਨੇ ਸਤ੍ਹਾਰਾਂ ਸਾਲਾਂ ਦੀ ਉਮਰ ਵਿਚ ਵਿਆਹ ਲਿਆ। ਘਰ ਰੋਟੀ ਪਕਦੀ ਹੋ ਗਈ। ਨਿਰਮਲ ਮਨੋ ਖੁਸ਼ ਸੀ ਕੁੜੀ ਜੀਤੋ ਸਿਆਣੀ ਅਤੇ ਸਚਿਆਰੀ ਸੀ। ਨਿਰਮਲ ਨੂੰ ਆਪਣੀ ਬਿਮਾਰੀ ਕਰਕੇ ਆਪਣੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਸੀ। ਗੁਰਾ ਵੀ ਮੁੰਡਿਆਂ ਵਰਗਾ ਮੁੰਡਾ ਨਾ ਹੋਣ ਕਰਕੇ ਉਸ ਨੂੰ ਤਸੱਲੀ ਸੀ ਕਿ ਗੁਰਾ ਵੀ ਆਪਣੀ ਜ਼ਿੰਦਗੀ ਠੀਕ ਗੁਜ਼ਾਰ ਲਵੇਗਾ।

ਨਿਰਮਲ ਦਾ ਭਰੋਸਾ ਜਲਦੀ ਹੀ ਟੁੱਟ ਗਿਆ। ਗੁਰੇ ਦੇ ਚਾਲੇ ਉਸ ਦੀ ਸਮਝੋਂ ਬਾਹਰ ਸਨ। ਜ਼ਮੀਨ ਦੀ ਵਸੀਅਤ ਉਸ ਨੇ ਗੁਰੇ ਦੇ ਨਾਂ ਕਰਵਾ ਦਿੱਤੀ ਸੀ। ਆਪ ਉਹ ਸੋਚਦਾ ਰਹਿੰਦਾ ਪਤਾ ਨਹੀਂ ਅਗਲਾ ਸਾਹ ਆਵੇ ਜਾਂ ਨਾ ਆਵੇ। ਗੁਰੇ ਤੋਂ ਬਿਨਾਂ ਉਹ ਜਾਇਦਾਦ ਕਿਸ ਨੂੰ ਦੇ ਸਕਦਾ ਸੀ! ਹੁਣ ਜਦ ਗੁਰਾ ਨਸ਼ੇ ਵਰਤਣ ਲੱਗ ਪਿਆ ਤਾਂ ਨਿਰਮਲ ਨੂੰ ਇਹ ਝੋਰਾ ਹੋਰ ਵੀ ਮਾਰੂ ਬਣ ਕੇ ਚੁੰਬੜਿਆ।

ਪਹਿਲਾਂ ਪਹਿਲ ਤਾਂ ਗੁਰੇ ਦੀ ਘਰ ਵਾਲੀ ਜੀਤੋ ਨੂੰ ਵੀ ਪਤਾ ਨਾ ਲੱਗਾ। ਜੇ ਕਦੇ ਉਸ ਨੂੰ ਸ਼ੱਕ ਹੋਈ ਵੀ ਤਾਂ ਉਸ ਨੇ ਬਹੁਤਾ ਧਿਆਨ ਨਾ ਦਿੱਤਾ। ਗੁਰਾ ਦਿਨੋ ਦਿਨ ਨਸ਼ੇ ਦੀ ਵਰਤੋਂ ਜ਼ਿਆਦਾ ਕਰਨ ਲੱਗ ਪਿਆ। ਫਿਰ ਤਾਂ ਸਾਰੇ ਪਿੰਡ ਨੂੰ ਹੀ ਪਤਾ ਲੱਗ ਗਿਆ। ਜਦ ਸਾਰੇ ਪਿੰਡ ਨੂੰ ਪਤਾ ਲੱਗ ਗਿਆ ਤਾਂ ਨਿਰਮਲ ਤੋਂ ਗੱਲ ਕਿਵੇਂ ਲੁਕੀ ਰਹਿੰਦੀ। ਉਸ ਨੇ ਗੁਰੇ ਨੂੰ ਬਥੇਰਾ ਸਮਝਾਇਆ। ਅਪਣੇ

ਬਿਮਾਰ ਹੋਣ ਦਾ ਵਾਸਤਾ ਪਾਇਆ। ਉਸ ਦੀ ਘਰ ਵਾਲੀ ਬਾਰੇ ਸੋਚਣ ਨੂੰ ਕਿਹਾ। ਗੁਰੇ 'ਤੇ ਕਿਸੇ ਗੱਲ ਦਾ ਅਸਰ ਨਾ ਹੋਇਆ।

ਗੁਰਾ ਜਦ ਵੀ ਨਸ਼ਾ ਵਰਤਦਾ ਤਾਂ ਉਸ ਨੂੰ ਆਪਣੇ ਆਪ ਨਾਲ ਨਫ਼ਰਤ ਹੁੰਦੀ। ਉਸ ਨੂੰ ਬਿਮਾਰ ਪਿਉ ਦਾ ਖਿਆਲ ਆਉਂਦਾ। ਉਸ ਦੀਆਂ ਕੀਤੀਆਂ ਕੁਰਬਾਨੀਆਂ ਗੁਰੇ ਦੀ ਜ਼ਮੀਰ ਨੂੰ ਚੋਭਾਂ ਮਾਰਦੀਆਂ। ਗੁਰਾ ਆਪਣੇ ਆਪ ਨਾਲ ਵਾਇਦਾ ਕਰਦਾ ਕਿ ਅੱਜ ਤੋਂ ਬਾਅਦ ਕਦੇ ਨਸ਼ਾ ਨਹੀਂ ਕਰੇਗਾ। ਉਸ ਦਾ ਮਨ ਨਾ ਟਿਕਦਾ। ਉਹ ਬਥੇਰਾ ਮਨ ਨੂੰ ਸਮਝਾਉਣ ਦਾ ਯਤਨ ਕਰਦਾ। ਹੁੰਦਾ ਉਸ ਦੇ ਉਲਟ। ਉਹ ਸਗੋਂ ਪਹਿਲਾਂ ਤੋਂ ਵੀ ਵੱਧ ਨਸ਼ਾ ਵਰਤਣ ਲਗਦਾ। ਪਹਿਲਾਂ ਜਿੰਨੀ ਮਿਕਦਾਰ ਦਾ ਕੁਝ ਅਸਰ ਨਾ ਹੁੰਦਾ। ਉਹ ਮਿਕਦਾਰ ਨੂੰ ਵਧਾ ਲੈਂਦਾ ਅਤੇ ਨਾਲੋ ਨਾਲ ਵੇਚਣ ਵਾਲਿਆਂ ਨੂੰ ਗਾਹਲਾਂ ਕੱਢਦਾ ਕਿ ਉਹ ਪੈਸੇ ਤਾਂ ਪੂਰੇ ਲੈਂਦੇ ਐ ਤੇ ਮਾਲ ਮਾੜਾ ਦਿੰਦੇ ਆ। ਮੁਕਦੀ ਗੱਲ ਉਹ ਨਸ਼ਾ ਛੱਡਣ ਦੀ ਥਾਂ ਜ਼ਿਆਦਾ ਵਰਤਣ ਲੱਗਾ।

ਮਲਕੀਤ ਨੂੰ ਵੀ ਪਤਾ ਲੱਗ ਗਿਆ ਸੀ ਅਤੇ ਉਸ ਨੇ ਗੁਰੇ ਨੂੰ ਚੋਰੀ ਕਰਦੇ ਨੂੰ ਫੜ ਲਿਆ। ਗੁਰੇ ਕੋਲ ਪੈਸੇ ਨਹੀਂ ਸਨ ਅਤੇ ਨਸ਼ੇ ਬਿਨਾਂ ਉਸ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਉਸ ਨੇ ਕਈ ਵਾਰ ਦੁਕਾਨ ਦੀ ਵਿਕਰੀ ਵਿਚੋਂ ਪੈਸੇ ਕੱਢਣ ਲਈ ਹੱਥ ਵਧਾਇਆ ਅਤੇ ਕਈ ਵਾਰ ਉਸ ਦੀ ਜ਼ਮੀਰ ਨੇ ਉਸ ਨੂੰ ਰੋਕਿਆ ਟੋਕਿਆ। ਅਖ਼ੀਰ ਨਸ਼ੇ ਦੀ ਲੋੜ ਨੇ ਜ਼ਮੀਰ ਨੂੰ ਹਰਾ ਦਿੱਤਾ ਅਤੇ ਪੈਸੇ ਲੈ ਕੇ ਉਸ ਨੇ ਨਸ਼ਾ ਲੈ ਲਿਆ। ਇਕ ਵਾਰ ਅਜਿਹਾ ਹੋਇਆ ਤਾਂ ਦੂਜੀ ਵਾਰ ਪੈਸੇ ਕੱਢਣੇ ਉਸ ਨੂੰ ਸੌਖੇ ਲੱਗੇ। ਫਿਰ ਉਸ ਦੀ ਜ਼ਮੀਰ ਜਿਵੇਂ ਚੋਰੀ ਕਰਨ ਵੇਲੇ ਸੌਂ ਜਾਂਦੀ। ਇਹ ਉਸ ਦਾ ਹਰ ਰੋਜ਼ ਦਾ ਕਿੱਤਾ ਬਣ ਗਿਆ।

ਸੌ ਦਿਨ ਚੋਰ ਦਾ ਅਤੇ ਇੱਕ ਦਿਨ ਸਾਧ ਦਾ ਆਉਣਾ ਸੀ ਅਤੇ ਆ ਗਿਆ। ਮਲਕੀਤ ਨੂੰ ਕਈ ਦਿਨਾਂ ਤੋਂ ਦੁਕਾਨ ਦੀ ਘਟ ਰਹੀ ਵਿੱਕਰੀ ਦਾ ਫ਼ਿਕਰ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਆਖ਼ਰ ਵਿੱਕਰੀ ਕਿਉਂ ਘਟੀ! ਗੁਰੇ 'ਤੇ ਉਸ ਨੂੰ ਵਿਸ਼ਵਾਸ਼ ਸੀ। ਹੁਣ ਤੱਕ ਦੁਕਾਨ ਵਿਚੋਂ ਇਕ ਪੈਸਾ ਵੀ ਆਸੇ ਪਾਸੇ ਹੋਣ ਦਾ ਨਾ ਤਾਂ ਮਲਕੀਤ ਨੂੰ ਸ਼ੱਕ ਹੋਇਆ ਸੀ ਅਤੇ ਨਾ ਹੀ ਸਬੂਤ ਹੋਇਆ। ਹੁਣ ਉਸ ਨੂੰ ਅੱਚਵੀ ਜਿਹੀ ਲੱਗ ਗਈ ਕਿ ਇਸ ਦਾ ਕਾਰਣ ਕੀ ਸੀ! ਜਿਸ ਦਿਨ ਉਹ ਦੁਕਾਨ 'ਤੇ ਖੜ੍ਹਾ ਹੁੰਦਾ ਤਾਂ ਵਿਕਰੀ ਚੰਗੀ ਭਲੀ ਹੋ ਜਾਂਦੀ। ਆਖ਼ਰ ਗੁਰਾ ਸ਼ੱਕ ਦੇ ਘੇਰੇ ਵਿਚ ਆ ਗਿਆ। ਮਲਕੀਤ ਨੇ ਛਾਣ ਬੀਣ ਕੀਤੀ। ਉਸ ਨੇ ਗੁਰੇ ਦੇ ਅਮਲੀ ਬੇਲੀਆਂ ਨੂੰ ਪੁੱਛਿਆ। ਪਹਿਲਾਂ ਤਾਂ ਉਹ ਟਾਲ ਮਟੋਲ ਕਰਦੇ ਰਹੇ। ਜਦ ਮਲਕੀਤ ਨੇ ਨਸ਼ਾ ਖਿਲਾਇਆ ਪਿਲਾਇਆ ਅਤੇ ਪੁੱਛ ਗਿੱਛ ਕੀਤੀ ਤਾਂ ਵਿਚੋਂ ਇਕ ਮੰਨ ਗਿਆ। ਮਲਕੀਤ ਨੇ ਗੁਰੇ ਨੂੰ ਦੁਕਾਨ ਤੋਂ ਛੁੱਟੀ ਕਰ ਦਿੱਤੀ।

ਗੁਰੇ ਦਾ ਔਖਾ ਵੇਲਾ ਹੋਰ ਵੀ ਔਖਾ ਹੋ ਗਿਆ। ਇਸ ਔਖੇ ਵੇਲੇ ਨੂੰ ਸੌਖਾ ਕੀਤਾ ਤਾਰੇ ਦੇ ਮੁੰਡੇ ਕਿੰਦੇ ਨੇ। ਤਾਰੇ ਦੇ ਖੇਤ ਤੋਂ ਦੋ ਕਿੱਲੇ ਦੀ ਵਿੱਥ 'ਤੇ ਮਲਕੀਤ ਦਾ ਖੇਤ ਸੀ। ਗੁਰੇ ਦੇ ਲੱਛਣ ਵੇਖ ਕੇ ਤਾਰੇ ਨੇ ਕਿੰਦੇ ਨੂੰ ਕਿਹਾ।

"ਗੁਰੇ ਨੂੰ ਨਸ਼ਾ ਦੇਈ ਚੱਲ। ਉਹਦੀ ਜਮੀਨ ਆਪਣੇ ਨੇੜੇ ਲਗਦੀ ਆ।" ਕਿੰਦੇ ਨੂੰ ਇਸ਼ਾਰਾ ਸਮਝ ਆ ਗਿਆ ਅਤੇ ਉਸ ਨੇ ਗੁਰੇ ਨਾਲ ਯਾਰੀ ਗੰਢ ਲਈ। ਅਮਲੀ ਦੀ ਯਾਰੀ ਨਸ਼ੇ ਤੋਂ ਬਿਨਾਂ ਹੋਰ ਕਿਸੇ ਨਾਲ ਨਹੀਂ ਹੁੰਦੀ। ਕਿੰਦੇ ਨੂੰ ਚੰਗੀ ਤਰ੍ਹਾਂ ਪਤਾ ਸੀ। ਕਿੰਦੇ ਨੇ ਗੁਰੇ ਨੂੰ ਨਸ਼ੇ ਦੀ ਤੋਟ ਨਾ ਆਉਣ ਦਿੱਤੀ। ਗੁਰਾ ਉਸ ਨੂੰ ਆਪਣਾ ਯਾਰ ਸਮਝਣ ਲੱਗਾ। ਗੁਰਾ ਬਹੁਤਾ ਸਮਾਂ ਕਿੰਦੇ ਨਾਲ ਬਤਾਉਣ ਲੱਗਾ। ਨਿਰਮਲ ਬਥੇਰਾ ਕੁਰਲਾਇਆ।

"ਉਏ ਇਹਨਾਂ ਦੇ ਚੱਟੇ ਦਰੱਖਤ ਹਰੇ ਨੀ ਹੋਏ। ਤੂੰ ਇਹਨਾਂ ਨੂੰ ਛੱਡ ਦੇ। ਤੇਰੇ ਨਾਲ ਇਹਨਾਂ ਨੇ ਭਲੀ ਨੀ ਕਰਨੀ।" ਨਿਰਮਲ ਦੀ ਗੁਰੇ ਨੇ ਕਦੇ ਨਾ ਸੁਣੀ। ਜਾਂ ਇਹ ਕਹਿ ਲਵੋ ਨਸ਼ੇ ਨੇ ਗੁਰੇ ਦੀ ਮੱਤ ਮਾਰ ਦਿੱਤੀ ਸੀ।

ਘਰ ਤਾਂ ਕੋਈ ਪੈਸਾ ਨਾ ਹੁੰਦਾ ਅਤੇ ਗੁਰਾ ਕਿੰਦੇ ਨਾਲ ਨਸ਼ੇ ਦੇ ਲਾਲਚ ਵਿਚ ਤੁਰਿਆ ਫਿਰਦਾ। ਕਿੰਦੇ ਨੇ ਉਸ ਨੂੰ ਹੋਰ ਵੀ ਵੱਧ ਨਸ਼ੇ 'ਤੇ ਲਾ ਦਿੱਤਾ। ਉਹਨੇ ਗੁਰੇ ਨੂੰ ਅਫੀਮ 'ਤੇ ਲਾ ਦਿੱਤਾ। ਅਫੀਮ ਭੁੱਕੀ ਤੋਂ ਵੀ ਮਹਿੰਗੀ ਸੀ। ਗੁਰੇ ਸਿਰ ਰੋਜ਼ ਪੈਸੇ ਚੜ੍ਹਨ ਲੱਗੇ। ਸਿਹਤ ਉਹਦੀ ਨਿਘਰਦੀ ਗਈ। ਨਿਰਮਲ ਦੀ ਦਵਾਈ ਬੂਟੀ ਕਦੇ ਹੁੰਦੀ ਕਦੇ ਨਾ ਹੁੰਦੀ। ਅਚਾਨਕ ਇਕ ਰਾਤ ਨੂੰ ਨਿਰਮਲ ਨੇ ਸਵਾਸ ਤਿਆਗ ਦਿੱਤੇ। ਗੁਰੇ ਦੀ ਘਰ ਵਾਲੀ ਜੀਤੋ ਇਕੱਲੀ ਰਹਿ ਗਈ। ਗੁਰੇ ਨੂੰ ਹੋਰ ਵੀ ਖੁੱਲੀ ਛੁੱਟੀ ਹੋ ਗਈ।

ਕੁਝ ਦੇਰ ਬਾਅਦ ਕਿੰਦੇ ਨੇ ਗੁਰੇ ਅੱਗੇ ਹਿਸਾਬ ਕਿਤਾਬ ਰੱਖ ਦਿੱਤਾ। ਰਕਮ ਦਾ ਜੋੜ ਸੁਣ ਕੇ ਗੁਰੇ ਦੇ ਹੱਥ ਪੈਰ ਫੁੱਲ ਗਏ। ਉਹ ਗੁਆਚਿਆ ਜਿਹਾ ਕਿੰਦੇ ਵੱਲ ਵੇਖਦਾ ਰਿਹਾ। ਉਸ ਦੇ ਮਨ ਵਿਚ ਉਸ ਏਜੰਟ ਦਾ ਮੁਹਾਂਦਰਾ ਆਇਆ ਜਿਸ ਕੋਲ ਉਹ ਇੰਗਲੈਂਡ ਚੋਰੀ ਪਹੁੰਚਣ ਲਈ ਗਿਆ ਸੀ। ਏਜੰਟ ਨੇ ਜਦ ਪੈਸੇ ਮੰਗੇ ਤਾਂ ਏਨੇ ਪੈਸੇ ਸੁਣ ਕੇ ਗੁਰੇ ਦਾ ਸਾਹ ਸੁੱਕ ਗਿਆ ਸੀ। ਜੇ ਉਸ ਨੇ ਉਹ ਪੈਸੇ ਦਿੱਤੇ ਹੁੰਦੇ ਤਾਂ ਸ਼ਾਇਦ ਅੱਜ ਉਹ ਇੰਗਲੈਂਡ ਵਿਚ ਹੁੰਦਾ। ਪਰ ਹੁਣ ਤਾਂ ਬਹੁਤ ਦੇਰ ਹੋ ਚੁੱਕੀ ਸੀ। ਨਾ ਹੀ ਇਹ ਵਿਚਾਰ ਗੁਰੇ ਦੇ ਮਨ ਵਿਚ ਬਹੁਤਾ ਚਿਰ ਟਿਕ ਸਕਿਆ।

"ਆਹ ਸਾਰੇ ਪੈਸੇ ਮੈਂ ਤੇਰੇ ਕੋਲੋਂ ਥੋਕ ਦੇ ਭਾਅ ਦੇ ਲਏ ਆ। ਕੋਈ ਹੋਰ ਹੁੰਦਾ ਤਾਂ ਉਹਨੂੰ ਦੁਗਣੇ ਦੇਣੇ ਪੈਣੇ ਸੀ।" ਕਿੰਦੇ ਨੇ ਗੁਰੇ ਉਪਰ ਹੋਰ ਅਹਿਸਾਨ ਚਾੜ੍ਹ ਦਿੱਤਾ। ਸੁਣ ਕੇ ਗੁਰੇ ਨੂੰ ਮਾੜੀ ਜਿਹੀ ਤਸੱਲੀ ਹੋਈ। ਪਰ ਉਹਦੇ ਕੋਲ ਕੋਈ ਪੈਸੇ ਹੈ ਹੀ ਨਹੀਂ ਸਨ। ਦੇਣੇ ਉਸ ਨੇ ਕਿਥੋਂ ਸੀ! ਕਿੰਦੇ ਕੋਲੋਂ ਵੀ ਇਹ ਗੱਲ ਲੁਕੀ ਹੋਈ ਨਹੀਂ ਸੀ। ਨਾ ਹੀ ਕਿੰਦੇ ਦਾ ਪੈਸੇ ਲੈਣ ਦਾ ਇਰਾਦਾ ਸੀ। ਉਸ ਦੀ ਅੱਖ ਤਾਂ ਜ਼ਮੀਨ 'ਤੇ ਸੀ।

"ਤੂੰ ਆਏਂ ਨਾ ਫਿਕਰ ਕਰ ਯਾਰ। ਤੂੰ ਤਾਂ ਆਏਂ ਮੂੰਹ ਬਣਾ ਲਿਆ ਜਿਵੇਂ ਕੁੜੀ ਦੱਬ ਕੇ ਆਇਆ ਹੁੰਨਾ। ਮੈਂ ਤੈਨੂੰ ਹਸਾਬ ਦੱਸਿਆ। ਤੈਥੋਂ ਮੰਗੇ ਤਾਂ ਨੀ। ਲੈ ਆਹ ਫੜ ਮਾਵਾ।" ਕਿੰਦੇ ਨੇ ਪਲਾਸਟਕ ਦੇ ਪੇਪਰ ਵਿਚ ਲਪੇਟੀ ਅਫੀਮ ਉਸ ਨੂੰ ਦੇ ਦਿੱਤੀ। ਗੁਰੇ ਦੇ ਮੂੰਹ 'ਤੇ ਭੋਰਾ ਕੁ ਖੁਸ਼ੀ ਆਈ। ਉਸ ਨੇ ਆਮ ਨਾਲੋਂ ਵੱਡਾ ਮਾਵਾ ਬਣਾ ਕੇ ਮੂੰਹ ਵਿਚ ਪਾ ਲਿਆ।

ਪਿੰਡ ਵਿਚ ਗੁਰੇ ਦੀ ਜ਼ਮੀਨ 'ਤੇ ਤਾਰੇ ਦੇ ਵਾਢਾ ਰੱਖਣ ਦੀਆਂ ਗੱਲਾਂ ਹੋਣ ਲੱਗੀਆਂ। ਬਹੁਤੀ ਦੇਰ ਨੀ ਲਗਣੀ ਜਦੋਂ ਨੂੰ ਸਾਰੀ ਜ਼ਮੀਨ ਤਾਰੇ ਦੀ ਹੋਵੇਗੀ। ਲੋਕੀ ਕਹਿੰਦੇ ਅੱਧਾ ਰੱਬ ਹੁੰਦੇ ਆ। ਸ਼ਾਇਦ ਮਨ ਦੇ ਕਿਸੇ ਕੋਨੇ ਵਿਚ ਗੁਰੇ ਨੂੰ ਵੀ ਪਤਾ ਹੋਵੇ ਕਿ ਕੀ ਵਾਪਰਨ ਵਾਲਾ ਸੀ। ਆਪਣੀ ਖਸਤਾ ਅਤੇ ਬੇਗੈਰਤ ਜ਼ਿੰਦਗੀ ਦੇ ਦੁਖਾਂਤ ਨੂੰ ਸੋਚਣ ਦੀ ਥਾਂ ਉਹ ਨਸ਼ੇ ਦੀ ਲੋਰ ਵਿਚ ਰਹਿਣਾ ਠੀਕ ਸਮਝਦਾ। ਬਸ ਨਸ਼ੇ ਹੀ ਉਸ ਦੀ ਹਰ ਗਮੀ ਖੁਸ਼ੀ ਦਾ ਸਾਥ ਦਿੰਦੇ।

ਕਿੰਦੇ ਦੀ ਜੀਪ ਵਿਚ ਬੈਠ ਕੇ ਕਦੇ ਕਦੇ ਗੁਰੇ ਨੂੰ ਆਪਣੇ ਆਪ 'ਤੇ ਮਾੜਾ ਜਿਹਾ ਮਾਣ ਵੀ ਹੁੰਦਾ। ਕਿੰਦਾ ਉਸ ਨੂੰ ਫੂਕ ਛਕਾਈ ਰਖਦਾ। ਬਲੈਕ ਦੇ ਖਤਰਨਾਕ ਕੰਮ ਵੀ ਉਸ ਤੋਂ ਲੈ ਲੈਂਦਾ।

"ਗੁਰਿਆ ਯਾਰ ਆਹ ਸਮਾਨ ਆਪਾਂ ਪਚਾਉਣਾ ਐ ਜ਼ਰੂਰ। ਮੇਰਾ ਕਿਤੇ ਹੋਰ ਜਾਣਾ ਜ਼ਰੂਰੀ ਆ। ਹੋਰ ਤੇਰੇ ਬਿਨਾਂ ਕੋਈ ਘਰ ਦਾ ਬੰਦਾ ਨੀ ਯਕੀਨ ਆਲਾ।" ਗੁਰੇ ਨੂੰ ਲਗਦਾ ਜਿਵੇਂ ਕਿੰਦਾ ਸੱਚ ਹੀ ਉਸ 'ਤੇ ਯਕੀਨ ਕਰਦਾ ਸੀ ਅਤੇ ਉਹ ਬਿਨਾਂ ਸੋਚੇ ਤੋਂ ਗੈਰ ਕਨੂੰਨੀ ਚੀਜ਼ ਲੈ ਕੇ ਤੁਰ ਜਾਂਦਾ। ਗੁਰਾ ਬਹੁਤਾ ਅਜੇ ਕਿਸੇ ਦੀਆਂ ਨਜ਼ਰਾਂ ਵਿਚ ਵੀ ਨਹੀਂ ਆਇਆ ਸੀ। ਇਸ ਲਈ ਉਸ 'ਤੇ ਕਿਸੇ ਨੂੰ ਸ਼ੱਕ ਹੋਣ ਦਾ ਖਤਰਾ ਘੱਟ ਹੁੰਦਾ। ਕਿੰਦਾ ਦੂਹਰਾ ਸ਼ਿਕਾਰ ਕਰਦਾ। ਇਕ ਪਾਸੇ ਆਪ ਬਚ ਜਾਂਦਾ ਅਤੇ ਦੂਜੇ ਪਾਸੇ ਕੰਮ ਕਰਨ ਦੇ ਨਾਲ ਨਾਲ ਗੁਰੇ ਨੂੰ ਵੀ ਆਪਣੇ ਕਾਬੂ ਵਿਚ ਕਰ ਲੈਂਦਾ। ਨਿਰਮਲ ਦੇ ਮਰਨ ਤੋਂ ਬਾਅਦ ਕਿੰਦੇ ਦੀ ਅੱਖ ਜੀਤੋ 'ਤੇ ਵੀ ਸੀ। ਉਸ ਨੇ

ਕਈ ਵਾਰ ਸੋਚਿਆ ਪਰ ਗੁਰੇ ਨੂੰ ਖੋਅ ਜਾਣ ਦੇ ਡਰੋਂ ਕੋਈ ਖਾਸ ਯਤਨ ਨਾ ਕੀਤਾ। ਜੀਤੋ ਦਾ ਮਸੂਮ ਜਿਹਾ ਚਿਹਰਾ ਕਿੰਦੇ ਦਾ ਪਿੱਛਾ ਨਾ ਛੱਡਦਾ। ਇਹ ਦੂਜਾ ਕਾਰਨ ਸੀ ਕਿ ਕਿੰਦਾ ਗੁਰੇ ਨੂੰ ਖੁਸ਼ ਰੱਖਣ ਦਾ ਯਤਨ ਕਰਦਾ।

ਤਾਰਾ ਵੀ ਜਦ ਘਰ ਆਉਂਦਾ ਤੇ ਗੁਰਾ ਘਰ ਹੁੰਦਾ ਤਾਂ ਪਹਿਲਾਂ ਗੁਰੇ ਨਾਲ ਸਾਹ-ਸਲਾਮ ਕਰਦਾ। ਉਸ ਨੂੰ ਕੋਲ ਬਿਠਾ ਕੇ ਸ਼ਰਾਬ ਦਾ ਪੈਗ ਪਿਲਾਉਂਦਾ। ਕਦੇ ਕਦਾਈਂ ਉਸ ਨੂੰ ਕੋਈ ਨਿੱਕੀ ਮੋਟੀ ਚੀਜ਼ ਵੀ ਖਰੀਦ ਦਿੰਦਾ। ਨਿੱਕੇ ਮੋਟੇ ਅਹਿਸਾਨ ਪਿਉ ਪੁੱਤ ਉਸ ਦੇ ਸਿਰ 'ਤੇ ਚੜ੍ਹਾਈ ਜਾਂਦੇ। ਗੁਰਾ ਜਿਸ ਦੀ ਪਿੰਡ ਦੇ ਸਮਾਜ ਵਿਚ ਸਾਰੀ ਦੀ ਸਾਰੀ ਇੱਜ਼ਤ ਖਤਮ ਹੋ ਗਈ ਸੀ ਅਤੇ ਕੋਈ ਰਿਸ਼ਤੇਦਾਰ ਵੀ ਉਸ ਨੂੰ ਮੂੰਹ ਨਹੀਂ ਲਾਉਂਦਾ ਸੀ, ਉਹ ਤਾਰੇ ਅਤੇ ਕਿੰਦੇ ਦੇ ਮਮੂਲੀ ਅਹਿਸਾਨਾਂ ਹੇਠ ਦੱਬਿਆ ਮਹਿਸੂਸ ਕਰਦਾ।

ਕਹਿੰਦੇ ਨੇ ਦੌਲਤ ਦਾ ਖੂਹ ਵੀ ਖਾਲੀ ਹੋ ਜਾਂਦਾ ਜੇ ਉਸ ਨੂੰ ਬੇਦਰਦੀ ਅਤੇ ਬੇਵਕੂਫੀ ਨਾਲ ਵਰਤਿਆ ਜਾਵੇ। ਖਾਸ ਕਰਕੇ ਉਸ ਵਿਚੋਂ ਸਿਰਫ਼ ਕੱਢਿਆ ਹੀ ਜਾਵੇ ਅਤੇ ਪਾਇਆ ਕੁਝ ਨਾ ਜਾਵੇ। ਗੁਰੇ ਕੋਲ ਤਾਂ ਖੂਹ ਕੀ ਇਕ ਭੋਰਾ ਟੋਇਆ ਵੀ ਨਹੀਂ ਸੀ। ਇਸ ਸੰਜਮ ਦੀ ਜਾਇਦਾਦ ਨੂੰ ਖਤਮ ਹੋਣ ਨੂੰ ਭਲਾ ਕਿੰਨ੍ਹਾ ਕੁ ਸਮਾਂ ਲਗਣਾ ਸੀ। ਤਾਰੇ ਨੇ ਇਕ ਦਿਨ ਪਰਨੋਟ ਬਣਾ ਲਿਆ ਅਤੇ ਉਸ ਤੋਂ ਜ਼ਮੀਨ ਲਿਖਵਾ ਲਈ। ਨਸ਼ਈ ਗੁਰੇ ਨੇ ਜਿਵੇਂ ਤਾਰਾ ਕਹੀ ਗਿਆ ਜਿਥੇ ਦਸਤਖਤ ਕਰਨ ਨੂੰ ਕਹੀ ਗਿਆ ਕਰੀ ਗਿਆ। ਕੁਝ ਪੈਸੇ ਉਸ ਨੂੰ ਜੇਬ ਵਿਚ ਪਾ ਦਿੱਤੇ ਅਤੇ ਕਿੰਦਾ ਉਸ ਨੂੰ ਘਰ ਛੱਡ ਗਿਆ। ਜੀਤੋ ਨੇ ਪੈਸੇ ਵੇਖੇ ਤਾਂ ਉਸ ਦੇ ਮਨ ਵਿਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਆਏ। ਉਸ ਵੇਲੇ ਗੁਰੇ ਨਾਲ ਤਾਂ ਗੱਲ ਹੋ ਨਹੀਂ ਸੀ ਸਕਦੀ। ਗੁਰਾ ਕਿਸੇ ਹੋਰ ਦੁਨੀਆਂ ਦਾ ਵਸਨੀਕ ਬਣਿਆ ਪਿਆ ਸੀ। ਕਿੰਦੇ ਦਾ ਗੁਰੇ ਦੇ ਘਰੋਂ ਜਾਣ ਨੂੰ ਦਿਲ ਨਾ ਕੀਤਾ ਪਰ ਮਜ਼ਬੂਰੀ ਬੱਸ ਜਾਣਾ ਪਿਆ।

ਸਵੇਰੇ ਗੁਰੇ ਨੂੰ ਜੀਤੋ ਨੇ ਸੁੱਤੇ ਪਏ ਨੂੰ ਜਲਦੀ ਹੀ ਜਗਾ ਲਿਆ ਅਤੇ ਪੈਸਿਆਂ ਬਾਰੇ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। ਨਾ-ਚਾਹੁੰਦਿਆਂ ਵੀ ਗੁਰੇ ਨੂੰ ਦੱਸਣਾ ਪਿਆ-

"ਤਾਰੇ ਚਾਚੇ ਤੋਂ ਲਿਆਇਆਂ।"

"ਕਿਤੇ ਜਮੀਨ 'ਤੇ ਗੂਠਾ ਤਾਂ ਨੀ ਲਾ ਆਇਆ। ਮੈਨੂੰ ਨੀ ਲਗਦਾ ਹੁਣ ਮੇਰਾ ਹੋਰ ਐਥੇ ਟੈਮ ਲੰਘੂ। ਤੈਨੂੰ ਸੌ ਦੀ ਇਕੋ ਸੁਣਾ ਦਿਆਂ ਜਾਂ ਤਾਂ ਬੰਦੇ ਦਾ ਪੁੱਤ ਬਣ ਜਾ ਨਹੀਂ ਮੈਂ ਪੇਕੀਂ ਚਲੀ ਜਾਣਾ।" ਉਹ ਰੋਂਦੀ ਕੁਰਲਾਉਂਦੀ ਰਹੀ ਜਦੋਂ ਉਹ ਪਾਸੇ ਹੋਈ ਤਾਂ ਗੁਰੇ ਨੇ ਅਫੀਮ ਦਾ ਮਾਵਾ ਮੂੰਹ 'ਚ ਪਾ ਲਿਆ। ਹੁਣ ਉਹ ਆਪਣੇ ਆਪ 'ਚ ਬਾਦਸ਼ਾਹ ਸੀ।

ਬਾਕੀ ਦੀ ਜ਼ਮੀਨ ਵੀ ਤਾਰੇ ਨੇ ਜਲਦੀ ਹੀ ਆਪਣੇ ਨਾ ਕਰਵਾ ਲਈ। ਪਿੰਡ ਵਿਚ ਲੋਕ ਗੱਲਾਂ ਕਰਦੇ ਕਿ ਤਾਰੇ ਨੇ ਜ਼ਮੀਨ ਦਾ ਬਹੁਤ ਥੋੜਾ ਮੁੱਲ ਤਾਰਿਆ ਸੀ ਅਤੇ ਗੁਰੇ ਤੋਂ ਜ਼ਮੀਨ ਮੁਫ਼ਤ ਵਾਂਗ ਹੀ ਲੈ ਲਈ ਸੀ। ਉਸ ਤੋਂ ਪਹਿਲਾਂ ਤਾਰਾ ਆਪ ਕੁਝ ਪੈਸੇ ਲੈ ਕੇ ਗੁਰੇ ਦੇ ਘਰ ਆਇਆ। ਬਾਕੀ ਦੇ ਪਰੋਨੋਟ ਵੀ ਉਸ ਕੋਲ ਸਨ। ਚਾਹ ਦਾ ਕੱਪ ਪੀ ਕੇ ਅਤੇ ਸੁੱਖ ਸਾਂਦ ਪੁੱਛ ਕੇ ਤਾਰਾ ਆਪਣੇ ਅਸਲੀ ਮਕਸਦ ਵੱਲ ਆਇਆ।

"ਲੈ ਭਾਈ ਆਹ ਕੁਸ ਪੈਸੇ ਆ। ਮਾੜੀ ਕਿਸਮਤ ਤੇਰੀ ਆ ਭਾਈ ਇਹ ਤਾਂ ਪਤਾ ਨੀ ਕਿਵੇਂ ਪੁਠੇ ਪਾਸੇ ਲੱਗ ਗਿਆ। ਆਹ ਪਰੋਨੋਟ ਆ। ਬਾਕੀ ਦੀ ਰਕਮ ਮੈਂ ਸੋਚਿਆ ਤੈਨੂੰ ਦੇਵਾਂ। ਇਹਦਾ ਕੀ ਪਤਾ ਕਿਥੇ ਤੇ ਕਦੋਂ ਖਰਚ ਦੇਵੇ। ਜਮੀਨ ਤਾਂ ਸਹੁਰੇ ਨੇ ਬਿਲੇ ਲਾ 'ਤੀ।" ਤਾਰੇ ਦੀ ਜ਼ਮੀਰ ਭਾਵੇਂ ਪੂਰੀ ਦੀ ਪੂਰੀ ਝੂਠ ਅਤੇ ਖੁਦਗਰਜ਼ੀ ਦੀ ਲੇਪ ਹੇਠ ਦੱਬੀ ਹੋਈ ਸੀ। ਫਿਰ ਵੀ ਉਸ ਦੇ ਗੁਨਾਹ ਨੇ ਉਸ ਦੇ ਬੋਲਾਂ ਵਿਚ ਮਾੜੀ ਜਿਹੀ ਕੰਬਣੀ ਲਿਆ ਦਿੱਤੀ। ਇਸ ਗੁਨਾਹ ਦੇ ਅਹਿਸਾਸ ਨੂੰ ਤਾਰੇ ਨੇ ਮਹਿਸੂਸ ਕੀਤਾ ਪਰ ਨਾਲ ਹੀ ਉਸ

ਨੂੰ ਆਪਣੀ 'ਮੈਂ' ਦੇ ਜ਼ੋਰ ਨਾਲ ਦਬਾ ਦਿੱਤਾ।

ਗੁਰਾ ਸਿਰ ਸੁੱਟੀ ਬੈਠਾ ਰਿਹਾ। ਉਸ ਦੀ ਅੱਖ ਪੈਸਿਆਂ ਵੱਲ ਸੀ। ਜੀਤੋ ਡੌਰ ਭੌਰ ਹੋਈ ਕਦੇ ਗੁਰੇ ਵੱਲ ਅਤੇ ਕਦੇ ਤਾਰੇ ਵੱਲ ਖਾਲੀ ਖਾਲੀ ਜਿਹੀ ਵੇਖਣ ਲੱਗੀ। ਉਹ ਕੰਧ ਦੀ ਢੋਅ ਲਾਈ ਖੜ੍ਹੀ ਸੀ। ਪਲ ਕੁ ਤੋਂ ਬਾਅਦ ਉਸ ਤੋਂ ਢੋਅ ਲਾ ਕੇ ਵੀ ਖੜ੍ਹ ਨਾ ਹੋਇਆ ਅਤੇ ਉਹ ਕੰਧ ਨਾਲ ਘਿਸਰਦੀ ਜ਼ਮੀਨ 'ਤੇ ਬੈਠਣ ਦੀ ਥਾਂ ਤਕਰੀਬਨ ਡਿੱਗ ਪਈ। ਉਸ ਦੀ ਮਸੂਮ ਬੇਬਸੀ ਨੂੰ ਤਾਰੇ ਦੇ ਅੰਦਰਲੇ ਤੋਂ ਵੇਖ ਨਾ ਹੋਇਆ ਅਤੇ ਉਹ ਜਾਣ ਲਈ ਖੜ੍ਹਾ ਹੋ ਗਿਆ। ਉਸ ਵੇਲੇ ਉਸ ਅੰਦਰਲੇ ਇਨਸਾਨ ਨੇ ਤਾਰੇ ਦੇ ਜ਼ੁਲਮ ਨੂੰ ਵੰਗਾਰਿਆ ਸੀ। ਉਸ ਦੇ ਨਿਰਦਈ ਦਿਲ ਵਿਚ ਪਲ ਭਰ ਲਈ ਤਰਸ ਦੀ ਭਾਵਨਾ ਆਈ ਅਤੇ ਉਸ ਭਾਵਨਾ ਨੂੰ ਉਹਨਾਂ ਦੇ ਵਿਹੜੇ ਵਿਚ ਛੱਡ ਕੇ ਉਹ ਬਾਹਰ ਚਲਾ ਗਿਆ।

ਗੁਰਾ ਨਸ਼ੇ ਵਿਚ ਧੁੱਤ ਮੰਜੇ 'ਤੇ ਜਾ ਡਿੱਗਾ। ਜੀਤੋ ਨੇ ਆਪਣੇ ਆਪ ਨੂੰ ਸੰਭਾਲਿਆ। ਗੁਰੇ ਦੇ ਸੁੱਕੇ ਮੂੰਹ ਅਤੇ ਨਿਰਜਿੰਦ ਜਿਹੀ ਦੇਹ 'ਤੇ ਉੱਡਦੀ ਜਿਹੀ ਨਜ਼ਰ ਮਾਰੀ। ਵਿਆਹ ਵੇਲੇ ਗੁਰਾ ਬਣਦਾ ਤਣਦਾ ਅਤੇ ਜਵਾਨੀ ਨਾਲ ਦਗਦਾ ਗਭਰੂ ਸੀ। ਉਸ ਦਿਨ ਗੁਰੇ ਦੀ ਪਤਨੀ ਨੇ ਆਪਣੇ ਆਪ ਨੂੰ ਧੰਨ ਸਮਝਿਆ ਸੀ। ਅੱਜ ਉਸ ਨੂੰ ਗੁਰਾ ਲਾਸ਼ ਤੋਂ ਵੀ ਗਿਆ ਗੁਜ਼ਰਿਆ ਲੱਗਿਆ। ਉਸ ਦੇ ਮੂੰਹ ਨਾਲੋਂ ਵੱਧ ਉਸ ਦੇ ਕਾਰਿਆਂ ਨੇ ਉਸ ਨੂੰ ਨਫ਼ਰਤ ਦਾ ਪਾਤਰ ਬਣਾ ਦਿੱਤਾ। ਫਿਰ ਵੀ ਕੋਈ ਰਿਸ਼ਤੇ ਦੀ ਤੰਦ ਸਖ਼ਤੀ ਨਾਲ ਉਸ ਨੂੰ ਗੁਰੇ ਦੇ ਘਰ ਨਾਲ ਜੋੜੀ ਬੈਠੀ ਸੀ। ਅੱਜ ਉਸ ਨੂੰ ਉਹ ਤੰਦ ਟੁਟਦੀ ਨਜ਼ਰ ਆਈ। ਘਰੋਂ ਬੇਘਰ ਹੋਣ ਦੇ ਆਸਾਰ ਉਸ ਨੂੰ ਪਰਤੱਖ ਨਜ਼ਰ ਆਏ। ਉਸ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਪੈਸੇ ਸੰਭਾਲ ਕੇ ਰੱਖ ਦਿੱਤੇ। ਮੂੰਹ ਹੱਥ ਧੋ ਕੇ ਉਹ ਪੇਕਿਆਂ ਨੂੰ ਜਾਣ ਲਈ ਤਿਆਰ ਹੋ ਗਈ ਅਤੇ ਪੈਸੇ ਉਸ ਨੇ ਨਾਲ ਲੈ ਲਏ।

ਪੇਕੀਂ ਜਾ ਕੇ ਉਸ ਨੇ ਸਾਰੀ ਗੱਲ ਭਰਾਵਾਂ ਨੂੰ ਦੱਸੀ। ਉਹਨਾ ਦੇ ਮੂੰਹ ਵੀ ਫਿਕਰ ਨਾਲ ਸੂਤੇ ਗਏ। ਗੁੱਸੇ ਦਾ ਉਬਾਲ ਵੀ ਆਇਆ ਅਤੇ ਉਹ ਗੁਰੇ ਦੀਆਂ ਲੱਤਾਂ ਤੋੜਨ ਦੀਆਂ ਗੱਲਾਂ ਕਰਨ ਲੱਗੇ। ਪਿਉ ਨੇ ਉਹਨਾਂ ਨੂੰ ਠੰਡਿਆਂ ਕੀਤਾ। ਉਸ ਨੇ ਦੁਨੀਆਂ ਵੇਖੀ ਸੀ ਅਤੇ ਅਮਲੀ ਲੋਕਾਂ ਬਾਰੇ ਮੁੰਡਿਆਂ ਤੋਂ ਵੱਧ ਜਾਣਦਾ ਸੀ। ਉਹ ਸਰੀਰ ਦੇ ਬੇਇਲਾਜ ਬਿਮਾਰ ਅੰਗ ਵਾਂਗ ਸਰੀਰ ਦੇ ਨਾਲ ਚੁੰਬੜੇ ਰਹਿ ਕੇ ਸਾਰੀ ਉਮਰ ਦੁੱਖ ਦਿੰਦੇ ਹਨ। ਅੰਗ ਵਾਂਗ ਹੀ ਨਾ ਕੱਟ ਕੇ ਸਿੱਟੇ ਜਾਂਦੇ ਹਨ ਅਤੇ ਨਾ ਹੀ ਤਕਲੀਫ਼ ਜਰਨ ਤੋਂ ਬਿਨਾਂ ਕੋਈ ਹੋਰ ਰਾਹ ਲਭਦਾ ਹੈ। ਉਸ ਨੇ ਕੁੜੀ ਦੇ ਪੈਸੇ ਉਸ ਦੇ ਨਾਂ 'ਤੇ ਜਮ੍ਹਾਂ ਕਰਵਾ ਦਿੱਤੇ ਅਤੇ ਕੁੜੀ ਨੂੰ ਹੌਸਲਾ ਰੱਖਣ ਲਈ ਕਿਹਾ। ਵੈਸੈ ਉਹ ਜਾਣਦਾ ਸੀ ਕਿ ਕੁੜੀ ਦਾ ਭਵਿੱਖ ਹਨ੍ਹੇਰਾ ਹੀ ਸੀ। ਸਮਝਾ ਬੁਝਾ ਕੇ ਕੁੜੀ ਨੂੰ ਉਹਨਾਂ ਨੇ ਵਾਪਿਸ ਭੇਜ ਦਿੱਤਾ।

ਗੁਰੇ ਨੇ ਬਥੇਰੀ ਕੋਸ਼ਿਸ਼ ਕੀਤੀ ਪਰ ਜੀਤੋ ਨੇ ਉਸ ਨੂੰ ਪੈਸੇ ਨਾ ਦਿੱਤੇ। ਲੜਾਈ ਝਗੜਾ ਕਰਨ ਜੋਗਾ ਗੁਰਾ ਹੈ ਨਹੀਂ ਸੀ। ਹੁਣ ਤਾਂ ਉੱਕਾ ਹੀ ਕੁਝ ਵੀ ਕਰਨ ਜੋਗਾ ਨਹੀਂ ਸੀ ਰਿਹਾ। ਗੁਨਾਹ ਦੀ ਭਾਵਨਾਂ ਉਸ ਨੂੰ ਜੀਤੋ ਅੱਗੇ ਅੱਖ ਚੁੱਕਣ ਤੋਂ ਵਰਜ ਦਿੰਦੀ। ਉਹ ਫਿਰ ਕਿੰਦੇ ਕੋਲ ਚਲਾ ਗਿਆ। ਹੁਣ ਕਿੰਦੇ ਨੇ ਉਸ ਵੱਲ ਇੰਝ ਵੇਖਿਆ ਜਿਵੇਂ ਉਸ ਨੇ ਗੁਰੇ ਨੂੰ ਪਛਾਣਿਆ ਹੀ ਨਾ ਹੋਵੇ। ਕਿੰਦਾ ਆਪਣੇ ਕੰਮ ਲੱਗਾ ਰਿਹਾ ਅਤੇ ਗੁਰਾ ਵਾਹਵਾ ਦੇਰ ਉਸ ਦਾ ਧਿਆਨ ਖਿੱਚਣ ਲਈ ਖੜ੍ਹਾ ਰਿਹਾ। ਆਖ਼ਰ ਕਿੰਦੇ ਨੇ ਗੁਰੇ ਵੱਲ ਧਿਆਨ ਦਿੱਤਾ।

"ਸੁਣਾ ਬਈ ਗੁਰਿਆ ਕਿਵੇਂ ਆ!"

"ਵੱਡੇ ਭਾਈ ਕਿਵੇਂ ਕੀ ਜਾਨ ਨਿੱਕਲੀ ਜਾਂਦੀ ਆ। ਕਰ ਕੋਈ ਮੇਰਾ ਬੰਦੋਬਸਤ।" ਗੁਰੇ ਨੇ ਲਿਲਕੜੀ ਜਿਹੀ ਲੈ ਕੇ ਮਿੰਨਤ ਕੀਤੀ।

"ਗੁਰਿਆ ਅੱਜ ਤਾਂ ਭੋਰਾ ਵੀ ਮਾਲ ਨੀ ਘਰ। ਆਹ ਲੈ ਚਾਰ ਛਿਲੜ ਲੈ ਜਾ ਤੇ ਕਿਸੇ ਦਕਾਨ ਤੋਂ ਗੋਲੀਆਂ ਲੈ ਕੇ ਕੰਮ ਚਲਾ ਲਾ।

ਥੋੜਾ ਬਹੁਤਾ ਸਬਰ ਵੀ ਕਰੀਦਾ ਹੁੰਦਾ।" ਕਿੰਦਾ ਹੁਣ ਗੁਰੇ ਨੂੰ ਮੱਤਾਂ ਦੇਣ ਲੱਗ ਪਿਆ ਸੀ। ਉਸ ਨੇ ਜੇਬ 'ਚੋਂ ਇਕ ਦਸਾਂ ਦਾ ਨੋਟ ਕੱਢ ਕੇ ਗੁਰੇ ਨੂੰ ਫੜਾ ਦਿੱਤਾ। ਗੁਰਾ ਉਸ ਵੱਲ ਜੀ ਭਿਆਣਾ ਜਿਹਾ ਵੇਖਦਾ ਬਾਹਰ ਆ ਗਿਆ। ਗੁਰਾ ਸਮਝ ਗਿਆ ਸੀ ਕਿੰਦੇ ਤੋਂ ਹੁਣ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਪਰ ਨਸ਼ੇ ਬਿਨਾਂ ਤਾਂ ਜਿਉਣਾ ਉਸ ਲਈ ਮੁਸ਼ਕਲ ਸੀ। ਇਕੋ ਇਲਾਜ ਸੀ ਕਿ ਨਸ਼ੇ ਦੀਆਂ ਗੋਲੀਆਂ ਜਾਂ ਖੰਘ ਦੀ ਦਵਾਈ ਆਦਿ ਨਾਲ ਕੰਮ ਚਲਾਵੇ। ਕਦੇ ਉਸ ਨੇ ਸਤਿਵੀਰ ਨੂੰ ਕਿਹਾ ਸੀ ਬਈ ਐਥੇ ਤਾਂ ਲੋਕ ਕਿਰਲੀਆਂ ਤੱਕ ਖਾ ਜਾਂਦੇ ਐ। ਹੁਣ ਸ਼ਾਇਦ ਗੁਰੇ ਨੂੰ ਵੀ ਕਿਰਲੀਆਂ ਨਾਲ ਡੰਗ ਟਪਾਉਣਾ ਪਵੇ।

ਗੁਰੇ ਕੋਲ ਬਾਕੀ ਜਾਇਦਾਦ ਇਕ ਘਰ ਹੀ ਰਹਿ ਗਿਆ ਸੀ। ਪਿੰਡ ਵਿਚ ਘਰ ਹੋਣ ਕਰਕੇ ਉਹ ਦੋਵਾਂ ਪਾਸਿਆਂ ਦੇ ਗੁਆਂਢੀਆਂ ਨੂੰ ਠੀਕ ਬੈਠਦਾ ਸੀ। ਨਿਰਮਲ ਨਾਲ ਉਹਨਾਂ ਦੀ ਬੋਲ ਬਾਣੀ ਚੰਗੀ ਰਹੀ ਹੋਣ ਕਰਕੇ ਉਹ ਘਰ ਖਰੀਦਣ ਦੇ ਹੱਕ ਵਿਚ ਨਹੀਂ ਸਨ। ਸੋਚਦੇ ਕਿ ਜੇ ਗੁਰੇ ਨੂੰ ਘਰੋਂ ਬੇਘਰ ਕਰ ਦਿੱਤਾ ਤਾਂ ਲੋਕ ਕੀ ਕਹਿਣਗੇ! ਅੰਦਰੋਂ ਦੋਵਾਂ ਦੇ ਮਨ ਵਿਚ ਥੋੜਾ ਲਾਲਚ ਵੀ ਜਾਗਦਾ। ਜੇ ਘਰ ਮਿਲ ਜਾਂਦਾ ਤਾਂ ਉਹਨਾਂ ਦਾ ਘਰ ਬਹੁਤ ਵਧੀਆਂ ਬਣ ਜਾਂਦਾ। ਕਿਸੇ ਹੋਰ ਦੇ ਆ ਕੇ ਵਿਚ ਫਸਣ ਦਾ ਵੀ ਉਹਨਾਂ ਨੂੰ ਡਰ ਲੱਗਿਆ ਰਹਿੰਦਾ।

ਗੁਰੇ ਕੋਲ ਪੈਸਿਆਂ ਦਾ ਤੋੜਾ ਰਹਿੰਦਾ। ਕਿਸੇ ਪਾਸਿਉਂ ਵੀ ਪੈਸਾ ਉਸ ਕੋਲ ਨਾ ਆਉਂਦਾ। ਪਿੰਡ ਦੇ ਦੋ ਕੁ ਹੋਰ ਅਮਲੀ ਉਸ ਦੇ ਜੋਟੀਦਾਰ ਬਣ ਗਏ। ਉਹਨਾਂ ਨੇ ਨਿੱਕੀਆਂ ਮੋਟੀਆਂ ਚੋਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਦੇ ਕਦਾਈਂ ਗੁਰਾ ਚੋਰੀ ਕਰਦਾ ਫੜਿਆ ਜਾਂਦਾ ਤਾਂ ਅਗਲਾ ਚਾਰ ਥੱਪੜ ਮਾਰ ਕੇ ਛੱਡ ਦਿੰਦਾ। ਵਾਹ ਲਗਦੀ ਉਹਨੂੰ ਕੋਈ ਘਰ ਨਾ ਵੜਨ ਦਿੰਦਾ। ਜਿਥੇ ਵੀ ਦਾਅ ਲਗਦਾ ਉਹ ਚੋਰੀ ਕਰਦੇ ਅਤੇ ਜਿਹੋ ਜਿਹੇ ਪੈਸੇ ਮਿਲਦੇ ਉਹੋ ਜਿਹਾ ਨਸ਼ਾ ਕਰ ਲੈਂਦੇ। ਜੀਤੋ ਨੂੰ ਗੁਰੇ ਦਾ ਇਸ ਹੱਦ ਤੱਕ ਗਿਰ ਜਾਣਾ ਅਸਹਿ ਲਗਦਾ। ਉਹ ਗੁਰੇ ਨੂੰ ਛੱਡ ਕੇ ਪੇਕੀਂ ਜਾਣ ਬਾਰੇ ਸੋਚਦੀ। ਸੋਚ ਕੇ ਆਪਣੀ ਰਾਇ ਆਪ ਹੀ ਬਦਲ ਲੈਂਦੀ। ਜਿਸ ਪਿਉ ਨੇ ਜ਼ਿੰਮੇਵਾਰੀ ਪੂਰੀ ਕਰ ਦਿੱਤੀ ਸੀ ਉਸ ਦੇ ਬੂਹੇ ਕਿਵੇਂ ਜਾ ਕੇ ਬੈਠ ਜਾਂਵਾਂ! ਉਹ ਆਪਣਾ ਗਮ ਆਪਣੇ ਅੰਦਰ ਦਬਾਈ ਰੱਖਦੀ। ਗੁਰਾ ਉਸ ਨੂੰ ਨਾ ਮਰਿਆ ਲਗਦਾ ਨਾ ਜਿਉਂਦਾ। ਜੇ ਉਹਦੇ ਜਿਉਂਦੇ ਜੀਅ ਉਹ ਘਰ ਕਿਵੇਂ ਵੀ ਤਿਆਗ ਨਹੀਂ ਸਕਦੀ ਸੀ।

ਇਕ ਸ਼ਾਮ ਹਨ੍ਹੇਰੇ ਹੋਏ ਤੱਕ ਗੁਰਾ ਘਰ ਨਹੀਂ ਆਇਆ ਸੀ। ਉਹ ਬੈਠੀ ਉਡੀਕਦੀ ਰਹੀ। ਉਸ ਨੂੰ ਗੁੱਸਾ ਵੀ ਆਉਂਦਾ ਅਤੇ ਉਹ ਬੇਬਸ ਰੋਣ ਵੀ ਲੱਗ ਜਾਂਦੀ। ਦਰਵਾਜ਼ਾ ਖੜਕਿਆ ਤਾਂ ਉਸ ਨੇ ਗੁਰਾ ਸਮਝ ਕੇ ਕੁੰਡਾ ਖੋਲ੍ਹ ਦਿੱਤਾ। ਅੱਗੇ ਕਿੰਦਾ ਖੜ੍ਹਾ ਸੀ। ਉਸ ਦਾ ਮੱਥਾ ਠਣਕਿਆ।

"ਜੀ ਉਹ ਤਾਂ ਘਰ ਨੀ ਆਏ ਅਜੇ। ਤੁਸੀਂ ਉਹਨਾਂ ਨੂੰ ਕੱਲ੍ਹ ਮਿਲ ਲਿਉ।" ਉਹਦੇ ਬੋਲ ਕੰਬ ਗਏ।

"ਮੈਂ ਉਹਤੋਂ ਕੀ ਲੈਣਾ। ਮੈਂ ਤਾਂ ਤੈਨੂੰ ਮਿਲਣ ਆਇਆਂ।" ਕਿੰਦੇ ਨੇ ਧੱਕਾ ਦੇ ਕੇ ਜੀਤੋ ਨੂੰ ਅੰਦਰ ਵੱਲ ਧੱਕਿਆ। ਜੀਤੋ ਨੇ ਲੇਰ ਮਾਰੀ ਅਤੇ ਉੱਚੀ ਅਵਾਜ਼ ਵਿਚ ਚੀਕੀ।

"ਚਾਚਾ ਜੀ ਬਚਾਉ।" ਅਵਾਜ਼ ਸੁਣ ਕੇ ਗੁਆਂਢੀ ਭੱਜੇ ਆਏ। ਉਹਨਾਂ ਦੇ ਚਿੱਤ ਵਿਚ ਸੀ ਗੁਰੇ ਨੇ ਜੀਤੋ ਨੂੰ ਕੁੱਟ ਮਾਰ ਕੀਤੀ ਹੋਵੇਗੀ। ਕਿੰਦਾ ਭੱਜ ਕੇ ਗਲੀ ਦਾ ਮੋੜ ਮੁੜ ਗਿਆ। ਗੁਆਂਢੀ ਚਾਚੇ ਨੇ ਭੱਜੇ ਜਾਂਦੇ ਕਿੰਦੇ ਨੂੰ ਪਛਾਣ ਲਿਆ ਸੀ। ਉਸ ਨੇ ਜੀਤੋ ਦਾ ਸਿਰ ਪਲੋਸਿਆ ਅਤੇ ਗੱਲ 'ਤੇ ਮਿੱਟੀ ਪਾ ਦੇਣ ਦੀ ਸਲਾਹ ਦੇ ਕੇ ਚਲਾ ਗਿਆ। ਜੀਤੋ ਦੇ ਮਨ ਵਿਚ ਇਕ ਹੋਰ ਡਰ ਘਰ ਕਰ ਗਿਆ।

"ਤੂੰ ਸਾਰੀ ਜਮੀਨ ਫੂਕਤੀ। ਪਿਉ ਦਾਰੂ ਖੁਣੋਂ ਮਰ ਗਿਆ। ਲੋਕਾਂ 'ਚ ਸਾਰੀ ਇੱਜ਼ਤ ਖਰਾਬ ਕਰ ਲਈ। ਹੁਣ ਤੇਰੇ ਧਗੜੇ ਮੇਰੀ

ਇੱਜ਼ਤ ਤੇ ਵੀ ਹੱਥ ਪਾਉਣ ਲੱਗੇ ਆ। ਤੇਰੇ 'ਚ ਭੋਰਾ ਅਣਖ ਹੈ ਵੀ ਕਿ ਨਹੀਂ।" ਜੀਤੋ ਦੇ ਮੂੰਹੋਂ ਰਾਤ ਵਾਲੀ ਘਟਨਾ ਸੁਣ ਕੇ ਗੁਰੇ ਨੂੰ ਇਕ ਵਾਰ ਤਾਂ ਗੁੱਸਾ ਆਇਆ। ਉਸ ਅੰਦਰ ਜਟਕੀ ਅਣਖ ਨੇ ਅੰਗੜਾਈ ਲਈ।

"ਅੱਜ ਸਾਲਾ ਜਾਂ ਤਾਂ ਕਿੰਦਾ ਨੀ ਜਾਂ ਮੈਂ ਨੀ।" ਉਸ ਨੇ ਦੋ ਨਸ਼ੇ ਵਾਲੀਆਂ ਗੋਲੀਆਂ ਮੂੰਹ ਵਿਚ ਪਾ ਲਈਆਂ ਅਤੇ ਨਾਲ ਹੀ ਉਸ ਅੰਦਰਲੀ ਅਣਖ ਵੀ ਸੌਂ ਗਈ। ਫਿਰ ਉਸ ਦੇ ਮਨ ਵਿਚ ਘਟਨਾ ਨੂੰ ਕੈਸ਼ ਕਰਨ ਦਾ ਵਿਚਾਰ ਆਇਆ। ਉਹ ਕਿੰਦੇ ਦੇ ਘਰ ਵੱਲ ਹੋ ਤੁਰਿਆ। ਗੁਰੇ ਨੂੰ ਵੇਖ ਕੇ ਕਿੰਦੇ ਨੂੰ ਰਾਤ ਵਾਲੀ ਘਟਨਾ ਯਾਦ ਆ ਗਈ। ਉਸ ਨੂੰ ਗੁਰੇ ਤੋਂ ਬਹੁਤਾ ਡਰ ਨਹੀਂ ਸੀ।

"ਆ ਬਈ ਗੁਰਾ ਸਿਆਂ ਹੁਣ ਤਾਂ ਦਰਸ਼ਨ ਦੇਣੋਂ ਈ ਰਹਿ ਗਿਆਂ।" ਕਿੰਦੇ ਨੇ ਗੁਰੇ ਨੂੰ ਕੁਰਸੀ 'ਤੇ ਬੈਠਣ ਲਈ ਇਸ਼ਾਰਾ ਕੀਤਾ। ਗੁਰਾ ਸੋਚਣ ਲੱਗਾ ਗੱਲ ਕਿਥੋਂ ਸ਼ੁਰੂ ਕਰੇ!

"ਮੈਂ 'ਕੱਠ ਕਰਨਾ ਜੋ ਰਾਤ ਤੂੰ ਕਾਰਾ ਕੀਤਾ।" ਗੁਰੇ ਨੇ ਰਾਤ ਵਾਲੀ ਘਟਨਾ ਕਹਿ ਦਿੱਤੀ।

"ਗੁਰਿਆ ਯਾਰ ਸੌਂਹ ਲੈ ਲਾ ਮੈਂ ਨੀ ਗਿਆ ਤੇਰੇ ਘਰ। ਨਾਲੇ 'ਕੱਠ 'ਚ ਕੀ ਪਿਆ! ਆਵਦੇ ਘਰ ਆਲੀ ਦੀ ਬੇਇੱਜ਼ਤੀ ਕਰੇਂਗਾ। ਨਾਲੇ ਮੇਰੀ। ਆਹ ਲੈ ਫੜ ਰਾਤ ਈ ਆਇਆ ਮਾਲ ਪੂਰਾ ਖਰਾ ਐ।" ਕਿੰਦੇ ਨੂੰ ਪਤਾ ਸੀ ਗੁਰਾ ਐਨੇ ਕੁ ਦੀ ਹੀ ਮਾਰ ਸੀ। ਗੁਰੇ ਨੇ ਮਾਲ ਜੇਬ ਵਿਚ ਪਾਇਆ ਅਤੇ ਛਾਲਾਂ ਮਾਰਦਾ ਕਿੰਦੇ ਦੇ ਘਰੋਂ ਬਾਹਰ ਆ ਗਿਆ। ਕਿੰਦਾ ਉਸ ਵੱਲ ਤਾਅਨੇ ਭਰੀਆਂ ਨਜ਼ਰਾਂ ਨਾਲ ਵੇਖਦਾ ਰਿਹਾ।

"ਸਾਲਾ ਵੱਡਾ ਅਣਖੀ। ਕਿਸੇ ਦਿਨ ਤੂੰ ਆਪ ਈ ਆਵਦੀ ਰੰਨ ਨੂੰ ਮੇਰੇ ਘਰ ਲੈ ਕੇ ਆਏਂਗਾ।" ਕਿੰਦਾ ਆਪਣੀ ਅਗਲੀ ਸਕੀਮ ਬਾਰੇ ਸੋਚਣ ਲੱਗਾ।

ਜੀਤੋ ਦੇ ਕੰਨ ਵਿਚ ਗੁਰੇ ਦੇ ਘਰ ਵੇਚਣ ਦੀ ਗੱਲ ਪਈ। ਗੁਆਂਢੀ ਚਾਚੇ ਨੇ ਪਿੰਡ ਚੋਂ ਉੱਡਦੀ ਗੱਲ ਸੁਣੀ ਸੀ।

"ਦੇਖ ਭਾਈ ਜੀਤੋ, ਜੇ ਤੁਸੀਂ ਘਰ ਵੇਚਣਾਂ ਈ ਆ ਤਾਂ ਤੁਸੀਂ ਸਾਨੂੰ ਈ ਦੇ ਦਿਉ। ਨਿਰਮਲ ਨਾਲ ਸਾਡਾ ਮੋਹ ਪਿਆਰ ਕਰਕੇ ਅਸੀਂ ਤਾਂ ਚੁੱਪ ਸੀ। ਪਰ ਹੋਰ ਕਿਸੇ ਨੂੰ ਅਸੀਂ ਵਿਚ ਫਸਾਉਣਾ ਨੀ ਚਾਹੁੰਦੇ।" ਗੱਲ ਸੁਣ ਕੇ ਜੀਤੋ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੂੰ ਹੋਰ ਤਾਂ ਕੁਝ ਨਾ ਸੁਝਿਆ ਤੇ ਉਹ ਮਲਕੀਤ ਦੇ ਘਰ ਸਵੇਰੇ ਹੀ ਚਲੀ ਗਈ। ਉਸ ਨੇ ਸਾਰੀ ਗੱਲ ਮਲਕੀਤ ਨੂੰ ਦੱਸੀ ਤਾਂ ਉਹ ਸੋਚੀਂ ਪੈ ਗਿਆ। ਉਸ ਨੂੰ ਜੀਤੋ 'ਤੇ ਤਰਸ ਆਇਆ ਅਤੇ ਉਸ ਦੀ ਮਦਦ ਕਰਨ ਲਈ ਤਿਆਰ ਹੋ ਗਿਆ।

ਸ਼ਹਿਰ ਜਾ ਕੇ ਉਸ ਨੇ ਜੀਤੋ ਦੇ ਨਾਂ ਘਰ ਕਰਨ ਲਈ ਲੋੜੀਂਦੇ ਕਾਗਜ਼ ਪੱਤਰ ਬਣਵਾ ਲਏ। ਗੁਰੇ ਨੂੰ ਉਸ ਨੇ ਸਵੇਰੇ ਹੀ ਆ ਦਬੋਚਿਆ ਅਤੇ ਦੁਕਾਨ 'ਤੇ ਲੈ ਗਿਆ। ਉਸ ਨੂੰ ਨਸ਼ਾ ਪੱਤਰ ਕਰਵਾਇਆ ਅਤੇ ਨੰਬਰਦਾਰ ਨੂੰ ਨਾਲ ਲੈ ਕੇ ਸ਼ਹਿਰ ਜਾਣ ਲਈ ਜੀਤੋ ਅਤੇ ਗੁਰੇ ਨੂੰ ਕਾਰ ਵਿਚ ਬਹਾ ਲਿਆ। ਕੁਝ ਪੈਸੇ ਉਸ ਨੇ ਗੁਰੇ ਨੂੰ ਦਿਖਾ ਕੇ ਜੇਬ ਵਿਚ ਪਾ ਲਏ।

"ਲੈ ਬਈ ਗੁਰਿਆ ਘਰ ਕਰਵਾ ਦੇ ਜੀਤੋ ਦੇ ਨਾਂ ਭਲਮਾਨਸੀ ਨਾਲ। ਨਹੀਂ ਤਾਂ ਮੈਂ ਠਾਣੇਦਾਰ ਨਾਲ ਗੱਲ ਕੀਤੀ ਵੀ ਆ। ਚੋਰੀ ਦੇ ਕੇਸ 'ਚ ਅੰਦਰ ਜਾਣ ਨੂੰ ਤਿਆਰ ਹੋ ਜਾ। ਨਾਲੇ ਪੁਲਸ ਦੀ ਕੁੱਟ ਵਾਧੂ ਝੱਲਣੀ ਪਊ। ਅੰਦਰ ਨਸ਼ਾ ਨੀ ਮਿਲਣਾ ਇਹ ਵੀ ਯਾਦ ਰੱਖੀਂ।" ਕਿਵੇਂ ਵੀ ਸੀ ਗੁਰਾ ਮਲਕੀਤ ਦਾ ਮਾਣ ਮੰਨਦਾ ਸੀ। ਉਸ ਨੇ ਬਿਨਾਂ ਹੀਲ ਹੁੱਜਤ ਦੇ ਦਸਤਖਤ ਕਰ ਦਿੱਤੇ। ਜੀਤੋ ਨੂੰ ਥੋੜੀ ਤਸੱਲੀ ਹੋਈ ਕਿ ਉਹ ਘੱਟੋ ਘੱਟ ਘਰੋਂ ਬੇਘਰ ਨਹੀਂ ਹੋਣ ਲੱਗੀ। ਮਲਕੀਤ ਸਿੰਘ ਦਾ ਉਸ ਨੇ ਸੌ ਵਾਰ ਧੰਨਵਾਦ ਕੀਤਾ।

ਗੁਰੇ ਨੂੰ ਕਿੰਦੇ ਨੇ ਫਿਰ ਤੋਂ ਚਾਟ ‘ਤੇ ਲਾਹੁਣਾ ਸ਼ੁਰੂ ਕੀਤਾ ਅਤੇ ਆਪਣੇ ਨੀਚ ਇਰਾਦਿਆਂ ਨੂੰ ਪੂਰਾ ਕਰਨ ਲਈ ਜਾਲ ਵਿਛਾਉਣ ਲੱਗਾ। ਗੁਰੇ ਨੂੰ ਕੁਝ ਦਿਨ ਨਸ਼ਾ ਪੱਤਰ ਵਾਹਵਾ ਮਿਲਦਾ ਰਿਹਾ। ਹੁਣ ਵੈਸੇ ਵੀ ਗੁਰੇ ਨੂੰ ਸਸਤੇ ਨਸ਼ੇ ਕਰਨ ਦੀ ਅਦਤ ਬਣ ਗਈ ਸੀ। ਕਿੰਦੇ ਨੂੰ ਇਹ ਕੋਈ ਬਹੁਤਾ ਮਹਿੰਗਾ ਸੌਦਾ ਨਹੀਂ ਸੀ ਲਗਦਾ। ਕੁਝ ਦਿਨਾਂ ਬਾਅਦ ਕਿੰਦਾ ਗੁਰੇ ਨਾਲ ਉਸ ਦੇ ਘਰ ਚਲਾ ਗਿਆ। ਜੀਤੋ ਨੂੰ ਵੀ ਪਤਾ ਲੱਗ ਗਿਆ ਦਾਲ ਵਿਚ ਕੁਝ ਕਾਲਾ ਸੀ। ਉਸ ਕੋਲ ਦੋ ਹੀ ਰਾਹ ਸਨ। ਇਕ ਤਾਂ ਆਪਣੇ ਆਪ ਨੂੰ ਸਮਰਪਤ ਕਰ ਦੇਵੇ ਅਤੇ ਦੂਜਾ ਸ਼ੀਹਣੀ ਬਣ ਜਾਵੇ। ਕਿੰਦੇ ਪ੍ਰਤੀ ਉਸ ਦੇ ਮਨ ਵਿਚ ਵੈਸੇ ਹੀ ਨਫ਼ਰਤ ਬਥੇਰੀ ਸੀ। ਉਸ ਨੇ ਗੁਰੇ ਨੂੰ ਬਰਬਾਦ ਕਰਨ ਵਿਚ ਪੂਰਾ ਹਿੱਸਾ ਪਾਇਆ ਸੀ। ਉਹ ਹੁਣ ਤੱਕ ਕਿੰਦੇ ਜਾਂ ਤਾਰੇ ਨੂੰ ਕੁਝ ਕਹਿ ਨਹੀਂ ਸੀ ਸਕੀ। ਕਿੰਦਾ ਮੰਜੇ ‘ਤੇ ਆ ਕੇ ਬੈਠ ਗਿਆ ਅਤੇ ਗੁਰਾ ਸ਼ਰਾਬ ਪੀਣ ਲਈ ਪਾਣੀ ਦਾ ਜੱਗ ਅਤੇ ਗਲਾਸ ਲੈਣ ਲਈ ਰਸੋਈ ਵਿਚ ਚਲਾ ਗਿਆ। ਕਿੰਦੇ ਦੀਆਂ ਅੱਖਾਂ ਲੁੱਚੀ ਮੁਸਕਰਾਹਟ ਨਾਲ ਜੀਤੋ ਨੂੰ ਨਿਹਾਰਨ ਲੱਗੀਆਂ। ਹੁਣ ਜਦ ਗੁਰਾ ਹੀ ਕਿੰਦੇ ਦੀ ਮੁੱਠੀ ਵਿਚ ਸੀ ਜਿਸ ਨੂੰ ਉਸ ਨੇ ਦੋ ਚਾਰ ਮੋਟੇ ਪੈਗ ਲਗਵਾ ਕੇ ਬੇਸੁਰਤ ਕਰ ਦੇਣਾ ਸੀ। ਫਿਰ ਜੀਤੋ ਉਸ ਦਾ ਭਲਾ ਕੀ ਵਿਗਾੜ ਲਵੇਗੀ! ਕਿੰਦਾ ਆਪਣੇ ਮਨ ਵਿਚ ਬਹੁਤ ਕੁਝ ਤਸੱਵਰ ਕਰ ਰਿਹਾ ਸੀ।

ਜਦ ਗੁਰੇ ਨੇ ਗਲਾਸ ਅਤੇ ਪਾਣੀ ਲਿਆ ਰੱਖਿਆ ਅਤੇ ਕਿੰਦਾ ਸ਼ਰਾਬ ਦੀ ਬੋਤਲ ਦਾ ਢੱਕਣ ਖੋਲ੍ਹਣ ਲੱਗਾ ਤਾਂ ਜੀਤੋ ਨੇ ਹਵਾ ਦੇ ਬੁੱਲੇ ਵਾਂਗ ਆ ਕੇ ਪਾਣੀ ਦਾ ਜੱਗ ਕਿੰਦੇ ਦੇ ਸਿਰ ‘ਤੇ ਮੂਧਾ ਕਰ ਦਿੱਤਾ।

“ਬੰਦੇ ਦਾ ਪੁੱਤ ਬਣ ਕੇ ਮੇਰੇ ਘਰੋਂ ਬਾਹਰ ਹੋ ਜਾ ਤੇ 'ਗਾਂਹ ਨੂੰ ਮੇਰੇ ਘਰ ਦੇ ਮੂਹਰ ਦੀ ਵੀ ਲੰਘਣਾ ਹੋਇਆ ਤਾਂ ਸੋਚ ਕੇ ਲੰਘੀ।” ਗੁਰੇ ਦੀ ਬਾਂਹ ਫੜ ਕੇ ਜੀਤੋ ਨੇ ਉਸ ਨੂੰ ਅੰਦਰ ਵੱਲ ਖਿੱਚ ਲਿਆ। ਕਿੰਦਾ ਭਿੱਜੀ ਬਿੱਲੀ ਵਾਂਗ ਪਲ ਕੁ ਖੜ੍ਹਾ ਸੋਚਦਾ ਰਿਹਾ। ਉਸ ਨੂੰ ਸਮਝ ਹੀ ਨਹੀਂ ਆ ਰਹੀ ਸੀ ਇਹ ਜੀਤੋ ਵਿਚ ਕਿਹੜੀ ਭੂਤ ਆ ਗਈ ਸੀ। ਜਦੋਂ ਨੂੰ ਗੁਰੇ ਨੂੰ ਉਸ ਨੇ ਅੰਦਰ ਮੰਜੇ ‘ਤੇ ਸੁਟਿਆ ਅਤੇ ਢਾਕਾਂ ‘ਤੇ ਹੱਥ ਰੱਖ ਕੇ ਤਪਦੇ ਲਾਲ ਚਿਹਰੇ ਅਤੇ ਗੁਸੇ ਨਾਲ ਖਾ ਜਾਣ ਵਾਲੀਆਂ ਅੱਖਾਂ ਨਾਲ ਵੇਖਿਆ, ਉਦੋਂ ਤੱਕ ਕਿੰਦਾ ਘਰੋਂ ਬਾਹਰ ਜਾ ਚੁੱਕਾ ਸੀ। ਜੀਤੋ ਦੀ ਭਵਕ ਸੁਣ ਕੇ ਗੁਆਂਢੀ ਚਾਚਾ ਵੀ ਪੋਤੇ ਨੂੰ ਚੁੱਕੀ ਅੰਦਰ ਆ ਗਿਆ।

“ਭਾਈ ਜੀਤੋ ਜੇ ਤੂੰ ਆਹ ਹਿੰਮਤ ਪਹਿਲਾਂ ਕੀਤੀ ਹੁੰਦੀ ਤਾਂ ਸ਼ਾਇਦ ਗੱਲ ਐਨੀ ਨਾ ਵਿਗੜਦੀ। ਤੇ ਤੂੰ ਕੰਜਰਾ ਨਸ਼ੇ ਤੋਂ ਬਿਨਾਂ ਕੁਸ ਹੋਰ ਵੀ ਸੋਚ ਲਿਆ ਕਰ।” ਚਾਚਾ ਮਨੋਂ ਖੁਸ਼ ਸੀ ਕਿ ਕਿੰਦੇ ਨਾਲ ਜੀਤੋ ਨੇ ਚੰਗੀ ਖੁੰਬ ਠੱਪ ਕੀਤੀ ਸੀ।

ਜੀਤੋ ਨੇ ਪਿਛਲੇ ਦਿਨ ਬਹੁਤ ਔਖੇ ਵੇਖੇ ਸਨ। ਉਹ ਬਦਲੇ ਹਾਲਾਤ ਵਿਚ ਇਕ ਵਾਰ ਤਾਂ ਦਿਲ ਛੱਡ ਬੈਠੀ ਸੀ। ਹੱਕ ਹਕੂਕਾਂ ਤੋਂ ਵਾਂਝੀ ਪੰਜਾਬੀ ਔਰਤ ਵਾਂਗ ਉਸ ਨੇ ਗੁਰੇ ਨੂੰ ਮਿੰਨਤ ਸਮਾਜਤ ਕਰਕੇ ਬਦਲਣ ਦਾ ਯਤਨ ਕੀਤਾ। ਜ਼ਮੀਨ ਵਿਕਣ ਤੋਂ ਬਾਅਦ ਉਸ ਦੀਆਂ ਅੱਖਾਂ ਅਤੇ ਦਿਮਾਗ ਹਨ੍ਹੇਰੇ ਨਾਲ ਭਰ ਗਿਆ। ਫਿਰ ਜੀਤੋ ਨੂੰ ਇਕ ਦਿਨ ਘਰ ਵਿਚ ਭੋਰਾ ਵੀ ਆਟਾ ਦਾਲ ਨਾ ਹੋਣ ਦਾ ਸਾਹਮਣਾ ਕਰਨਾ ਪਿਆ। ਉਸ ਦਿਨ ਉਸ ਨੇ ਰੱਬ ਦਾ ਸ਼ੁਕਰ ਕੀਤਾ ਕਿ ਨਿਰਮਲ ਦੀ ਮੌਤ ਇਹ ਦਿਨ ਵੇਖਣ ਤੋਂ ਪਹਿਲਾਂ ਹੀ ਹੋ ਗਈ ਸੀ। ਜੀਤੋ ਭੁੱਖੇ ਢਿਡ ਸੌਣ ਲਈ ਮਜ਼ਬੂਰ ਹੋ ਗਈ। ਪਰ ਢਿੱਡ ਨੂੰ ਭੁੱਖਾ ਰੱਖ ਸਕਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਉਹ ਸੋਚ ਸੋਚ ਕੇ ਆਪ ਮਿਹਨਤ ਮਜ਼ਦੂਰੀ ਕਰ ਕੇ ਰੋਟੀ ਦਾ ਪ੍ਰਬੰਧ ਕਰਨ ਲਈ ਵਸੀਲਾ ਲੱਭਣ ਲੱਗੀ।

ਜੱਟ ਦੀ ਧੀ ਅਤੇ ਦੋਂਹ ਭਰਾਵਾਂ ਦੀ ਭੈਣ ਲਈ ਕਿਸੇ ਸ਼ਰੀਕ ਅੱਗੇ ਮਿਹਨਤ ਮਜ਼ਦੂਰੀ ਕਰਨਾ ਮੌਤ ਵਰਗੀ ਗੱਲ ਸੀ। ਜ਼ਿੰਦਗੀ ਅਤੇ ਅਣਖ ਵਿਚੋਂ ਇਕ ਰਾਹ ਉਸ ਨੂੰ ਚੁਣਨਾ ਪੈਣਾ ਸੀ। ਉਸ ਦੇ ਮਨ ਵਿਚ ਮਰਨ ਦਾ ਵਿਚਾਰ ਆਇਆ। ਅਹੋ ਜਿਹੀ ਜ਼ਿੰਦਗੀ ਜਿਉਣ ਦਾ ਵੀ ਕੋਈ ਹੱਜ ਐ। ਉਸ ਨੇ ਮਰਨ ਦੇ ਢੰਗ ਬਾਰੇ ਸੋਚਿਆ। ਗੱਡੀ ਥੱਲੇ ਸਿਰ ਦੇ ਕੇ ਮਰਿਆ ਜਾਵੇ ਜਾਂ ਕਿਸੇ ਟਰੱਕ ਬੱਸ ਹੇਠ ਆਇਆ ਜਾਵੇ। ਜ਼ਹਿਰ ਖਾਣ ਲਈ ਨਾ ਤਾਂ ਉਸ ਕੋਲ ਪੈਸੇ ਸਨ ਅਤੇ ਨਾ ਹੀ ਜ਼ਹਿਰ ਕਿਥੋਂ ਖਰੀਦੀ ਜਾਵੇ ਇਸ ਦਾ ਉਸ ਨੂੰ

ਪਤਾ ਸੀ। ਲੋਕ ਫ਼ਸਲ ‘ਤੇ ਛਿੜਕਣ ਵਾਲੀਆਂ ਦਵਾਈਆਂ ਪੀ ਕੇ ਉਸ ਨੇ ਮਰਦੇ ਸੁਣੇ ਸਨ। ਉਸ ਦੇ ਘਰ ਵਿਚ ਤਾਂ ਦਵਾਈਆਂ ਵਾਲੀ ਕੋਈ ਖਾਲੀ ਸ਼ੀਸੀ ਵੀ ਨਹੀਂ ਸੀ। ਉਸ ਨੇ ਅਗਲੇ ਦਿਨ ਮਰਨ ਦਾ ਮਨ ਬਣਾਇਆ ਅਤੇ ਮੰਜੇ ‘ਤੇ ਪਈ ਸਕੀਮਾਂ ਬਣਾਉਂਦੀ ਢਾਹੁੰਦੀ ਸੌਣ ਦਾ ਯਤਨ ਕਰਦੀ ਰਹੀ। ਗੁਰਾ ਮਰਿਆਂ ਵਾਂਗੂੰ ਬਿਨਾਂ ਹਿੱਲੇ ਜੁਲੇ ਜਾਂ ਪਾਸਾ ਲਏ ਪਿਆ ਸੀ। ਜੀਤੋ ਦਾ ਦਿਲ ਕੀਤਾ ਕਿਉਂ ਨਾ ਇਸੇ ਨੂੰ ਮਾਰਿਆ ਜਾਵੇ ਜਿਸ ਨੇ ਸਭ ਦੀ ਜ਼ਿੰਦਗੀ ਤਬਾਹ ਕੀਤੀ ਸੀ। ਉਹ ਮੰਜੇ ‘ਤੇ ਉੱਠ ਬੈਠੀ। ਗੁਰੇ ਵੱਲ ਉਸ ਨੇ ਵੇਖਿਆ। ਰਾਤ ਦੇ ਹਨ੍ਹੇਰੇ ਵਿਚ ਉਸ ਨੂੰ ਕੁਝ ਵੀ ਦਿਖਾਈ ਨਾ ਦਿੱਤਾ। ਉਸ ਨੂੰ ਆਪਣੇ ਬੀਤੇ ਉਹ ਦਿਨ ਯਾਦ ਆਏ ਜਦ ਗੁਰਾ ਵਿਆਹ ਤੋਂ ਬਾਅਦ ਉਸ ਨਾਲ ਪਿਆਰ ਕਲੋਲ ਕਰਦਾ ਹੁੰਦਾ ਸੀ। ਉਸ ਦਾ ਮਨ ਖੁਸ਼ ਵੀ ਹੋਇਆ ਅਤੇ ਯਕਦੱਮ ਅਫਸੋਸਿਆ ਗਿਆ। ਮਰਨ ਨੂੰ ਭੁੱਲ ਕੇ ਉਹ ਫਿਰ ਮੰਜੇ ‘ਤੇ ਪੈ ਗਈ ਅਤੇ ਸੋਚਣ ਲੱਗੀ ਜੇ ਗੁਰਾ ਫਿਰ ਤੋਂ ਬਦਲ ਜਾਵੇ! ਜੇ ਫਿਰ ਤੋਂ ਉਹੀ ਪਿਆਰ ਦੇ ਦਿਨ ਵਾਪਿਸ ਆ ਜਾਣ! ਸੋਚਦਿਆਂ ਉਸ ਨੂੰ ਕਿਸ ਵੇਲੇ ਨੀਂਦ ਆ ਗਈ ਉਸ ਨੂੰ ਕੋਈ ਯਾਦ ਨਹੀਂ। ਸਵੇਰੇ ਉੱਠੀ ਤਾਂ ਗੁਰਾ ਪਤਾ ਨਹੀਂ ਕਿਹੜੇ ਵੇਲੇ ਘਰੋਂ ਨਿਕਲ ਗਿਆ ਸੀ। ਰਾਤ ਵਾਲੇ ਵਿਚਾਰ ਹੁਣ ਬਹੁਤੇ ਸ਼ਕਤੀਸ਼ਾਲੀ ਨਹੀਂ ਰਹੇ ਸਨ। ਮਰਨ ਵਾਲੀਆਂ ਭਾਵਨਾਵਾਂ ਦਾ ਵਹਿਣ ਜ਼ਿੰਦਗੀ ਜਿਉਣ ਦੇ ਲਾਲਚ ਵੱਲ ਮੁੜ ਗਿਆ ਸੀ। ਹੋਰ ਤਾਂ ਉਸ ਨੂੰ ਕੁਝ ਨਾ ਸੁਝਿਆ ਉਹ ਗੁਆਂਢਣ ਚਾਚੀ ਦੇ ਘਰ ਵੱਲ ਚਲੀ ਗਈ। ਉਸ ਕੋਲ ਚਾਹ ਦਾ ਰਾਸ਼ਨ ਵੀ ਨਹੀਂ ਸੀ। ਸ਼ਾਇਦ ਚਾਹ ਦਾ ਕੱਪ ਹੀ ਚਾਚੀ ਕੋਲ ਮਿਲ ਜਾਵੇ!

ਚਾਹ ਬਣੀ ਪਈ ਹੋਣ ਕਰਕੇ ਚਾਚੀ ਨੇ ਜੀਤੋ ਨੂੰ ਫੜਾ ਦਿੱਤੀ। ਚਾਹ ਪੀ ਕੇ ਉਸ ਨੇ ਚਾਚੀ ਨਾਲ ਗੱਲ ਸ਼ੁਰੂ ਕੀਤੀ।

“ਚਾਚੀ ਸਾਡੇ ਘਰ ਦਾ ਤਾਂ ਤੈਨੂੰ ਹਾਲ ਪਤਾ ਈ ਆ। ਮੈਨੂੰ ਦੱਸ ਮੈ ਰੋਟੀ ਜੋਗਾ ਕੀ ਕੰਮ ਕਰਾਂ! ਸਾਡੇ ਘਰ ਤਾਂ ਹੁਣ ਚੁੱਲ੍ਹਾ ਵੀ ਨੀ ਤਪਦਾ। ਜੀਤੋ ਦੀ ਭੁੱਬ ਨਿਕਲ ਗਈ। ਚਾਚੀ ਨੂੰ ਤਰਸ ਆਇਆ ਤੇ ਉਹ ਮੰਜੇ ‘ਤੇ ਬੈਠੇ ਚਾਚੇ ਵੱਲ ਵੇਖਣ ਲੱਗੀ ਜਿਵੇਂ ਪੁੱਛ ਰਹੀ ਹੋਵੇ ਕੀ ਕਹੇ। ਚਾਚੀ ਨੇ ਉਸ ਨੂੰ ਹੌਸਲਾ ਦੇਣ ਦਾ ਯਤਨ ਕੀਤਾ। ਚਾਚੇ ਨੇ ਖੰਗੂਰਾ ਮਾਰਿਆ ਜੋ ਉਸ ਦੇ ਕਿਸੇ ਗੱਲ ਉਚਾਰਣ ਦਾ ਪ੍ਰਤੀਕ ਸੀ।

“ਭਾਈ ਜੀਤੋ ਆਪਣੇ ਅੰਗਰੇਜ਼ੀ ਸਕੂਲ ਖੁੱਲ੍ਹਿਆ ਕੁੜੀਆਂ ਦਾ। ਹੈਡਮਾਸਟਰ ਮੇਰਾ ਜਾਣੂੰ ਆ। ਉਹਨਾਂ ਨੂੰ ਕੋਈ ਜਨਾਨੀ ਚਾਹੀਦੀ ਆ ਜਿਹੜੀ ਪਾਣੀ ਧਾਣੀ ਅਤੇ ਚਾਹ ਬਗੈਰਾ ਉਹਨਾਂ ਨੂੰ ਬਣਾ ਕੇ ਪਿਲਾ ਦਿਆ ਕਰੇ। ਕਹੇਂ ਤਾਂ ਮੈਂ ਅੱਜ ਗੱਲ ਕਰ ਲੈਨਾ।”

“ਚਾਚਾ ਜੀ ਥੋਡਾ ਏਹ ਅਸਾਨ ਤਾਂ ਮੈਂ ਸਾਰੀ ਉਮਰ ਯਾਦ ਰੱਖੂੰ।” ਜੀਤੋ ਦੇ ਹੱਥ ਆਪਣੇ ਆਪ ਜੁੜ ਗਏ।

ਅਗਲੇ ਹਫ਼ਤੇ ਤੋਂ ਜੀਤੋ ਸਕੂਲ ਵਿਚ ਚਪੜਾਸੀ ਦੀ ਨੌਕਰੀ ‘ਤੇ ਲੱਗ ਗਈ। ਤਨਖਾਹ ਤਾਂ ਭਾਂਵੇਂ ਕੋਈ ਖਾਸ ਨਹੀਂ ਸੀ ਪਰ ਜੀਤੋ ਲਈ ਤਾਂ ਬਹੁਤ ਸੀ। ਉਸ ਦਾ ਢਿੱਡ ਤੁਰ ਪਿਆ ਸੀ। ਇਕ ਸਮੱਸਿਆ ਹੋਰ ਖੜ੍ਹੀ ਹੋ ਗਈ ਕਿ ਜਦ ਜੀਤੋ ਨੂੰ ਤਨਖਾਹ ਮਿਲਦੀ ਤਾਂ ਗੁਰਾ ਲੜਾਈ ਕਰਦਾ। ਜੀਤੋ ਤੋਂ ਪੈਸੇ ਖੋਹਣ ਖਿੱਚਣ ਦੀ ਕੋਸ਼ਿਸ਼ ਕਰਦਾ। ਕਦੇ ਮਿੰਨਤਾਂ ਤਰਲੇ ਕਰਦਾ ਤੇ ਕਦੇ ਗੱਲ ਕੁੱਟ ਮਾਰ ‘ਤੇ ਚਲੀ ਜਾਂਦੀ। ਜੀਤੋ ਨੇ ਤਨਖਾਹ ਬੈਂਕ ਵਿਚ ਜਮ੍ਹਾ ਕਰਵਾਉਣੀ ਸ਼ੁਰੂ ਕਰ ਦਿੱਤੀ। ਗੁਰੇ ਨੂੰ ਜੀਤੋ ਦੀ ਤਨਖਾਹ ਦੁਖਦੀ ਰਹਿੰਦੀ। ਜੀਤੋ ਨੇ ਵੀ ਧਾਰ ਲਈ ਸੀ ਕਿ ਰੋਟੀ ਟੁੱਕ ਤੋਂ ਜਵਾਬ ਨਹੀਂ ਦੇਣਾ ਪਰ ਨਸ਼ੇ ਲਈ ਕੋਈ ਪੈਸਾ ਨਹੀਂ ਦੇਣਾ ਚਾਹੇ ਜਾਨ ਨਿਕਲ ਜਾਵੇ। ਹੌਲੀ ਹੌਲੀ ਗੁਰਾ ਮੰਗਣੋਂ ਹੀ ਹਟ ਗਿਆ। ਨਸ਼ੇ ਲਈ ਉਸ ਕੋਲ ਚੋਰੀ ਅਤੇ ਮੰਗਣ ਦਾ ਕੰਮ ਰਹਿ ਗਿਆ ਸੀ। ਉਹ ਕਦੇ ਕਿਸੇ ਦੇ ਪੈਰੀਂ ਹੱਥ ਲਾਉਂਦਾ ਅਤੇ ਕਦੇ ਗੋਡੀਂ। ਕੋਈ ਉਹਨੂੰ ਮੰਗਤਿਆਂ ਵਾਂਗ ਕੁਝ ਦੇ ਦਿੰਦਾ ਅਤੇ ਬਹੁਤੇ ਉਸ ਨੂੰ ਗਾਹਲਾਂ ਕੱਢਦੇ।

“ਕੰਜਰਾ ਮੁੰਡਾ ਖੁੰਡਾ ਐਂ ਮੰਗਦੇ ਨੂੰ ਸ਼ਰਮ ਨੀ ਆਉਂਦੀ।” ਕੋਈ ਕੁਝ ਕਹਿੰਦਾ ਕੋਈ ਕੁਝ। ਗੁਰੇ ਨੂੰ ਇੱਜ਼ਤ ਅਤੇ ਬੇਇੱਜ਼ਤੀ

ਵਿਚਲਾ ਫ਼ਰਕ ਹੁਣ ਪਤਾ ਨਹੀਂ ਸੀ ਲਗਦਾ।

ਇਹ ਹਾਲਤ ਬਹੁਤਾ ਚਿਰ ਨਾ ਰਹੀ। ਇਕ ਦਿਨ ਸਾਰਾ ਦਿਨ ਮੀਂਹ ਪੈਂਦਾ ਰਿਹਾ। ਗਲੀਆਂ ਚਿੱਕੜ ਅਤੇ ਮੀਂਹ ਦੇ ਪਾਣੀ ਨਾਲ ਗੜੁੱਚ ਹੋਈਆਂ ਪਈਆਂ ਸਨ। ਮਲਕੀਤ ਦੁਕਾਨ ਬੰਦ ਕਰਕੇ ਹਨ੍ਹੇਰਾ ਪਏ ਘਰ ਨੂੰ ਜਾ ਰਿਹਾ ਸੀ। ਰਾਹ ਵਿਚ ਉਸ ਨੂੰ ਕੋਈ ਗਲੀ ਵਿਚ ਡਿਗਿਆ ਪਿਆ ਦਿਸਿਆ। ਉਸ ਨੇ ਰੁਕ ਕੇ ਵੇਖਿਆ ਅਤੇ ਟਾਰਚ ਦੀ ਲੋਅ ਉਸ ਦੇ ਮੂੰਹ ‘ਤੇ ਮਾਰੀ। ਗੁਰਾ ਸੀ। ਉਸ ਨੇ ਗੁਰੇ ਨੂੰ ਹਿਲਾਇਆ। ਮੂੰਹ ‘ਤੇ ਪੋਲੀਆਂ ਜਿਹੀਆਂ ਚਪੇੜਾਂ ਮਾਰੀਆਂ। ਪਰ ਗੁਰੇ ਨੇ ਕੋਈ ਹਾਂ ਹੂੰ ਨਾ ਕੀਤੀ। ਮਲਕੀਤ ਨੇ ਗੁਆਂਢੀਆਂ ਦੇ ਮੁੰਡੇ ਨੂੰ ਸੱਦਿਆ ਅਤੇ ਟਰਾਲੀ ਲਿਆਉਣ ਲਈ ਕਿਹਾ। ਉਹ ਗੁਰੇ ਨੂੰ ਹਸਪਤਾਲ ਲੈ ਗਏ। ਡਾਕਟਰ ਨੇ ਉਸ ਦਾ ਬਲੱਡ ਪਰੈਸ਼ਰ ਚੈਕ ਕੀਤਾ। ਉਸ ਦੀ ਨਬਜ਼ ਵੇਖੀ ਅਤੇ ਨਾਂਹ ਵਿਚ ਸਿਰ ਮਾਰ ਦਿੱਤਾ।

“ਮਲਕੀਤ ਸਿਆਂ ਬਹੁਤ ਦੇਰ ਹੋ ਗਈ। ਹੁਣ ਆਪਾਂ ਨੂੰ ਪੁਲੀਸ ਨੂੰ ਸੱਦ ਕੇ ਲਾਸ਼ ਪੋਸਟ ਮਾਰਟਮ ਵਾਸਤੇ ਭੇਜਣੀ ਪੈਣੀ ਆ।” ਡਾਕਟਰ ਕਨੂੰਨੀ ਕਾਰਵਾਈ ਬਾਰੇ ਦੱਸਣ ਲੱਗਾ।

“ਡਾਕਟਰ ਸਾਹਿਬ ਇਹਦੀ ਕਿਸੇ ਨਾਲ ਦੁਸ਼ਮਣੀ ਨੀ ਸੀ। ਸਹੁਰਾ ਗੋਲੀਆਂ ਖਾਂਦਾ ਸੀ ਨਸ਼ੇ ਵਾਲੀਆਂ। ਜਿਆਦਾ ਖਾ ਕੇ ਗੰਦੇ ਪਾਣੀ ਵਾਲੀ ਨਾਲੀ ਵਿਚ ਡਿੱਗ ਪਿਆ। ਸਾਹ ਨੀ ਆਇਆ ਹੋਣਾ। ਹੁਣ ਆਪਾਂ ਲਾਸ਼ ਕਿਉਂ ਰੋਲਣੀ ਆ। ਜੋ ਹੋ ਗਿਆ ਠੀਕ ਆ।”

ਮਲਕੀਤ ਨੇ ਡਾਕਟਰ ਨੂੰ ਬੇਨਤੀ ਕੀਤੀ।

“ਮਲਕੀਤ ਸਿਆਂ ਮੈਨੂੰ ਕੋਈ ਇਤਰਾਜ਼ ਨੀ। ਪੁਲਸ ਦਾ ਕੇਸ ਆ। ਤੁਸੀਂ ਆਪ ਸਿਆਣੇ ਓ। ਪੁਲਸ ਨੂੰ ਪਤਾ ਲੱਗ ਗਿਆ ਤਾਂ ਨਾਲ ਹੀ ਮੈਨੂੰ ਧਰ ਲੂ।” ਡਾਕਟਰ ਆਪਣੀ ਥਾਂ ‘ਤੇ ਸਹੀ ਸੀ। ਮਲਕੀਤ ਲਈ ਹੋਰ ਸਿਆਪਾ ਖੜ੍ਹਾ ਹੋ ਗਿਆ। ਉਹਨੇ ਬਾਪੂ ਜੀ ਰਾਹੀਂ ਥਣੇਦਾਰ ਨੂੰ ਫੋਨ ਕਰਵਾ ਕੇ ਮਾਮਲਾ ਨਜਿੱਠਣ ਦੀ ਕੋਸ਼ਿਸ਼ ਕੀਤੀ।

“ਮੈਨੂੰ ਕੋਈ ਇਤਰਾਜ਼ ਨੀ। ਜੇ ਤਾਰੇ ਨੇ ਕੋਈ ਪੰਗਾ ਖੜ੍ਹਾ ਕਰ ‘ਤਾ। ਥੋਡੀ ਉਹਦੇ ਨਾਲ ਪਾਰਟੀ ਬਾਜ਼ੀ ਆ। ਉਸ ਨੇ ਠੀਕ ਜਾਂ ਗਲਤ ਤਾਂ ਨੀ ਵੇਖਣਾ। ਉਹਨੇ ਤਾਂ ਥੋਡੇ ਖਿਲਾਫ ਚੱਲਣਾ।” ਥਾਣੇਦਾਰ ਆਪਣੀ ਥਾਂ ਸੱਚਾ ਵੀ ਸੀ। ਦੂਜਾ ਮਸਾਂ ਤਾਂ ਚਾਰ ਪੈਸੇ ਬਨਾਉਣ ਦਾ ਮੌਕਾ ਮਿਲਿਆ ਸੀ।

“ਅਸੀਂ ਲਾਸ਼ ਘਰ ਲੈ ਜਾਨੇ ਆਂ। ਲੋਕਾਂ ‘ਚ ਇਹੋ ਕਹਿ ਦਿਆਂਗੇ ਬਈ ਗੋਲੀਆਂ ਖਾ ਕੇ ਸੁੱਤਾ ਈ ਰਹਿ ਗਿਆ।” ਥਾਣੇਦਾਰ ਨੂੰ ਮਲਕੀਤ ਅਤੇ ਬਾਪੂ ਜੀ ਨੇ ਕੁਝ ਦੇ ਦੁਆ ਕੇ ਅਗਲੇ ਦਿਨ ਸਵੇਰੇ ਹੀ ਗੁਰੇ ਦਾ ਸਸਕਾਰ ਕਰ ਦਿੱਤਾ।

ਪ੍ਰੀਤ ਨੂੰ ਸਾਰੀ ਗੱਲ ਜਦ ਮੀਕੇ ਨੇ ਦੱਸੀ ਤਾਂ ਉਹ ਆਪਣੇ ਆਪ ਨੂੰ ਇਸ ਗੁਨਾਹ ਵਿਚ ਹਿੱਸੇਦਾਰ ਸਮਝਣ ਲੱਗੀ। ਜੇ ਸਤਿਵੀਰ ਨੂੰ ਉਹ ਆਪਣੇ ਨਾਲ ਹੀ ਵਾਪਿਸ ਲੈ ਆਉਂਦੀ ਤਾਂ ਸ਼ਾਇਦ ਗੁਰਾ ਇਸ ਰਾਹ ਨਾ ਹੀ ਪੈਂਦਾ। ਉਸ ਦੀ ਆਤਮਾ ਗੁਨਾਹ ਦੇ ਭਾਰ ਨਾਲ ਦੂਹਰੀ ਹੋਈ ਪਈ ਸੀ।

## ਸੈਤੀਵਾਂ

ਪ੍ਰੀਤ ਕੋਈ ਬਹੁਤੀ ਧਾਰਮਕ ਖਿਆਲਾਂ ਵਾਲੀ ਕੁੜੀ ਨਹੀਂ ਸੀ। ਫਿਰ ਵੀ ਮਾਂ ਨਾਲ ਕਦੇ ਕਦਾਈਂ ਗੁਰਦਵਾਰੇ ਜਾਣਾ ਉਸ

ਨੂੰ ਚੰਗਾ ਲਗਦਾ। ਗੁਰਦਵਾਰੇ ਜਾ ਕੇ ਉਹ ਵੀ ਹੋਰ ਲੋਕਾਂ ਵਾਂਗ ਮੱਥਾ ਟੇਕਦੀ। ਸ਼ਰਧਾ ਦਾ ਇਜ਼ਹਾਰ ਕਰਦੀ। ਆਪਣੀ ਉਮਰ ਅਤੇ ਨਵੇਂ ਜ਼ਮਾਨੇ ਦੀ ਜੰਮ ਪਲ ਹੋਣ ਕਰਕੇ ਉਸ ਨੂੰ ਲੋਕਾਂ ਦੀਆਂ ਧਾਰਮਕ ਭਾਵਨਾਵਾਂ ‘ਤੇ ਕੋਈ ਖਾਸ ਵਿਸ਼ਵਾਸ਼ ਨਹੀਂ ਸੀ। ਸੀਤੋ ਵੀ ਗੁਰਦਵਾਰੇ ਜਾ ਕੇ ਮੱਥਾ ਟੇਕਣ ਵੇਲੇ ਪੂਰੀ ਤਰ੍ਹਾਂ ਆਤਮਕ ਪੱਖੋਂ ਸਾਫ਼, ਇਮਾਨਦਾਰ ਅਤੇ ਪਵਿੱਤਰ ਹੋਣ ਦਾ ਭਰਮ ਪਾਲਦੀ। ਆਪਣੇ ਖਿਆਲਾਂ ਨੂੰ ਵੀ ਪਾਕ ਪਵਿਤਰ ਰੱਖਣ ਦਾ ਯਤਨ ਕਰਦੀ। ਹੋਰ ਲੋਕਾਂ ਵਾਂਗ ਉਹ ਵੀ ਰੱਬ ਨੂੰ ਪਦਾਰਥਕ ਸਫ਼ਲਤਾਵਾਂ ਦੀ ਪੂਰਤੀ ਲਈ ਬੇਨਤੀ ਕਰਦੀ। ਕਿਸੇ ਨੂੰ ਵਪਾਰ ਵਿਚ ਸਫ਼ਲਤਾ ਚਾਹੀਦੀ ਸੀ ਅਤੇ ਕਿਸੇ ਨੂੰ ਕੰਮ ਵਿਚ ਤਰੱਕੀ ਚਾਹੀਦੀ। ਕੋਈ ਮੁੰਡੇ ਦੀ ਮੰਗ ਕਰਦਾ ਸੀ ਅਤੇ ਕੋਈ ਸਰੀਰਕ ਰੋਗ ਤੋਂ ਛੁਟਕਾਰਾ ਪਾਉਣ ਦੀ ਰੱਬ ਅੱਗੇ ਅਰਜ਼ੀ ਦਿੰਦਾ। ਕਿਸੇ ਨੇ ਇਮਤਿਹਾਨ ਵਿਚੋਂ ਪਾਸ ਹੋਣਾ ਸੀ ਅਤੇ ਕੋਈ ਪਾਸ ਹੋਣ ਤੋਂ ਬਾਅਦ ਨੌਕਰੀ ਦਾ ਚਾਹਵਾਨ ਸੀ।

ਲੋਕਾਂ ਨੇ ਰੱਬ ਨੂੰ ਵੀ ਆਪਣੇ ਵਰਗਾ ਸੁਆਰਥੀ ਅਤੇ ਮੌਕਾ ਪ੍ਰਸਤ ਸਮਝ ਰੱਖਿਆ ਸੀ। ਉਹ ਆਪਣੀ ਇੱਛਾ ਪੂਰਤੀ ਲਈ ਰੱਬ ਨੂੰ ਕਿਸੇ ਖਾਸ ਦਿਨ ਦੇਗ ਕਰਵਾਉਣ ਦਾ ਲਾਲਚ ਦਿੰਦੇ। ਆਪਣੀ ਆਪਣੀ ਸ਼ਰਧਾ ਅਤੇ ਆਮਦਨ ਅਨੁਸਾਰ ਰੱਬ ਨੂੰ ਉਸ ਭੇਂਟ ਦੀ ਰਕਮ ਵੀ ਹੌਲੀ ਹੌਲੀ ਆਪਣੀ ਅਰਦਾਸ ਵਿਚ ਦੱਸ ਦਿੰਦੇ ਜਿਵੇਂ ਰੱਬ ਨੇ ਕੋਈ ਮਹਿਲ ਬਣਾਉਣ ਲਈ ਉਸ ਰਕਮ ਨੂੰ ਵਰਤਣਾ ਹੋਵੇ। ਵੈਸੇ ਅਰਦਾਸ ਵਿਚ ਰੱਬ ਨੂੰ ‘ਤੂੰ ਜਾਣੀ ਜਾਣ' ਕਹਿੰਦੇ। ਇਸ ਦੇ ਬਾਵਜੂਦ ਰੱਬ ਦੇ ਜਾਣੀਜਾਣ ਹੋਣ ‘ਤੇ ਜਿਵੇਂ ਉਹਨਾਂ ਨੂੰ ਭਰੋਸਾ ਨਾ ਹੋਵੇ ਜਾਂ ਰੱਬ ਆਪਣੀ ਮਸਰੂਫ ਜ਼ਿੰਦਗੀ ਵਿਚ ਸਾਰਿਆਂ ਦੀਆਂ ਮੰਗਾਂ ਨੂੰ ਪੂਰਾ ਕਰਦਿਆਂ ਕਿਤੇ ਉਹਨਾਂ ਦੀ ਮੰਗ ਭੁੱਲ ਨਾ ਗਿਆ ਹੋਵੇ। ਇਸ ਲਈ ਲੋਕਾਂ ਨੂੰ ਰੱਬ ਨੂੰ ਯਾਦ ਕਰਵਾਉਣ ਲਈ ਲੰਬੀਆਂ ਅਰਦਾਸਾਂ ਕਰਨੀਆਂ ਪੈਂਦੀਆਂ।

ਬਹੁਤੇ ਅਜਿਹੇ ਸੁਭਾਅ ਦੇ ਮਾਲਕ ਵੀ ਸਨ ਜਿਹੜੇ ਰੱਬ ਨੂੰ ਦਿੱਤੇ ਲਾਲਚ ਨੂੰ ਲੋਕਾਂ ਵਿਚ ਨਸ਼ਰ ਕਰਨਾ ਜ਼ਰੂਰੀ ਸਮਝਦੇ ਜਿਵੇਂ ਸ਼ਾਇਦ ਰੱਬ ਉਹਨਾਂ ਦੀ ਨੰਗੀ ਚਿੱਟੀ ਦਿੱਤੀ ਵੱਢੀ ਅਤੇ ਲਾਲਚ ਕਾਰਨ ਸ਼ਰਮ ਖਾ ਕੇ ਉਹਨਾਂ ਦੀ ਇੱਛਾ ਪੂਰੀ ਕਰੇਗਾ। ਫ਼ਰਕ ਏਨਾ ਕੁ ਜ਼ਰੂਰ ਸੀ ਕਿ ਉਹ ਜ਼ਿਆਦਾ ਚੁਸਤੀ ਨਾਲ ਸਿਆਸੀ ਭਾਸ਼ਾ ਵਰਤਦੇ। ਸ਼ਬਦਾਂ ਦੇ ਹੇਰ ਫੇਰ ਨਾਲ ਆਪਣੇ ਦਿਖਾਵੇ ਨੂੰ ਲੁਕਾਉਣ ਦਾ ਯਤਨ ਕਰਦੇ ਅਤੇ ‘ਸ਼ੁਕਰਾਨੇ' ਵਰਗੇ ਸ਼ਬਦ ਵਰਤ ਲੈਂਦੇ। ਕੁਝ ਅਜਿਹੇ ਵੀ ਸਨ ਜਿਹੜੇ ਰੱਬ ਤੋਂ ਆਪਣਾ ਚੰਗਾ ਮੰਗਣ ਦੀ ਥਾਂ ਉਸ ਤੋਂ ਦੂਜਿਆਂ ਦਾ ਮਾੜਾ ਮੰਗਦੇ। ਆਪਣੇ ਆਪ ਨੂੰ ਰੱਬ ਅੱਗੇ ਸੱਚੇ ਕਹਿੰਦੇ ਅਤੇ ਦੂਜੇ ਨੂੰ ਝੂਠਾ ਅਤੇ ਮਕਾਰ ਕਹਿ ਕੇ ਆਪਣੀ ਵਕਾਲਤ ਰਾਹੀਂ ਰੱਬ ਨੂੰ ਭਰਮਾ ਕੇ ਆਪਣੇ ਦੁਸ਼ਮਨ ਦੇ ਖਿਲਾਫ਼ ਰੱਬ ਦਾ ਫੈਸਲਾ ਕਰਵਾਉਣ ਦਾ ਯਤਨ ਕਰਦੇ। ਵੈਸੇ ਉਹ ਵੀ ਰੱਬ ਨੂੰ ਜਾਣੀ ਜਾਣ ਕਹਿੰਦੇ।

ਕੁਝ ਅਖੰਡ ਪਾਠ, ਸਹਿਜ ਪਾਠ, ਸੁਖਮਨੀ ਸਾਹਿਬ ਦਾ ਪਾਠ ਅਤੇ ਕੁਝ ਸਿਰਫ਼ ਅਰਦਾਸ ਕਰਵਾ ਕੇ ਰੱਬ ਨੂੰ ਖੁਸ਼ ਕਰਨ ਦਾ ਯਤਨ ਕਰਦੇ। ਅਖੰਡ ਪਾਠ ਨੂੰ ਮੀਕੇ ਦੇ ਬਾਪੂ ਜੀ ਹੋਰਾਂ ਨੇ ਆਪਣੇ ਸਮਿਆਂ ਵਿਚ ਕਦੇ ਘੱਟ ਹੀ ਸੁਣਿਆ ਸੀ। ਇਹ ਕਾਢ ਵੀ ਭਾਈਆਂ ਨੇ ਸ਼ਾਇਦ ਪੰਡਤਾਂ ਵਾਂਗ ਆਪਣਾ ਤੋਰੀ ਫੁਲਕਾਂ ਚਲਾਉਣ ਲਈ ਕੱਢੀ ਹੋਵੇ। ਨਾ ਹੀ ਮੀਕੇ ਨੇ ਕੁਝ ਸਾਲ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੇ ਭੋਗ ਪਾਉਣ ਬਾਰੇ ਸੁਣਿਆ ਸੀ। ਇੰਗਲੈਂਡ ਦੇ ਘੱਟ ਵਕਤ ਵਾਲੇ ਜੀਵਨ ਵਿਚ ਇਹ ਕਾਢ ਵੀ ਨਵੀਂ ਸੀ। ਲੋਕ ਸੁਖਮਨੀ ਸਾਹਿਬ ਦਾ ਪਾਠ ਘੰਟੇ ਡੇਢ ਘੰਟੇ ਵਿਚ ਕਰਵਾ ਕੇ ਉਸ ਤੋਂ ਬਾਅਦ ਭੋਗ ਪਾ ਦਿੰਦੇ ਅਤੇ ਗੁਰਦਵਾਰੇ ਨੂੰ ਦਾਨ ਦੇਣ ਦੀ ਰਕਮ ਵੀ ਅਰਦਾਸ ਵਿਚ ਅਨਾਊਂਸ ਕਰਵਾ ਦਿੰਦੇ। ਉਹ ਆਪਣੀ ਜਾਣ ਪਹਿਚਾਣ ਵਾਲੇ ਲੋਕਾਂ ਵਿਚ ਧਾਰਮਕ ਅਤੇ ਦਾਨੀ ਹੋਣ ਦਾ ਭਰਮ ਪਾਲਣ ਦਾ ਯਤਨ ਕਰਦੇ।

ਪ੍ਰੀਤ ਇਸ ਸਭ ਕੁਝ ਦੇ ਖਿਲਾਫ਼ ਸੀ। ਉਹ ਸਮਝਦੀ ਸੀ ਕਿ ਧਰਮ ਮਨੁੱਖ ਦੀ ਆਤਮਕ ਸ਼ੁੱਧੀ ਅਤੇ ਮਾਨਸਕ ਸ਼ਾਂਤੀ ਦਾ

ਇਕ ਸਾਧਨ ਮਾਤਰ ਸੀ। ਬਾਣੀ ਨੂੰ ਪੜ੍ਹ ਕੇ, ਸਮਝਕੇ ਅਤੇ ਅਮਲ ਵਿਚ ਲਿਆ ਕੇ ਮਨੁੱਖ ਆਪਣੀ ਜੀਵਨ ਜਾਚ ਨੂੰ ਉਸਾਰੂ ਮੋੜ ਦੇ ਸਕਦਾ ਸੀ। ਪਦਾਰਥਕ ਯੁੱਗ ਵਿਚ ਪਦਾਰਥਕ ਜੀਵਨ ਨੂੰ ਜਿਉਂਦਿਆਂ ਮਨੁੱਖ ਸ਼ਾਂਤ ਅਤੇ ਸੰਤੁਸ਼ਟ ਜੀਵਨ ਬਸਰ ਕਰਨ ਦਾ ਹੀਲਾ ਕਰ ਸਕਦਾ ਸੀ। ਸਰਬ ਸ਼ਕਤੀਮਾਨ, ਨਿਰਪੱਖ ਅਤੇ ਸਰਬੱਤ ਦਾ ਭਲਾ ਕਰਨ ਵਾਲੇ ਰੱਬ ਨੂੰ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਜੱਜ ਵਾਂਗ ਵੱਖੋ ਵੱਖ ਢੰਗ ਤਰੀਕੇ ਅਪਣਾ ਕੇ ਵੱਡੀ ਅਤੇ ਲਾਲਚ ਦੇਣ ਦਾ ਯਤਨ ਕਰਦੇ ਲੋਕ ਪ੍ਰੀਤ ਨੂੰ ਕਮੀਨੇ ਸਵਾਰਥੀ ਅਤੇ ਮੂਰਖ ਲਗਦੇ। ਇਹ ਲੋਕ ਜਿਹੋ ਜਿਹੀ ਦੁਨੀਆਂ ਵਿਚ ਰਹਿ ਕੇ ਜਿਉਣ ਅਤੇ ਸਫ਼ਲਤਾ ਲਈ ਜਿਹੋ ਜਿਹੇ ਢੰਗ ਵਰਤਦੇ ਸਨ, ਉਹਨਾਂ ਨੇ ਰੱਬ ਦਾ ਤਸੱਵਰ ਵੀ ਉਹੋ ਜਿਹਾ ਕਰ ਲਿਆ ਸੀ। ਗੁਰਦਵਾਰਿਆਂ ਵਿਚ ਚੜ੍ਹਦੇ ਚੜ੍ਹਾਵੇ, ਵੱਡੀਆਂ ਵੱਡੀਆਂ ਇਮਾਰਤਾਂ ਅਤੇ ਪ੍ਰਧਾਨਾਂ ਸੈਕਟਰੀਆਂ ਦੀਆਂ ਪਦਵੀਆਂ ਦੀ ਲਾਲਸਾ ਨੇ ਗੁਰਦਵਾਰਿਆਂ ਅਤੇ ਧਰਮ ਨੂੰ ਸਹੀ ਮੁੱਦੇ ਤੋਂ ਉਖਾੜ ਦਿੱਤਾ ਅਤੇ ਸਿਰਫ਼ ਲੜਾਈਆਂ ਅਤੇ ਝੂਠੀ ਮੈਂ ਤੇ ਹੰਕਾਰ ਦਾ ਅਖਾੜਾ ਬਣਾ ਦਿੱਤਾ ਸੀ। ਪ੍ਰੀਤ ਲਈ ਗੁਰਦਵਾਰੇ ਜਾਣਾ ਜਾਂ ਨਾ ਜਾਣਾ ਇਕ ਬਰਾਬਰ ਸੀ। ਗੁਰਦਵਾਰੇ ਵਿਚ ਹੁੰਦੇ ਕੀਰਤਨ ਦਾ ਰਾਗ ਉਸ ਨੂੰ ਪਿਆਰਾ ਅਤੇ ਖਿੱਚ ਪਾਊ ਲਗਦਾ। ਉਹ ਜਦ ਵੀ ਜਾਂਦੀ ਕੀਰਤਨ ਸੁਣਨ ਦਾ ਯਤਨ ਕਰਦੀ ਭਾਂਵੇਂ ਉਸ ਨੂੰ ਅਰਥਾਂ ਦੀ ਸਮਝ ਨਹੀਂ ਆਉਂਦੀ ਸੀ। ਪਰ ਰਾਗ ਉਸ ਨੂੰ ਸੁਖਦਾਈ ਲਗਦਾ। ਇਸ ਤੋਂ ਬਿਨਾਂ ਗੁਰਦਵਾਰੇ ਜਾਣ ਨਾਲ ਉਸ ਦੇ ਮਨ ਨੂੰ ਕੋਈ ਤਸੱਲੀ ਨਾ ਮਿਲਦੀ।

ਮੀਕੇ ਦੀਆਂ ਗੱਲਾਂ ਉਸ ਨੂੰ ਚੰਗੀਆਂ ਲਗਦੀਆਂ। ਇਮਾਰਤਾਂ ਪੱਕੀਆਂ ਬਣ ਗਈਆਂ ਅਤੇ ਰਿਸ਼ਤੇ ਉਸ ਤੋਂ ਕਿਤੇ ਵੱਧ ਕੱਚੇ ਹੋ ਗਏ। ਸੜਕਾਂ ਅਤੇ ਰਾਹ ਚੌੜੇ ਹੋ ਗਏ ਅਤੇ ਲੋਕਾਂ ਦੇ ਦਿਲ ਤੰਗ ਹੋ ਗਏ। ਪੈਸੇ ਨਾਲ ਜੇਬਾਂ ਭਰ ਗਈਆਂ ਅਤੇ ਨੀਅਤ ਵੱਲੋਂ ਦਿਲ ਖਾਲੀ ਹੋ ਗਏ। ਕਾਰਾਂ ਜਹਾਜ਼ਾਂ ਨਾਲ ਮੰਜ਼ਿਲਾਂ ਨੇੜੇ ਹੋ ਗਈਆਂ ਅਤੇ ਖੁਸ਼ੀ ਅਤੇ ਪਿਆਰ ਨਾਲ ਜਿਉਣ ਦੇ ਰਾਹ ਮੁੱਕ ਗਏ। ਪਿਆਰ ਦੀ ਖੇਤੀ ਬੀਜਣ ਵਾਲੇ ਲੋਕ ਨਫ਼ਰਤ ਅਤੇ ਈਰਖਾ ਦੀ ਫ਼ਸਲ ਬੀਜਣ ਲੱਗ ਪਏ। ਧਰਮ ਕਰਮ ਦੇ ਨਾਂ ਥੱਲੇ ਲੋਕ ਆਪਣੀਆਂ ਖੁਦਗਰਜ਼ੀਆਂ ਪਾਲਦੇ ਨਜ਼ਰ ਆਉਂਦੇ। ਧਰਮ ਜਿਸ ਨੂੰ ਮਨੁੱਖ ਨੇ ਜ਼ਿੰਦਗੀ ਨੂੰ ਸੰਵਾਰਨ ਲਈ ਸਿਰਜਿਆ ਹੁਣ ਲੋਕਾਂ ਦੀ ਵਪਾਰਕ ਦ੍ਰਿਸ਼ਟੀ ਨਾਲ ਵਪਾਰ ਹੀ ਬਣ ਗਿਆ।

ਸਾਰੀ ਰਾਤ ਪ੍ਰੀਤ ਨੂੰ ਨੀਂਦ ਨਾ ਆਈ। ਸ਼ਾਇਦ ਘਰ ਦਾ ਹੋਰ ਕੋਈ ਜੀਅ ਵੀ ਨਾ ਸੁੱਤਾ ਹੋਵੇ। ਆਮ ਤੌਰ ‘ਤੇ ਲੋਕ ਪੰਜਾਬ ਵਿਚ ਨਸ਼ਿਆਂ ਦੇ ਛੇਵੇਂ ਦਰਿਆ ਦੀ ਗੱਲ ਕਰਦੇ। ਪ੍ਰੀਤ ਲਈ ਤਾਂ ਇਹ ਉਲਟੀ ਗੰਗਾ ਵਗਣ ਵਾਲੀ ਗੱਲ ਸੀ। ਸਤਿਵੀਰ ਨੇ ਪੰਜਾਬ ਜਾ ਕੇ ਚੰਗਾ ਭਲਾ ਵਸਦਾ ਰਸਦਾ ਘਰ ਪੱਟ ਦਿੱਤਾ ਸੀ। ਪ੍ਰੀਤ ਆਪਣੇ ਆਪ ਨੂੰ ਉਸ ਦਾ ਕਿਸੇ ਹੱਦ ਤੱਕ ਜ਼ਿੰਮੇਵਾਰ ਸਮਝਦੀ। ਪ੍ਰੀਤ ਨੇ ਗੁਰੇ ਦੀ ਅੱਲੜ੍ਹ ਵਹੁਟੀ ਬਾਰੇ ਸੁਣਿਆ। ਉਸ ਨਾਲ ਉਸ ਦੀ ਦਿਲੀ ਹਮਦਰਦੀ ਸੀ। ਪ੍ਰੀਤ ਦਾ ਦਿਲ ਹੋਰ ਵੀ ਬੈਠ ਗਿਆ। ਉਸ ਨੂੰ ਸਤਿਵੀਰ ‘ਤੇ ਹੋਰ ਵੀ ਗੁੱਸਾ ਆਇਆ। ਸਤਿਵੀਰ ‘ਤੇ ਗੁੱਸਾ ਕਰਨ ਦਾ ਫਾਇਦਾ ਵੀ ਕੋਈ ਨਹੀਂ ਸੀ। ਮਹੀਨਿਆਂ ਤੋਂ ਉਸ ਨੇ ਸਤਿਵੀਰ ਦੀ ਸ਼ਕਲ ਤੱਕ ਨਹੀਂ ਵੇਖੀ ਸੀ। ਮੀਕੇ ਨੇ ਲਕੀਰ ਕੱਢ ਦਿੱਤੀ ਸੀ ਕਿ ਉਹ ਉਸ ਦੇ ਘਰ ਵਿਚ ਪੈਰ ਨਾ ਰੱਖੇ। ਚੋਰੀ ਵਰਗੇ ਘਟੀਆ ਕੰਮ ਕਰਨ ਵਾਲੇ ਪੁੱਤ ਨੂੰ ਉਹ ਪੁੱਤ ਮੰਨਣ ਨੂੰ ਤਿਆਰ ਨਹੀਂ ਸੀ। ਮੀਕੇ ਨੇ ਸਾਫ਼ ਸਾਫ਼ ਕਹਿ ਦਿੱਤਾ ਸੀ ਉਸ ਨੂੰ ਕੋਈ ਪੈਸਾ ਨਹੀਂ ਮਿਲਣਾ ਅਤੇ ਸੀਤੋ ਨੂੰ ਮੀਕੇ ਨੇ ਕੋਈ ਵੀ ਪੈਸਾ ਦੇਣ ਤੋਂ ਵਰਜ ਦਿੱਤਾ। ਵੈਸੇ ਵੀ ਸੀਤੋ ਨੂੰ ਹੁਣ ਮੀਕਾ ਘੱਟ ਹੀ ਪੈਸੇ ਫੜਾਉਂਦਾ। ਸੀਤੋ ਨੇ ਗੋਝ ਰੱਖ ਰੱਖ ਕੇ ਸਤਿਵੀਰ ਨੂੰ ਪੈਸੇ ਦੇ ਕੇ ਆਪਣਾ ਵਿਸ਼ਵਾਸ਼ ਗੁਆ ਲਿਆ ਸੀ।

ਪ੍ਰੀਤ ਸਵੇਰੇ ਛੇ ਵਜੇ ਨਹਾ ਕੇ ਗੁਰਦਵਾਰੇ ਚਲੀ ਗਈ। ਨਿੱਤ ਨੇਮੀ ਲੋਕ ਕਾਹਲੀ ਕਾਹਲੀ ਮੱਥਾ ਟੇਕ ਕੇ ਆਪਣੇ ਕੰਮਾਂ ਵੱਲ ਖਿੱਚੇ ਕਾਰਾਂ ਵਿਚ ਜਾ ਬੈਠਦੇ। ਬੱਸ ਕੋਈ ਕੋਈ ਬਜ਼ੁਰਗ ਕੰਧ ਦੇ ਸਹਾਰੇ ਬੈਠਾ ਪਾਠ ਸੁਣ ਰਿਹਾ ਸੀ। ਵੱਡਾ ਹਾਲ ਤਕਰੀਬਨ ਖਾਲੀ ਸੀ। ਪ੍ਰੀਤ ਜਨਾਨੀਆਂ ਵਾਲੇ ਪਾਸੇ ਜਾ ਕੇ ਬੈਠ ਗਈ। ਉਸ ਦੇ ਮਨ ਨੂੰ ਕੁਝ ਕੁ ਧਰਵਾਸ ਹੋਇਆ। ਉਸ ਦੇ ਮਨ ਵਿਚ ਆਇਆ ਕਿ

ਮਨੁੱਖ ਨੇ ਧਰਮ ਨੂੰ ਔਖੇ ਵੇਲੇ ਦੇ ਧਰਵਾਸ ਲਈ ਹੀ ਪੈਦਾ ਕੀਤਾ ਸੀ। ਔਖ ਸੌਖ ਵੇਲੇ ਜਦ ਕੋਈ ਹੋਰ ਸਹਾਰਾ ਨਾ ਮਿਲੇ ਤਾਂ ਮਨ ਨੂੰ ਰੱਬ ਦਾ ਸਹਾਰਾ ਮਿਲ ਜਾਂਦਾ ਹੈ। ਮਨ ਨੂੰ ਮਿਲੇ ਸਹਾਰੇ ਦੇ ਬਲ ਨਾਲ ਜ਼ਿੰਦਗੀ ਅਗਲੇ ਕਦਮ ਪੁੱਟਣ ਦੇ ਕਾਬਲ ਹੋ ਜਾਂਦੀ ਹੈ।

ਕੀਰਤਨ ਸ਼ੁਰੂ ਹੋਇਆ ਤਾਂ ਮਨ ਨੂੰ ਇਕਾਗਰ ਕਰਨ ਦਾ ਯਤਨ ਕਰਦੀ ਪ੍ਰੀਤ ਨੇ ਅੱਖਾਂ ਬੰਦ ਕਰ ਲਈਆਂ। ਉਸ ਨੂੰ ਮਹਿਸੂਸ ਹੋਇਆ ਸੰਗੀਤ ਅਤੇ ਰਾਗ ਦੀ ਕੋਈ ਭਾਸ਼ਾ ਨਹੀਂ ਹੁੰਦੀ। ਕੰਨਾਂ ਨੂੰ ਚੰਗਾ ਲੱਗਣ ਵਾਲਾ ਸੰਗੀਤ ਮਨ ਨੂੰ ਸੰਤੁਸ਼ਟ ਕਰਨ ਦਾ ਜ਼ਰੀਆ ਬਣ ਜਾਂਦਾ ਹੈ। ਭਾਈ ਦੇ ਸ਼ਬਦਾਂ ਦੀ ਸਮਝ ਉਸ ਨੂੰ ਨਾ ਸਹੀ ਪਰ ਮਹੌਲ ਅਤੇ ਰਾਗ ਨੇ ਉਸ ਦੇ ਮਨ ਨੂੰ ਬਹੁਤ ਹੱਦ ਤੱਕ ਧਰਵਾਸ ਦਿੱਤਾ। ਆਪਣੇ ਵਕਤ ਅਨੁਸਾਰ ਉਹ ਦਫਤਰ ਚਲੀ ਗਈ।

ਅਜੇ ਪ੍ਰੀਤ ਕੰਮ ਧੰਦੇ ਵਿਚ ਮਨ ਲਗਾਉਣ ਦਾ ਯਤਨ ਕਰ ਹੀ ਰਹੀ ਸੀ ਇਕ ਹੋਰ ਬੁਰੀ ਖ਼ਬਰ ਦਾ ਬੰਬ ਉਸ ‘ਤੇ ਆ ਫਟਿਆ। ਡੈਨਿਸ ਅਤੇ ਗਰੀਟਾ ਦੀ ਪੰਜਾਹਵੀਂ ਵਿਆਹ ਵਰ੍ਹੇ ਗੰਢ ਸੀ। ਪ੍ਰੀਤ ਉਹਨਾਂ ਨੂੰ ਕੋਈ ਵਧੀਆ ਜਿਹਾ ਤੋਹਫ਼ਾ ਦੇਣਾ ਚਾਹੁੰਦੀ ਸੀ। ਡੈਨਿਸ ਨੂੰ ਦੁਨੀਆਂ ਵਿਚ ਤਿੰਨ ਸ਼ਹਿਰ ਸਭ ਤੋਂ ਪਸੰਦ ਸਨ। ਇਕ ਤਾਂ ਰੋਮ, ਇਟਲੀ ਦਾ ਵੈਟੀਕਨ ਸਿਟੀ। ਬੇਸ਼ਕ ਰੋਮ ਵਿਚ ਉਸ ਨੂੰ ਪੋਪ ਨੂੰ ਵੇਖਣ ਜਾਂ ਮਿਲਣ ਦਾ ਤਾਂ ਕੋਈ ਸ਼ੌਕ ਨਹੀਂ ਸੀ। ਪਰ ਰੋਮ ਵਿਚ ਇਤਹਾਸ ਦਾ ਬਹੁਤ ਵੱਡਾ ਖਜ਼ਾਨਾ ਸੀ। ਹਜ਼ਾਰਾਂ ਸਾਲ ਪੁਰਾਣੀਆਂ ਬਿਲਡਿੰਗਾਂ ਅਤੇ ਕੈਥੋਲਿਕ ਕਰਿਸਚੀਅਨਾਂ ਲਈ ਧਾਰਮਕ ਸਥਾਨ। ਦੂਸਰਾ ਸੀ ਪੈਰਿਸ। ਡੈਨਸ ਨੇ ਪੈਰਸ ਬਹੁਤ ਵਾਰ ਵੇਖਿਆ ਸੀ। ਪੈਰਿਸ ਦੀ ਸੁੰਦਰਤਾ ਉਸ ਨੂੰ ਅਜੇ ਵੀ ਪ੍ਰਭਾਵਤ ਕਰਦੀ। ਤੀਜਾ ਸੀ ਨਿਊਯਾਰਕ। ਉਸ ਦਾ ਸਦਾ ਇਹ ਸੁਪਨਾ ਰਿਹਾ ਸੀ ਕਿ ਨਿਊਯਾਰਕ ਉਹ ਆਮ ਜਹਜ਼ ਵਿਚ ਜਾਣ ਦੀ ਥਾਂ ਕੰਕਕੋਰਡ ਵਿਚ ਜਾਵੇ। ਪ੍ਰੀਤ ਨੇ ਉਹਨਾਂ ਦਾ ਇਹ ਸੁਪਨਾ ਪੂਰਾ ਕਰਨ ਲਈ ਉਹਨਾਂ ਵਾਸਤੇ ਕੰਕੋਰਡ ਦੀ ਟਿਕਟ ਪੈਰਿਸ ਤੋਂ ਨਿਊਯਾਰਕ ਨੂੰ ਲੈ ਦਿੱਤੀ ਅਤੇ ਨਾਲ ਹੀ ਰੋਮ ਅਤੇ ਪੈਰਿਸ ਜਾਣ ਦਾ ਵੀ ਪ੍ਰਬੰਧ ਕਰ ਦਿੱਤਾ। ਦੋਵਾਂ ਨੂੰ ਬਹੁਤ ਖੁਸ਼ੀ ਵੀ ਹੋਈ ਅਤੇ ਉਹ ਆਪਣੇ ਆਪ ‘ਤੇ ਪ੍ਰੀਤ ਵੱਲੋਂ ਭਾਰ ਚੜ੍ਹਿਆ ਵੀ ਮਹਿਸੂਸ ਕਰ ਰਹੇ ਸਨ। ਡੈਨਿਸ ਪ੍ਰੀਤ ਨੂੰ ਕੰਕੋਰਡ ਦੀ ਟਿਕਟ ਦੇ ਪੈਸੇ ਦੇਣਾ ਚਾਹੁੰਦਾ ਸੀ ਪਰ ਗਰੀਟਾ ਨੇ ਉਸ ਨੂੰ ਅਜੇ ਰੋਕ ਦਿੱਤਾ। ਉਹ ਪ੍ਰੀਤ ਦਾ ਦਿਲ ਨਹੀਂ ਤੋੜਨਾ ਚਾਹੁੰਦੀ ਸੀ। ਪ੍ਰੀਤ ਨੂੰ ਕੁਝ ਦੇਣ ਦੇ ਉਹਨਾਂ ਲਈ ਵੀ ਕਈ ਮੌਕੇ ਆਉਣੇ ਸਨ। ਸੋ ਉਹ ਖੁਸ਼ੀ ਖੁਸ਼ੀ ਪਹਿਲਾਂ ਰੋਮ ਨੂੰ ਚਲੇ ਗਏ। ਦੋ ਦਿਨ ਉਹ ਰੋਮ ਘੁੰਮਦੇ ਰਹੇ ਅਤ ਇਤਿਹਾਸਕ ਥਾਂਵਾਂ ਦਾ ਅਨੰਦ ਮਾਣਦੇ ਰਹੇ। ਪੈਰਿਸ ਪਹੁੰਚ ਕੇ ਉਹਨਾਂ ਦਾ ਫ਼ੋਨ ਆ ਗਿਆ। ਉਹ ਦੋਵੇਂ ਕੰਕੋਰਡ ਰਾਹੀਂ ਨਿਊਯਾਰਕ ਜਾਣ ਲਈ ਬਹੁਤ ਉਤਸ਼ਾਹਤ ਸਨ।

ਮੰਗਲਵਾਰ 25ਜੁਲਾਈ 2000 ਉਹਨਾਂ ਦੀ ਪੰਜਾਹਵੀਂ ਵਿਆਹ ਵਰ੍ਹੇ ਗੰਢ ਦਾ ਦਿਨ ਸੀ ਅਤੇ ਇਸ ਦਿਨ ਹੀ ਉਹ ਕੰਕੋਰਡ ਦੀ ਸਵਾਰੀ ਕਰਕੇ ਨਿਊਯਾਰਕ ਜਾਣ ਵਾਲੇ ਸਨ। ਉਹਨਾਂ ਨੇ ਆਪਣੀ ਵਰ੍ਹੇ ਗੰਢ ਨਿਊਯਾਰਕ ਵਿਚ ਮਨਾਉਣ ਦਾ ਫੈਸਲਾ ਕੀਤਾ ਸੀ। ਚਾਰਲਸ ਡੀ ਗੌਲ ਏਅਰ ਪੋਰਟ ਤੋਂ ਕੰਕੋਰਡ ਦੀ ਫਲਾਈਟ ਕੰਕੋਰਡ 203 ਬੀ ਟੀ ਐਸ ਸੀ ਨੇ ਸ਼ਾਮ ਨੂੰ ਲੋਕਲ ਟਾਈਮ ਤਿੰਨ ਵਜੇ ਉੱਡਣਾ ਸੀ। ਇਸ ਵੇਲੇ ਇੰਗਲੈਂਡ ਵਿਚ ਸ਼ਾਮ ਦੇ ਪੰਜ ਵਜੇ ਦਾ ਸਮਾਂ ਸੀ। ਉਹ ਖੁਸ਼ੀ ਖੁਸ਼ੀ ਜ਼ਹਾਜ਼ ਵਿਚ ਜਾ ਬੈਠੇ। ਜ਼ਹਾਜ਼ ਵਿਚ ਬੈਠਣ ਨਾਲ ਹੀ ਉਹਨਾਂ ਨੂੰ ਪਿਆਰ ਅਤੇ ਖੁਸ਼ੀ ਦਾ ਹੁਲਾਰਾ ਜਿਹਾ ਆ ਗਿਆ। ਬੱਸ ਕੁਝ ਹੀ ਮਿੰਟਾਂ ਵਿਚ ਜ਼ਹਾਜ਼ ਨੇ ਉੱਡ ਪੈਣਾ ਸੀ ਅਤੇ ਉਹ ਤਕਰੀਬਨ ਸਾਢੇ ਤਿੰਨ ਘੰਟੇ ਵਿਚ ਨਿਊਯਾਰਕ ਦੇ ਜੇ ਕੇ ਐਫ ਹਵਾਈ ਅੱਡੇ ‘ਤੇ ਪਹੁੰਚ ਜਾਣਗੇ। ਆਮ ਜਹਾਜ਼ ਨਾਲੋਂ ਅੱਧੇ ਤੋਂ ਵੀ ਘੱਟ ਸਮੇਂ ਵਿਚ। ਗਰੀਟਾ ਨੇ ਆਪਣੀਆਂ ਉਂਗਲਾਂ ਡੈਨਿਸ ਦੀਆਂ ਉਂਗਲਾਂ ਵਿਚ ਫਸਾ ਲਈਆਂ। ਜ਼ਿੰਦਗੀ ਦੇ ਪੰਜਾਹ ਸਾਲ ਕਦੋਂ ਤੇ ਕਿਵੇਂ ਬੀਤ ਗਏ, ਉਹਨਾਂ ਨੂੰ ਪਤਾ ਹੀ ਨਹੀਂ ਲੱਗਾ ਸੀ।

ਰੱਨਵੇ ‘ਤੇ ਕੰਕੋਰਡ ਉਡਾਣ ਭਰਨ ਲਈ ਤਿਆਰ ਖੜ੍ਹਾ ਸੀ। ਕੈਪਟਨ ਨੇ ਸਭ ਨੂੰ ਸੀਟ ਬੈਲਟਾਂ ਲਾਉਣ ਦਾ ਦੁਵਾਰਾ ਅਦੇਸ਼

ਦਿੰਦਿਆਂ ਜਹਾਜ਼ ਵਿਚ ਕੰਮ ਕਰਨ ਵਾਲੇ ਸਟਾਫ਼ ਨੂੰ ਵੀ ਸੀਟਾਂ 'ਤੇ ਬੈਠਣ ਦਾ ਅਦੇਸ਼ ਦੇ ਦਿੱਤਾ ਸੀ। ਸਾਰੇ ਯਾਤਰੀ ਬਹੁਤੇ ਉੱਚ ਦਰਜੇ ਦੇ ਬਿਜਨਸ ਮੈਨ ਸਨ। ਜਹਾਜ਼ ਪੂਰੀ ਰਫ਼ਤਾਰ ਨਾਲ ਰਨ ਵੇ 'ਤੇ ਦੌੜਿਆ। ਡੈਨਿਸ ਖਿੜਕੀ ਵਿਚੋਂ ਦੀ ਬਾਹਰ ਵੇਖ ਰਿਹਾ ਸੀ। ਗਰੀਟਾ ਨੇ ਆਪਣਾ ਸਿਰ ਉਸ ਦੇ ਮੋਢੇ ਨਾਲ ਜੋੜ ਦਿੱਤਾ। ਕੰਕੋਰਡ ਦੀ ਉਡਾਨ ਭਰਨ ਦਾ ਨਜ਼ਾਰਾ ਵੱਖਰਾ ਹੀ ਸੀ।

ਪੰਜ ਮਿੰਟ ਪਹਿਲਾਂ ਉੱਡ ਚੁੱਕੇ ਜਹਾਜ਼ ਨਾਲੋਂ ਉਡਾਨ ਭਰਨ ਵੇਲੇ ਇਕ ਸੋਲਾਂ ਇੰਚ ਲੰਬਾ ਮੈਟਲ ਦਾ ਟੁਕੜਾ ਟੁੱਟ ਕੇ ਰਨ ਵੇ 'ਤੇ ਡਿੱਗ ਪਿਆ ਸੀ ਜਿਸ ਦਾ ਕਿਸੇ ਨੂੰ ਪਤਾ ਨਾ ਲੱਗਾ। ਉਸ ਛਿਲਤਰ ਨੇ ਕੰਕੋਰਡ ਦੇ ਪਹੀਏ ਨੂੰ ਪੰਕਚਰ ਕਰ ਦਿੱਤਾ। ਪੰਕਚਰ ਹੋਣ ਨਾਲ ਪਹੀਏ ਵਿਚੋਂ ਰਗੜ ਨਾਲ ਅੱਗ ਨਿਕਲੀ ਅਤੇ ਕੰਕੋਰਡ ਦੇ ਇਕ ਇੰਜਨ ਨੂੰ ਅੱਗ ਲੱਗ ਗਈ। ਅੱਗ ਨੇ ਜਹਾਜ਼ ਨੂੰ ਸਕਿੰਟਾਂ ਵਿਚ ਹੀ ਆਪਣੀ ਲਪੇਟ ਵਿਚ ਲੈ ਲਿਆ। ਜਹਾਜ਼ ਪੈਰਸ ਦੇ ਦੱਖਣ ਵਿਚ ਸਿਰਫ਼ ਦਸ ਮੀਲ ਦੀ ਦੂਰੀ 'ਤੇ ਇਕ ਹੋਟਲ ਰੀਲੇਜ਼ ਬਲਿਊ ਦੀ ਬਿਲਡਿੰਗ ਨਾਲ ਟਕਰਾ ਗਿਆ। ਉੱਡਣ ਮੌਕੇ ਜ਼ਹਾਜ਼ ਚਾਰ ਮੀਟਰ ਉੱਚੀਆਂ ਲਾਟਾਂ ਨਾਲ ਘਿਰ ਗਿਆ। ਅੱਗ ਅਤੇ ਧੂੰਏਂ ਨਾਲ ਘਿਰੇ ਜਹਾਜ਼ ਦਾ ਨੱਕ ਉਹਨਾਂ ਨੂੰ ਦਿਸਦਾ ਸੀ। ਜਹਾਜ਼ ਵਿਚ ਸਵਾਰ ਸਾਰੇ ਦੇ ਸਾਰੇ ਇਕ ਸੌ ਨੌਂ ਵਿਅੱਕਤੀ ਮਾਰੇ ਗਏ। ਜਿਹਨਾਂ ਵਿਚ ਪੰਜਾਹ ਸਾਲਾ ਵਿਆਹ ਗੰਢ ਦਾ ਜਸ਼ਨ ਮਨਾ ਰਹੇ ਡੈਨਿਸ ਅਤੇ ਗਰੀਟਾ ਵੀ ਸਨ। ਹੋਟਲ ਦੀ ਬਿਲਡਿੰਗ ਨਾਲ ਟਕਰਾਉਣ ਕਾਰਨ ਚਾਰ ਵਿਅੱਕਤੀ ਹੋਰ ਮਾਰੇ ਗਏ।

ਪੈਰਿਸ ਦੇ ਲੋਕਾਂ ਨੇ ਇਸ ਦੁਖਦਾਈ ਨਜ਼ਾਰੇ ਨੂੰ ਅੱਖੀਂ ਵੇਖਿਆ। ਮਿੰਟਾਂ ਵਿਚ ਹੀ ਪੁਲੀਸ ਦੇ ਹੈਲੀਕੋਪਟਰ ਅਸਮਾਨ ਵਿਚ ਚੱਕਰ ਲਗਾਉਣ ਲੱਗੇ। ਸੜਕਾਂ 'ਤੇ ਕਾਰਾਂ ਰੁਕ ਗਈਆਂ ਅਤੇ ਕਈ ਲੋਕ ਤਾਂ ਭਾਵੁਕ ਹੋ ਕੇ ਰੋਣ ਲੱਗੇ। ਕੰਕੋਰਡ ਦਾ ਇਹ ਪਹਿਲਾ ਐਕਸੀਡੈਂਟ ਸੀ। ਮੀਡੀਏ ਨੇ ਏਅਰਪੋਰਟ ਦੀ ਮਾੜੀ ਦੇਖ ਭਾਲ 'ਤੇ ਉਂਗਲ ਰੱਖਣ ਵਿਚ ਦੇਰ ਨਾ ਕੀਤੀ। ਕਾਰਨ ਜੋ ਵੀ ਹੋਵੇ ਵਾਪਰ ਚੁੱਕੇ ਹਾਦਸੇ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ ਸੀ ਅਤੇ ਨਾ ਹੀ ਇਕ ਸੌ ਤੇਰਾਂ ਵਿਅੱਕਤੀਆਂ ਨੂੰ ਜੀਵਨ ਵਾਪਿਸ ਮਿਲ ਸਕਦਾ ਸੀ, ਜਿਹਨਾਂ ਦੇ ਪਿੱਛੇ ਇਕ ਸੌ ਤੇਰਾਂ ਪਰਿਵਾਰ ਅਤੇ ਸੈਂਕੜੇ ਮਿੱਤਰ ਅਤੇ ਰਿਸ਼ਤੇਦਾਰ ਰੋ ਰਹੇ ਸਨ। ਪੂਰੀ ਜਾਂਚ ਦਾ ਹੁਕਮ ਵੀ ਦੇ ਦਿੱਤਾ ਗਿਆ।

ਇਹ ਦੁਖਦਾਈ ਖ਼ਬਰ ਦੁਨੀਆਂ ਭਰ ਦੇ ਸਾਰੇ ਟੀ ਵੀ ਚੈਨਲਾਂ 'ਤੇ ਚਲਦੇ ਪ੍ਰੋਗਰਾਮ ਰੋਕ ਕੇ ਦਿੱਤੀ ਜਾ ਰਹੀ ਸੀ। ਪ੍ਰੀਤ ਘਰ ਹੀ ਸੀ ਜਦ ਉਸ ਨੇ ਖ਼ਬਰ ਸੁਣੀ। ਸੁਣ ਕੇ ਉਸ ਦੇ ਹੱਥ ਪੈਰ ਸੁੰਨ ਹੋ ਗਏ। ਉਸ ਨੂੰ ਯਕੀਨ ਹੀ ਨਹੀਂ ਆ ਰਿਹਾ ਸੀ। ਉਸ ਨੇ ਵਾਰ ਵਾਰ ਖ਼ਬਰ ਨੂੰ ਸੁਣਿਆ। ਸ਼ਾਇਦ ਉਹ ਕੋਈ ਸੁਪਨਾ ਨਾ ਹੋਵੇ ਜਾਂ ਉਸ ਨੇ ਗਲਤ ਖ਼ਬਰ ਨਾ ਸੁਣ ਲਈ ਹੋਵੇ। ਸੱਚ ਨੂੰ ਝੁਠਲਾ ਸਕਣ ਦੀ ਕੋਈ ਗੁੰਜਾਇਸ਼ ਪ੍ਰੀਤ ਨੂੰ ਨਜ਼ਰ ਨਹੀਂ ਆ ਰਹੀ ਸੀ।

ਪਹਿਲਾਂ ਹੱਕੀ ਬੱਕੀ ਹੋਈ ਪ੍ਰੀਤ ਸੁੰਨ ਜਿਹੀ ਖ਼ਬਰਾਂ ਨੂੰ ਵੇਖਦੀ ਰਹੀ। ਕਦੇ ਇਕ ਚੈਨਲ ਨੂੰ ਅਤੇ ਕਦੇ ਦੂਜੇ ਨੂੰ। ਸਾਰਿਆਂ ਚੈਨਲਾਂ ਨੇ ਹੀ ਇਸ ਖ਼ਬਰ ਦੀ ਪ੍ਰੋੜਤਾ ਕੀਤੀ। ਉਸ ਦੇ ਹੱਥੋਂ ਰਿਮੋਟ ਕੰਟਰੋਲ ਡਿੱਗ ਪਿਆ ਅਤੇ ਉਹ ਡੁਸਕਣ ਲੱਗੀ। ਮੀਕਾ ਅਤੇ ਸੀਤੋ ਵੀ ਉਸ ਦੇ ਕੋਲ ਭੱਜੇ ਆਏ। ਉਹਨਾਂ ਨੂੰ ਪ੍ਰੀਤ ਦੇ ਰੋਣ ਦੇ ਕਾਰਨ ਦੀ ਸਮਝ ਨਹੀਂ ਆ ਰਹੀ ਸੀ ਕਿ ਆਖ਼ਰ ਪ੍ਰੀਤ ਰੋ ਕਿਉਂ ਰਹੀ ਸੀ। ਜਦ ਮੀਕੇ ਨੇ ਪ੍ਰੀਤ ਨੂੰ ਪਿਆਰ ਨਾਲ ਆਪਣੇ ਗਲ ਨਾਲ ਲਾ ਕੇ ਪੁੱਛਿਆ ਤਾਂ ਪ੍ਰੀਤ ਨੇ ਸਿਰਫ਼ ਟੀ ਵੀ ਵੱਲ ਹੱਥ ਕਰ ਦਿੱਤਾ। ਮੀਕੇ ਨੇ ਖ਼ਬਰ ਸੁਣੀ ਤਾਂ ਉਸ ਨੂੰ ਵੀ ਯਕੀਨ ਨਹੀਂ ਆ ਰਿਹਾ ਸੀ। ਸੀਤੋ ਵੀ ਤੱਕ ਸਾਰਾ ਮਾਮਲਾ ਸਮਝ ਗਈ। ਉਸ ਨੇ ਵੀ ਪ੍ਰੀਤ ਨੂੰ ਬਾਹਾਂ ਵਿਚ ਲੈ ਕੇ ਪਿਆਰ ਦਿੱਤਾ ਅਤੇ ਉਸ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕਰਨ ਲੱਗੀ।

ਕੁਝ ਦੇਰ ਰੋਣ ਕਰਲਾਉਣ ਨਾਲ ਪ੍ਰੀਤ ਦਾ ਮਨ ਹਲਕਾ ਹੋ ਗਿਆ। ਹੁਣ ਉਹ ਕੁਝ ਕੁ ਸੁਰਤ ਸਿਰ ਹੋ ਗਈ। ਮੀਕੇ ਨੇ ਪਾਣੀ

ਦਾ ਗਲਾਸ ਦਿੱਤਾ ਅਤੇ ਸੀਤੋ ਨੇ ਚਾਹ ਦਾ ਕੱਪ ਪ੍ਰੀਤ ਨੂੰ ਬਣਾ ਕੇ ਲਿਆਂਦਾ। ਚਾਹ ਨੂੰ ਤਾਂ ਉਸ ਨੇ ਸਿਰ ਮਾਰ ਕੇ ਇਨਕਾਰ ਕਰ ਦਿੱਤਾ। ਪਾਣੀ ਦੋ ਘੁੱਟਾਂ ਜ਼ਰੂਰ ਪੀ ਲਿਆ। ਮੀਕੇ ਨੇ ਪੁੱਚ ਪੁੱਚ ਕਰਕੇ ਉਸ ਨੂੰ ਥੋੜੀ ਚਾਹ ਪਲਾ ਦਿੱਤੀ।

"ਪ੍ਰੀਤ ਇਸ ਅਣਹੋਣੀ ਨੂੰ ਟਾਲਣ ਦੀ ਤਾਂ ਆਪਣੇ ਕੋਲ ਕੋਈ ਜੁਗਤ ਹੈ ਨਹੀਂ। ਹੁਣ ਤਾਂ ਆਪਾਂ ਨੂੰ ਸੋਚਣਾ ਚਾਹੀਦਾ ਹੁਣ ਕਰਨਾ ਕੀ ਚਾਹੀਦਾ!" ਮੀਕੇ ਦੇ ਡੂੰਘੇ ਉਦਾਸੇ ਮੋਹ ਭਿੱਜੇ ਬੋਲਾਂ ਨੇ ਪ੍ਰੀਤ ਦੀ ਸੋਚ ਨੂੰ ਝੰਜੋੜਿਆ। ਉਸ ਦੇ ਦਿਮਾਗ ਵਿਚ ਸੋਚ ਨੇ ਇਸ ਅਚਾਨਕ ਆਈ ਆਫ਼ਤ ਸਮੇਂ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਸੋਚਣ ਵੱਲ ਮੋੜ ਕੱਟਿਆ। ਪ੍ਰੀਤ ਸੋਚਵਾਨ ਹੋ ਕੇ ਬੈਠ ਗਈ।

"ਮੇਰਾ ਖਿਆਲ ਪਹਿਲਾਂ ਮਾਰਟਨ ਨੂੰ ਫ਼ੋਨ ਕਰਨਾ ਜ਼ਰੂਰੀ ਆ। ਮੈਂ ਪਹਿਲੀ ਫਲਾਈਟ ਲੈ ਕੇ ਪੈਰਿਸ ਜਾਣਾ ਚਾਹੁੰਦੀ ਆਂ।" ਪ੍ਰੀਤ ਦੇ ਦਿਮਾਗ ਨੇ ਗਮ ਵਿਚੋਂ ਬਾਹਰ ਨਿਕਲ ਕੇ ਜ਼ਿੰਮੇਵਾਰੀਆਂ ਵਾਲੇ ਫ਼ੈਸਲੇ ਲੈਣੇ ਸ਼ੁਰੂ ਕਰ ਦਿੱਤੇ।

"ਠੀਕ ਆ ਤੂੰ ਮਾਰਟਨ ਨੂੰ ਫ਼ੋਨ ਜ਼ਰੂਰ ਕਰ ਤੇ ਆਪਣੇ ਆਪ ਨੂੰ ਤਕੜਾ ਰੱਖਣ ਦੀ ਕੋਸ਼ਿਸ ਵੀ ਕਰ।" ਮੀਕੇ ਨੇ ਬੇਬਸੀ ਨਾਲ ਆਪਣੇ ਬੁੱਲ੍ਹ ਸੁੰਗੇੜ ਕੇ ਮੋਢੇ ਛੰਡੇ ਅਤੇ ਭਰੀਆਂ ਅੱਖਾਂ ਨਾਲ ਪ੍ਰੀਤ ਵੱਲ ਵੇਖਿਆ। ਪ੍ਰੀਤ ਹੁਣ ਤੱਕ ਮਾਰਟਨ ਦਾ ਫ਼ੋਨ ਨੰਬਰ ਡਾਇਲ ਕਰ ਚੁੱਕੀ ਸੀ।

"ਹੈਲੋ।" ਮਾਰਟਨ ਦੀ ਨਿੰਦਰਈ ਜਿਹੀ ਅਵਾਜ਼ ਮੀਕੇ ਨੂੰ ਵੀ ਸੁਣੀ। ਉਹ ਪ੍ਰੀਤ ਦੇ ਕੋਲ ਬੈਠਾ ਉਸ ਦਾ ਸਿਰ ਪਿਆਰ ਨਾਲ ਪਲੋਸ ਰਿਹਾ ਸੀ।

"ਮਾਰਟਨ---।" ਪ੍ਰੀਤ ਦੀ ਭੁੱਬ ਨਿੱਕਲ ਗਈ। ਉਸ ਤੋਂ ਗੱਲ ਨਹੀਂ ਹੋ ਰਹੀ ਸੀ। ਫ਼ੋਨ ਮੀਕੇ ਨੇ ਫੜ ਲਿਆ ਅਤੇ ਉਹ ਥੋੜਾ ਪਾਸੇ ਹੋ ਕੇ ਗੱਲ ਕਰਨ ਲੱਗਾ।

"ਮਾਰਟਨ ਸੌਰੀ ਬਹੁਤ ਮਾੜੀ ਖ਼ਬਰ ਆ। ਮੈਂ ਪ੍ਰੀਤ ਦਾ ਡੈਡ ਬੋਲ ਰਿਹਾਂ।" ਮੀਕੇ ਦਾ ਗਲਾ ਵੀ ਰੁੰਧਿਆ ਹੋਇਆ ਸੀ।

"ਕੀ ਹੋਇਆ ਤੂੰ ਗੱਲ ਤਾਂ ਕਰ।"

"ਡੈਨਿਸ ਅਤੇ ਗਰੀਟਾ ਜਿਸ ਫਲਾਈਟ ਵਿਚ ਜਾ ਰਹੇ ਸੀ ਉਸ ਦਾ ਐਕਸੀਡੈਂਟ ਹੋ ਗਿਆ।" ਮੀਕੇ ਦੇ ਮੂੰਹੋਂ ਮਸਾਂ ਹੀ ਸ਼ਬਦ ਨਿਕਲੇ।

"ਓਹ ਰੱਬਾ। ਕੋਈ ਬਚਾ ਵੀ ਹੋਇਆ!"

"ਨਹੀਂ ਖਬਰਾਂ ਵਿਚ ਤਾਂ ---। ਤੂੰ ਆਪ ਹੀ ਵੇਖ ਲੈ ਟੀ ਵੀ।" ਐਨੇ ਨੂੰ ਅੱਖਾਂ ਪੂੰਝਦੀ ਪ੍ਰੀਤ ਨੇ ਫ਼ੋਨ ਫੜ ਲਿਆ।

"ਮਾਰਟਨ ਮੈਂ ਜਿਹੜੀ ਵੀ ਪਹਿਲੀ ਫਲਾਈਟ ਮਿਲੀ ਉਸ 'ਤੇ ਹੀ ਪੈਰਿਸ ਜਾ ਰਹੀ ਆਂ। ਮੇਰਾ ਮੋਬਾਈਲ ਫ਼ੋਨ ਨੰਬਰ ਤੇਰੇ ਕੋਲ ਹੈਗਾ। ਤੂੰ ਪਹੁੰਚ ਕੇ ਮੈਨੂੰ ਫੋਨ ਕਰ ਲਈਂ। ਮੈਂ ਜਾ ਕੇ ਉਹਨਾਂ ਨੂੰ ਇੰਗਲੈਂਡ ਲਿਆਉਣ ਲਈ ਲੋੜੀਂਦੇ ਕਾਗਜ਼ ਪੱਤਰ ਤਿਆਰ ਕਰਵਾ ਲਵਾਂ। ਉਹਨਾਂ ਦੇ ਸਰੀਰ ਇੰਗਲੈਂਡ ਲਿਆਉਣ ਲਈ ਪੁੱਤਰ ਹੋਣ ਦੇ ਨਾਤੇ ਦਸਖਤ ਤਾਂ ਤੇਰੇ ਹੀ ਹੋਣਗੇ।"

"ਮੈਂ ਵੇਖਦਾ ਜਿੰਨੀ ਜਲਦੀ ਹੋ ਸਕਿਆ ਪਹੁੰਚਣ ਦੀ ਕੋਸ਼ਿਸ਼ ਕਰਾਂਗਾ।" ਮੀਕੇ ਨੇ ਫ਼ੋਨ ਪ੍ਰੀਤ ਕੋਲੋਂ ਫੜ ਲਿਆ।

"ਮਾਰਟਨ ਮੈਂ ਵੀ ਪ੍ਰੀਤ ਦੇ ਨਾਲ ਜਾ ਰਿਹਾਂ। ਤੂੰ ਚੱਲਣ ਤੋਂ ਪਹਿਲਾਂ ਫ਼ੋਨ ਜ਼ਰੂਰ ਕਰ ਲਵੀਂ।"

"ਠੀਕ ਆ।" ਮਾਰਟਨ ਨੇ ਫ਼ੋਨ ਕੱਟ ਦਿੱਤਾ ਅਤੇ ਮੀਕਾ ਅਤੇ ਪ੍ਰੀਤ ਜਲਦੀ ਨਾਲ ਏਅਰਪੋਰਟ ਪਹੁੰਚਣ ਦੀ ਤਿਆਰੀ ਕਰਨ ਲੱਗੇ।

ਸੰਸਕਾਰ ਦੀਆਂ ਧਾਰਮਕ ਅਤੇ ਸਮਾਜਕ ਰਸਮਾਂ ਤੋਂ ਬਾਅਦ ਮਾਰਟਨ ਨੇ ਮਾਪਿਆਂ ਦੀ ਬਣਾਈ ਵਸੀਅਤ ਲੱਭਣ ਵੱਲ ਧਿਆਨ ਦਿੱਤਾ। ਡੈਨਿਸ ਅਤੇ ਗਰੀਟਾ ਦੀ ਮੌਤ ਤੋਂ ਬਾਅਦ ਉਸ ਦੇ ਮਨ ਵਿਚ ਵਸੀਅਤ ਬਾਰੇ ਕਈ ਕਿਸਮ ਦੇ ਵਿਚਾਰ ਆਏ। ਉਸ ਨੂੰ ਪਤਾ ਨਹੀਂ ਸੀ ਵਸੀਅਤ ਵਿਚ ਡੈਨਿਸ ਅਤੇ ਗਰੀਟਾ ਨੇ ਕਿਹੋ ਜਿਹਾ ਫੈਸਲਾ ਕੀਤਾ ਹੋਵੇਗਾ। ਸਸਕਾਰ ਦੇ ਸਮੇਂ ਉਸ ਨੇ ਆਪਣੇ ਪ੍ਰੀਵਾਰਕ ਵਕੀਲ ਡੇਵਿਡ ਐਡਵਰਡ ਨੂੰ ਖਾਸ ਤੌਰ 'ਤੇ ਬੁਲਾਇਆ ਸੀ। ਮਾਰਟਨ ਨੂੰ ਪਤਾ ਸੀ ਵਕੀਲ ਨੂੰ ਹੀ ਵਸੀਅਤ ਦੇ ਕਨੂੰਨੀ ਕਾਗਜ਼ ਪੱਤਰ ਦਾ ਪਤਾ ਹੋਵੇਗਾ। ਬਹੁਤੀ ਉਮੀਦ ਸੀ ਉਹ ਪੇਪਰ ਵਕੀਲ ਕੋਲ ਹੀ ਮਹਿਫ਼ੂਜ਼ ਹੋਣਗੇ। ਮਾਰਟਨ ਨੂੰ ਆਪ ਹੀ ਮਿਸਟਰ ਐਡਵਰਡ ਨੇ ਟੈਲੀਫੋਨ ਕਰਕੇ ਮਿਲਣ ਦਾ ਸਮਾਂ ਮਿਥਣ ਦਾ ਸੱਦਾ ਦੇ ਦਿੱਤਾ। ਮਾਰਟਨ ਨੂੰ ਤਸੱਲੀ ਹੋ ਗਈ ਕਿ ਜਿਵੇਂ ਉਸ ਨੂੰ ਉਮੀਦ ਸੀ ਪੇਪਰ ਵਕੀਲ ਕੋਲ ਹੀ ਸਨ।

ਮਿਥੇ ਸਮੇਂ ਉਹ ਮਿਸਟਰ ਐਡਵਰਡ ਦੇ ਦਫ਼ਤਰ ਪਹੁੰਚ ਗਿਆ। ਰਸਮੀ ਗੱਲ ਬਾਤ ਤੋਂ ਬਾਅਦ ਜਿਸ ਵਿਚ ਗਰੀਟਾ ਅਤੇ ਡੈਨਿਸ ਦੀ ਮੌਤ ਦਾ ਉਸ ਨੇ ਇਕ ਵਾਰ ਫਿਰ ਅਫ਼ਸੋਸ ਪ੍ਰਗਟਾਇਆ। ਫਿਰ ਵਕੀਲ ਅਸਲ ਮੁੱਦੇ ਵੱਲ ਆਇਆ।

"ਮਾਰਟਨ ਤੇਰੇ ਮਾਪਿਆਂ ਦੀ ਆਖ਼ਰੀ ਵਸੀਅਤ ਜਿਹੜੀ ਉਹਨਾਂ ਨੇ ਪਿਛਲੇ ਸਾਲ ਹੀ ਨਵੀਂ ਬਣਾਈ ਸੀ ਮੇਰੇ ਕੋਲ ਪਈ ਐ। ਇਸ ਦੀ ਕਾਪੀ ਮੈਂ ਤੈਨੂੰ ਦੇ ਸਕਦਾਂ। ਅਸਲੀ ਵਸੀਅਤ ਤਾਂ ਆਪਾਂ ਸਾਰੀਆਂ ਪਾਰਟੀਆਂ ਦੀ ਹਾਜ਼ਰੀ ਵਿਚ ਹੀ ਖੋਲ੍ਹਾਂਗੇ।" ਮਿਸਟਰ ਐਡਵਰਡ ਨੇ ਫਾਈਲ ਵਿਚੋਂ ਪੇਪਰਾਂ ਨੂੰ ਉਲਟ ਪੁਲਟ ਕਰਦਿਆਂ ਮਾਰਟਨ ਨੂੰ ਕਿਹਾ।

"ਮੈਂ ਆਪਣੇ ਮਾਪਿਆਂ ਦੀ ਇਕਲੌਤੀ ਉਲਾਦ ਆਂ। ਹੋਰ ਕਿਹੜੀ ਪਾਰਟੀ ਉਹਨਾਂ ਦੀ ਮਲਕੀਅਤ ਦੀ ਹੱਕਦਾਰ ਹੋ ਸਕਦੀ ਐ!" ਮਾਰਟਨ ਨੇ ਅੱਖਾਂ ਝਮਕਦਿਆਂ ਡੇਵਿਡ ਵੱਲ ਵੇਖਿਆ ਜੋ ਸਿਰ ਨਿਵਾਈ ਫਾਈਲ ਫਰੋਲ ਰਿਹਾ ਸੀ।

"ਆਹ ਲੈ ਵਸੀਅਤ ਦੀ ਕਾਪੀ। ਤੂੰ ਘਰ ਬੈਠ ਕੇ ਅਰਾਮ ਨਾਲ ਪੜ੍ਹ ਲਈਂ। ਜੇ ਕੋਈ ਸਵਾਲ ਹੋਇਆ ਤਾਂ ਮੈਨੂੰ ਫੋਨ ਕਰ ਲਈਂ।" ਮਿਸਟਰ ਐਡਵਰਡ ਨੇ ਲਫਾਫੇ ਵਿਚ ਪੇਪਰ ਪਾ ਕੇ ਫੜਾਉਂਦਿਆਂ ਕਿਹਾ ਅਤੇ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਮਤਲਬ ਕਿ ਮੀਟਿੰਗ ਖਤਮ ਹੋ ਚੁੱਕੀ ਸੀ। ਮਾਰਟਨ ਕੋਲ ਵੀ ਉੱਠਣ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ।

ਮਾਰਟਨ ਨੇ ਟੈਕਸੀ ਲਈ ਅਤੇ ਜਲਦੀ ਨਾਲ ਆਪਣੇ ਪਿਤਰੀ ਘਰ ਵਿਚ ਆ ਗਿਆ। ਪ੍ਰੀਤ ਨੇ ਉਸ ਨੂੰ ਚਾਬੀ ਪਹਿਲੇ ਦਿਨ ਹੀ ਦੇ ਦਿੱਤੀ ਸੀ। ਘਰ ਤੱਕ ਉਸ ਦਾ ਮਨ ਉੱਤਸੁਕ ਵੀ ਰਿਹਾ ਅਤੇ ਕਿਸੇ ਅਣਜਾਣੇ ਡਰ ਨਾਲ ਧੜਕਦਾ ਵੀ ਰਿਹਾ। ਘਰ ਆ ਕੇ ਉਸ ਨੇ ਪੇਪਰ ਪੜ੍ਹਨੇ ਸ਼ੁਰੂ ਕਰ ਦਿੱਤੇ। ਜਿਵੇਂ ਜਿਵੇਂ ਉਹ ਪੇਪਰ ਪੜ੍ਹਦਾ ਗਿਆ ਉਸ ਦੇ ਚਿਹਰੇ ਦਾ ਰੰਗ ਬਦਲਦਾ ਗਿਆ। ਬੇਯਕੀਨੀ ਵਿਚ ਉਸ ਨੇ ਸਿਰ ਮਾਰਿਆ ਅਤੇ ਪੇਪਰਾਂ ਨੂੰ ਟੇਬਲ 'ਤੇ ਸੁੱਟ ਦਿੱਤਾ।

ਮਾਰਟਨ ਨੇ ਸਿਰ ਸੋਫ਼ੇ ਦੀ ਢੋਅ ਨਾਲ ਲਾ ਲਿਆ ਅਤੇ ਆਪਣੀਆਂ ਲੱਤਾ ਟੇਬਲ 'ਤੇ ਰੱਖ ਲਈਆਂ। ਉਸ ਦੇ ਪੈਰਾਂ ਹੇਠ ਵਸੀਅਤ ਦੇ ਪੇਪਰਾਂ ਦਾ ਜਿਵੇਂ ਸਾਹ ਘੁੱਟਿਆ ਗਿਆ ਹੋਵੇ।

ਦਰਅਸਲ ਡੈਨਿਸ ਅਤੇ ਗਰੀਟਾ ਨੇ ਆਪਣੀ ਜਾਇਦਾਦ ਦਾ ਚੌਥਾ ਹਿੱਸਾ ਪ੍ਰੀਤ ਦੇ ਨਾਂ ਕਰ ਦਿੱਤਾ ਸੀ। ਉਹਨਾਂ ਨੇ ਲਿਖਿਆ ਸ਼ਾਇਦ ਮਾਰਟਨ ਨੂੰ ਇਹ ਗੱਲ ਪਸੰਦ ਨਾ ਆਵੇ। ਪ੍ਰੀਤ ਨੇ ਉਹਨਾਂ ਨੂੰ ਉਹ ਮੋਹ ਪਿਆਰ ਅਤੇ ਸੰਤੁਸ਼ਟਤਾ ਦਿੱਤੀ ਜੋ ਮਾਰਟਨ ਦੇ

ਸਿਡਨੀ ਜਾਣ ਨਾਲ ਉਹ ਗੁਆ ਚੁੱਕੇ ਸਨ। ਪ੍ਰੀਤ ਨੇ ਸ਼ਰਲੀ ਦੀ ਯਾਦ ਵਿਚ ਉਸ ਦੇ ਨਾਮ ‘ਤੇ ਹੀ ਆਪਣੀ ਕੰਪਨੀ ਦਾ ਨਾਮ ਰੱਖ ਕੇ ਉਹਨਾਂ ‘ਤੇ ਹੋਰ ਵੀ ਵੱਡਾ ਅਹਿਸਾਨ ਕੀਤਾ ਸੀ। ਪ੍ਰੀਤ ਨੇ ਆਪਣੇ ਸਕੇ ਦਾਦਾ ਦਾਦੀ ਵਾਂਗ ਹੀ ਉਹਨਾਂ ਦਾ ਖਿਆਲ ਰੱਖਿਆ ਅਤੇ ਉਹਨਾਂ ਨੂੰ ਆਪਣੇ ਦਾਦਾ ਦਾਦੀ ਮੰਨਣ ਦਾ ਮਾਣ ਦਿੱਤਾ। ਸਭ ਤੋਂ ਵੱਡੀ ਗੱਲ ਇਹ ਕਿ ਉਸ ਮਾਣ ਨੂੰ ਸਦਾ ਕਾਇਮ ਰੱਖਿਆ।

ਆਪਣੇ ਮਾਪਿਆਂ ਦੇ ਫੈਸਲੇ ਨਾਲ ਮਾਰਟਨ ਨੂੰ ਬਹੁਤ ਨਿਰਾਸ਼ਾ ਹੋਈ। ਉਸ ਨੂੰ ਪ੍ਰੀਤ ਬਹੁਰੂਪੀਆ ਨਜ਼ਰ ਆਉਣ ਲੱਗੀ ਜਿਸ ਨੇ ਆਪਣੇ ਨਕਲੀ ਮੋਹ ਪਿਆਰ ਦੇ ਜਾਲ ਵਿਚ ਬਜ਼ੁਰਗ ਜੋੜੇ ਨੂੰ ਫਸਾ ਲਿਆ ਸੀ। ਉਹ ਉਸ ਦੇ ਬਹਿਕਾਵੇ ਵਿਚ ਆ ਕੇ ਉਸ ਨੂੰ ਆਪਣੀ ਜਾਇਦਾਦ ਦਾ ਹਿੱਸਾ ਦੇ ਗਏ ਸਨ। ਮਾਰਟਨ ਨੇ ਪ੍ਰੀਤ ਬਾਰੇ ਸੋਚਣ ਦੀ ਕੋਸਿਸ਼ ਹੀ ਨਾ ਕੀਤੀ ਕਿ ਪ੍ਰੀਤ ਕੋਲ ਐਨੇ ਕੁ ਜਾਇਦਾਦ ਸੀ ਕਿ ਡੈਨਿਸ ਅਤੇ ਗਰੀਟਾ ਦਾ ਚੌਥਾ ਹਿੱਸਾ ਉਸ ਵਿਚ ਆਟੇ ਵਿਚ ਲੂਣ ਦੇ ਬਰਾਬਰ ਸੀ। ਮਾਰਟਨ ਮਨ ਵਿਚ ਸੋਚਦਾ ਪ੍ਰੀਤ ਨੂੰ ਵਸੀਅਤ ਬਾਰੇ ਸਭ ਕੁਝ ਦਾ ਪਤਾ ਸੀ ਅਤੇ ਪ੍ਰੀਤ ਨੇ ਹੀ ਬਜ਼ੁਰਗ ਜੋੜੇ ਨੂੰ ਅਜਿਹਾ ਕਰਨ ਲਈ ਅਸਿੱਧੇ ਤੌਰ ‘ਤੇ ਜ਼ਰੂਰ ਉਕਸਾਇਆ ਸੀ। ਉਸ ਨੇ ਆਪਣੇ ਮਨ ਵਿਚ ਕਈ ਗਾਹਲਾਂ ਪ੍ਰੀਤ ਅਤੇ ਮੀਕੇ ਨੂੰ ਕੱਢੀਆਂ। ਮਾਰਟਨ ਵਸੀਅਤ ਬਾਰੇ ਗੱਲ ਕਰਨ ਲਈ ਡੇਵਿਡ ਨੂੰ ਫੋਨ ਕਰਨ ਲੱਗਾ।

“ਮਿਸਟਰ ਐਡਵਰਡ ਆਹ ਕੀ ਕੀਤਾ ਮੇਰੇ ਮਾਪਿਆਂ ਨੇ। ਕਿਸੇ ਹੋਰ ਰੰਗ ਅਤੇ ਨਸਲ ਦੀ ਕੁੜੀ ਨੂੰ ਚੌਥੇ ਹਿੱਸੇ ਦੀ ਮਾਲਕ ਬਣਾ 'ਤਾ। ਮੈਂ ਇਹ ਮੰਨਣ ਨੂੰ ਤਿਆਰ ਨੀ। ਇਹਦਾ ਕੁਝ ਨਾ ਕੁਝ ਜ਼ਰੂਰ ਹੱਲ ਕਰਨਾ ਚਾਹੀਦਾ।”

“ਮਾਰਟਨ ਇਸ ਦਾ ਕੁਝ ਨਹੀਂ ਹੋ ਸਕਦਾ। ਇਹ ਉਹਨਾਂ ਦੀ ਆਖ਼ਰੀ ਵਸੀਅਤ ਐ ਅਤੇ ਇਸ ਨੂੰ ਬਦਲਿਆ ਨਹੀਂ ਜਾ ਸਕਦਾ।” ਮਿਸਟਰ ਐਡਵਰਡ ਦੇ ਬੋਲ ਉਸ ਨੂੰ ਰੂਹ ਤੱਕ ਜ਼ਖਮੀ ਕਰ ਗਏ।

ਮਾਰਟਨ ਕੋਲ ਸਿਵਾਏ ਛਟਪਟਾਉਣ ਦੇ ਹੋਰ ਕੋਈ ਇਲਾਜ ਨਹੀਂ ਸੀ। ਆਪਣੇ ਆਪ ਨੂੰ ਥੋੜਾ ਸਾਂਵਾਂ ਕਰਨ ਲਈ ਉਹ ਘਰੋਂ ਨਿਕਲ ਕੇ ਲੰਡਨ ਚਲਾ ਗਿਆ। ਉਸ ਨੂੰ ਇਹ ਵੀ ਸ਼ੱਕ ਸੀ ਸ਼ਾਇਦ ਮੀਕਾ ਜਾਂ ਪ੍ਰੀਤ ਉਸ ਨੂੰ ਫੋਨ ਕਰ ਕੇ ਆਪਣੇ ਘਰ ਸੱਦਣ। ਉਹ ਉਹਨਾਂ ਦੀ ਸ਼ਕਲ ਵੀ ਵੇਖਣ ਲਈ ਤਿਆਰ ਨਹੀਂ ਸੀ।

'ਸਾਲੇ ਬਹੁਰੂਪੀਏ।' ਮਾਰਟਨ ਨੇ ਮਨ ਵਿਚ ਇਕ ਹੋਰ ਗੰਦੀ ਗਾਹਲ ਕੱਢੀ ਅਤੇ ਘਰ ਦਾ ਦਰਵਾਜ਼ਾ ਬੰਦ ਕਰਕੇ ਬਾਹਰ ਚਲਾ ਗਿਆ। ਉਸ ਵੇਲੇ ਮਾਰਟਨ ਨੂੰ ਪਤਾ ਨਹੀਂ ਸੀ ਅਸਲੀਅਤ ਕੁਝ ਅਜਿਹੇ ਢੰਗ ਨਾਲ ਸਾਹਮਣੇ ਆਵੇਗੀ ਕਿ ਉਸ ਨੂੰ ਆਪਣੇ ਆਪ ਨਾਲ ਵੀ ਅੱਖ ਮਿਲਾਉਣੀ ਔਖੀ ਹੋਵੇਗੀ।

## ਅਠੱਤੀਵਾਂ

ਕਿਸੇ ਵੀ ਦੇਸ਼ ਦੇ ਆਰਥਕ ਹਾਲਾਤ ਸਮੇਂ ਸਮੇਂ ਬਦਲਦੇ ਰਹਿੰਦੇ ਹਨ ਇਸ ਸੱਚ ਨੂੰ ਪ੍ਰੀਤੀ ਚੰਗੀ ਤਰ੍ਹਾਂ ਸਮਝਦੀ ਸੀ। ਅਮਰੀਕਾ ਦੀ ਆਰਥਕਤਾ ਘਾਟੇ ਵੱਲ ਜਾਣ ਦਾ ਰੌਲਾ ਪਿਆ ਤਾਂ ਇੰਗਲੈਂਡ ਦੇ ਆਰਥਕ ਪੰਡਤਾਂ ਨੇ ਮੀਡੀਏ ਵਿਚ ਵੱਡੇ ਵੱਡੇ ਆਰ-ਟੀਕਲ ਲਿਖਣੇ ਸ਼ੁਰੂ ਕਰ ਦਿੱਤੇ ਕਿ ਯੂ ਕੇ ਦੀ ਆਰਥਕਤਾ ਵੀ ਮੰਦੇ ਦਾ ਸਾਹਮਣਾ ਕਰਨ ਵੱਲ ਜਾ ਰਹੀ ਸੀ। ਬਿਨਾਂ ਸ਼ੱਕ ਇਕ ਦੂਜੇ ਦੇਸ਼ ਦੇ ਆਰਥਕ ਅਤੇ ਰਾਜਨੀਤਕ ਹਾਲਤਾਂ ਦਾ ਦੂਸਰੇ ਦੇਸ਼ਾਂ ‘ਤੇ ਅਸਰ ਪੈਣਾ ਕੁਦਰਤੀ ਹੈ। ਅਮਰੀਕਾ ਨਾਲ ਯੂ ਕੇ ਦੇ ਆਰਥਕ ਖੇਤਰ ਵਿਚ ਨੇੜਤਾ ਇਸ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦੀ ਸੀ। ਹਰ ਇਕ ਦੇਸ਼ ਦੇ ਆਪਣੇ ਹਾਲਾਤ ਵੀ ਬਹੁਤ ਹੱਦ ਤੱਕ ਅਸਰਦਾਰ ਹੁੰਦੇ ਹਨ। ਉਹਨਾਂ ਦਿਨਾਂ ਵਿਚ ਯੂ ਕੇ ਦੀ ਲੇਬਰ ਮਾਰਕਿਟ ਬਹੁਤ ਠੀਕ ਚੱਲ ਰਹੀ ਸੀ। ਬਿਜਨਸ ਵਿਚ ਵੀ ਕੋਈ ਬਹੁਤ

ਮੰਦਵਾੜੇ ਦੇ ਹਾਲਾਤ ਨਹੀਂ ਸਨ। ਫਿਰ ਵੀ ਹਰ ਰੋਜ਼ ਦੀਆਂ ਖਬਰਾਂ ਨੇ ਲੋਕਾਂ ਨੂੰ ਡਰਾ ਦਿੱਤਾ ਸੀ। ਲੋਕ ਸਭ ਤੋਂ ਪਹਿਲਾਂ ਪ੍ਰਾਪਰਟੀ ਵਿਚ ਪੈਸਾ ਲਾਉਣ ਤੋਂ ਝਿਜਕਣ ਲੱਗੇ। ਹਰ ਕੋਈ ਸੋਚਦਾ ਮੰਦੇ ਦੇ ਦਿਨ ਆ ਰਹੇ ਹੋਣ ਕਰਕੇ ਨੇੜ ਭਵਿੱਖ ਵਿਚ ਪ੍ਰਾਪਰਟੀ ਦੀਆਂ ਕੀਮਤਾਂ ਜ਼ਰੂਰ ਡਿਗਣਗੀਆਂ। ਪ੍ਰਾਪਰਟੀ ਵਿਚ ਖੜੋਤ ਆਉਣ ਨਾਲ ਬਾਕੀ ਦੇ ਸਬੰਧਤ ਕੰਮ ਵੀ ਢਿੱਲੇ ਪੈਣ ਲੱਗੇ।

ਦੇਵ ਨੇ ਪ੍ਰੀਤ ਨੂੰ ਇਕ ਵੱਡੀ ਪ੍ਰਾਪਰਟੀ ਜੋ ਮਾਰਕਿਟ ਵਿਚ ਬੋਲੀ ‘ਤੇ ਵਿਕਣੀ ਸੀ, ਲੈਣ ਦੀ ਸਲਾਹ ਦਿੱਤੀ। ਦੇਵ ਦਾ ਹਿੱਸਾ ਹੁਣ ਪ੍ਰਾਪਰਟੀ ਵਿਚ ਪ੍ਰੀਤ ਨੇ ਬਰਾਬਰ ਦਾ ਕਰ ਲਿਆ ਸੀ। ਆਪ ਉਹ ਘੱਟ ਧਿਆਨ ਦਿੰਦੀ ਅਤੇ ਬਹੁਤੇ ਫੈਸਲੇ ਮੀਕੇ ਅਤੇ ਦੇਵ ‘ਤੇ ਛੱਡ ਦਿੰਦੀ। ਮੀਕੇ ਨੇ ਵੀ ਦੇਵ ਨਾਲ ਮਿਲ ਕੇ ਵਾਹਵਾ ਜਾਣ ਪਛਾਣ ਕਰ ਲਈ ਸੀ। ਵੈਸੇ ਵੀ ਮੀਕੇ ਨੂੰ ਦੇਵ ਬਹੁਤ ਪਸੰਦ ਸੀ। ਦੇਵ ਵੀ ਮੀਕੇ ਦੀ ਪੂਰੀ ਇੱਜ਼ਤ ਕਰਦਾ। ਮੀਕੇ ਨੇ ਵੀ ਇਸ ਪ੍ਰਾਪਰਟੀ ਲੈਣ ਦੇ ਹੱਕ ਵਿਚ ਆਪਣੀ ਰਾਇ ਦਿੱਤੀ।

“ਠੀਕ ਐ ਪਰ ਰੀਟੇਲ ਦਾ ਕੰਮ ਤਾਂ ਕਾਫੀ ਮੰਦਾ ਐ। ਕੁਝ ਦੁਕਾਨਾਂ ਬੰਦ ਕਰਨ ਦਾ ਖਿਆਲ ਐ ਅਤੇ ਕੁਝ ਸਟਾਫ ਵੀ ਘੱਟ ਕਰ ਰਹੇ ਆਂ। ਬਿਜ਼ਨਸ ਵਿਚੋਂ ਪੈਸਾ ਕੱਢਣਾ ਔਖਾ ਐ।” ਪ੍ਰੀਤ ਨੇ ਆਪਣੀ ਮਜ਼ਬੂਰੀ ਜ਼ਾਹਰ ਕੀਤੀ। ਦੇਵ ਅਤੇ ਮੀਕੇ ਦਾ ਦਿਲ ਉਸ ਪ੍ਰਾਪਰਟੀ 'ਤੇ ਆਇਆ ਹੋਇਆ ਸੀ। ਦੇਵ ਨੇ ਮੀਕੇ ਨੂੰ ਵਧੀਆ ਰਾਇ ਦਿੱਤੀ।

“ਅੰਕਲ ਜੀ ਮੇਰੇ ਦੋਸਤ ਐ। ਬਹੁਤ ਹੀ ਜਾਣੇ ਪਛਾਣੇ ਬੰਦੇ ਐ। ਉਹਨਾਂ ਨੇ ਦੁਕਾਨ ਵੇਚੀ ਐ ਅਤੇ ਉਹਨਾਂ ਕੋਲ ਪੈਸੇ ਪਏ ਐ। ਆਪਾਂ ਉਹਨਾਂ ਨੂੰ ਤੀਜੇ ਹਿੱਸੇ ਵਿਚ ਰੱਖ ਲੈਂਦੇ ਆਂ। ਆਪਣਾ ਭਾਰ ਵੀ ਹਲਕਾ ਹੋ ਜੂ ਅਤੇ ਉਹ ਵੀ ਕਾਫੀ ਦੇਰ ਤੋਂ ਮੈਨੂੰ ਕੋਈ ਪ੍ਰਾਪਰਟੀ ਲੱਭ ਕੇ ਦੇਣ ਲਈ ਕਹਿ ਰਹੇ ਐ। ਉਹਨਾਂ ਦਾ ਵੀ ਕੰਮ ਹੋ ਜਾਊ। ਕੁਝ ਪੈਸੇ ਆਪਾਂ ਦੂਜੀਆਂ ਪ੍ਰਾਰਟੀਆਂ ‘ਤੇ ਚੁੱਕ ਸਕਦੇ ਆਂ। ਟੈਕਸ ਵੀ ਤਾਂ ਆਪਾਂ ਦਿੰਦੇ ਈ ਆਂ।” ਮੀਕੇ ਨੂੰ ਦੇਵ ਦੀ ਰਾਇ ਪਸੰਦ ਆ ਗਈ। ਉਹ ਵੀ ਹਰਜੀਤ ਨੂੰ ਜਾਣਦਾ ਸੀ। ਹਰਜੀਤ ਦੇ ਧਾਰਮਕ ਵਿਚਾਰ ਅਤੇ ਸਾਊ ਸੁਭਾਅ ਮੀਕੇ ਨੂੰ ਪਸੰਦ ਸੀ।

“ਗੱਲ ਤਾਂ ਤੇਰੀ ਠੀਕ ਆ। ਪਰ ਐਨੀ ਜਲਦੀ ਲੋਨ ਹੋ ਜੂ!”

“ਅੰਕਲ ਜੀ ਮੈਂ ਇਕ ਬੈਂਕ ਮੈਨੇਜਰ ਨਾਲ ਪਹਿਲਾਂ ਈ ਗੱਲ ਕਰ ਰੱਖੀ ਆ। ਇਹ ਸਵੀਡਨ ਦੀ ਬੈਂਕ ਆ ਅਤੇ ਚਾਰ ਕੁ ਕੇਸ ਉਹਨਾਂ ਤੋਂ ਆਪਾਂ ਕਰਵਾਏ ਆ। ਮੈਨੇਜਰ ਨੇ ਹਿੱਕ ਥਾਪੜੀ ਆ ਬਈ ਸੱਠ ਪ੍ਰਤੀਸ਼ਤ ਲੋਨ ਕਰ ਦਿਊ। ਆਪਣੀਆਂ ਦੋਂਹ ਪ੍ਰਾਪਰਟੀਆਂ ‘ਤੇ ਵੀ ਲੋਨ ਕਰ ਦਿਊ ਤਿੰਨ ਹਫਤਿਆਂ ਵਿਚ ਵਿਚ। ਆਪਣੇ ਕੋਲ ਤਾਂ ਪੈਸੇ ਵਾਧੂ ਹੋਣਗੇ। ਇਕ ਆਪਣੀ ਦੁਕਾਨ ਦਾ ਸੌਦਾ ਹੋਇਆ ਵਾ। ਉਹ ਵੀ ਪੈਸੇ ਆ ਜਾਣੇ ਆ। ਆਪਾਂ ਤਾਂ ਕੋਈ ਮੀਡੀਅਮ ਸਾਈਜ਼ ਦੀ ਹੋਰ ਪ੍ਰਾਪਰਟੀ ਵੀ ਲੈ ਲਵਾਂਗੇ।” ਦੇਵ ਨੇ ਪੂਰੇ ਵਿਸ਼ਵਾਸ਼ ਨਾਲ ਕਿਹਾ।

“ਤੂੰ ਹਰਜੀਤ ਨਾਲ ਗੱਲ ਕਰ ਲਾ। ਮੈਂ ਪ੍ਰੀਤ ਨਾਲ ਆਪੇ ਗੱਲ ਕਰ ਲੂੰ।” ਮੀਕਾ ਵੀ ਖੁਸ਼ ਹੋ ਗਿਆ। ਉਸ ਦੇ ਮਨ ਤੋਂ ਭਾਰ ਜਿਹਾ ਲਹਿ ਗਿਆ ਸੀ।

ਮੀਕੇ ਨੇ ਸਾਰੀ ਗੱਲ ਪ੍ਰੀਤ ਨਾਲ ਕੀਤੀ ਤਾਂ ਪ੍ਰੀਤ ਵੀ ਸਹਿਮਤ ਹੋ ਗਈ। ਕੁਝ ਪੈਸੇ ਤਾਂ ਉਹਨਾਂ ਕੋਲ ਬੈਂਕ ਵਿਚ ਪਏ ਹੀ ਸਨ। ਸੋਚ ਕੇ ਉਸ ਨੂੰ ਪ੍ਰਾਪਰਟੀ ਲੈਣ ਵਿਚ ਕੋਈ ਸਮੱਸਿਆ ਨਜ਼ਰ ਨਾ ਆਈ ਅਤੇ ਉਹ ਬੇਫ਼ਿਕਰ ਹੋ ਗਈ। ਦੇਵ ਨੇ ਹਰਜੀਤ ਨਾਲ ਗੱਲ ਕੀਤੀ।

“ਦੇਵ ਸਿਆਂ ਮੇਰੇ ਕੋਲੋਂ ਤਾਂ ਭਮਾ ਹੁਣ ਪੈਸੇ ਫੜ ਲਾ। ਬਾਕੀ ਆਪਾਂ ਥੋੜੇ ਨਾਲ ਆਂ।”

"ਪੈਸੇ ਤਾਂ ਮੈਂ ਕੀ ਫੜਨੇ ਆ। ਜਿਸ ਦਿਨ ਬਿਆਨਾ ਦੇਣਾ ਹੋਇਆ ਬੋਲੀ 'ਤੇ ਉਸ ਦਿਨ ਚੈਕ ਤੁਸੀਂ ਦੇ ਦੇਣਾ। ਸਾਡੇ ਪੈਸੇ ਕੁਝ ਦਿਨ ਠਹਿਰ ਕੇ ਆਉਣੇ ਆ।" ਹਰਜੀਤ ਨੇ ਹਾਂ ਕਰ ਦਿੱਤੀ ਅਤੇ ਦੇਵ ਨੇ ਮੀਕੇ ਨਾਲ ਗੱਲ ਕਰ ਕੇ ਬੋਲੀ ਤੇ ਜਾਣ ਦਾ ਮਨ ਬਣਾ ਲਿਆ।

ਹਰਜੀਤ ਅਤੇ ਦੇਵ ਨੇ ਬੋਲੀ ਤੇ ਜਾ ਕੇ ਪ੍ਰਾਪਰਟੀ ਦਾ ਸੌਦਾ ਕਰ ਲਿਆ। ਬਿਆਨੇ ਦਾ ਚੈਕ ਹਰਜੀਤ ਨੇ ਦੇ ਦਿੱਤਾ ਅਤੇ ਤਿੰਨਾਂ ਦੇ ਨਾਂ 'ਤੇ ਲਿਮਟਿਡ ਕੰਪਨੀ ਬਣਾ ਲਈ ਗਈ। ਹਰ ਨਫਾ ਨੁਕਸਾਨ ਹਰ ਬਿਜਨਸ ਵਾਂਗ ਸਾਂਝਾ ਹੋਣਾ ਹੀ ਸੀ। ਸਾਰੇ ਹੀ ਇਸ ਸੌਦੇ ਨਾਲ ਖੁਸ਼ ਸਨ।

ਅੱਗੇ ਕ੍ਰਿਸਮਸ ਦੀਆਂ ਛੁੱਟੀਆਂ ਸਨ। ਦੇਵ ਮੈਨੇਜਰ ਕੌਲਨ ਗਰੀਨ ਨਾਲ ਗੱਲ ਕਰਦਾ ਅਤੇ ਲੋਨ ਜਲਦੀ ਕਰਨ ਲਈ ਕਹਿੰਦਾ।

"ਦੇਵ ਇਹ ਲੋਨ ਤੇਰਾ ਨੀ ਮੇਰਾ ਐ। ਤੂੰ ਸਿਰਹਾਣੇ ਹੇਠ ਬਾਂਹ ਰੱਖ ਕੇ ਸੌਂ ਜਾ। ਤੇਰਾ ਲੋਨ ਹੋਇਆ ਸਮਝ।" ਕੁਦਰਤੀ ਦੇਵ ਕੌਲਨ ਦੀ ਦਿੱਤੀ ਤਸੱਲੀ ਨਾਲ ਖੁਸ਼ ਹੋ ਜਾਂਦਾ। ਐਨੇ ਸਾਲਾਂ ਵਿਚ ਉਸ ਨੂੰ ਤਜ਼ਰਬਾ ਹੋ ਗਿਆ ਸੀ ਜੇ ਮੈਨੇਜਰ ਕਹਿੰਦਾ ਹੈ ਕਿ ਲੋਨ ਹੋ ਗਿਆ ਐ ਤਾਂ ਸਮਝਣਾ ਚਾਹੀਦਾ ਲੋਨ ਹੋ ਗਿਆ। ਦੇਵ ਨੇ ਸਾਰੇ ਲੋਨ ਹੀ ਕੌਲਨ ਰਾਹੀਂ ਕਰਨ ਲਈ ਉਸ ਨੂੰ ਕਹਿ ਦਿੱਤਾ ਹੋਇਆ ਸੀ। ਨਵੇਂ ਸਾਲ ਵਿਚ ਸਾਰੀਆਂ ਪ੍ਰਾਪਰਟੀਆਂ ਦਾ ਸਰਵੇ ਹੋ ਗਿਆ ਅਤੇ ਕੌਲਨ ਨੇ ਦੋਂਹ ਹੋਰ ਹਫ਼ਤਿਆਂ ਵਿਚ ਬੈਂਕ ਤੋਂ ਸਾਰੇ ਪੈਸੇ ਲੈ ਕੇ ਵਕੀਲ ਕੋਲ ਭੇਜ ਦੇਣ ਦਾ ਵਾਇਦਾ ਵਾਰ ਵਾਰ ਦੁਹਰਾਇਆ। ਕਿਸੇ ਗੱਲੋਂ ਮੀਕੇ ਨੂੰ ਕਿਤੇ ਕੁਝ ਗਲਤ ਲੱਗ ਰਿਹਾ ਸੀ। ਪਰ ਜੇ ਦੇਵ ਕਹਿ ਰਿਹਾ ਸੀ ਸਭ ਠੀਕ ਐ ਤਾਂ ਮਤਲਬ ਸਭ ਠੀਕ ਐ।

ਰਜਿਸਟਰੀ ਦੀ ਮਿੱਥੀ ਤਾਰੀਖ਼ ਤੋਂ ਹਫ਼ਤਾ ਕੁ ਪਹਿਲਾਂ ਮੀਕੇ ਨੇ ਦੇਵ ਨਾਲ ਗੱਲ ਕੀਤੀ।

"ਦੇਵ ਆਪਾਂ ਕੋਈ ਪੇਪਰਾਂ ਦੇ ਦਸਤਖਤ ਨੀ ਕੀਤੇ। ਬੈਂਕ ਨੇ ਕੋਈ ਲਿਖਤੀ ਆਫਰ ਨੀ ਭੇਜੀ ਕਿ ਆਪਾਂ ਨੂੰ ਕਿੰਨਾ ਲੋਨ ਦੇ ਰਹੀ ਆ। ਮੈਨੇਜਰ ਕਹੀ ਜਾਂਦਾ ਸਭ ਠੀਕ ਆ ਪਰ ਆਪਣੇ ਕੋਲ ਤਾਂ ਕੁਝ ਨੀ।"

"ਗੱਲ ਤਾਂ ਥੋਡੀ ਠੀਕ ਆ। ਮੈਂ ਵੀ ਕੌਲਨ ਨੂੰ ਇਹੋ ਕਿਹਾ ਪਰ ਉਹ ਕਹੀ ਜਾਂਦਾ ਬੇਫ਼ਿਕਰ ਰਹੋ।"

"ਤੂੰ ਉਹਨੂੰ ਆਫਰ ਭੇਜਣ ਲਈ ਤਾਂ ਕਹਿ।" ਦੇਵ ਸੋਚਾਂ ਵਿਚ ਪੈ ਗਿਆ। ਮੈਨੇਜਰ ਭਲਾ ਕਿਉਂ ਗਲਤ ਗੱਲ ਕਰੂ। ਜੇ ਲੋਨ ਨਹੀਂ ਹੋ ਸਕਦਾ ਜਾਂ ਘੱਟ ਹੋ ਸਕਦਾ ਤਾਂ ਉਹ ਹੁਣ ਤੱਕ ਜ਼ਰੂਰ ਦਸਦਾ। ਸਾਰੀਆਂ ਬੈਂਕਾਂ ਦਾ ਇਹੋ ਦਸਤੂਰ ਐ। ਇਹੋ ਜਿਹੀ ਦੁਚਿੱਤੀ ਦਾ ਦੇਵ ਨੂੰ ਕਦੇ ਤਜ਼ਰਬਾ ਨਹੀਂ ਸੀ ਹੋਇਆ। ਦੇਵ ਦੇ ਦੋ ਤਿੰਨ ਫ਼ੋਨ ਹਰ ਰੋਜ਼ ਕੌਲਨ ਨੂੰ ਹੁੰਦੇ ਸਨ ਅਤੇ ਕੌਲਨ ਕੋਈ ਨਾ ਕੋਈ ਬਹਾਨਾ ਮਾਰ ਕੇ ਦੇਵ ਨੂੰ 'ਸਭ ਠੀਕ ਐ' ਦਾ ਭੁਲੇਖਾ ਪਾਈ ਜਾਂਦਾ। ਮੀਕੇ ਦੇ ਕਹਿਣ 'ਤੇ ਦੇਵ ਨੇ ਫਿਰ ਕੌਲਨ ਨੂੰ ਫੋਨ ਕੀਤਾ ਤਾਂ ਉਸ ਦਾ ਫੋਨ ਬੰਦ ਸੀ। ਅੱਗੇ ਵੀਕ ਐਂਡ ਹੋਣ ਕਰਕੇ ਕੁਝ ਵੀ ਨਹੀਂ ਹੋ ਸਕਦਾ ਸੀ। ਫਿਰ ਵੀ ਦੇਵ ਨੇ ਕੌਲਨ ਨੂੰ ਛੁੱਟੀ ਵਾਲੇ ਦਿਨ ਫੋਨ ਕੀਤਾ ਤਾਂ ਕੌਲਨ ਪਹਿਲਾਂ ਵਾਲੇ ਵਿਸ਼ਵਾਸ਼ ਨਾਲ ਨਾ ਬੋਲਿਆ।

"ਦੇਵ ਮੈਂ ਸੋਮਵਾਰ ਸਵੇਰੇ ਦਸ ਵਜੇ ਮਿਲਦਾਂ ਤੇਰੇ ਆਫਿਸ ਵਿਚ। ਬੈਠ ਕੇ ਗੱਲ ਕਰਾਂਗੇ।" ਦੇਵ ਕੋਲ ਸੋਮਵਾਰ ਤੱਕ ਉਡੀਕਣ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ। ਮੀਕਾ ਅਤੇ ਦੇਵ ਦੋਵੇਂ ਹੀ ਚਿੰਤਾਤੁਰ ਹੋ ਗਏ ਸਨ ਅਤੇ ਸੋਮਵਾਰ ਦੀ ਉੱਤਸੁਕਤਾ ਨਾਲ ਉਡੀਕ ਕਰਨ ਲੱਗੇ।

ਸੋਮਵਾਰ ਗਿਆਰਾਂ ਵਜੇ ਕੌਲਨ ਆਇਆ ਤਾਂ ਉਸ ਦੇ ਮੂੰਹ ‘ਤੇ ਸਾਫ਼ ਇਬਾਰਤ ਲਿਖੀ ਹੋਈ ਸੀ ਕਿ ਕੁਝ ਗਲਤ ਹੋ ਗਿਆ ਸੀ। ਉਹ ਕੁਰਸੀ ਵਿਚ ਢਹਿ ਪਿਆ ਅਤੇ ਬਹੁਤ ਉਦਾਸ ਅਤੇ ਟੁੱਟੀ ਅਵਾਜ਼ ਵਿਚ ਕਹਿਣ ਲੱਗਾ।

“ਮੈਨੂੰ ਅਫ਼ਸੋਸ ਐ ਮੇਰਾ ਨਵਾਂ ਬੌਸ ਆਇਆ ਸਵੀਡਨ ਤੋਂ। ਉਸ ਨੂੰ ਇਸ ਪ੍ਰਾਪਰਟੀ ਵਿਚਲੇ ਕਿਰਾਏਦਾਰ ਪਸੰਦ ਨਹੀਂ। ਕਿਉਂਕਿ ਉਹਨਾਂ ਦਾ ਬਿਜਨਸ ਜੂਆ ਐ।”

“ਪਰ ਕੌਲਨ ਅਸੀਂ ਆਪਣੀਆਂ ਬਾਕੀ ਪ੍ਰਾਪਰਟੀਆਂ ਦੀ ਗਰੰਟੀ ਦੇ ਰਹੇ ਆਂ ਜਿਹਨਾਂ ਦਾ ਮੁੱਲ ਇਸ ਪ੍ਰਾਪਰਟੀ ਤੋਂ ਕਿਤੇ ਵੱਧ ਬਣਦਾ।” ਦੇਵ ਅਤੇ ਮੀਕਾ ਉਸ ਵੱਲ ਫਿਕਰਮੰਦ ਨਜ਼ਰਾਂ ਨਾਲ ਵੇਖ ਰਹੇ ਸਨ।

“ਜੇ ਮੇਰੇ ਵੱਸ ਹੁੰਦਾ ਤਾਂ ਮੈਂ ਬਿਨਾਂ ਹਿਚਕਚਾਹਟ ਦੇ ਤੁਹਾਨੂੰ ਲੋਨ ਦੇ ਦਿੰਦਾ। ਮੈਂ ਉਸ ਨੂੰ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ। ਉਹ ਕਿਸੇ ਗੱਲ ‘ਤੇ ਹੀ ਨਹੀਂ ਆਉਂਦਾ। ਦੇਵ ਮੈਨੂੰ ਬਹੁਤ ਅਫ਼ਸੋਸ ਐ।” ਕੌਲਨ ਨੇ ਹੱਥ ਝਾੜ ਦਿੱਤੇ। ਦੇਵ ਅਤੇ ਮੀਕਾ ਉਸ ਵੱਲ ਬੇਬੱਸ ਜਿਹਾ ਵੇਖਦੇ ਰਹਿ ਗਏ।

“ਦੇਵ ਮੇਰਾ ਖਿਆਲ ਐ ਬੈਂਕ ਬਿਲਕੁਲ ਨਾਂਹ ਨਹੀਂ ਕਰਨ ਲੱਗੀ। ਸ਼ਾਇਦ ਚਾਲੀ ਪ੍ਰਤੀਸ਼ਤ ਲੋਨ ਦੇ ਦੇਵੇ। ਪਰ ਅਜੇ ਮੇਰੇ ਬੌਸ ਨੇ ਕੋਈ ਹਾਮੀ ਨਹੀਂ ਭਰੀ। ਮੈਂ ਜਲਦੀ ਹੀ ਤੁਹਾਨੂੰ ਮਿਲਾਂਗਾ।” ਕੌਲਨ ਜਿਵੇਂ ਆਇਆ ਸੀ ਉਵੇਂ ਨਿਮੋਝੂਣਾ ਜਿਹਾ ਚਲਾ ਗਿਆ।

“ਆਪਾਂ ਹਰਜੀਤ ਨਾਲ ਗੱਲ ਕਰੀਏ ਤੇ ਸਾਰੀ ਸਮੱਸਿਆ ਸਾਂਝੀ ਕਰੀਏ। ਅੱਜ ਸੋਮਵਾਰ ਐ ਤੇ ਵੀਰਵਾਰ ਤੱਕ ਆਪਾਂ ਕਿਧਰੋਂ ਵੀ ਐਨੇ ਪੈਸਿਆਂ ਦਾ ਬੰਦੋਬਸਤ ਨਹੀਂ ਕਰ ਸਕਦੇ।” ਮੀਕੇ ਨੇ ਦੇਵ ਨੂੰ ਰਾਇ ਦਿੱਤੀ।

“ਹਰਜੀਤ ਤੋਂ ਛੋਟੇ ਨਿੰਦਰ ਦਾ ਇੰਡੀਆ ਤੋਂ ਫੋਨ ਆਇਆ ਸੀ ਅੱਜ ਸਵੇਰੇ।” ਦੇਵ ਨੂੰ ਅਚਾਨਕ ਯਾਦ ਆਇਆ।

“ਕੀ ਕਹਿੰਦਾ ਸੀ!” ਮੀਕੇ ਨੂੰ ਹੈਰਾਨੀ ਹੋਈ।

“ਬੱਸ ਉਹੀ ਕਹਿੰਦਾ ਬਈ ਅਸੀਂ ਦੋ ਭਰਾ ਆਂ ਸਾਡਾ ਅੱਧ ਰੱਖ ਲੋ।”

“ਕਮਾਲ ਐ ਯਾਰ ਮੈਨੂੰ ਉਮੀਦ ਨਹੀਂ ਸੀ ਬਈ ਐਨੇ ਲਾਲਚੀ ਹੋਣਗੇ। ਭਲਿਉਮਾਣਸੋ ਸਾਰਾ ਲੰਡਨ ਵਿਕਣ ਵਾਲਾ ਪਿਆ। ਤੁਸੀਂ ਕੋਈ ਹੋਰ ਜਗਾਹ ਵੇਖ ਲੋ। ਕੀਤੀ ਕਰਾਈ ਗੱਲ ਤੋਂ ਕਿਉਂ ਭਜਦੇ ਆਂ।”

“ਸੱਚੀ ਗੱਲ ਆ ਬਈ ਇਹਨਾਂ ਦੀ ਸੂਈ ਅੱਧ ‘ਤੇ ਫਸੀ ਹੋਈ ਆ। ਚਲੋ ਇਕ ਅੱਧ ਵੇਰ ਬੰਦੇ ਨੇ ਗੱਲ ਕਰਲੀ। ਇਹ ਵਾਰ ਵਾਰ ਉਹੀ ਗੱਲ। ਮੈਨੂੰ ਤਾਂ ਖਿੱਝ ਆਈ ਜਾਂਦੀ ਆ।” ਦੇਵ ਨੇ ਹਰਜੀਤ ਨੂੰ ਫੋਨ ਕਰਦਿਆਂ ਮੀਕੇ ਵੱਲ ਮੂੰਹ ਕਰਕੇ ਕਿਹਾ। ਹਰਜੀਤ ਨੇ ਫੋਨ ਚੁੱਕਿਆ।

“ਭਾਜੀ ਹਰਜੀਤ ਸਿੰਘ ਜ਼ਰਾ ਆਫ਼ਿਸ ਆ ਜੋ। ਆਪਾਂ ਕੁਝ ਗੱਲ ਕਰਨੀ ਆ।” ਦੇਵ ਨੇ ਦੋ ਹਰਫ਼ੀ ਗੱਲ ਕੀਤੀ ਅਤੇ ਮੀਕੇ ਨੂੰ ਦੱਸ ਦਿੱਤਾ ਕਿ ਹਰਜੀਤ ਜਲਦੀ ਹੀ ਆ ਰਿਹਾ ਸੀ। ਪੰਦਰਾਂ ਕੁ ਮਿੰਟ ਵਿਚ ਹਰਜੀਤ ਆ ਗਿਆ। ਮੀਕੇ ਅਤੇ ਹਰਜੀਤ ਨੇ ਠੰਢਾ ਜਿਹਾ ਹੱਥ ਮਿਲਾਇਆ।

“ਭਾਜੀ ਹਰਜੀਤ ਬੈਂਕ ਨੇ ਲੋਨ ਤੋਂ ਜਵਾਬ ਤਾਂ ਨੀ ਦਿੱਤਾ ਪਰ ਬਹੁਤੀ ਉਮੀਦ ਵੀ ਨਹੀਂ। ਸੋ ਆਪਣੀ ਸਮੱਸਿਆ ਕੁਝ ਗੰਭੀਰ

ਐ।" ਦੇਵ ਨੇ ਸਾਰੀ ਰਾਮ ਕਹਾਣੀ ਹਰਜੀਤ ਨੂੰ ਸੁਣਾ ਦਿੱਤੀ।

"ਫੇਰ ਹੁਣ ਕੀ ਹੋਊ!" ਹਰਜੀਤ ਦੀਆਂ ਨਿੱਕੀਆਂ ਅੱਖਾਂ ਦੇਵ ਅਤੇ ਮੀਕੇ ਦੇ ਚਿਹਰਿਆਂ 'ਤੇ ਘੁੰਮਣ ਲੱਗੀਆਂ।

"ਜੇ ਆਪਾਂ ਵੀਰਵਾਰ ਨੂੰ ਰਜਿਸਟਰੀ ਨਹੀਂ ਕਰਵਾਉਂਦੇ ਤਾਂ ਦੂਜੀ ਧਿਰ ਦੇ ਵਕੀਲ ਆਪਾਂ ਨੂੰ ਦਸ ਦਿਨ ਦਾ ਨੋਟਿਸ ਦੇਣਗੇ ਅਤੇ ਆਪਾਂ ਨੂੰ ਵਿਆਜ ਦੇਣਾ ਪਊ। ਸਮੱਸਿਆ ਇਹ ਐ ਆਪਾਂ ਦੱਸ ਦਿਨਾਂ ਵਿਚ ਕਿਸੇ ਵੀ ਹੋਰ ਬੈਂਕ ਤੋਂ ਲੋਨ ਲੈ ਸਕਣ ਦੀ ਉਮੀਦ ਨਹੀਂ ਰੱਖ ਸਕਦੇ।" ਦੇਵ ਨੇ ਸਾਰੀ ਗੱਲ ਸਪੱਸ਼ਟ ਕਰ ਦਿੱਤੀ। ਹਰਜੀਤ ਕੁਝ ਪਲ ਸੋਚਦਾ ਰਿਹਾ।

"ਆਪਾਂ ਲੋਨ ਨੂੰ ਛੱਡੋ ਤੇ ਰਜਿਸਟਰੀ ਕਰਵਾਉ। ਅੱਧੇ ਪੈਸੇ ਮੈਂ ਦੇ ਦਿਨਾਂ ਬਾਕੀ ਦਾ ਤੁਸੀਂ ਪ੍ਰਬੰਧ ਕਰ ਲਉ। ਬਾਅਦ ਵਿਚ ਅਰਾਮ ਨਾਲ ਲੋਨ ਕਰਾ ਲਵਾਂਗੇ।" ਹਰਜੀਤ ਨੇ ਫਿਰ ਦੋਵਾਂ ਵੱਲ ਨਿਰਖਵੀਆਂ ਨਜ਼ਰਾਂ ਨਾਲ ਵੇਖਿਆ ਅਤੇ ਆਪਣੀ ਗੱਲ ਜਾਰੀ ਰੱਖੀ।

"ਮੀਕਾ ਵੀ ਮੇਰੇ ਨਾਲ ਗੁੱਸੇ ਹੋ ਗਿਆ। ਸਾਡੇ ਕੋਲ ਪੈਸੇ ਹੈਗੇ ਆ। ਆਪਾਂ ਕੰਪਨੀ ਬਣਾ ਲੀ ਆ। ਜੇ ਸਾਡਾ ਅੱਧ ਹੋਊ ਤਾਂ ਆਪਾਂ ਹੋਰ ਵੀ ਸੌਦਾ ਮਾਰ ਸਕਦੇ ਆਂ।" ਮੀਕੇ ਅਤੇ ਦੇਵ ਨੇ ਅਣਜਾਣੇ ਹੀ ਇਕ ਦੂਜੇ ਵੱਲ ਵੇਖਿਆ ਅਤੇ ਚੁੱਪ ਰਹੇ। ਦੇਵ ਨੇ ਚੁੱਪ ਤੋੜੀ।

"ਭਾਜੀ ਹਰਜੀਤ ਤੁਸੀਂ ਇਕ ਅੱਧ ਦਿਨ ਦਿਉ। ਵੇਖਦੇ ਆਂ ਬੈਂਕ ਕਿਵੇਂ ਤੇ ਕੀ ਕਹਿੰਦੀ ਆ। ਫੋਨ 'ਤੇ ਆਪਾਂ ਗੱਲ ਕਰ ਲਵਾਂਗੇ।" ਦੇਵ ਨੇ ਕੁਰਸੀ ਤੋਂ ਉੱਠ ਕੇ ਹੱਥ ਮਿਲਾ ਕੇ ਹਰਜੀਤ ਨੂੰ ਵਿਦਾ ਕੀਤਾ।

"ਹਰਜੀਤ ਦੀ ਆਫਰ ਬਾਰੇ ਕੀ ਖਿਆਲ ਆ।" ਦੇਵ ਨੇ ਮੀਕੇ ਨੂੰ ਪੁੱਛਿਆ।

"ਮੇਰਾ ਖਿਆਲ ਆ ਉਸ ਨੂੰ ਆਪਣੀ ਗਲਤੀ ਦਾ ਸ਼ਾਇਦ ਅਹਿਸਾਸ ਹੋ ਗਿਆ ਹੋਊ। ਆਪਾਂ ਨੂੰ ਵੀ ਗੱਲ ਨੂੰ ਏਥੇ ਈ ਛੱਡ ਦੇਣਾ ਚਾਹੀਦਾ ਅਤੇ ਉਸ ਦੀ ਆਫਰ ਨਾਲ ਸਹਿਮਤ ਹੋਣਾ ਚਾਹੀਦਾ।" ਮੀਕੇ ਨੇ ਖੁੱਲ੍ਹ ਦਿਲੀ ਨਾਲ ਰਾਇ ਦਿੱਤੀ। ਦੇਵ ਵੀ ਸਹਿਮਤ ਹੋ ਗਿਆ।

ਕੌਲਨ ਨੇ ਮੰਗਲਵਾਰ ਨੂੰ ਕੋਈ ਪਤਾ ਸੁਤਾ ਨਾ ਦਿੱਤਾ। ਬੁਧਵਾਰ ਨੂੰ ਉਸ ਦਾ ਫੋਨ ਆਇਆ ਕਿ ਬੈਂਕ ਤੀਹ ਪ੍ਰਤੀਸ਼ੱਤ ਲੋਨ ਦੇਣ ਲਈ ਸਹਿਮਤ ਹੋ ਗਿਆ ਸੀ ਅਤੇ ਉਹ ਜ਼ਰੂਰੀ ਕਾਗ਼ਜ਼ ਤਿਆਰ ਕਰਕੇ ਵੀਰਵਾਰ ਨੂੰ ਮਿਲੇਗਾ। ਵੀਰਵਾਰ ਸ਼ਾਮ ਤੱਕ ਉਹ ਨਾ ਆਇਆ ਅਤੇ ਸ਼ੁਕਰ ਵਾਰ ਸਵੇਰੇ ਮਿਲਣ ਦਾ ਇਕਰਾਰ ਕਰ ਲਿਆ। ਸ਼ੁਕਰਵਾਰ ਨੂੰ ਉਸ ਦਾ ਫੋਨ ਆਇਆ ਕਿ ਉਸ ਦਾ ਬੌਸ ਮੀਟਿੰਗ ਵਿਚ ਲੰਡਨ ਗਿਆ ਹੋਇਆ ਅਤੇ ਉਹ ਦੇਵ ਨੂੰ ਸਾਰੇ ਕਾਗਜ਼ ਲੈ ਕੇ ਐਤਵਾਰ ਮਿਲੇਗਾ। ਐਤਵਾਰ ਨੂੰ ਉਸ ਨੇ ਕਿਹਾ ਕਿ ਉਸ ਦੀ ਤਿੰਨ ਸਾਲਾ ਬੱਚੀ ਬਿਮਾਰ ਹੋਣ ਕਰਕੇ ਕੰਮ ਨਹੀਂ ਕਰ ਸਕਿਆ ਅਤੇ ਉਹ ਸੋਮਵਾਰ ਸ਼ਾਮ ਨੂੰ ਮਿਲੇਗਾ ਅਤੇ ਮੰਗਲਵਾਰ ਨੂੰ ਪੈਸੇ ਵਕੀਲ ਕੋਲ ਪਹੁੰਚ ਜਾਣਗੇ।

ਸੋਮਵਾਰ ਨੂੰ ਕੌਲਨ ਸ਼ਾਮ ਨੂੰ ਆਇਆ। ਉਸ ਨੇ ਪੇਪਰ ਵੀ ਤਿਆਰ ਕੀਤੇ ਹੋਏ ਸਨ। ਉਹ ਦਸਤਖਤ ਕਰਵਾ ਕੇ ਅਤੇ ਵਾਈਨ ਦਾ ਗਲਾਸ ਪੀਕੇ ਚਲਾ ਗਿਆ। ਮੰਗਲਵਾਰ ਨੂੰ ਪੈਸੇ ਬੈਂਕ ਨੇ ਰਿਲੀਜ਼ ਨਾ ਕੀਤੇ। ਬੁਧਵਾਰ ਨੂੰ ਫਿਰ ਦੇਵ ਨੇ ਕੌਲਨ ਨੂੰ ਫੋਨ ਕੀਤਾ ਤਾਂ ਉਸ ਨੇ ਦੇਵ ਨੂੰ ਘੰਟੇ ਬਾਅਦ ਫੋਨ ਕਰਨ ਦਾ ਵਾਇਦਾ ਕੀਤਾ। ਬਾਅਦ ਦੁਪਹਿਰ ਉਸ ਦਾ ਫੋਨ ਆਇਆ ਤਾਂ ਉਸ ਨੇ ਦੱਸਿਆ ਕਿ ਉਸ ਨੇ ਆਪਣੇ ਬੌਸ ਤੋਂ ਦਸਤਖਤ ਕਰਵਾਉਣੇ ਸਨ। ਬਾਕੀ ਸਭ ਕੁਝ ਤਿਆਰ ਸੀ ਅਤੇ ਵੀਰਵਾਰ ਸਵੇਰੇ ਪੈਸੇ ਬੈਂਕ ਰਲੀਜ਼ ਕਰ ਦੇਵੇਗਾ। ਉਸ ਨੇ ਦੇਵ ਹੋਰਾਂ ਦੇ ਵਕੀਲ ਨੂੰ ਵੀ ਈ ਮੇਲ ਕਰ ਕੇ ਬੈਂਕ ਵੱਲੋਂ ਪੈਸੇ ਭੇਜਣ ਦਾ ਵਾਇਦਾ ਕੀਤਾ। ਅਗਲੇ ਦੋ ਦਿਨਾਂ ਵਿਚ ਵੀ

ਪੈਸੇ ਕੌਲਨ ਕੋਲੋਂ ਭੇਜ ਨਾ ਹੋਏ ਤਾਂ ਦੇਵ ਅਤੇ ਮੀਕੇ ਨੇ ਆਪਣੇ ਦੋਸਤਾਂ ਮਿੱਤਰਾਂ ਤੋਂ ਪੈਸੇ ਇਕੱਠੇ ਕਰਨ ਦਾ ਫੈਸਲਾ ਕੀਤਾ। ਸ਼ਾਮ ਨੂੰ ਹਰਜੀਤ ਨੇ ਦੇਵ ਨੂੰ ਫੋਨ ਕੀਤਾ ਅਤੇ ਹਾਲਾਤ ਬਾਰੇ ਪੁੱਛਿਆ।

"ਭਾਜੀ ਆਪਣੇ ਕੋਲ ਵੀਰਵਾਰ ਤੱਕ ਦਾ ਸਮਾਂ ਐ। ਅਗਲੇ ਬੁਧਵਾਰ ਨੂੰ ਆਪਾਂ ਰਜਿਸਟਰੀ ਕਰਵਾਉਣ ਦਾ ਨਿਸ਼ਾਨਾ ਰੱਖੀਏ। ਚਾਹੇ ਬੈਂਕ ਵੱਲੋਂ ਪੈਸੇ ਆਉਣ ਜਾ ਨਾ ਆਉਣ।"

"ਠੀਕ ਆ ਮੈਂ ਮੰਗਲਵਾਰ ਨੂੰ ਅੱਧੇ ਪੈਸੇ ਵਕੀਲ ਨੂੰ ਭਿਜਵਾ ਦਿਊਂ।" ਹਰਜੀਤ ਨੇ ਵਾਇਦਾ ਕੀਤਾ।

ਐਤਵਾਰ ਨੂੰ ਦੇਵ ਨੂੰ ਫਿਰ ਇੰਡੀਆ ਤੋਂ ਹਰਜੀਤ ਦੇ ਭਰਾ ਨਿੰਦਰ ਦਾ ਫੋਨ ਆ ਗਿਆ।

"ਭਾਜੀ ਤੁਸੀਂ ਸਾਡਾ ਅੱਧ ਰੱਖ ਲਉ। ਆਪਣਾ ਲੋਨ ਵੀ ਨੀ ਹੋਇਆ ਕਿਤੇ ਬਿਆਨਾ ਈ ਨਾ ਚਲਾ ਜਾਵੇ।" ਦੇਵ ਨੇ ਕੋਈ ਵੀ ਖਾਸ ਗੱਲ ਕਰੇ ਬਿਨਾਂ ਫੋਨ ਬੰਦ ਕਰ ਦਿੱਤਾ ਅਤੇ ਮੀਕੇ ਨੂੰ ਵੀ ਦੱਸ ਦਿੱਤਾ।

"ਕਿਹੋ ਜਿਹੇ ਬੰਦਿਆਂ ਨਾਲ ਪਾਲਾ ਪੈ ਗਿਆ। ਇਹ ਤਾਂ ਚੰਗੇ ਮੌਸਮ ਵਾਲੇ ਪਾਰਟਨਰ ਆ। ਉਹਨਾਂ ਨੂੰ ਲਗਦਾ ਆਪਾਂ ਪ੍ਰਾਬਲਮ ਵਿਚ ਆਂ ਤੇ ਹੁਣ ਮੌਕਾ ਐ ਇਹਨਾਂ ਦੀ ਸਮੱਸਿਆ ਨੂੰ ਬੈਂਕ ਕਰਨ ਦਾ। ਕਿੱਡੀ ਮਾੜੀ ਸੋਚ ਆ! ਹਿੱਸੇਦਾਰੀ ਤਾਂ ਵਿਆਹ ਵਰਗੀ ਹੁੰਦੀ ਐ। ਜਿਹੜਾ ਵਿਆਹੁਤ ਜੋੜਾ ਇਕ ਦੂਜੇ 'ਤੇ ਭਰੋਸਾ ਕਰਦਾ ਅਤੇ ਲੋੜ ਪੈਣ 'ਤੇ ਮਦਦ ਕਰਦਾ ਉਹੀ ਸਫ਼ਲ ਹੁੰਦਾ। ਇਹਨਾਂ ਨੂੰ ਆਪਣੀ ਪਈ ਆ ਕਿਵੇਂ ਨਾ ਕਿਵੇਂ ਸਾਡਾ ਹਿੱਸਾ ਵੱਧ ਜਾਵੇ।" ਮੀਕਾ ਹੈਰਾਨ ਹੋਇਆ ਲਾਜਵਾਬ ਸੁਣਦਾ ਰਿਹਾ।

ਸੋਮਵਾਰ ਨੂੰ ਹਰਜੀਤ ਦਾ ਮੀਕੇ ਨੂੰ ਫੋਨ ਆ ਗਿਆ।

"ਮੈਂ ਦੇਵ ਨੂੰ ਮਿਲਣ ਗਿਆ ਸੀ। ਘੰਟਾ ਬਹਿ ਕੇ ਮੁੜ ਆਇਆਂ। ਫੋਨ ਉਹ ਚੁਕਦਾ ਨੀ।" ਹਰਜੀਤ ਦੇ ਬੋਲਾਂ ਵਿਚ ਗੁਸੈਲੀ ਕੰਬਣੀ ਸੀ।

"ਕੋਈ ਨੀ ਕਿਧਰੇ ਬਿਜ਼ੀ ਹੋਊ। ਮੇਰੇ ਨਾਲ ਵੀ ਅਜੇ ਗੱਲ ਨੀ ਹੋਈ। ਆਪੇ ਤੈਨੂੰ ਫੋਨ ਕਰ ਲੂ।" ਮੀਕੇ ਨੇ ਟਿਕਾਅ ਨਾਲ ਜਵਾਬ ਦੇਣ ਦੀ ਕੋਸ਼ਿਸ਼ ਕੀਤੀ।

"ਅੱਜ ਸੋਮਵਾਰ ਹੋ ਗਿਆ। ਮੰਗਲ ਤੇ ਬੁੱਧ ਰਹਿ ਗਿਆ। ਸੌਦਾ ਐਨਾ ਵੱਡਾ ਕਰ ਲਿਆ ਕੋਲ ਥੋੜੇ ਕੋਈ ਗੱਲ ਬਾਤ ਨੀ। ਨਾ ਪਾਸੇ ਈ ਹੁੰਨੇ ਆਂ ਬਈ ਅਸੀਂ ਆਪੇ ਰਜਿਸਟਰੀ ਕਰਾ ਲਈਏ।" ਹਰਜੀਤ ਗਲੋਟੇ ਵਾਂਗ ਉੱਧੜਦਾ ਗਿਆ।

"ਹਰਜੀਤ ਆਪਣੀ ਸ਼ੁਕਰਵਾਰ ਨੂੰ ਗੱਲ ਹੋਈ ਸੀ ਤੇ ਬੁੱਧਵਾਰ ਅਜੇ ਪਰਸੋਂ ਆ।" ਕਹਿ ਕੇ ਮੀਕੇ ਨੇ ਫੋਨ ਕੱਟ ਦਿੱਤਾ। ਮੀਕੇ ਦਾ ਮਨ ਬਹੁਤ ਖ਼ਰਾਬ ਹੋਇਆ। ਦੋਸਤ ਅਤੇ ਦੋਸਤੀ ਮੁਸੀਬਤ ਵੇਲੇ ਹੀ ਪਛਾਣੀ ਜਾਂਦੀ ਐ। ਮੀਕੇ ਦੇ ਮਨ ਵਿਚ ਵਾਰ ਵਾਰ ਇਹੋ ਖਿਆਲ ਆਉਂਦਾ ਰਿਹਾ।

ਹਰਜੀਤ ਨੇ ਮੁੰਡੇ ਤੋਂ ਵਕੀਲ ਨੂੰ ਵਾਰ ਵਾਰੂ ਫੋਨ ਕਰਵਾਇਆ ਅਤੇ ਖੁਰਚ ਖੁਰਚ ਸਵਾਲ ਪੁੱਛੇ। ਵਕੀਲ ਨੂੰ ਦੇਵ ਜਾਂ ਮੀਕੇ ਨੇ ਦੱਸਿਆ ਨਹੀਂ ਸੀ ਕਿ ਉਹਨਾਂ ਦੇ ਸਾਰੇ ਪੈਸੇ ਤਿਆਰ ਸਨ ਅਤੇ ਬੁੱਧਵਾਰ ਸਵੇਰੇ ਵਕੀਲ ਦੇ ਅਕਾਊਂਟ ਵਿਚ ਪਹੁੰਚ ਜਾਣੇ ਸਨ। ਉਹ ਚਾਹੁੰਦੇ ਸਨ ਵੇਖੀਏ ਹਰਜੀਤ ਹੋਰ ਕੀ ਕੀ ਰੰਗ ਵਿਖਾਉਂਦਾ।

ਹਰਜੀਤ ਨੇ ਮੁੰਡੇ ਤੋਂ ਵਕੀਲ ਨੂੰ ਫੋਨ ਕਰਵਾਇਆ ਅਤੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ।

"ਸਾਰਾ ਬਿਆਨਾ ਤਾਂ ਅਸੀਂ ਦਿੱਤਾ। ਉਹਨਾਂ ਨੇ ਤਾਂ ਕੁਝ ਵੀ ਨਹੀਂ ਦਿੱਤਾ। ਜੇ ਰਜਿਸਟਰੀ ਨਾ ਹੋਈ ਤਾਂ ਪੈਸੇ ਤਾਂ ਸਾਡੇ ਜਾਣਗੇ।" ਮੁੰਡੇ ਨੇ ਆਪਣੇ ਘੱਟ ਤਜ਼ਰਬੇਕਾਰ ਸ਼ਬਦਾਂ ਨੂੰ ਨਕਲੀ ਤਜ਼ਰਬੇ ਦਾ ਜਾਮਾ ਪਹਿਨਾਉਣ ਦਾ ਯਤਨ ਕੀਤਾ।

"ਜੇ ਰਜਿਸਟਰੀ ਨਾ ਹੋਈ ਤਾਂ ਬਿਆਨਾ ਤਾਂ ਡੁੱਬੇਗਾ। ਪਰ ਤੁਸੀਂ ਕੰਪਨੀ ਰਜਿਸਟਰ ਕੀਤੀ ਐ। ਉਸ ਵਿਚ ਤਿੰਨ ਹਿੱਸੇਦਾਰ ਐ ਅਤੇ ਤਿੰਨੇ ਹੀ ਬਰਾਬਰ ਦੇ ਜ਼ਿੰਮੇਵਾਰ ਐ। ਦੂਜੀ ਗੱਲ ਜੇ ਤੁਹਾਨੂੰ ਉਹਨਾਂ ਬੰਦਿਆਂ 'ਤੇ ਯਕੀਨ ਨਹੀਂ ਸੀ ਤਾਂ ਤੁਸੀਂ ਹਿੱਸੇਦਾਰੀ ਕਿਉਂ ਕੀਤੀ!" ਵਕੀਲ ਨੇ ਉਹਨਾਂ ਨੂੰ ਕਨੂੰਨੀ ਪੁਜੀਸ਼ਨ ਵੀ ਦੱਸ ਦਿੱਤੀ ਅਤੇ ਨੈਤਿਕ ਜ਼ਿੰਮੇਵਾਰੀ ਵੀ। ਇਕ ਅੱਧ ਵਾਰ ਉਹਨਾਂ ਨੇ ਫਿਰ ਵਕੀਲ ਨੂੰ ਫੋਨ ਕੀਤਾ ਜਿਸ ਦਾ ਕੋਈ ਖਾਸ ਮਤਲਬ ਨਹੀਂ ਸੀ। ਮੰਗਲਵਾਰ ਦੀ ਸ਼ਾਮ ਨੂੰ ਦੇਵ ਨੇ ਹਰਜੀਤ ਨੂੰ ਫੋਨ ਕਰ ਦਿੱਤਾ ਕਿ ਅਸੀਂ ਆਪਣੇ ਪੈਸੇ ਸਵੇਰੇ ਵਕੀਲ ਨੂੰ ਪਹੁੰਚਾ ਰਹੇ ਆਂ ਅਤੇ ਤੁਸੀਂ ਵੀ ਸਵੇਰੇ ਹੀ ਪਹੁੰਚਾ ਦੇਣੇ। ਜਦ ਪੈਸੇ ਪਹੁੰਚ ਗਏ ਤਾਂ ਵਕੀਲ ਕਨੂੰਨੀ ਕਾਰਵਾਈ ਕਰ ਲਵੇਗਾ ਅਤੇ ਪ੍ਰਾਪਰਟੀ ਆਪਣੇ ਨਾਮ ਹੋ ਜਾਵੇਗੀ।

ਅੰਤ ਵਿਚ ਸਾਰੇ ਡਰਾਮੇ ਦਾ ਅੰਤ ਵੀਰਵਾਰ ਸਵੇਰ ਨੂੰ ਹੋਇਆ ਜਦੋਂ ਵਕੀਲ ਨੇ ਦੇਵ ਨੂੰ ਫੋਨ ਕਰਕੇ ਦੱਸਿਆ ਕਿ ਪ੍ਰਾਪਰਟੀ ਕਨੂੰਨੀ ਤੌਰ 'ਤੇ ਉਹਨਾਂ ਦੇ ਨਾਮ ਹੋ ਗਈ ਸੀ। ਹਰਜੀਤ ਸਿੰਘ ਦਾ ਅੱਧੀ ਜਾਂ ਸਾਰੀ ਪ੍ਰਾਪਰਟੀ ਲੈਣ ਦਾ ਸੁਪਨਾ ਅਧੂਰਾ ਰਹਿ ਗਿਆ ਪਰ ਉਸ ਦੀ ਲਾਲਚੀ ਰੁਚੀ ਨੇ ਖੁੱਲ੍ਹ ਕੇ ਪ੍ਰਦਰਸ਼ਨ ਕੀਤਾ।

## ਉਣਤਾਲੀਵਾਂ

ਮਾਰਟਨ ਦੇ ਮਨ ਵਿਚ ਹਮੇਸ਼ਾਂ ਇਕੋ ਗੱਲ ਘੁੰਮਦੀ ਰਹਿੰਦੀ ਕਿ ਕੋਈ ਹੀਲਾ ਵਸੀਲਾ ਬਣੇ ਅਤੇ ਪ੍ਰੀਤ ਨੂੰ ਉਸ ਦਾ ਹਿੱਸਾ ਨਾ ਮਿਲ ਸਕੇ ਜਾਂ ਫਿਰ ਉਹ ਕਿਵੇਂ ਨਾ ਕਿਵੇਂ ਪ੍ਰੀਤ ਦਾ ਹਿੱਸਾ ਖੋਹ ਸਕੇ। ਉਸ ਨੂੰ ਇਹ ਆਪਣੇ ਮਾਪਿਆਂ ਵੱਲੋਂ ਕੀਤੀ ਸਭ ਤੋਂ ਵੱਡੀ ਬੇਵਕੂਫੀ ਲਗਦੀ। ਵੈਸੇ ਵੀ ਉਸ ਨੂੰ ਮਹਿਸੂਸ ਹੁੰਦਾ ਉਸ ਦੇ ਮਾਪਿਆਂ ਨੂੰ ਮਿੱਠੀਆਂ ਮਾਰ ਕੇ ਪ੍ਰੀਤ ਵੱਲੋਂ ਠੱਗਿਆ ਗਿਆ ਸੀ। ਉਸ ਨੂੰ ਇਹ ਆਪਣੇ ਆਪ ਨਾਲ ਹੋਇਆ ਸਰਾ ਸਰ ਧੱਕਾ ਲਗਦਾ। ਵਕੀਲ ਨਾਲ ਗੱਲ ਬਾਤ ਕਰਨ ਤੋਂ ਬਾਅਦ ਉਸ ਦਾ ਪ੍ਰੀਤ ਜਾਂ ਮੀਕੇ ਨੂੰ ਮਿਲਣ ਲਈ ਮਨ ਨਾ ਮੰਨਿਆ। ਉਹ ਆਪਣੇ ਕੁਝ ਕੁ ਪੁਰਾਣੇ ਦੋਸਤਾਂ ਨੂੰ ਮਿਲਣ ਜਾਂਦਾ ਅਤੇ ਉਹੀ ਸਾਰੀ ਕਹਾਣੀ ਵਾਰ ਵਾਰ ਦੁਹਰਾ ਦਿੰਦਾ।

ਉਸ ਦੇ ਦੋਸਤ ਉਸ ਨਾਲ ਹਮਦਰਦੀ ਦਾ ਇਜ਼ਹਾਰ ਕਰਦੇ ਅਤੇ ਮਾੜਾ ਮੋਟਾ ਪ੍ਰੀਤ ਨੂੰ ਨਿੰਦ ਦਿੰਦੇ। ਬਹੁਤਾ ਉਹਨਾਂ ਨੂੰ ਮਾਰਟਨ ਦੇ ਮਾਪਿਆਂ ਵੱਲੋਂ ਕੀਤੇ ਫੈਸਲੇ 'ਤੇ ਹੈਰਾਨੀ ਹੁੰਦੀ। ਮਾਰਟਨ ਇਕ ਵਾਰ ਗੱਲ ਕਰਦਾ ਤਾਂ ਉਹ ਧਿਆਨ ਨਾਲ ਸੁਣਦੇ। ਪਰ ਮਾਰਟਨ ਦੇ ਦਿਮਾਗ ਵਿਚ ਹੋਰ ਕੋਈ ਗੱਲ ਆਉਂਦੀ ਹੀ ਨਹੀਂ ਸੀ। ਉਹ ਵਾਰ ਵਾਰ ਇਕੋ ਗੱਲ ਕਰੀ ਜਾਂਦਾ। ਸੁਣਨ ਵਾਲਾ ਉਕਤਾ ਜਾਂਦਾ ਅਤੇ ਗੱਲ ਕਿਸੇ ਹੋਰ ਪਾਸੇ ਤੋਰਨ ਦਾ ਯਤਨ ਕਰਦਾ। ਮਾਰਟਨ ਫਿਰ ਆਪਣੀ ਤੂਤੀ ਬੋਲਣ ਲੱਗ ਜਾਂਦਾ। ਕਿਸੇ ਕੋਲ ਵੀ ਮਾਰਟਨ ਦੀ ਇਸ ਸਮੱਸਿਆ ਦਾ ਹੱਲ ਨਹੀਂ ਸੀ।

ਕੁਝ ਦਿਨਾਂ ਦੀ ਭੱਜ ਨੱਠ ਤੋਂ ਵੀ ਕੋਈ ਨਤੀਜਾ ਨਾ ਨਿਕਲਿਆ। ਉਸ ਕੋਲ ਦਿਨ ਵੀ ਥੋੜੇ ਹੀ ਸਨ ਅਤੇ ਉਹ ਸਮਝ ਗਿਆ ਪ੍ਰੀਤ ਨੂੰ ਉਸ ਦਾ ਹਿੱਸਾ ਦੇਣ ਬਿਨਾਂ ਉਸ ਕੋਲ ਹੋਰ ਕੋਈ ਰਾਹ ਨਹੀਂ ਸੀ। ਉਸ ਦੇ ਵਕੀਲ ਨੇ ਵੀ ਇਹ ਗੱਲ ਸਾਫ਼ ਉਸ ਨੂੰ ਸਮਝਾ ਦਿੱਤੀ ਸੀ। ਮਾਰਟਨ ਨੇ ਵਕੀਲ ਨੂੰ ਕਹਿ ਕੇ ਪ੍ਰੀਤ ਨਾਲ ਸਮਾਂ ਤਹਿ ਕਰਕੇ ਵਸੀਅਤ ਦੇ ਪੇਪਰਾਂ ਦਾ ਨਿਪਟਾਰਾ ਕਰਨ ਦੀ ਬੇਨਤੀ

ਕੀਤੀ। ਵਕੀਲ ਨੇ ਪ੍ਰੀਤ ਨੂੰ ਫੋਨ ਕੀਤਾ ਤਾਂ ਉਸ ਨੂੰ ਕੁਝ ਹੈਰਾਨੀ ਹੋਈ ਅਤੇ ਉਸ ਨੇ ਵਕੀਲ ਨਾਲ ਮਿਲਣ ਦਾ ਸਮਾਂ ਤਹਿ ਕਰ ਲਿਆ। ਮਿਥੇ ਦਿਨ ਉਹ ਮੀਕੇ ਨੂੰ ਨਾਲ ਲੈ ਕੇ ਵਕੀਲ ਨੂੰ ਮਿਲਣ ਚਲੀ ਗਈ। ਇਹ ਦਿਨ ਉਸ ਲਈ ਬਹੁਤ ਔਖੇ ਸਨ। ਉਸ ਦਾ ਆਪਣਾ ਬਿਜਨਸ ਬਹੁਤ ਔਖੇ ਦੌਰ ਵਿਚੋਂ ਗੁਜ਼ਰ ਰਿਹਾ ਸੀ।

ਪ੍ਰੀਤ ਮੀਕੇ ਨੂੰ ਨਾਲ ਲੈ ਕੇ ਮਿਥੇ ਸਮੇਂ ਵਕੀਲ ਦੇ ਦਫ਼ਤਰ ਪਹੁੰਚ ਗਈ। ਮਾਰਟਨ ਪਹਿਲਾਂ ਹੀ ਵੇਟਿੰਗ ਰੂਮ ਵਿਚ ਬੈਠਾ ਉਡੀਕ ਕਰ ਰਿਹਾ ਸੀ। ਉਸ ਨੇ ਬੇਦਿਲੀ ਜਿਹੀ ਨਾਲ ਪ੍ਰੀਤ ਅਤੇ ਮੀਕੇ ਨਾਲ ਹੱਥ ਮਿਲਾਇਆ। ਉਹ ਮੀਕੇ ਅਤੇ ਪ੍ਰੀਤ ਵੱਲੋਂ ਪੁੱਛੇ ਜਾਂਦੇ ਰਸਮੀ ਸਵਾਲਾਂ ਦਾ ਮਜ਼ਬੂਰਨ ਜਵਾਬ ਦਿੰਦਾ। ਕੁਝ ਮਿੰਟਾਂ ਬਾਅਦ ਉਹ ਉਸ ਕਮਰੇ ਵਿਚੋਂ ਬਾਹਰ ਨਿਕਲ ਕੇ ਉਡੀਕ ਕਮਰੇ ਦੇ ਦਰਵਾਜ਼ੇ ਦੇ ਬਾਹਰ ਖੜ੍ਹਾ ਹੋ ਗਿਆ। ਪ੍ਰੀਤ ਅਤੇ ਮੀਕੇ ਨੇ ਇਕ ਦੂਜੇ ਨਾਲ ਨਜ਼ਰਾਂ ਮਿਲਾਈਆਂ। ਪ੍ਰੀਤ ਨੇ ਮਾੜੇ ਜਿਹੇ ਬੁੱਲ੍ਹ ਅਟੇਰ ਕੇ ਮੋਢੇ ਛੰਡ ਦਿੱਤੇ ਜਿਵੇਂ ਕਹਿ ਰਹੀ ਹੋਵੇ ਪਤਾ ਨਹੀਂ ਇਸ ਦੇ ਮੂਡ ਨੂੰ ਕੀ ਹੋਇਆ!

ਕੁਝ ਦੇਰ ਬਾਅਦ ਮਿਸਟਰ ਐਡਵਰਡ ਆਪਣੇ ਦਫ਼ਤਰ ‘ਚੋਂ ਬਾਹਰ ਆਇਆ। ਉਸ ਨੇ ਬਾਹਰ ਖੜ੍ਹੇ ਮਾਰਟਨ ਨਾਲ ਹੱਥ ਮਿਲਾਇਆ ਅਤੇ ਫਿਰ ਉਸ ਨੇ ਆ ਕੇ ਮੀਕੇ ਅਤੇ ਪ੍ਰੀਤ ਨਾਲ ਹੱਥ ਮਿਲਾਇਆ। ਉਸ ਨੇ ਉਹਨਾਂ ਨੂੰ ਆਪਣੇ ਪਿੱਛੇ ਆਉਣ ਲਈ ਕਿਹਾ ਅਤੇ ਉਹ ਤਿੰਨੇ ਚੁੱਪ ਚਾਪ ਉਸ ਦੇ ਪਿੱਛੇ ਤੁਰ ਪਏ। ਆਪਣੇ ਦਫ਼ਤਰ ਵਿਚ ਉਸ ਨੇ ਉਹਨਾਂ ਨੂੰ ਕੁਰਸੀਆਂ ‘ਤੇ ਬੈਠਣ ਲਈ ਕਿਹਾ। ਪ੍ਰੀਤ ਦੇ ਮਨ ਵਿਚ ਗਰੀਟਾ ਅਤੇ ਡੈਨਿਸ ਦੀ ਬਣਾਈ ਵਸੀਅਤ ਦਾ ਖਿਆਲ ਜ਼ਰੂਰ ਆਇਆ ਬੇਸ਼ਕ ਇਸ ਵਿਚ ਉਸ ਨੂੰ ਕੋਈ ਬਹੁਤੀ ਦਿਲਚਸਪੀ ਨਹੀਂ ਸੀ।

“ਵੈਲ, ਤੁਹਾਨੂੰ ਪਤਾ ਈ ਐ ਮੈਂ ਡੈਨਿਸ ਅਤੇ ਗਰੀਟਾ ਦੀ ਬਣਾਈ ਹੋਈ ਵਸੀਅਤ ਤੁਹਾਨੂੰ ਪੜ੍ਹ ਕੇ ਸੁਣਾਉਣੀ ਆ ਅਤੇ ਫਿਰ ਵਸੀਅਤ ਨੂੰ ਕਨੂੰਨੀ ਰੂਪ ਦੇਣਾ। ਤੁਹਾਨੂੰ ਮੈਂ ਟੈਕਸ ਬਗੈਰਾ ਬਾਰੇ ਵੀ ਦੱਸਣਾ।” ਮਿਸਟਰ ਐਡਵਾਰਡ ਨੇ ਫਾਈਲ ਖੋਲ੍ਹਦਿਆਂ ਉਹਨਾਂ ਨੂੰ ਦੱਸਿਆ। ਕੁਝ ਕਾਗਜ਼ ਉਸ ਨੇ ਪਾਸੇ ਕਰ ਕੇ ਫਾਈਲ ਨੂੰ ਆਪਣੇ ਸਾਹਮਣੇ ਰੱਖਿਆ ਅਤੇ ਸਾਰਿਆਂ ਵੱਲ ਧਿਆਨ ਨਾਲ ਵੇਖਿਆ ਜਿਵੇਂ ਤਸੱਲੀ ਕਰਨਾ ਚਾਹੁੰਦਾ ਹੋਵੇ ਕਿ ਸਾਰੇ ਸੁਣਨ ਲਈ ਤਿਆਰ ਹਨ।

ਮਿਸਟਰ ਐਡਵਰਡ ਨੇ ਫਾਈਲ ਵਿਚੋਂ ਕੁਝ ਕਾਗਜ਼ ਕੱਢੇ ਅਤੇ ਉਹਨਾਂ ਨੂੰ ਪੜ੍ਹਨਾ ਸ਼ੁਰੂ ਕੀਤਾ। ਸਾਰੇ ਸਾਹ ਰੋਕੀ ਬੈਠੇ ਸੁਣਦੇ ਰਹੇ। ਇਹ ਕੋਈ ਬਹੁਤੀ ਲੰਬੀ ਚੌੜੀ ਕਾਰਵਾਈ ਨਹੀਂ ਸੀ। ਸਧਾਰਨ ਜਿਹੀ ਵਸੀਅਤ ਸੀ। ਪਰ ਉਸ ਵਿਚ ਦਿਲਚਸਪ ਮੋੜ ਉਦੋਂ ਆਇਆ ਜਦ ਪ੍ਰੀਤ ਬਾਰੇ ਉਹਨਾਂ ਨੇ ਵਿਸਥਾਰ ਨਾਲ ਆਪਣੇ ਮੋਹ ਅਤੇ ਵਿਸ਼ਵਾਸ਼ ਦਾ ਜ਼ਿਕਰ ਕੀਤਾ। ਮਾਰਟਨ ਮੱਥੇ ਵਿਚ ਤਿਊੜੀਆਂ ਪਾਈ ਸੁਣਦਾ ਰਿਹਾ। ਉਸ ਨੂੰ ਤਾਂ ਪਹਿਲਾਂ ਹੀ ਪਤਾ ਸੀ। ਮਿਸਟਰ ਐਡਵਰਡ ਵਸੀਅਤ ਵਿਚ ਹਿੱਸਿਆਂ ਦਾ ਵਿਸਥਾਰ ਦੱਸ ਕੇ ਕਾਗਜ਼ਾਂ ਨੂੰ ਸੰਭਾਲ ਕੇ ਫਾਈਲ ਵਿਚ ਰੱਖਣ ਲੱਗਾ।

“ਮੁਆਫ਼ ਕਰਨਾ ਮਿਸਟਰ ਐਡਵਰਡ, ਮੇਰਾ ਵਸੀਅਤ ਵਿਚੋਂ ਹਿੱਸਾ ਲੈਣ ਦਾ ਕੋਈ ਇਰਾਦਾ ਨਹੀਂ। ਮੈਂ ਚਾਹੁਨੀ ਆਂ ਇਹ ਸਭ ਕੁਝ ਮਾਰਟਨ ਨੂੰ ਮਿਲਣਾ ਚਾਹੀਦਾ। ਮਾਰਟਨ ਹੀ ਇਸ ਦਾ ਹੱਕਦਾਰ ਐ। ਡੈਨਿਸ ਅਤੇ ਗਰੀਟਾ ਨਾਲ ਮੇਰਾ ਰਿਸ਼ਤਾ ਨਿਰਮਲ ਅਤੇ ਨਿਰਛਲ ਮੋਹ ਦਾ ਸੀ। ਜਿਵੇਂ ਮੇਰੇ ਆਪਣੇ ਦਾਦਾ ਦਾਦੀ ਜੀ ਨਾਲ ਹੈ। ਮੈਂ ਇਹ ਹਿੱਸਾ ਲੈ ਕੇ ਉਸ ਨੂੰ ਦੂਸ਼ਤ ਨਹੀਂ ਕਰਨਾ ਚਾਹੁੰਦੀ। ਮੈਂ ਉਹਨਾਂ ਦੀ ਬਹੁਤ ਧੰਨਵਾਦੀ ਆਂ ਉਹ ਮੈਨੂੰ ਭੁੱਲੇ ਨਹੀਂ। ਮੇਰੇ ਲਈ ਐਨੀ ਹੀ ਤਸੱਲੀ ਕਾਫੀ ਐ ਕਿ ਉਹ ਸੱਚ ਮੁੱਚ ਮੈਨੂੰ ਆਪਣੀ ਪੋਤੀ ਵਾਂਗ ਹੀ ਪਿਆਰ ਕਰਦੇ ਸਨ। ਇਹ ਗੱਲ ਵਸੀਅਤ ਤੋਂ ਸਾਬਤ ਹੋ ਗਈ ਐ। ਕ੍ਰਿਪਾ ਕਰਕੇ ਜ਼ਰੂਰੀ ਕਾਗਜ਼ ਪੱਤਰ ਤਿਆਰ ਕਰਕੇ ਸਾਰੀ ਜਾਇਦਾਦ ਮਾਰਟਨ ਦੇ ਨਾਂ ਕਰ ਦਿੱਤੀ ਜਾਵੇ। ਜਦ ਪੇਪਰ ਤਿਆਰ ਹੋ ਗਏ ਤਾਂ ਮੈਂ ਆ ਕੇ ਦਸਤਖਤ ਕਰ ਜਾਂਵਾਂਗੀ।”

ਕਹਿ ਕੇ ਪ੍ਰੀਤ ਕੁਰਸੀ ਤੋਂ ਉੱਠ ਖੜ੍ਹੀ ਹੋਈ ਅਤੇ ਨਾਲ ਹੀ ਮੀਕਾ ਵੀ।

ਮਾਰਟਨ ਹੈਰਾਨੀ ਨਾਲ ਮੂੰਹ ਖੋਲ੍ਹੀ ਬੈਠਾ ਪ੍ਰੀਤ ਵੱਲ ਵੇਖਣ ਲੱਗਾ। ਉਸ ਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ਼ ਨਹੀਂ ਹੋ ਰਿਹਾ ਸੀ। ਪ੍ਰੀਤ ਬਿਨਾਂ ਕਿਸੇ ਦੇ ਕਹਿਣ 'ਤੇ ਚੌਥਾ ਹਿੱਸਾ ਇੰਝ ਠੁਕਰਾ ਦੇਵੇਗੀ ਮਾਰਟਨ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ। ਉਸ ਨੂੰ ਪਿਛਲੇ ਦਿਨਾਂ ਵਿਚ ਦੋਸਤਾਂ ਨਾਲ ਕੀਤੀਆਂ ਗੱਲਾਂ ਜਿਹਨਾਂ ਵਿਚ ਮਾਰਟਨ ਨੇ ਖੁੱਲ੍ਹ ਕੇ ਪ੍ਰੀਤ ਨੂੰ ਨਿੰਦਿਆ ਭੰਡਿਆ ਸੀ, ਯਾਦ ਕਰਕੇ ਸ਼ਰਮ ਮਹਿਸੂਸ ਹੋਣ ਲੱਗੀ। ਉਸ ਨੂੰ ਖਿਆਲ ਹੀ ਨਹੀਂ ਸੀ ਕੋਈ ਰਿਸ਼ਤਾ ਲਾਲਚ ਤੋਂ ਉੱਚਾ ਉੱਠ ਕੇ ਵੀ ਨਿਭਾਇਆ ਜਾ ਸਕਦਾ। ਉਸ ਨੇ ਆਪ ਤਾਂ ਡੈਨਿਸ ਅਤੇ ਗਰੀਟਾ ਦੇ ਐਕਸੀਡੈਂਟ ਦੇ ਪਹਿਲੇ ਦਿਨ ਤੋਂ ਹੀ ਉਹਨਾਂ ਦੀ ਜਾਇਦਾਦ ਵੇਚ ਕੇ ਕਈ ਇਰਾਦੇ ਬਣਾਏ ਅਤੇ ਢਾਹੇ ਸਨ। ਚੌਥਾ ਹਿੱਸਾ ਜਾਂਦਾ ਵੇਖ ਕੇ ਉਸ ਨੂੰ ਆਪਣੇ ਆਪ 'ਤੇ ਕਾਬੂ ਹੀ ਨਹੀਂ ਰਿਹਾ ਸੀ। ਇਥੇ ਪ੍ਰੀਤ ਨੇ ਸਭ ਕੁਝ ਬਦਲ ਦਿੱਤਾ ਸੀ।

"ਪਤਾ ਨੀ ਕਿਉਂ ਆਪਣੇ ਲੋਕ ਆਪਣਿਆਂ ਨੂੰ ਛੱਡ ਕੇ ਗੁਆਂਢੀਆਂ ਜਾਂ ਕੁੱਤਿਆਂ ਬਿਲਿਆਂ ਦੇ ਨਾਂ ਜਾਇਦਾਦਾਂ ਲਗਵਾ ਜਾਂਦੇ ਐ!" ਇਹ ਸ਼ਬਦ ਜੋ ਉਸ ਦੇ ਇਕ ਗੋਰੇ ਦੋਸਤ ਨੇ ਮਾਰਟਨ ਦੀ ਕਹਾਣੀ ਸੁਣ ਕੇ ਕਹੇ ਸਨ, ਮਾਰਟਨ ਦੇ ਕੰਨਾਂ ਵਿਚ ਗੂੰਜਣ ਲੱਗੇ। ਉਸ ਨੂੰ ਆਪਣੇ ਮਾਪਿਆਂ ਨੂੰ ਛੱਡ ਕੇ ਸਿਡਨੀ ਜਾ ਕੇ ਸੈਟ ਹੋਣ ਦਾ ਖਿਆਲ ਆਇਆ। ਉਹਨਾਂ ਦਾ ਉਸ ਦੀ ਬੱਚੀ ਨਾਲ ਮੋਹ ਪਿਆਰ ਅਤੇ ਨੇੜਤਾ ਦਾ ਅਹਿਸਾਸ ਹੋਇਆ। ਪ੍ਰੀਤ ਦੀ ਨੇੜਤਾ ਨਾਲ ਉਸ ਘਾਟ ਦਾ ਪੂਰਾ ਹੋਣਾ ਸਮਝ ਆਇਆ। ਉਹ ਗੁਆਚਿਆ ਜਿਹਾ ਕੁਰਸੀ ਵਿਚ ਬੈਠਾ ਰਿਹਾ। ਪ੍ਰੀਤ ਕਦੋਂ ਉਸ ਨਾਲ ਹੱਥ ਮਿਲਾ ਕੇ ਬਾਹਰ ਚਲੀ ਗਈ ਸੀ ਉਸ ਨੂੰ ਪਤਾ ਹੀ ਨਾ ਲੱਗਾ।

## ਚਾਲੀਵਾਂ

ਕਾਲਾ ਬੁੱਧਵਾਰ ਬ੍ਰਿਟੇਨ ਦੇ ਇਤਹਾਸ ਵਿਚ ਦੇਰ ਤੱਕ ਯਾਦ ਰਹੇਗਾ। ਉਸ ਦਿਨ ਸ਼ੇਅਰ ਮਾਰਕਿਟ ਇਕ ਦਿਨ ਵਿਚ ਹੀ ਅੱਧ ਤੋਂ ਵੀ ਹੇਠਾਂ ਡਿੱਗ ਪਈ। ਬਹੁਤ ਸਾਰੇ ਲੋਕਾਂ ਦਾ ਸਾਰੇ ਦਾ ਸਾਰਾ ਸਰਮਾਇਆ ਹੂੰਝਿਆ ਗਿਆ ਅਤੇ ਉਹ ਕੌਡੀਉਂ ਵੀ ਹਲਕੇ ਹੋ ਗਏ। ਕਈ ਵਿਚਾਰੇ ਹਸਪਤਾਲਾਂ ਵਿਚ ਦਾਖਲ ਹੋ ਗਏ ਅਤੇ ਇਕ ਆਦਮੀ ਝਟਕੇ ਨੂੰ ਨਾ ਸਹਿੰਦਾ ਹੋਇਆ ਉਸ ਰਾਤ ਹੀ ਆਤਮ ਹੱਤਿਆ ਕਰ ਗਿਆ।

ਪ੍ਰੀਤੀ ਦਾ ਮਾਰਕਿਟ ਵਿਚ ਕੀਤਾ ਪੂੰਜੀ ਨਿਵੇਸ਼ ਤਕਰੀਬਨ ਤਕਰੀਬਨ ਸਿਫ਼ਰ ਹੋ ਗਿਆ। ਜਦ ਇਹ ਖ਼ਬਰ ਮੀਕੇ ਨੂੰ ਮਿਲੀ ਤਾਂ ਉਹ ਭੱਜ ਕੇ ਪ੍ਰੀਤ ਦੇ ਦਫ਼ਤਰ ਪਹੁੰਚ ਗਿਆ। ਉਹ ਪੂਰਾ ਘਬਰਾਇਆ ਹੋਇਆ ਸੀ। ਉਸ ਨੂੰ ਡਰ ਸੀ ਕਿਤੇ ਪ੍ਰੀਤ ਕੋਈ ਐਸੀ ਵੈਸੀ ਗਲਤੀ ਨਾ ਕਰ ਲਵੇ। ਉਸ ਨੇ ਦੇਵ ਨੂੰ ਵੀ ਆਉਣ ਲਈ ਕਹਿ ਦਿੱਤਾ। ਦੇਵ ਵੀ ਪ੍ਰੀਤ ਦੇ ਦਫ਼ਤਰ ਪਹੁੰਚ ਗਿਆ।

ਦਿਨ ਦਾ ਛਿਪਾ ਅਤੇ ਦਫ਼ਤਰ ਬੰਦ ਹੋਣ ਦਾ ਸਮਾਂ ਸੀ। ਪ੍ਰੀਤੀ ਰੂਥ ਨਾਲ ਬੈਠੀ ਕੁਝ ਵਿਚਾਰ ਕਰ ਰਹੀ ਸੀ। ਨਾਲ ਉਸ ਦਾ ਅਕਾਊਂਟੈਂਟ ਵੀ ਬੈਠਾ ਸੀ। ਮੀਕੇ ਨੇ ਸ਼ੀਸ਼ੇ ਵਿਚੋਂ ਦੀ ਵੇਖਿਆ ਅਤੇ ਉਸ ਦੀ ਜਾਨ ਵਿਚ ਜਾਨ ਆਈ। ਉਸ ਦੀ ਉਮੀਦ ਦੇ ਉਲਟ ਪ੍ਰੀਤ ਬਿਲਕੁਲ ਸ਼ਾਂਤ ਲਗਦੀ ਸੀ। ਉਹ ਪੂਰੇ ਧਿਆਨ ਨਾਲ ਗੱਲਾਂ ਕਰ ਰਹੇ ਸਨ। ਉਸ ਨੇ ਮੀਕੇ ਵੱਲ ਵੇਖਿਆ ਤਾਂ ਉੱਠ ਕੇ ਦਰਵਾਜ਼ੇ ਕੋਲ ਚਲੀ ਗਈ। ਮੀਕਾ ਹੁਣ ਤੱਕ ਅੰਦਰ ਆ ਗਿਆ ਸੀ। ਉਸ ਨੇ ਪ੍ਰੀਤ ਨੂੰ ਘੁੱਟ ਕੇ ਜੱਫ਼ੀ ਪਾਈ ਅਤੇ ਉਸ ਦੀ ਪਿੱਠ ਥਾਪੜੀ। ਪ੍ਰੀਤ ਨੂੰ ਪਿਉ ਦੀ ਫ਼ਿਕਰ ਦਾ ਅਹਿਸਾਸ ਹੋਇਆ।

“ਡੈਡ ਤੁਸੀਂ ਮੇਰਾ ਫ਼ਿਕਰ ਨਾ ਕਰੋ। ਬਿਜਨਸ ਵਿਚ ਉਤਰਾਅ-ਚੜ੍ਹਾਅ ਆਉਂਦੇ ਈ ਰਹਿੰਦੇ ਆ। ਇਹ ਧੱਕਾ ਥੋੜਾ ਜਿਹਾ ਵੱਡਾ ਸਹੀ। ਮੈਨੂੰ ਯਕੀਨ ਐ ਮਾਰਕਿਟ ਵਿਚ ਹੀ ਪੈਸਾ ਖੋਇਆ ਅਤੇ ਆਪਾਂ ਮਾਰਕਿਟ ਵਿਚੋਂ ਈ ਬਣਾਉਣਾ। ਤੁਸੀਂ ਚਲੋ ਘਰ। ਮੈਂ ਵੀ ਦਸ ਕੁ ਮਿੰਟ ਵਿਚ ਆਈ।” ਪ੍ਰੀਤ ਨੇ ਮੀਕੇ ਦੇ ਮਨ ਨੂੰ ਸ਼ਾਤ ਕਰ ਦਿੱਤਾ। ਉਹ ਹਲਕੇ ਮਨ ਨਾਲ ਵਾਪਿਸ ਆ ਗਿਆ।

ਇਹ ਝਟਕਾ ਪ੍ਰੀਤ ਲਈ ਕਾਫੀ ਵੱਡਾ ਝਟਕਾ ਹੋ ਨਿਬੜਿਆ। ਮਾਰਕਿਟ ਵਿਚ ਤੇਜ਼ੀ ਨੂੰ ਧਿਆਨ ਵਿਚ ਰਖਦਿਆਂ ਉਸ ਨੇ ਰੀਟੇਲ ਬਿਜਨਸ ਵਿਚੋਂ ਵੀ ਪੈਸਾ ਕੱਢ ਕੇ ਸ਼ੇਅਰ ਮਾਰਕਿਟ ਵਿਚ ਨਿਵੇਸ਼ ਕਰ ਦਿੱਤਾ। ਹੁਣ ਉਹ ਸਾਰਾ ਪੈਸਾ ਖੁਰ ਗਿਆ ਅਤੇ ਉਸ ਦੇ ਰੀਟੇਲ ਬਿਜਨਸ ‘ਤੇ ਇਸ ਘਾਟੇ ਦਾ ਅਸਰ ਹੋਣਾ ਕੁਦਰਤੀ ਸੀ। ਉਸ ਨੂੰ ਸਭ ਤੋਂ ਵੱਡਾ ਖਤਰਾ ਬੈਂਕ ਦੇ ਅੱਡੇ ਡਰਾਉਣੇ ਮੂੰਹ ਦਾ ਲਗਦਾ। ਅਜਿਹੀ ਹਾਲਤ ਵਿਚ ਬੈਂਕ ਉਸ ਨੂੰ ਕਰਜ਼ਾ ਵਾਪਸ ਕਰਨ ਲਈ ਕਹਿ ਸਕਦੀ ਸੀ। ਬੈਂਕ ਦੀ ਮਰਜ਼ੀ ਅਨੁਸਾਰ ਜੇ ਉਹ ਕਿਸੇ ਸਹਿਮਤੀ ‘ਤੇ ਨਹੀਂ ਪਹੁੰਚਦੇ ਤਾਂ ਬੈਂਕ ਦਾ ਕਰਜ਼ਾ ਮੋੜਨਾ ਹੀ ਪੈਣਾ ਸੀ। ਅਜਿਹੀ ਹਾਲਤ ਵਿਚ ਬੈਂਕ ਦਾ ਕਰਜ਼ਾ ਮੋੜਨ ਲਈ ਉਸ ਕੋਲ ਪੈਸੇ ਨਹੀਂ ਸਨ। ਇਸ ਕਾਰਨ ਹੀ ਉਸ ਨੇ ਆਪਣੇ ਅਕਾਊਂਟੈਂਟ ਨਾਲ ਮੀਟਿੰਗ ਰੱਖਣੀ ਪਈ। ਉਹ ਆਪਣੇ ਸਾਰੇ ਸਾਧਨਾਂ 'ਤੇ ਇਕ ਵਾਰ ਝਾਤ ਮਾਰ ਕੇ ਕਿਸੇ ਅਣਸੁਖਾਂਵੀਂ ਹਾਲਤ ਲਈ ਤਿਆਰ ਰਹਿਣਾ ਚਾਹੁੰਦੀ ਸੀ। ਇਸ ਸ਼ਾਮ ਉਸ ਨੇ ਅਕਾਊਂਟਸ ਡਿਪਾਰਟਮੈਂਟ ਨੂੰ ਹਰ ਸੰਭਵ ਢੰਗ ਨਾਲ ਪੈਸਾ ਬਚਾਉਣ ਲਈ ਜ਼ੋਰ ਦੇ ਕੇ ਕਹਿ ਦਿੱਤਾ। ਪ੍ਰੀਤ ਵੀ ਜਾਣਦੀ ਸੀ ਕਿ ਬਹੁਤ ਕੁਝ ਸੰਭਵ ਨਹੀਂ ਸੀ। ਫਿਰ ਵੀ ਕੋਸ਼ਿਸ਼ ਕਰਨੀ ਬਣਦੀ ਸੀ।

ਇਹ ਨਹੀਂ ਪ੍ਰੀਤ ਨੂੰ ਫ਼ਿਕਰ ਨਹੀਂ ਸੀ। ਇਸ ਦੇ ਉਲਟ ਉਹ ਫ਼ਿਕਰ ਕਰਨ ਦੀ ਥਾਂ ਅਜੋਕੀ ਹਾਲਤ ਦਾ ਜਾਇਜ਼ਾ ਲੈ ਕੇ ਲੋੜ ਅਨੁਸਾਰ ਬਦਲਣਾ ਅਤੇ ਹਾਲਾਤ ਦਾ ਸਾਹਮਣਾ ਪੂਰੀ ਦਲੇਰੀ ਅਤੇ ਮਿਹਨਤ ਨਾਲ ਕਰਨ ਲਈ ਆਪਣੇ ਮਨ ਨੂੰ ਤਿਆਰ ਕਰ ਰਹੀ ਸੀ। ਸਫ਼ਲ ਬਿਜਨਸ ਪਰਸਨ ਲਈ ਲਚਕਦਾਰ ਹੋਣਾ ਬਹੁਤ ਜ਼ਰੂਰੀ ਹੈ ਅਤੇ ਪ੍ਰੀਤ ਵਿਚ ਇਹ ਗੁਣ ਹੈ ਸੀ। ਪ੍ਰੀਤ ਹਾਰ ਅੱਗੇ ਗੋਡੇ ਟੇਕਣ ਦੀ ਥਾਂ ਉਸ ਹਾਰ ਵਿਚੋਂ ਜਿੱਤਣ ਅਤੇ ਸਿੱਖਣ ਦਾ ਗੁਣ ਰਖਦੀ ਸੀ। ਉਹ ਜਾਣਦੀ ਸੀ ਕੋਈ ਵੀ ਹਾਲਤ ਸਥਾਈ ਨਹੀਂ ਹੁੰਦੀ। ਜੋ ਉਸ ਕੋਲ ਕੱਲ੍ਹ ਤੱਕ ਸੀ ਉਹ ਉਸ ਕੋਲ ਕੁਝ ਸਾਲ ਪਹਿਲਾਂ ਤੱਕ ਨਹੀਂ ਸੀ। ਜੋ ਅੱਜ ਉਹ ਖੋਅ ਚੁੱਕੀ ਸੀ ਇਹ ਜਾਂ ਸ਼ਾਇਦ ਇਸ ਤੋਂ ਵੀ ਵੱਧ ਆਉਣ ਵਾਲੇ ਕੁਝ ਸਾਲਾਂ ਵਿਚ ਬਣਾਉਣ ਲਈ ਉਹ ਆਪਣੇ ਆਪ ਨਾਲ ਵਚਨਬੱਧ ਸੀ।

ਉਸ ਸ਼ਾਮ ਉਹ ਆਪਣੇ ਮਨ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰਦੀ ਰਹੀ। ਸ਼ਾਤ ਮਨ ਹੀ ਵਧੀਆ ਅਤੇ ਸਹੀ ਫੈਸਲੇ ਕਰਨ ਯੋਗ ਹੁੰਦਾ ਹੈ, ਇਹ ਪ੍ਰੀਤ ਦਾ ਵਿਸ਼ਵਾਸ਼ ਸੀ। ਉਸ ਲਈ ਚੰਗਾ ਸੰਗੀਤ ਸਭ ਤੋਂ ਵੱਧ ਸਕੂਨ ਦਾ ਸਾਧਨ ਸੀ। ਪ੍ਰੀਤ ਨੇ ਉਸ ਸ਼ਾਮ ਨੂੰ ਪਹਿਲਾਂ ਆ ਕੇ ਹਰ ਰੋਜ਼ ਵਾਂਗ ਮੈਡੀਟੇਸ਼ਨ ਲਈ ਆਪਣੇ ਕਮਰੇ ਵਿਚ ਚਲੀ ਗਈ। ਆਪਣੇ ਮਨ ਅਤੇ ਤਨ ਨੂੰ ਸਿਹਤਮੰਦ ਰੱਖਣ ਲਈ ਉਹ ਵਰਜਸ਼ ਦੇ ਨਾਲ ਨਾਲ ਸਮਾਧੀ ਜਾਣੀ ਮੈਡੀਟੇਸ਼ਨ ਵੀ ਕਰਦੀ। ਅੱਜ ਵਰਗੇ ਅਵੱਲੇ ਦਿਨ ਤਾਂ ਉਸ ਨੂੰ ਆਪਣੇ ਮਨ ਨੂੰ ਸ਼ਾਤ ਰੱਖਣ ਲਈ ਹੋਰ ਵੀ ਮਿਹਨਤ ਦੀ ਲੋੜ ਮਹਿਸੂਸ ਹੋਈ। ਫਿਰ ਉਸ ਨੇ ਸੰਗੀਤ ਸੁਣਿਆ ਅਤੇ ਨਾਲ ਨਾਲ ਮਾਂ ਬਾਪ ਨਾਲ ਗੱਲਾਂ ਕਰਦੀ ਰਹੀ। ਉਸ ਦੇ ਮਨ ਵਿਚ ਅੱਜ ਦੇ ਦਿਨ ਦੀਆਂ ਘਟਨਾਵਾਂ ਦਾ ਸ਼ੋਰ-ਸ਼ਰਾਬਾ ਉਠਦਾ। ਪ੍ਰੀਤ ਆਪਣੇ ਦਿਮਾਗ ਨੂੰ ਆਪਣੇ ਕੰਟਰੋਲ ਵਿਚ ਰੱਖਣ ਦਾ ਚੇਤਨ ਯਤਨ ਕਰਦੀ। ਉਸ ਨੇ ਆਪਣੇ ਦਿਮਾਗ ਨੂੰ ਆਪਣਾ ਨੌਕਰ ਬਣਾਇਆ ਹੋਇਆ ਸੀ। ਉਹ ਆਪਣੇ ਦਿਮਾਗ ਨੂੰ ਆਪਣੀ ਮਰਜ਼ੀ ਨਾਲ ਸੋਚਣ ਦੀ ਖੁਲ੍ਹ ਨਾ ਦਿੰਦੀ। ਅੱਜ ਉਸ ਦਾ ਮਨ ਮੱਲੋ ਮੱਲੀ ਉਸ ਤੋਂ ਆਤਰ ਹੋ ਜਾਂਦਾ। ਉਸ ਦੇ ਮਨ ਵਿਚ ਅੱਜ ਦੇ ਦਿਨ ਦਾ ਸ਼ੋਰ ਸ਼ਰਾਬਾ ਉੱਠਦਾ ਅਤੇ ਉਹ ਕੋਸ਼ਿਸ਼ ਨਾਲ ਉਸ ਸ਼ੋਰ ਸ਼ਰਾਬੇ ਦੀ ਆਪਣੇ ਮਨ ਵਿਚ ਅਵਾਜ਼ ਨੂੰ ਹੌਲਾ ਕਰ ਦਿੰਦੀ। ਫਿਰ ਉਹੀ ਹਾਲਤ ਹੁੰਦੀ ਤਾਂ ਫਿਰ ਉਹ ਉਹੀ ਕਦਮ ਉਠਾਉਂਦੀ। ਹੌਲੀ ਹੌਲੀ ਉਹ ਆਪਣੇ ਮਨ ਨੂੰ ਬਹੁਤ ਹੱਦ ਤੱਕ ਕੰਟਰੋਲ ਕਰਨ ਵਿਚ ਕਾਮਯਾਬ ਹੋ ਗਈ। ਉਸ ਨੂੰ ਐਨੀ ਮਿਹਨਤ ਪਹਿਲਾਂ ਕਦੇ ਵੀ ਨਹੀਂ ਕਰਨੀ ਪਈ ਸੀ। ਹਮੇਸ਼ਾ ਵਾਂਗ ਅੱਜ ਵੀ ਉਸ ਨੇ

ਸੌਣ ਤੋਂ ਪਹਿਲਾਂ ਆਪਣੇ ਆਪ ਨੂੰ ਹਾਂ ਪੱਖੀ ਸੁਝਾਅ ਦਿੱਤੇ। ਸਵੇਰੇ ਜਾਗਣ ‘ਤੇ ਵੀ ਉਸ ਨੇ ਕੁਦਰਤ ਦਾ ਆਪਣੀ ਚੰਗੀ ਸਿਹਤ ਅਤੇ ਸਭ ਕੁਝ ਉਸ ਨੂੰ ਦੇਣ ਦਾ ਧੰਨਵਾਦ ਕੀਤਾ ਅਤੇ ਫਿਰ ਹਾਂ ਪੱਖੀ ਸੁਝਾਅ ਦਿਤੇ। ਹੁਣ ਉਸ ਦਾ ਮਨ ਤਕਰੀਬਨ ਤਕਰੀਬਨ ਥਾਂਵੇਂ ਸੀ।

“ਕਿਵੇਂ ਬੇਟਾ ਠੀਕ ਐਂ। ਕੋਈ ਫ਼ਿਕਰ ਨਾ ਕਰ ਜੇ ਪੈਸਿਆਂ ਦੀ ਲੋੜ ਐ ਤਾਂ ਆਪਾਂ ਇਹ ਘਰ ਵੇਚ ਦਿੰਨੇ ਐਂ।” ਮੀਕੇ ਨੂੰ ਸਾਰੀ ਰਾਤ ਨੀਂਦ ਨਾ ਆਈ। ਉਹ ਪ੍ਰੀਤ ਬਾਰੇ ਜ਼ਿਆਦਾ ਫਿਕਰਮੰਦ ਸੀ। ਉਸ ਨੇ ਸੀਤੋ ਨੂੰ ਕੋਈ ਗੱਲ ਨਾ ਦੱਸੀ ਅਤੇ ਸੀਤੋ ਨੂੰ ਖਬਰਾਂ ਸੁਣਨ ਦਾ ਕੋਈ ਸ਼ੌਕ ਨਹੀਂ ਸੀ। ਉਸ ਨੂੰ ਕੁਝ ਵੀ ਦੱਸ ਕੇ ਉਹ ਸੀਤੋ ਨੂੰ ਫ਼ਿਕਰਾਂ ਵਿਚ ਨਹੀਂ ਪਾਉਣਾ ਚਾਹੁੰਦਾ ਸੀ।

“ਪਾਪਾ ਫ਼ਿਕਰ ਨਾ ਕਰੋ। ਅਗਲੇ ਦਿਨਾਂ ਵਿਚ ਸ਼ੇਅਰ ਬਹੁਤ ਸਸਤੇ ਵਿਕਣਗੇ ਅਤੇ ਚੰਗੇ ਪੈਸੇ ਬਣਨ ਦੀ ਸੰਭਾਵਨਾ ਐ। ਕੁਝ ਕੁ ਰੀਟੇਲ ਵਿਚ ਸਮੱਸਿਆ ਆ ਸਕਦੀ ਐ। ਪਰ ਕੋਈ ਨਾ ਕੋਈ ਹੱਲ ਜ਼ਰੂਰ ਨਿਕਲ ਆਵੇਗਾ।” ਪ੍ਰੀਤ ਸਵੈ ਵਿਸ਼ਵਾਸ਼ ਨਾਲ ਅੱਜ ਵੀ ਨੱਕੋ ਨੱਕ ਭਰੀ ਹੋਈ ਸੀ। ਮੀਕੇ ਨੂੰ ਉਹ ਪਾਪਾ ਬਹੁਤ ਪਿਆਰ ਆਉਣ ਵੇਲੇ ਹੀ ਕਹਿੰਦੀ। ਉਸ ਨੂੰ ਪਤਾ ਸੀ ਕਿ ਮੀਕਾ ਸਾਰੀ ਰਾਤ ਜਾਗਦਾ ਰਿਹਾ ਸੀ। ਉਸ ਵੇਲੇ ਉਸ ਨੂੰ ਉਹ ਕੁਝ ਵੀ ਕਹਿਣਾ ਨਹੀਂ ਚਾਹੁੰਦੀ ਸੀ। ਸਗੋਂ ਉਸ ਦੇ ਮਨ ਨੂੰ ਸ਼ਾਂਤ ਅਤੇ ਬੇਫ਼ਿਕਰ ਕਰਨ ਲਈ ਕੁਝ ਕਰਨਾ ਚਾਹੁੰਦੀ ਸੀ।

“ਡੈਡ ਅੱਜ ਸ਼ਾਮ ਨੂੰ ਜੇ ਤੁਸੀਂ ਬਿਜ਼ੀ ਨਹੀਂ ਤਾਂ ਆਪਾਂ ਬਾਹਰ ਖਾਣਾ ਖਾਣ ਚਲਾਂਗੇ। ਕਈ ਦਿਨਾਂ ਤੋਂ ਆਪਾਂ ਫੈਮਲੀ ਆਊਟਿੰਗ ਨੀ ਕੀਤੀ।”

“ਹਾਂ ਹਾਂ ਇਹ ਤੇਰਾ ਵਿਚਾਰ ਬਹੁਤ ਚੰਗਾ। ਮੈਂ ਸਮੇਂ ਸਿਰ ਘਰ ਆ ਜਾਵਾਂਗਾ। ਆਪਣੀ ਮਾਂ ਨੂੰ ਕਹਿ ਆਪਣੇ ਡਰਾਮੇ ਰਿਕਾਰਡ ਕਰ ਲਵੇ। ਇਹ ਹੀ ਸ਼ਾਮ ਨੂੰ ਬਹੁਤਾ ਬਿਜ਼ੀ ਹੁੰਦੀ ਐ।” ਮੀਕਾ ਬੁੱਲ੍ਹਾਂ ਵਿਚ ਲੁਕਵਾਂ ਜਿਹਾ ਮੁਸਕਰਾਇਆ। ਸੀਤੋ ਨੂੰ ਉਸ ਦੀ ਗੱਲ ਚੁਭ ਗਈ। ਸੀਤੋ ਨੇ ਕੌੜਾ ਜਿਹਾ ਉਸ ਵੱਲ ਵੇਖਿਆ। ਮੂੰਹੋਂ ਕੁਝ ਬੋਲਦੀ ਉਸ ਤੋਂ ਪਹਿਲਾਂ ਹੀ ਮੀਕਾ ਬਾਥ ਰੂਮ ਵਿਚ ਵੜ ਗਿਆ।

ਪ੍ਰੀਤੀ ਨੇ ਦੇਵ ਨੂੰ ਫੋਨ ਕੀਤਾ। ਉਹ ਆਫਿਸ ਵਿਚ ਹੀ ਸੀ। ਕੁਝ ਮਿੰਟ ਉਹ ਫੋਨ ਲਾਈਨ ‘ਤੇ ਕਿਸੇ ਹੋਰ ਨਾਲ ਗੱਲ ਕਰ ਰਿਹਾ ਸੀ। ਜਲਦੀ ਹੀ ਉਸ ਨੇ ਪ੍ਰੀਤੀ ਦੀ ਕਾਲ ਦਾ ਜਵਾਬ ਦੇ ਦਿੱਤਾ।

“ਦੇਵ ਜੇ ਤੁਹਾਡੇ ਕੋਲ ਕੁਝ ਸਮਾਂ ਹੈ ਤਾਂ ਮੈਂ ਤੁਹਾਨੂੰ ਜਲਦੀ ਹੀ ਮਿਲਣਾ ਚਾਹੁੰਦੀ ਹਾਂ।”

“ਆ ਜਾਉ। ਸਗੋਂ ਮੈਂ ਤਾਂ ਆਪ ਤੁਹਾਨੂੰ ਫੋਨ ਕਰਨ ਵਾਲਾ ਸੀ।” ਦੇਵ ਨੂੰ ਵੀ ਮਾਰਕਿਟ ਵਿਚ ਪਏ ਪਟਾਕੇ ਦਾ ਪਤਾ ਸੀ ਅਤੇ ਇਹ ਵੀ ਪਤਾ ਸੀ ਕਿ ਪ੍ਰੀਤੀ ਕਾਫੀ ਸਾਰਾ ਪੈਸਾ ਮਾਰਕਿਟ ਵਿਚ ਨਿਵੇਸ਼ ਕਰਦੀ ਸੀ।

“ਠੀਕ ਐ ਮੈਂ ਬੱਸ ਕੁਝ ਮਿੰਟਾਂ ਵਿਚ ਆਈ।” ਪ੍ਰੀਤ ਨੇ ਕਾਰ ਵਿਚ ਬੈਠੀ ਨੇ ਦੋ ਕੁ ਹੋਰ ਫੋਨ ਕੀਤੇ ਅਤੇ ਦੇਵ ਨੂੰ ਮਿਲਣ ਲਈ ਦਫ਼ਤਰ ਪਹੁੰਚ ਗਈ।

ਦਫ਼ਤਰ ਵਿਚ ਸਾਰੇ ਸਟਾਫ ਨਾਲ ਉਸ ਨੇ ਹੈਲੋ ਕੀਤੀ ਅਤੇ ਸਿੱਧੀ ਦਫ਼ਤਰ ਦੇ ਪਿਛਲੇ ਪਾਸੇ ਇਕ ਕਮਰੇ ਵਿਚ ਚਲੀ ਗਈ। ਇਹ ਕਮਰਾ ਖਾਸ ਤੌਰ ‘ਤੇ ਮੀਟਿੰਗਾਂ ਲਈ ਰੱਖਿਆ ਹੋਇਆ ਸੀ। ਦੇਵ ਆਪਣੇ ਟੇਬਲ ‘ਤੋਂ ਫਾਈਲਾਂ ਨੂੰ ਏਧਰ ਉੱਧਰ ਕਰ ਕੇ ਕੁਝ ਸਫ਼ਾਈ ਕਰਨ ਦਾ ਯਤਨ ਕਰ ਰਿਹਾ ਸੀ। ਉਸ ਨੂੰ ਪਤਾ ਸੀ ਪ੍ਰੀਤੀ ਨੂੰ ਖਿਲਾਰਾ ਪਸੰਦ ਨਹੀਂ ਅਤੇ ਦੇਵ ਦਾ ਟੇਬਲ ਖਿਲਾਰੇ ਨਾਲ ਭਰਿਆ ਹੀ ਰਹਿੰਦਾ। ਪ੍ਰੀਤੀ ਨੂੰ ਵੇਖ ਕੇ ਉਸ ਨੇ ਉਸ ਦਾ ਮੁਆਫੀ ਜਿਹੀ ਮੰਗਦੀ ਮੁਸਕਰਾਹਟ ਨਾਲ ਸਵਾਗਤ ਕੀਤਾ। ਉਸ ਨੂੰ ਅਜੇ

ਵੀ ਖਿਲਾਰੇ ਕਰਕੇ ਥੋੜੀ ਸ਼ਰਮਿੰਦਗੀ ਦਾ ਅਹਿਸਾਸ ਸੀ।

"ਕੱਲ੍ਹ ਦੇ ਦਿਨ ਨੇ ਤਾਂ ਬ੍ਰਿਟੇਨ ਨੂੰ ਹਿਲਾ ਕੇ ਰੱਖ ਦਿੱਤਾ। ਅੱਜ ਵੀ ਮਾਰਕਿਟ ਵਿਚ ਘਬਰਾਹਟ ਦਾ ਬੋਲ ਬਾਲਾ ਲਗਦਾ। ਮੈਨੂੰ ਅਫ਼ਸੋਸ ਐ ਤੁਹਾਨੂੰ ਕਾਫੀ ਨੁਕਸਾਨ ਉਠਾਉਣਾ ਪਿਆ।"

"ਕੁਝ ਗੱਲਾਂ ਆਪਣੇ ਬੱਸ ਨਹੀਂ ਹੁੰਦੀਆਂ। ਵੱਡੀ ਗੱਲ ਐ ਡਿੱਗ ਕੇ ਰੋਣ ਦੀ ਥਾਂ ਸੰਭਲਣ ਦਾ ਯਤਨ ਕਰੀਏ। ਸਭ ਤੋਂ ਪਹਿਲਾਂ ਸਮੱਸਿਆ ਜਾਂ ਦੁਖ ਨੂੰ ਪਛਾਨਣ ਦੀ ਲੋੜ ਐ। ਦੂਜਾ ਸਟੈਪ ਉਸ ਨੂੰ ਮੰਨਣ ਦੀ ਲੋੜ ਐ। ਮੈਂ ਇਹ ਦੋਵੇਂ ਸਟੈਪ ਤਾਂ ਲੰਘ ਗਈ ਆਂ। ਪਰ ਤੀਜਾ ਸਟੈਪ ਸਮੱਸਿਆ ਨਾਲ ਇਕਸੁਰਤਾ ਕਰਨ ਲਈ ਕੋਸ਼ਿਸ਼ ਕਰ ਰਹੀ ਆਂ ਜੋ ਸਭ ਤੋਂ ਔਖਾ ਸਟੈਪ ਆ। ਵੈਸੇ ਮੈਂ ਤੁਹਾਡੇ ਨਾਲ ਕੁਝ ਵਿਚਾਰ ਕਰਨ ਆਈ ਆਂ।" ਦੇਵ ਨੇ ਪ੍ਰੀਤ ਦੇ ਮੂੰਹ ਵੱਲ ਵੇਖਿਆ। ਉਸ ਨੂੰ ਹੈਰਾਨੀ ਹੋਈ ਐਨੇ ਵੱਡੇ ਘਾਟੇ ਅਤੇ ਔਖੀ ਆਰਥਕ ਹਾਲਤ ਵਿਚ ਵੀ ਉਹ ਪੂਰੀ ਸ਼ਾਂਤ ਅਤੇ ਮਾਨਸਕ ਕੰਟਰੋਲ ਵਿਚ ਸੀ।

"ਦੇਵ ਤੁਹਾਨੂੰ ਪਤਾ ਈ ਐ ਮੈਨੂੰ ਪੈਸੇ ਦੀ ਸਖ਼ਤ ਲੋੜ ਐ। ਮੈਂ ਚਾਹੁੰਦੀ ਆਂ ਮੇਰੇ ਹਿੱਸੇ ਦੀਆਂ ਪ੍ਰਾਪਰਟੀਆਂ ਮਹਿੰਗੀਆਂ ਸਸਤੀਆਂ ਵੇਚ ਦਿੱਤੀਆਂ ਜਾਣ। ਤੁਹਾਨੂੰ ਇਸ ਸਮੇਂ ਸਸਤੇ ਭਾਅ ਆਪਣਾ ਹਿੱਸਾ ਵੇਚਣ ਦੀ ਲੋੜ ਨਹੀਂ। ਮੈਨੂੰ ਪਤਾ ਐ ਕਾਫੀ ਨੁਕਸਾਨ ਹੋਵੇਗਾ। ਮੇਰੇ ਲਈ ਇਸ ਸਮੇਂ ਇਹ ਨੁਕਸਾਨ ਸਹਿਣਾ ਹੀ ਸਿਆਣਪ ਐ ਅਤੇ ਜ਼ਰੂਰੀ ਵੀ।" ਪ੍ਰੀਤੀ ਨੇ ਕੁਝ ਹੋਰ ਵਿਸਥਾਰ ਦੇ ਕੇ ਸਾਰੇ ਆਰਥਕ ਹਾਲਾਤ ਬਾਰੇ ਦੱਸਿਆ।

"ਫੌਰੀ ਲੋੜ ਵਾਸਤੇ ਕੁਝ ਪੈਸਿਆਂ ਦਾ ਪ੍ਰਬੰਧ ਤਾਂ ਅੱਜ ਹੀ ਹੋ ਸਕਦਾ। ਰਹੀ ਗੱਲ ਪ੍ਰਾਪਰਟੀਆਂ ਵੇਚਣ ਦੀ। ਕਿਸੇ ਸਮੇਂ ਤੁਸੀਂ ਪ੍ਰਾਪਰਟੀ ਬਿਜਨਸ ਵਿਚ ਮੈਨੂੰ ਹਿੱਸੇਦਾਰ ਬਣਾ ਕੇ ਮੇਰੀ ਮਦਦ ਕੀਤੀ ਸੀ। ਅੱਜ ਮੇਰਾ ਫਰਜ਼ ਐ ਮੈਂ ਆਪਣੀ ਜ਼ਿੰਮੇਵਾਰੀ ਨਿਭਾਵਾਂ। ਮੈਂ ਕੱਲ੍ਹ ਸ਼ਾਮ ਨੂੰ ਹੀ ਬੈਂਕ ਨਾਲ ਗੱਲ ਕੀਤੀ ਸੀ। ਆਪਾਂ ਨੂੰ ਪ੍ਰਾਪਰਟੀਆਂ 'ਤੇ ਕੁਝ ਹੋਰ ਲੋਨ ਮਿਲ ਸਕਦਾ। ਜੇ ਲੋੜ ਪਈ ਤਾਂ ਆਪਾਂ ਸਾਰੀਆਂ ਪ੍ਰਾਪਰਟੀਆਂ ਵੇਚ ਵੀ ਸਕਦੇ ਆਂ।" ਦੇਵ ਨੇ ਪੂਰੇ ਵਿਸ਼ਵਾਸ਼ ਨਾਲ ਹਾਮੀ ਭਰੀ। ਪ੍ਰੀਤ ਨੂੰ ਉਸ 'ਤੇ ਮਾਣ ਹੋਇਆ।

"ਫੌਰੀ ਪੈਸੇ ਕਿਵੇਂ---!"

"ਆਪਣੇ ਕਲਾਇੰਟ ਅਕਾਊਂਟ ਵਿਚ ਪੈਸੇ ਪਏ ਐ। ਉਹਨਾਂ ਨੂੰ ਆਪਾਂ ਵਕਤੀ ਤੌਰ 'ਤੇ ਵਰਤ ਸਕਦੇ ਆਂ।"

"ਆਹ ਤਾਂ ਮੈਂ ਸੋਚਿਆ ਈ ਨਹੀਂ। ਠੀਕ ਐ ਜੋ ਵੀ ਹੋ ਸਕਦਾ ਮੇਰੇ ਅਕਾਊਂਟ ਵਿਚ ਟਰਾਂਸਫਰ ਕਰ ਦੇਵੋ। ਪ੍ਰਾਪਰਟੀ ਤਾਂ ਫਿਰ ਵੀ ਵੇਚਣੀ ਪੈਣੀ ਆ।" ਪ੍ਰੀਤ ਨੂੰ ਆਪਣੀ ਲੋੜ ਦਾ ਅਹਿਸਾਸ ਦੇਵ ਤੋਂ ਵੱਧ ਸੀ।

ਦੇਵ ਨੇ ਇਕ ਲੱਖ ਪੌਂਡ ਪ੍ਰੀਤ ਦੇ ਅਕਾਊਂਟ ਵਿਚ ਟਰਾਂਸਫਰ ਕਰਵਾ ਦਿੱਤਾ। ਪ੍ਰੀਤ ਨੇ ਸਭ ਤੋਂ ਪਹਿਲਾਂ ਕੁਝ ਕੁ ਸ਼ੇਅਰ ਚੁਣੇ ਜਿਹਨਾਂ ਦੀ ਜਲਦੀ ਹੀ ਚੰਗੇ ਮੁੱਲ 'ਤੇ ਵਿਕ ਸਕਣ ਦੀ ਆਸ ਸੀ। ਉਸ ਨੇ ਡਿੱਗੀ ਹੋਈ ਮਾਰਕਿਟ ਵਿਚ ਸ਼ੇਅਰ ਖਰੀਦਣ ਦਾ ਜਿਗਰੇ ਵਾਲਾ ਫੈਸਲਾ ਲਿਆ। ਉਸ ਨੇ ਅਗਲੇ ਇਕ ਦੋ ਦਿਨਾਂ ਵਿਚ ਮਾਰਕਿਟ ਨੂੰ ਥੋੜਾ ਜਿਹਾ ਟਿਕਾਅ ਵਿਚ ਆਉਣ ਦਿੱਤਾ ਅਤੇ ਲੋੜ ਅਨੁਸਾਰ ਸ਼ੇਅਰ ਖਰੀਦ ਲਏ। ਅਗਲੇ ਕੁਝ ਸਮੇਂ ਲਈ ਉਸ ਨੇ ਸਾਰਾ ਧਿਆਨ ਰੀਟੇਲ ਵੱਲ ਦਿੱਤਾ।

ਉਸ ਨੇ ਸਾਰੀਆਂ ਦੁਕਾਨਾਂ ਦੇ ਸੇਲ ਖਰੀਦ ਦੇ ਅਕਾਊਂਟ ਚੈਕ ਕੀਤੇ। ਜਿਹੜੀਆਂ ਦੁਕਾਨਾਂ ਘਾਟੇ ਵਿਚ ਜਾ ਰਹੀਆਂ ਸਨ ਉਹਨਾਂ ਦੀ ਲਿਸਟ ਬਣਾ ਲਈ। ਜਿਹੜੀਆਂ ਮਸਾਂ ਖਰਚੇ ਪੂਰੇ ਕਰ ਰਹੀਆਂ ਸਨ ਉਹਨਾਂ ਦੀ ਵੱਖਰੀ ਲਿਸਟ ਬਣਾ ਲਈ। ਫਿਰ ਉਸ ਨੇ ਰੂਥ

ਨੂੰ ਨਾਲ ਲੈ ਕੇ ਸਾਰੀਆਂ ਦੁਕਾਨਾਂ ਦਾ ਚੱਕਰ ਮਾਰਿਆ ਅਤੇ ਉਹਨਾਂ ਏਰੀਆਂ ਦੀ ਘੋਖ ਪੜਤਾਲ ਕੀਤੀ। ਲੋੜੀਂਦੇ ਨੋਟ ਬਣਾ ਕੇ ਉਸ ਨੇ ਸੀਨੀਅਰ ਮੈਨੇਜਰਾਂ ਨਾਲ ਮੀਟਿੰਗ ਕੀਤੀ।

ਇਸ ਮੀਟਿੰਗ ਵਿਚ ਉਸ ਨੇ ਮੁਨਾਫਾ ਨਾ ਬਣਾ ਰਹੀਆਂ ਦੁਕਾਨਾਂ ਨੂੰ ਬੰਦ ਕਰਨ ਦੀ ਰਾਇ ਰੱਖੀ। ਸਭ ਨੇ ਉਸ ਦੇ ਇਸ ਕਦਮ ਦੀ ਪ੍ਰੋੜ੍ਹਤਾ ਕੀਤੀ। ਬੰਦ ਕਰਨ ਨਾਲ ਦੁਕਾਨਾਂ ਦਾ ਕਿਰਾਇਆ ਸਿਰ ਪੈਣ ਦੇ ਬਾਵਜੂਦ ਉਪਰਲੇ ਖਰਚੇ ਬਚ ਜਾਣੇ ਸਨ। ਉਹਨਾਂ ਦੁਕਾਨਾਂ ਦੀ ਲੀਜ਼ ਵਿਕਣ ਤੱਕ ਉਹਨਾਂ ਨੂੰ ਥੋੜ੍ਹੇ ਵਕਤ ਲਈ ਕਿਰਾਏ ਦੇਣ ਦੀ ਕੋਸ਼ਿਸ਼ ਵੀ ਕੀਤੀ ਜਾ ਸਕਦੀ ਸੀ। ਉਹਨਾਂ ਦੁਕਾਨਾਂ ਵਿਚ ਪਏ ਸਮਾਨ ਦੀ ਸੇਲ ਲਾ ਕੇ ਉਹਨਾਂ ਨੂੰ ਖਾਲੀ ਕਰਨ ਦੇ ਨਾਲ ਨਾਲ ਕੁਝ ਕੈਸ਼ ਆਉਣ ਦੀ ਸੰਭਾਵਨਾ ਵੀ ਸੀ। ਇਸ ਨਾਲ ਉਹ ਆਪਣਾ ਕੁਝ ਕੁ ਓਵਰ ਡਰਾਫਟ ਘਟਾ ਸਕਦੀ ਸੀ ਅਤੇ ਬੈਂਕ ਸ਼ਾਇਦ ਉਸ ਨੂੰ ਤੰਗ ਨਾ ਕਰੇ ਇਹ ਉਮੀਦ ਵੀ ਕਰਨੀ ਜਾਇਜ਼ ਸੀ। ਇਸ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਅਤੇ ਦੁਕਾਨਾਂ ਨੂੰ ਬੰਦ ਕਰਨ ਦੀ ਜ਼ਿੰਮੇਵਾਰੀ ਇਕ ਮੈਨੇਜਰ ਨੂੰ ਸੰਭਾਲ ਕੇ ਪ੍ਰੀਤ ਇਸ ਪਾਸੇ ਤੋਂ ਬੇਫਿਕਰ ਹੋ ਗਈ। ਉਸ ਨੇ ਸਾਰੇ ਬਿਜਨਸ ਨੂੰ ਫਿਰ ਤੋਂ ਤਰਤੀਬ ਦੇਣ ਦੀ ਕੋਸ਼ਿਸ਼ ਆਪਣੇ ਮਨ ਨਾਲ ਸ਼ੂਰੂ ਕਰ ਕੀਤੀ।

ਪ੍ਰਾਪਰਟੀਆਂ ਦੀ ਕੀਮਤ ਡਿਗਣ ਨਾਲ ਮਾਰਕਿਟ ਵਿਚ ਹਫੜਾ ਦਫੜੀ ਵਾਲਾ ਮਹੌਲ ਬਣ ਗਿਆ। ਲੋਕਾਂ ਤੋਂ ਕਿਸ਼ਤਾਂ ਨਾ ਦੇ ਹੋਈਆਂ ਅਤੇ ਕਈ ਲੋਕਾਂ ਨੇ ਪ੍ਰਾਪਰਟੀਆਂ ਕਿਰਾਏ ‘ਤੇ ਦੇਣ ਲਈ ਨੱਬੇ ਤੋਂ ਸੌ ਪ੍ਰਤੀਸ਼ਤ ਲੋਨ ਲਏ ਹੋਏ ਸਨ। ਉਹਨਾਂ ਨੇ ਬੈਂਕ ਨੂੰ ਚਾਬੀਆਂ ਸੰਭਾਲ ਦਿੱਤੀਆਂ। ਉਹਨਾਂ ਮਕਾਨਾ ਨੂੰ ਵੇਚ ਕੇ ਵੀ ਬੈਂਕ ਦੀ ਰਕਮ ਪੂਰੀ ਹੋਣ ਦੀ ਆਸ ਨਹੀਂ ਸੀ। ਬੈਂਕ ਨੇ ਲੋੜੋਂ ਵੱਧ ਸਖ਼ਤੀ ਕਰਕੇ ਲੋਕਾਂ ਦੇ ਲਏ ਹੋਏ ਕਰਜ਼ਿਆਂ ਦਾ ਭੁਗਤਾਨ ਕਰਨ ਦੇ ਹੁਕਮ ਜ਼ਾਰੀ ਕਰ ਦਿੱਤੇ। ਉਹਨਾਂ ਵਿਚ ਜਿਹੜੇ ਬਿਜਨਸ ਬੈਂਕ ਨੂੰ ਡਾਵਾਂਡੋਲ ਲਗਦੇ ਸਨ ਉਹਨਾਂ ‘ਤੇ ਜ਼ਿਆਦਾ ਲਿਆ ਕਰਜ਼ਾ ਵਾਪਿਸ ਕਰਨ ਦਾ ਜ਼ੋਰ ਦਿੱਤਾ ਜਾਂਦਾ। ਪ੍ਰੀਤ ਦਾ ਅਕਾਊਂਟ ਵੀ ਕੁਝ ਕਾਰਨਾਂ ਕਰਕੇ ਇਸੇ ਲਿਸਟ ਵਿਚ ਸੀ।

ਉਸ ਦਾ ਬੈਂਕ ਮੈਨੇਜਰ ਅੱਧਖੜ ਉਮਰ ਦਾ ਰੌਡਨੀ ਨੈਲਸਨ ਸੀ। ਉਸ ਨੇ ਪ੍ਰੀਤ ਨਾਲ ਮਿਲਣ ਦਾ ਸਮਾਂ ਲਿਆ ਅਤੇ ਮਿਥੇ ਸਮੇਂ ਉਹ ਆਪਣੀ ਭਾਰੀ ਦੇਹ ਨੂੰ ਧਕਦਾ ਧਕਾਉਂਦਾ ਉਸ ਦੇ ਦਫ਼ਤਰ ਵਿਚ ਆ ਹਾਜ਼ਰ ਹੋਇਆ। ਇਸ ਤੋਂ ਪਹਿਲਾਂ ਵੀ ਉਹ ਸਮੇਂ ਸਮੇਂ ਇਸ ਦਫ਼ਤਰ ਵਿਚ ਆਉਂਦਾ ਰਹਿੰਦਾ ਸੀ। ਅੱਜ ਉਸ ਦਾ ਮੂਡ ਵੱਖਰਾ ਸੀ। ਉਹ ਪ੍ਰੀਤ ਦੀ ਦਿਲੋਂ ਇੱਜ਼ਤ ਕਰਦਾ। ਐਨੀ ਛੋਟੀ ਉਮਰ ਵਿਚ ਸਫ਼ਲਤਾ ਦੀ ਪੌੜੀ ਚੜ੍ਹਨ ਵਾਲੇ ਲੋਕ ਉਸ ਨੇ ਘੱਟ ਹੀ ਆਪਣੀ ਜ਼ਿੰਦਗੀ ਵਿਚ ਵੇਖੇ ਸਨ। ਸਭ ਕੁਝ ਦੇ ਬਾਵਜੂਦ ਉਹ ਬੈਂਕ ਦਾ ਨੌਕਰ ਸੀ ਪ੍ਰੀਤ ਦਾ ਨਹੀਂ। ਸੋ ਉਸ ਨੇ ਆਪਣੀ ਡਿਊਟੀ ਵਜਾਉਣੀ ਸੀ ਅਤੇ ਪ੍ਰੀਤ ਇਸ ਸੱਚ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਉਸ ਨੇ ਰੌਡਨੀ ਨੂੰ ਆਮ ਵਾਂਗ ਜੀ ਆਇਆਂ ਕਿਹਾ।

ਰੌਡਨੀ ਬੇਅਰਾਮੀ ਜਿਹੀ ਨਾਲ ਕੁਰਸੀ ‘ਤੇ ਬੈਠ ਗਿਆ। ਉਸ ਦੀਆਂ ਅੱਖਾਂ ਪ੍ਰੀਤ ਨਾਲ ਨਹੀਂ ਮਿਲ ਰਹੀਆਂ ਸਨ। ਉਹ ਨੀਵੀਂ ਪਾ ਕੇ ਆਪਣੀਆਂ ਮੋਟੇ ਸ਼ੀਸੇ ਵਾਲੀਆਂ ਐਨਕਾਂ ਵਿਚੋਂ ਦੀ ਚੋਰ ਅੱਖ ਨਾਲ ਵੇਖਦਾ। ਪ੍ਰੀਤ ਉਸ ਦੀਆਂ ਹਰਕਤਾਂ ਵੀ ਨੋਟ ਕਰ ਰਹੀ ਸੀ ਅਤੇ ਉਸ ਦੀ ਮਜ਼ਬੂਰੀ ‘ਤੇ ਤਰਸ ਵੀ ਕਰ ਰਹੀ ਸੀ।

“ਪ੍ਰੀਤ ਬਿਜਨਸ ਦਾ ਕੀ ਹਾਲ ਐ!”

“ਰੌਡਨੀ ਲੋਕਾਂ ਵਰਗਾ ਈ ਆ। ਸਾਰੇ ਈ ਜਦੋਜਹਿਦ ਕਰ ਰਹੇ ਆ।” ਪ੍ਰੀਤ ਨੂੰ ਪਤਾ ਸੀ ਰੌਡਨੀ ਕਿਹੜੀ ਗੱਲ ਕਰਨੀ ਚਾਹੁੰਦਾ ਸੀ।

"ਵੈਸੇ ਰੌਡਨੀ ਅਸੀਂ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਕਈ ਜ਼ਰੂਰੀ ਅਤੇ ਔਖੇ ਫੈਸਲੇ ਕੀਤੇ ਐ। ਇਹਨਾਂ ਫੈਸਲਿਆਂ ਦੇ ਨਤੀਜੇ ਜਲਦੀ ਹੀ ਆਉਣੇ ਸ਼ੁਰੂ ਹੋ ਜਾਣਗੇ।" ਪ੍ਰੀਤ ਨੇ ਰੌਡਨੀ ਦੇ ਬੋਲਣ ਤੋਂ ਪਹਿਲਾਂ ਹੀ ਉਸ ਦਾ ਅੱਗਾ ਵਲ ਲਿਆ। ਪ੍ਰੀਤ ਨੇ ਉਸ ਨੂੰ ਆਪਣੇ ਕੀਤੇ ਸਾਰੇ ਅਦਲ ਬਦਲ ਤੋਂ ਜਾਣੂੰ ਕਰਵਾਇਆ। ਸਾਰੀ ਗੱਲ ਬਾਤ ਸੁਣ ਕੇ ਰੌਡਨੀ ਆਪਣੀ ਫ਼ਾਈਲ ਵਿਚ ਗੁਆਚਣ ਦਾ ਬਹਾਨਾ ਕਰਕੇ ਸੋਚਣ ਲੱਗਾ।

"ਪ੍ਰੀਤ ਮੈਨੂੰ ਤੇਰੇ ਨਾਲ ਹਮਦਰਦੀ ਐ। ਮੈਨੂੰ ਯਕੀਨ ਵੀ ਐ ਕਿ ਤੂੰ ਆਪਣੀ ਕੰਪਨੀ ਨੂੰ ਇਸ ਔਖੇ ਹਾਲਾਤ ਵਿਚੋਂ ਜ਼ਰੂਰ ਬਾਹਰ ਕੱਢ ਲਵੇਂਗੀ। ਬੈਂਕ ਤਾਂ ਬੈਂਕ ਐ ਅਤੇ ਬੈਂਕ ਨੂੰ ਉਸ ਦਾ ਪੈਸਾ ਵਾਪਿਸ ਚਾਹੀਦਾ। ਮੇਰੇ ਖਿਆਲ ਵਿਚ ਮੈਂ ਸਾਰਾ ਪੈਸਾ ਵਾਪਿਸ ਲੈਣ ਦੀ ਥਾਂ ਕੁਝ ਹਿੱਸਾ ਵਾਪਿਸ ਲੈਣ ਦੀ ਬੈਂਕ ਨੂੰ ਸਲਾਹ ਦੇਵਾਂਗਾ। ਉਹ ਤੈਨੂੰ ਇਕੱਠਾ ਨਹੀਂ ਕਿਸ਼ਤਾਂ ਵਿਚ ਦੇਣਾ ਪਵੇਗਾ। ਇਸ ਤੋਂ ਵੱਧ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ।" ਪ੍ਰੀਤ ਨੂੰ ਪਤਾ ਸੀ ਰੌਡਨੀ ਕੋਲ ਇਸ ਤੋਂ ਵੱਧ ਤਾਕਤ ਨਹੀਂ। ਉਹ ਬੈਂਕ ਦੇ ਹੁਕਮ ਦਾ ਬੱਝਾ ਇਸ ਤੋਂ ਵੱਧ ਮੱਦਦ ਨਹੀਂ ਸੀ ਕਰ ਸਕਦਾ। ਇਹ ਪ੍ਰੀਤ ਲਈ ਫਿਕਰ ਵਾਲੀ ਗੱਲ ਸੀ।

ਰੌਡਨੀ ਦੇ ਜਾਣ ਤੋਂ ਬਾਅਦ ਉਹ ਇਸ ਹਾਲਤ ਵਿਚੋਂ ਨਿਕਲਣ ਦੇ ਢੰਗ ਸੋਚਣ ਲੱਗੀ। ਮੰਦੇ ਦੇ ਦਿਨਾਂ ਵਿਚ ਵਧਦੀਆਂ ਕੀਮਤਾਂ ਅਤੇ ਬੈਂਕ ਦੇ ਮਹਿੰਗੇ ਕਰਜੇ, ਘਾਟਾ ਪਾਉਂਦੀਆਂ ਦੁਕਾਨਾਂ, ਮਕਾਨਾਂ ਦੀਆਂ ਡਿਗਦੀਆਂ ਕੀਮਤਾਂ ਸਭ ਕੁਝ ਹੀ ਉਸ ਦੇ ਉਲਟ ਰਾਖਸ਼ ਵਾਂਗ ਮੂੰਹ ਅੱਡੀ ਖੜ੍ਹਾ ਸੀ। ਦੇਵ ਪ੍ਰਾਪਰਟੀਆਂ ਵੇਚਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸੀ। ਮਾਰਕਿਟ ਵਿਚ ਨਾ ਤਾਂ ਖਾਸ ਕੋਈ ਵੇਚਣ ਵਾਲੀਆਂ ਪ੍ਰਾਪਰਟੀਆਂ ਸਨ ਅਤੇ ਨਾ ਹੀ ਖਰੀਦਣ ਵਾਲੇ ਗਾਹਕ। ਹੱਥੋਂ ਸੁੱਟ ਕੇ ਵੇਚਿਆਂ ਕੁਝ ਹੱਥ ਪੱਲੇ ਆਉਣ ਨੂੰ ਨਹੀਂ ਸੀ ਅਤੇ ਨਾ ਵੇਚਿਆਂ ਬੈਂਕ ਦਾ ਕਰਜ਼ਾ ਵਾਪਿਸ ਨਹੀਂ ਹੋ ਸਕਣਾ ਸੀ। ਬੱਸ ਅੱਧਿਉਂ ਡੂਢ ਹੋਣ ਵਾਲੀ ਗੱਲ ਸੀ। ਅਜਿਹੀ ਹਾਲਤ ਕਦੇ ਵੀ ਨਹੀਂ ਆਈ ਸੀ।

ਸ਼ੇਅਰ ਮਾਰਕਿਟ ਨੇ ਥੋੜ੍ਹਾ ਸਾਹ ਭਰਿਆ। ਪੂੰਜੀ ਨਿਵੇਸ਼ ਕਰਨ ਵਾਲਿਆਂ ਦਾ ਕੁਝ ਅਸਥਾਈ ਜਿਹਾ ਵਿਸ਼ਵਾਸ਼ ਬੱਝਾ ਅਤੇ ਉਹ ਫਿਰ ਤੋਂ ਮਾਰਕਿਟ ਵਿਚ ਨਿਵੇਸ਼ ਕਰਨ ਲੱਗੇ ਸਨ। ਮਾਰਕਿਟ ਵਿਚ ਪੂੰਜੀ ਨਿਵੇਸ਼ ਕਰਨ ਵਾਲੇ ਲੋਕ ਹੋਰ ਕੁਝ ਕਰ ਵੀ ਨਹੀਂ ਸਕਦੇ। ਅਚਾਨਕ ਇਕ ਦਿਨ ਫਿਰ ਮਾਰਕਿਟ ਵਿਚ ਵੱਡੀ ਗਿਰਾਵਟ ਆ ਗਈ। ਇਸ ਨੂੰ ਮਿੰਨੀ ਕਰੈਸ਼ ਦੇ ਨਾ ਨਾਲ ਜਾਣਿਆ ਜਾਣ ਲੱਗਾ। ਪ੍ਰੀਤ ਨੇ ਜਿਹੜਾ ਪੈਸਾ ਮਾਰਕਿਟ ਵਿਚ ਕਲਾਇੰਟਸ ਅਕਾਊਂਟਸ ਵਿਚੋਂ ਲਾਇਆ ਸੀ ਉਹ ਵੀ ਅੱਧਾ ਉੱਡ ਗਿਆ। ਉਸ ਨੇ ਇਹਨਾਂ ਸ਼ੇਅਰਾਂ ਨੂੰ ਅਜੇ ਵੇਚ ਨਹੀਂ ਸਕਣਾ ਸੀ ਅਤੇ ਉਹ ਪੈਸਾ ਵਾਪਿਸ ਨਹੀਂ ਆ ਸਕਣਾ ਸੀ। ਇਹ ਹੋਰ ਵੀ ਵੱਡੀ ਸਮੱਸਿਆ ਬਣ ਗਈ।

ਕੁੱਲ ਮਿਲਾ ਕੇ ਪ੍ਰੀਤ ਲਈ ਮੁਸੀਬਤਾਂ ਦਾ ਪਰਬਤ ਸਾਹਮਣੇ ਸੀ। ਉਸ ਨੂੰ ਯਕੀਨ ਨਹੀਂ ਸੀ ਕਿ ਉਹ ਅਗਲੇ ਕੁਝ ਮਹੀਨਿਆਂ ਬਾਅਦ ਵੀ ਬਿਜਨਸ ਵਿਚ ਹੋਵੇਗੀ ਜਾਂ ਉਸ ਦਾ ਦੀਵਾਲਾ ਨਿਕਲ ਗਿਆ ਹੋਵੇਗਾ। ਆਰਥਕ ਲੜਾਈ ਦੇ ਨਾਲ ਨਾਲ ਉਸ ਨੂੰ ਆਪਣੀ ਮਾਨਸਕ ਸਥਿਰਤਾ ਅਤੇ ਸਕੂਨ ਲਈ ਹੋਰ ਵੀ ਵੱਡੀ ਲੜਾਈ ਲੜਨੀ ਪੈ ਰਹੀ ਸੀ।

## ਇਕਿਆਲੀਵਾਂ

ਸਤਿਵੀਰ। ਸੀਤੋ ਦੀ ਅੱਖ ਦਾ ਤਾਰਾ। ਪਿਛਲੇ ਛੇ ਮਹੀਨਿਆਂ ਤੋਂ ਉਸ ਬਾਰੇ ਘਰ ਦੇ ਕਿਸੇ ਮੈਂਬਰ ਨੂੰ ਕੋਈ ਅਤਾ ਪਤਾ ਨਹੀਂ। ਪਹਿਲਾਂ ਕਦੇ ਕਦੇ ਉਹ ਪ੍ਰੀਤ ਜਾਂ ਸੀਤੋ ਨੂੰ ਫੋਨ ਕਰ ਲੈਂਦਾ ਜਾਂ ਮਿਲਣ ਆ ਜਾਂਦਾ। ਹੁਣ ਜਦ ਤੋਂ ਮੀਕੇ ਨੇ ਸੀਤੋ 'ਤੇ ਉਸ ਨੂੰ ਪੈਸੇ ਦੇਣ ਦੀ ਪਬੰਦੀ ਲਾਈ ਸੀ ਉਹ ਸੀਤੋ ਨੂੰ ਮਿਲਣ ਤਾਂ ਦੂਰ, ਕਦੀ ਉਸ ਦਾ ਫੋਨ ਵੀ ਨਹੀਂ ਆਇਆ। ਸੀਤੋ ਦੇ ਦਿਲ ਨੂੰ ਡੋਬੂ ਪੈਂਦੇ। ਉਹ

ਢਿੱਡ ਵਿਚ ਮੁਕੀਆਂ ਦਿੰਦੀ ਅਤੇ ਮਨੋ ਮਨ ਮੀਕੇ ਨੂੰ ਬੁਰਾ ਭਲਾ ਕਹਿੰਦੀ। ਉਸ ਦੀ ਨਜ਼ਰ ਵਿਚ ਮੀਕਾ ਹੀ ਉਸ ਦੇ ਲਾਲ ਨੂੰ ਘਰੋਂ ਦੂਰ ਕਰਨ ਦਾ ਕਾਰਣ ਸੀ। 'ਜਿਹੜੇ ਚਾਰ ਪੈਸੇ ਕੋਲ ਐ ਉਹ ਭਲਾ ਹਿੱਕ 'ਤੇ ਧਰ ਕੇ ਨਾਲ ਲੈ ਕੇ ਜਾਣੇ ਐ। ਮੁੰਡੇ 'ਚ ਭੋਰਾ ਖੋਟ ਐ ਤਾਂ ਕੀ ਹੋਇਆ। ਆਪੇ ਠੀਕ ਹੋ ਜਾਂਦਾ। ਚੌਂਹ ਛਿਲੜਾਂ ਦੀ ਖਾਤਰ ਉਹਨੂੰ ਘਰੇ ਆਉਣਾ ਈ ਬੰਦ ਕਰ 'ਤਾ।'

'ਪ੍ਰੀਤ ਕੋਲ ਵੀ ਅੱਗ ਲਾਇਆ ਪੈਸਾ ਨੀ ਮੁਕਦਾ। ਜੇ ਭਲਾ ਨਿਆਣੇ ਨੂੰ ਭੋਰਾ ਨਸ਼ੇ ਦੀ ਲੱਤ ਲੱਗ ਈ ਗਈ ਤਾਂ ਕੀ ਫ਼ਰਕ ਪੈਂਦਾ ਸੀ। ਜੇ ਉਹਨੂੰ ਆਪਦੇ ਨਾਲ ਕੰਮ 'ਤੇ ਲਾ ਲੈਂਦੀ। ਚਾਰ ਪੈਸੇ ਦਿੰਦੀ। ਚਲੋ ਨਸ਼ਾ ਕਰਦਾ ਅੱਖਾਂ ਮੂਹਰੇ ਤਾਂ ਰਹਿੰਦਾ।' ਸੀਤੋ ਕਿਸੇ ਨੂੰ ਬੋਲ ਕੇ ਤਾਂ ਘੱਟ ਈ ਕਹਿੰਦੀ ਪਰ ਮਨ ਹੀ ਮਨ ਉਹ ਦੁਖੀ ਰਹਿੰਦੀ। ਆਪਣੀ ਉਹ ਵਾਹ ਲਾਉਂਦੀ ਕਿ ਕਿਸੇ ਨਾ ਕਿਸੇ ਤਰ੍ਹਾਂ ਸਤਿਵੀਰ ਉਸ ਨੂੰ ਮਿਲ ਜਾਵੇ। ਅੰਦਰੇ ਅੰਦਰ ਉਹ ਘੁਲਦੀ ਰਹਿੰਦੀ ਅਤੇ ਦਿਨੋ ਦਿਨ ਉਸ ਦੀ ਚੁੱਪ ਡੂੰਘੀ ਹੋਈ ਜਾਂਦੀ। ਪ੍ਰੀਤ ਅਤੇ ਮੀਕਾ ਦੋਵੇਂ ਹੀ ਉਸ ਬਾਰੇ ਫਿਕਰਮੰਦ ਸਨ।

ਮੀਕਾ ਅਤੇ ਪ੍ਰੀਤ ਅੰਦਰੇ ਅੰਦਰ ਸਤਿਵੀਰ ਨੂੰ ਲੱਭਣ ਦੀ ਕੋਸ਼ਿਸ਼ ਕਰਦੇ। ਉਸ ਦੇ ਅਮਲੀ ਬੇਲੀ ਵੀ ਬਦਲ ਗਏ ਸਨ। ਪੁਰਾਣੇ ਉਸ ਦੇ ਅਮਲੀ ਬੇਲੀਆਂ ਨੂੰ ਮੀਕੇ ਨੇ ਖਿਲਾ ਪਿਲਾ ਕੇ ਦੋ ਚਾਰ ਵਾਰ ਸਤਿਵੀਰ ਬਾਰੇ ਪੁੱਛਿਆ। ਉਹਨਾਂ ਨੂੰ ਵੀ ਹੁਣ ਉਸ ਦਾ ਕੋਈ ਥਹੁ ਪਤਾ ਨਹੀਂ ਸੀ।

ਸਤਿਵੀਰ ਨੇ ਛੋਟੀਆਂ ਚੋਰੀਆਂ ਕਰਨ ਨਾਲ ਕੰਮ ਨਾ ਚਲਦਾ ਵੇਖ ਕੇ ਵੱਡੀਆਂ ਮਾਰਾਂ ਬਾਰੇ ਸੋਚਣਾ ਸ਼ੁਰੂ ਕੀਤਾ। ਜਿਥੇ ਚਾਹ ਉੱਥੇ ਰਾਹ। ਉਸ ਦਾ ਸਬੰਧ ਕੁਝ ਹੋਰ ਅਮਲੀਆਂ ਨਾਲ ਹੋਇਆ। ਜਿਹਨਾਂ ਦਾ ਕੰਮ ਮਹਿੰਗੀਆਂ ਕਾਰਾਂ ਚੋਰੀ ਕਰਨੀਆਂ ਅਤੇ ਇਕ ਅੰਤਰਰਾਸ਼ਟਰੀ ਗਿਰੋਹ ਨੂੰ ਦੇ ਦੇਣੀਆਂ। ਬਦਲੇ ਵਿਚ ਚੰਗੇ ਪੈਸੇ ਮਿਲ ਜਾਂਦੇ। ਇਹ ਗਿਰੋਹ ਰਾਤੋ ਰਾਤ ਕਾਰ ਨੂੰ ਘੂ ਕੇ ਵਿਚੋਂ ਬਾਹਰ ਕੱਢ ਅਫ਼ਰੀਕਾ ਅਤੇ ਮਿਡਲ ਈਸਟ ਦੇ ਦੇਸ਼ਾਂ ਵਿਚ ਲੈ ਜਾਂਦੇ।

ਪਹਿਲੀ ਵਾਰ ਸਤਿਵੀਰ ਇਸ ਨਵੇਂ ਬਣੇ ਦੋਸਤਾਂ ਨਾਲ ਗਿਆ ਤਾਂ ਉਸ ਨੂੰ ਆਪਣੀ ਛਾਤੀ ਵਿਚ ਦਿਲ ਧੌਂਕਣੀ ਵਾਂਗ ਚਲਦਾ ਲੱਗਾ। ਇਹ ਕਿਸੇ ਏਸ਼ੀਅਨ ਦਾ ਘਰ ਸੀ। ਘਰ ਦਾ ਸਾਰਾ ਕੰਮ ਨਵਾਂ ਹੀ ਹੋਇਆ ਲਗਦਾ ਸੀ। ਘਰ ਦੇ ਅਲਾਰਮ ਦੀ ਬੈਲ ਵੀ ਬਾਹਰ ਟੰਗੀ ਹੋਈ ਦਿਸੀ। ਘਰ ਨੂੰ ਲੋਹੇ ਦਾ ਗੇਟ ਲਾਇਆ ਹੋਇਆ ਸੀ। ਅੰਦਰ ਬੀ ਐਮ ਡਬਲਯੂ ਅਤੇ ਇਕ ਸਪੋਰਟਸ ਮਰਸਡੀਜ਼ ਐਸ ਐਲ ਕੇ ਖੜੀਆਂ ਸਨ। ਸਤਿਵੀਰ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਇਹ ਕਾਰਾਂ ਚੋਰੀ ਕਿਵੇਂ ਕਰਨਗੇ! ਉਹ ਆਪਣੇ ਮਿੱਤਰਾਂ ਦੇ ਇਸ਼ਾਰਿਆਂ 'ਤੇ ਚਲਦਾ ਰਿਹਾ। ਉਹਨਾਂ ਨੇ ਬਿਨਾਂ ਖੜਾਕ ਕੰਧ ਟੱਪੀ। ਸਾਰੇ ਘਰ ਦਾ ਚੱਕਰ ਲਾਇਆ ਤਾਂ ਉਹਨਾਂ ਨੂੰ ਕਿਚਨ ਦੀ ਛੋਟੀ ਵਿੰਡੋ ਖੁੱਲ੍ਹੀ ਦਿਸੀ। ਉਹਨਾਂ ਵਿਚੋਂ ਇਕ ਨੇ ਡਸਟ ਬਿਨ ਮੂਧਾ ਮਾਰ ਲਿਆ ਅਤੇ ਉਸ ਉੱਪਰ ਚੜ੍ਹ ਕੇ ਖੁੱਲ੍ਹੀ ਵਿੰਡੋ ਵਿਚ ਦੀ ਹੱਥ ਪਾ ਕੇ ਵੱਡੀ ਖਿੜਕੀ ਖੋਲ੍ਹ ਲਈ। ਉਹ ਅੰਦਰ ਚਲਾ ਗਿਆ। ਉਸ ਦਾ ਸਾਥੀ ਵੀ ਅੰਦਰ ਲੰਘ ਗਿਆ। ਸਤਿਵੀਰ ਨੂੰ ਉਹਨਾਂ ਨੇ ਬਾਹਰ ਛੱਡ ਦਿੱਤਾ। ਮਿੰਟ ਵਿਚ ਹੀ ਕਾਰਾਂ ਦੀਆਂ ਦਰਵਾਜ਼ੇ ਕੋਲ ਲਟਕਦੀਆਂ ਚਾਬੀਆਂ ਚੁੱਕ ਕੇ ਉਹਨਾਂ ਨੇ ਸਤਿਵੀਰ ਨੂੰ ਫੜਾ ਦਿੱਤੀਆਂ ਅਤੇ ਕਾਰਾਂ ਅਤੇ ਗੇਟ ਖੋਲ੍ਹਣ ਦਾ ਇਸ਼ਾਰਾ ਕੀਤਾ।

ਜਲਦੀ ਜਲਦੀ ਉਹਨਾਂ ਨੇ ਆਈ ਪੈਡ ਅਤੇ ਲੈਪ ਟੌਪ ਵੀ ਹੱਥ ਹੇਠ ਕਰ ਲਏ। ਸਟੱਡੀ ਵਿਚ ਚੋਰ ਅੱਖ ਨੇ ਵੇਖਿਆ ਤਾਂ ਉਹਨਾਂ ਨੂੰ ਕੋਈ ਬਾਹਰੋਂ ਆਏ ਪ੍ਰਾਹੁਣਿਆਂ ਦਾ ਸਮਾਨ ਪਿਆ ਦਿਸਿਆ। ਚੋਰਾਂ ਦੀ ਕਾਹਲੇ ਅਤੇ ਤਜ਼ਰਬੇਕਾਰ ਹੱਥਾਂ ਨੇ ਸੋਨੇ ਦੇ ਗਹਿਣੇ ਅਤੇ ਪਾਸਪੋਰਟਾਂ ਦੇ ਨਾਲ ਹੀ ਡਾਲਰਾਂ ਵਿਚ ਕਰੰਸੀ ਵੀ ਸਕਿੰਟਾਂ ਵਿਚ ਸਮੇਟ ਲਈ। ਦੱਬੇ ਪੈਰੀਂ ਬਾਹਰ ਆਏ ਅਤੇ ਕਾਰਾਂ ਸਟਾਰਟ ਕੀਤੀਆਂ। ਕਾਰਾਂ ਸਟਾਰਟ ਕਰਕੇ ਹਾਰਨ ਮਾਰ ਕੇ ਘਰ ਵਾਲਿਆਂ ਨੂੰ ਜਾਣ ਬੁੱਝ ਕੇ ਜਗਾਇਆ। ਜਦੋਂ ਤੱਕ ਘਰ ਦੀਆਂ ਲਾਈਟਾਂ

ਜਗੀਆਂ ਅਤੇ ਘਰ ਦੇ ਮਾਲਕ ਨੇ ਬਾਹਰ ਵੇਖਿਆ ਤਾਂ ਚੋਰਾਂ ਨੇ ਹੱਥ ਹਿਲਾ ਕੇ 'ਬਾਏ' ਕੀਤੀ ਅਤੇ ਕਾਰਾਂ ਭਜਾ ਕੇ ਲੈ ਗਏ। ਕਾਰ ਵਿਚ ਬੈਠ ਕੇ ਉਹ ਆਪਣੇ ਬਹਾਦਰੀ ਭਰੇ ਕਾਰਨਾਮੇ 'ਤੇ ਖੁਸ਼ ਹੁੰਦੇ ਰਹੇ।

ਘਰ ਦੇ ਮਾਲਕ ਨੇ ਬਾਹਰ ਖੜ੍ਹੀ ਪੁਰਾਣੀ ਕਾਰ ਵਿਚ ਪਿੱਛਾ ਕਰਨ ਦਾ ਯਤਨ ਕੀਤਾ। ਨਵੀਆਂ ਕਾਰਾਂ ਅਤੇ ਚੋਰਾਂ ਦੀ ਬੇਦਰਦ ਡਰਾਈਵਿੰਗ ਨੇ ਉਸ ਨੂੰ ਨੇੜ ਤੇੜ ਵੀ ਢੁਕਣ ਨਾ ਦਿੱਤਾ। ਉਸ ਦੀ ਪਤਨੀ ਨੇ ਪੁਲੀਸ ਨੂੰ ਫੋਨ ਕੀਤਾ। ਜਦੋਂ ਨੂੰ ਪੁਲੀਸ ਘਰ ਆਈ ਤਦ ਤੱਕ ਘਰ ਦਾ ਮਾਲਕ ਵੀ ਖਾਲੀ ਹੱਥ ਵਾਪਿਸ ਆ ਗਿਆ। ਪੁਲੀਸ ਸਟੇਟਮਿੰਟ ਲੈਣ ਲੱਗੀ ਅਤੇ ਚੋਰ ਤਦ ਤੱਕ ਕਿਤੇ ਦੇ ਕਿਤੇ ਚਲੇ ਗਏ। ਪੁਲੀਸ ਨੇ ਮਾਲਕ ਨੂੰ ਉਸੇ ਵੇਲੇ ਦੱਸ ਦਿੱਤਾ ਕਿ ਕਾਰਾਂ ਦੇ ਮਿਲਣ ਦੀ ਉਮੀਦ ਨਾ ਵਰਗੀ ਸੀ। ਪੁਲੀਸ ਨੇ ਮਾਲਕ ਨੂੰ ਰਾਤ ਨੂੰ ਅਲਾਰਮ ਨਾ ਲਾਹੁਣ ਅਤੇ ਵਿੰਡੋ ਖੁਲ੍ਹੀ ਛੱਡਣ ਲਈ ਸੰਜਮੀ ਸ਼ਬਦਾਂ ਨਾਲ ਜ਼ਿੰਮੇਵਾਰ ਠਹਿਰਾਇਆ ਅਤੇ ਅੱਗੇ ਤੋਂ ਧਿਆਨ ਰੱਖਣ ਦੀ ਚਿਤਾਵਨੀ ਦੇ ਕੇ ਅਤੇ ਲੋੜੀਂਦੀ ਕਾਰਵਾਈ ਕਰਨ ਦੀ ਤਸੱਲੀ ਦੇ ਕੇ ਚਲੀ ਗਈ।

ਸਤਿਵੀਰ ਲਈ ਇਹ ਪਹਿਲੀ ਮੁਹਿੰਮ ਸੀ। ਪਹਿਲਾਂ ਤਾਂ ਉਹ ਡਰਿਆ ਅਤੇ ਨਾ ਤਜ਼ਰਬੇਕਾਰ ਹੋਣ ਕਰਕੇ ਇਹ ਕੰਮ ਐਨਾ ਸੌਖਾ ਕੰਮ ਹੋਣ ਦਾ ਉਸ ਨੂੰ ਯਕੀਨ ਹੀ ਨਹੀਂ ਸੀ ਆਇਆ। ਹੁਣ ਉਹ ਚਾਂਭੜਾਂ ਮਾਰਦਾ ਕਾਰ ਨੂੰ ਹਵਾ ਦੀ ਸਪੀਡ ਨਾਲ ਭਜਾ ਰਿਹਾ ਸੀ। ਉਸ ਦੇ ਨਾਲ ਦੇ ਮੁੰਡੇ ਨੇ ਉਸ ਨੂੰ ਕਾਰ ਹੌਲੀ ਕਰਨ ਦੀ ਚਿਤਾਵਨੀ ਦਿੱਤੀ।

"ਪਹਿਲਾਂ ਨੰਬਰ ਪਲੇਟ ਬਦਲ ਲਈਏ। ਦੂਜੀ ਗੱਲ ਬਹੁਤੀ ਤੇਜ਼ ਕਾਰ ਚਲਾ ਕੇ ਤਾਂ ਪੋਲੀਸ ਨੂੰ ਮੱਲੋ ਮੱਲੀ ਪਿੱਛੇ ਲਾਹੁਣ ਵਾਲੀ ਗੱਲ ਐ। ਹੁਣ ਕਾਰ ਇੰਝ ਚਲਾ ਜਿਵੇਂ ਕਿਸੇ ਰਈਸ ਦਾ ਜ਼ਿੰਮੇਵਾਰ ਪੁੱਤ ਹੋਵੇਂ।" ਸਤਿਵੀਰ ਨੇ ਕਾਰ ਨੂੰ ਨੈਸ਼ਨਲ ਸਪੀਡ ਲਿਮਟ 'ਤੇ ਲੈ ਆਂਦਾ। ਕੁਝ ਦੂਰ ਜਾ ਕੇ ਇਕ ਸੁੰਨ ਸਰਾਂ ਜਿਹੀ ਥਾਂ 'ਤੇ ਖੜ੍ਹ ਕੇ ਉਹਨਾਂ ਨੇ ਕਾਰ ਦੀ ਨੰਬਰ ਪਲੇਟ ਬਦਲ ਲਈ ਅਤੇ ਬੇਫਿਕਰ ਹੋ ਕੇ ਡੋਵਰ ਦੇ ਰਾਹ ਪੈ ਗਏ।

ਡੋਵਰ ਪਹੁੰਚੇ ਤਾਂ ਕਾਰਾਂ ਉਹਨਾਂ ਨੇ ਡੋਵਰ ਤੋਂ ਪਹਿਲਾਂ ਹੀ ਮਿਥੇ ਸਥਾਨ 'ਤੇ ਜੋ ਇਕ ਕੌਫੀ ਸੀ, ਗਰੋਹ ਦੇ ਮੈਂਬਰਾਂ ਨੂੰ ਦੇ ਦਿੱਤੀਆਂ। ਕੈਸ਼ ਅਤੇ ਸੋਨਾ ਉਹਨਾਂ ਆਪਣੇ ਕੋਲ ਰੱਖ ਲਿਆ ਅਤੇ ਗਰੋਹ ਤੋਂ ਪੈਸੇ ਲੈ ਕੇ ਵਾਪਿਸ ਆ ਗਏ। ਅਗਲੇ ਕੁਝ ਦਿਨ ਉਹ ਬਾਦਸ਼ਾਹਾਂ ਵਾਂਗ ਖਾਂਦੇ ਪੀਂਦੇ ਅਤੇ ਕੱਪੜੇ ਆਦਿ ਖਰੀਦਦੇ ਰਹੇ ਅਤੇ ਨਾਲ ਹੀ ਅਗਲੇ ਸ਼ਿਕਾਰ ਦੀ ਭਾਲ ਵਿਚ ਲੱਗ ਗਏ। ਸਤਿਵੀਰ ਨੂੰ ਹੁਣ ਘੱਟ ਹੀ ਕੋਈ ਯਾਦ ਆਉਂਦਾ। ਦੋਸਤਾਂ ਵਿਚ ਮਸਤ ਅਤੇ ਨਸ਼ੇ ਨਾਲ ਗੜੁੱਚ ਉਹਨੂੰ ਰੱਬ ਯਾਦ ਨਹੀਂ ਸੀ।

ਅਗਲੇ ਦਿਨਾਂ ਵਿਚ ਸਤਿਵੀਰ ਨੇ ਹੋਰ ਵੀ ਕਈ ਤਜ਼ਰਬੇ ਕੀਤੇ। ਇਕ ਬੁਢੀ ਗੋਰੀ ਦੇ ਘਰ ਜਾ ਕੇ ਉਹਨਾਂ ਨੇ ਉਸ ਦੀ ਡੋਰ ਬੈਲ ਕੀਤੀ। ਵਿਚਾਰੀ ਬੁਢੀ ਨੇ ਮੁਸਕਰਾਉਂਦਿਆਂ ਦਰਵਾਜ਼ਾ ਖੋਲ੍ਹਿਆ। ਦਰਵਾਜ਼ਾ ਖੋਲ੍ਹਣ ਦੀ ਦੇਰ ਸੀ ਬੁਢੀ ਦੇ ਮੂੰਹ 'ਤੇ ਇਕ ਘਸੁੰਨ ਪਿਆ। ਬੁਢੀ ਵਿਚਾਰੀ ਲੜਖੜਾਉਂਦੀ ਚੁਫਾਲ ਡਿੱਗ ਪਈ। ਉਸ ਨੂੰ ਭੋਰਾ ਵੀ ਸੁਰਤ ਨਾ ਰਹੀ। ਸਤਿਵੀਰ ਇਕ ਵਾਰ ਤਾਂ ਬੌਂਦਲ ਜਿਹਾ ਗਿਆ। ਉਸ ਨੂੰ ਬੁਢੀ 'ਤੇ ਤਰਸ ਆਇਆ। ਪਰ ਉਸ ਨੇ ਆਪਣੇ ਸਾਥੀ ਦਾ ਹੁਕਮ ਮੰਨਦਿਆਂ ਘਰ ਦੀ ਤਲਾਸ਼ੀ ਲਈ। ਬੁਢੀ ਦੇ ਹੈਂਡ ਬੈਗ ਵਿਚੋਂ ਉਹਨਾਂ ਨੂੰ ਕੁਝ ਪੈਸੇ ਕੈਸ਼ ਮਿਲੇ। ਸ਼ਾਇਦ ਬੁਢੀ ਆਪਣੀ ਪੈਨਸ਼ਨ ਲੈ ਕੇ ਆਈ ਹੋਵੇਗੀ। ਉਹਨਾਂ ਨੇ ਉਸ ਦੀ ਨੌਂ ਕੈਰਟ ਸੋਨੇ ਦੀ ਚੇਨ ਅਤੇ ਵਿਆਹ ਵਾਲੀ ਮੁੰਦਰੀ ਵੀ ਲਾਹ ਲਈ।

ਸਤਿਵੀਰ ਨੂੰ ਆਪਣੇ ਆਪ 'ਤੇ ਗਿਲਾਨੀ ਹੋਈ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਨੇ ਆਪਣੀ ਦਾਦੀ ਨੂੰ ਲੁਟਿਆ ਹੋਵੇ ਅਤੇ ਜ਼ਖਮੀ ਕੀਤਾ ਹੋਵੇ। ਉਹ ਚੁੱਪ ਚਾਪ ਲੰਬੇ ਕਦਮ ਭਰਦਾ ਆਪਣੇ ਸਾਥੀਆਂ ਨਾਲ ਹੋ ਤੁਰਿਆ। ਨਸ਼ੇ ਵਾਲੀ ਸਿਗਰਟ ਦੇ ਇਕ ਕਸ਼ ਨੇ

ਉਸ ਨੂੰ ਸਾਂਵਾਂ ਕਰ ਦਿੱਤਾ। ਸ਼ਾਮ ਦੀਆਂ ਖਬਰਾਂ ਵਿਚ ਇਸ ਦੁਰਘਟਨਾ ਦਾ ਜ਼ਿਕਰ ਟੀ ਵੀ 'ਤੇ ਵੀ ਉਹਨਾਂ ਨੇ ਵੇਖਿਆ। ਬਾਕੀ ਮੁੰਡੇ ਤਾਂ ਹਸਦੇ ਰਹੇ ਪਰ ਸਤਿਵੀਰ ਤੋਂ ਹੱਸਿਆ ਨਾ ਗਿਆ। ਉਸ ਨੂੰ ਆਪਣੀ ਦਾਦੀ ਦਾ ਚਿਹਰਾ ਮੱਲੋ ਮੱਲੀ ਦਿਸਣ ਲੱਗਾ। ਉਸ ਲਈ ਅਜਿਹੀ ਹਾਲਤ ਬਹੁਤਾ ਲੰਬਾ ਸਮਾਂ ਰਹਿ ਹੀ ਨਹੀਂ ਸਕਦੀ ਸੀ। ਖਾਣ ਪੀਣ ਲਈ ਕੁਝ ਸਮੇਂ ਬਾਅਦ ਉਹ ਲੰਡਨ ਨੂੰ ਚਲੇ ਗਏ।

ਉਹਨਾਂ ਨੇ ਨਾਈਟ ਕਲੱਬਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਮੁਫ਼ਤ ਦੇ ਪੈਸੇ ਨਾਲ ਉਹ ਐਸ਼ ਕਰਦੇ। ਇਹਨਾਂ ਕਲੱਬਾਂ ਵਿਚ ਉਹਨਾਂ ਨੂੰ ਬੀਅਰ ਵਿਸਕੀ ਤੋਂ ਬਿਨਾਂ ਹਰ ਕਿਸਮ ਦਾ ਨਸ਼ਾ ਵੀ ਮਿਲਦਾ। ਨਸ਼ਾ ਕਰਦੇ ਤਾਂ ਨਸ਼ਈ ਕੁੜੀਆਂ ਵੀ ਮਿਲ ਜਾਂਦੀਆਂ। ਨਸ਼ਾ ਵੇਚਣ ਵਾਲੇ ਆਉਂਦੇ ਅਤੇ ਨਸ਼ਾ ਖਾਣ ਵਾਲੇ ਵੀ। ਕੁਝ ਕੁੜੀਆਂ ਨਾਲ ਦੋਸਤੀ ਹੋ ਜਾਂਦੀ ਅਤੇ ਕੁਝ ਨਾਲ ਟੁੱਟ ਜਾਂਦੀ। ਉਹਨਾਂ ਦੀ ਥਾਂ ਹੋਰ ਆ ਜਾਂਦੀਆਂ। ਸਿਲਸਿਲਾ ਚਲਦਾ ਰਹਿੰਦਾ।

“ਜੇ ਆਪਾਂ ਚੋਰੀ ਵਿਚ ਫੜੇ ਗਏ ਕੈਦ ਤਾਂ ਵੀ ਹੋ ਜਾਣੀ ਆ। ਆਪਾਂ ਕੋਈ ਵੱਡਾ ਕੰਮ ਕਰੀਏ। ਜੇ ਫੜੇ ਗਏ ਤਾਂ ਸਜ਼ਾ ਉਸ ਕੇਸ ਵਿਚ ਵੀ ਐਸੀ ਵੈਸੀ ਹੀ ਹੋਵੇਗੀ।” ਸਤਿਵੀਰ ਨੇ ਇਕ ਦਿਨ ਸੋਚਦਿਆਂ ਰਾਇ ਰੱਖੀ।

“ਵੱਡਾ ਕੀ। ਕਾਰਾਂ ਦੀ ਥਾਂ ਟਰੱਕ ਚੋਰੀ ਕਰ ਲਿਆ ਕਰੀਏ। ਟਰੱਕਾਂ ਨੂੰ ਵਿਲੇ ਲਾਉਣਾ ਔਖਾ ਹੋ ਜੂ।” ਪੀਲੇ ਦੰਦਾਂ ਵਾਲੇ ਨੇ ਜਵਾਬ ਦਿੱਤਾ।

“ਆਪਾਂ ਡਰੱਗ ਵੇਚਣ ਦਾ ਧੰਦਾ ਕਰੀਏ।” ਕਹਿ ਕੇ ਸਤਿਵੀਰ ਦੂਜਿਆਂ ਵੱਲ ਵੇਖਣ ਲੱਗਾ। ਸਾਰੇ ਇਕ ਵਾਰ ਤਾਂ ਚੁੱਪ ਹੋ ਗਏ ਅਤੇ ਇਕ ਦੂਸਰੇ ਵੱਲ ਵੇਖਣ ਲੱਗੇ। ਕੁਝ ਦੇਰ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

“ਮੈਂ ਤੇਰੇ ਨਾਲ ਸਹਿਮਤ ਆਂ।” ਪੀਲੇ ਦੰਦਾਂ ਵਾਲੇ ਨੇ ਕੋਕੇ ਵਾਲੀ ਜੀਭ ਨੂੰ ਬਾਹਰ ਕੱਢ ਕੇ ਬੁੱਲਾਂ ‘ਤੇ ਫੇਰਿਆ। ਉਸ ਨਾਲ ਹੀ ਸਾਰਿਆਂ ਨੇ ਹਾਮੀ ਭਰ ਦਿੱਤੀ। ਹਰ ਕੋਈ ਆਪਣੇ ਆਪਣੇ ਪੱਖ ਤੋਂ ਸੋਚ ਰਿਹਾ ਸੀ। ਕੋਈ ਤਾਂ ਦਿਨਾਂ ਵਿਚ ਹੀ ਅਮੀਰ ਬਣਨ ਦੇ ਸੁਪਨੇ ਲੈਣ ਲੱਗਾ ਅਤੇ ਕੋਈ ਮਰਜ਼ੀ ਨਾਲ ਬਿਨਾਂ ਰੋਕ ਟੋਕ ਡਰੱਗ ਵਰਤਣ ਦੀ ਮੌਜ ਬਾਰੇ ਸੋਚਣ ਲੱਗਾ। ਕੁਝ ਦਿਨ ਵਿਚਾਰਾਂ ਹੁੰਦੀਆਂ ਰਹੀਆਂ।

ਇਹਨਾਂ ਦਿਨਾਂ ਵਿਚ ਹੀ ਚੋਰੀ ਦੀ ਸਪੋਰਟਸ ਕਾਰ ਲੈ ਕੇ ਇਹਨਾਂ ਦਾ ਇਕ ਸਾਥੀ ਡਰਬੀ ਆਪਣੇ ਕਿਸੇ ਪੁਰਾਣੇ ਮਿੱਤਰ ਨੂੰ ਮਿਲਣ ਚਲਾ ਗਿਆ। ਡਰੱਗ ਦਾ ਧੰਦਾ ਸ਼ੁਰੂ ਕਰਨ ਵਿਚ ਉਸ ਮਿੱਤਰ ਤੋਂ ਮਦਦ ਮਿਲਣ ਦੀ ਉਮੀਦ ਸੀ। ਲਾਲ ਬੱਤੀਆਂ ‘ਤੇ ਕਾਰ ਨਾ ਰੋਕਣ ਕਰਕੇ ਪੁਲੀਸ ਨੇ ਉਸ ਨੂੰ ਰੋਕ ਲਿਆ। ਜਾਂਚ ਪੜਤਾਲ ਵਿਚ ਉਸ ਦੀ ਚੋਰੀ ਦੀ ਕਾਰ ਦਾ ਪਤਾ ਚਲ ਗਿਆ ਅਤੇ ਪੁਲੀਸ ਨੇ ਉਸ ਨੂੰ ਫੜ ਲਿਆ। ਚੰਗੀ ਗੱਲ ਇਹ ਹੋਈ ਕਿ ਉਸ ਨੇ ਕਿਸੇ ਹੋਰ ਦਾ ਨਾਂ ਲੈਣ ਦੀ ਥਾਂ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਜਦ ਉਹਨਾਂ ਨੂੰ ਆਪਣੀ ਸੇਫਟੀ ਦੀ ਤਸੱਲੀ ਹੋ ਗਈ ਤਾਂ ਕਈ ਦਿਨ ਬਾਅਦ ਸਤਿਵੀਰ ਆਪਣੇ ਸਾਥੀਆਂ ਨਾਲ ਟਿਕਾਣੇ ‘ਤੇ ਆਇਆ। ਡਰੱਗ ਵੇਚਣ ਦਾ ਕਾਰੋਬਾਰ ਫਿਲਹਾਲ ਵਿਚਾਰਾਂ ਤੱਕ ਹੀ ਸੀਮਤ ਰਿਹਾ।

## ਬਿਆਲੀਵਾਂ

ਪ੍ਰੀਤ ਦੇ ਮਾੜੇ ਦਿਨ ਉਸ ਨੂੰ ਖੂਹ ਵਿਚ ਧਕੇਲਣ ਲਈ ਤਿਆਰ ਸਨ। ਉਸ ਦਾ ਸਾਰਾ ਤਾਣ ਆਪਣੇ ਆਪ ਨੂੰ ਦਿਵਾਲੀਆ ਹੋਣ ਤੋਂ ਬਚਾਉਣ ‘ਤੇ ਲੱਗਾ ਹੋਇਆ ਸੀ। ਇਸ ਸਮੇਂ ਉਸ ਦੀ ਮਾਨਸਕ ਹਾਲਤ ਡਾਵਾਂਡੋਲ ਹੋ ਜਾਂਦੀ ਅਤੇ ਉਸ ਨੂੰ ਆਪਣੇ ਆਪ ਨੂੰ

ਹਾਂ ਪੱਖੀ ਅਤੇ ਸ਼ਾਂਤ ਰੱਖਣ ਲਈ ਕਰੜੀ ਮਿਹਨਤ ਕਰਨੀ ਪੈਂਦੀ। ਔਖੀ ਹਾਲਤ ਵਿਚ ਪੈਸੇ ਇਕੱਠੇ ਕਰਨ ਲਈ ਉਸ ਨੇ ਹਰ ਹੀਲਾ ਵਰਤਿਆ। ਚੰਗੀ ਗੱਲ ਇਹ ਕਿ ਦੇਵ ਨੇ ਉਸ ਦਾ ਪੂਰਾ ਸਾਥ ਦਿੱਤਾ। ਕਦੇ ਵੀ ਹਾਲਾਤ ਇਕੋ ਜਿਹੇ ਨਹੀਂ ਰਹਿੰਦੇ। ਉਸ ਦਾ ਵਿਸ਼ਵਾਸ਼ ਸੀ ਇਹ ਮਾੜੀ ਅਤੇ ਡਾਵਾਂਡੋਲ ਹਾਲਤ ਸਦਾ ਨਹੀਂ ਰਹਿਣੀ। ਹੌਲੀ-ਹੌਲੀ ਸ਼ੇਅਰ ਮਾਰਕਿਟ ਵਿਚ ਸਥਿਰਤਾ ਆਉਣ ਲੱਗੀ। ਉਸ ਪੱਖੋਂ ਉਹਨੂੰ ਕੁਝ ਆਸਰਾ ਹੋਇਆ।

ਰੀਟੇਲ ਨੇ ਉਸ ਦਾ ਨਾਸਾਂ ਵਿਚ ਦਮ ਲਿਆਂਦਾ ਹੋਇਆ ਸੀ। ਦੁਕਾਨਾਂ ਦੀ ਸੇਲ ਘੱਟ ਗਈ ਜਿਸ ਦਾ ਬਹੁਤਾ ਕਾਰਨ ਲੋਕਾਂ ਵਿਚ ਆਰਥਕ ਅਸਥਿਰਤਾ ਦਾ ਡਰ ਸੀ। ਜਿਹੜੇ ਲੋਕਾਂ ਕੋਲ ਪੈਸੇ ਸਨ ਅਤੇ ਕੰਮ ਵੀ ਚੰਗੇ ਸਨ, ਉਹ ਵੀ ਪੈਸੇ ਖਰਚਣ ਤੋਂ ਕੰਨੀ ਕਤਰਾਉਂਦੇ। ਅਖਬਾਰਾਂ ਅਤੇ ਟੈਲੀਵੀਯਨ 'ਤੇ ਹਰ ਰੋਜ਼ ਦਿਲ ਢਾਹੂ ਖਬਰਾਂ ਦਾ ਤਾਣਾ ਬਾਣਾ ਬੁਣਿਆ ਜਾਂਦਾ। ਡਰੇ ਲੋਕ ਹੋਰ ਡਰ ਜਾਂਦੇ ਅਤੇ ਪੈਸੇ ਨੂੰ ਖਰਚਣ ਤੋਂ ਗੁਰੇਜ਼ ਕਰਦੇ।

ਖਾਲੀ ਪਈਆਂ ਦੁਕਾਨਾ ਨੂੰ ਖਰੀਦਣ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਸੀ। ਅਜਿਹੇ ਹਾਲਾਤ ਵਿਚ ਕੋਈ ਵੀ ਨਵਾਂ ਬਿਜਨਸ ਸ਼ੁਰੂ ਕਰਨ ਦੇ ਹੱਕ ਵਿਚ ਨਹੀਂ ਸੀ। ਕਿਰਾਏ ਅਤੇ ਬਿਜਨਸ ਰੇਟਸ ਪ੍ਰੀਤ ਨੂੰ ਕੋਲੋਂ ਦੇਣੇ ਪੈ ਰਹੇ ਸਨ। ਕੁਝ ਸਮੇਂ ਲਈ ਤਾਂ ਉਸ ਨੇ ਦੁਕਾਨਾ ਦੀ ਲੀਜ਼ ਵੇਚਣ ਦੀ ਕੋਸ਼ਿਸ਼ ਕੀਤੀ ਪਰ ਕੋਈ ਸਫ਼ਲਤਾ ਨਾ ਹੋਈ। ਇਕ ਦਿਨ ਉਸ ਨੇ ਫਿਰ ਉਹਨਾਂ ਦੁਕਾਨਾਂ ਵੱਲ ਚੱਕਰ ਮਾਰਿਆ ਅਤੇ ਮਾਰਕਿਟ ਵਿਚ ਜਾ ਕੇ ਵੇਖਿਆ। ਉਸ ਨੂੰ ਮਹਿਸੂਸ ਹੋਇਆ ਕਿ ਸਸਤੇ ਕੱਪੜੇ ਅਤੇ ਹੋਰ ਚੀਜ਼ਾਂ ਇਥੇ ਸਫਲਤਾ ਦੀ ਕੁੰਜੀ ਸਾਬਤ ਹੋ ਸਕਦੀਆਂ ਸਨ। ਉਸ ਨੇ ਆਪਣੇ ਮਨ ਨਾਲ ਫੈਸਲਾ ਕਰ ਲਿਆ ਇਹ ਕੋਸ਼ਿਸ਼ ਕਰਨੀ ਜ਼ਰੂਰੀ ਬਣਦੀ ਸੀ।

ਪੈਸਾ ਸਮੱਸਿਆ ਸੀ। ਬੈਂਕ ਦਾ ਕਰਜ਼ਾ ਬੈਂਕ ਨੇ ਅੱਧਾ ਤਾਂ ਵਾਪਿਸ ਲੈ ਲਿਆ ਸੀ। ਉਸ ਨੇ ਬੈਂਕ ਤੋਂ ਕੁਝ ਮਦਦ ਲੈਣ ਬਾਰੇ ਸੋਚਿਆ। ਉਸ ਦੀਆਂ ਸਭ ਕਿਸ਼ਤਾਂ ਅਤੇ ਚੈਕ ਬਗੈਰਾ ਕਦੇ ਵਾਪਿਸ ਨਹੀਂ ਮੁੜੇ ਸਨ। ਉਸ ਨੂੰ ਕੁਝ ਕੁਝ ਵਿਸ਼ਵਾਸ਼ ਸੀ ਕਿ ਸ਼ਾਇਦ ਬੈਂਕ ਕੁਝ ਓਵਰ ਡਰਾਫਟ ਦੇਣ ਲਈ ਮੰਨ ਜਾਵੇ। ਉਸ ਨੇ ਬਹੁਤ ਧਿਆਨ ਨਾਲ ਬਿਜਨਸ ਪਲੈਨ ਬਣਵਾਇਆ। ਉਸ ਪਲੈਨ ਦਾ ਪ੍ਰੀਤ ਨੂੰ ਵੀ ਫ਼ਾਇਦਾ ਹੋਇਆ। ਉਸ ਨੂੰ ਤਸੱਲੀ ਹੋਈ ਕਿ ਉਸ ਦਾ ਫੈਸਲਾ ਗਲਤ ਨਹੀਂ ਸੀ। ਬੈਂਕ ਨੇ ਉਸ ਨੂੰ ਕੁਝ ਓਵਰਡਰਾਫਟ ਦੇ ਦਿੱਤਾ। ਇਸ ਥੋੜ੍ਹੇ ਜਿਹੇ ਓਵਰਡਰਾਫਟ ਨਾਲ ਪ੍ਰੀਤ ਨੂੰ ਜੰਗ ਜਿੱਤਣ ਵਰਗੀ ਖੁਸ਼ੀ ਹੋਈ।

ਪ੍ਰੀਤ ਨੇ ਪੂਰੀ ਮਿਹਨਤ ਨਾਲ ਸਸਤੀਆਂ ਦੁਕਾਨਾ ਖੋਲ੍ਹਣ ਵੱਲ ਧਿਆਨ ਦਿੱਤਾ। ਅੱਜ ਕੱਲ੍ਹ ਕੱਪੜੇ ਦਾ ਬਹੁਤਾ ਕੰਮ ਇੰਮਪੋਰਟ 'ਤੇ ਹੀ ਨਿਰਭਰ ਕਰਦਾ ਸੀ। ਚੀਨ ਤਾਈਵਾਨ ਵਰਗੇ ਦੇਸ਼ਾਂ ਤੋਂ ਸਸਤਾ ਸਮਾਨ ਆਉਂਦਾ ਅਤੇ ਸਾਰੇ ਯੂਰਪ ਵਿਚ ਵਿਕਦਾ। ਪ੍ਰੀਤ ਨੇ ਇੰਪੋਰਟ ਸਿੱਧੀ ਆਪ ਕਰਨੀ ਸ਼ੁਰੂ ਕਰ ਦਿੱਤੀ। ਸਸਤੇ ਭਾਅ ਕੱਪੜੇ ਵੇਚਣੇ ਸ਼ੁਰੂ ਕੀਤੇ ਤਾਂ ਚੰਗੀ ਵਿਕਰੀ ਹੋਣ ਲੱਗੀ। ਦਿਨੋ ਦਿਨ ਹਾਲਾਤ ਸੁਖਾਂਵੇਂ ਹੋਣ ਲੱਗੇ। ਕੋਲੋਂ ਖਾਲੀ ਪਈਆਂ ਦੁਕਾਨਾਂ ਦਾ ਕਿਰਾਇਆ ਦੇਣ ਦੀ ਥਾਂ ਉਥੋਂ ਆਮਦਨ ਹੋਣ ਲੱਗੀ। ਉਸ ਨੂੰ ਸਸਤਾ ਸਮਾਨ ਵੇਚਣ ਲਈ ਉਮੀਦ ਤੋਂ ਵੱਧ ਹੁੰਗਾਰਾ ਮਿਲਿਆ। ਆਮ ਕਾਮੇ ਲੋਕਾਂ ਨੂੰ ਹਰ ਰੋਜ਼ ਵਰਤਣ ਵਾਲੇ ਕੱਪੜੇ ਚੰਗੇ ਸਸਤੇ ਭਾਅ ਮਿਲਣ ਲੱਗੇ। ਪ੍ਰੀਤ ਨੇ ਸਿੱਧਾ ਚੀਨ ਤੋਂ ਸਮਾਨ ਮੰਗਵਾਉਣ ਕਰਕੇ ਥੋਕ ਦੇ ਵਪਾਰੀਆਂ ਦਾ ਮੁਨਾਫਾ ਮਨਫੀ ਕਰ ਦਿੱਤਾ। ਉਹੀ ਮੁਨਾਫਾ ਉਸ ਨੇ ਗਾਹਕਾਂ ਨੂੰ ਦੇਣਾ ਸ਼ੁਰੂ ਕਰ ਦਿੱਤਾ। ਛੋਟੀਆਂ ਦੁਕਾਨਾਂ ਥੋਕ ਵਿਚੋਂ ਕੱਪੜਾ ਖਰੀਦਦੀਆਂ ਸਨ। ਉਹ ਪ੍ਰੀਤ ਦੀਆਂ ਦੁਕਾਨਾ ਦੇ ਭਾਅ ਕੱਪੜਾ ਵੇਚ ਹੀ ਨਹੀਂ ਸਕਦੀਆਂ ਸਨ। ਸੋ ਪ੍ਰੀਤ ਦੀਆਂ ਦੁਕਾਨਾਂ ਦੀ ਸੇਲ ਇਕ ਵਾਰ ਫਿਰ ਚੰਗੀ ਹੋਣ ਲੱਗੀ। ਇਕ ਵਾਰ ਫਿਰ ਪ੍ਰੀਤ ਦੇ ਚਿਹਰੇ 'ਤੇ ਰੌਣਕ ਮੁੜ ਆਈ। ਦਿਨੋ ਦਿਨ ਉਸ ਦਾ ਕੰਮ ਚੰਗਾ ਚੱਲ ਪਿਆ।

ਇਕ ਦਿਨ ਸਵੇਰੇ ਸਵੇਰੇ ਪ੍ਰੀਤ ਨੂੰ ਦੇਵ ਦਾ ਫੋਨ ਆਇਆ। ਪ੍ਰੀਤ ਚਾਹ ਦਾ ਕੱਪ ਲੈ ਕੇ ਖਬਰਾਂ ਵੇਖ ਰਹੀ ਸੀ। ਉਸ ਨੇ ਫੋਨ

ਦੀ ਸਕਰੀਨ 'ਤੇ ਦੇਵ ਦਾ ਨੰਬਰ ਵੇਖਿਆ ਤਾਂ ਹੈਰਾਨ ਹੋਈ।

"ਬਹੁਤ ਬਹੁਤ ਵਧਾਈ ਹੋਵੇ ਮੈਡਮ। ਸ਼ਾਇਦ ਅਜੇ ਤੁਸੀਂ ਅੱਜ ਦਾ ਪੇਪਰ ਨਹੀਂ ਵੇਖਿਆ ਹੋਣਾ।" ਦੇਵ ਦੇ ਬੋਲਾਂ ਵਿਚ ਖੁਸ਼ੀ ਭਰੀ ਥਰਕਣ ਸੀ। ਪ੍ਰੀਤ ਨੂੰ ਕੋਈ ਪਤਾ ਨਾ ਲੱਗਾ ਵਧਾਈ ਕਿਸ ਗੱਲ ਦੀ ਮਿਲ ਰਹੀ ਸੀ।

"ਨਹੀਂ ਅਜੇ ਮੈਂ ਪੇਪਰ ਨਹੀਂ ਵੇਖਿਆ। ਵਧਾਈ ਲਈ ਮਿਹਰਬਾਨੀ ਪਰ ਪਤਾ ਵੀ ਲੱਗੇ ਵਧਾਈ ਮਿਲ ਕਿਸ ਖੁਸ਼ੀ ਦੀ ਰਹੀ ਐ।" ਪ੍ਰੀਤ ਖੁਸ਼ੀ ਅਤੇ ਹੈਰਾਨੀ ਨਾਲ ਮੁਸਕਰਾ ਰਹੀ ਸੀ।

"ਤੁਸੀਂ ਲੰਡਨ ਦੇ ਦਰਮਿਆਨੇ ਬਿਜਨਸ ਸਰਵੇ ਵਿਚ ਪਹਿਲੇ ਨੰਬਰ 'ਤੇ ਆਏ ਹੋ। ਬਿਜਨਸਵੋਮੈਨ ਆਫ ਦਾ ਯੀਅਰ।"

"ਪਰ ਮੇਰੇ ਕੋਲੋਂ ਤਾਂ ਕਿਸੇ ਨੇ ਕੁਝ ਪੁੱਛਿਆ ਦੱਸਿਆ ਨੀ। ਨਾ ਹੀ ਮੈਂ ਕਿਤੇ ਅਪਲਾਈ ਕੀਤਾ ਐ।" ਪ੍ਰੀਤ ਹੈਰਾਨ ਸੀ ਇੰਝ ਚੁੱਪ ਚੁਪੀਤੇ ਹੀ ਕਿਵੇਂ ਸਭ ਹੋ ਗਿਆ।

"ਅਸਲ 'ਚ ਲੰਡਨ ਚੈਂਬਰ ਆਫ ਕਮਰਸ ਨੂੰ ਮੈਂ ਲਿਖਿਆ ਸੀ ਅਤੇ ਬਾਕੀ ਦੀ ਜਾਣਕਾਰੀ ਉਹਨਾਂ ਨੇ ਆਪਣੇ ਤੌਰ 'ਤੇ ਲੈ ਲਈ ਹੋਵੇਗੀ।" ਦੇਵ ਨੇ ਪ੍ਰੀਤ ਨੂੰ ਆਪਣੀ ਕੀਤੀ ਭੱਜ ਨੱਠ ਬਾਰੇ ਕੁਝ ਵੀ ਨਾ ਦੱਸਣਾ ਹੀ ਯੋਗ ਸਮਝਿਆ। ਪ੍ਰੀਤ ਅਸਲੋਂ ਖੁਸ਼ ਸੀ।

"ਦੇਵ ਮੈਨੂੰ ਬਹੁਤਿਆਂ ਨੇ ਰਾਇ ਦਿੱਤੀ ਸੀ ਕਿ ਮੈਂ ਕੰਪਨੀ ਬੰਦ ਕਰ ਦਿਆਂ ਅਤੇ ਦਿਵਾਲਾ ਕੱਢ ਦਿਆਂ। ਪਰ ਮੇਰਾ ਮਨ ਨਹੀਂ ਸੀ ਮੰਨਦਾ। ਜਿਹੜੇ ਲੋਕਾਂ ਨੇ ਮੇਰੇ 'ਤੇ ਵਿਸ਼ਵਾਸ਼ ਕਰਕੇ ਮੈਨੂੰ ਉਧਾਰ ਸਮਾਨ ਦਿੱਤਾ ਉਹਨਾਂ ਨਾਲ ਮੈਂ ਇੰਝ ਕਿਵੇਂ ਕਰ ਸਕਦੀ ਸਾਂ! ਮੈਂ ਇਹ ਗੁਨਾਹ ਆਪਣੇ ਮਨ 'ਤੇ ਲੈ ਕੇ ਜਿਉਂ ਹੀ ਨਹੀਂ ਸਕਦੀ ਸੀ। ਅੱਜ ਉਸ ਦਾ ਵਧੀਆ ਨਤੀਜਾ ਵੀ ਮਿਲ ਹੀ ਗਿਆ।" ਘਰੇ ਚਾਹ ਪੀਂਦਿਆਂ ਪ੍ਰੀਤ ਨੇ ਦੇਵ ਨਾਲ ਗੱਲ ਬਾਤ ਕਰਦਿਆਂ ਪਿਛਲੇ ਦਿਨਾਂ ਦੀ ਯਾਦ ਕੀਤੀ। ਦੇਵ ਉਸ ਨਾਲ ਔਖੇ ਵੇਲੇ ਹਰ ਤਰ੍ਹਾਂ ਖੜ੍ਹਾ ਸੀ। ਉਸ ਨੂੰ ਦੇਵ 'ਤੇ ਮਾਣ ਵੀ ਸੀ।

ਸੀਤੋ ਗੱਲ ਬਾਤ ਸੁਣ ਰਹੀ ਸੀ। ਉਸ ਨੇ ਪ੍ਰੀਤ ਨੂੰ ਕਝ ਵੀ ਕਹਿਣਾ ਠੀਕ ਨਾ ਸਮਝਿਆ। ਜਦ ਪ੍ਰੀਤ ਚਲੀ ਗਈ ਤਾਂ ਉਸ ਨੇ ਮੀਕੇ ਨੂੰ ਸੰਬੋਧਨ ਕੀਤਾ।

"ਦੇਵ ਨਾਲ ਹਰ ਰੋਜ਼ ਇਹ ਹੱਸ ਹੱਸ ਗੱਲਾਂ ਕਰਦੀ ਆ। ਜੇ ਉਹਦਾ ਫੋਨ ਨੀ ਆਉਂਦਾ ਤਾਂ ਇਹ ਕਰ ਲੈਂਦੀ ਐ। ਇਹਨੂੰ ਉਹ ਮੁੰਡਾ ਪਸੰਦ ਆ ਤਾਂ ਉਸ ਨਾਲ ਚਾਰ ਲਾਵਾਂ ਦੇ ਦਿਉ। ਹੋਰ ਹੁਣ ਇਹਨੇ ਕਿੰਨ੍ਹੀ ਕੁ ਬੁਢੀ ਹੋਣਾ। ਕਿਸੇ ਪਾਸਿਉਂ ਤਾਂ ਚੈਨ ਆਵੇ।" ਸੀਤੋ ਦੇ ਮਨ ਵਿਚ ਸਤਿਵੀਰ ਦਾ ਦੁਖ ਸੀ।

"ਗੱਲ ਤਾਂ ਤੇਰੀ ਠੀਕ ਆ। ਦੇਵ ਮੁੰਡਾ ਵੀ ਚੰਗਾ ਤੇ ਜਾਣਿਆ ਭਾਲਿਆ ਵੀ ਆ। ਜੋੜੀ ਤਾਂ ਵਧੀਆ ਲਗਦੀ ਆ। ਮੇਰੇ ਮਨ ਵਿਚ ਪਹਿਲਾਂ ਵੀ ਆਈ ਸੀ ਇਹ ਗੱਲ। ਉਦੋਂ ਤਾਂ ਪ੍ਰੀਤ ਦਾ ਬਿਜਨਸ ਈ ਡਾਵਾਂਡੋਲ ਸੀ। ਇਹ ਗੱਲ ਕਰਨੀ ਠੀਕ ਨੀ ਸੀ ਲਗਦੀ। ਉਦੋਂ ਤਾਂ ਸੜਕ 'ਤੇ ਠੂਠਾ ਫੜ ਕੇ ਖੜ੍ਹਨ ਵਾਲੀ ਹਾਲਤ ਸੀ। ਹੁਣ ਕਿਸੇ ਦਿਨ ਉਹਦਾ ਮੂਡ ਵੇਖ ਕੇ ਗੱਲ ਕਰੂੰ।" ਮੀਕਾ ਖੁਸ਼ ਵੀ ਸੀ ਅਤੇ ਉਤਸ਼ਾਹਤ ਵੀ ਸੀ। ਉਸ ਨੇ ਮਹਿਸੂਸ ਕੀਤਾ ਸੀ ਕਿ ਦੇਵ ਅਤੇ ਪ੍ਰੀਤ ਦੋਵੇਂ ਇਕ ਦੂਜੇ ਨੂੰ ਪਸੰਦ ਕਰਦੇ ਸਨ। ਉਹ ਸ਼ਾਇਦ ਵਿਆਹ ਬਾਰੇ ਸੋਚਦੇ ਵੀ ਹੋਣ ਪਰ ਕੋਈ ਵੀ ਪਹਿਲ ਕਰਨ ਨੂੰ ਤਿਆਰ ਨਹੀਂ ਸੀ। ਉਹ ਸਹੀ ਮੌਕੇ ਦੀ ਤਲਾਸ਼ ਕਰਨ ਲੱਗਾ।

ਸੀਤੋ ਮੀਕੇ ਨੂੰ ਸੋਚਦਿਆਂ ਵੇਖ ਰਹੀ ਸੀ ਜਿਵੇਂ ਸੋਚ ਰਹੀ ਹੋਵੇ ਕਿ ਅਜਿਹੀ ਸਿੱਧੀ ਸਾਦੀ ਗੱਲ ਵੀ ਮੀਕੇ ਦੀ ਸਮਝ ਵਿਚ ਨਹੀਂ

ਆਉਂਦੀ। ਸੀਤੋ ਦੇ ਖਿਆਲ ਵਿਚ ਇਸ ਵਿਚ ਕੁਝ ਵੀ ਸੋਚਣ ਵਾਲੀ ਗੱਲ ਨਹੀਂ ਸੀ। ਉਸ ਨੂੰ ਧੁੱਪ ਵਾਂਗ ਸਭ ਕੁਝ ਸਾਫ਼ ਲਗਦਾ ਸੀ। ਪ੍ਰੀਤ ਅਤੇ ਦੇਵ ਇਕ ਦੂਜੇ ਨੂੰ ਪਸੰਦ ਕਰਦੇ ਸਨ। ਹੋਰ ਭਲਾ ਇਸ ਵਿਚ ਪੁੱਛਣ ਦੱਸਣ ਨੂੰ ਕੀ ਸੀ! ਮੀਆਂ ਬੀਵੀ ਰਾਜੀ ਕੀ ਕਰੇਗਾ ਕਾਜ਼ੀ। ਮੀਕਾ ਕੁਝ ਹੋਰ ਸੋਚ ਰਿਹਾ ਸੀ।

"ਸੀਤੋ ਜੇ ਕਿਤੇ ਉਸ ਸਮੇਂ ਪ੍ਰੀਤ ਦੇ ਭਰੂਣ ਨੂੰ ਨਾਸ਼ ਕਰ ਦਿੱਤਾ ਹੁੰਦਾ ਤਾਂ ਅੱਜ ਸਮਾਜ ਨੂੰ, ਆਪਾਂ ਨੂੰ, ਉਹਨਾਂ ਲੋਕਾਂ ਨੂੰ ਜਿਹਨਾਂ ਨੂੰ ਪ੍ਰੀਤ ਨੇ ਕੰਮ ਦਿੱਤੇ ਅਤੇ ਦੇਸ਼ ਦੀ ਆਰਥਕਤਾ ਨੂੰ ਕਿੰਨਾ ਵੱਡਾ ਘਾਟਾ ਪੈਣਾ ਸੀ। ਅਜੇ ਆਉਣ ਵਾਲੇ ਸਮੇਂ ਵਿਚ ਪਤਾ ਨੀ ਇਸ ਕੁੜੀ ਨੇ ਕੀ ਕੀ ਕਰਨਾ ਅਤੇ ਕਿੰਨੇ ਲੋਕਾਂ ਦੀ ਮਦਦ ਕਰਨੀ ਐ। ਜੰਮਣ ਤੋਂ ਪਹਿਲਾਂ ਬੱਚੇ ਨੂੰ ਕਤਲ ਕਰਨ ਵੇਲੇ ਕਿਸੇ ਨੂੰ ਕੀ ਪਤਾ ਹੁੰਦਾ ਕਿ ਉਸ ਬੱਚੇ ਨੇ ਕੀ ਬਣਨਾ?"

"ਬੱਸ ਬਥੇਰਾ ਲੈਕਚਰ ਸੁਣ ਲਿਆ। ਹੁਣ ਬੱਸ ਕਰੋ ਤੇ ਤਿਆਰ ਹੋ ਜੋ। ਸ਼ਾਪਿੰਗ ਕਰਨੀ ਆ। ਸਾਰੀ ਫਰਿਜ ਖਾਲੀ ਪਈ ਐ।" ਸੀਤੋ ਨੂੰ ਖ਼ਤਰਾ ਸੀ ਮੀਕਾ ਕਿਤੇ ਸਤਿਵੀਰ ਨੂੰ ਬੁਰਾ ਭਲਾ ਨਾ ਕਹਿਣਾ ਸ਼ੁਰੂ ਕਰ ਦੇਵੇ। ਫਿਰ ਤਾਂ ਯਕੀਨਨ ਉਹਨਾਂ ਵਿਚ ਬੋਲ ਬੁਲਾਰਾ ਹੋ ਕੇ ਰਹੇਗਾ। ਸੀਤੋ ਨੂੰ ਨਹੀਂ ਪਤਾ ਸੀ ਅਸਲ ਵਿਚ ਮੀਕਾ ਅੰਦਰੋਂ ਟੁੱਟ ਜਿਹਾ ਗਿਆ ਸੀ। ਉਸ ਦੀ ਵਾਹ ਹੀ ਨਹੀਂ ਚਲਦੀ ਸੀ ਕਿ ਉਹ ਸਤਿਵੀਰ ਨੂੰ ਲੱਭ ਸਕੇ ਅਤੇ ਸੁਧਾਰ ਸਕੇ। ਉਸ ਦਾ ਦਿਲ ਸਤਿਵੀਰ ਨੂੰ ਇਕ ਵਾਰ ਆਪਣੀ ਹਿੱਕ ਨਾਲ ਲਾਉਣ ਨੂੰ ਤੜਪ ਰਿਹਾ ਸੀ। ਮੀਕੇ ਨੇ ਤਾਂ ਸਤਿਵੀਰ ਦੀ ਛਾਂ ਵੀ ਲੰਬੇ ਸਮੇਂ ਤੋਂ ਨਹੀਂ ਵੇਖੀ ਸੀ। ਸੀਤੋ ਨੂੰ ਉਸ ਦੇ ਅੰਦਰਲੇ ਦਰਦ ਦੀ ਸਾਰ ਹੀ ਨਹੀਂ ਸੀ।

ਦਫ਼ਤਰ ਪਹੁੰਚਣ 'ਤੇ ਪ੍ਰੀਤ ਨੂੰ ਸਾਰੇ ਸਟਾਫ਼ ਨੇ ਵਧਈਆਂ ਦਿੱਤੀਆਂ। ਉਸ ਸਮੇਂ ਤੱਕ ਅਖ਼ਬਾਰ ਦੀ ਖਬਰ ਤੋਂ ਸਭ ਜਾਣੂੰ ਹੋ ਚੁੱਕੇ ਸਨ। ਪ੍ਰੀਤ ਨੇ ਸਾਰੇ ਸਟਾਫ਼ ਦਾ ਧੰਨਵਾਦ ਕੀਤਾ ਅਤੇ ਇਕ ਪੱਤਰ ਉਸ ਨੇ ਸਾਰੇ ਸਟਾਫ ਮੈਂਬਰਾਂ ਨੂੰ ਪੋਸਟ ਕੀਤਾ ਜਿਸ ਵਿਚ ਉਸ ਨੇ ਇਸ ਸਫ਼ਲਤਾ ਦਾ ਅਸਲੀ ਸਿਹਰਾ ਸਟਾਫ਼ ਦੇ ਸਿਰ ਬੰਨ੍ਹਿਆ। ਉਸ ਨੇ ਲਿਖਿਆ ਕਿ ਇਹ ਸਫ਼ਲਤਾ ਸਾਰੇ ਸਟਾਫ਼ ਦੀ ਸਖ਼ਤ ਘਾਲਣਾ ਦਾ ਨਤੀਜਾ ਸੀ। ਉਸ ਨੇ ਸਾਰੇ ਸਟਾਫ ਨੂੰ ਵਧਾਈ ਦਿੱਤੀ ਅਤੇ ਸਾਲ ਦੇ ਅਖ਼ੀਰ 'ਤੇ ਬੋਨਸ ਦੇਣ ਦਾ ਐਲਾਨ ਕੀਤਾ।

ਲੰਡਨ ਚੈਂਬਰ ਆਫ ਕਮਰਸ ਦੇ ਮੈਂਬਰਾਂ ਨੇ ਪ੍ਰੀਤ ਦੀ ਇੰਟਰਵਿਊ ਲਈ ਜੋ ਟੀ ਵੀ ਅਤੇ ਰੇਡੀਉ 'ਤੇ ਨਸ਼ਰ ਕੀਤੀ ਜਾਣੀ ਸੀ। ਇਹ ਸਾਰਾ ਕੁਝ ਦੇਰ ਦੁਪਹਿਰ ਬਾਅਦ ਤੱਕ ਚਲਦਾ ਰਿਹਾ। ਸਭ ਕੁਝ ਤੋਂ ਵਿਹਲੀ ਹੋ ਕੇ ਉਹ ਆਪਣੇ ਦਫ਼ਤਰ ਵਿਚ ਆਈ। ਉਸ ਦੇ ਮੇਜ਼ 'ਤੇ ਰੱਖੀ ਤਸਵੀਰ ਵਿਚ ਸਤਿਵੀਰ ਮੁਸਕਰਾ ਰਿਹਾ ਸੀ। ਉਸ ਤਸਵੀਰ ਨੂੰ ਵੇਖ ਕੇ ਉਸ ਨੂੰ ਸਤਿਵੀਰ ਦੀ ਯਾਦ ਆ ਗਈ ਅਤੇ ਅੱਜ ਦੀ ਸਾਰੀ ਖੁਸ਼ੀ ਸਲ੍ਹਾਬੀ ਗਈ। ਉਸ ਦਾ ਮਨ ਕੀਤਾ ਕਿ ਕਿਵੇਂ ਨਾ ਕਿਵੇਂ ਉਹ ਸਤਿਵੀਰ ਨੂੰ ਲੱਭੇ ਅਤੇ ਉਸ ਨੂੰ ਜੱਫ਼ੀ ਪਾ ਕੇ ਆਪਣੇ ਮਨ ਦੀ ਖਾਹਿਸ਼ ਨੂੰ ਪੂਰਾ ਕਰੇ। ਇਹ ਸੰਭਵ ਨਹੀਂ ਸੀ। ਉਸ ਦੀਆਂ ਅੱਖਾਂ ਵਿਚੋਂ ਅੱਥਰੂ ਉਸ ਦੀਆਂ ਗੱਲ੍ਹਾਂ ਤੋਂ ਤਿਲਕਦੇ ਉਸ ਦੇ ਹੱਥਾਂ 'ਤੇ ਆ ਡਿਗੇ। ਭਰੀਆਂ ਅੱਖਾਂ ਨਾਲ ਤਸਵੀਰ ਧੁੰਧਲੀ ਜਿਹੀ ਦਿਸਣ ਲੱਗੀ।

"ਪ੍ਰੀਤ ਤੂੰ ਠੀਕ ਐਂ। ਇਸ ਖੁਸ਼ੀ ਦੇ ਦਿਨ ਇਹ ਅੱਥਰੂ!" ਰੂਥ ਹੈਰਾਨ ਹੋਈ ਚਾਹ ਦੇ ਦੋ ਕੱਪ ਲਈ ਖੜ੍ਹੀ ਸੀ। ਉਸ ਨੂੰ ਸਮਝ ਨਾ ਆਇਆ ਪ੍ਰੀਤ ਦੇ ਰੋਣ ਦਾ ਕੀ ਕਾਰਨ ਹੋ ਸਕਦਾ! ਜਦ ਉਸ ਨੇ ਸਤਿਵੀਰ ਦੀ ਤਸਵੀਰ ਵੱਲ ਪ੍ਰੀਤ ਨੂੰ ਵੇਖਦਿਆਂ ਵੇਖਿਆ ਤਾਂ ਸਾਰੀ ਗੱਲ ਉਸ ਨੂੰ ਸਮਝ ਆ ਗਈ। ਉਹ ਜਾਣਦੀ ਸੀ ਕਿ ਪ੍ਰੀਤ ਨੂੰ ਹੌਂਸਲਾ ਦੇਣ ਦਾ ਕੋਈ ਫ਼ਾਇਦਾ ਨਹੀਂ। ਆਪਣੇ ਆਪ ਹੀ ਇਹ ਦਰਦ ਵਹਿ ਜਾਣ ਨਾਲ ਉਸ ਦਾ ਮਨ ਹਲਕਾ ਹੋ ਜਾਵੇਗਾ। ਉਸ ਨੇ ਚਾਹ ਦਾ ਕੱਪ ਉਸ ਅੱਗੇ ਰੱਖਿਆ ਅਤੇ ਗੱਲ ਬਦਲਣ ਲਈ ਉਸ ਨੇ ਉਸ ਨੂੰ ਪੁੱਛਿਆ-

"ਬਿਸਕੁਟ ਲਿਆਵਾਂ। ਮੈਂ ਤਾਂ ਇਕ ਅੱਧ ਜ਼ਰੂਰ ਲਵਾਂਗੀ।" ਰੂਥ ਨੇ ਬਿਸਕੁਟ ਪਲੇਟ ਵਿਚ ਪਾ ਲਿਆਂਦੇ ਅਤੇ ਡਾਇਰੀ ਖੋਲ੍ਹ ਕੇ ਅਗਲੇ ਦਿਨ ਦੀਆਂ ਮੀਟੰਗਾਂ ਸਬੰਧੀ ਗੱਲ ਬਾਤ ਕਰਨ ਲੱਗੀ।

"ਅਗਲੇ ਸ਼ੁਕਰਵਾਰ ਨੂੰ ਚੈਂਬਰ ਆਫ ਕਮਰਸ ਨੇ ਪਾਰਟੀ ਰੱਖੀ ਐ ਤੇ ਆਪਾਂ ਨੂੰ ਉਸ ਸਬੰਧੀ ਤਿਆਰੀ ਕਰਨੀ ਚਾਹੀਦੀ ਐ। ਦਿਨ ਕੋਈ ਬਹੁਤੇ ਨਹੀਂ ਬਚੇ।"

"ਰੂਥ ਆਪਾਂ ਤਾਂ ਤਿਆਰ ਈ ਆਂ। ਮੈਂ ਬਹੁਤਾ ਉਚੇਚ ਕਰਨ ਦੇ ਹੱਕ ਵਿਚ ਨਹੀਂ। ਸੋਚਣ ਵਾਲੀ ਗੱਲ ਇਹੋ ਐ ਕਿ ਆਪਾਂ ਸਟਾਫ਼ ਦੇ ਕਿਹੜੇ ਕਿਹੜੇ ਮੈਂਬਰਾਂ ਨੂੰ ਸੱਦਾ ਪੱਤਰ ਦੇਈਏ।" ਉਹ ਦੋਵੇਂ ਨਾਮ ਲਿਖਣ ਅਤੇ ਕੱਟਣ ਵਿਚ ਮਸਰੂਫ ਹੋ ਗਈਆਂ। ਇਸ ਵੇਲੇ ਪ੍ਰੀਤ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਉਸ ਦੀ ਜ਼ਿੰਦਗੀ ਵਿਚ ਇਕ ਵੱਡਾ ਭੁਚਾਲ ਆਉਣ ਵਾਲਾ ਸੀ। ਭੁਚਾਲ ਜਿਹੜਾ ਸ਼ਾਇਦ ਸਾਰੀ ਉਮਰ ਉਸ ਨੂੰ ਸਾਂਵਾਂ ਨਾ ਹੋਣ ਦੇਵੇ।

## ਤਰਤਾਲੀਵਾਂ

ਜਿਸ ਵੇਲੇ ਪਾਰਟੀ ਜ਼ੋਰਾਂ 'ਤੇ ਸੀ ਉਸ ਵੇਲੇ ਪ੍ਰੀਤ ਦੇ ਮੋਬਾਈਲ ਦੀ ਘੰਟੀ ਵੱਜੀ। ਫ਼ੋਨ ਰੂਥ ਕੋਲ ਸੀ। ਰੂਥ ਨੇ ਫੋਨ ਸੁਣਿਆ ਤਾਂ ਉਸ ਦਾ ਰੰਗ ਚਿੱਟਾ ਹੋ ਗਿਆ ਤੇ ਸਰੀਰ ਬਰਫ਼ ਵਾਂਗ ਸੁੰਨ। ਉਹ ਪ੍ਰੀਤ ਵੱਲ ਭੱਜੀ ਅਤੇ ਫੋਨ ਉਸ ਨੇ ਪ੍ਰੀਤ ਦੇ ਹਵਾਲੇ ਕਰ ਦਿੱਤਾ।

"ਪ੍ਰੀਤ ਅਫ਼ਸੋਸ ਐ ਬਹੁਤ ਬੁਰੀ ਖਬਰ ਐ।" ਫੋਨ ਫੜਾਉਂਦਿਆਂ ਰੂਥ ਦੀ ਅਵਾਜ਼ ਦੇ ਨਾਲ ਨਾਲ ਉਸ ਦਾ ਹੱਥ ਵੀ ਕੰਬ ਗਿਆ ਜਿਸ ਨੂੰ ਪ੍ਰੀਤ ਨੇ ਫੌਰਨ ਮਹਿਸੂਸ ਕਰ ਲਿਆ। ਪ੍ਰੀਤ ਨੇ ਰੂਥ ਦੀਆਂ ਅੱਖਾਂ ਵਿਚ ਵੇਖਿਆ। ਉਸ ਨੂੰ ਰੂਥ ਦੀਆਂ ਅੱਖਾਂ ਵਿਚ ਡਰ ਜੰਮਿਆ ਦਿਸਿਆ। ਪ੍ਰੀਤ ਨੂੰ ਪਤਾ ਸੀ ਕਿ ਇਹ ਕੋਈ ਮਮੂਲੀ ਘਟਨਾ ਨਹੀਂ ਸੀ ਹੋ ਸਕਦੀ। ਪਲਾਂ ਵਿਚ ਉਸ ਦੇ ਖ਼ਿਆਲ ਵਿਚ ਬਹੁਤ ਕੁਝ ਗੁਜ਼ਰ ਗਿਆ। ਉਸ ਦੇ ਮਾਂ ਪਿਉ ਭੈਣਾਂ ਉਸ ਦੇ ਨਾਲ ਸਨ ਅਤੇ ਸਾਰੇ ਆਪਸ ਵਿਚ ਉਸ ਦੇ ਸਾਹਮਣੇ ਹੀ ਟੇਬਲ 'ਤੇ ਬੈਠੇ ਹੱਸ ਹੱਸ ਗੱਲਾਂ ਕਰ ਰਹੇ ਸਨ। ਕਿਤੇ ਕਿਸੇ ਦੁਕਾਨ ਨੂੰ ਅੱਗ ਬਗੈਰਾ ਨਾ ਲੱਗ ਗਈ ਹੋਵੇ ਜਾਂ ਕਿਸੇ ਪਾਗਲ ਨੇ ਕੋਈ ਹੋਰ ਨੁਕਸਾਨ ਨਾ ਕਰ ਦਿੱਤਾ ਹੋਵੇ! ਇਹ ਵੱਡੀ ਘਟਨਾ ਹੋਣ ਦੇ ਬਾਵਜੂਦ ਵੀ ਕੋਈ ਵੱਡੀ ਘਟਨਾ ਨਹੀਂ ਸੀ। ਉਸ ਦਾ ਸਾਰੀਆਂ ਦੁਕਾਨਾਂ ਦਾ ਬੀਮਾ ਹੋਇਆ ਹੋਣ ਕਰਕੇ ਕੋਈ ਬਹੁਤਾ ਨੁਕਸਾਨ ਹੋਣ ਦਾ ਖਤਰਾ ਨਹੀਂ ਸੀ। ਫਿਰ ਉਸ ਦਾ ਖਿਆਲ ਯੱਕਦੱਮ ਸਤਿਵੀਰ ਵੱਲ ਗਿਆ। ਉਹ ਰੂਥ ਤੋਂ ਕੁਝ ਵੀ ਪੁੱਛਣ ਦਾ ਸਾਹਸ ਨਾ ਕਰ ਸਕੀ। ਉਸ ਦਾ ਦਿਲ ਕੀਤਾ ਕਿ ਉਹ ਫੋਨ ਸੁਣੇ ਹੀ ਨਾ। ਪਰ ਅਜਿਹਾ ਹੋ ਹੀ ਨਹੀਂ ਸਕਦਾ ਸੀ। ਇਹ ਪਲਾਂ ਦਾ ਸਮਾਂ ਪੂਰੀ ਜ਼ਿੰਦਗੀ ਤੋਂ ਲੰਬਾ ਲਗਦਾ ਸੀ। ਉਸ ਨੇ ਕੰਬਦੇ ਹੱਥਾਂ ਨਾਲ ਫੋਨ ਆਪਣੇ ਕੰਨ ਨੂੰ ਲਾਇਆ ਅਤੇ ਨੇੜੇ ਪਈ ਕੁਰਸੀ 'ਤੇ ਬੈਠ ਗਈ।

"ਹੈਲੋ--।" ਪ੍ਰੀਤ ਦੀ ਮਰੀਅਲ ਜਿਹੀ ਅਵਾਜ਼ ਦੂਜੇ ਪਾਸੇ ਸੁਣੀ। ਰੂਥ ਉਸ ਦੇ ਨੇੜੇ ਹੀ ਖੜ੍ਹੀ ਸੀ।

"ਮੈਡਮ ਮੈਂ ਹੈਮਰਸਮਿਥ ਹਸਪਤਾਲ ਤੋਂ ਡਾਕਟਰ ਸਟੀਵ ਡੈਨੀਅਲ ਬੋਲ ਰਿਹਾ ਆਂ। ਤੁਸੀਂ ਕਿਸੇ ਸਤਿਵੀਰ ਨਾਂ ਦੇ ਆਦਮੀ ਨੂੰ ਜਾਣਦੇ ਹੋ!" ਡਾਕਟਰ ਨੇ ਬੋਚ ਬੋਚ ਸ਼ਬਦ ਬੋਲੇ।

"ਜੀ ਹਾਂ ਉਹ ਮੇਰਾ ਭਰਾ ਐ। ਪਰ ਉਹਨੂੰ ਹੋਇਆ ਕੀ ਐ?" ਪ੍ਰੀਤ ਨੇ ਜਲਦੀ ਜਲਦੀ ਪੁੱਛਿਆ ਜਿਵੇਂ ਉਹ ਸਭ ਕੁਝ ਇਕ

ਪਲ ਵਿਚ ਹੀ ਜਾਣਨਾ ਚਾਹੁੰਦੀ ਹੋਵੇ ਅਤੇ ਉਡੀਕ ਸਕਣ ਦੀ ਸ਼ਕਤੀ ਉਸ ਵਿਚ ਨਾ ਹੋਵੇ।

"ਅਜੇ ਉਹ ਬੇਹੋਸ਼ ਐ। ਲਗਦਾ ਉਸ ਨੇ ਹੈਰੋਇਨ ਵਰਗੇ ਸਖ਼ਤ ਡਰੱਗ ਦੀ ਕਾਫੀ ਵੱਡੀ ਡੋਜ਼ ਲੈ ਲਈ ਐ।" ਡਾਕਟਰ ਨੇ ਸਾਫ਼ ਦੱਸਿਆ । ਆਪਣੇ ਕਿੱਤੇ ਦੇ ਤਜ਼ਰਬੇ ਕਾਰਨ ਉਸ ਨੇ ਆਪਣੇ ਬੋਲਾਂ ਵਿਚ ਘਬਰਾਹਟ ਮਹਿਸੂਸ ਨਾ ਹੋਣ ਦਿੱਤੀ। ਜਿਸ ਨਾਲ ਸੁਣਨ ਵਾਲਾ ਹੋਰ ਵੀ ਘਬਰਾ ਜਾਂਦਾ ਐ।

"ਉਹ ਕਿਹੜੇ ਵਾਰਡ ਵਿਚ ਐ?" ਪ੍ਰੀਤ ਨੂੰ ਆਪਣੇ ਬੋਲ ਟੁੱਟਦੇ ਲੱਗੇ।

"ਛੇਵੀਂ ਮੰਜ਼ਿਲ 'ਤੇ ਸਪੈਸ਼ਲ ਕੇਅਰ ਯੂਨਿਟ ਵਿਚ।" ਸਪੈਸ਼ਲ ਕੇਅਰ ਦਾ ਨਾਂ ਸੁਣ ਕੇ ਪ੍ਰੀਤ ਦਾ ਦਿਲ ਬੈਠ ਗਿਆ। ਰੂਥ ਨੇ ਉਸ ਦੇ ਮੋਢੇ 'ਤੇ ਹੱਥ ਰੱਖਿਆ। ਉਸ ਦੇ ਡਿਗਦੇ ਮਨ ਨੂੰ ਮਾੜੀ ਜਿਹੀ ਢਾਰਸ ਮਿਲੀ। ਉਸ ਨੇ ਆਪਣੇ ਮਾਂ ਪਿਉ ਵੱਲ ਵੇਖਿਆ। ਇਕ ਜੱਦੋ ਜਹਿਦ ਉਸ ਦੇ ਮਨ ਵਿਚ ਚੱਲਣ ਲੱਗੀ। ਕੀ ਉਹ ਮਾਂ ਪਿਉ ਨੂੰ ਦੱਸੇ ਜਾਂ ਚੁੱਪ ਚਾਪ ਇਥੋਂ ਨਿਕਲ ਜਾਵੇ। ਜੇ ਉਹਨਾਂ ਨੂੰ ਪਤਾ ਲੱਗ ਗਿਆ ਤਾਂ ਮਾਂ ਤਾਂ ਥਾਂਏਂ ਮਰ ਜੂ। ਪਿਉ ਸ਼ਾਇਦ ਮਾੜੀ ਮੋਟੀ ਆਦਮੀਆਂ ਵਾਲੀ ਸ਼ਕਤੀ ਕਿਧਰੋਂ ਵਟੋਰ ਲਵੇ ਜਾਂ ਨਾ। ਭੈਣਾਂ ਦਾ ਕੀ ਹਾਲ ਹੋਵੇਗਾ ਸੁਣ ਕੇ! ਪ੍ਰੀਤ ਨੂੰ ਫ਼ੈਸਲਾ ਕਰਨਾ ਔਖਾ ਹੋ ਗਿਆ। ਇਕ ਫ਼ੈਸਲਾ ਜੋ ਉਸ ਲਈ ਸੌਖਾ ਸੀ, ਉਹ ਉਸ ਨੇ ਲੈ ਲਿਆ। ਉਹ ਹਸਪਤਾਲ ਜਾਵੇਗੀ ਅਤੇ ਫੌਰਨ ਜਾਵੇਗੀ। ਉਹ ਕੁਰਸੀ ਤੋਂ ਉੱਠੀ ਅਤੇ ਰੂਥ ਨੂੰ ਸਮਝਾਉਣ ਲੱਗੀ।

"ਰੂਥ ਮੈਂ ਚੱਲੀ ਆਂ ਹਸਪਤਾਲ। ਮੰਮੀ ਡੈਡੀ ਕਿਸੇ ਨੂੰ ਤੂੰ ਅਜੇ ਕੁਝ ਨਾ ਕਹੀਂ। ਉਹਨਾਂ ਦੀ ਸ਼ਾਇਦ ਖੁਸ਼ ਹੋਣ ਅਤੇ ਹੱਸਣ ਖੇਡਣ ਦੀ ਇਹ ਆਖ਼ਰੀ ਰਾਤ ਹੋਵੇ। ਕੋਈ ਨਾ ਕੋਈ ਬਹਾਨਾ ਲਗਾ ਕੇ ਉਹਨਾਂ ਨੂੰ ਮੇਰੇ ਬਾਰੇ ਸੰਤੁਸ਼ਟ ਕਰਵਾ ਦੇਵੀਂ।" ਪ੍ਰੀਤ ਤੁਰਨ ਲੱਗੀ ਰੂਥ ਨੂੰ ਕਾਹਲੀ-ਕਾਹਲੀ ਕਾਫੀ ਕੁਝ ਸਮਝਾਉਣ ਲੱਗੀ। ਰੂਥ ਸੋਚਣ ਲੱਗੀ ਉਹ ਭਲਾ ਕੀ ਬਹਾਨਾ ਲਗਾਵੇਗੀ!

ਪ੍ਰੀਤ ਹਸਪਤਾਲ ਉੱਡ ਕੇ ਪਹੁੰਚਣਾ ਚਾਹੁੰਦੀ ਸੀ। ਵੈਸੇ ਉਸ ਸਮੇਂ ਟਰੈਫਿਕ ਬਹੁਤ ਥੋੜ੍ਹਾ ਸੀ। ਉਸ ਨੂੰ ਫਿਰ ਵੀ ਲੱਗਾ ਜਿਵੇਂ ਕਾਰ ਜੂੰ ਦੀ ਤੋਰ ਤੁਰਦੀ ਹੋਵੇ। ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਅਤੇ ਉਸ ਨੂੰ ਸਭ ਕੁਝ ਧੁੰਦਲਾ ਦਿਸਦਾ। ਉਸ ਸਮੇਂ ਤਾਂ ਉਸ ਨੂੰ ਆਪਣਾ ਅਤੇ ਆਪਣੇ ਪ੍ਰੀਵਾਰ ਦਾ ਭਵਿੱਖ ਵੀ ਧੁੰਦਲਾ ਦਿਸ ਰਿਹਾ ਸੀ। ਉਹ ਆਪਣੇ ਮਨ ਨੂੰ ਬਥੇਰਾ ਸਮਝਾਉਣ ਦਾ ਯਤਨ ਕਰਦੀ। ਕੋਈ ਨਾ ਕੋਈ ਗੱਲ ਉਸ ਨੂੰ ਸਤਿਵੀਰ ਦੀ ਯਾਦ ਆ ਜਾਂਦੀ ਅਤੇ ਉਸ ਦਾ ਮਨ ਫਿਰ ਭਰ ਆਉਂਦਾ। ਰੋਂਦੀ ਧੋਂਦੀ ਅਤੇ ਅੱਖਾਂ ਪੂੰਝਦੀ ਉਹ ਹਸਪਤਾਲ ਜਾ ਪਹੁੰਚੀ ਅਤੇ ਲਿਫਟ ਲੈ ਕੇ ਵਾਰਡ ਵਿਚ ਪਹੁੰਚ ਗਈ। ਰਿਸੈਪਸ਼ਨ ਡੈਸਕ 'ਤੇ ਅੱਧ ਖੜ੍ਹ ਜਨਾਨੀ ਨੂੰ ਉਸ ਨੇ ਸਤਿਵੀਰ ਦਾ ਨਾਂ ਦੱਸਿਆ ਤਾਂ ਉਹ ਕੰਪਿਊਟਰ ਦੀ ਸਕਰੀਨ 'ਤੇ ਉਸ ਦੀ ਜਾਣਕਾਰੀ ਲੱਭਣ ਲੱਗੀ। ਨੇੜੇ ਉਡੀਕ ਲਈ ਬਣੇ ਏਰੀਏ ਵਿਚ ਕੁਰਸੀ 'ਤੇ ਬੈਠੀ ਇਕ ਗੋਰੀ ਜਨਾਨੀ ਪ੍ਰੀਤ ਵੱਲ ਧਿਆਨ ਨਾਲ ਵੇਖ ਰਹੀ ਸੀ। "ਸਤਿਵੀਰ ਸਪੈਸ਼ਲ ਕੇਅਰ ਯੂਨਿਟ ਵਿਚ ਹੋਣ ਕਰਕੇ ਉਸ ਨੂੰ ਮਿਲਿਆ ਨਹੀਂ ਜਾ ਸਕਦਾ। ਡਾਕਟਰ ਨੂੰ ਮੈਂ ਪਤਾ ਕਰ ਦਿੰਦੀ ਆਂ। ਉਸ ਨਾਲ ਗੱਲ ਹੋ ਸਕਦੀ ਐ। ਕ੍ਰਿਪਾ ਕਰਕੇ ਬੈਠ ਜਾਉ।" ਪ੍ਰੀਤ ਨੂੰ ਰਿਸੈਪਸ਼ਨਿਸਟ ਨੇ ਕੁਰਸੀਆਂ ਵੱਲ ਇਸ਼ਾਰਾ ਕਰ ਕੇ ਬੈਠਣ ਲਈ ਕਿਹਾ ਅਤੇ ਆਪ ਡਾਕਟਰ ਨੂੰ ਫੋਨ ਕਰਨ ਲੱਗੀ।

ਪ੍ਰੀਤ ਬੇਅਰਾਮੀ ਜਿਹੀ ਨਾਲ ਬੈਠ ਗਈ। ਦੂਜੀ ਕੁਰਸੀ 'ਤੇ ਬੈਠੀ ਗੋਰੀ ਪ੍ਰੀਤ ਦੇ ਨਾਲ ਵਾਲੀ ਕੁਰਸੀ 'ਤੇ ਆ ਬੈਠੀ।

"ਮੈਂ ਸਾਂਡਰਾ ਦੀ ਮਾਂ ਆਂ ਐਮਲੀ ਬਰਿਸਕੋ।" ਕਹਿ ਕੇ ਗੋਰੀ ਨੇ ਪ੍ਰੀਤ ਵੱਲ ਵੇਖਿਆ ਅਤੇ ਪਲ ਕੁ ਲਈ ਚੁੱਪ ਹੋ ਗਈ। ਪ੍ਰੀਤ ਉਸ ਵੱਲ ਇੰਞ ਵੇਖਣ ਲੱਗੀ ਜਿਵੇਂ ਪੁੱਛ ਰਹੀ ਹੋਵੇ ਕਿ ਸਾਂਡਰਾ ਕੌਣ ਐ!

“ਸਟਵੀਰ ਤੇ ਸਾਂਡਰਾ ਦੋਵੇਂ ਕੁਝ ਸਮੇਂ ਤੋਂ ਕਾਫੀ ਮਿਲਦੇ ਗਿਲਦੇ ਰਹਿੰਦੇ ਸੀ। ਸਾਂਡਰਾ ਦਾ ਪਿਉ ਕੁਝ ਸਾਲ ਪਹਿਲਾਂ ਇਕ ਐਕਸੀਡੈਂਟ ਵਿਚ ਮਾਰਿਆ ਗਿਆ ਸੀ। ਬੱਸ ਮੈਂ ਤੇ ਸਾਂਡਰਾ ਇਕ ਦੂਜੇ ਦਾ ਸਹਾਰਾ ਬਣ ਗਈਆਂ। ਮੈਨੂੰ ਤਾਂ ਪਤਾ ਤੱਕ ਨਹੀਂ ਸੀ ਸਾਂਡਰਾ ਕਦੇ ਡਰੱਗ ਵੀ ਵਰਤਦੀ ਆ।” ਐਮਲੀ ਦੀਆਂ ਅੱਖਾਂ ਭਰ ਆਈਆਂ ਅਤੇ ਉਸ ਨੇ ਨੈਪਕਿਨ ਨਾਲ ਸਾਫ਼ ਕਰ ਲਈਆਂ। ਪ੍ਰੀਤ ਨੂੰ ਗੁਰੇ ਦੀ ਯਾਦ ਆਈ। ਉਸ ਨੂੰ ਸਤਿਵੀਰ ਸਾਂਡਰਾ ਅਤੇ ਐਮਲੀ ਦਾ ਵੀ ਗੁਨਾਹਗਾਰ ਲੱਗਾ। ਇਕ ਪਾਸੇ ਉਸ ਦਾ ਆਪਣਾ ਭਰਾ ਆਪਣਾ ਖ਼ੂਨ ਜਿਸ ਦੀ ਜ਼ਿੰਦਗੀ ਨੂੰ ਉਹ ਹਰ ਹਾਲਤ ਵਿਚ ਬਚਾਉਣਾ ਚਾਹੁੰਦੀ ਸੀ। ਦੂਜੇ ਪਾਸੇ ਉਹੀ ਆਦਮੀ ਉਸ ਨੂੰ ਗੁਰੇ ਅਤੇ ਸਾਂਡਰਾ ਦਾ ਕਾਤਲ ਲੱਗ ਰਿਹਾ ਸੀ। ਭਰਾ ਦਾ ਰਿਸ਼ਤਾ ਹਰ ਗੁਨਾਹ ਤੋਂ ਜ਼ੋਰਾਵਰ ਸੀ। ਡਾਕਟਰ ਨੂੰ ਆਉਂਦਾ ਵੇਖ ਕੇ ਉਹ ਉੱਠ ਖੜ੍ਹੀ ਹੋਈ ਅਤੇ ਲਪਕ ਕੇ ਉਸ ਵੱਲ ਵਧੀ।

“ਡਾਕਟਰ ਮੈਂ ਸਤਿਵੀਰ ਦੀ ਭੈਣ ਆਂ ਪ੍ਰੀਤ।” ਅੱਗੇ ਉਸ ਨੇ ਕੁਝ ਨਾ ਕਿਹਾ ਜਿਵੇਂ ਉਸ ਨੂੰ ਪਤਾ ਹੋਵੇ ਕਿ ਅੱਗੇ ਸਭ ਕੁਝ ਡਾਕਟਰ ਨੇ ਹੀ ਕਹਿਣਾ ਸੀ ਅਤੇ ਪ੍ਰੀਤ ਨੇ ਉਸ ਨੂੰ ਸੁਣਨਾ ਸੀ। ਪ੍ਰੀਤ ਦਾ ਦਿਲ ਜ਼ੋਰ ਨਾਲ ਧੜਕਨ ਲੱਗਾ। ਪਤਾ ਨਹੀਂ ਕਿਹੋ ਜਿਹੀ ਮਾੜੀ ਖਬਰ ਡਾਕਟਰ ਨੇ ਦੱਸਣੀ ਸੀ।

“ਸਤਿਵੀਰ ਦੀ ਹਾਲਤ ਬਹੁਤ ਮਾੜੀ ਆ। ਐਕਸਟੇਸੀ ਦੀ ਜ਼ਿਆਦਾ ਵੱਡੀ ਡੋਜ਼ ਲੈਣ ਕਾਰਨ ਉਸ ਦਾ ਬਲੱਡ ਪਰੈਸ਼ਰ ਬਹੁਤ ਜ਼ਿਆਦਾ ਵੱਧ ਗਿਆ ਅਤੇ ਤੇਜ਼ ਬੁਖ਼ਾਰ ਵੀ ਐ। ਇਸ ਕਾਰਨ ਜ਼ਿਆਦਾ ਖਤਰਾ ਉਸ ਦੇ ਬਰੇਨ ਨੂੰ ਨੁਕਸਾਨ ਹੋਣ ਦਾ ਐ। ਅਜੇ ਪਤਾ ਨਹੀਂ ਕਿੰਨਾ ਕੁ ਨੁਕਸਾਨ ਹੋਇਆ। ਮੈਨੂੰ ਡਰ ਐ ਜੇ ਉਹ ਬਚ ਵੀ ਗਿਆ ਤਾਂ ਸ਼ਾਇਦ ਉਹ ਆਪਣੀ ਨਾਰਮਲ ਜ਼ਿੰਦਗੀ ਨਹੀਂ ਜਿਉਂ ਸਕੇਗਾ।” ਸੁਣ ਕੇ ਪ੍ਰੀਤ ਦੇ ਹੱਥ ਪੈਰ ਠੰਡੇ ਹੋ ਗਏ। ਉਸ ਦੀਆਂ ਅੱਖਾਂ ਅੱਗੇ ਸਤਿਵੀਰ ਦੇ ਕਈ ਰੂਪ ਘੁੰਮਣ ਲੱਗੇ। ਮੌਤ ਅਤੇ ਅਪਾਹਜ ਦੋਵਾਂ ਬਾਰੇ ਸੋਚ ਕੇ ਉਸ ਦਾ ਦਿਮਾਗ ਚੱਕਰ ਖਾਣ ਲੱਗਾ।

“ਤੁਸੀਂ ਚਾਹੋ ਤਾਂ ਘਰ ਚਲੇ ਜਾਉ। ਕੱਲ੍ਹ ਤੱਕ ਅਸੀਂ ਇਸ ਤੋਂ ਵੱਧ ਤੁਹਾਨੂੰ ਕੋਈ ਹੋਰ ਜਾਣਕਾਰੀ ਨਹੀਂ ਦੇ ਸਕਾਂਗੇ ਅਤੇ ਨਾ ਹੀ ਅਜੇ ਤੁਸੀਂ ਮਰੀਜ਼ ਨੂੰ ਮਿਲ ਸਕਦੇ ਓ। ਮਿਸਿਜ਼ ਬਰਿਸਕੋ ਤੁਹਾਨੂੰ ਵੀ ਮੇਰੀ ਰਾਇ ਐ ਕਿ ਜਾ ਕੇ ਅਰਾਮ ਕਰੋ।” ਕਹਿ ਕੇ ਡਾਕਟਰ ਚਲਾ ਗਿਆ। ਐਮਲੀ ਤੇ ਪ੍ਰੀਤ ਇਕ ਦੂਜੇ ਵੱਲ ਵੇਖਣ ਲੱਗੀਆਂ।

“ਇਹਨਾਂ ਨੇ ਇਹ ਕਾਰਾ ਕੀਤਾ ਕਿਥੇ?" ਪ੍ਰੀਤ ਦੇ ਡਰ, ਦੁੱਖ ਅਤੇ ਹੈਰਾਨੀ ਨਾਲ ਬੋਲ ਕੰਬ ਰਹੇ ਸਨ।

“ਮੇਰੇ ਘਰ ਸਟਵੀਰ ਸਾਂਡਰਾ ਨੂੰ ਮਿਲਣ ਆਇਆ ਸੀ। ਜਦ ਮੈਂ ਕੰਮ ਤੋਂ ਘਰ ਆਈ ਤਾਂ ਇਹ ਦੋਵੇਂ ਬੇਹੋਸ਼ ਪਏ ਸਨ। ਮੇਰੀਆਂ ਤਾਂ ਖਾਨਿਉਂ ਗਈਆਂ। ਐਬੂਲੈਂਸ ਨੂੰ ਫੋਨ ਕੀਤਾ ਤੇ--।” ਐਮਲੀ ਰੋਣ ਲੱਗੀ। ਪ੍ਰੀਤ ਨੂੰ ਉਸ ‘ਤੇ ਤਰਸ ਆਇਆ ਅਤੇ ਉਸ ਨੇ ਐਮਲੀ ਦੇ ਮੋਢੇ ‘ਤੇ ਆਪਣਾ ਹੱਥ ਰੱਖ ਕੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

“ਆਈ ਐਮ ਸੌਰੀ ਐਮਲੀ। ਮੇਰਾ ਭਰਾ ਤਾਂ ਸਾਡੇ ਕੋਲ ਆਉਂਦਾ ਜਾਂਦਾ ਬਹੁਤ ਘੱਟ ਐ। ਮੈਂ ਤਾਂ ਹੈਰਾਨ ਆਂ ਕਿ ਮੇਰਾ ਫੋਨ ਹਸਪਤਾਲ ਵਾਲਿਆਂ ਨੂੰ ਕਿਵੇਂ ਮਿਲ ਗਿਆ!”

“ਸਟਵੀਰ ਦੀ ਜੇਬ ਵਿਚ ਉਸ ਦਾ ਡਰਾਈਵਿੰਗ ਲਾਇਸੰਸ ਸੀ ਅਤੇ ਉਸ ਦੇ ਫੋਨ ਵਿਚ ਤੇਰਾ ਨੰਬਰ ਪ੍ਰੀਤ ਸਿਸ ਦੇ ਨਾਂ ਥੱਲੇ ਸੀ। ਉਹਨੇ ਮੈਨੂੰ ਵੀ ਤੇਰੇ ਬਾਰੇ ਕਈ ਵਾਰ ਦੱਸਿਆ ਕਿ ਤੂੰ ਇਕ ਸਫ਼ਲ ਬਿਜਨੈਸ ਵੋਮਨ ਐਂ। ਮੈਂ ਈ ਡਾਕਟਰ ਨੂੰ ਤੈਨੂੰ ਫੋਨ ਕਰਨ ਲਈ ਕਿਹਾ ਸੀ।”

“ਥੈਂਕਸ ਐਮਲੀ। ਮੈਨੂੰ ਆਪਣੇ ਭਰਾ ‘ਤੇ ਸ਼ਰਮ ਆਉਂਦੀ ਐ। ਉਸ ਦਾ ਪਿਆਰ ਵੀ ਆਉਂਦਾ। ਮੇਰੀ ਮਾਂ ਨੇ ਸੌ ਸੁਖਾਂ ਨਾਲ ਇਸ ਨੂੰ ਪਾਇਆ ਸੀ ਤੇ ਇਹਨੇ ਉਸ ਨੂੰ ਸਿਵਾਏ ਦੁੱਖ ਤੋਂ ਹੋਰ ਕੁਝ ਨੀ ਦਿੱਤਾ।” ਪ੍ਰੀਤ ਦੇ ਲਰਜ਼ਦੇ ਬੋਲ ਹੰਝੂਆ ਨਾਲ ਭਿੱਜ ਗਏ। ਉਸ ਨੇ ਐਮਲੀ ਨੂੰ ਆਪਣਾ ਫੋਨ ਦਿੱਤਾ ਅਤੇ ਉਸ ਦਾ ਫੋਨ ਨੰਬਰ ਉਸ ਤੋਂ ਲੈ ਲਿਆ। ਇਸ ਦੁੱਖ ਦੀ ਘੜੀ ਉਹ ਦੋਵੇਂ ਇਕ ਦੂਜੇ ਦਾ ਸਹਾਰਾ ਬਣੀਆਂ ਹੋਈਆਂ ਸਨ।

ਪ੍ਰੀਤ ਦੇ ਮਨ ਵਿਚ ਆਇਆ ਕਿ ਸ਼ਾਇਦ ਐਮਲੀ ਨੇ ਕੁਝ ਖਾਧਾ ਪੀਤਾ ਹੀ ਨਾ ਹੋਵੇ। ਉਸ ਨੂੰ ਐਮਲੀ ਨਾਲ ਹਮਦਰਦੀ ਸੀ। ਜਿਸ ਔਰਤ ਦੀ ਇਕੋ ਇਕ ਧੀ ਜ਼ਿੰਦਗੀ ਮੌਤ ਨਾਲ ਲੜ ਰਹੀ ਹੋਵੇ, ਉਸ ਨਾਲ ਹਮਦਰਦੀ ਹੋਣਾ ਕੁਦਰਤੀ ਸੀ। ਖਾਸ ਤੌਰ ‘ਤੇ ਜਦ ਪ੍ਰੀਤ ਦਾ ਆਪਣਾ ਭਰਾ ਸ਼ਾਇਦ ਉਸ ਸਭ ਲਈ ਜ਼ਿੰਮੇਵਾਰ ਹੋਵੇ।

“ਐਮਲੀ ਆ ਜਾ ਚਾਹ ਦਾ ਕੱਪ ਪੀ ਲਈਏ ਨਾਲੇ ਕੁਝ ਖਾ ਲੈ।” ਪ੍ਰੀਤ ਹਸਪਤਾਲ ਦੀ ਕੰਟੀਨ ਵੱਲ ਚੱਲ ਪਈ। ਐਮਲੀ ਵੀ ਉਸ ਦੇ ਨਾਲ ਤੁਰ ਪਈ। ਅਜੇ ਉਹ ਕੰਟੀਨ ਵਿਚ ਚਾਹ ਅਤੇ ਕੁਝ ਖਾਣ ਲਈ ਆਰਡਰ ਕਰਕੇ ਐਮਲੀ ਕੋਲ ਆ ਕੇ ਬੈਠੀ ਹੀ ਸੀ ਕਿ ਉਸ ਦੇ ਫੋਨ ਦੀ ਘੰਟੀ ਵੱਜੀ। ਰੂਥ ਦਾ ਫੋਨ ਸੀ।

“ਪ੍ਰੀਤ ਸੌਰੀ, ਇਹਨਾਂ ਲੋਕਾਂ ਨੂੰ ਸ਼ੱਕ ਹੋ ਗਿਆ ਸੀ ਅਤੇ ਮੈਂ ਬਹੁਤੀ ਦੇਰ ਸੱਚ ਨੂੰ ਲੁਕਾ ਨਹੀਂ ਸਕੀ।” ਰੂਥ ਤੋਂ ਮੀਕੇ ਨੇ ਫੋਨ ਜਿਵੇਂ ਖੋਹ ਲਿਆ ਹੋਵੇ। ਅਗਲੀ ਅਵਾਜ਼ ਉਸ ਨੂੰ ਪਿਉ ਦੀ ਸੁਣੀ। ਉਸ ਅਵਾਜ਼ ਦੇ ਪਿੱਛੇ ਉਸ ਨੂੰ ਮਾਂ ਦੇ ਹੁਬਕੀਂ ਰੋਣ ਦੀ ਅਵਾਜ਼ ਸੁਣ ਰਹੀ ਸੀ।

“ਪ੍ਰੀਤ ਤੂੰ ਸਾਨੂੰ ਦੱਸੇ ਬਿਨਾਂ ਚਲੀ ਗਈ। ਗੱਲ ਦੱਸ ਕੀ ਐ।” ਮੀਕੇ ਦੀ ਅਵਾਜ਼ ਵਿਚ ਫਿਕਰਮੰਦ ਕਾਹਲ ਸੀ ਅਤੇ ਜਾਣਨ ਦੀ ਤਾਂਘ ਲਈ ਖੁਰਦਰਾਪਣ।

“ਡੈਡ ਤੁਸੀਂ ਘਰ ਚੱਲੋ ਮੈਂ ਘਰ ਆਉਣ ਲੱਗੀ ਆਂ।” ਪ੍ਰੀਤ ਨੇ ਜਿੰਨੀ ਕੁ ਉਸ ਤੋਂ ਸਧਾਰਨ ਅਵਾਜ਼ ਵਿਚ ਕਿਹਾ ਜਾ ਸਕਦਾ ਸੀ ਕਿਹਾ।

“ਤੂੰ ਗੱਲ ਤਾਂ ਦੱਸ ਬਈ ਸਤਿਵੀਰ ਨੂੰ ਹੋਇਆ ਕੀ ਐ!” ਮੀਕਾ ਅਜੇ ਵੀ ਕਾਹਲੀ ਨਾਲ ਉੱਚੀ ਬੋਲ ਰਿਹਾ ਸੀ। ਉਸ ਬੰਦੇ ਵਾਂਗ ਜਿਹੜਾ ਦੂਜੇ ਤੋਂ ਕੁਝ ਜਾਣਨ ਲਈ ਕੋਈ ਹੋਰ ਚਾਰਾ ਨਾ ਚਲਦਾ ਵੇਖ ਕੇ ਉੱਚੀ ਅਵਾਜ਼ ਦਾ ਸਹਾਰਾ ਲੈਂਦਾ ਹੋਵੇ।

“ਡੈਡ, ਸਤਿਵੀਰ ਨੇ ਡਰੱਗ ਦੀ ਜ਼ਿਆਦਾ ਡੋਜ਼ ਲੈ ਲਈ। ਇਸ ਕਰਕੇ ਡਾਕਟਰ ਉਸ ਦਾ ਇਲਾਜ ਕਰ ਰਹੇ ਆ। ਡਾਕਟਰ ਨੇ ਕਿਹਾ ਐ ਕਿ ਕੱਲ੍ਹ ਤੱਕ ਉਸ ਨੂੰ ਕੋਈ ਨਹੀਂ ਮਿਲ ਸਕਦਾ। ਸੋ ਮੈਂ ਵੀ ਘਰ ਆ ਰਹੀ ਆਂ।” ਪ੍ਰੀਤ ਨੇ ਹਾਲਾਤ ਨੂੰ ਗੋਲ ਮੋਲ ਗੱਲ ਕਰਕੇ ਮਾਂ ਪਿਉ ਦਾ ਫਿਕਰ ਘਟਾਉਣ ਦਾ ਯਤਨ ਕੀਤਾ। ਮੀਕੇ ਨੂੰ ਸੁਣ ਕੇ ਦੁਖ ਤਾਂ ਹੋਇਆ ਪਰ ਫਿਕਰ ਉਸ ਦਾ ਕੁਝ ਕੁ ਘਟ ਗਿਆ। ਉਸ ਨੇ ਸੋਚਿਆ ਜੇ ਡਰੱਗ ਲੈ ਲਏ ਆ ਤਾਂ ਡਾਕਟਰ ਉਸ ਦਾ ਪੇਟ ਸਾਫ਼ ਕਰ ਦੇਣਗੇ। ਉਸ ਨੂੰ ਖਤਰੇ ਦਾ ਬਹੁਤਾ ਅਹਿਸਾਸ ਨਾ ਹੋਇਆ। ਉਸ ਦੇ ਨਾਲ ਹੀ ਸੀਤੋ ਦਾ ਰੋਣ ਧੋਣ ਮੱਠਾ ਹੋ ਗਿਆ।

ਪ੍ਰੀਤ ਨੇ ਐਮਲੀ ਨੂੰ ਵਿਦਾ ਕੀਤਾ ਅਤੇ ਆਪ ਘਰ ਨੂੰ ਚੱਲ ਪਈ। ਸਾਰੇ ਰਾਹ ਉਸ ਨੂੰ ਸਾਂਡਰਾ ਅਤੇ ਐਮਲੀ ਦੇ ਨਾਲ ਨਾਲ ਗੁਰਾ ਅਤੇ ਉਸ ਦੀ ਪਤਨੀ ਯਾਦ ਆਉਂਦੇ ਰਹੇ। ਦੂਜੇ ਪਾਸੇ ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਮਾਂ ਪਿਉ ਨੂੰ ਕਿੰਨੀ ਕੁ ਗੱਲ ਦੱਸੇ। ਜੇ ਸਾਰੀ ਹਾਲਤ ਇਕ ਦੱਮ ਸਹੀ ਦੱਸ ਦਿੱਤੀ ਤਾਂ ਸੀਤੋ ਤਾਂ ਸ਼ਾਇਦ ਚੀਕ ਚਿਹਾੜਾ ਈ ਪਾ ਦੇਵੇ ਅਤੇ ਸਾਂਭਿਆਂ ਵੀ ਨਾ ਸਾਂਭੀ

ਜਾਵੇ। ਉਹ ਤਾਂ ਪਹਿਲਾਂ ਹੀ ਮਾਨਸਕ ਪੱਖੋਂ ਪ੍ਰੇਸ਼ਾਨ ਰਹਿੰਦੀ ਸੀ। ਪ੍ਰੀਤ ਨੂੰ ਕੋਈ ਸਮਝ ਨਹੀਂ ਲੱਗ ਰਹੀ ਸੀ। ਉਸ ਨੇ ਆਪਣਾ ਮਨ ਇਹ ਸੋਚਣ ਵੱਲ ਲਗਾਉਣ ਦਾ ਯਤਨ ਕੀਤਾ ਸਤਿਵੀਰ ਦੇ ਪਾਲਣ ਪੋਸਣ ਵਿਚ ਕਿਥੇ ਗਲਤੀ ਹੋਈ! ਕੀ ਪ੍ਰੀਤ ਨੇ ਸਤਿਵੀਰ ਨੂੰ ਸੁਧਾਰਨ ਲਈ ਪੂਰੀ ਵਾਹ ਲਾਈ ਜਾਂ ਉਹ ਆਪਣੇ ਕੰਮ ਵਿਚ ਹੀ ਐਨੀ ਮਸਰੂਫ ਹੋ ਗਈ ਕਿ ਉਸ ਤੋਂ ਪੂਰਾ ਧਿਆਨ ਨਹੀਂ ਦੇ ਹੋਇਆ! ਅਜਿਹੇ ਕਈ ਸਵਾਲ ਉਸ ਦੇ ਸਾਹਮਣੇ ਲਾਈਨਾਂ ਲਾਈ ਖੜ੍ਹੇ ਸਨ। ਉਸ ਨੂੰ ਮਹਿਸੂਸ ਹੋਇਆ ਠੀਕ ਹੀ ਉਹ ਕੰਮ ਵਿਚ ਐਨਾ ਉਲਝ ਗਈ ਕਿ ਉਹ ਸਤਿਵੀਰ ਨੂੰ ਪੂਰਾ ਧਿਆਨ ਦੇ ਕੇ ਉਸ ਦਾ ਇਲਾਜ ਨਹੀਂ ਕਰਵਾ ਸਕੀ। ਉਸ ਨੂੰ ਆਪਣੇ ਆਪ 'ਤੇ ਗਿਲਾਨੀ ਹੋਈ। ਆਪਣੀ ਸਫ਼ਲਤਾ ਦੀ ਪੌੜੀ ਚੜ੍ਹਨ ਲਈ ਉਹ ਆਪਣੇ ਭਰਾ ਨੂੰ ਨਜ਼ਰ ਅੰਦਾਜ਼ ਕਰ ਗਈ ਅਤੇ ਅੱਜ ਉਹ ਉਸ ਦਾ ਸਿੱਟਾ ਭੁਗਤ ਰਹੀ ਸੀ। ਉਸ ਨਾਲ ਬਾਕੀ ਸਾਰਿਆਂ ਨੇ ਹੀ ਸਿੱਟੇ ਨੂੰ ਭੁਗਤਣਾ ਸੀ।

ਸੋਚਦਿਆਂ, ਖੁਦੀ ਨਾਲ ਲੜਦਿਆਂ ਅਤੇ ਅਪਾਣੇ ਆਪ ਨਾਲ ਮਾਨਸਕ ਘੋਲ ਕਰਦਿਆਂ ਪ੍ਰੀਤ ਘਰ ਪਹੁੰਚ ਗਈ। ਅੱਗੇ ਉਸ ਲਈ ਇਕ ਹੋਰ ਇਮਤਿਹਾਨ ਉਡੀਕ ਕਰ ਰਿਹਾ ਸੀ। ਅਜੇ ਉਸ ਨੇ ਦਰਵਾਜ਼ਾ ਖੋਲ੍ਹਣ ਲਈ ਚਾਬੀ ਲਾਈ ਹੀ ਸੀ ਕਿ ਸਾਰਾ ਪ੍ਰੀਵਾਰ ਭੱਜ ਕੇ ਦਰਵਾਜ਼ੇ ਕੋਲ ਆ ਗਿਆ। ਉਹ ਅੰਦਰ ਚਲੀ ਗਈ ਅਤੇ ਸਾਰੇ ਉਸ ਦੇ ਮੂੰਹ ਵੱਲ ਵੇਖਣ ਲੱਗੇ। ਬਿਨਾਂ ਕੁਝ ਬੋਲਿਆਂ ਪ੍ਰੀਤ ਵੱਲ ਘੂਰ ਘੂਰ ਕੇ ਵੇਖਦੇ ਖੜ੍ਹੇ ਸਨ। ਸਾਰਿਆਂ ਦੇ ਚਿਹਰੇ 'ਤੇ ਇਕੋ ਸਵਾਲ ਉੱਕਰਿਆ ਹੋਇਆ ਸੀ। ਉਸ ਸਵਾਲ ਨੂੰ ਪ੍ਰੀਤ ਸਮਝਦੀ ਸੀ ਅਤੇ ਉਸ ਨੂੰ ਜਵਾਬ ਵੀ ਦੇਣਾ ਪੈਣਾ ਸੀ। ਦੋਵੇਂ ਧਿਰਾਂ ਇੰਝ ਆਹਮਣੇ ਸਾਹਮਣੇ ਖੜ੍ਹੀਆਂ ਸਨ ਜਿਵੇਂ ਦੋ ਵਿਰੋਧੀ ਪਾਰਟੀਆਂ ਇਕ ਦੂਜੇ ਨੂੰ ਸਵਾਲ ਕਰਨ ਲਈ ਕਿਸੇ ਪੰਡਾਲ ਵਿਚ ਖੜ੍ਹੀਆਂ ਹੋਣ।

"ਪ੍ਰੀਤ ਤੂੰ ਬੋਲਦੀ ਕਿਉਂ ਨੀ?" ਸੀਤੋ ਦੇ ਸਬਰ ਦਾ ਪਿਆਲਾ ਨੱਕੋ ਨੱਕ ਤਾਂ ਪਹਿਲਾਂ ਹੀ ਭਰਿਆ ਪਿਆ ਸੀ। ਉਸ ਤੋਂ ਹੋਰ ਸਬਰ ਨਾ ਹੋਇਆ।

"ਮੈਂ ਦੱਸਿਆ ਸੀ ਕਿ ਸਤਿਵੀਰ ਨੇ ਐਕਸਟੇਸੀ ਡਰੱਗ ਦੀ ਡੋਜ਼ ਕੁਝ ਜ਼ਿਆਦਾ ਲੈ ਲਈ। ਇਸ ਕਾਰਨ ਉਹ ਬੇਹੋਸ਼ ਹੋ ਗਿਆ ਅਤੇ ਹਸਪਤਾਲ ਵਿਚ ਉਸ ਦਾ ਇਲਾਜ ਚੱਲ ਰਿਹਾ।" ਪ੍ਰੀਤ ਨੇ ਉਹਨਾਂ ਵਿਚ ਦੀ ਥਾਂ ਬਣਾ ਕੇ ਅੱਗੇ ਲੰਘਣ ਦਾ ਯਤਨ ਕੀਤਾ। ਮੀਕਾ ਇਕੋ ਇਕ ਪ੍ਰੀਵਾਰ ਦਾ ਮੈਂਬਰ ਸੀ ਜਿਸ ਨੂੰ ਮਹਿਸੂਸ ਹੋਇਆ ਕਿ ਪ੍ਰੀਤ ਅਸਲੀ ਹਾਲਤ ਨੂੰ ਲੁਕਾ ਰਹੀ ਸੀ। ਉਸ ਨੇ ਸੀਤੋ ਅਤੇ ਕੁੜੀਆਂ ਦੀ ਹਾਜ਼ਰੀ ਵਿਚ ਕੁਝ ਵੀ ਹੋਰ ਕਹਿਣਾ ਠੀਕ ਨਾ ਸਮਝਿਆ। ਉਹ ਆਪਣੇ ਆਪ ਨੂੰ ਕਿਸੇ ਵੱਡੀ ਅਤੇ ਦਿਲ ਕੰਬਾਊ ਖ਼ਬਰ ਲਈ ਤਿਆਰ ਕਰਨ ਲੱਗਾ।

ਪ੍ਰੀਤ ਨੇ ਸਾਰਿਆਂ ਨੂੰ ਇਕ ਵਾਰ ਫਿਰ ਤੋਂ ਸਾਰੀ ਗੱਲ ਦੁਹਰਾ ਕੇ ਦੱਸੀ। ਅੰਤ ਵਿਚ ਉਸ ਨੇ ਮਾੜੀ ਖ਼ਬਰ ਲਈ ਥੋੜੀ ਜਿਹੀ ਜ਼ਮੀਨ ਤਿਆਰ ਕੀਤੀ।

"ਡਾਕਟਰ ਨੇ ਕਿਹਾ ਐ ਉਸ ਦੀ ਜਾਨ ਨੂੰ ਹਾਲ ਦੀ ਘੜੀ ਕੋਈ ਖ਼ਤਰਾ ਨਹੀਂ ਲਗਦਾ। ਇਹ ਵੀ ਸੰਭਵ ਐ ਉਸ ਦੇ ਸਰੀਰ ਨੂੰ ਮਾੜਾ ਮੋਟਾ ਅਸਰ ਹੋ ਜਾਵੇ ਅਤੇ ਉਸ ਵਿਚ ਕੋਈ ਨਿੱਕੀ ਮੋਟੀ ਵੱਜ ਪੈ ਜਾਵੇ। ਵੈਸੇ ਤਾਂ ਕੱਲ੍ਹ ਨੂੰ ਕਿਸੇ ਵੇਲੇ ਤੱਕ ਪਤਾ ਚੱਲੇਗਾ। ਆਪਾਂ ਨੂੰ ਅਜਿਹੀ ਕਿਸੇ ਮਾੜੀ ਖ਼ਬਰ ਲਈ ਤਿਆਰ ਰਹਿਣਾ ਚਾਹੀਦਾ।" ਕਹਿ ਕੇ ਪ੍ਰੀਤ ਨੇ ਸਾਰਿਆਂ ਵੱਲ ਵੇਖਿਆ ਅਤੇ ਅਚੇਤ ਹੀ ਸਾਰਿਆਂ ਦੇ ਮੂੰਹਾਂ ਦਾ ਵਿਸ਼ਲੇਸ਼ਣ ਕਰਨ ਲੱਗੀ।

"ਮੰਮ, ਆਪਣੇ ਆਪ ਨੂੰ ਕਾਇਮ ਕਰਨ ਦੀ ਲੋੜ ਆ। ਢੇਰੀ ਢਾਹਿਆਂ ਦੁੱਖ ਛੋਟੇ ਨਹੀਂ ਹੁੰਦੇ ਸਗੋਂ ਵੱਡੇ ਹੋ ਜਾਂਦੇ ਐ।" ਸੀਤੋ ਨੇ

ਬੇਵਿਸਾਹੀ ਜਿਹੀ ਨਾਲ ਪ੍ਰੀਤ ਵੱਲ ਚੁੱਪ ਚਾਪ ਵੇਖਿਆ।

"ਦੁੱਖ ਦੇ ਸਾਹਮਣੇ ਛਾਤੀ ਚੌੜੀ ਕਰਕੇ ਖੜ੍ਹਨ ਨਾਲ ਹੀ ਦੁੱਖ ਦਾ ਮੁਕਾਬਲਾ ਕੀਤਾ ਜਾ ਸਕਦਾ। ਨਹੀਂ ਤਾਂ ਦੁੱਖ ਅਤੇ ਮੁਸੀਬਤਾਂ ਵਿਚ ਮਨੁੱਖ ਨੂੰ ਚੂਰਾ ਚੂਰਾ ਕਰ ਦੇਣ ਦੀ ਸ਼ਕਤੀ ਹੁੰਦੀ ਐ।" ਮੀਕੇ ਨੇ ਪ੍ਰੀਤ ਦੀ ਤਰਜ਼ 'ਤੇ ਹੀ ਗੱਲ ਕੀਤੀ। ਉਸ ਨੂੰ ਯਕੀਨ ਹੋ ਗਿਆ ਕਿ ਗੱਲ ਐਨੀ ਛੋਟੀ ਨਹੀਂ ਸੀ ਜਿੰਨੀ ਪ੍ਰੀਤ ਛੋਟੀ ਹੋਣ ਦਾ ਬਹਾਨਾ ਕਰ ਰਹੀ ਸੀ। ਉਸ ਨੇ ਸਭ ਨੂੰ ਬਹੁਤ ਦੇਰ ਹੋ ਜਾਣ ਕਾਰਨ ਘਰੋ ਘਰ ਜਾਣ ਦੀ ਬੇਨਤੀ ਕੀਤੀ ਅਤੇ ਅਗਲੇ ਦਿਨ ਜਿਹੋ ਜਿਹੀ ਵੀ ਖ਼ਬਰ ਹੋਈ ਦੱਸਣ ਦਾ ਵਾਇਦਾ ਕੀਤਾ। ਮੀਕਾ ਆਮ ਤੋਂ ਉਲਟ ਸੀਤੋ ਨੂੰ ਉਸ ਦੇ ਬੈਡ ਰੂਮ ਵਿਚ ਲੈ ਗਿਆ ਅਤੇ ਉਸ ਨੂੰ ਚਾਹ ਦੇ ਕੱਪ ਵਿਚ ਨੀਂਦ ਦੀ ਗੋਲੀ ਮਿਲਾ ਕੇ ਪਿਲਾ ਦਿੱਤੀ ਤਾਂ ਕਿ ਉਹ ਅਰਾਮ ਨਾਲ ਸੌਂ ਜਾਵੇ। ਫਿਰ ਉਹ ਪ੍ਰੀਤ ਕੋਲ ਉਸ ਦੇ ਕਮਰੇ ਵਿਚ ਚਲਾ ਗਿਆ।

ਪ੍ਰੀਤ ਆਪਣੇ ਕਮਰੇ ਵਿਚ ਬੈਡ 'ਤੇ ਨਿਮੋਝੂਣੀ ਜਿਹੀ ਬੈਠੀ ਸੀ। ਉਸ ਦੇ ਕਮਰੇ ਦਾ ਦਰਵਾਜ਼ਾ ਥੋੜਾ ਖੁੱਲ੍ਹਾ ਸੀ। ਮੀਕੇ ਨੇ ਮਾੜਾ ਜਿਹਾ ਦਰਵਾਜ਼ਾ ਖੜਕਾਇਆ ਤਾਂ ਪ੍ਰੀਤ ਛਾਲ ਮਾਰ ਕੇ ਬੈਡ ਤੋਂ ਉੱਠੀ ਅਤੇ ਮੀਕੇ ਦੇ ਗਲ ਨਾਲ ਚੁੰਬੜ ਗਈ। ਮੀਕੇ ਨੇ ਆਪਣੇ ਪਿੱਛੇ ਦਰਵਾਜ਼ਾ ਬੰਦ ਕਰ ਦਿੱਤਾ। ਪ੍ਰੀਤ ਹੁਬਕੀਂ ਰੋਣ ਲੱਗੀ ਅਤੇ ਮੀਕੇ ਦਾ ਮੋਢਾ ਉਸ ਦੇ ਹੰਝੂਆਂ ਨਾਲ ਭਿੱਜ ਗਿਆ। ਮੀਕੇ ਨੇ ਉਸ ਨੂੰ ਚੱਪ ਕਰਾਉਣ ਲਈ ਅਤੇ ਉਸ ਨੂੰ ਹੌਂਸਲਾ ਦੇਣ ਲਈ ਉਸ ਦੀ ਪਿੱਠ 'ਤੇ ਹੱਥ ਫੇਰਿਆ ਅਤੇ ਪੁੱਚ ਪੁੱਚ ਕਰ ਕੇ ਉਸ ਨੂੰ ਬੱਚਿਆਂ ਵਾਂਗ ਚੁੱਪ ਕਰਾਉਣ ਦੀ ਕੋਸ਼ਿਸ਼ ਕਰਨ ਲੱਗਾ।

ਨੀਰੋ ਨੀਰ ਹੋਈਆਂ ਅੱਖਾਂ ਨੇ ਪਿਉ ਦੀ ਲੀਰੋ ਲੀਰ ਹੋਈ ਆਤਮਾ ਦੀ ਮੂਰਤ ਨੂੰ ਉਸ ਦੇ ਚਿਹਰੇ'ਤੇ ਵੇਖਿਆ ਤਾਂ ਇਕ ਵਾਰ ਫਿਰ ਉਹ ਕੁਰਲਾਉਣ ਲੱਗੀ। ਹੰਝੂਆਂ ਨੇ ਗਮ ਨੂੰ ਇਕ ਵਾਰ ਚੂਸ ਲਿਆ ਤਾਂ ਉਹ ਕੁਝ ਕਹਿਣ ਜੋਗੀ ਹੋਈ। ਜੇਰਾ ਕਰਕੇ ਉਸ ਨੇ ਪਿਉ ਨੂੰ ਸਾਰਾ ਕੁਝ ਸੱਚੋ ਸੱਚ ਕਹਿ ਦਿੱਤਾ। ਮੀਕੇ ਨੇ ਆਪਣਾ ਸਿਰ ਆਪਣੇ ਹੱਥਾਂ ਵਿਚ ਫੜ ਲਿਆ ਅਤੇ ਉਹ ਪ੍ਰੀਤ ਦੇ ਕਮਰੇ ਵਿਚ ਪਈ ਕੁਰਸੀ 'ਤੇ ਤਕਰੀਬਨ ਡਿੱਗ ਪਿਆ। ਜਿਹੜੀਆਂ ਸਮੱਸਿਆਵਾਂ ਦਾ ਹੱਲ ਪ੍ਰੀਤ ਲੱਭਣ ਦਾ ਯਤਨ ਕਰ ਰਹੀ ਸੀ ਉਹੀ ਹੁਣ ਮੀਕੇ ਸਾਹਮਣੇ ਆ ਖੜ੍ਹੀਆਂ ਸਨ। ਕੱਲ੍ਹ ਦੀ ਸਵੇਰ ਪਤਾ ਨਹੀਂ ਕਿਹੋ ਜਿਹੀ ਮਨਹੂਸ ਖ਼ਬਰ ਆਪਣੀ ਕੁਖ ਵਿਚ ਪਾਲ ਰਹੀ ਸੀ।

ਪ੍ਰੀਤ ਨੇ ਸਵੇਰ ਤੋਂ ਹੀ ਆਪਣਾ ਫੋਨ ਬੰਦ ਕਰ ਰੱਖਿਆ ਸੀ। ਅੱਜ ਉਸ ਦਾ ਰੁਟੀਨ ਟੁੱਟ ਗਿਆ। ਉਹ ਸਮਝਦੀ ਸੀ ਕਿ ਇਹੋ ਜਿਹੇ ਮੌਕੇ ਆਪਣੇ ਮਨ ਨੂੰ ਸ਼ਾਤ ਅਤੇ ਤਕੜਾ ਰੱਖਣ ਲਈ ਉਸ ਨੂੰ ਆਪਣਾ ਰੁਟੀਨ ਬਣਾਈ ਰੱਖਣਾ ਬਹੁਤ ਜ਼ਰੂਰੀ ਸੀ। ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਆਪਣੇ ਮਨ ਨੂੰ ਤਿਆਰ ਨਾ ਕਰ ਸਕੀ। ਸਾਰੀ ਰਾਤ ਉਸ ਦੇ ਸੁਪਨਿਆਂ ਵਿਚ ਰੰਗ-ਰਹਿਤ ਅਤੇ ਕਾਲਖ ਲਿਬੜੇ ਚਿਹਰੇ ਘੁੰਮਦੇ ਰਹੇ ਸਨ। ਨੀਂਦ ਵੀ ਉਸ ਨੂੰ ਕਿਥੋਂ ਆਉਣੀ ਸੀ! ਜੇ ਕਿਤੇ ਮਾੜੀ ਮੋਟੀ ਅੱਖ ਲੱਗੀ ਵੀ ਤਾਂ ਉਸ ਵਿਚ ਵੀ ਉਸ ਨੂੰ ਨੀਂਦ ਦਾ ਸੁੱਖ ਨਾ ਮਿਲ ਸਕਿਆ।

ਸਵੇਰੇ ਉੱਠ ਕੇ ਉਸ ਨੇ ਆਪ ਚਾਹ ਬਣਾਈ ਅਤੇ ਸੀਤੋ ਅਤੇ ਮੀਕੇ ਨੂੰ ਆਪ ਉਹਨਾਂ ਦੇ ਕਮਰੇ ਵਿਚ ਦਿੱਤੀ। ਉਸ ਨੂੰ ਪਤਾ ਸੀ ਕਿ ਸੀਤੋ ਸੁੱਤੀ ਹੋਈ ਨਹੀਂ ਸੀ ਸਗੋਂ ਉਹ ਸਤਿਵੀਰ ਬਾਰੇ ਸੋਚ ਰਹੀ ਸੀ। ਉਸ ਦੀਆਂ ਬੰਦ ਅੱਖਾਂ ਵਿਚ ਸਤਿਵੀਰ ਲਈ ਰੱਬ ਅੱਗੇ ਅਰਜੋਈਆਂ ਦੇ ਅੰਬਾਰ ਸਨ। ਉਸ ਨੇ ਚਾਹ ਪੀਣ ਤੋਂ ਇਨਕਾਰ ਕਰ ਦਿੱਤਾ। ਪ੍ਰੀਤ ਦੀ ਬੱਚਿਆਂ ਵਾਲੀ ਸਖ਼ਤੀ ਅੱਗੇ ਹਥਿਆਰ ਸੁੱਟਦਿਆਂ ਉਸ ਨੇ ਚਾਹ ਦੀਆਂ ਦੋ ਚਾਰ ਘੁੱਟਾਂ ਪੀ ਲਈਆਂ। ਮੀਕੇ ਨੇ ਬਿਨਾਂ ਕਿਸੇ ਨਾਂਹ ਨੁੱਕਰ ਤੋਂ ਚਾਹ ਫੜ ਲਈ। ਵੈਸੇ ਉਹ ਆਪਣੇ ਮਨ ਨਾਲ ਅਜੇ ਵੀ ਸੋਚਾਂ ਦੇ ਤਾਣੇ ਬਾਣੇ ਵਿਚ ਉਲਝਿਆ ਹੋਇਆ ਸੀ।

ਤਿਆਰ ਹੋ ਕੇ ਪ੍ਰੀਤ ਨੇ ਆਪਣੇ ਕਮਰੇ ਵਿਚ ਜਾ ਕੇ ਹਸਪਤਾਲ ਫੋਨ ਕੀਤਾ। ਉਸ ਨੂੰ ਕੋਈ ਖਾਸ ਖ਼ਬਰ ਨਾ ਮਿਲ ਸਕੀ। ਡਾਕਟਰ ਸਟੀਵ ਡੈਨੀਅਲ ਨੇ ਬਾਅਦ ਦੁਪਹਿਰ ਹਸਪਤਾਲ ਆਉਣਾ ਸੀ। ਉਸ ਨੇ ਹੀ ਸਤਿਵੀਰ ਨੂੰ ਚੈਕ ਕਰਨਾ ਸੀ। ਇਲਾਜ ਦਾ ਅਗਲਾ ਫ਼ੈਸਲਾ ਵੀ ਉਸ ਨੇ ਹੀ ਲੈਣਾ ਸੀ। ਨਰਸ ਨਾਲ ਗੱਲ ਹੋਈ ਤਾਂ ਉਸ ਨੇ ਕੋਈ ਬਹੁਤੀ ਉਤਸ਼ਾਹ ਜਨਕ ਗੱਲ ਨਾ ਕੀਤੀ।

ਕਾਰ ਵਿਚ ਸੀਤੋ ਪਿਛਲੀ ਸੀਟ ‘ਤੇ ਬੈਠੀ ਸੀ। ਉਸ ਦੇ ਹੱਥ ਜੋੜੇ ਹੋਏ ਸਨ ਅਤੇ ਉਹ ਮਨ ਹੀ ਮਨ ਰੱਬ ਦਾ ਨਾਂ ਧਿਆ ਰਹੀ ਸੀ। ਉਸ ਦੀ ਅਰਦਾਸ ਵਿਚ ਰੱਬ ਨੂੰ ਬੇਨਤੀ ਸੀ ਕਿ ਉਸ ਦਾ ਪੁੱਤ ਠੀਕ ਠਾਕ ਬੈਡ ‘ਤੇ ਬੈਠਾ ਹੋਵੇ ਅਤੇ ਉਹ ਉਸ ਨੂੰ ਆਪਣੀ ਛਾਤੀ ਨਾਲ ਘੁੱਟ ਲਵੇ। ਐਨੇ ਚਿਰ ਪਿਛੋਂ ਉਸ ਦੀਆਂ ਆਂਦਰਾ ਨੂੰ ਠੰਡ ਪੈ ਜਾਵੇ। ਤੇਜ਼ ਦੌੜਦੀ ਕਾਰ ਵਿਚ ਸੀਤੋ ਦਾ ਮਨ ਅਰਦਾਸਾਂ ਕਰਦਾ ਕਾਰ ਤੋਂ ਵੀ ਤੇਜ਼ ਚੱਲ ਰਿਹਾ ਸੀ।

ਮੀਕੇ ਦਾ ਚਿਹਰਾ ਉੱਤਰਿਆ ਹੋਇਆ ਸੀ। ਉਸ ਦੇ ਮਨ ਨੂੰ ਮਾੜੀ ਖ਼ਬਰ ਦੇ ਹਨ੍ਹੇਰਿਆਂ ਨੇ ਪਹਿਲਾਂ ਹੀ ਘੇਰਿਆ ਹੋਇਆ ਸੀ। ਉਹ ਆਪਣੇ ਮਨ ਦੀ ਸਹੀ ਹਾਲਤ ਨੂੰ ਲੁਕਾਉਣ ਦੇ ਅਸਮਰੱਥ ਸੀ। ਮੀਕਾ ਕੋਈ ਨਾ ਕੋਈ ਗੱਲ ਸ਼ੁਰੂ ਕਰਨ ਦੀ ਕੋਸ਼ਿਸ਼ ਕਰਦਾ। ਨਾ ਤਾਂ ਪ੍ਰੀਤ ਅਤੇ ਨਾ ਹੀ ਸੀਤੋ ਕੋਈ ਗੱਲ ਕਰਨ ਦੇ ਮੂਡ ਵਿਚ ਸਨ। ਗੱਲ ਅੱਗੇ ਨਾ ਤੁਰਦੀ। ਸਤਿਵੀਰ ਬਾਰੇ ਉਹ ਗੱਲ ਕਰਨ ਤੋਂ ਝਿਜਕਦਾ। ਵੈਸੇ ਸਾਰਿਆਂ ਦੇ ਮਨ ਵਿਚ ਸਤਿਵੀਰ ਹੀ ਉੱਕਰਿਆ ਹੋਇਆ ਸੀ। ਫਿਰ ਵੀ ਉਹ ਉਸ ਬਾਰੇ ਗੱਲ ਕਰਨ ਤੋਂ ਡਰਦੇ ਸਨ ਅਤੇ ਹੋਰ ਕੋਈ ਗੱਲ ਉਸ ਸਮੇਂ ਕੋਈ ਮਾਅਨੇ ਨਹੀਂ ਰੱਖਦੀ ਸੀ।

ਹਸਪਤਾਲ ਦੇ ਕਾਰ ਪਾਰਕ ਵਿਚ ਸੁਸਤ ਰਫ਼ਤਾਰ ਨਾਲ ਕਾਰ ਪਾਰਕ ਕਰਨ ਲਈ ਪਾਰਕਿੰਗ ਲਭਦਿਆਂ ਉਹ ਤਿੰਨੇ ਹੀ ਵੱਖੋ ਵੱਖ ਪੱਖਾਂ ਤੋਂ ਸੋਚ ਰਹੇ ਸਨ। ਪ੍ਰੀਤ ਨੂੰ ਕਾਫੀ ਹੱਦ ਤੱਕ ਪਤਾ ਸੀ ਕਿ ਉਸ ਨੂੰ ਕਿਹੋ ਜਿਹੀ ਖ਼ਬਰ ਮਿਲੇਗੀ। ਇਸ ਲਈ ਉਸ ਦਾ ਮਨ ਹਸਪਤਾਲ ਦੇ ਵਾਰਡ ਵਿਚ ਜਾਣ ਤੋਂ ਝਿਜਕਦਾ ਸੀ। ਉਸ ਨੂੰ ਸੀਤੋ ਦਾ ਫਿਕਰ ਵੀ ਸੀ ਕਿ ਸਤਿਵੀਰ ਨੂੰ ਵੇਖ ਕੇ ਉਸ ਦੇ ਮਨ ‘ਤੇ ਕੀ ਗੁਜ਼ਰੇਗੀ ਅਤੇ ਉਸ ਨੂੰ ਸੰਭਾਲਣ ਲਈ ਵੀ ਉਹ ਤਿਆਰ ਹੋ ਰਹੀ ਸੀ। ਤੀਸਰਾ ਉਸ ਦੀ ਐਮਲੀ ਨਾਲ ਦਿਲੀ ਹਮਦਰਦੀ ਸੀ। ਉਸ ਦੇ ਸਾਹਮਣੇ ਉਸ ਨੂੰ ਹੋਣ ਲਈ ਕਾਫੀ ਘਾਲਣਾ ਘਾਲਣ ਵਾਲੀ ਗੱਲ ਲਗਦੀ। ਉਸ ਨੂੰ ਸਤਿਵੀਰ ਕਾਰਨ ਆਪਣਾ ਆਪ ਗੁਨਾਹਗਾਰ ਲਗਦਾ ਸੀ।

ਮੀਕੇ ਨੂੰ ਵੀ ਸੱਚ ਦਾ ਚਾਨਣ ਸੀ। ਉਸ ਨੂੰ ਸਭ ਤੋਂ ਵੱਡਾ ਫਿਕਰ ਸੀਤੋ ਦਾ ਹੋਣ ਲੱਗਾ। ਉਸ ਨੇ ਸੀਤੋ ਨਾਲ ਜ਼ਿੰਦਗੀ ਗੁਜ਼ਾਰੀ ਸੀ ਅਤੇ ਉਸ ਦੇ ਸੁਭਾਅ ਤੋਂ ਉਹ ਜਾਣੂੰ ਸੀ। ਸਤਿਵੀਰ ਨਾਲ ਜੋ ਵਾਪਰ ਗਿਆ ਉਸ ਨੂੰ ਤਾਂ ਉਹ ਬਦਲ ਨਹੀਂ ਸਕਦੇ ਸਨ। ਮੀਕੇ ਦਾ ਇਕੋ ਇਕ ਡਰ ਸੀ ਕਿ ਸੀਤੋ ਨੂੰ ਕੋਈ ਅਣਹੋਣੀ ਨਾ ਵਾਪਰ ਜਾਵੇ। ਲੱਖ ਸੋਚਣ ਦੇ ਬਾਵਜੂਦ ਉਸ ਨੂੰ ਕੋਈ ਰਾਹ ਨਹੀਂ ਲੱਭਿਆ ਸੀ। ਸੀਤੋ ਬਿਨਾਂ ਸ਼ੱਕ ਸਤਿਵੀਰ ਨੂੰ ਹੀ ਸਭ ਤੋਂ ਜ਼ਿਆਦਾ ਪਿਆਰ ਕਰਦੀ ਸੀ।

ਸੀਤੋ ਦੇ ਮਨ ਵਿਚ ਸਤਿਵੀਰ ਨੂੰ ਵੇਖਣ ਦੀ ਕਾਹਲ ਸੀ। ਉਹ ਪ੍ਰੀਤ ਅਤੇ ਮੀਕੇ ਤੋਂ ਡਰਦਿਆਂ ਮੂੰਹੋਂ ਕੁਝ ਨਾ ਕਹਿੰਦੀ। ਦਿਲ ਉਸ ਦਾ ਉੱਡ ਕੇ ਸਤਿਵੀਰ ਨੂੰ ਮਿਲਣ ਨੂੰ ਕਰਦਾ। ਉਸ ਦਾ ਮਾਂ ਦਾ ਦਿਲ ਇਹ ਮੰਨਣ ਲਈ ਤਿਆਰ ਹੀ ਨਹੀਂ ਸੀ ਕਿ ਉਸ ਦੇ ਪੁੱਤ ਨੂੰ ਕੋਈ ਵੱਡੀ ਆਫ਼ਤ ਦਾ ਸਾਹਮਣਾ ਕਰਨਾ ਪੈ ਸਕਦਾ ਸੀ। ਅੰਦਰੇ ਅੰਦਰ ਉਹ ਅਚੇਤ ਹੀ ਪ੍ਰੀਤ ਅਤੇ ਮੀਕੇ ਦੇ ਮੂੰਹਾਂ ਤੋਂ ਵਾਰਤਾ ਪੜ੍ਹਨ ਦਾ ਯਤਨ ਕਰਨ ਲੱਗੀ।

ਉਹ ਵਾਰਡ ਵਿਚ ਪਹੁੰਚੇ ਤਾਂ ਐਮਲੀ ਪਹਿਲਾਂ ਹੀ ਬੈਠੀ ਸੀ। ਪ੍ਰੀਤ ਵੀ ਉਸ ਕੋਲ ਜਾ ਬੈਠੀ। ਉਸ ਨੇ ਐਮਲੀ ਨਾਲ ਆਪਣੇ

ਮਾਂ ਬਾਪ ਦੀ ਜਾਣ ਪਛਾਣ ਕਰਵਾਈ।

"ਕੁਝ ਪਤਾ ਲੱਗਾ ਸਾਂਡਰਾ ਕਿਵੇਂ ਐ।" ਪ੍ਰੀਤ ਨੇ ਸ਼ਿਸ਼ਟਾਚਾਰ ਵੱਸ ਉਸ ਤੋਂ ਉਸ ਦੀ ਧੀ ਬਾਰੇ ਪੁੱਛਣਾ ਹੀ ਠੀਕ ਸਮਝਿਆ।

"ਡਾਕਟਰ ਡੈਨੀਅਲ ਅਜੇ ਆਇਆ ਨੀ ਅਤੇ ਬਾਕੀ ਕਿਸੇ ਨੇ ਕੋਈ ਵਿਸ਼ਵਾਸ਼ ਯੋਗ ਖ਼ਬਰ ਨਹੀਂ ਦੱਸੀ।" ਐਮਲੀ ਨੇ ਬੇਬਸੀ ਨਾਲ ਮੋਢੇ ਛੰਡੇ। ਗੱਲ ਕੁਝ ਦੇਰ ਲਈ ਰੁਕ ਗਈ ਜਿਵੇਂ ਕਿਸੇ ਕੋਲ ਵੀ ਕਹਿਣ ਲਈ ਕੁਝ ਨਾ ਹੋਵੇ। ਐਮਲੀ ਵੀ ਕੁਝ ਦੇਰ ਲਈ ਚੁੱਪ ਹੋ ਗਈ। ਉਹ ਡਾਕਟਰ ਦੀ ਉਡੀਕ ਕਰਨ ਲੱਗੇ।

"ਮੈਨੂੰ ਸਮਝ ਨਹੀਂ ਲਗਦੀ ਸਾਂਡਰਾ ਨੇ ਡਰੱਗ ਨੂੰ ਵਰਤ ਕਿਵੇਂ ਲਿਆ। ਉਸ ਨੇ ਤਾਂ ਕਦੇ ਸਿਗਰਟ ਨੋਸ਼ੀ ਜਾਂ ਸ਼ਰਾਬ ਬਗੈਰਾ ਨੂੰ ਹੱਥ ਵੀ ਨਹੀਂ ਲਾਇਆ ਸੀ। ਉਹ ਬਿਲਕੁਲ ਆਪਣੇ ਪਿਉ ਵਰਗੀ ਸੀ। ਉਸ ਨੇ ਵੀ ਨਸ਼ੇ ਨੂੰ ਨਾ ਵਾਂਗ ਹੀ ਵਰਤਿਆ। ਸਟਵੀਰ ਨਾਲ ਮਿਲ ਕੇ ਈ ਉਹ--।" ਐਮਲੀ ਨੇ ਅਜੇ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਸੀਤੋ ਨੇ ਸਖ਼ਤ ਤੇ ਕੌੜੀਆਂ ਨਜ਼ਰਾਂ ਨਾਲ ਉਸ ਵੱਲ ਵੇਖਿਆ।

"ਮੇਰਾ ਸਤਿਵੀਰ ਮਾੜਾ ਮੋਟਾ ਨਸ਼ਾ ਕਰਦਾ। ਉਹਦੇ 'ਤੇ ਦੋਸ਼ ਦੇਣ ਦੀ ਲੋੜ ਨੀ। ਉਹਨੇ ਜੋਰੀਂ ਜਬਰੀਂ ਨੀ ਕਿਸੇ ਦੇ ਮੂੰਹ 'ਚ ਕੋਈ ਨਸ਼ਾ ਤੁੰਨਿਆ ਹੋਣਾ।" ਸੀਤੋ ਨੇ ਆਪਣੀ ਟੁੱਟੀ ਭੱਜੀ ਅੰਗਰੇਜ਼ੀ ਵਿਚ ਭੜਾਸ ਕੱਢੀ। ਐਮਲੀ ਨੂੰ ਸਾਰੀ ਗੱਲ ਸਮਝ ਨਾ ਆਈ। ਏਨੀ ਕੁ ਗੱਲ ਜ਼ਰੂਰ ਉਹ ਸਮਝ ਗਈ ਕਿ ਸੀਤੋ ਨੇ ਉਸ ਨੂੰ ਡਾਂਟਿਆ ਸੀ। ਉਹ ਹੈਰਾਨੀ ਨਾਲ ਪ੍ਰੀਤ ਵੱਲ ਵੇਖਣ ਲੱਗੀ। ਜਿਵੇਂ ਕਹਿ ਰਹੀ ਹੋਵੇ ਦੱਸ ਇਹ ਜਨਾਨੀ ਕੀ ਕਹਿ ਰਹੀ ਸੀ। ਮੀਕਾ ਅਤੇ ਪ੍ਰੀਤ ਵੀ ਹੱਕੇ ਬੱਕੇ ਜਿਹੇ ਉਸ ਵੱਲ ਵੇਖਣ ਲੱਗੇ। ਪ੍ਰੀਤ ਨੇ ਸੀਤੋ ਦਾ ਹੱਥ ਘੁੱਟਿਆ ਅਤੇ ਉਸ ਨੂੰ ਚੁੱਪ ਰਹਿਣ ਲਈ ਫੁਸਫਸਾਈ।

"ਅਫਸੋਸ ਐਮਲੀ ਮੇਰੀ ਮਾਂ ਮਾਨਸਕ ਦਬਾਅ ਥੱਲੇ ਐ।" ਅਜੇ ਪ੍ਰੀਤ ਨੇ ਗੱਲ ਸ਼ੁਰੂ ਹੀ ਕੀਤੀ ਸੀ ਕਿ ਉਸ ਨੂੰ ਡਾਕਟਰ ਡੈਨੀਅਲ ਆਉਂਦਾ ਦਿਸਿਆ। ਉਸ ਨੂੰ ਐਮਲੀ ਵੱਲੋਂ ਹੋਈ ਨਮੋਸ਼ੀ ਤੋਂ ਬਚਣ ਕਰਕੇ ਸੁੱਖ ਦਾ ਸਾਹ ਆਇਆ। ਦੂਜੇ ਪਾਸੇ ਡਾਕਟਰ ਨੇ ਕਿਹੋ ਜਿਹੀ ਮਨਹੂਸ ਖ਼ਬਰ ਦੇਣੀ ਸੀ ਸੋਚ ਕੇ ਉਸ ਦਾ ਦਿਲ ਜ਼ੋਰ ਨਾਲ ਧੜਕਣ ਲੱਗਾ।

ਡਾਕਟਰ ਨੂੰ ਵੇਖ ਕੇ ਸਾਰੇ ਹੀ ਉੱਠ ਖੜ੍ਹੇ ਹੋਏ ਅਤੇ ਬਾਕੀ ਸਾਰਾ ਕੁਝ ਭੁੱਲ ਗਏ। ਹੁਣ ਉਹਨਾਂ ਦੇ ਚਿਹਰਿਆਂ ਤੇ ਕਿਸੇ ਲਈ ਕੋਈ ਗਿਲਾ ਸ਼ਿਕਵਾ ਨਹੀਂ ਸੀ। ਉਹ ਹੁਣ ਉੱਤਸੁਕਤਾ ਨਾਲ ਡਾਕਟਰ ਵੱਲ ਵੇਖਣ ਲੱਗੇ। ਡਾਕਟਰ ਨੇ ਸਾਰਿਆਂ ਨੂੰ ਉਦਾਸ ਜਿਹੀ ਮੁਸਕਰਾਹਟ ਦਿੱਤੀ ਅਤੇ ਢਿੱਲੀ ਜਿਹੀ ਹੈਲੋ ਕਹੀ। ਕੁਰਸੀ ਖਿੱਚ ਕੇ ਉਹਨਾਂ ਦੇ ਸਾਹਮਣੇ ਕਰ ਲਈ ਅਤੇ ਉਹਨਾਂ ਨੂੰ ਹੱਥ ਦੇ ਇਸ਼ਾਰੇ ਨਾਲ ਬੈਠਣ ਲਈ ਕਿਹਾ। ਆਪ ਵੀ ਉਹ ਕੁਰਸੀ 'ਤੇ ਬੈਠ ਗਿਆ। ਕੁਰਸੀ ਤੇ ਬੈਠਦਿਆਂ ਹੀ ਉਸ ਨੇ ਉਹਨਾਂ ਵੱਲ ਇਕ ਭਰਵੀਂ ਨਜ਼ਰ ਸੁੱਟੀ ਅਤੇ ਫਿਰ ਧਰਤੀ ਵੱਲ ਵੇਖਣ ਲੱਗਾ ਜਿਵੇਂ ਕਿਸੇ ਅਣਕੀਤੇ ਗੁਨਾਹ ਲਈ ਮੁਆਫ਼ੀ ਮੰਗਣ ਲਈ ਤਿਆਰ ਹੋ ਰਿਹਾ ਹੋਵੇ।

"ਸਟਵੀਰ ਅਤੇ ਸਾਂਡਰਾ ਦੀ ਹਾਲਤ ਤਕਰੀਬਨ ਇਕੋ ਜਿਹੀ ਈ ਐ। ਅੱਜ ਅਸੀਂ ਲਾਈਫ ਸਪੋਰਟ ਮਸ਼ੀਨਾਂ ਬੰਦ ਕਰ ਦਿੱਤੀਆਂ। ਅਜੇ ਵੀ ਉਹ ਪੂਰੀ ਤਰ੍ਹਾਂ ਖਤਰੇ 'ਚੋਂ ਬਾਹਰ ਨਹੀਂ ਪਰ ਪਹਿਲਾਂ ਨਾਲੋਂ ਕਾਫੀ ਠੀਕ ਐ। ਸ਼ਾਇਦ ਕੱਲ੍ਹ ਤੱਕ ਉਹਨਾਂ ਦਾ ਵਾਰਡ ਬਦਲ ਦੇਈਏ।" ਡਾਕਟਰ ਨੇ ਉਹਨਾਂ ਵੱਲ ਭਰਵੀਂ ਨਜ਼ਰ ਨਾਲ ਵੇਖਿਆ। ਉਸ ਦੀਆਂ ਗੱਲਾਂ ਨਾਲ ਉਹੰਨਾਂ ਦੇ ਚਿਹਰਿਆਂ 'ਤੇ ਉਤਸ਼ਾਹ ਅਤੇ ਖੁਸ਼ੀ ਦਾ ਪ੍ਰਛਾਵਾਂ ਆਇਆ। ਡਾਕਟਰ ਨੇ ਖੰਘੂਰਾ ਮਾਰਿਆ ਅਤੇ ਅਗਲੀ ਗੱਲ ਕਰਨ ਲਈ ਤਿਆਰ ਹੋਇਆ ਤਾਂ ਉਹ ਪਲ ਭਰ ਦੀ ਖੁਸ਼ੀ ਦਾ ਪ੍ਰਛਾਵਾਂ ਅਲੋਪ ਹੋ ਗਿਆ।

"ਉਹਨਾਂ ਦੇ ਬਰੇਨ ਨੂੰ ਕਾਫੀ ਨੁਕਸਾਨ ਹੋਇਆ ਐ। ਮੈਨੂੰ ਅਫਸੋਸ ਐ ਉਹ ਬਾਕੀ ਦੀ ਰਹਿੰਦੀ ਜ਼ਿੰਦਗੀ ਲਈ ਬੁਰੀ ਤਰ੍ਹਾਂ ਅਪਾਹਜ ਹੋ ਗਏ ਐ। ਹਸਪਤਾਲ ਵਿਚ ਸਪੈਸ਼ਲ ਡਾਕਟਰਾਂ ਨਾਲ ਉਹਨਾਂ ਦੀ ਦੇਖ ਭਾਲ ਬਾਰੇ ਅਗਲੇ ਕੁਝ ਦਿਨਾਂ ਵਿਚ ਤੁਹਾਨੂੰ ਗੱਲ ਬਾਤ ਕਰਨੀ ਪਵੇਗੀ।" ਡਾਕਟਰ ਦੇ ਅਫਸੋਸੇ ਬੋਲ ਉਹਨਾਂ ਨੂੰ ਹੋਰ ਵੀ ਅਫਸੋਸ ਜ਼ਦਾ ਕਰ ਗਏ। ਉਹਨਾਂ ਦੀਆਂ ਅੱਖਾਂ ਭਰ ਆਈਆਂ ਅਤੇ ਬਹੁਤ ਕੋਸ਼ਿਸ਼ ਨਾਲ ਉਹਨਾਂ ਨੇ ਆਪਣੇ ਰੋਣ ਨੂੰ ਰੋਕਿਆ।

"ਡਾਕਟਰ ਮੈਂ ਸਾਂਡਰਾ ਨੂੰ ਵੇਖਣਾ ਚਹੁੰਨੀ ਆਂ ਪਲੀਜ਼।" ਐਮਲੀ ਨੇ ਬੇਨਤੀ ਕੀਤੀ।

"ਮਿਸਿਜ਼ ਬਰਿਸਕੋ, ਮੈਨੂੰ ਅਫਸੋਸ ਐ ਕਿਸੇ ਵੀ ਬਾਹਰਲੇ ਪ੍ਰਾਣੀ ਨੂੰ ਇਸ ਵਾਰਡ ਵਿਚ ਜਾਣ ਦੀ ਇਜ਼ਾਜ਼ਤ ਨਹੀਂ। ਮਰੀਜ਼ਾਂ ਨੂੰ ਇੰਨਫੈਕਸ਼ਨ ਤੋਂ ਬਚਾਉਣ ਲਈ ਇਹ ਜ਼ਰੂਰੀ ਐ। ਮੈਨੂੰ ਅਫਸੋਸ ਐ ਜਦੋਂ ਤੱਕ ਇਹਨਾਂ ਨੂੰ ਦੂਸਰੇ ਵਾਰਡ ਵਿਚ ਤਬਦੀਲ ਨਹੀਂ ਕੀਤਾ ਜਾਂਦਾ ਉਦੋਂ ਤੱਕ ਤੁਹਾਨੂੰ ਸਬਰ ਤੋਂ ਕੰਮ ਲੈਣਾ ਪਵੇਗਾ।" ਕਹਿ ਕੇ ਡਾਕਟਰ ਚਲਾ ਗਿਆ। ਉਹ ਇਕ ਦੂਜੇ ਵੱਲ ਡੁਬਡਬਾਉਂਦੀਆਂ ਅੱਖਾਂ ਅਤੇ ਡੁਬਦੇ ਦਿਲਾਂ ਨਾਲ ਵੇਖਣ ਲੱਗੇ।

## ਚੁਤਾਲੀਵਾਂ

ਇਕ ਦਿਨ ਬਾਅਦ ਦੁਪਹਿਰ ਐਮਲੀ ਦਾ ਪ੍ਰੀਤ ਨੂੰ ਫੋਨ ਆਇਆ।

"ਪ੍ਰੀਤ ਮੈਂ ਤੈਨੂੰ ਮਿਲਣਾ ਚਹੁੰਨੀ ਆਂ। ਜੇ ਚਾਹੇਂ ਤਾਂ ਤੂੰ ਮੇਰੇ ਘਰ ਆ ਜਾ। ਨਹੀਂ ਤਾਂ ਮੈਂ ਆ ਜਾਵਾਂਗੀ।" ਐਮਲੀ ਦੇ ਬੋਲ ਉਦਾਸਿਆਂ ਤੋਂ ਵੀ ਉਦਾਸੇ ਸਨ। ਪ੍ਰੀਤ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਕੋਈ ਭਾਣਾ ਵਰਤ ਗਿਆ ਸੀ।

"ਠੀਕ ਐ ਐਮਲੀ ਮੈਂ ਕੱਲ੍ਹ ਸਵੇਰੇ ਦਸ ਵਜੇ ਤੇਰੇ ਘਰ ਆ ਜਾਂਵਾਂਗੀ।" ਐਮਲੀ ਨਾਲ ਪ੍ਰੀਤ ਦੀ ਹਮਦਰਦੀ ਦਿਲੀ ਹੋਣ ਕਰਕੇ ਉਹ ਉਸ ਨੂੰ ਘੱਟ ਤੋਂ ਘੱਟ ਤਕਲੀਫ਼ ਦੇਣਾ ਚਾਹੁੰਦੀ ਸੀ।

ਫੋਨ ਰੱਖ ਕੇ ਉਸ ਦਾ ਦਿਲ ਕੰਮ ਵਿਚ ਨਾ ਲੱਗਾ ਅਤੇ ਉਹ ਘਰ ਚਲੀ ਗਈ। ਅੱਜ ਕੱਲ੍ਹ ਘਰ ਵਿਚ ਵੀ ਕੋਈ ਅਮਨ ਚੈਨ ਵਾਲੀ ਸਥਿਤੀ ਨਹੀਂ ਸੀ। ਸਤਿਵੀਰ ਦੇ ਹਸਪਤਾਲ ਤੋਂ ਘਰ ਆਉਣ ਨਾਲ ਸਭ ਦੀ ਜ਼ਿੰਦਗੀ ਬਦਲ ਗਈ ਸੀ। ਸਭ ਦੀਆਂ ਜ਼ਿੰਮੇਵਾਰੀਆਂ ਵਿਚ ਵਾਧਾ ਹੋ ਗਿਆ ਸੀ। ਸਤਿਵੀਰ ਦੀ ਦੇਖ ਭਾਲ ਵਿਚ ਮੀਕਾ ਅਤੇ ਸੀਤੋ ਪੂਰਾ ਸਮਾਂ ਲਗਾਉਂਦੇ ਸਨ। ਪ੍ਰੀਤ ਵੀ ਜਦ ਘਰ ਹੁੰਦੀ ਉਹਨਾਂ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਕੋਸ਼ਿਸ਼ ਕਰਦੀ।

ਜਿਸ ਦਿਨ ਉਹ ਸਤਿਵੀਰ ਨੂੰ ਪਹਿਲੇ ਦਿਨ ਹਸਪਤਾਲ ਵਿਚ ਮਿਲੇ ਸਨ ਤਾਂ ਉਹਨਾਂ ਦਾ ਉਸ ਨੂੰ ਵੇਖ ਕੇ ਉਪਰਲਾ ਸਾਹ ਉੱਪਰ ਅਤੇ ਹੇਠਲਾ ਸਾਹ ਹੇਠਾਂ ਰਹਿ ਗਿਆ। ਸਤਿਵੀਰ ਤਾਂ ਉਹਨਾਂ ਨੂੰ ਪਛਾਣ ਵਿਚ ਹੀ ਨਾ ਆਇਆ। ਉਹ ਬੈਡ 'ਤੇ ਅਹਿਲ, ਨਿਰਜਿੰਦ ਜਿਹਾ ਪਿਆ ਸੀ। ਉਸ ਦੀਆਂ ਅੱਖਾਂ ਖੁੱਲ੍ਹੀਆਂ ਸਨ ਅਤੇ ਉਸ ਦੀ ਧੌਣ ਇਕ ਪਾਸੇ ਨੂੰ ਲੁਟਕੀ ਹੋਈ ਸੀ। ਉਸ ਦੇ ਮੂੰਹ ਵਿਚੋਂ ਲਾਂਲਾਂ ਵਗ ਰਹੀਆਂ ਸਨ। ਸਤਿਵੀਰ ਦਾ ਇਕ ਪਾਸਾ ਸਟਰੋਕ ਨਾਲ ਬਿਲਕੁਲ ਅਪਾਹਜ ਹੋ ਗਿਆ। ਉਸ ਦਾ ਹੱਥ ਹਾਕੀ ਸਟਿਕ ਵਾਂਗ ਮੁੜਿਆ ਹੋਇਆ ਨਿਰਜਿੰਦ ਜਿਹਾ ਪਿਆ ਸੀ।

ਸਤਿਵੀਰ ਬੋਲ ਨਹੀਂ ਸਕਦਾ ਸੀ। ਉਹ ਬੋਲਣ ਦੀ ਕੋਸ਼ਿਸ਼ ਤਾਂ ਕਰਦਾ ਲਗਦਾ ਪਰ ਅਜੀਬ ਮੱਧਮ ਜਿਹੀਆਂ ਚੀਕਾਂ ਤੋਂ ਬਿਨਾਂ ਕੁਝ ਪਿੜ ਪੱਲੇ ਨਾ ਪੈਂਦਾ। ਉਸ ਦੀਆਂ ਅੱਖਾਂ ਅੰਦਰ ਨੂੰ ਧਸੀਆਂ ਹੋਈਆਂ ਸਨ। ਉਹ ਅੱਖਾਂ ਘੁਮਾਕੇ ਸ਼ਾਇਦ ਉਹਨਾਂ ਨੂੰ ਪਛਾਨਣ ਦੀ

ਕੋਸ਼ਿਸ਼ ਕਰਦਾ ਸੀ। ਉਸ ਦੀਆਂ ਅੱਖਾਂ ਨਹਾਇਤ ਡਰਾਉਣੀਆਂ ਅਤੇ ਭਾਵਹੀਣ ਲਗਦੀਆਂ। ਉਸ ਨੂੰ ਖਾਣ ਪੀਣ ਲਈ ਸਿਰਫ਼ ਤਰਲ ਹੀ ਦਿੱਤਾ ਜਾਂਦਾ। ਉਹ ਕਿਸੇ ਚੀਜ਼ ਨੂੰ ਚਬਾ ਨਹੀਂ ਸਕਦਾ ਸੀ। ਤਰਲ ਵੀ ਚਮਚੇ ਨਾਲ ਉਸ ਦੇ ਮੂੰਹ ਵਿਚ ਪਾਇਆ ਜਾਂਦਾ ਤਾਂ ਅੱਧ ਪਚੱਧ ਬਾਹਰ ਡੁੱਲ੍ਹ ਜਾਂਦਾ ਅਤੇ ਅੱਧ ਪਚੱਧ ਉਸ ਦੇ ਅੰਦਰ ਜਾਂਦਾ। ਵੇਖ ਕੇ ਉਹਨਾਂ ਦੇ ਮਨ ਵਾਰ ਵਾਰ ਭਰਦੇ। ਅੱਖਾਂ ਪੂੰਝੀਆਂ ਜਾਂਦੀਆਂ ਅਤੇ ਫਿਰ ਭਰ ਆਉਂਦੀਆਂ। ਸੀਤੋ ਦਾ ਹਾਲ ਬਹੁਤ ਮਾੜਾ ਸੀ। ਹੈਰਾਨੀ ਦੀ ਗੱਲ ਕਿ ਸੀਤੋ ਨੇ ਪ੍ਰੀਤ ਤੋਂ ਵੀ ਪਹਿਲਾਂ ਆਪਣੇ ਆਪ 'ਤੇ ਕੰਟਰੋਲ ਕਰ ਲਿਆ ਸੀ। "ਮੈਂ ਆਪਣੇ ਪੁੱਤ ਨੂੰ ਘਰ ਲੈ ਕੇ ਜਾਣਾ। ਮੈਂ ਆਪੇ ਸਾਂਭ ਸੰਭਾਲ ਕਰੂੰ। ਪ੍ਰੀਤ ਡਾਕਟਰ ਨੂੰ ਪੁੱਛ ਕਦੋਂ ਛੁੱਟੀ ਮਿਲੂ!" ਸੀਤੋ ਦਾ ਸਵੈ ਵਿਸ਼ਵਾਸ਼ ਵੇਖ ਕੇ ਪ੍ਰੀਤ ਅਤੇ ਮੀਕਾ ਦੋਵੇਂ ਹੀ ਹੈਰਾਨ ਹੋ ਗਏ। ਉਹਨਾਂ ਨੇ ਇਕ ਦੂਜੇ ਵੱਲ ਵੇਖਿਆ ਅਤੇ ਉਹਨਾਂ ਦੀਆਂ ਅੱਖਾਂ ਨੇ ਹੀ ਇਕ ਦੂਸਰੇ ਨੂੰ ਦੱਸ ਦਿੱਤਾ ਕਿ ਸੀਤੋ ਜ਼ਰੂਰ ਸਤਿਵੀਰ ਨੂੰ ਘਰ ਲੈ ਕੇ ਜਾਵੇਗੀ।

ਸੀਤੋ ਵਿਚ ਇਕ ਵੱਡੀ ਤਬਦੀਲੀ ਆਈ। ਉਹ ਸਵੇਰੇ ਉੱਠ ਕੁ ਬਿਨਾ ਨਾਗਾ ਪਾਠ ਕਰਦੀ। ਅਰਦਾਸ ਵਿਚ ਉਸ ਨੇ ਸਤਿਵੀਰ ਦੀ ਸਿਹਤ ਤੋਂ ਬਿਨਾਂ ਕਦੇ ਕਿਸੇ ਹੋਰ ਸ਼ੈਅ ਦੀ ਇੱਛਾ ਨਹੀਂ ਕੀਤੀ ਸੀ। ਉਸ ਤੋਂ ਬਾਅਦ ਸਾਰਾ ਦਿਨ ਉਹ ਖੁਸ਼ੀ ਖੁਸ਼ੀ ਸਤਿਵੀਰ ਦੀ ਤੀਮਾਰਦਾਰੀ ਵਿਚ ਗੁਜ਼ਾਰ ਦਿੰਦੀ। ਉਸ ਨੇ ਕਦੇ ਵੀ ਥਕਾਵਟ ਹੋਣ ਦੀ ਸ਼ਿਕਾਇਤ ਨਾ ਕੀਤੀ। ਪਾਠ ਤਾਂ ਹੁਣ ਮੀਕਾ ਵੀ ਕਰਨ ਲੱਗਾ ਸੀ। ਉਸ ਨੂੰ ਅਜੀਬ ਜਿਹੀ ਸ਼ਾਂਤੀ ਦਾ ਅਹਿਸਾਸ ਹੁੰਦਾ। ਮੀਕੇ ਵਿਚ ਵੀ ਸਮੇਂ ਨੇ ਵਾਹਵਾ ਅਦਲਾ ਬਦਲੀ ਕਰ ਦਿੱਤੀ ਸੀ। ਜਿਸ ਸਤਿਵੀਰ ਨੇ ਉਸ ਦਾ ਸਹਾਰਾ ਬਣਨਾ ਸੀ, ਅੱਜ ਮੀਕਾ ਉਸ ਦਾ ਸਹਾਰਾ ਬਣਿਆ ਹੋਇਆ ਸੀ। ਇਹ ਬੇਬਸੀ ਦਾ ਆਲਮ ਉਸ ਲਈ ਬਹੁਤ ਔਖਾ ਸੀ।

ਸੀਤੋ ਪਾਠ ਤੋਂ ਵਿਹਲੀ ਹੋ ਕੇ ਸਤਿਵੀਰ ਨੂੰ ਠੰਡੀ ਕਰ ਕੇ ਚਮਚੇ ਨਾਲ ਚਾਹ ਪਿਲਾਉਂਦੀ। ਫਿਰ ਉਸ ਦੀ ਨੈਪੀ ਬਦਲਦੀ। ਪਹਿਲਾਂ ਪਹਿਲ ਉਸ ਨੂੰ ਜਵਾਨ ਪੁੱਤ ਦਾ ਨੰਗੇਜ ਵੇਖਣ ਵਿਚ ਸ਼ਰਮ ਮਹਿਸੂਸ ਹੁੰਦੀ। ਫਿਰ ਇਹ ਆਮ ਜਿਹੀ ਗੱਲ ਬਣ ਗਈ। ਮੀਕੇ ਦੀ ਮਦਦ ਨਾਲ ਸਤਿਵੀਰ ਦੇ ਪਿੰਡੇ ਨੂੰ ਗਰਮ ਤੌਲੀਏ ਨਾਲ ਸਾਫ਼ ਕਰਦੀ। ਹਫ਼ਤੇ ਵਿਚ ਇਕ ਵਾਰ ਉਸ ਨੂੰ ਗਰਮ ਪਾਣੀ ਦਾ ਟੱਬ ਭਰ ਕੇ ਮੀਕਾ ਅਤੇ ਸੀਤੋ ਸਹਾਰਾ ਦੇ ਕੇ ਟੱਬ ਵਿਚ ਬਿਠਾ ਦਿੰਦੇ। ਉਹਨਾਂ ਨੂੰ ਮਹਿਸੂਸ ਹੁੰਦਾ ਜਿਵੇਂ ਸਤਿਵੀਰ ਗਰਮ ਪਾਣੀ ਦਾ ਬਾਥ ਲੈ ਕੇ ਖੁਸ਼ ਹੁੰਦਾ ਹੋਵੇ। ਫਿਰ ਉਸ ਦੇ ਕੱਪੜੇ ਬਦਲ ਕੇ ਵੀਲ੍ਹ ਚੇਅਰ 'ਤੇ ਬਿਠਾ ਦਿੱਤਾ ਜਾਂਦਾ ਅਤੇ ਟੀ ਵੀ 'ਤੇ ਉਸ ਦ ਮਨ ਪਸੰਦ ਦੀ ਫਿਲਮ ਲਗਾ ਦਿੱਤੀ ਜਾਂਦੀ। ਸੀਤੋ ਨੂੰ ਪਤਾ ਸੀ ਸਤਿਵੀਰ ਕਿਹੜੀਆਂ ਅਤੇ ਕਿਹੋ ਜਿਹੀਆਂ ਫਿਲਮਾਂ ਪਸੰਦ ਕਰਦਾ ਸੀ। ਮੀਕੇ ਨੇ ਉਹੋ ਜਿਹੀਆਂ ਹੀ ਕੁਝ ਹੋਰ ਫਿਲਮਾਂ ਵੀ ਲੈ ਆਂਦੀਆਂ ਸਨ। ਅਫਸੋਸ ਕਿ ਉਹਨਾਂ ਨੂੰ ਪਤਾ ਨਹੀਂ ਸੀ ਸਤਿਵੀਰ ਫਿਲਮਾਂ ਨੂੰ ਸਮਝਦਾ ਸੀ ਜਾਂ ਨਹੀਂ।

ਸ਼ਾਮ ਤੱਕ ਉਸ ਨੂੰ ਕਦੇ ਦਵਾਈ,ਕਦੇ ਜੂਸ, ਕਦੇ ਦਲੀਆ, ਕੁਝ ਨਾ ਕੁਝ ਸਤਿਵੀਰ ਲਈ ਕਰਨ ਵਾਲਾ ਜ਼ਰੂਰ ਹੁੰਦਾ। ਅੱਠ ਕੁ ਵਜੇ ਉਸ ਨੂੰ ਬਿਸਤਰ ਵਿਚ ਲਿਟਾ ਦਿੱਤਾ ਜਾਂਦਾ। ਇਕ ਅੱਧ ਵਾਰ ਸੀਤੋ ਅਤੇ ਮੀਕਾ ਜ਼ਰੂਰ ਉੱਠ ਕੇ ਵੇਖਦੇ। ਉਹਨਾਂ ਦੀ ਆਪਣੀ ਜ਼ਿੰਦਗੀ ਵਿਚ ਸਤਿਵੀਰ ਨੂੰ ਸਾਂਭਣ ਤੋਂ ਬਿਨਾਂ ਹੋਰ ਕੁਝ ਵੀ ਬਾਕੀ ਨਹੀਂ ਰਿਹਾ ਸੀ। ਹੁਣ ਮੀਕਾ ਅਤੇ ਪ੍ਰੀਤ ਝੋਰਾ ਕਰਦੇ ਕਿ ਉਹਨਾਂ ਨੇ ਰਮੇਸ਼ ਦੀ ਰਾਇ ਨੂੰ ਮੰਨ ਕੇ ਸਤਿਵੀਰ ਨੂੰ ਪੰਜਾਬ ਦੇ ਨਸ਼ਾ ਛੁਡਾਊ ਕੇਂਦਰ ਵਿਚ ਭਰਤੀ ਕਿਉਂ ਨਾ ਕਰਾ ਦਿੱਤਾ! ਜੇ ਰਮੇਸ਼ ਦੀ ਗੱਲ ਮੰਨ ਲਈ ਹੁੰਦੀ ਤਾਂ ਸ਼ਾਇਦ ਆਹ ਦਿਨ ਨਾ ਵੇਖਣੇ ਪੈਂਦੇ। ਹੁਣ ਮੀਕਾ ਮਹਿਸੂਸ ਕਰਦਾ ਕਿ ਪਾਕ(ਪੱਸ) ਨਾਲ ਭਰੇ ਫੋੜੇ ਦਾ ਅਪਰੇਸ਼ਨ ਬੇਰਹਿਮੀ ਨਾਲ ਕਰੇ ਬਿਨਾਂ ਗੁਜ਼ਾਰਾ ਨਹੀਂ ਹੁੰਦਾ। ਨਹੀਂ ਤਾਂ ਉਹ ਫੋੜਾ ਸਾਰੇ ਸਰੀਰ ਨੂੰ ਵੀ ਜ਼ਹਿਰੀਲਾ ਕਰ ਸਕਦਾ ਹੈ।

ਕੁਝ ਸਮਾਂ ਤਾਂ ਇੰਝ ਹੀ ਚਲਦਾ ਰਿਹਾ। ਸੀਤੋ ਦਾ ਵਿਸ਼ਵਾਸ ਕਦੇ ਡੋਲਿਆ ਨਾ। ਉਸ ਨੂੰ ਉਮੀਦ ਸੀ ਗੁਰੂ ਭਲੀ ਕਰੇਗਾ

ਅਤੇ ਸਤਿਵੀਰ ਜੇ ਪੂਰਾ ਨਹੀਂ ਤਾਂ ਵਾਹਵਾ ਚੰਗਾ ਹੋ ਜਾਵੇਗਾ। ਉਹ ਤਾਂ ਇਥੋਂ ਤੱਕ ਸੋਚਦੀ ਜਦੋਂ ਉਸ ਦੀ ਆਪਣੀ ਮੌਤ ਹੋ ਗਈ ਤਾਂ ਸਤਿਵੀਰ ਦਾ ਖਿਆਲ ਕੌਣ ਰੱਖੇਗਾ! ਉਸ ਨੂੰ ਫ਼ਿਕਰ ਹੁੰਦਾ। ਫਿਰ ਉਸ ਨੂੰ ਪ੍ਰੀਤ 'ਤੇ ਮਾਣ ਵੀ ਹੁੰਦਾ। ਉਸ ਨੂੰ ਪੂਰਾ ਵਿਸ਼ਵਾਸ਼ ਸੀ ਕਿ ਪ੍ਰੀਤ ਜ਼ਰੂਰ ਆਪਣੇ ਭਰਾ ਦੀ ਦੇਖ ਭਾਲ ਕਰੇਗੀ ਅਤੇ ਉਸ ਦੇ ਮਨ ਨੂੰ ਧਰਵਾਸ ਹੋ ਜਾਂਦਾ।

ਦਿਨੋ ਦਿਨ ਸਤਿਵੀਰ ਹੱਡੀਆਂ ਦੀ ਮੁੱਠ ਬਣਦਾ ਗਿਆ। ਨਰਸ ਆਉਂਦੀ ਉਸ ਨੂੰ ਚੈਕ ਕਰ ਜਾਂਦੀ। ਫਿਰ ਉਸ ਦਾ ਬਲੱਡ ਪ੍ਰੈਸ਼ਰ ਹੋਰ ਵੀ ਘੱਟ ਰਹਿਣ ਲੱਗਾ। ਕਦੇ ਉਸ ਨੂੰ ਸਾਹ ਦੀ ਤਕਲੀਫ਼ ਹੋ ਜਾਂਦੀ। ਕਦੇ ਉਸ ਦੇ ਸਰੀਰ ਦਾ ਤਾਪਮਾਨ ਬਹੁਤ ਘੱਟ ਜਾਂ ਵੱਧ ਹੋ ਜਾਂਦਾ। ਉਹਨਾਂ ਨੂੰ ਹਸਪਤਾਲ ਭੱਜਣਾ ਪੈਂਦਾ। ਦੋ ਚਾਰ ਦਿਨ ਹਸਪਤਾਲ ਵਿਚ ਰੱਖ ਕੇ ਉਹ ਕੁਝ ਠੀਕ ਹੋ ਜਾਂਦਾ ਅਤੇ ਘਰ ਭੇਜ ਦਿੱਤਾ ਜਾਂਦਾ। ਸੀਤੋ ਨੂੰ ਫਿਰ ਜਿਵੇਂ ਕੋਈ ਆਹਰ ਮਿਲ ਜਾਂਦਾ।

ਪਹਿਲਾਂ ਪਹਿਲ ਸਤਿਵੀਰ ਕਦੇ ਕਦੇ ਇੰਝ ਅਵਾਜ਼ਾਂ ਕੱਢਦਾ ਜਿਵੇਂ ਗੁੱਸੇ ਹੋ ਰਿਹਾ ਹੋਵੇ। ਦਿਨ ਵਿਚ ਕਈ ਵਾਰ ਅਜਿਹਾ ਹੁੰਦਾ। ਕਿਸੇ ਨੂੰ ਕੁਝ ਸਮਝ ਨਾ ਆਉਂਦੀ। ਸੀਤੋ ਪ੍ਰੇਸ਼ਾਨ ਹੋ ਜਾਂਦੀ। ਸਤਿਵੀਰ ਲਈ ਆਪਣੀ ਨਵੀਂ ਹਾਲਤ ਨਾਲ ਸਮਝੌਤਾ ਕਰਨਾ ਔਖਾ ਲਗਦਾ ਅਤੇ ਉਸ ਨੂੰ ਕ੍ਰੋਧ ਆਉਂਦਾ ਪਰ ਕੋਈ ਵੀ ਉਸ ਦੀ ਮਦਦ ਨਾ ਕਰ ਸਕਦਾ। ਅਜਿਹੀ ਹਾਲਤ ਸਾਰਿਆਂ ਲਈ ਹੀ ਦਿਲ ਹਿਲਾਵੀਂ ਸੀ।

ਇਕ ਦਿਨ ਸਵੇਰੇ ਅਜੇ ਪ੍ਰੀਤ ਉੱਠੀ ਹੀ ਸੀ ਕਿ ਪੁਲੀਸ ਨੇ ਆ ਡੋਰ ਬੈਲ ਕੀਤੀ। ਪ੍ਰੀਤ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਹਨਾਂ ਨੇ ਸਤਿਵੀਰ ਬਾਰੇ ਪੁੱਛਿਆ। ਪ੍ਰੀਤ ਉਹਨਾਂ ਨੂੰ ਸਤਿਵੀਰ ਕੋਲ ਲੈ ਗਈ ਅਤੇ ਉਸ ਦੀ ਹਾਲਤ ਵੇਖ ਕੇ ਪੁਲੀਸ ਵਾਲੇ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ। ਸੀਤੋ ਅਤੇ ਮੀਕੇ ਦੀ ਹਾਜ਼ਰੀ ਵਿਚ ਸਤਿਵੀਰ ਵੱਲ ਵੇਖਦਿਆਂ ਆਫੀਸਰ ਨੇ ਦੱਸਿਆ ਕਿ ਕਾਰਾਂ ਅਤੇ ਹੋਰ ਕੀਮਤੀ ਸਮਾਨ ਚੋਰੀ ਕਰਨ ਵਾਲਾ ਗਿਰੋਹ ਉਹਨਾਂ ਨੇ ਗਰਿਫਤਾਰ ਕੀਤਾ ਸੀ ਅਤੇ ਸਤਿਵੀਰ ਉਸ ਦਾ ਮੈਂਬਰ ਰਿਹਾ ਸੀ। ਉਹਨਾਂ ਨੇ ਉਸ ਬੁਢੀ ਗੋਰੀ ਵਾਲੇ ਕੇਸ ਦਾ ਜ਼ਿਕਰ ਵੀ ਕੀਤਾ ਜਿਸ ਦੇ ਮੂੰਹ 'ਤੇ ਮੁੱਕਾ ਮਾਰ ਕੇ ਉਸ ਨੂੰ ਜ਼ਖਮੀ ਕਰ ਕੇ ਸੁੱਟ ਆਏ ਸਨ ਅਤੇ ਕੁਝ ਦਿਨਾਂ ਬਾਅਦ ਉਹ ਮਰ ਗਈ ਸੀ। ਹੁਣ ਉਹ ਅਜਿਹੀ ਹਾਲਤ ਵਿਚ ਸਤਿਵੀਰ ਨੂੰ ਪਕੜ ਤਾਂ ਸਕਦੇ ਨਹੀਂ ਸਨ। ਜਾਣ ਲੱਗੇ ਪੁਲੀਸ ਆਫੀਸਰ ਨੇ ਸਤਿਵੀਰ ਵੱਲ ਇੰਝ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਤੈਨੂੰ ਫੜਨ ਦੀ ਹੁਣ ਕੀ ਲੋੜ ਆ। ਤੂੰ ਤਾਂ ਪਹਿਲਾਂ ਈ ਆਪਣੇ ਕੀਤੇ ਦੀ ਸਜ਼ਾ ਭੁਗਤ ਰਿਹਾ ਏਂ।

ਪ੍ਰੀਤ ਐਮਲੀ ਦੇ ਘਰ ਪਹੁੰਚੀ ਤਾਂ ਐਮਲੀ ਉਸ ਦੀ ਉਡੀਕ ਕਰ ਰਹੀ ਸੀ। ਉਸ ਨੇ ਪ੍ਰੀਤ ਦਾ ਨਿੱਘਾ ਸਵਾਗਤ ਕੀਤਾ। ਛੋਟਾ ਜਿਹਾ ਘਰ ਸਾਫ਼ ਅਤੇ ਹਰ ਚੀਜ਼ ਥਾਂ ਸਿਰ ਰੱਖੀ ਹੋਈ। ਪ੍ਰੀਤ ਨੂੰ ਐਮਲੀ ਦਾ ਘਰ ਚੰਗਾ ਲੱਗਾ ਅਤੇ ਐਮਲੀ ਦੇ ਸਚਿਆਰੇ ਵਰਤਾਅ ਨੇ ਉਸ ਨੂੰ ਹਮੇਸ਼ਾ ਹੀ ਪ੍ਰਭਾਵਤ ਕੀਤਾ ਸੀ। ਜਲਦੀ ਹੀ ਐਮਲੀ ਚਾਹ ਅਤੇ ਬਿਸਕੁਟ ਟਰੇਅ ਵਿਚ ਰੱਖ ਕੇ ਲੈ ਆਈ।

"ਸਾਂਡਰਾ ਦਾ ਕੀ ਹਾਲ ਐ!" ਪ੍ਰੀਤ ਨੇ ਡਰਦਿਆਂ ਡਰਦਿਆਂ ਪੁੱਛਿਆ।

"ਚੰਗਾ ਨਹੀਂ। ਹੁਣ ਫਿਰ ਪਿਛਲੇ ਹਫ਼ਤੇ ਤੋਂ ਹਸਪਤਾਲ ਦਾਖਲ ਐ। ਮੈਨੂੰ ਨਹੀਂ ਲਗਦਾ ਉਹ ਹੁਣ ਵਾਪਿਸ ਘਰ ਆ ਸਕੇਗੀ।" ਐਮਲੀ ਦੇ ਬੋਲ ਅਫ਼ਸੋਸ ਨਾਲ ਜਖ਼ਮੀ ਹੋ ਕੇ ਪ੍ਰੀਤ ਦੇ ਕੰਨਾਂ ਵਿਚ ਘੁਲ ਗਏ ਸਨ। ਪ੍ਰੀਤ ਦੇ ਹੱਥ ਵਿਚ ਚਾਹ ਦੀ ਪਿਆਲੀ ਕੰਬ ਗਈ। ਉਸ ਵੇਲੇ ਪ੍ਰੀਤ ਨੂੰ ਸਾਂਡਰਾ ਦੇ ਪਿੱਛੇ ਹੀ ਸਤਿਵੀਰ ਦਾ ਭਵਿੱਖ ਦਿਸਣ ਲੱਗਾ।

"ਮੈਨੂੰ ਅਫਸੋਸ ਐ ਐਮਲੀ।" ਪ੍ਰੀਤ ਨੇ ਚਾਹ ਦੀ ਪਿਆਲੀ ਮੇਜ਼ 'ਤੇ ਰੱਖ ਕੇ ਐਮਲੀ ਦਾ ਹੱਥ ਫੜ ਕੇ ਉਸ ਨੂੰ ਹੌਂਸਲਾ ਦੇਣ ਦੀ

ਨਿਮਾਣੀ ਜਿਹੀ ਕੋਸ਼ਿਸ਼ ਕੀਤੀ। ਐਮਲੀ ਨੇ ਆਪਣੇ ਹੰਝੂ ਪੂੰਝ ਕੇ ਪ੍ਰੀਤ ਵੱਲ ਭਾਵਪੂਰਨ ਨਜ਼ਰਾਂ ਨਾਲ ਵੇਖਿਆ।

"ਪ੍ਰੀਤ ਸਾਂਡਰਾ ਤਾਂ ਮਰ ਰਹੀ ਐ ਅਤੇ ਮੈਨੂੰ ਅਫਸੋਸ ਐ ਕਿ ਸ਼ਾਇਦ ਸਟਵੀਰ ਵੀ ਕਾਫੀ ਤਕਲੀਫ਼ ਸਹਿ ਰਿਹਾ ਹੋਵੇਗਾ।" ਐਮਲੀ ਕਹਿਣਾ ਤਾਂ ਚਾਹੁੰਦੀ ਸੀ ਕਿ ਸ਼ਾਇਦ ਸਤਿਵੀਰ ਵੀ ਬਹੁਤਾ ਸਮਾਂ ਨਾ ਕੱਟ ਸਕੇ। ਐਨ ਮੌਕੇ 'ਤੇ ਉਸ ਨੇ ਸੰਕੋਚ ਕਰਕੇ ਸ਼ਬਦਾਂ ਨੂੰ ਬਦਲ ਲਿਆ ਅਤੇ ਉਸ ਨੇ ਆਪਣੀ ਗੱਲ ਜਾਰੀ ਰੱਖੀ।

"ਇਹਨਾਂ ਦੀਆਂ ਜ਼ਿੰਦਗੀਆਂ ਨਿਹਫ਼ਲ ਗਈਆਂ ਅਤੇ ਇਹਨਾਂ ਦਾ ਅੰਤ ਵੀ ਦਿਲ ਕੰਬਾਊ ਐ ਤੇ ਜਿਸ ਨੂੰ ਸਿਰਫ਼ ਅਸੀਂ ਵੇਖਦੇ ਆਂ। ਇਹਨਾਂ ਨੇ ਆਪਣੀਆਂ ਬੇਵਕੂਫੀਆਂ ਦੀ ਕੀਮਤ ਆਪਣੀ ਜ਼ਿੰਦਗੀ ਨਾਲ ਤਾਰੀ ਐ ਅਤੇ ਆਪਾਂ ਇਹਨਾਂ ਦੇ ਵਿਯੋਗ ਵਿਚ ਝੂਰਦੇ ਰਹਿ ਕੇ ਤਾਰਨੀ ਐ।" ਐਮਲੀ ਨੇ ਨੈਪਕਿਨ ਨਾਲ ਆਪਣੀਆਂ ਅੱਖਾਂ ਨੂੰ ਸਾਫ਼ ਕੀਤਾ। ਹੁਣ ਉਸ ਦੇ ਬੋਲਾਂ ਵਿਚ ਸੰਕੋਚ ਨਹੀਂ ਸੀ ਅਤੇ ਨਾ ਹੀ ਅਫ਼ਸੋਸ ਦਾ ਦਰਦ।

"ਮੈਂ ਸਾਂਡਰਾ ਦੀ ਪਿਛਲੇ ਦਿਨਾਂ ਵਿਚ ਫਿਲਮ ਬਣਾਈ ਐ ਤੇ ਪਹਿਲਾਂ ਦੀ ਹੱਸਦੀ ਖੇੜ੍ਹਦੀ ਦੀ ਫਿਲਮ ਤਾਂ ਹੈ ਈ। ਜੇ ਤੂੰ ਵੀ ਸਟਵੀਰ ਦੀ ਇਸ ਸਮੇਂ ਦੀ ਦਿਲ ਕੰਬਾਊ ਹਾਲਤ ਦੀ ਫਿਲਮ ਤਿਆਰ ਕਰ ਲਵੇਂ ਅਤੇ ਆਪਾਂ ਇਹ ਫਿਲਮ ਟੀ ਵੀ 'ਤੇ ਦਿਖਾਈਏ ਤਾਂ ਸ਼ਾਇਦ ਕੁਝ ਜ਼ਿੰਦਗੀਆਂ ਬਚ ਜਾਣ। ਸ਼ਾਇਦ ਕੁਝ ਮਾਪੇ ਆਪਣੇ ਬੱਚਿਆਂ ਨੂੰ ਇਹ ਫਿਲਮ ਦਿਖਾਉਣ ਦਾ ਜਿਗਰਾ ਕਰਨ ਅਤੇ ਬੱਚੇ ਅਜਿਹੀ ਹਾਲਤ ਵੇਖ ਕੇ ਡਰੱਗ ਨੂੰ ਹੱਥ ਨਾ ਲਾਹੁਣ। ਸ਼ਾਇਦ ਇਹਨਾਂ ਦੀ ਮੌਤ ਕੁਝ ਲੋਕਾਂ ਦੀ ਜ਼ਿੰਦਗੀ ਬਣ ਜਾਵੇ।" ਐਮਲੀ ਨੇ ਆਪਣੀ ਗੱਲ ਦਾ ਪ੍ਰਤੀਕ੍ਰਮ ਜਾਣਨ ਲਈ ਪ੍ਰੀਤ ਵੱਲ ਵੇਖਿਆ।

"ਐਮਲੀ ਤੇਰਾ ਵਿਚਾਰ ਬਹੁਤ ਵਧੀਆ ਐ। ਜੇ ਇਹ ਕਿਸੇ ਦਾ ਜਿਉਂਦੇ ਜੀਅ ਕੁਝ ਸਵਾਰ ਨਹੀਂ ਸਕੇ ਤਾਂ ਸ਼ਾਇਦ ਮਰ ਕੇ ਹੀ ਸੰਵਾਰ ਦੇਣ। ਮੈਂ ਤੇਰੇ ਨਾਲ ਸਹਿਮਤ ਆਂ। ਮੈਨੂੰ ਆਪਣੀ ਮਾਂ ਨੂੰ ਮਨਾਉਣਾ ਬਹੁਤ ਔਖਾ ਹੋਵੇਗਾ।" ਪ੍ਰੀਤ ਇਕ ਦਮ ਸੋਚਵਾਨ ਹੋ ਗਈ।

"ਆਪਣੀਆਂ ਘਾਟਾਂ ਅਤੇ ਸ਼ਰਮਨਾਕ ਗਲਤੀਆਂ ਦਾ ਲੋਕਾਂ ਵਿਚ ਪ੍ਰਦਰਸ਼ਨ ਕਰਨਾ ਬਹੁਤ ਔਖਾ ਹੁੰਦਾ। ਮੈਂ ਸਮਝ ਸਕਦੀ ਆਂ। ਜੇ ਉਸ ਪ੍ਰਦਰਸ਼ਨ ਨਾਲ ਕੁਝ ਜ਼ਿੰਦਗੀਆਂ ਦੇ ਬਚਣ ਦੀ ਆਸ ਹੋਵੇ ਤਾਂ ਐਨੀ ਕੁ ਜ਼ੁਰਅਤ ਕਰ ਲੈਣੀ ਚਾਹੀਦੀ ਐ।" ਐਮਲੀ ਦੇ ਬੋਲਾਂ ਵਿਚ ਪ੍ਰੀਤ ਨੂੰ ਰੱਬ ਵਰਗਾ ਵਿਸ਼ਵਾਸ਼ ਮਹਿਸੂਸ ਹੋਇਆ। ਪ੍ਰੀਤ ਨੇ ਆਪਣਾ ਹੱਥ ਵਾਇਦਾ ਕਰਨ ਲਈ ਐਮਲੀ ਨਾਲ ਮਿਲਾਇਆ ਅਤੇ ਕਿਹਾ,

"ਇਵੇਂ ਈ ਹੋਵੇਗਾ ਐਮਲੀ।"

ਘਰ ਵੱਲ ਆਉਂਦਿਆਂ ਪਹਿਲੀ ਵਾਰ ਪ੍ਰੀਤ ਨੂੰ ਮਹਿਸੂਸ ਹੋਇਆ ਜਿਵੇਂ ਸਤਿਵੀਰ ਦੀ ਬੇਅਰਥ ਜ਼ਿੰਦਗੀ ਨੂੰ ਵੀ ਅਰਥ ਮਿਲ ਗਏ ਹੋਣ। ਸਤਿਵੀਰ ਬਿਲਕੁਲ ਨਿਕੰਮਾ ਨਹੀਂ ਮਰ ਰਿਹਾ ਸੀ।

## ਅੰਤਿਕਾ

ਏਅਰ ਇੰਡੀਆ ਦੀ ਫਲਾਈਟ ਅੰਮ੍ਰਿਤਸਰ ਜਾਣ ਲਈ ਤਿਆਰ ਸੀ। ਸਵਾਰੀਆਂ ਕਾਹਲੀ ਨਾਲ ਆਪਣੀਆਂ ਸੀਟਾਂ 'ਤੇ ਬੈਠਣ ਲਈ ਬੇਕਰਾਰ ਸਨ। ਇਕ ਚਾਰ ਮੈਂਬਰਾਂ ਦਾ ਪ੍ਰੀਵਾਰ ਵੀ ਆਪਣੀਆਂ ਸੀਟਾਂ 'ਤੇ ਜਾ ਬੈਠਾ। ਪਤੀ ਪਤਨੀ ਪਾਸਿਆਂ ਵਾਲੀਆਂ ਸੀਟਾਂ 'ਤੇ ਬੈਠ ਗਏ। ਵਿਚਕਾਰ ਅੱਠ ਕੁ ਸਾਲ ਦਾ ਬੱਚਾ ਬੈਠ ਗਿਆ ਅਤੇ ਨਾਲ ਵਾਲੀ ਸੀਟ 'ਤੇ ਉਹਨਾਂ ਦੀ ਪੰਜ ਕੁ ਸਾਲ ਦੀ ਬੱਚੀ। ਬੱਚੀ

ਆਪਣੇ ਪਾਪਾ ਨਾਲ ਬੈਠ ਗਈ। ਮਾਂ ਨਾਲ ਬੱਚਾ ਬੈਠਾ ਗੱਲਾਂ ਕਰਨ ਲੱਗਾ। ਉਹਨਾਂ ਨੇ ਸੀਟ ਬਿਲਟਾਂ ਲਾ ਲਈਆਂ। ਜਹਾਜ਼ ਚਲਣ ਤੋਂ ਪਹਿਲਾਂ ਕੈਪਟਨ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਦੱਸਿਆ ਕਿ ਅੰਮ੍ਰਿਤਸਰ ਤੱਕ ਦਾ ਸਫ਼ਰ ਅੱਠ ਘੰਟੇ ਵਿਚ ਪੂਰਾ ਕਰ ਲਿਆ ਜਾਵੇਗਾ।

ਬੱਚੇ ਚਾਅ ਨਾਲ ਕਦੇ ਮਾਂ ਨੂੰ ਅਤੇ ਕਦੇ ਪਿਉ ਨੂੰ ਸਵਾਲ ਪੁੱਛਦੇ ਅਤੇ ਉਹ ਹੱਸ ਕੇ ਉਹਨਾਂ ਨੂੰ ਜਵਾਬ ਦੇ ਕੇ ਸੰਤੁਸ਼ਟ ਕਰਦੇ। ਬੱਚਿਆਂ ਦੇ ਅਣਭੋਲ ਸਵਾਲ ਕਦੇ ਕਦੇ ਸਿੱਧੇ ਹੋਣ ਦੇ ਬਾਵਜੂਦ ਸਿਆਣਿਆਂ ਨੂੰ ਜਵਾਬ ਦੇਣ ਵਿਚ ਮੁਸ਼ਕਲ ਪੈਦਾ ਕਰ ਦਿੰਦੇ। ਅਜਿਹੇ ਸਵਾਲਾਂ ਨੂੰ ਜੋੜਾ ਕਦੇ ਹੱਸ ਕੇ ਅਤੇ ਕਦੇ ਉਹਨਾਂ ਨੂੰ ਪਿਆਰ ਕਰ ਕੇ ਟਾਲਣ ਦਾ ਯਤਨ ਕਰਦਾ। ਕੁਲ ਮਿਲਾ ਕੇ ਪ੍ਰੀਵਾਰ ਦੇ ਚਿਹਰਿਆਂ ‘ਤੇ ਰੌਣਕ ਅਤੇ ਸੰਤੁਸ਼ਟਤਾ ਦਾ ਝਲਕਾਰਾ ਸੀ।

“ਮੰਮ ਆਪਾਂ ਕਿੰਨੇ ਦਿਨ ਇੰਡੀਆ ਰਹਾਂਗੇ।” ਮੁੰਡੇ ਨੇ ਮਾਂ ਨੂੰ ਲਾਡ ਨਾਲ ਪੁੱਛਿਆ।

“ਦਸ ਕੁ ਦਿਨ ਬੇਟਾ, ਕਿਉਂ?"

“ਆਪਾਂ ਕੀ ਕਰਾਂਗੇ ਏਨੇ ਦਿਨ?"

“ਇਕ ਦਿਨ ਆਪਾਂ ਗੋਲਡਨ ਟੈਂਪਲ ਜਾਵਾਂਗੇ। ਫਿਰ ਆਪਾਂ ਚੰਡੀਗੜ੍ਹ ਜਾਵਾਂਗੇ ਅਤੇ ਰੋਜ਼ ਗਾਰਡਨ ਅਤੇ ਰੌਕ ਗਾਰਡਨ ਵੇਖਾਂਗੇ। ਫਿਰ ਤੁਸੀਂ ਇਕ ਦੋ ਦਿਨ, ਦਿਨ ਵੇਲੇ ਆਪਣੀ ਭੂਆ ਜੀ ਕੋਲ ਰਹਿਣਾ ਅਤੇ ਮੈਂ ਪਾਪਾ ਨਾਲ ਸਕੂਲ ਵੇਖਣ ਜਾਵਾਂਗੀ, ਜਿਹੜਾ ਉਹਨਾਂ ਨੇ ਆਪਣੇ ਪਿੰਡ ਵਿਚ ਗਰੀਬ ਬੱਚਿਆਂ ਲਈ ਖੋਲ੍ਹਿਆ ਐ। ਇਕ ਦਿਨ ਅਸੀਂ ਮੇਰੇ ਦਾਦਾ ਦਾਦੀ ਦੇ ਘਰ ਜਾਵਾਂਗੇ ਜਿਥੇ ਹੁਣ ਸਤਿਵੀਰ ਮਾਮੇ ਦੀ ਯਾਦ ਵਿਚ ਨਸ਼ਾ ਛੁਡਾਊ ਸੈਂਟਰ ਖੋਲ੍ਹਿਆ ਹੋਇਆ।” ਮੁੰਡਾ ਸੁਣਦਾ ਰਿਹਾ ਅਤੇ ਸਤਿਵੀਰ ਦਾ ਨਾਂ ਲੈਂਦਿਆਂ ਉਸ ਦੀ ਮਾਂ ਦੀ ਅਵਾਜ਼ ਆਮ ਨਾਲੋਂ ਕੂਲੀ ਹੋ ਗਈ।

“ਮੰਮ ਮੈਂ ਤੁਹਾਡੇ ਨਾਲ ਸੀਟ ਬਦਲ ਸਕਦਾਂ ਪਲੀਜ਼।” ਮੁੰਡੇ ਨੇ ਬੇਨਤੀ ਕੀਤੀ ਅਤੇ ਮਾਂ ਨੇ ਬਿਨਾਂ ਉਜਰ ਕੀਤਿਆਂ ਉੱਠ ਕੇ ਅਪਣੀ ਸੀਟ ਬਦਲ ਲਈ। ਛੋਟੀ ਬੱਚੀ ਅਜੇ ਤੱਕ ਆਪਣੇ ਪਾਪਾ ਨਾਲ ਖੇਡ ਰਹੀ ਸੀ। ਬੱਚੀ ਵੀ ਜ਼ਿਦ ਕਰਨ ਲੱਗੀ ਕਿ ਉਸ ਨੇ ਵੀ ਸੀਟ ਬਦਲਣੀ ਸੀ ਅਤੇ ਵੀਰ ਵਾਲੀ ਸੀਟ ‘ਤੇ ਬੈਠਣਾ ਸੀ। ਉਸ ਨੂੰ ਮਾਂ ਅਤੇ ਪਿਉ ਨੇ ਲਾਡ ਪਿਆਰ ਅਤੇ ਲਾਰਿਆਂ ਨਾਲ ਮਾਂ ਵਾਲੀ ਸੀਟ ‘ਤੇ ਬੈਠਣ ਲਈ ਮਨਾਇਆ ਅਤੇ ਪਤੀ ਪਤਨੀ ਇਕ ਦੂਜੇ ਵੱਲ ਵੇਖ ਕੇ ਮੁਸਕਰਾਏ।

“ਪ੍ਰੀਤ ਆਪਣੇ ਬੱਚੇ ਸਿਆਣੇ ਐ। ਉਹਨਾਂ ਨੂੰ ਪਤਾ ਐ ਮੰਮੀ ਬਿਨਾਂ ਪਾਪਾ ਦਾ ਦਿਲ ਨਹੀਂ ਲਗਦਾ ਅਤੇ ਉਹਨਾਂ ਨੇ ਬਹਾਨੇ ਨਾਲ ਤੈਨੂੰ ਮੇਰੇ ਕੋਲ ਭੇਜ ਦਿੱਤਾ।” ਪ੍ਰੀਤ ਪਿਆਰ ਭਰੀਆਂ ਨਜ਼ਰਾਂ ਨਾਲ ਮੁਸਕਰਾਈ।

“ਦੇਵ ਬੱਚੇ ਆਪਣੇ ਪਾਪਾ ਵਰਗੇ ਈ ਸਿਆਣੇ ਐ।” ਦੇਵ ਨੇ ਪਿਆਰ ਨਾਲ ਪ੍ਰੀਤ ਦਾ ਹੱਥ ਆਪਣੇ ਹੱਥ ਵਿਚ ਲੈ ਲਿਆ ਅਤੇ ਪੋਲਾ ਪੋਲਾ ਸਹਿਲਾਉਣ ਲੱਗਾ।

“ਪ੍ਰੀਤ ਹਰ ਮਹੀਨੇ ਚੈਰਟੀ ਲਈ ਪੈਸੇ ਵੱਖਰੇ ਕੱਢਣ ਦੀ ਤੇਰੀ ਰਾਇ ਬਹੁਤ ਕਾਰਗਰ ਸਾਬਤ ਹੋਈ ਐ। ਮੇਰਾ ਖਿਆਲ ਐ ਆਪਾਂ ਇਕ ਹੋਰ ਸਕੂਲ ਗਰੀਬ ਬੱਚਿਆਂ ਲਈ ਖੋਲ੍ਹ ਸਕਦੇ ਆਂ।” ਦੇਵ ਦੀ ਗੱਲ ਸੁਣ ਕੇ ਪ੍ਰੀਤ ਪਲ ਕੁ ਭਰ ਗੰਭੀਰਤਾ ਨਾਲ ਸੋਚਦੀ ਰਹੀ।

“ਦੇਵ ਬਿਨਾਂ ਸ਼ੱਕ ਗਿਆਨ ਗਰੀਬੀ ਨੂੰ ਦੂਰ ਕਰਨ ਦੀ ਕੁੰਜੀ ਐ। ਗਿਆਨ ਨੂੰ ਅਮਲ ਵਿਚ ਲਿਆਉਣਾ ਵੀ ਬੱਚਿਆਂ ਨੂੰ ਸਿਖਾਉਣਾ ਚਾਹੀਦਾ ਐ। ਮੇਰਾ ਮਤਲਬ ਐ ਹੋਰ ਸਕੂਲ ਖੋਲ੍ਹਣ ਦੀ ਥਾਂ ਇਸ ਸਕੂਲ ਵਿਚ ਹੀ ਬੱਚਿਆਂ ਲਈ ਕੋਈ ਨਾ ਕੋਈ ਹੁਨਰ ਸਿੱਖਣ ਦਾ ਪ੍ਰਬੰਧ ਕਰਨਾ ਚਾਹੀਦਾ ਐ ਤਾਂ ਕਿ ਉਹ ਆਪਣੀ ਰੋਟੀ ਰੋਜ਼ੀ ਕਮਾਉਣ ਦੇ ਕਾਬਲ ਹੋ ਸਕਣ।” ਪ੍ਰੀਤ ਦੀ ਗੱਲ ਦੇਵ ਦੇ ਮਨ ਲੱਗ ਗਈ। ਉਹ ਕੁਝ ਦੇਰ ਸੋਚਦਾ ਰਿਹਾ ਅਤੇ ਆਪਣੀ ਪਤਨੀ ਦਾ ਹੱਥ ਪਹਿਲਾਂ ਵਾਂਗ ਹੀ ਸਹਿਲਾਉਂਦਾ ਰਿਹਾ।

“ਵੈਸੇ ਤਾਂ ਪ੍ਰੀਤ ਹੋਰ ਸਕੂਲ ਖੋਲ੍ਹਣ ਦੀ ਥਾਂ ਸਰਕਾਰੀ ਸਕੂਲਾਂ ਵਿਚ ਹੀ ਆਪਾਂ ਨੂੰ ਕੁਝ ਤਬਦੀਲੀਆਂ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਐ। ਪ੍ਰਾਈਵੇਟ ਸਕੂਲ ਤਾਂ ਲੋਕਾਂ ਨੇ ਬਿਜਨਸ ਬਣਾ ਲਏ ਐ।” ਫਿਰ ਦੋਵੇਂ ਵਿਚਾਰ ਵਟਾਂਦਰਾ ਕਰਦੇ ਰਹੇ ਕਿ ਕਿਸ ਕਿਸਮ ਦੀਆਂ ਤਬਦੀਲੀਆਂ ਦੀ ਲੋੜ ਸੀ ਅਤੇ ਕਿਵੇਂ ਉਹ ਤਬਦੀਲੀਆਂ ਹੋ ਸਕਦੀਆਂ ਸਨ।

“ਨਸ਼ਾ ਛੁਡਾਊ ਕੇਂਦਰ ਜ਼ਰੂਰ ਹੋਰ ਖੋਲ੍ਹਣ ਦੀ ਕੋਸ਼ਿਸ਼ ਕਰਨੀ ਬਣਦੀ ਐ। ਜਿਸ ਵਿਚ ਮਾਡਰਨ ਸਹੂਲਤਾਂ ਵੀ ਹੋਣ ਅਤੇ ਮਨੋਵਿਗਿਆਨਕ ਸਹਾਇਤਾ ਵੱਲ ਵੱਧ ਧਿਆਨ ਦੀ ਲੋੜ ਐ।” ਪ੍ਰੀਤ ਨੇ ਗੱਲ ਦਾ ਰੁਖ ਬਦਲ ਲਿਆ। ਦੇਵ ਇਸ ਵਿਸ਼ੇ ‘ਤੇ ਪ੍ਰੀਤ ਨਾਲ ਸਹਿਮਤ ਸੀ।

“ਦੇਵ ਤੁਸੀਂ ਸਤਿਵੀਰ ਵਾਲੀ ਫਿਲਮ ਲਿਆਂਦੀ ਐ ਨਾ!” ਪ੍ਰੀਤ ਨੇ ਇੰਝ ਪੁੱਛਿਆ ਜਿਵੇਂ ਉਸ ਨੂੰ ਡਰ ਹੋਵੇ ਕਿ ਦੇਵ ਇਸ ਜ਼ਰੂਰੀ ਚੀਜ਼ ਨੂੰ ਭੁੱਲ ਨਾ ਆਇਆ ਹੋਵੇ।

“ਹਾਂ ਪ੍ਰੀਤ ਮੈਂ ਭੁੱਲਿਆ ਨਹੀਂ। ਵੈਸੇ ਮੈਂ ਇਹ ਵੇਖੀ ਸੀ। ਡਾਕਟਰ ਡੈਨੀਅਲ ਨੇ ਇਸ ਨਵੀਂ ਫਿਲਮ ਨੂੰ ਬਹੁਤ ਅਸਰਦਾਰ ਬਣਾਇਆ ਐ।”

“ਡਾਕਟਰ ਡੈਨੀਅਲ ਬਹੁਤ ਚੰਗਾ ਡਾਕਟਰ ਐ। ਜੇ ਉਹ ਨਾ ਹੁੰਦਾ ਤਾਂ ਸਤਿਵੀਰ ਤੋਂ ਬਾਅਦ ਮੰਮੀ ਦਾ ਪਤਾ ਨਹੀਂ ਕੀ ਬਣਦਾ।” ਪ੍ਰੀਤ ਨੇ ਤਸੱਲੀ ਮਹਿਸੂਸ ਕੀਤੀ ਕਿ ਉਸ ਦੀ ਮਾਂ ਨੇ ਜਿੰਨਾ ਕੇ ਸੰਭਵ ਸੀ, ਪੁੱਤ ਦੇ ਜ਼ਖਮ ਨੂੰ ਜਲਦੀ ਭਰ ਲਿਆ।

ਬਾਹਰ ਹਨ੍ਹੇਰਾ ਹੋ ਗਿਆ ਸੀ ਅਤੇ ਬੱਚੇ ਸੌਂ ਗਏ ਸਨ। ਪ੍ਰੀਤ ਨੇ ਆਪਣਾ ਸਿਰ ਵੀ ਨੀਂਦ ਨਾਲ ਦੇਵ ਦੇ ਮੋਢੇ ‘ਤੇ ਟਿਕਾ ਲਿਆ। ਉਹ ਊਂਘਣ ਲੱਗੀ। ਜਹਾਜ਼ ਵਿਚ ਮੁੱਖ ਬੱਤੀਆਂ ਬੰਦ ਸਨ। ਕੁਝ ਲੋਕ ਫਿਲਮ ਵੇਖ ਰਹੇ ਸਨ ਅਤੇ ਕੋਈ ਕੋਈ ਪੜ੍ਹ ਰਿਹਾ ਸੀ। ਵੈਸੇ ਇੰਡੀਆ ਜਾਣ ਵਾਲੀ ਫਲਾਈਟ ਵਿਚ ਦੇਸੀ ਬੰਦੇ ਹੋਣ ਕਰਕੇ ਪੜ੍ਹਨ ਵਾਲਾ ਕੋਈ ਘੱਟ ਹੀ ਲਭਦਾ ਸੀ।

“ਪ੍ਰੀਤ ਮੈਂ ਤੈਨੂੰ ਕੁਝ ਕਹਿਣਾ ਸੀ।” ਦੇਵ ਦੀਆਂ ਅੱਖਾਂ ਵਿਚ ਮੁਹੱਬਤੀ ਮੁਸਕਰਾਹਟ ਸੀ। ਪ੍ਰੀਤ ਨੇ ਆਪਣਾ ਸਿਰ ਉਸ ਦੇ ਮੋਢੇ ਤੋਂ ਚੁੱਕਿਆ ਅਤੇ ਆਪਣੀਆਂ ਨਿੰਦਰਾਈਆਂ ਅੱਖਾਂ ਦੇਵ ਦੇ ਚਿਹਰੇ ‘ਤੇ ਗੱਡ ਦਿੱਤੀਆਂ।

“ਪ੍ਰੀਤ ਮੈਂ ਤੈਨੂੰ ਬਹੁਤ ਪਿਆਰ ਕਰਦਾ ਆਂ।” ਕਹਿੰਦਿਆਂ ਦੇਵ ਨੇ ਆਪਣਾ ਸਿਰ ਪ੍ਰੀਤ ਦੇ ਸਿਰ ਨਾਲ ਜੋੜ ਲਿਆ। ਪ੍ਰੀਤ ਨੇ ਪਿਆਰੀ ਜਿਹੀ ਮੁਸਕਰਾਹਟ ਨਾਲ ਦੇਵ ਦਾ ਹੱਥ ਘੁੱਟ ਲਿਆ ਅਤੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਦੋਵੇਂ ਇਕ ਦੂਜੇ ਦਾ ਸਹਾਰਾ ਲੈ ਕੇ ਉਂਘਲਾਉਣ ਲੱਗੇ।